ਸ਼ਹੀਦ ਭਗਤ ਸਿੰਘ



ਲਾਲ

ਸ਼ਹੀਦ ਭਗਤ ਸਿੰਘ

ਦੀ

ਸੰਖੇਪ ਜੀਵਨੀ

ਲੇਖਕ ਸੁਖਦੇਵ

ਸਿੰਘ ਸਾਹਿਬ

ਦੀ

ਸ਼ਹਾਦਤ

(ਨਾਵਲ)

ਕੇਸਰ ਸਿੰਘ

ਖਾਲਸਾ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ

SINGH SAHIB DI SHAHADIT (NOVEL)

BY KESAR SINGH

ਪਹਿਲੀ ਵਾਰ—ਮਾਰਚ ੧੯੮੨

ਪ੍ਰਕਾਸ਼ਕ :

ਕੇਸਰ ਸਿੰਘ

13487-98 A AVE, SURREY, B. C. CANADA

ਛਾਪਕ

ਵੀਰ ਭੂਮੀ ਪ੍ਰੈੱਸ, ਬਿਕਰਮਪੁਰਾ, ਜਲੰਧਰ ।

ਸਿੰਘ ਸਾਹਿਬ ਦੀ ਸ਼ਹਾਦਤ (ਨਾਵਲ)

ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ ਗਰੰਥੀ
[ਪਿੰਡ ਖੁਰਦਪੁਰ, ਜ਼ਿਲ੍ਹਾ ਜਲੰਧਰ] ਖ਼ਾਲਸਾ ਦੀਵਾਨ ਸੋਸਾਇਟੀ
ਗੁਰਦੁਆਰਾ ਵੈਨਕੋਵਰ, ਕੈਨੇਡਾ ਦੀ ਜੀਵਨ ਗਾਥਾ ।

ਸਮੱਰਪਣ

ਇਹ ਪੁਸਤਕ, ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ ਸ਼ਹੀਦ ਦੇ ਬੱਚਿਆਂ,
ਭਾਈ ਹਰਿਦਿਆਲ ਸਿੰਘ ਅਟਵਾਲ, ਡੰਕਨ, ਬੀ. ਸੀ. ਕੈਨੇਡਾ,
ਬੀਬੀ ਉਧਮ ਕੌਰ ਤੇ ਬੀਬੀ ਨਿਰੰਜਨ ਕੌਰ ਦੇ
ਪਰਵਾਰਾਂ ਨੂੰ ਸਮੱਰਪਣ ਕਰਨ ਦੀ
ਆਗਿਆ ਮੰਗਦੇ
ਹਾਂ ।

ਕੇਸਰ ਸਿੰਘ

ਇਸੇ ਕਲਮ ਤੋਂ—

1.	Indian Independence Movement in East Asia	(I.N,A.)
2.	ਲਹਿਰ ਵੱਧਦੀ ਗਈ	ਨਾਵਲ
3.	ਜੰਗੀ ਕੈਦੀ	,,
4.	ਸ਼ਹੀਦ ਊਧਮ ਸਿੰਘ	,,
5.	ਬਾਬਾ ਹਰੀ ਸਿੰਘ ਉਸਮਾਨ	,,
6.	ਸ਼ਹੀਦ ਮਦਨ ਨਾਲ ਢੀਂਗਰਾ	,,
7.	ਸ਼ਹੀਦ ਮੇਵਾ ਸਿੰਘ ਲੋਪੋਕੇ	,,
8.	ਲੰਡਨ ਰੋਡ	,,
9.	ਤੀਜੀ ਪੀੜ੍ਹੀ	,,
10.	ਵਾਰੇ ਸ਼ਾਹ ਦੀ ਮੌਤ	,,
11.	ਜੰਞ ਲਾੜਿਆਂ ਦੀ	,,
12.	ਮੇਰੀ ਡਾਇਰੀ	ਡਾਇਰੀ

ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ ਸ਼ਹੀਦ

ਭਾਈ ਬਲਵੰਤ ਸਿੰਘ (ਅਟਵਾਲ)

ਪਿਤਾ— ਭਾਈ ਬੁਧ ਸਿੰਘ

ਪਿੰਡ— ਖ਼ੁਰਦਪੁਰ, ਜ਼ਿਲਾ ਜਲੰਧਰ

ਜਨਮ— 1882

ਵਿੱਦਿਆ— ਮਿਡਲ, ਆਦਮਪੁਰ ਸਕੂਲ

ਫੌਜ ਵਿੱਚ— ਬਟਾਲੀਅਨ 36

ਅੰਮ੍ਰਿਤ— ਸੰਤ ਕਰਮ ਸਿੰਘ ਜੀ ਹੋਤੀ ਮਰਦਾਨ ਤੋਂ ਅੰਮ੍ਰਿਤ ਪਾਨ ਕੀਤਾ।

ਵਿਆਹ— ਪਹਿਲਾ ਵਿਆਹ ਬਚਪਨ ਵਿੱਚ ਹੋਇਆ ਸੀ। ਪਤਨੀ ਪਲੇਗ ਨਾਲ ਗੁਜ਼ਰ ਗਈ।
ਦੂਜਾ ਵਿਆਹ ਬੀਬੀ ਕਰਤਾਰ ਕੌਰ, ਨੂਰਪੁਰ ਨਾਲ ਹੋਇਆ।

ਬੱਚੀਆਂ— ਉਧਮ ਕੌਰ ਤੇ ਨਿਰੰਜਨ ਕੌਰ ਪੈਦਾ ਹੋਈਆਂ।

ਕੈਨੇਡਾ— 1906 ਵਿੱਚ ਵੈਨਕੋਵਰ, ਕੈਨੇਡਾ ਪਹੁੰਚੇ।

ਗੁਰਦੁਆਰਾ ਵੈਨਕੋਵਰ— ਜਨਵਰੀ 1908 ਵਿੱਚ ਤਿਆਰ ਹੋਇਆ। ਭਾਈ ਸਾਹਬ ਨੇ ਨੀਂਹ ਰੱਖੀ।

ਗ੍ਰੰਥੀ— ਸਰਬ ਸੰਮਤੀ ਨਾਲ ਗ੍ਰੰਥੀ ਥਾਪੇ ਗਏ।

ਅਰਦਾਸਾ ਸੋਧਿਆ— ਭਾਈ ਬਲਵੰਤ ਸਿੰਘ ਗ੍ਰੰਥੀ, ਭਾਈ ਭਾਗ ਸਿੰਘ (ਭਿਖੀ ਵਿੰਡ) ਪ੍ਰਧਾਨ ਖਾਲਸਾ ਦੀਵਾਨ ਸੋਸਾਇਟੀ, ਵੈਨਕੋਵਰ, ਕੈਨੇਡਾ ਤੇ ਭਾਈ ਹਾਕਮ ਸਿੰਘ ਨੇ ਪਰਵਾਰ ਕੈਨੇਡਾ ਲਿਜਾਣ ਲਈ ਅਰਦਾਸਾ ਸੋਧਿਆ। 1911 ਦੇ ਅਰੰਭ ਵਿੱਚ ਦੇਸ ਆਏ।

ਮੋਰਚਾ— ਪਰਵਾਰ ਲੈ ਕੇ ਹਾਂਗਕਾਂਕ ਤੋਂ ਸਾਨਫਰਾਂਸਿਸਕੋ ਗਏ। ਉਥੋਂ ਹਾਂਗਕਾਂਗ ਵਾਪਸ ਮੋੜ ਦਿੱਤੇ ਗਏ। ਭਾਈ ਭਾਗ ਸਿੰਘ ਦਾ ਪੁੱਤਰ ਜੋਗਿੰਦਰ ਸਿੰਘ ਗੁਰਦੁਆਰਾ ਹਾਂਗਕਾਂਗ ਵਿੱਚ ਪੈਦਾ ਹੋਇਆ। ਫਿਰ ਪਰਵਾਰਾਂ ਨੂੰ ਨਾਲ ਲੈ ਕੇ ਵੈਨਕੋਵਰ ਪਹੁੰਚੇ। ਪਰਵਾਰਾਂ ਨੂੰ ਇਮੀਗਰੇਸ਼ਨ ਜਿਹਲ ਵਿੱਚ ਰੱਖਿਆ ਗਿਆ। ਸਿੰਘਾਂ ਨੇ ਵੈਨਕੋਵਰ ਸ਼ਹਿਰ ਨੂੰ ਅੱਗ ਲਾ ਦੇਣ ਦੀ ਧਮਕੀ ਦਿੱਤੀ। ਮੋਰਚਾ ਫਤਹਿ ਹੋ ਗਿਆ।

ਬੱਚੇ ਦਾ ਜਨਮ— 28 ਅਗਸਤ 1912 ਨੂੰ ਗੁਰਦੁਆਰਾ ਵੈਨਕੋਵਰ ਵਿਖੇ ਹਰਿਦਿਆਲ ਸਿੰਘ ਦਾ ਜਨਮ ਹੋਇਆ।

ਪਰਵਾਰਾਂ ਦਾ ਕੇਸ— 14 ਮਾਰਚ 1913 ਨੂੰ ਪਰਵਾਰਾਂ ਦਾ ਕੇਸ ਹਕੂਮਤ ਦੇ ਸਾਹਮਣੇ ਰੱਖਣ ਲਈ, ਭਾਈ ਬਲਵੰਤ ਸਿੰਘ, ਚੋਬਦਾਰ ਨਰੈਣ ਸਿੰਘ ਤੇ ਨੰਦ ਸਿੰਘ ਸੀਹਰਾ (ਕੈਲੇਫੋਰਨੀਆਂ ਵਿੱਚ ਵਿਦਿਆਰਥੀ) ਬਰਤਾਨੀਆਂ ਤੇ ਹਿੰਦੁਸਤਾਨ ਭੇਜੇ ਗਏ।

ਆਪਣਾ ਜਹਾਜ਼— ਆਪਣਾ ਜਹਾਜ਼ ਚਲਾਉਣ ਦੀ ਸਕੀਮ ਭਾਈ ਬਲਵੰਤ ਸਿੰਘ ਦੇ ਦਿਮਾਗ ਦੀ ਕਾਢ ਸੀ। ਬਾਬਾ ਗੁਰਦਿਤ ਸਿੰਘ

ਸਲਾਂਡੀਆ, ਸਰਹਾਲੀ ਨੇ ਇਸ ਵਿਚਾਰ ਨੂੰ ਪ੍ਰੈੱਕਟਿਸ ਵਿੱਚ ਲਿਆਂਦਾ।

– ਭਾਈ ਸਾਹਬ, ਬਾਬਾ ਗੁਰਦਿਤ ਨੂੰ ਕਾਮਾਗਾਟਾ ਜਹਾਜ਼ (ਗੁਰੂ ਨਾਨਕ ਜਹਾਜ਼) ਉੱਤੇ ਜਾਪਾਨ ਵਿੱਚ ਮਿਲੇ।

—ਵੱਖਰੇ ਜਹਾਜ਼ ਉੱਤੇ ਸਵਾਰ ਹੋ ਕੇ ਵੈਨਕੋਵਰ ਪਹੁੰਚ ਗਏ। ਕਾਮਾਗਾਟਾ ਮਾਰੂ ਦੋ ਦਿਨ ਪਿੱਛੋਂ 21 ਮਈ 1914 ਨੂੰ ਵੈਨਕੋਵਰ ਪੁੱਜਾ।

ਜਹਾਜ਼ ਵੈਨਕੋਵਰ ਖਾੜੀ ਵਿੱਚ—21 ਮਈ ਤੋਂ 21 ਜੁਲਾਈ 1914 ਤਕ ਮੁਸਾਫਰਾਂ ਨੂੰ ਕੈਨੇਡਾ ਦੀ ਧਰਤੀ ਉੱਤੇ ਉਤਾਰਨ ਲਈ ਜਤਨ ਕੀਤੇ ਗਏ। ਭਾਈ ਸਾਹਬ ਨੇ ਫੰਡ ਇਕੱਤਰ ਕਰਨ ਵਿੱਚ ਵਧ ਚੜ੍ਹ ਕੇ ਹਿੱਸਾ ਪਾਇਆ।

ਭਾਈ ਬਲਵੰਤ ਸਿੰਘ, ਭਾਈ ਭਾਗ ਸਿੰਘ, ਬਾਬੂ ਹਰਨਾਮ ਸਿੰਘ ਤੇ ਭਾਈ ਮੇਵਾ ਸਿੰਘ, ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਹਥਿਆਰ ਪਹੁੰਚਾਣ ਲਈ ਜਤਨ ਕਰਦੇ ਕੈਨੇਡਾ—ਅਮਰੀਕਾ ਦੀ ਹੱਦ ਉੱਤੇ ਫੜੇ ਗਏ। ਉਸ ਸਮੇਂ ਭਾਈ ਭਾਗ ਸਿੰਘ ਦਾ ਪੁੱਤਰ ਜੋਗਿੰਦਰ ਸਿੰਘ ਵੀ ਨਾਲ ਸੀ।

ਜਹਾਜ਼ ਮੋੜਿਆ ਗਿਆ—21 ਜੁਲਾਈ ਨੂੰ ਜਹਾਜ਼ ਮੋੜ ਦਿੱਤਾ ਗਿਆ।

ਗੁਰਦੁਆਰੇ ਵਿੱਚ ਗੋਲੀ—ਬੇਲਾ ਸਿੰਘ ਜਿਆਣ ਗੱਦਾਰ ਨੇ ਵਿਲੀਅਮ ਹਾਪਕਿਨਸਨ ਦੀ ਸ਼ਹਿ ਨਾਲ ਗੁਰਦੁਆਰੇ ਵਿੱਚ ਗੋਲੀ ਚਲਾਈ। ਭਾਈ ਭਾਗ ਸਿੰਘ ਪ੍ਰਧਾਨ ਤੇ ਭਾਈ ਬਤਨ ਸਿੰਘ ਸ਼ਹੀਦ ਹੋ ਗਏ। ਭਾਈ ਬਲਵੰਤ ਸਿੰਘ ਮਹਾਰਾਜ ਦੀ ਤਾਬਿਆਂ ਵਿਚ ਬੈਠੇ ਸਨ। ਇਹ ਗੱਲ 6 ਸਿਤੰਬਰ 1914 ਦੀ ਹੈ।

ਗਵਾਹੀ—ਬੇਲੇ ਦਾ ਕੇਸ 15 ਸਿਤੰਬਰ ਨੂੰ ਸ਼ੁਰੂ ਹੋਇਆ। 2 ਅਕਤੂਬਰ ਨੂੰ ਭਾਈ ਬਲਵੰਤ ਸਿੰਘ ਦੀ ਗਵਾਹੀ ਹੋਈ।

ਦੇਸ ਜਾਣ ਦੀ ਇੱਛਾ – ਹਾਪਕਿਨਸਨ ਦਾ ਕਤਲ—4 ਅਕਤੂਬਰ ਨੂੰ ਭਾਈ ਸਾਹਬ ਨੇ ਸੰਗਤ ਤੋਂ ਛੁੱਟੀ ਮੰਗੀ। 21 ਅਕਤੂਬਰ ਨੂੰ ਕਚਹਿਰੀ ਦੇ ਦਲਾਨ ਵਿੱਚ ਭਾਈ ਮੇਵ ਸਿੰਘ ਨੇ ਵਿਲੀਅਮ ਹਾਪਕਿਨਸਨ ਨੂੰ ਗੋਲੀ ਮਾਰ ਦਿੱਤੀ।

ਬੇਲਾ ਬਰੀ—6 ਨਵੰਬਰ ਨੂੰ ਬੇਲਾ ਬਰੀ ਹੋ ਗਿਆ।

ਵੈਨਕੋਵਰ ਤੋਂ ਤੁਰੇ—ਦਸੰਬਰ ਵਿੱਚ ਪਰਵਾਰ ਨੂੰ ਨਾਲ ਲੈ ਕੇ ਚੇਸ ਵੱਲ ਤੁਰ ਪਏ। ਕਰਤਾਰ ਸਿੰਘ ਨਵਾਂ ਚੰਦ ਉਨ੍ਹਾਂ ਦੇ ਨਾਲ ਤੁਰਿਆ। ਪਰਵਾਰ ਨੂੰ ਸਿੰਘਾਪੁਰ ਤੋਂ ਕਰਤਾਰ ਸਿੰਘ ਨਵਾਂ ਚੰਦ ਦੇ ਨਾਲ ਦੇਸ ਭੇਜ ਦਿੱਤਾ।

ਬੈਂਕੋਕ ਵਿੱਚ	ਜਨਵਰੀ 1915 ਵਿੱਚ ਬੈਂਕੋਕ ਪਹੁੰਚੇ । ਬਵਾਸੀਰ ਦੇ ਕਾਰਨ ਨਿਢਾਲ ਹੋ ਜਾਣ ਤੇ ਹਸਪਤਾਲ ਪਹੁੰਚਾਏ ਗਏ । ਹਸਪਤਾਲ ਵਿੱਚ ਹੀ ਸਰਕਾਰ ਬਰਤਾਨੀਆਂ ਨੇ ਗ੍ਰਿਫਤਾਰ ਕਰ ਲਿਆ ।
ਬੈਂਕੋਕ ਜਿਹਲ—	ਫਰਵਰੀ ਤੇ ਮਾਰਚ 1915
ਸਿੰਘਾਪੁਰ ਜਿਹਲ—	ਅਪਰੈਲ ਤੋਂ ਸਿਤੰਬਰ ਤਕ ਸਿੰਘਾਪੁਰ ਜਿਹਲ ਵਿੱਚ ।
ਅਲੀਪੁਰ ਜਿਹਲ—	ਅਕਤੂਬਰ 1915 ਤੋਂ ਅਕਤੂਬਰ 1916 ਤਕ ।
ਲਾਹੌਰ ਜਿਹਲ—	8 ਨਵੰਬਰ 1916 ਨੂੰ ਕੇਸ ਸ਼ੁਰੂ ਕੀਤਾ ਗਿਆ ।
ਕੇਸ ਦਾ ਫੈਸਲਾ—	5 ਜਨਵਰੀ 1917 ਫਾਂਸੀ ਦੀ ਸਜ਼ਾ ਸੁਣਾਈ ਗਈ ।
ਸ਼ਹਾਦਤ—	16 ਮਾਰਚ 1917 ਨੂੰ ਸ਼ਹੀਦ ਕੀਤਾ ਗਿਆ । 17 ਮਾਰਚ ਨੂੰ ਫਾਂਸੀ ਲਗਣੀ ਸੀ ਪਰ ਲੈ: ਗਵਰਨਰ ਮਾਈਕਲ ਓਡਵਾਇਰ ਦੇ ਉਚੇਚੇ ਹੁਕਮ ਨਾਲ ਇੱਕ ਦਿਨ ਪਹਿਲੋਂ ਹੀ ਫਾਂਸੀ ਦੇ ਦਿੱਤੀ ਗਈ ।

1. ਭਾਈ ਬਲਵੰਤ ਸਿੰਘ ਜੀ ਦੇ ਸੁਪੁੱਤਰ ਭਾਈ ਹਰਿਦਿਆਲ ਸਿੰਘ ਅਜੇ 16 ਸਾਲਾਂ ਦੇ ਹੀ ਸਨ ਕਿ ਉਹ ਸਰਦਾਰ ਦੀਵਾਨ ਸਿੰਘ ਪੁਰਹੀਰਾਂ, (ਊਧਮ ਕੌਰ ਦੇ ਪਤੀ) ਦੀ ਮਦਦ ਨਾਲ ਕੈਨੇਡਾ ਪਹੁੰਚ ਗਏ। ਫਰੰਗੀਆਂ ਦੀ ਪੁਲਸ ਨੇ ਪੰਜਾਬ ਵਿੱਚ ਉਨ੍ਹਾਂ ਉੱਤੇ ਕਤਲ ਦਾ ਕੇਸ ਬਣਾ ਦਿੱਤਾ। ਜਦ ਅਫਸਰਾਂ ਨੂੰ ਪਤਾ ਲੱਗਾ ਕਿ ਹਰਿਦਿਆਲ ਸਿੰਘ ਤਾਂ ਕੈਨੇਡਾ ਬੈਠਾ ਹੈ, ਤਾਂ ਪੁਲਸ ਨੂੰ ਸ਼ਰਮਿੰਦਗੀ ਸਹਾਰਨੀ ਪਈ।


2. ਭਾਈ ਸਾਹਬ ਦੀ ਸ਼ਹਾਦਤ ਪਿੱਛੋਂ ਬੀਬੀ ਕਰਤਾਰ ਕੌਰ, ਭਾਈ ਹਰਿਦਿਆਲ ਸਿੰਘ, ਬੀਬੀ ਊਧਮ ਕੌਰ, ਬੀਬੀ ਨਿਰੰਜਨ ਕੌਰ ਤੇ ਉਨ੍ਹਾਂ ਦੇ ਸਾਕਾਂ ਸੰਬੰਧੀਆਂ ਨੂੰ ਫਰੰਗੀ ਹਕੂਮਤ ਨੇ ਅਨੇਕਾਂ ਤਸੀਹੇ ਦਿੱਤੇ ਪਰ ਉਹ ਅਡੋਲ ਰਹੇ।

3. 1940 ਵਿੱਚ ਭਾਈ ਬਲਵੰਤ ਸਿੰਘ ਜੀ ਸ਼ਹੀਦ ਦੀ ਬਹਾਦਰ ਸੁਪਤਨੀ ਬੀਬੀ ਕਰਤਾਰ ਕੌਰ ਜੀ ਅਨੇਕਾਂ ਦੁਖੜੇ ਸਹਾਰਦੇ ਹੋਏ ਪੰਜ ਭੂਤਕ ਸਰੀਰ ਨੂੰ ਤਿਆਗ ਗਏ।

4 ਬੀਬੀ ਊਧਮ ਕੌਰ ਦੀ ਸੁਪੁੱਤਰੀ ਬੀਬੀ ਗੁਰਨਾਮ ਕੌਰ, ਸੁਪਤਨੀ ਸਰਦਾਰ ਨਿਰੰਜਨ ਸਿੰਘ ਜੀ (ਪਤਾਰਾ) ਪੰਡੋਰੀ ਨਿਝਰਾਂ, ਪਾਸੋਂ ਭਾਈ ਬਲਵੰਤ ਸਿੰਘ ਜੀ ਦੀਆਂ ਤਸਵੀਰਾਂ ਤੇ ਉਨ੍ਹਾਂ ਦੇ ਲੰਡਨ ਦੇ ਦੌਰੇ ਦੀ ਹੱਥ ਲਿਖਤ ਡਾਇਰੀ ਪ੍ਰਾਪਤ ਹੋਈ ਹੈ। ਅਸੀਂ ਬੀਬੀ ਜੀ ਦੇ ਧੰਨਵਾਦੀ ਹਾਂ।

5. ਇਸ ਪੁਸਤਕ ਦੀ ਤਿਆਰੀ ਵਿੱਚ ਅਜ਼ੀਜ਼ ਮਨਜੀਤ ਸਿੰਘ, ਭੂਪਿੰਦਰ ਸਿੰਘ ਤੇ ਸੁਭਾਸ਼ ਚੰਦਰ, ਯੂਨੀਵਰਸਲ ਬੁੱਕ ਡਿੱਪੋ, ਮਾਈ ਹੀਰਾਂ ਗੇਟ, ਜਲੰਧਰ ਨੇ ਜੋ ਸਹਾਇਤਾ ਕੀਤੀ ਹੈ, ਉਸ ਲਈ ਇਨ੍ਹਾਂ ਦੇ ਧੰਨਵਾਦੀ ਹਾਂ।

ਕੇਸਰ ਸਿੰਘ



ਭਾਈ ਬਲਵੰਤ ਸਿੰਘ ਆਪਣੇ ਪਿੰਡ ਦੇ ਗੁਰਦੁਆਰੇ ਵਿਚ ਸੰਗਤ ਦੇ ਨਾਲ। (1913)



ਖੱਬੇ ਪਾਸੇ ਬੈਠੇ—ਭਾਈ ਨਰੈਣ ਸਿੰਘ ਚੌਬਦਾਰ
ੜੇ—ਭਾਈ ਨੰਦ ਸਿੰਘ ਸੀਹਰਾ
ੱਜੇ ਪਾਸੇ ਬੈਠੇ—ਭਾਈ ਬਲਵੰਤ ਸਿੰਘ ਖੁਰਦਪੁਰ (ਲੰਡਨ, ਅਪਰੈਲ 1913)



ਬੀਬੀ ਕਰਤਾਰ ਕੌਰ ਸੁਪਤਨੀ ਸ਼ਹੀਦ ਭਾਈ ਬਲਵੰਤ ਸਿੰਘ ਤੇ ਹਰਿਦਿਆਲ ਸਿੰਘ ਸੁਪੁਤਰ ਭਾਈ ਬਲਵੰਤ ਸਿੰਘ
ਦਾ ਪਰਵਾਰ (1939)



ਬੀਬੀ ਕਰਤਾਰ ਕੌਰ ਦੀ ਗੋਦ ਵਿੱਚ ਹਰਿਦਿਆਲ ਸਿੰਘ, ਵਿਚਕਾਰ ਖੜੀ ਉਧਮ ਕੌਰ। ਭਾਈ ਬਲਵੰਤ ਸਿੰਘ ਦੀ ਗੋਦ ਵਿੱਚ ਨਿਰੰਜਨ ਕੌਰ। (1914)

੧

ਚੀਨ ਆਜ਼ਾਦ ਹੁੰਦਾ ਹੋਇਆ ਵੀ ਗ਼ੁਲਾਮ ਸੀ । ਚੀਨ ਦੀ ਬੰਦਰਗਾਹ ਸ਼ੰਘਾਈ ਤਾਂ ਕਈ ਹਿੱਸਿਆਂ ਵਿੱਚ ਵੰਡੀ ਹੋਈ ਸੀ । ਇਕ ਹਿੱਸੇ ਉਤੇ ਅੰਗਰੇਜ਼ਾਂ ਦਾ ਕਬਜ਼ਾ ਸੀ ਤੇ ਦੂਜੇ ਉੱਤੇ ਫਰਾਂਸੀਸੀਆਂ ਦਾ ! ਤੀਜੇ ਉੱਤੇ ਸਪੇਨ ਦਾ ਤੇ ਚੌਥੇ ਉੱਤੇ ਪੁਰਤਗਾਲ ਦਾ । ਇਸ ਤਰ੍ਹਾਂ ਬਾਕੀ ਹਿੱਸਿਆਂ ਉੱਤੇ ਵੀ ਹੋਰ ਯੂਰਪੀਨ ਸਾਮਰਾਜੀ ਤਾਕਤਾਂ ਮਲੋਮਲੀ ਕਬਜ਼ਾ ਜਮਾਈ ਬੈਠੀਆਂ ਸਨ । ਹੋਰ ਤਾਂ ਹੋਰ ਜਾਪਾਨੀ ਗੁਆਂਢੀਆਂ ਨੇ ਵੀ ਸ਼ੰਘਾਈ ਦੇ ਇੱਕ ਹਿੱਸੇ ਉਤੇ ਆਪਣਾ ਅਧਿਕਾਰ ਜਮਾਇਆ ਹੋਇਆ ਸੀ ।

ਸ਼ੰਘਾਈ ਦੇ ਅੰਗਰੇਜ਼ਾਂ ਵਾਲੇ ਹਿੱਸੇ ਵਿੱਚ ਲਗਭਗ ਸਾਰੀ ਦੀ ਸਾਰੀ ਪੁਲਸ ਸਿੱਖਾਂ ਦੀ ਸੀ । ਕੋਈ ਵਿਰਲਾ ਵਿਰਲਾ ਪੰਜਾਬੀ ਮੁਸਲਮਾਣ ਜਾਂ ਪਠਾਣ ਸੀ । ਪੁਲਸ ਵਿੱਚ ਕੰਮ ਕਰਦੇ ਸਿੱਖਾਂ ਨੇ ਆਪਣੇ ਟੱਬਰਾਂ ਦੇ ਨਾਲ ਆਪਣੇ ਭੈਣ ਭਰਾ ਤੇ ਹੋਰ ਰਿਸ਼ਤੇਦਾਰ ਵੀ ਬੁਲਾ ਕੇ ਵਸਾ ਦਿੱਤੇ ਸਨ । ਜੋ ਨੌਜਵਾਨ ਪੁਲਸ ਵਿੱਚ ਭਰਤੀ ਨਾ ਹੋ ਸਕਦੇ ਉਹ ਦਰਬਾਨੀ ਦਾ ਕੰਮ ਕਰਨ ਲਗ ਪੈਂਦੇ । ਦਰਬਾਨੀ ਕਰਨ ਦੀ ਪਿਰਤ ਮਲਾਯਾ ਤੋਂ ਚਲੀ ਸੀ । ਮਲਾਯਾ ਵਿੱਚ ਦਰਬਾਨ ਨੂੰ "ਜਾਗਾ" ਕਹਿੰਦੇ ਸਨ । ਚੀਨ ਵਿੱਚ ਰਹਿੰਦਿਆਂ ਵੀ ਆਪਣੇ ਲੋਕ ਦਰਬਾਨ ਨੂੰ "ਜਾਗਾ" ਕਹਿਣ ਲੱਗ ਪਏ ।

ਜਿਥੇ ਥੋੜ੍ਹੇ ਜਿਹੇ ਵੀ ਸਿੱਖ ਹੋਣ ਉਥੇ ਉਹ ਗੁਰਦੁਆਰਾ ਜ਼ਰੂਰ ਬਣਾ ਲੈਂਦੇ ਹਨ । ਸ਼ੰਘਾਈ ਵਿੱਚ ਦੋ ਗੁਰਦੁਆਰੇ ਸਨ । ਇਕ ਸੀ ਸਿੱਖ ਪੁਲਸ ਵਾਲਿਆਂ ਦਾ ਤੇ ਦੂਜਾ ਆਮ ਸੰਗਤ ਦਾ । ਜੋ ਲੋਕ ਦੇਸ ਛਡ ਕੇ ਪ੍ਰਦੇਸਾਂ ਨੂੰ ਮੂੰਹ ਕਰ ਲੈਂਦੇ ਸਨ ਉਨ੍ਹਾਂ ਲਈ ਪੀਨਾਂਗ ਦਾ ਗੁਰਦੁਆਰਾ ਪਹਿਲਾ ਪੜਾਅ ਹੁੰਦਾ ਸੀ । ਦੂਜਾ ਪੜਾਅ ਹਾਂਗਕਾਂਗ ਦਾ ਗੁਰਦੁਆਰਾ ਤੇ ਤੀਜਾ ਪੜਾਅ ਸ਼ੰਘਾਈ ਦਾ ਗੁਰਦੁਆਰਾ । ਅਮਰੀਕਾ ਜਾਂ ਕੈਨੇਡਾ ਵੱਲ ਤੁਰਨ ਵਾਲਿਆਂ ਲਈ ਸ਼ੰਘਾਈ ਇਕ ਕਿਸਮ ਦਾ ਅਖੀਰਲਾ ਪੜਾਅ ਹੁੰਦਾ ਸੀ । ਗੁਰਦੁਆਰੇ ਵਿੱਚ ਮੁਸਾਫਰਾਂ ਦੀ ਆਵਾਜਾਈ ਆਮ ਰਹਿੰਦੀ । ਕਈ ਵਾਰੀ ਮੁਸਾਫਰਾਂ ਦੀ ਗਿਣਤੀ ਇਤਨੀ ਵੱਧ ਜਾਂਦੀ ਕਿ ਗੁਰਦੁਆਰੇ ਵਿੱਚ ਹੋਰ ਲੋਕਾਂ ਦੀ ਸਮਾਈ ਅਸੰਭਵ ਹੋ ਜਾਂਦੀ । ਬੀਬੀਆਂ ਤੇ ਬੱਚਿਆਂ ਦੀ ਰਿਹਾਇਸ਼ ਦਾ ਉੱਕਾ ਕੋਈ ਪ੍ਰਬੰਧ ਨਾ ਹੋ

ਸਕਦਾ ਤਾਂ ਸ਼ੰਘਾਈ ਦੇ ਕੁੱਝ ਸਿੰਘ ਅਜਿਹੇ ਪਰਵਾਰਾਂ ਨੂੰ ਆਪਣੇ ਘਰ ਲੈ ਜਾਂਦੇ। ਔਖੇ ਸੌਖੇ ਸਭ ਰਲ ਮਿਲ ਕੇ ਗੁਜ਼ਾਰਾ ਕਰ ਲੈਂਦੇ।

ਅਜਿਹੇ ਗੁਰਸਿੱਖ ਪਰਵਾਰਾਂ ਵਿੱਚੋਂ ਇੱਕ ਪਰਵਾਰ ਸੀ ਭਾਈ ਟਹਿਲ ਸਿੰਘ ਦਾ। ਟਹਿਲ ਸਿੰਘ ਦਾ ਛੇ-ਫੁੱਟਾ, ਤਿੰਨ-ਮਣਾ ਸਰੀਰ ਤੇ ਫਿਰ ਉਸ ਦੀ ਫੁਟ ਫੁਟ ਪੈਂਦੀ ਜੁਆਨੀ, ਭਰ-ਜੁਆਨ ਮੁਛਹਿਰੇ ਤੇ ਕਾਲੀ ਚਮਕਦੀ ਦਾੜ੍ਹੀ, ਉਸ ਦੇ ਪਹਿਲਵਾਨ ਹੋਣ ਦਾ ਪ੍ਰਭਾਵ ਪਾਂਦੀ ਸੀ। ਆਉਣ ਜਾਣ ਵਾਲੇ ਸਿੱਖਾਂ ਲਈ ਉਸ ਦਾ ਘਰ ਇੱਕ ਬੰਦਰਗਾਹ ਬਣ ਗਿਆ ਸੀ। ਕੋਈ ਆ ਰਿਹਾ ਹੁੰਦਾ ਤੇ ਕੋਈ ਜਾ ਰਿਹਾ ਹੁੰਦਾ। ਟਹਿਲ ਸਿੰਘ ਦੇ ਘਰ ਵਾਲੀ ਸਾਰਾ ਦਿਨ ਲੋਕਾਂ ਦੀ ਸੇਵਾ ਵਿੱਚ ਗੁਜ਼ਾਰ ਦਿੰਦੀ। ਜਦ ਉਹ ਕੰਮ ਤੋਂ ਘਰ ਮੁੜਦਾ ਤਾਂ ਆਉਂਦੇ ਸਾਰ ਚਾਹ ਦਾ ਪਤੀਲਾ ਧਰ ਦੇਂਦਾ। ਫਿਰ ਚਾਂਈਂ ਚਾਂਈਂ ਸਭ ਪ੍ਰਾਹੁਣਿਆਂ ਨੂੰ ਚਾਹ ਪਿਆਂਦਾ।

ਜਦ ਭਾਈ ਬਲਵੰਤ ਸਿੰਘ ਜੀ ਦੇਸ ਵਾਪਸ ਮੁੜਦੇ। ਸ਼ੰਘਾਈ ਪਹੁੰਚੇ ਤਾਂ ਉਹ ਵੀ ਟਹਿਲ ਸਿੰਘ ਪਾਸ ਜਾ ਪਹੁੰਚੇ। ਟਹਿਲ ਸਿੰਘ ਦੀ ਪਤਨੀ ਨੇ ਜਦ ਭਾਈ ਬਲਵੰਤ ਸਿੰਘ ਤੇ ਬੀਬੀ ਕਰਤਾਰ ਕੌਰ ਨੂੰ ਆਪਣੇ ਬਰੂਹਾਂ ਵਿੱਚ ਖਲੋਤਿਆਂ ਤੱਕਿਆਂ ਤਾਂ ਉਸ ਨੂੰ ਚੰਨ ਚੜ੍ਹ ਗਏ। ਉਹ ਕੈਨੇਡਾ ਜਾਂਦੇ ਹੋਏ ਵੀ ਉਨ੍ਹਾਂ ਨੂੰ ਮਿਲ ਕੇ ਗਏ ਸਨ। ਉਸ ਨੇ ਦੌੜ ਕੇ ਪੌੜੀਆਂ ਚੜ੍ਹ ਕੇ, ਚੁਬਾਰੇ ਦਾ ਬੂਹਾ ਜਾ ਖੋਲ੍ਹਿਆ। ਜਦ ਪੌੜੀਆਂ ਉਤਰਦੀ ਨੇ ਧਿਆਨ ਨਾਲ ਬੀਬੀ ਕਰਤਾਰ ਕੌਰ ਵੱਲ ਤੱਕਿਆ ਤਾਂ ਉਥੇ ਹੀ ਅੜ ਕੇ ਖਲੋ ਗਈ। ਉਹ ਕੁੱਝ ਕਹਿਣਾ ਚਾਹੁੰਦੀ ਸੀ ਪਰ ਕਹਿ ਨਾ ਸਕੀ। ਉਸ ਦੀ ਪਰੇਸ਼ਾਨੀ ਦੂਰ ਕਰਨ ਲਈ ਭਾਈ ਬਲਵੰਤ ਸਿੰਘ ਨੇ ਕਿਹਾ "ਬੀਬੀ ਜੀ! ਕੋਈ ਗੱਲ ਨਹੀਂ। ਇਕ ਵਾਰੀ ਚੜ੍ਹ ਜਾਣਗੇ ਤਾਂ ਇਹ ਜਦੋਂ ਖਾਸ ਲੋੜ ਪਵੇਗੀ ਉਦੋਂ ਹੀ ਹੇਠਾਂ ਉਤਰਨਗੇ।" ਟਹਿਲ ਸਿੰਘ ਦੀ ਪਤਨੀ ਨੇ ਬੀਬੀ ਕਰਤਾਰ ਕੌਰ ਨੂੰ ਸਹਾਰਾ ਦੇ ਕੇ ਪੌੜੀਆਂ ਚੜ੍ਹਾਇਆ। ਚੁਬਾਰੇ ਵਿੱਚ ਪੁਚਾਂਦਿਆਂ ਹੀ ਉਸ ਨੂੰ ਬਿਸਤਰੇ ਉੱਤੇ ਲਿਟਾ ਕੇ ਕਿਹਾ--"ਕਰਤਾਰ ਕੌਰੇ! ਦੋ ਬੀਬੀਆਂ ਤੇ ਇੱਕ ਕਾਕਾ ਵਾ ਤੇਰਾ। ਗੁਰੂ ਕਰੇ, ਇਕ ਕਾਕਾ ਹੋਰ ਆ ਜਾਏ। ਵੱਡੀ ਭੈਣ ਵੱਡੇ ਨੂੰ ਖਿਡਾਊ, ਛੋਟੀ ਭੈਣ ਛੋਟੇ ਨੂੰ!" ਹੇਠੋਂ ਟਹਿਲ ਸਿੰਘ ਦੀ ਵਾਜ ਆ ਗਈ। "ਜੀ ਆਈ" ਕਹਿ ਕੇ ਉਹ ਪੌੜੀਆਂ ਉਤਰਨ ਲਗ ਪਈ। ਅੱਗੋਂ ਟਹਿਲ ਸਿੰਘ ਨੇ ਬਰੂਹਾਂ ਵਿੱਚ ਖਲੋਤਿਆ ਹੀ ਪੁੱਛਿਆ—"ਤੂੰ ਪਛਾਣਿਆ ਵੀ ਐ ਕਿ ਨਹੀਂ ਇਹਨਾਂ ਨੂੰ?"

"ਜੀ ਪਛਾਣਿਆ ਕਿਉਂ ਨਹੀਂ। ਖੁਰਦਪੁਰੀਏ ਵਾ, ਆਪਣੇ ਭਾਈ ਬਲਵੰਤ ਸਿਹੁੰ ਹੋਣੀ। ਬੀਬੀ ਕਰਤਾਰ ਕੌਰ ਨੂੰ ਮੈਂ ਉੱਤੇ ਲਿਟਾ ਕੇ ਆਈ ਆਂ।"

ਟਹਿਲ ਸਿੰਘ ਨੇ ਭਾਈ ਬਲਵੰਤ ਸਿੰਘ ਵੱਲ ਤੱਕ ਕੇ ਪੁੱਛਿਆ—"ਸੁਖ ਤਾਂ ਹੈ ਭਾਈ ਸਾਹਿਬ! ਢਿਲੇ ਮੱਠੇ ਤਾਂ ਨਹੀਂ ਭੈਣ ਜੀ?"

ਭਾਈ ਬਲਵੰਤ ਸਿੰਘ ਦੇ ਬੋਲਣ ਤੋਂ ਪਹਿਲੋਂ ਹੀ ਉਹ ਬੋਲ ਪਈ—"ਸੁਖ ਵਾ! ਸੁਖ ਵਾ! ਸਭ ਸੁਖ ਵਾ! ਗੁਰੂ ਇਕ ਹੋਰ ਪੁਤ ਦੇਵੇ। ਜੋੜੀ ਹੋ ਜਾਊ।"

ਟਹਿਲ ਸਿੰਘ ਨੇ ਭਾਈ ਬਲਵੰਤ ਸਿੰਘ ਦੇ ਮੋਢੇ ਉੱਤੇ ਹੱਥ ਰੱਖ ਕੇ ਅੰਦਰ ਵੱਲ ਤੋਰਦਿਆਂ ਕਿਹਾ—"ਬੱਚਿਆਂ ਨੂੰ ਨੁਹਾ ਧੁਹਾ ਕੇ, ਖੁਆ ਪਿਆ ਕੇ ਚੁਬਾਰੇ ਚੜ੍ਹਾ ਦਿਆਂਗੇ। ਫਿਰ ਆਪਾਂ ਗੁਰਦੁਆਰੇ ਚਲ ਕੇ ਗੱਲਾਂ ਕਰਾਂਗੇ। ਆਪਾਂ ਗੁਰਦੁਆਰੇ ਹੀ ਸ਼ਨਾਨ ਕਰ ਲਾਂਗੇ।"

੨

ਬੀਬੀ ਕਰਤਾਰ ਕੌਰ ਨੇ ਬੱਚੇ ਨੂੰ ਜਨਮ ਦਿਤਾ ਪਰ ਉਹ ਜਨਮ ਲੈਂਦਾ ਹੀ ਆਕਾਲ ਚਲਾਣਾ ਕਰ ਗਿਆ। ਅੱਠ ਦਿਨ ਹੋ ਗਏ ਸਨ ਪਰ ਬੀਬੀ ਅਜੇ ਵੀ ਬਿਸਤਰੇ ਉੱਤੋਂ ਉਠਣ ਜੋਗੀ ਨਹੀਂ ਸੀ ਹੋਈ। ਬੁਖਾਰ ਦੀ ਨਿੱਕੀ ਨਿੱਕੀ ਭੁੱਖ ਰਹਿਣ ਕਰਕੇ ਉਹ ਅੱਗੇ ਨਾਲੋਂ ਵੀ ਕਮਜ਼ੋਰ ਸੀ। ਕਰਤਾਰ ਸਿੰਘ ਨਵਾਂ ਚੰਦ ਵੈਨਕੂਵਰ ਤੋਂ ਭਾਈ ਸਾਹਿਬ ਦੇ ਨਾਲ ਆਇਆ ਸੀ। ਉਹ ਆਪਣੇ ਕਿਸੇ ਪੇਂਡੂ ਪਾਸ ਟਿਕਿਆ ਹੋਇਆ ਸੀ। ਉਹ ਹਰ ਰੋਜ਼ ਬੀਬੀ ਦਾ ਹਾਲ ਚਾਲ ਪੁੱਛਣ ਆਉਂਦਾ। ਅੱਜ ਉਸ ਨੇ ਪੌੜੀਆਂ ਉੱਤਰਦਿਆਂ ਅਗਲੇ ਪ੍ਰੋਗਰਾਮ ਦੀ ਪੁੱਛ ਕੀਤੀ। ਭਾਈ ਬਲਵੰਤ ਸਿੰਘ ਨੇ ਉੱਤਰ ਦਿੱਤਾ—"ਮੇਰਾ ਖਿਆਲ ਸੀ ਕਿ ਮੈਂ ਪਰਵਾਰ ਨੂੰ ਸ਼ੰਘਾਈ ਤੋਂ ਹੀ ਤੁਹਾਡੇ ਨਾਲ ਦੇਸ ਨੂੰ ਤੋਰ ਦਿਆਂਗਾ ਪਰ ਕਰਤਾਰ ਕੌਰ ਦੇ ਢਿੱਲੇ ਰਹਿਣ ਕਰਕੇ ਮੁੜ ਅੜਿਚਣ ਪੈਂਦੀ ਜਾਪਦੀ ਐ! ਸ਼ਾਇਦ ਸਿੰਘਾਪੁਰ ਤੱਕ ਇਕੱਠੇ ਹੀ ਚਲੀਏ।"

ਕੁੱਝ ਚਿਰ ਰੁਕ ਕੇ ਭਾਈ ਬਲਵੰਤ ਸਿੰਘ ਨੇ ਦਸਿਆ "ਜੇ ਇਕ ਦੋ ਦਿਨ ਹੋਰ ਉਡੀਕ ਲਈਏ ਤਾਂ ਸ਼ੈਦ ਭਾਈ ਭਗਵਾਨ ਸਿੰਘ ਜਾਂ ਭਾਈ ਸੰਤੋਖ ਸਿੰਘ ਦਾ ਕੋਈ ਸੁਨੇਹਾ ਪਤਾ ਮਿਲ ਜਾਏ। ਠਾਕਰ ਸਿੰਘ ਮੇਰੇ ਨਾਲ ਜਾਣ ਲਈ ਤਿਆਰ ਐ। ਉਹ ਵੀ ਇੱਕ ਦੋ ਦਿਨ ਹੋਰ ਰੁਕ ਜਾਣ ਲਈ ਕਹਿੰਦਾ ਐ। ਮੈਂ ਕਰਤਾਰ ਕੌਰ ਨੂੰ ਬਥੇਰਾ ਸਮਝਾਇਆ ਐ ਪਰ ਉਹ ਇਸ ਜ਼ਿਦ ਉੱਤੇ ਅੜੀ ਹੋਈ ਐ ਕਿ ਮੈਂ ਬਾਲ ਬੱਚਿਆਂ ਸਮੇਤ ਦੇਸ ਜਾ ਕੇ ਉਨ੍ਹਾਂ ਨੂੰ ਪਿੰਡ ਛੱਡ ਕੇ ਫਿਰ ਜਿੱਧਰ ਜੀਅ ਕਰੇ ਜਾਵਾਂ। ਉਹ ਇਹ ਨਹੀਂ ਸਮਝਦੀ ਕਿ ਮੈਨੂੰ ਤਾਂ ਫਰੰਗੀਆਂ ਦੇਸ ਦੀ ਧਰਤੀ ਉੱਤੇ ਕਦਮ ਵੀ ਨਹੀਂ ਰੱਖਣ ਦੇਣਾ।"

ਕਰਤਾਰ ਸਿੰਘ ਨੇ ਪੋਲਾ ਜਿਹਾ ਉਤਰ ਦਿਤਾ—"ਸਿੰਘ ਸਾਹਬ! ਦਾਸ ਤਾਂ ਹੁਕਮੀ ਬੰਦਾ ਹੈ। ਜਦੋਂ ਹੁਕਮ ਕਰੋਗੇ, ਜੋ ਹੁਕਮ ਕਰੋਗੇ ਦਾਸ ਹਾਜ਼ਰ ਹੈ।"

੩

"ਭਾਈ ਸਾਹਬ! ਜਿਹੜੇ ਸੂਰਮੇ, ਗੋਰਿਆਂ ਤੋਂ ਅੱਖ ਬਚਾਅ ਕੇ ਲੰਘ ਗਏ, ਉਹ ਪਹੁੰਚ ਗਏ। ਹੁਣ ਤਾਂ ਗੋਰੇ ਚੌਹੀਂ ਪਾਸੀਂ ਬੇਰਾਂ ਲਾਈ ਬੈਠੇ ਹਨ। ਤੁਹਾਡਾ ਦੇਸ ਪਹੁੰਚਣਾ ਮੁਸ਼ਕਲ ਹੀ ਨਹੀਂ ਮੈਨੂੰ ਤਾਂ ਨਾਮੁਮਕਿਨ ਦਿਸਦੈ।"

"ਟਹਿਲ ਸਿੰਘ ਜੀ! ਤੁਸੀਂ ਬਿਲਕੁਲ ਠੀਕ ਕਹਿੰਦੇ ਹੋ ਪਰ ਮੇਰੇ ਵਸ ਦੀ ਗੱਲ ਨਹੀਂ ਸੀ।"

"ਤੁਸੀਂ ਉਦੋਂ ਹੀ ਮੁੜ ਪੈਂਦੇ ਜਦੋਂ "ਗੁਰੂ ਨਾਨਕ ਜਹਾਜ਼" ਮੁੜਿਆ ਸੀ।"

"ਤੁਹਾਨੂੰ ਸ਼ੈਦ ਪਤਾ ਨਹੀਂ ਕਿ ਮੈਂ ਜਹਾਜ਼ ਪਹੁੰਚਣ ਤੋਂ ਇਕ ਦੋ ਦਿਨ ਪਹਿਲੋਂ ਹੀ ਵੈਨਕੂਵਰ ਪਹੁੰਚਿਆ ਸਾਂ। ਅਜੇ ਸਾਹ ਵੀ ਨਹੀਂ ਸੀ ਲਿਆ ਕਿ ਜਹਾਜ਼ ਪਹੁੰਚ ਗਿਆ। ਅਗਲੀ ਕਹਾਣੀ ਤਾਂ ਤੁਹਾਨੂੰ ਪਤਾ ਹੀ ਹੈ ਕਿ ਬਾਈ ਮਈ ਤੋਂ ਇਕੀ ਜੁਲਾਈ ਤੱਕ ਜਹਾਜ਼ ਵੈਨਕੂਵਰ ਘਾਟ ਉੱਤੇ ਰੁਕਿਆ ਰਿਹਾ। ਉਨ੍ਹਾਂ ਦਿਨਾਂ ਵਿੱਚ ਤਾਂ ਕਈ ਵਾਰੀ ਨਿਤਨੇਮ ਵੀ ਖੁੰਝ ਜਾਂਦਾ ਰਿਹੈ।"

"ਮੈਂ ਤਾਂ ਇਹੋ ਗੱਲ ਕਹੀ ਐ ਕਿ ਤੁਸੀਂ ਵੀ ਜਹਾਜ਼ ਦੇ ਪਿੱਛੇ ਪਿੱਛੇ ਹੀ ਮੁੜ ਪੈਂਦੇ।"

"ਤੁਹਾਡੀ ਗੱਲ ਬਿਲਕੁਲ ਠੀਕ ਐ। ਜਹਾਜ਼ ਮੁੜਨ ਸਾਰ ਮੈਂ ਦੇਸ ਮੁੜਨ ਦਾ ਮਨ ਬਣਾ ਲਿਆ ਸੀ ਪਰ ਥੋੜ੍ਹੇ ਹੀ ਦਿਨਾਂ ਮਗਰੋਂ ਚਾਰ ਅਗਸਤ ਨੂੰ ਯੂਰਪ ਵਿੱਚ ਜੰਗ ਛਿੜ ਗਈ। ਸਾਰੇ ਕੈਨੇਡਾ ਵਿੱਚ ਹਲ ਚਲ ਮੱਚ ਗਈ। ਜਹਾਜ਼ਾਂ ਦੀ ਆਵਾਜਾਈ ਉੱਤੇ ਸਰਕਾਰ ਨੇ ਪਾਬੰਦੀਆਂ ਲਾ ਦਿੱਤੀਆਂ। ਕੁਝ ਦਿਨ ਤਾਂ ਕੋਈ ਵੀ ਜਹਾਜ਼ ਖਾੜੀ ਵਿੱਚੋਂ ਬਾਹਰ ਨਾ ਨਿਕਲ ਸਕਿਆ। ਸੈਂਕੜੇ ਲੋਕ ਦੇਸ ਜਾ ਕੇ "ਗ਼ਦਰ" ਵਿੱਚ ਹਿੱਸਾ ਪਾਉਣ ਲਈ ਤਿਆਰ ਸ਼ਨ ਪਰ ਸਭ ਨੂੰ ਰੁਕਣਾ ਪੈ ਗਿਆ। ਟਬਰਦਾਰ ਹੋਣ ਕਰਕੇ ਸਾਡੇ ਵਾਸਤੇ ਹੋਰ ਵੀ ਮੁਸ਼ਕਲ ਹੋ ਗਈ। ਮੈਂ ਭਾਈ ਭਾਗ ਸਿੰਘ ਨਾਲ ਗੱਲ ਕੀਤੀ ਉਹ ਕਹਿਣ ਲੱਗੇ ਥੋੜੇ ਦਿਨ ਟਿੱਕ ਜਾਈਏ ਫਿਰ ਇਕੱਠੇ ਚਲਾਂਗੇ।"

"ਮੈਂ ਸੁਣਿਆ ਸੀ ਕਿ ਉਨ੍ਹਾਂ ਦੇ ਘਰੋਂ ਚੜ੍ਹਾਈ ਕਰ ਗਈ ਸੀ।"

"ਬੱਚੀ ਨੇ ਜਨਮ ਲਿਆ ਬੀਬੀ ਹਰਨਾਮ ਕੌਰ ਨੂੰ ਠੰਢ ਲਗ ਗਈ। ਫਿਰ ਸਰਸਾਮ ਹੋ ਗਿਆ ਸੀ।"

"ਬੜੀ ਗੁਰਮੁਖ ਬੀਬੀ ਸੀ। ਭਾਈ ਸਾਹਿਬ ਦੀ ਸ਼ਹਾਦਤ ਦੀ ਗੱਲ ਸੁਣ ਕੇ ਤਾਂ ਮਨ ਬਹੁਤ ਹੀ ਦੁਖੀ ਹੋਇਆ। ਅਸਲੀ ਗੱਲ ਦਾ ਕੁੱਝ ਪਤਾ ਨਹੀਂ ਲਗਾ। ਕੀ ਗੱਲ ਹੋਈ ਸੀ?"

ਭਾਈ ਭਾਗ ਸਿੰਘ ਤੇ ਭਾਈ ਬਤਨ ਸਿੰਘ ਦੀ ਸ਼ਹਾਦਤ ਦਾ ਸਾਕਾ ਭਾਈ ਬਲਵੰਤ ਸਿੰਘ ਦੀਆਂ ਅੱਖਾਂ ਸਾਹਮਣੇ ਆ ਖਲੋਤਾ। ਭਾਈ ਸਾਹਿਬ ਨੇ ਕੁੱਝ ਝੁਕ ਕੇ ਦਿਲ ਉੱਤੇ ਸੱਜਾ ਹੱਥ ਰੱਖ ਕੇ ਬੜੀ ਨਿਮ੍ਹੀ ਅਵਾਜ਼ ਵਿੱਚ ਕਿਹਾ—"ਇਸ ਗੋਲੀ-ਕਾਂਡ ਦੇ ਪਿਛੇ ਬੜੀ ਲੰਮੀ ਤੇ ਕਰੂਰ ਕਹਾਣੀ ਐ। ਮੋਟੀ ਜਿਹੀ ਗੱਲ ਇਹ ਹੈ ਕਿ ਅਸੀਂ ਦੋਵੇਂ ਦੇਸ ਲਈ ਤਿਆਰ ਹੋ ਰਹੇ ਸਾਂ। ਭਾਈ ਮਿਤ ਸਿੰਘ ਪੰਡੋਰੀ ਨੂੰ ਤਾਂ ਤੁਸੀਂ ਜਾਣਦੇ ਹੀ ਹੋ। ਉਹ ਸਕੱਤਰੀ ਦੀ ਸੇਵਾ ਉੱਤੇ ਸਨ। ਮੈਂ ਉਨ੍ਹਾਂ ਰਾਹੀਂ ਗੁਰਦੁਆਰੇ ਦੀ ਸੇਵਾ ਤੋਂ ਸੰਗਤ ਪਾਸੋਂ ਛੁਟੀ ਮੰਗੀ। ਸੰਗਤ ਨੇ ਆਗਿਆ ਦੇ ਦਿੱਤੀ। ਅਸੀਂ ਜਹਾਜ਼ ਤੁਰਨ ਦੀ ਉਡੀਕ ਵਿੱਚ ਸਾਂ ਕਿ ਇੱਕ ਹਰਨਾਮ ਸਿੰਘ ਦੀ ਲਾਸ਼ ਪੁਲਸ ਨੇ ਲੱਭੀ। ਉਹ ਕਾਤਲ ਦਾ ਨਾਮ ਪਤਾ ਲੱਭ ਰਹੀ ਸੀ। ਤਿੰਨਾਂ ਚੌਹਾਂ ਦਿਨਾਂ ਮਗਰੋਂ ਇੱਕ ਹੋਰ ਕਤਲ ਹੋ ਗਿਆ। ਇੱਕ ਰਾਮ ਸਿੰਘ ਤੋਂ ਅਚਾਨਕ ਗੋਲੀ ਚਲ ਗਈ ਤੇ ਉਸ ਦਾ ਮਿੱਤਰ ਅਰਜਨ ਸਿੰਘ ਮਾਰਿਆ ਗਿਆ। ਦੋ ਕਤਲਾਂ ਦੀ ਚਰਚਾ ਛਿੜ ਪਈ। ਬੇਲਾ ਤੇ ਬੇਲੇ ਦਾ ਧੜਾ ਕਹੇ ਕਿ ਇਹ ਦੋਵੇਂ ਕਤਲ ਕਰਾਉਣ ਵਿੱਚ ਗੁਰਦੁਆਰੇ ਦੇ ਪ੍ਰਬੰਧਕਾਂ ਦਾ ਹੱਥ ਹੈ ਜਦ ਕਿ ਰਾਮ ਸਿੰਘ ਤੇ ਅਰਜਨ ਸਿੰਘ ਰੋਟੀ ਵਾਲੇ ਸਨ ਤੇ ਦੋਵੇਂ ਬੇਲੇ ਦੇ ਹਾਮੀ ਸਨ।"

ਕਿਸੇ ਦੇ ਪੈਰਾਂ ਦਾ ਖੜਾਕ ਸੁਣ ਕੇ ਭਾਈ ਸਾਹਿਬ ਰੁਕ ਗਏ। ਬਾਹਰ ਹਨੇਰਾ ਸੀ। ਗੁਰਦੁਆਰੇ ਦੇ ਅੰਦਰ ਨਿਮ੍ਹੀ ਜਿਹੀ ਬੱਤੀ ਜਗ ਰਹੀ ਸੀ। ਉਹ ਦੋਵੇਂ ਬਾਹਰ ਵੱਲ ਤੱਕਣ ਲਗੇ। ਠਾਕੁਰ ਸਿੰਘ ਨੂੰ ਆਉਂਦਾ ਵੇਖ ਕੇ ਟਹਿਲ ਸਿੰਘ ਨੇ ਉਸ ਨੂੰ ਬਹਿ ਜਾਣ ਦਾ ਇਸ਼ਾਰਾ ਕੀਤਾ।

"ਫੇਰ ਅਰਜਨ ਸਿੰਘ ਦੇ ਸਸਕਾਰ ਪਿਛੋਂ ਦੀਵਾਨ ਸਜਿਆ ਹੀ ਸੀ ਕਿ ਬੇਲੇ ਨੇ ਗੋਲੀ ਚਲਾ ਦਿੱਤੀ। ਕਈ ਜ਼ਖਮੀ ਹੋਏ ਪਰ ਭਾਈ ਭਾਗ ਸਿੰਘ ਤੇ ਭਾਈ ਬਤਨ ਸਿੰਘ ਸ਼ਹਾਦਤ ਪਾ ਗਏ।" ਏਨੀ ਗੱਲ ਕਰਦਿਆਂ ਕਰਦਿਆਂ ਉਨ੍ਹਾਂ ਰੁਮਾਲ ਨਾਲ ਆਪਣਾ ਨੱਕ ਮੂੰਹ ਸਾਫ ਕਰਨ ਪਿਛੋਂ ਗੱਲ ਫੇਰ ਸ਼ੁਰੂ ਕਰ ਲਈ—"ਗੋਲੀ ਗੁਰੂ ਮਾਰ ਬੇਲੇ ਨੇ ਚਲਾਈ। ਪੁਲਸ ਨੇ ਸਾਨੂੰ ਫੜ ਕੇ ਥਾਣੇ ਡੱਕ ਦਿੱਤਾ। ਫੇਰ ਪੁਲਸ ਨੇ ਧੱਕਾ ਕਰ ਕੇ ਬੇਲੇ ਦੇ ਕੇਸ ਵਿੱਚ ਗਵਾਹੀਆਂ ਦੇਣ ਲਈ ਕੈਨੇਡਾ ਨਾ ਛੱਡਣ ਲਈ ਮਜਬੂਰ ਕਰ ਦਿੱਤਾ। ਉਹਦਾ ਕੇਸ ਪੰਦਰਾਂ ਸਿਤੰਬਰ ਨੂੰ ਸ਼ੁਰੂ ਹੋਇਆ ਸੀ। ਮੇਰੀ ਗਵਾਹੀ ਦੋ ਅਕਤੂਬਰ ਨੂੰ ਹੋਈ। ਮੈਂ ਦੇਸ਼ ਲਈ ਕਾਹਲਾ ਸਾਂ। ਇਸ ਲਈ

ਸੇਵਾ ਬਰਾਬਰ ਕਰਦਾ ਰਿਹਾ ਪਰ ਤਨਖ਼ਾਹ ਲੈਣੀ ਛੱਡ ਦਿੱਤੀ ਸੀ ਤਾਕਿ ਜਿਸ ਵੇਲੇ ਜਹਾਜ਼ ਮਿਲੇ ਉਸੇ ਵੇਲੇ ਤੁਰ ਸਕੀਏ।''

ਜ਼ਰਾ ਰੁਕ ਕੇ ਭਾਈ ਸਾਹਿਬ ਨੇ ਪੁੱਛਿਆ—''ਟਹਿਲ ਸਿੰਘ ਜੀ ! ਤੁਸੀਂ ਭਾਈ ਮੇਵਾ ਸਿੰਘ ਨੂੰ ਤਾਂ ਨਹੀਂ ਮਿਲੇ ਹੋਣੇ।''

''ਸਾਡੇ ਭਾਗਾਂ ਵਿੱਚ ਨਹੀਂ ਸੀ ਉਹਨਾਂ ਦੇ ਦਰਸ਼ਨ ਦਸਮ ਪਾਤਸ਼ਾਹ ਦਾ ਸੂਰਮਾ ਨਿਕਲਿਐ ਸੂਰਮਾ। ਦੇਸ-ਕੌਮ ਦੀ ਇਜ਼ਤ ਰੱਖ ਗਿਐ। ਜਿੰਨਾ ਮਾਣ ਕਰੀਏ ਉਨਾ ਥੋੜੈ।''

''ਭਾਈ ਮੇਵਾ ਸਿੰਘ ਹੋਰੀਂ ਬੜੇ ਗੁਰੂ ਪਿਆਰੇ, ਪੰਥ ਦੇ ਦੁਲਾਰੇ ਸਨ। ਉਹ ਆਪਣੇ ਭੋਲੇ ਭਾਲੇ ਬੰਦਿਆਂ ਉਤੇ ਹੁੰਦੇ ਜ਼ੁਲਮ ਵੇਖ ਕੇ ਨਾਹ ਸਹਾਰ ਸਕੇ। ਕਹਿਣ ਲਗੇ ਅਗੇ ਕਈ ਮਹੀਨੇ ਰੁਕੇ ਰਹੇ ਹੋ, ਕੁੱਝ ਦਿਨ ਹੋਰ ਰੁਕ ਜਾਓ। ਬਿਨਾਂ ਕਿਸੇ ਨਾਲ ਸਲਾਹ ਮਸ਼ਵਰਾ ਕੀਤਿਆਂ ਭਾਈ ਸਾਹਿਬ ਨੇ ਇੱਕੀ ਅਕਤੂਬਰ ਨੂੰ ਰੜੇ ਮਦਾਨ ਕਚਹਿਰੀ ਵਿੱਚ ਸਾਰੇ ਦੁੱਖਾਂ ਦੀ ਜੜ੍ਹ ਕੱਟ ਦਿੱਤੀ। ਹਾਪਕਿਨਸਨ ਨੂੰ ਫੁੰਡ ਕੇ ਰੱਖ ਦਿੱਤਾ। ਸਾਨੂੰ ਫੇਰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ। ਸਾਡੇ ਉੱਤੇ ਕੇਸ ਚਲੇ ਕਿ ਅਸੀਂ ਕਤਲ ਕਰਵਾਇਆ ਹੈ। ਬੇਲੇ ਨੂੰ ਸਰਕਾਰ ਨੇ ਬਰੀ ਕਰਨਾ ਹੀ ਸੀ। ਉਸ ਨੂੰ ਛੇ ਨਵੰਬਰ ਨੂੰ ਬਰੀ ਕਰ ਦਿੱਤਾ ਗਿਆ। ਬੇਲੇ ਤੇ ਬੇਲੇ ਦੇ ਬੰਦਿਆਂ ਦੀ ਚੜ੍ਹ ਮਚ ਗਈ। ਸਾਨੂੰ ਜਹਾਜ਼ ਮਿਲ ਗਿਆ। ਕਰਤਾਰ ਸਿੰਘ ਨਵਾਂ ਚੰਦ ਸਾਡੇ ਨਾਲ ਤਿਆਰ ਹੋ ਪਿਆ। ਬਸ ਇਹਨਾਂ ਔਕੜਾਂ ਵਿੱਚੋਂ ਲੰਘਦਿਆਂ ਕਈ ਮਹੀਨੇ ਲਗ ਗਏ। ਮੇਵਾ ਸਿੰਘ, ਸਿੰਘ ਸੂਰਮਾ ਮੌਤ ਰਾਣੀ ਨੂੰ ਵਿਆਹੁਣ ਲਈ ਤਿਆਰ ਬੈਠਾ ਸੀ। ਅਸਾਂ ਤੁਰਨ ਵੇਲੇ ਭਾਈ ਮਿਤ ਸਿੰਘ ਪੰਡੋਰੀ ਨੂੰ ਪੱਕੀ ਕੀਤੀ ਸੀ ਕਿ ਮੁਲਾਕਾਤ ਲਈ ਜ਼ਰੂਰ ਜਾਣ। ਉਹਨਾਂ ਦੀ ਸ਼ਹਾਦਤ ਲਈ ਗਿਆਰਾਂ ਜਨਵਰੀ ਦੀ ਤਰੀਕ ਮੁਕਰਰ ਹੋ ਚੁਕੀ ਸੀ। ਗੁਰੂ ਭਲੀ ਕਰੇ। ਆਪਣੇ ਪਿਆਰੇ ਦੁਲਾਰੇ ਨੂੰ ਗਜ ਵਜ ਕੇ ਸ਼ਹਾਦਤ ਦੇਣ ਦਾ ਬਲ ਬਖਸ਼ੇ।'' ਕਹਿੰਦਿਆਂ ਹੀ ਭਾਈ ਸਾਹਿਬ ਨੇ ਇੱਕ ਲੰਮਾ ਹਉਕਾ ਭਰਿਆ। ਠਾਕਰ ਸਿੰਘ ਤੇ ਟਹਿਲ ਸਿੰਘ ਨੇ ਉਸ ਹਉਕੇ ਵਿੱਚੋਂ ਅੱਗ ਦੇ ਲਾਂਬੂ ਉਠਦੇ ਵੇਖੇ।

੪

''ਤੁਸੀਂ ਮੇਰੇ ਪਤੀ ਹੋ ! ਮੇਰੇ ਪਰਮੇਸ਼ਰ ਹੋ। ਮੇਰੇ ਸਿਰ ਦੇ ਸਾਈਂ ਹੋ। ਤੁਸੀਂ ਮੇਰਾ ਸਭ ਕੁਝ ਹੋ। ਤੁਸੀਂ ਆਪ ਹੀ ਦੱਸੋ ਮੈਂ ਤੁਹਾਨੂੰ ਪਰਦੇਸਾਂ ਵਿਚ ਛੱਡ ਕੇ, ਕੱਲੀ ਕਾਰੀ ਕਿਵੇਂ ਪਿੰਡ ਜਾ ਵੜਾਂ। ਮੈਂ ਕੀ ਜਵਾਬ ਦਊਂ। ਨਾ ਸਹੁਰੀਂ ਜਾਣ ਜੋਗੀ ਨਾ ਪੇਕੇ। ਮੈਨੂੰ ਕੱਲੀ ਨੂੰ ਤਾਂ ਕਿਸੇ ਮੂੰਹ ਵੀ ਨਹੀਂ ਲਾਉਣਾ। ਕਹਿਣਗੇ ਤੁਹਾਨੂੰ ਕਲਿਆਂ ਕਾਰਿਆਂ ਛੱਡ ਕੇ ਪਿੰਡ ਆ ਵੜੀ ਆਂ। ਮੇਰੀ ਇਜ਼ਤ ਤੁਹਾਡੇ ਨਾਲ ਹੈ। ਮੈਂ ਜੀਊਂ ਤਾਂ ਤੁਹਾਡੇ ਨਾਲ, ਮਰੂੰ ਤਾਂ ਤੁਹਾਡੇ ਨਾਲ। ਮੈਂ ਨਹੀਂ ਜਾਣਾ ਕੱਲੀ। ਨਾਲ ਲੈ ਕੇ ਜਾਊਂ। ਪਹਿਲਾਂ ਪਿੰਡ ਚਲੋ। ਫੇਰ ਉਥੋਂ ਜਿੱਥੇ ਮਨ ਚਾਹੇ ਚਲੇ ਜਾਇਓ। ਮੈਂ ਤੁਹਾਨੂੰ ਕਿਸੇ ਕੰਮ ਤੋਂ ਨਹੀਂ ਹੋੜਦੀ।'' ਕਰਤਾਰ ਕੌਰ ਆਪ-ਮੁਹਾਰੀ ਬੋਲ ਰਹੀ ਸੀ। ਉਸ ਦਾ ਮਨ ਭਰਿਆ ਹੋਇਆ ਸੀ। ਉਹ ਰੋਣਹਾਕੀ ਹੋਈ ਹੋਈ ਸੀ। ਜਾਪਦਾ ਸੀ ਕਿ ਹੁਣੇ ਫਿਸ ਪਈ ਕਿ ਫਿਸ ਪਈ। ਉਹ ਭਾਈ ਸਾਹਿਬ ਦੇ ਚਿਹਰੇ ਉੱਤੇ ਨਜ਼ਰ ਟਿਕਾਈ ਬੈਠੀ ਸੀ। ਉਨ੍ਹਾਂ ਵਲੋਂ ਉੱਤਰ ਦੀ ਉਡੀਕ ਕਰ ਰਹੀ ਸੀ। ਭਾਈ ਸਾਹਿਬ ਦੇ ਬੁਲ੍ਹ ਫੁਰਕ ਰਹੇ ਸਨ। ਉਸ

ਜਾਣਿਆ ਕਿ ਉਹ ਕੁੱਝ ਕਹਿਣ ਲੱਗੇ ਹਨ ਪਰ ਭਾਈ ਸਾਹਿਬ ਦੇ ਬੁਲ੍ਹ ਫੁਰਕਦੇ ਰਹੇ ਪਰ ਮੂੰਹੋਂ ਕੁੱਝ ਨਾ ਬੋਲੇ । ਕਰਤਾਰ ਕੌਰ ਅਧੀਰਜ ਹੋ ਰਹੀ ਸੀ । ਕੋਈ ਜਵਾਬ ਨਾ ਮਿਲਦਾ ਜਾਣ ਕੇ ਉਹ ਫਿਰ ਬੋਲ ਪਈ — "ਮੈਨੂੰ ਪਤੈ ਤੁਹਾਡੇ ਦਿਲ ਵਿੱਚ ਕੀ ਕੀ ਉਬਾਲ ਉਠ ਰਹੇ ਹਨ । ਮੈਨੂੰ ਪਤੈ ਤੁਸੀਂ ਅਸਮਾਨੀ ਪੀਂਘਾਂ ਦੇ ਹੁਲਾਰੇ ਲੈ ਰਹੇ ਹੋ । ਤੁਸੀਂ ਬੱਦਲਾਂ ਨਾਲ ਗੱਲਾਂ ਕਰ ਰਹੇ ਹੋ । ਤੁਸੀਂ ਵਰ੍ਹਣ ਨੂੰ ਫਿਰਦੇ ਹੋ । ਗੁਲਾਮ ਧਰਤੀ ਨੂੰ ਆਪਣੇ ਲਹੂ ਨਾਲ ਸਿੰਜ ਕੇ ਅਜ਼ਾਦ ਕਰਨਾ ਲੋੜਦੇ ਹੋ । ਮੈਂ ਸੱਭ ਕੁੱਝ ਸਮਝਦੀ ਹਾਂ । ਸਤਿਗੁਰ ਸੱਚਾ ਪਾਤਸ਼ਾਹ ਦਸ਼ਮੇਸ਼ ਪਿਤਾ ਤੁਹਾਨੂੰ ਚੜ੍ਹਦੀਆਂ ਕਲਾ ਦੇਵੇ । ਤੁਸੀਂ ਖੁਲ੍ਹ ਕੇ ਖੇਡੋ ਪਰ ਇੱਕ ਵਾਰੀ ਮੈਂ ਤੁਹਾਨੂੰ ਪਿੰਡ ਲੈ ਕੇ ਜਾਉਂ । ਉਥੋਂ ਤੁਸੀਂ ਜਿਧਰ ਮਨ ਕਰੇ ਜਾਇਓ । ਬੇਸ਼ਕ ਇੱਕ ਘੜੀ ਵੀ ਨਾ ਅਟਕਿਓ । ਮੈਂ ਨਾ ਰੋਕੂੰ ਤੁਹਾਨੂੰ । ਆਪ ਅਰਦਾਸਾ ਸੋਧ ਕੇ ਤੋਰੂੰ । ਬਸ ਮੇਰੀ ਇੱਕੋ ਜੋਦੜੀ ਹੈ ।" ਉਸ ਨੇ ਭੁੰਜੇ ਹੀ ਸੁਤੇ ਬੱਚਿਆਂ ਵੱਲ ਇਸ਼ਾਰਾ ਕਰ ਕੇ ਭਰੀ ਹੋਈ ਆਵਾਜ਼ ਵਿੱਚ ਕਿਹਾ "ਮੈਂ ਇਹਨਾਂ ਬੋਟਾਂ ਨੂੰ ਇਕੱਲੀ ਕਿਵੇਂ ਲੈ ਕੇ ਜਾਊਂ !

ਭਾਈ ਸਾਹਿਬ ਨੇ ਨੀਵੀਂ ਪਾਈ ਰੱਖਦਿਆਂ ਪੋਲੀ ਜਿਹੀ ਆਵਾਜ਼ ਵਿੱਚ ਉੱਤਰ ਦਿੱਤਾ— "ਮੈਂ ਤਾਂ ਉਤਮ ਸਿੰਘ ਨੂੰ ਨਾਲ ਲਿਅੌਣਾ ਚਾਹੁੰਦਾ ਸਾਂ । ਤੁਸੀਂ ਦੋਵੇਂ ਭੈਣ ਭਰਾ ਮੇਰੀ ਗੱਲ ਨਾ ਮੰਨੇ ।" "ਮੈ ਮੰਨਦੀ ਕਿਵੇਂ । ਉਹਦਾ ਜ਼ਖਮ ਤਾਂ ਅਜੇ ਵੀ ਅੱਲਾ ਪਿਆ ਹੈ । ਕਈ ਦਿਨ ਹਸਪਤਾਲ ਵਿੱਚ ਪਿਆ ਰਿਹੈ । ਅਜੇ ਤੱਕ ਡਾਕਦਾਰਾਂ ਉਹਦੀ ਪਿੱਠ ਵਿੱਚ ਲਗੀ ਗੋਲੀ ਵੀ ਨਹੀਂ ਕੱਢੀ । ਪਤਾ ਨਹੀਂ ਕੱਢਣਗੇ ਵੀ ਕਿ ਨਹੀਂ । ਪਤਾ ਨਹੀਂ ਕੀ ਬਣੂੰ । ਦਲੀਪ ਸਿਹੁੰ ਫਾਹਲੇ ਦੇ ਸੱਜੇ ਪੱਟ ਦੇ ਪਿਛਲੇ ਪਾਸੇ ਗੋਲੀ ਲਗੀ ਸੀ । ਉਹ ਡਾਕਦਾਰਾਂ ਝੱਟ ਕੱਢ ਦਿੱਤੀ । ਮੇਰੇ ਬੀਰ ਉੱਤਮ ਸਿਹੁੰ ਦੀ ਵਿੱਚੇ ਰਹਿਣ ਦਿੱਤੀ । ਪਤਾ ਨਹੀਂ ਕੀ ਬਣੂੰ । ਉਹ ਇਸੇ ਚਿੰਤਾ ਵਿੱਚ ਝੁਰਦਾ ਰਹਿੰਦੈ । ਤੁਸੀਂ ਤਾਂ ਮਨ ਪੱਕਾ ਕਰ ਲਿਐ । ਤੁਰ ਪਏ ਗਦਰ ਮਚੌਣ ਨੂੰ ਪਰ ਹਾਰੀ ਸਾਰੀ ਥੋੜਾ ਹੀ ਤੁਰ ਸਕਦੈ ।"

"ਭਾਈ ਕਰਤਾਰ ਸਿੰਘ ਹੋਰੀ ਸਾਡੇ ਨਾਲ ਹਨ । ਉਹ ਤੁਹਾਨੂੰ ਪਿੰਡ ਛੱਡ ਕੇ ਫੇਰ ਆਪਣੇ ਪਿੰਡ ਜਾਣਗੇ ।"

"ਇਹਦੇ ਨਾਲੋਂ ਤਾਂ ਚੰਗਾ ਸੀ ਮੈਂ ਉੱਤਮ ਸਿਹੁੰ ਨੂੰ ਨਾਲ ਲੈ ਔਂਦੀ ।"

"ਮੈਂ ਵੀ ਤਾਂ ਇਹੋ ਸਲਾਹ ਦਿੱਤੀ ਸੀ । ਮੈਨੂੰ ਤਾਂ ਕਰਤਾਰ ਸਿੰਘ ਤੇ ਉੱਤਮ ਸਿੰਘ ਵਿੱਚ ਕੋਈ ਫਰਕ ਨਹੀਂ ਦਿਸਦਾ । ਤੁਹਾਨੂੰ ਪਤਾ ਹੀ ਹੈ ਕਿ ਕਰਤਾਰ ਸਿੰਘ ਦੀ ਆਤਮਾ ਤੇ ਮੇਰੀ ਆਤਮਾ ਘੁਲਮਿਲ ਕੇ ਇੱਕ ਹੋ ਚੁਕੀਆਂ ਹਨ ।"

ਬੀਬੀ ਕਰਤਾਰ ਕੌਰ ਨੇ ਖੁਣਸ ਖਾ ਕੇ ਕਿਹਾ—"ਬਸ ਮੈਂ ਹੀ ਆਪਣੀ ਆਤਮਾ ਤੁਹਾਡੀ ਆਤਮਾ ਵਿੱਚ ਨਹੀਂ ਰਲਾ ਸਕੀ ।"

"ਨਹੀਂ ਕਰਤਾਰ ਜੀ ! ਇਹ ਗੱਲ ਨਹੀਂ । ਤੁਸੀਂ ਜੋ ਕੁਝ ਮੇਰੇ ਲਈ ਹੋ ਦੁਨੀਆਂ ਵਿਚ ਹੋਰ ਕੋਈ ਨਹੀਂ । ਤੁਸੀਂ ਮੇਰੇ ਬੱਚਿਆਂ ਨੂੰ ਜਨਮ ਦਿੱਤਾ ਹੈ । ਤੁਸੀਂ ਬੱਚਿਆਂ ਦੀ ਮਾਂ ਤਾਂ ਹੋ ਹੀ । ਮੈਂ ਤੁਹਾਨੂੰ ਹੁਣ ਬੱਚਿਆਂ ਦੇ ਪਿਤਾ ਦੇ ਅਧਿਕਾਰ ਵੀ ਸੌਂਪਦਾ ਹਾਂ । ਮਾਂ ਵੀ ਤੁਸੀਂ ਤੇ ਪਿਉ ਵੀ ਤੁਸੀਂ ।"

"ਇਸ ਦਾ ਮਤਲਬ ਇਹ ਹੋਇਆ ਕਿ ਮੈਂ ਹੁਣ ਤੋਂ ਹੀ ...।" ਆਪਣੀ ਗੱਲ ਅਧੂਰੀ ਛੱਡ ਕੇ ਬੀਬੀ ਕਰਤਾਰ ਕੌਰ ਫਿਸ ਪਈ । ਦੋਵੇਂ ਭੈਂਜੇ ਬੈਠੇ ਸਨ । ਭਾਈ ਸਾਹਿਬ ਨੇ ਨੇੜੇ ਹੋ ਕੇ ਉਸ

ਨੂੰ ਸੱਜੀ ਬਾਂਹ ਵਿੱਚ ਲਪੇਟਦਿਆਂ ਕਿਹਾ—"ਕਰਤਾਰ ! ਕਰਤਾਰ ! ਤੁਸੀਂ ਭੁੱਲ ਗਏ ਹੋ ਕਿ ਦਸਮ ਪਾਤਸ਼ਾਹ ਨੇ ਬਾਲ ਅਵਸਥਾ ਵਿੱਚ ਹੀ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਜ਼ੁਲਮ ਦਾ ਮੁਕਾਬਲਾ ਕਰਨ ਲਈ ਤੋਰ ਦਿੱਤਾ ਸੀ । ਮਾਤਾ ਗੁਜਰੀ ਜੀ ਨੇ ਵੀ ਰਜ਼ਾਮੰਦੀ ਨਾਲ ਤੋਰਿਆ ਸੀ ।" ਭਾਈ ਸਾਹਿਬ ਆਪਣੀ ਗੱਲ ਕਰ ਰਹੇ ਸਨ ਪਰ ਬੀਬੀ ਕਰਤਾਰ ਕੌਰ ਦੀ ਹਿਚਕੀ ਬਝੀ ਹੋਈ ਸੀ । ਹੰਝੂ ਲਗਾਤਾਰ ਵਹਿ ਰਹੇ ਸਨ । ਭਾਈ ਸਾਹਬ ਦਿਲਾਸਾ ਦੇ ਰਹੇ ਸਨ । "ਕਰਤਾਰ ! ਤੁਹਾਡੇ ਪਾਸ ਹਰਿਦਿਆਲ ਸਿੰਘ ਹੈ । ਉਧਮ ਕੌਰ ਹੈ । ਨਿਰੰਜਨ ਕੌਰ ਹੈ । ਬੱਚੀਆਂ ਸਿਆਣੀਆਂ ਹੋ ਰਹੀਆਂ ਹਨ । ਮੇਰੇ ਹਰਿਦਿਆਲ ਦਾ ਖਾਸ ਖਿਆਲ ਰਖਣਾ । ਆਪਣੀ ਪਵਿੱਤਰ ਆਤਮਾ ਦੀ ਸਾਰੀ ਰੌਸ਼ਨੀ, ਆਪਣਾ ਸਾਰਾ ਆਤਮਕ ਬੱਲ, ਹਰਿਦਿਆਲ ਸਿੰਘ ਦੇ ਹਵਾਲੇ ਕਰ ਦੇਣਾ। ਉਸ ਨੂੰ ਗੁਰੂ-ਦੁਲਾਰਾ ਬਣਾਉਣਾ । ਉਸ ਨੂੰ ਇਹ ਵੀ ਦੱਸਣਾ ਕਿ ਉਸ ਦਾ ਜਨਮ-ਘਰ ਵੈਨਕੂਵਰ ਦਾ ਗੁਰਦੁਆਰਾ ਹੈ ਜਿਥੇ ਭਾਈ ਭਾਗ ਸਿੰਘ ਤੇ ਭਾਈ ਬਤਨ ਸਿੰਘ ਨੇ ਸ਼ਹੀਦੀ ਪ੍ਰਾਪਤ ਕੀਤੀ ਸੀ ਤੇ ਹੋਰ ਕਈ ਜੋਧੇ ਜ਼ਖਮੀ ਹੋਏ ਸਨ । ਜੇ ਲੋੜ ਪਵੇ ਤਾਂ ਆਪਣੇ ਜਿਗਰ ਦੇ ਟੁਕੜੇ ਨੂੰ ਵੀ ਸ਼ਹਾਦਤ ਲਈ ਤਿਆਰ ਕਰ ਦੇਣਾ ਪਰ ਫਰੰਗੀ ਅਗੇ ਨਹੀਂ ਝੁਕਣਾ । ਜਦ ਤੱਕ ਦੇਸ ਆਜ਼ਾਦ ਨਹੀਂ ਹੋਂਦਾ ਤਦ ਤੱਕ .." ਕਹਿੰਦਿਆਂ ਭਾਈ ਸਾਹਬ ਦਾ ਆਪਣਾ ਗਲਾ ਭਰ ਆਇਆ । ਬੀਬੀ ਕਰਤਾਰ ਕੌਰ ਨੇ ਆਪਣਾ ਮਨ ਖੜਾ ਕਰ ਲਿਆ ਸੀ । ਦੁਨੀਆਂ ਭਰ ਦੀ ਗੰਭੀਰਤਾ ਉਸ ਦੇ ਚਿਹਰੇ ਉਤੇ ਭਖ ਉਠੀ ਸੀ । ਉਸ ਨੇ ਆਪਣੇ ਅੰਤਲੇ ਹੰਝੂ ਦੁਪੱਟੇ ਦੀ ਨੁਕਰ ਨਾਲ ਪੂੰਝੇ ਤੇ ਆਪਣਾ ਗਲਾ ਸਾਫ ਕਰਨ ਲਈ ਖੰਘੂਰਾ ਮਾਰਿਆ । ਭਾਈ ਸਾਹਬ ਨੇ ਬੀਬੀ ਨੂੰ ਹੌਂਸਲੇ ਵਿੱਚ ਆਉਂਦਿਆਂ ਵੇਖ ਕੇ ਕਿਹਾ—"ਕਰਤਾਰ ਜੀ ! ਤੁਹਾਨੂੰ ਉਹ ਸ਼ਬਦ ਸੁਣਾਵਾਂ ਜਿਸ ਦੇ ਅਧਾਰ ਉੱਤੇ ਹਰਿਦਿਆਲ ਸਿੰਘ ਦਾ ਨਾਮ ਰੱਖਿਆ ਸੀ । ਬੀਬੀ ਵਲੋਂ ਕੋਈ ਉੱਤਰ ਨਾ ਮਿਲਦਾ ਵੇਖ ਕੇ ਭਾਈ ਸਾਹਿਬ ਨੇ ਕਿਹਾ—"ਕਾਕੇ ਦਾ ਨਾਮ ਰੱਖਣ ਲਈ ਮਹਾਰਾਜ ਦਾ ਵਾਕ ਆਇਆ ਸੀ" ਤੇ ਨਾਲ ਹੀ ਉਹ ਸ਼ਬਦ ਪੜ੍ਹਨਾ ਸ਼ੁਰੂ ਕਰ ਦਿੱਤਾ । ਅਜੇ ਪਹਿਲੀ ਤੁਕ ਹੀ ਪੜ੍ਹੀ ਸੀ ਕਿ ਬੀਬੀ ਸੰਭਲ ਕੇ ਚੌਂਕੜੀ ਮਾਰ ਕੇ ਬੈਠ ਗਈ । ਭਾਈ ਸਾਹਬ ਨੇ ਇਕ ਨਜ਼ਰ ਉਸ ਦੇ ਚਿਹਰੇ ਵੱਲ ਸੁਟ ਕੇ ਸ਼ਬਦ ਮੁੱਢ ਤੋਂ ਪੜ੍ਹਨਾ ਸ਼ੁਰੂ ਕਰ ਦਿਤਾ—"ਸਲੋਕ ਮਹਲਾ ੩ ॥ ਹਸਤੀ ਸਿਰਿ ਜਿਉ ਅੰਕਸ ਹੈ ਅਹਿਰਣ ਸਿਉ ਸਿਰੁ ਦੇਇ ॥ ਮਨੁ ਤਨੁ ਆਗੈ ਰਾਖਿ ਕੈ ਉਭੀ ਸੇਵ ਕਰੇਇ ॥ ਇਉਂ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸ਼ਟਿ ਕਾ ਲੇਇ ॥ ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ ॥ ੧ ॥ ਮਹਲਾ ੩ ॥ ਜਿਨ ਗੁਰਮੁਖਿ ਨਾਮ ਧਿਆਇਆ ਆਏ ਤੇ ਪਰਵਾਣੁ ॥ ਨਾਨਕ ਕੁਲ ਉਧਾਰਹਿ ਆਪਣਾ ਦਰਗਹ ਪਾਵਹਿ ਮਾਣੁ ॥ ੩ ॥ ਪਉੜੀ ॥ ਗੁਰਮੁਖਿ ਸਖੀਆਂ ਸਿਖ ਗੁਰੂ ਮੇਲਾਈਆ ॥ ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਹੈ ਲਾਈਆ ॥ ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ ॥ ਗੁਰਸਿਖ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ॥ ਗੁਰ ਸਤਿਗੁਰ ਬੋਲਹੁ ਸਭਿ ਗੁਰੁ ਆਖਿ ਗੁਰੂ ਜੀਵਾਈਆ ॥ ੧੪ ॥" ਜਦ ਭਾਈ ਸਾਹਬ ਨੇ ਸ਼ਬਦ ਦਾ ਭੋਗ ਪਾ ਕੇ ਬੀਬੀ ਵੱਲ ਤੱਕਿਆ ਤਾਂ ਉਹ ਚੌਕੜੀ ਮਾਰ ਕੇ ਅੱਖਾਂ ਮੁੰਦ ਕੇ ਬੈਠੀ ਸੀ । ਉਸ ਦਾ ਚਿਹਰਾ ਅੱਗ ਵਾਂਗੂੰ ਭਖ ਰਿਹਾ ਸੀ । ਭਾਈ ਸਾਹਬ ਨੇ ਇੱਕ ਭਰਪੂਰ ਨਜ਼ਰ ਉਸ ਦੇ ਚਿਹਰੇ ਉੱਤੇ ਸੁਟੀ ਤੇ ਮੁਸਕਰਾ ਪਏ । ਉਨ੍ਹਾਂ ਦੋਵੇਂ ਹੱਥ ਅਕਾਸ਼ ਵੱਲ ਕਰ ਕੇ ਮੂੰਹ ਵਿੱਚ ਹੀ ਕੁੱਝ ਕਿਹਾ । ਹਰਿਦਿਆਲ ਸਿੰਘ ਦੇ ਖੰਘਣ ਦੀ ਆਵਾਜ਼ ਸੁਣ ਕੇ ਬੀਬੀ ਉਸ ਦੇ ਕੋਲ ਜਾ ਕੇ ਉਸ ਦੀ ਪਿੱਠ ਮਲਣ ਲੱਗ ਗਈ । ਬਾਹਰੋਂ ਕਿਸੇ ਨੇ ਕੁੰਡਾ ਖੜਕਾਇਆ । ਕਰਤਾਰ ਸਿੰਘ ਨਵਾਂ ਚੰਦ ਨੂੰ ਬਾਹਰ

ਖਲੋਤਾ ਵੇਖ ਕੇ ਭਾਈ ਸਾਹਬ ਕਮਰੇ ਵਿੱਚੋਂ ਬਾਹਰ ਹੋ ਖਲੋਤੇ। ਕਰਤਾਰ ਸਿੰਘ ਨੇ ਕਿਹਾ—"ਭਾਈ ਸਾਹਬ ! ਏਥੇ ਕੁੱਝ ਸੱਜਣਾਂ ਨੂੰ ਪਤਾ ਲਗ ਗਿਆ ਹੈ ਕਿ ਤੁਸੀਂ ਗੁਰਦੁਆਰੇ ਟਿਕੇ ਹੋਏ ਹੋ।" ਭਾਈ ਸਾਹਬ ਨੇ ਜ਼ਰਾ ਗੰਭੀਰ ਨਜ਼ਰ ਨਾਲ ਕਰਤਾਰ ਸਿੰਘ ਵੱਲ ਤੱਕਿਆ। "ਠਾਕਰ ਸਿਹੁੰ ਤੋਂ ਹੀ ਗੱਲ ਨਿਕਲ ਗਈ ਹੋਣੀ ਐ। ਉਹਦੇ ਨਾਲ ਪੰਜ ਹੋਰ ਸੱਜਣ ਬਾਹਰ ਖਲੋਤੇ ਤੁਹਾਡੇ ਦਰਸ਼ਨਾਂ ਦੀ ਉਡੀਕ ਕਰ ਰਹੇ ਐ।"

"ਅਸੀਂ ਤਾਂ ਚੁਪ ਚੁਪਾਤੇ ਹੀ ਅੱਗੇ ਤੁਰ ਜਾਣਾ ਚਾਹੁੰਦੇ ਸਾਂ। ਤੁਹਾਨੂੰ ਪਤਾ ਹੀ ਹੈ ਕਿ ਹਾਂਗਕਾਂਗ ਦੀ ਪੁਲਸ ਬਹੁਤ ਹੀ ਮਾੜੀ ਹੈ।" ਉਹ ਗੱਲ ਕਰ ਰਹੇ ਸਨ ਕਿ ਠਾਕਰ ਸਿੰਘ ਤੇ ਉਸ ਦੇ ਨਾਲ ਦੇ ਪੰਜ ਬੰਦੇ ਉਥੇ ਆ ਪਹੁੰਚੇ। ਉਨ੍ਹਾਂ ਫਤਹ ਬੁਲਾਈ। ਇੱਕ ਸੱਜਣ ਨੇ ਕਿਹਾ—"ਭਾਈ ਸਾਹਿਬ ਅਸੀਂ ਤੁਹਾਨੂੰ ਗੁਰਦੁਆਰੇ ਨਹੀਂ ਰਹਿਣ ਦੇਣਾ। ਏਥੇ ਖੁਫੀਏ, ਹਲਕਾਏ ਕੁਤਿਆਂ ਵਾਂਗੂੰ ਫਿਰਦੇ ਰਹਿੰਦੇ ਐ। ਆਪਣੇ ਤੇ ਬਿਗਾਨੇ ਦਾ ਕੋਈ ਪਤਾ ਨਹੀਂ ਚਲਦਾ। ਸਾਡਾ ਘਰ ਲਾਗੇ ਹੀ ਹੈ। ਤੁਹਾਡਾ ਸਮਾਨ ਤੇ ਬੱਚਿਆਂ ਨੂੰ ਮੋਢੇ ਲਾ ਲੈਂਦੇ ਹਾਂ। ਆਹ ਬਿਲਕੁਲ ਨਾਲ ਹੀ ਐ। ਪੰਜ ਮਿੰਟ ਵੀ ਨਹੀਂ ਲੱਗਣੇ।"

"ਬੱਚੇ ਜ਼ਾਂ ਸੌਂ ਰਹੇ ਹਨ। ਕੱਲ ਤੜਕੇ ਹੀ ਨਿਕਲ ਚਲਾਂਗੇ।"

"ਚੰਗਾ ਏਦਾਂ ਹੀ ਸਹੀ। ਅਸੀਂ ਅੰਮ੍ਰਿਤ ਵੇਲੇ ਆ ਜਾਂਗੇ। ਬੱਚਿਆਂ ਨੂੰ ਸੌਣ ਦਿਉ। ਸਾਡੇ ਘਰੇ ਪੰਦਰਾਂ ਵੀਹਾਂ ਬੰਦਿਆਂ ਦੀ ਸੰਗਤ ਜੁੜੀ ਬੈਠੀ ਐ। ਉਹ ਤੁਹਾਡੇ ਦਰਸ਼ਨ ਕਰਨ ਲਈ ਕਾਹਲੇ ਪੈ ਰਹੇ ਐ।" ਉਸ ਸੱਜਣ ਦੀ ਗੱਲ ਸੁਣ ਕੇ ਭਾਈ ਸਾਹਬ ਨੇ ਕਰਤਾਰ ਸਿੰਘ ਵੱਲ ਤੱਕਿਆ। ਕਰਤਾਰ ਸਿੰਘ ਨੇ ਕਿਹਾ—"ਤੁਸੀਂ ਜਾਓ। ਮੈਂ ਏਥੇ ਰਹਿੰਦਾ।"

ਭਾਈ ਸਾਹਬ ਨੇ ਕਮਰੇ ਦਾ ਬੂਹਾ ਖੋਲ੍ਹ ਕੇ ਅੰਦਰ ਝਾਤ ਮਾਰੀ ਤੇ ਕਿਹਾ—"ਕਰਤਾਰ ਕੌਰ ਹੋਰੀਂ ਹਰਿਦਿਆਲ ਸਿੰਘ ਨੂੰ ਸੁਆਉਣ ਦਾ ਜਤਨ ਕਰ ਰਹੇ ਹਨ। ਤੁਸੀਂ ਉਨ੍ਹਾਂ ਨੂੰ ਦੱਸ ਦੇਣਾ। ਮੈਂ ਛੇਤੀ ਮੁੜ ਆਵਾਂਗਾ।"

੫

ਭਾਈ ਬਲਵੰਤ ਸਿੰਘ ਨੂੰ ਬਹੁਤੇ ਸਿੰਘ ਜਾਣਦੇ ਪਛਾਣਦੇ ਸਨ ਪਰ ਫਿਰ ਵੀ ਉਜਾਗਰ ਸਿੰਘ ਨੇ ਉਠ ਖਲੋਤੇ ਸਿੰਘਾਂ ਵੱਲ ਮੁਖਾਤਬ ਹੋ ਕੇ ਕਿਹਾ—"ਸਾਡੇ ਧੰਨ ਭਾਗ ਹਨ ਜੋ ਭਾਈ ਸਾਹਿਬ ਨੇ ਸਾਡੇ ਚਰਨ ਪਾਏ ਹਨ।" ਭਾਈ ਸਾਹਬ ਨੇ ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫਤਹ ਸਜਾਈ, ਸਭ ਸਿੰਘਾਂ ਨੇ ਫਤਹ ਦਾ ਉੱਤਰ ਫਤਹ ਵਿੱਚ ਦਿੱਤਾ। ਭਾਈ ਸਾਹਬ ਨੇ ਕੁਰਸੀ ਉਤੇ ਬਹਿੰਦਿਆਂ ਹੀ ਖਿਆਲ ਕੀਤਾ ਕਿ ਕੁਰਸੀਆਂ ਥੋੜ੍ਹੀਆਂ ਤੇ ਬੰਦੇ ਬਹੁਤੇ ਹਨ। ਕੁਰਸੀ ਪਿੱਛੇ ਕਰ ਕੇ ਭੁੰਜੇ ਹੀ ਦਰੀ ਉੱਤੇ ਬਹਿ ਗਏ। ਉਜਾਗਰ ਸਿੰਘ ਨੇ ਕੁਰਸੀਆਂ ਚੁਕਵਾ ਦਿੱਤੀਆਂ ਤਾਕਿ ਸਭ ਸਿੰਘ ਨਿੱਠ ਕੇ ਬਹਿ ਸਕਣ।

ਇਕ ਸਿੰਘ ਨੇ ਭਾਈ ਸਾਹਬ ਦੇ ਨੇੜੇ ਢੁਕਦਿਆਂ ਉਨ੍ਹਾਂ ਦੇ ਸੱਜੇ ਗੋਡੇ ਉੱਤੇ ਹੱਥ ਰੱਖਦਿਆਂ ਪੁੱਛਿਆ—"ਭਾਈ ਸਾਹਬ ! ਪਛਾਣਿਆ ਜੇ ਮੈਨੂੰ ?" ਭਾਈ ਸਾਹਬ ਨੇ ਉਸ ਨੂੰ ਘੁਟ ਕੇ ਜਫੀ ਪਾਂਦਿਆ ਉੱਤਰ ਦਿੱਤਾ—"ਪਛਾਣਿਆ ਕਿਉਂ ਨਹੀਂ। ਜਦੋਂ ਭਾਈ ਭਾਗ ਸਿੰਘ ਹੋਰੀਂ ਤੇ ਅਸੀਂ ਆਪਣੇ ਪਰਵਾਰ ਸਾਨਫਰਾਂਸਿਸਕੋ ਤੋਂ ਲੈ ਕੇ ਮੁੜ ਆਏ ਸਾਂ ਅਮਰੀਕਨਾਂ ਨੇ ਉਤਰਨ

ਨਹੀਂ ਸੀ ਦਿੱਤਾ ਤਾਂ ਤੁਸੀਂ ਹੀ ਸਭ ਤੋਂ ਪਹਿਲੋਂ ਹਾਰਬਰ ਬੋਰਡ ਉੱਤੇ ਮਿਲੇ ਸੀ। ਅਸੀਂ ਤੁਹਾਡੇ ਹੀ ਟਿਕੇ ਸਾਂ ਮੁੜ ਕੈਨੇਡਾ ਨੂੰ ਜਾਣ ਤੱਕ। ਜੇ ਮੈਂ ਭੁਲਦਾ ਨਹੀਂ ਤਾਂ ਤੁਹਾਡਾ ਸ਼ੁਭ ਨਾਮ ਲਾਭ ਸਿੰਘ ਹੈ ਤੇ ਤੁਹਾਡਾ ਪਿੰਡ ਹੈ ਵਲਟੋਹਾ। ਸਰਦਾਰ ਭਗਤ ਸਿੰਘ ਸੁਰ ਸਿੰਘੀਏ ਨਹੀਂ ਆਏ ?" ਕਹਿ ਕੇ ਭਾਈ ਸਾਹਬ ਨੇ ਅੱਗੇ ਪਿੱਛੇ ਨਜ਼ਰ ਮਾਰੀ। ਭਗਤ ਸਿੰਘ ਕੰਧ ਨਾਲ ਢੋਅ ਲਾ ਕੇ ਬੈਠਾ ਸੀ। ਉਸ ਨੇ ਗੋਡਿਆਂ ਉਤੇ ਹੱਥ ਰੱਖ ਕੇ ਉਠਦਿਆਂ ਕਿਹਾ—"ਭਾਈ ਸਾਹਬ ! ਦਾਸ ਹਾਜ਼ਰ ਐ।" ਭਾਈ ਸਾਹਬ ਨੇ ਉੱਠ ਕੇ ਉਸ ਨੂੰ ਜੱਫੀ ਜਾ ਪਾਈ।

ਘਰ ਦੇ ਅੰਦਰੋਂ ਇੱਕ ਸੱਜਣ ਚਾਹ ਦੀ ਬਾਲਟੀ ਭਰ ਕੇ ਲੈ ਆਏ। ਇੱਕ ਹੋਰ ਨੇ ਮੱਘ ਲਿਆ ਰੱਖੇ। ਉਜਾਗਰ ਸਿੰਘ ਦੀ ਪਤਨੀ ਨੇ ਅੰਦਰੋਂ ਵਾਜ ਮਾਰ ਕੇ ਕਿਹਾ—"ਜੀ ! ਮੱਠੀਆਂ ਦਾ ਥਾਲ ਵੀ ਲੈ ਜਾਓ।" ਚਾਹ ਨਾਲ ਭਰਿਆ ਮੱਘ ਭਾਈ ਸਾਹਿਬ ਦੇ ਸਾਹਮਣੇ ਪਿਆ ਸੀ। ਗਰਮ ਗਰਮ ਚਾਹ ਵਿੱਚੋਂ ਭਾਪ ਨਿਕਲ ਰਹੀ। ਭਾਈ ਸਾਹਬ ਨੇ ਇੱਕ ਦੋ ਘੁੱਟ ਭਰਦਿਆਂ ਸਭ ਵੱਲ ਨਜ਼ਰ ਦੁੜਾਂਦਿਆਂ ਕਿਹਾ—"ਸਭ ਚਿਹਰੇ ਜਾਣੇ ਪਛਾਣੇ ਲਗਦੇ ਹਨ। ਸਾਡੇ ਸ਼ੁਭ ਭਾਗ ਹਨ ਕਿ ਸੰਗਤਾਂ ਦੇ ਦਰਸ਼ਨ ਹੋ ਰਹੇ ਹਨ। ਸਾਡਾ ਖ਼ਿਆਲ ਹਾਂਗਕਾਂਗ ਤੋਂ ਚੁਪ ਚਾਪ ਹੀ ਲੰਘ ਜਾਣ ਦਾ ਸੀ ਪਰ ਭਾਈ ਠਾਕਰ ਸਿੰਘ ਹੋਰਾਂ ਦੀ ਕਿਰਪਾ ਨਾਲ ਸੰਗਤਾਂ ਦੇ ਦਰਸ਼ਨ ਹੋ ਰਹੇ ਹਨ।"

"ਉਜਾਗਰ ਸਿੰਘ ਨੇ ਮੱਠੀਆਂ ਨਾਲ ਭਰਿਆ ਥਾਲ ਭਾਈ ਸਾਹਬ ਦੇ ਅੱਗੇ ਰੱਖਦਿਆਂ ਕਿਹਾ—"ਭਾਈ ਸਾਹਬ ! ਤੁਹਾਡੇ ਪਾਸੋਂ ਕੈਨੇਡਾ ਤੇ ਅਮਰੀਕਾ ਦੀਆਂ ਸਭ ਸੰਗਤਾਂ ਦੇ ਹਾਲ ਸੁਣਨ ਨੂੰ ਮਨ ਕਰਦੈ ਪਰ ...।"

"ਪੁੱਛੋ ਜੋ ਤੁਸੀਂ ਪੁੱਛਣਾ ਹੈ ਮੈਂ ਤੁੱਛ ਬੁੱਧੀ ਅਨੁਸਾਰ ਸਭ ਕੁੱਝ ਦਸਣ ਦਾ ਜਤਨ ਕਰਾਂਗਾ।"

ਲਾਭ ਸਿੰਘ ਨੇ ਗੱਲ ਤੋਰਦਿਆਂ ਕਿਹਾ—"ਬੀਬੀ ਹਰਨਾਮ ਕੌਰ ਜੀ ਦੇ ਅਕਾਲ ਚਲਾਣੇ ਤੇ ਭਾਈ ਭਾਗ ਸਿੰਘ ਜੀ ਦੀ ਸ਼ਹੀਦੀ ਦੇ ਹਾਲਾਤ ਪਤਾ ਲੱਗ ਗਏ ਸਨ। ਇਹ ਵੀ ਪਤਾ ਲਗੈ ਕਿ ਕਾਤਲ ਬੇਲਾ ਬਰੀ ਹੋ ਗਿਐ ਪਰ ਇਸ ਗੱਲ ਦੀ ਸਮਝ ਨਹੀਂ ਪਈ ਕਿ ਦੋਹਾਂ ਬੀਬੀਆਂ ਨੂੰ ਇਮੀਗਰੇਸ਼ਨ ਨੇ ਬੰਦ ਕਿਉਂ ਕਰ ਦਿੱਤਾ ਸੀ ?"

"ਗੁਰੂ ਪਿਆਰਿਓ ! ਇਹ ਗੱਲ ਬੜੀ ਲੰਮੀ ਹੈ। ਸੰਖੇਪ ਕਰਕੇ ਦਸਦਾਂ। ਤੁਸੀਂ "ਗ਼ਦਰ ਗੂੰਜਾਂ" ਵਿਚ ਪੜ੍ਹਿਆ ਹੀ ਹੋਣਾ ਹੈ ਕਿ "ਦੇਸ ਪੈਣ ਧੱਕੇ ਬਾਹਰ ਮਿਲੇ ਢੋਈ ਨਾ ! ਸਾਡਾ ਪਰਦੇਸੀਆਂ ਦਾ ਦੇਸ ਕੋਈ ਨਾ।" ਇਹ ਤੁੱਕ ਸੁਣਦਿਆਂ ਹੀ ਕਈ ਸਰੋਤਿਆਂ ਦੇ ਰੋਮ ਖੜੇ ਹੋ ਗਏ। ਜਿਹੜੇ ਸਿੰਘ ਜ਼ਰਾ ਦੂਰ ਬੈਠੇ ਸਨ, ਉਹ ਗੋਡਿਆਂ ਪਰਨੇ ਹੋ ਗਏ। ਭਾਈ ਸਾਹਿਬ ਕਹਿ ਰਹੇ ਸਨ—"ਸਾਡੀਆਂ ਸਾਰੀਆਂ ਔਕੜਾਂ ਤੇ ਦੁੱਖਾਂ ਦਾ ਮੁੱਢ ਸਾਡੀ ਗੁਲਾਮੀ ਹੈ। ਜਦ ਤੱਕ ਗ਼ੁਲਾਮੀ ਦਾ ਤੌਕ ਸਾਡੇ ਗਲੋਂ ਨਹੀਂ ਲਹਿੰਦਾ, ਸਾਡੇ ਦੁੱਖਾਂ ਦਾ ਅੰਤ ਨਹੀਂ ਹੋ ਸਕਦਾ। ਜਾਪਾਨ ਆਜ਼ਾਦ ਦੇਸ ਹੈ। ਜਾਪਾਨੀ ਆਪਣੀਆਂ ਔਰਤਾਂ ਤੇ ਬੱਚੇ ਨਾਲ ਲਿਜਾ ਸਕਦੇ ਹਨ ਪਰ ਸਾਡੀ ਗੁਲਾਮੀ ਦੇ ਕਾਰਨ ਅਸੀਂ ਆਪਣੇ ਪਰਿਵਾਰ ਨਹੀਂ ਲਿਜਾ ਸਕਦੇ। ਦਾਸ ਤੇ ਭਾਈ ਭਾਗ ਸਿੰਘ ਜੀ ਨੇ ਅਰਦਾਸਾ ਸੋਧਿਆ ਸੀ ਕਿ ਅਸੀਂ ਆਪਣੇ ਪਰਵਾਰ ਲੈ ਕੇ ਜ਼ਰੂਰ ਕੈਨੇਡਾ ਪਹੁੰਚਾਂਗੇ। ਸਾਥੋਂ ਪਹਿਲੋਂ ਭਾਈ ਹੀਰਾ ਸਿੰਘ ਹੋਰੀਂ ਪਰਵਾਰ ਲੈ ਕੇ ਗਏ ਸਨ। ਉਨ੍ਹਾਂ ਜ਼ਮਾਨਤ ਦੁਆ ਕੇ

ਆਪਣੀ ਪਤਨੀ ਤੇ ਬੱਚਿਆਂ ਨੂੰ ਉਤਾਰ ਲਿਆ। ਜੇ ਕੈਨੇਡਾ ਸਰਕਾਰ ਸਾਡੇ ਟੱਬਰਾਂ ਖਿਲਾਫ ਕਾਨੂੰਨੀ ਕਾਰਵਾਈ ਕਰਦੀ ਤਾਂ ਹਾਰ ਜਾਣੀ ਸੀ। ਇਸ ਲਈ ਸਰਕਾਰ ਨੇ ਉਨ੍ਹਾਂ ਨੂੰ ਕੈਨੇਡਾ ਵਿੱਚ ਰਹਿਣ ਦੀ ਆਗਿਆ ਦੇ ਦਿੱਤੀ। ਅਸੀਂ ਦੋਵੇਂ ਸਾਰੀ ਕੌਮ ਦੇ ਪਰਵਾਰਾਂ ਲਈ ਰਾਹ ਖੋਲ੍ਹਣਾ ਚਾਹੁੰਦੇ ਸਾਂ। ਕੈਨੇਡਾ ਦੀ ਸਰਕਾਰ ਨੇ ਇਸ ਨੂੰ ਚੈਲੰਜ ਮੰਨ ਲਿਆ। ਨਾਲ ਹੀ ਇਹ ਪਰਚਾਰ ਸ਼ੁਰੂ ਕਰ ਦਿੱਤਾ ਕਿ ਜੇ ਇਹ ਦੋ ਪਰਵਾਰ ਉਤਰ ਗਏ ਤਾਂ ਸੈਂਕੜੇ ਲੋਕ ਆਪਣੇ ਪਰਵਾਰ ਲੈ ਆਉਣਗੇ। ਕੈਨੇਡੀਅਨ ਚਾਹੁੰਦੇ ਸਨ ਕਿ ਜੇ ਸਾਡੇ ਪਰਵਾਰ ਨਾ ਆ ਸਕਣਗੇ ਤਾਂ ਅਸੀਂ ਕੈਨੇਡਾ ਵਿੱਚ ਵੱਧ-ਫੁਲ ਨਹੀਂ ਸਕਾਂਗੇ ਤੇ ਕੈਨੇਡਾ ਪਹੁੰਚ ਚੁਕੇ ਸਾਰੇ ਸੱਜਣ ਇੱਕ ਇੱਕ ਕਰਕੇ ਬੁੱਢੇ ਹੋ ਕੇ ਮਰ ਖੱਪ ਜਾਵਾਂਗੇ ਤੇ ਸਾਡਾ ਕੈਨੇਡਾ ਵਿੱਚ ਨਾ ਨਿਸ਼ਾਨ ਵੀ ਨਹੀਂ ਰਹਿ ਜਾਏਗਾ।"

"ਲਾਹਨਤ ਹੈ ਅਜਿਹੀ ਸਰਕਾਰ ਨੂੰ।" ਇਕ ਸਿੰਘ ਅਚਾਨਕ ਬੋਲ ਪਿਆ।

"ਬੜਾ ਰੌਲਾ ਪਿਆ। ਸੰਗਤ ਨੇ ਬੀੜਾ ਚੁਕ ਲਿਆ। ਕੈਨੇਡੀਅਨ ਸਰਕਾਰ ਨੂੰ ਝੁਕਣਾ ਪਿਆ। ਅਸੀਂ ਜਮਾਨਤਾਂ ਦੇ ਕੇ ਪਰਵਾਰਾਂ ਨੂੰ ਇਮੀਗਰੇਸ਼ਨ ਜਿਹਲ ਵਿੱਚੋਂ ਕੱਢ ਲਿਆ। ਮੁੜ ਪੰਥ ਦੇ ਅਲਬੇਲੇ ਭਾਈ ਮੇਵਾ ਸਿੰਘ ਤੇ ਉਨ੍ਹਾਂ ਦੇ ਜਥੇ ਨੇ ਫੈਸਲਾ ਕਰ ਲਿਆ ਕਿ ਦਿਨ ਰਾਤ ਕਿਰਪਾਨ ਦਾ ਪਹਿਰਾ ਰਖਿਆ ਜਾਏ। ਸਾਡੇ ਚੁਗਲ ਹੀ ਸਰਕਾਰ ਨੂੰ ਇੱਕ ਇੱਕ ਮਿੰਟ ਦੀ ਖਬਰ ਦੇਂਦੇ ਸਨ। ਉਨ੍ਹਾਂ ਚੁਗਲੀਆਂ ਦਾ ਇਹ ਲਾਭ ਹੋਇਆ ਕਿ ਸਰਕਾਰ ਯਰਕ ਗਈ ਤੇ ਇਹ ਕਹਿ ਦਿੱਤਾ ਕਿ ਕੈਨੇਡਾ ਸਰਕਾਰ ਇਹਨਾਂ ਟੱਬਰਾਂ ਉੱਤੇ ਮਿਹਰਬਾਨੀ ਕਰਕੇ ਕੈਨੇਡਾ ਵਿੱਚ ਰਹਿਣ ਦੀ ਆਗਿਆ ਦੇਂਦੀ ਹੈ। ਇਹ ਵੀ ਕਹਿ ਦਿੱਤਾ ਕਿ ਟਬਰਾਂ ਨੂੰ ਉਤਰਨ ਦੇਣ ਦੀ ਲੀਹ ਨਹੀਂ ਪੈਣ ਦਿਤੀ ਜਾਏਗੀ।"

"ਮੈਂ ਤਾਂ ਸਮਝਦਾ ਕਿ ਪਰਦੇਸਾਂ ਵਿੱਚ ਮਿੱਟੀ ਛਾਣਨ ਦੀ ਥਾਂ ਦੇਸ ਵਲ ਮੁਹਾਰਾਂ ਮੋੜ ਲੈਣੀਆਂ ਚਾਹੀਦੀਆਂ ਹਨ। ਅਗੋਂ ਜੋ ਹੋਊ ਦੇਖੀ ਜਾਊ।" ਲਾਭ ਸਿੰਘ ਦੀ ਜੋਸ਼ ਭਰੀ ਗੱਲ ਸੁਣ ਕੇ ਲਗ ਭਗ ਸਭ ਨੇ ਕਿਹਾ—"ਬਿਲਕੁਲ ਠੀਕ, ਬਿਲਕੁਲ ਠੀਕ।"

ਕੰਧ ਨਾਲ ਢੋਅ ਲਾ ਕੇ ਬੈਠਾ ਇਕ ਸਿੰਘ ਖੜਾ ਹੋ ਗਿਆ। ਉਸ ਨੇ ਕਿਹਾ—"ਮੈਂ ਪਿੱਛੇ ਬੈਠਾਂ। ਮੇਰੀ ਗਲ ਕਿਸੇ ਨਹੀਂ ਸੁਣਨੀ। ਮੇਰਾ ਸੰਘ ਕੁੱਝ ਦਿਨਾਂ ਤੋਂ ਪੱਕਿਆ ਹੋਇਆ ਐ। ਚੀਨੇ ਹਕੀਮ ਨੇ ਦਵਾਈ ਦੇ ਕੇ ਹੋਰ ਖਰਾਬ ਕਰ ਦਿੱਤੈ।" ਉਸ ਨੇ ਅਜੇ ਆਪਣੀ ਗੱਲ ਸ਼ੁਰੂ ਹੀ ਕੀਤੀ ਸੀ ਕਿ ਭਾਈ ਸਾਹਬ ਨੇ ਉਠਦਿਆਂ ਪੁੱਛਿਆ—"ਕਿਉਂ ਗੁਰਮੁਖਾ! ਕੁਝ ਕਹਿਣਾ ਹੈ ਜਾਂ ਪੁੱਛਣਾ ਹੈ? ਉਂਜ ਮੈਂ ਤੁਹਾਡੀ ਗੱਲ ਟੋਕਣ ਦੀ ਖਿਮਾ ਮੰਗਦਾ ਹਾਂ। ਪਹਿਲੋਂ ਮੈਂ ਇੱਕ ਗੱਲ ਪੁੱਛਣੀ ਹੈ। ਫਿਰ ਤੁਹਾਡੀ ਸੁਣਾਂਗੇ। ਬੇਦਬੀ ਮਾਫ ਕਰਨੀ।" ਜ਼ਰਾ ਲਕ ਸਿੱਧਾ ਕਰਦਿਆਂ ਭਾਈ ਸਾਹਬ ਨੇ ਪੁੱਛਿਆ—"ਜੇ ਮੈਂ ਭੁਲਦਾ ਨਹੀਂ ਤਾਂ ਤੁਸੀਂ ਮੇਰੀ ਹੀ ਸਿੱਖ ਪਲਟਨ ਨੰਬਰ ਛੱਤੀ ਵਿੱਚ, ਮਰਦਾਨ ਛਾਉਣੀ ਮੇਰੇ ਨਾਲ ਸੌ। ਆਪਾਂ ਸੰਤ ਕਰਮ ਸਿੰਘ ਜੀ ਦੀ ਸੰਗਤ ਵਿੱਚ ਆ ਕੇ ਫੌਜ ਵਿੱਚੋਂ ਨਾਮ ਕਟਵਾਏ ਸੀ। ਤੁਹਾਡਾ ਸੁਭ ਨਾਮ ਮੇਰੇ ਮੂੰਹ ਵਿੱਚ ਫਿਰਦਾ ਹੈ।

"ਤੁਸੀਂ ਠੀਕ ਕਹਿੰਦੇ ਹੋ। ਮੇਰਾ ਨਾਮ ਜੋਗਿੰਦਰ ਸਿੰਘ ਐ। ਪਲਟਨ ਵਿੱਚ ਲੋਕੀ "ਤਿਲੰਗਾ" ਕਹਿ ਕੇ ਵੀ ਬੁਲਾਂਦੇ ਸੀ।" ਉਸ ਦੀ ਗੱਲ ਸੁਣ ਕੇ ਸਭ ਹੱਸ ਪਏ।

"ਤੇ ਹੁਣ ਤੂੰ ਏਥੇ ਵੀ "ਤਿਲੰਗੇ" ਦੇ ਨਾਂ ਨਾਲ ਨਾਲ ਮਸਹੂਰ ਹੋ ਜਾਣੈ।" ਇਕ ਹੋਰ ਨੇ ਠੱਠਾ ਕੀਤਾ।

"ਸਮਾਂ ਸਿਹਾਂ। ਮੈਂ ਤਾਂ ਭਾਈ ਹੋਰਾਂ ਨਾਲ ਈ ਟੁਰ ਜਾਣੈ। ਫੇਰ ਤੂੰ "ਤਿਲੰਗਾ" ਕੀਹਨੂੰ ਕਹੇਂਗਾ। ਆਪਾਂ ਤੋਂ ਨਹੀਂ ਦਰਬਾਨੀ ਹੋਣੀ। ਘਰ ਦੀ ਅੱਧੀ ਖਾ ਲਾਂਗੇ। ਨਿੱਕਿਆਂ ਦਾ ਸੀਰ ਬਣ ਕੇ ਰਹਿ ਪਊਂ। ਦੁੱਧ ਦਹੀਂ ਤਾਂ ਮਿਲੂ। ਚਾਹ ਤੇ ਕੌਫੀ ਨੇ ਕਲੇਜਾ ਸਾੜ ਦਿਤੈ। ਲੱਸ ਤੇ ਕਿਧਰੇ ਗਈ ਹੀ ਨਹੀਂ।"

ਜੋਗਿੰਦਰ ਸਿੰਘ ਦੀਆਂ ਗੱਲਾਂ ਨਾਲ ਮਾਹੌਲ ਹਾਸੇ ਠੱਠੇ ਵਾਲਾ ਬਣ ਗਿਆ।

ਕੰਧ ਨਾਲ ਲੱਗੀ ਕਲਾਕ ਨੇ ਨੌਂ ਵਜਾਏ। ਸਭ ਘੜੀ ਵੱਲ ਤੱਕਣ ਲੱਗੇ।

"ਫੇਰ ਤੁਸੀਂ ਲੰਡਨ ਵੀ ਗਏ ਸੀ ਭਾਈ ਸਾਹਿਬ?"

"ਹਾਂ। ਉਜਾਗਰ ਸਿੰਘ ਜੀ, ਗਏ ਸੀ! ਟੱਬਰਾਂ ਨੂੰ ਮੰਗਾਉਣ ਦੀ ਲਹਿਰ ਗਰਮ ਹੋ ਗਈ ਦੇਸ ਵਿਚਲੀਆਂ ਕੁੱਝ ਸਿੰਘ ਸਭਾਵਾਂ ਨੇ ਵੀ ਸਾਡੀ ਮਦਦ ਕੀਤੀ ਤੇ ਸਾਡੀ ਅਵਾਜ਼ ਵਿੱਚ ਆਪਣੀ ਆਵਾਜ਼ ਰਲਾਈ। ਹਸਨ ਰਹੀਮ ਜੀ ਕੈਨੇਡਾ ਵਿੱਚ ਸਾਡੇ ਬਹੁਤ ਪੜ੍ਹੇ ਲਿਖੇ ਵਿਦਵਾਨ ਲੀਡਰ ਹਨ। ਉਨ੍ਹਾਂ ਅੰਗਰੇਜ਼ੀ ਦੇ ਅਖ਼ਬਾਰਾਂ ਵਿੱਚ ਆਪਣੇ ਬਿਆਨ ਛਪਵਾ ਕੇ ਤੇ ਲੈਕਚਰ ਦੇ ਦੇ ਕੇ ਕੈਨੇਡਾ ਦੀ ਸਰਕਾਰ ਦੀ ਨਸਲੀ-ਵਿਤਕਰਾ ਕਰਨ ਦੀ ਚੰਗੀ ਭੰਡੀ ਕੀਤੀ। ਕੈਨੇਡਾ ਸਰਕਾਰ, ਬਰਤਾਨੀਆਂ ਦੀ ਸਰਕਾਰ ਦੇ ਆਖੇ ਲਗ ਗਈ ਤੇ ਕੈਨੇਡਾ ਆਉਣ ਵਾਲੇ ਉਹਨਾਂ ਟੱਬਰਾਂ ਉੱਤੋਂ ਦੋ ਸੌ ਡਾਲੇ ਵਿਖਾਣ ਦੀ ਸ਼ਰਤ ਵਾਪਸ ਲੈ ਲਈ, ਜਿਨ੍ਹਾਂ ਦੇ ਕੈਨੇਡਾ ਵਿਚਲੇ ਘਰ ਵਾਲੇ ਇਸ ਯੋਗ ਹੋਣ ਕਿ ਉਹ ਆਏ ਟੱਬਰਾਂ ਦੇ ਖ਼ਰਚ ਦੀ ਜ਼ਿੰਮੇਵਾਰੀ ਲੈ ਸਕਣ।"

"ਫੇਰ ਤਾਂ ਖੁਲ੍ਹ ਮਿਲ ਗਈ ਸੀ," ਲਾਭ ਸਿੰਘ ਨੇ ਅਪਣੀ ਰਾਏ ਦਿੱਤੀ।

"ਨਹੀਂ। ਇਹ ਗੱਲ ਨਹੀਂ ਸੀ। ਇਹ ਤਾਂ ਸਰਕਾਰੀ ਹਿੰਦੁਸਤਾਨੀਆਂ ਨੂੰ ਝੂਠਾ ਮੂਠਾ ਖੁਸ਼ ਕਰਨ ਦੀ ਗੱਲ ਸੀ। ਅਸਲ ਗੱਲ ਇਹ ਸੀ ਕਿ ਜੋ ਕੋਈ ਕੈਨੇਡਾ ਆਵੇ ਉਹ ਦੇਸ ਤੋਂ ਸਿੱਧਾ ਜਹਾਜ਼ ਉੱਤੇ ਆਵੇ ਤੇ ਸਿੱਧਾ ਜਹਾਜ਼ ਜਾਂਦਾ ਹੀ ਕੋਈ ਨਹੀਂ ਸੀ। ਸਿੱਧੇ ਜਹਾਜ਼ ਵਾਲੀ ਸ਼ਰਤ ਇੱਕ ਢੌਂਗ ਸੀ। ਸਰਕਾਰ ਕੈਨੇਡਾ ਤੇ ਸਰਕਾਰ ਬਰਤਾਨੀਆਂ ਦੀ ਇਹ ਮਿਣੀ ਮਿੱਥੀ ਚਾਲ ਸੀ ਇਸ ਸ਼ਰਤ ਕਰ ਕੇ ਕੋਈ ਕੈਨੇਡਾ ਜਾ ਹੀ ਨਹੀਂ ਸੀ ਸਕਦਾ।"

"ਫੇਰ ਕੀ ਹੋਇਆ?" ਇੱਕ ਸਿੰਘ ਨੇ ਪੁੱਛਿਆ। "ਸਾਰੀ ਸੰਗਤ ਨੇ ਇਹ ਫੈਸਲਾ ਕੀਤਾ ਕਿ ਹਿੰਦ ਸਰਕਾਰ ਪਾਸ ਆਪਣੀਆਂ ਮੰਗਾਂ ਰੱਖਣ ਲਈ ਇਕ ਡੈਪੂਟੇਸ਼ਨ ਭੇਜਿਆ ਜਾਏ ਅਮਰੀਕਾ ਤੋਂ ਵੀ ਭਾਈ ਜਵਾਲਾ ਸਿੰਘ ਜੀ ਨੱਠੀਆਂ ਤੇ ਨੰਦ ਸਿੰਘ ਸੀਹਰਾ ਵਿਚਾਰਾਂ ਵਿੱਚ ਹਿੱਸਾ ਲੈਣ ਆਏ। ਸਰਬ ਸੰਮਤੀ ਨਾਲ ਫੈਸਲਾ ਹੋਇਆ ਕਿ ਮੈਂ ਭਾਈ ਨਰੈਣ ਸਿੰਘ ਜੀ ਚੌਬਦਾਰ ਤੇ ਭਾਈ ਨੰਦ ਸਿੰਘ ਜੀ ਸੀਹਰਾ ਨੂੰ ਨਾਲ ਲੈ ਕੇ ਸਾਰਾ ਕੰਮ ਸਰਕਾਰ-ਹਿੰਦ ਦੇ ਸਾਹਮਣੇ ਰੱਖਾਂ।"

"ਤੁਸੀਂ ਤਾਂ ਲੰਡਨ ਗਏ ਸੀ।"

"ਠੀਕ ਹੈ। ਸਾਨੂੰ ਲੰਡਨ ਰਾਹੀਂ ਹੀ ਦੇਸ ਦਾ ਜਹਾਜ਼ ਮਿਲਿਆ ਸੀ। ਅਸੀਂ ਅਪਰੈਲ, 1913 ਦੇ ਪਹਿਲੇ ਹਫਤੇ ਲੰਡਨ ਪਹੁੰਚੇ। ਉਥੇ ਪਹੁੰਚ ਕੇ ਅਸਾਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਬਰਾਂਚ ਦੇ ਪਰਧਾਨ ਵੈਡਰਬਰਨ ਰਾਹੀਂ ਵਜ਼ੀਰ-ਹਿੰਦ ਨੂੰ ਮਿਲਣ ਦਾ ਜਤਨ ਕੀਤਾ। ਵਜ਼ੀਰ ਹਿੰਦ ਦੇ ਦਫਤਰ ਨੇ ਜਵਾਬ ਦੇ ਦਿੱਤਾ ਕਿ ਅਸੀਂ ਪਹਿਲੋਂ ਬਸਤੀਆਂ ਦੇ ਦਫਤਰ

ਵਾਲਿਆਂ ਨੂੰ ਮਿਲੀਏ। ਦੂਜਾ ਇਤਰਾਜ਼ ਉਨ੍ਹਾਂ ਇਹ ਕੀਤਾ ਕਿ ਨੰਦ ਸਿੰਘ ਸੀਹਰਾ ਅਮਰੀਕਾ ਤੋਂ ਆਇਆ ਹੈ। ਇਸ ਲਈ ਉਹ ਡੈਲੀਕੇਸ਼ਨ ਵਿੱਚ ਨਹੀਂ ਗਿਣਿਆ ਜਾ ਸਕਦਾ। ਕਈ ਝਗੜਿਆਂ ਝੰਬੇਲਿਆਂ ਵਿੱਚੋਂ ਲੰਘ ਕੇ ਚੌਦਾਂ ਮਈ ਨੂੰ ਸਾਡੀ ਮੁਲਾਕਾਤ ਬਸਤੀਆਂ ਦੇ ਅੰਡਰ-ਸੈਕਰੇਟਰੀ ਨਾਲ ਹੋਈ। ਵਜ਼ੀਰ ਹਿੰਦ ਦਾ ਰਾਜਸੀ ਐਡੀਕਾਂਗ ਸਰ ਡਨਲੌਪ ਸਮਿਥ ਦੀ ਮੁਲਾਕਾਤ ਵੇਲੇ ਹਾਜ਼ਰ ਸੀ। ਨੰਦ ਸਿੰਘ ਨੂੰ ਦੁਭਾਸ਼ੀਆ ਬਣਾ ਕੇ ਅਸੀਂ ਨਾਲ ਲੈ ਗਏ। ਅੰਗਰੇਜ਼ੀ ਵਿੱਚ ਗੱਲ ਬਾਤ ਪਿਛੋਂ ਡਨਲੌਪ ਹਿੰਦਸਤਾਨੀ ਵਿੱਚ ਗੱਲਾਂ ਕਰਨ ਲਗ ਪਿਆ। ਉਸ ਨੇ ਕਿਹਾ ਕਿ ਸਾਡਾ ਮਸਲਾ ਕੈਨੇਡਾ ਸਰਕਾਰ ਜਾਂ ਸਰਕਾਰ ਹਿੰਦ ਨਜਿਠ ਸਕਦੀ ਹੈ। ਸਰਕਾਰ ਬਰਤਾਨੀਆਂ ਦਖ਼ਲ ਨਹੀਂ ਦੇ ਸਕਦੀ।" ਇਥੇ ਆ ਕੇ ਭਾਈ ਸਾਹਬ ਰੁਕ ਗਏ।

"ਤੁਸਾਂ ਪੰਜਾਬ ਆ ਕੇ ਲਾਟ ਨਾਲ ਮੁਲਾਕਾਤ ਕੀਤੀ ਸੀ।" ਉਜਾਗਰ ਸਿੰਘ ਨੇ ਪੁੱਛਿਆ।

ਅਸੀਂ ਅਠਾਈ ਮਈ ਨੂੰ ਜਹਾਜ਼ ਚੜ੍ਹ ਪਏ। ਦੇਸ ਪਹੁੰਚਦੇ ਹੀ ਸਿੱਧੇ ਲਾਹੌਰ ਗਏ। ਸਰ ਮਾਈਕਲ ਓਡਵਾਇਰ ਲਾਹੌਰ ਦਾ ਲਾਟ ਸੀ ਤੇ ਹੁਣ ਵੀ ਓਹੋ ਪੰਜਾਬ ਦਾ ਲਾਟ ਹੈ। ਅਸਾਂ ਮੁਲਾਕਾਤ ਲਈ ਵਕਤ ਮੰਗਿਆ। ਉਸ ਨੂੰ ਸਾਡੇ ਆਉਣ ਬਾਰੇ ਪਹਿਲੋਂ ਹੀ ਸਭ ਰਪੋਟ ਮਿਲ ਚੁਕੀ ਸੀ। ਉਸ ਦੇ ਸਕੱਤਰ ਨੇ ਮੁਲਾਕਾਤ ਦੇਣ ਲਈ ਟਾਲ ਮਟੋਲ ਕੀਤੀ। ਸਾਨੂੰ ਮਗਰੋਂ ਪਤਾ ਲੱਗਾ ਕਿ ਉਸ ਨੇ ਸਾਡੀ ਸਾਰੀ ਰਪੋਟ ਦਿੱਲੀ ਭੇਜੀ ਹੋਈ ਸੀ ਤੇ ਵਾਇਸਰਾਏ ਦੇ ਹੁਕਮ ਦੀ ਉਡੀਕ ਕਰ ਰਿਹਾ ਸੀ। ਕਿਉਂਕਿ ਅਸੀਂ ਵੱਡੇ ਵੱਡੇ ਹਿੰਦੂ, ਮੁਸਲਮਾਨ ਤੇ ਸਿੱਖ ਲੀਡਰਾਂ ਨੂੰ ਮਿਲ ਕੇ ਆਪਣਾ ਮਸਲਾ ਉਨ੍ਹਾਂ ਦੇ ਸਾਹਮਣੇ ਰੱਖ ਰਹੇ ਸਾਂ। ਬਰੈਡਲਾ ਹਾਲ, ਲਾਹੌਰ ਵਿਚ ਜਲਸਾ ਕਰ ਕੇ, ਸਰਕਾਰ ਦੇ ਸਾਹਮਣੇ, ਸਾਡਾ ਮਸਲਾ ਪੇਸ਼ ਕਰਨ ਲਈ, ਕਈ ਵੱਡੇ ਵੱਡੇ ਲੀਡਰ ਤਿਆਰ ਹੋ ਗਏ ਸਨ। ਪੰਜਾਬ ਸਰਕਾਰ ਸਾਡੇ ਜਲਸਿਆਂ ਦੇ ਹੱਕ ਵਿੱਚ ਨਹੀਂ ਸੀ। ਮਗਰੋਂ ਪਤਾ ਲਗਾ ਕਿ ਹਿੰਦ-ਸਰਕਾਰ ਨੇ ਪੰਜਾਬ ਸਰਕਾਰ ਨੂੰ ਹਦਾਇਤ ਕਰ ਭੇਜੀ ਸੀ ਕਿ ਜਲਸੇ ਨਾ ਹੋਣ ਤਾਂ ਚੰਗਾ ਹੈ ਪਰ ਜੇ ਜਲਸੇ ਹੋਣ ਤਾਂ ਪੰਜਾਬ ਸਰਕਾਰ ਰੁਕਾਵਟ ਨਾ ਪਾਏ। ਸਰਕਾਰ-ਹਿੰਦ ਦਾ ਇਹ ਰਵਈਆ ਦੇਖ ਕੇ ਲਾਟ ਨੇ ਮੁਲਾਕਾਤ ਦਾ ਵਕਤ ਦੇ ਦਿੱਤਾ।

"ਅਸਾਂ ਸੁਣਿਐ ਉਹ ਤਾਂ ਬੜਾ ਅੜਬ ਫਰੰਗੀ ਐ।"

"ਅੜਬ ਜਿਹਾ ਅੜਬ। ਜਦ ਅਸੀਂ ਉਹਦੇ ਦਫਤਰ ਪਹੁੰਚੇ ਤਾਂ ਉਸ ਨੇ ਸਾਨੂੰ ਬਹਿਣ ਲਈ ਵੀ ਨਾ ਕਿਹਾ। ਆਕੜ ਕੇ ਆਪਣੀ ਵੱਡੀ ਸਾਰੀ ਮਖਮਲੀ ਕੁਰਸੀ ਉਤੇ ਡੱਟ ਕੇ ਬੈਠਾ ਰਿਹਾ। ਅਸਾਂ "ਗੁਡ ਮਾਰਨਿਗ" ਕਹੀ ਉਸ ਨੇ "ਗੁਡ ਮਾਰਨਿੰਗ" ਦਾ ਉੱਤਰ ਵੀ ਨਾ ਦਿੱਤਾ। ਮੈਂ ਆਲੇ-ਦੁਆਲੇ ਵੇਖਿਆ ਕਈ ਕੁਰਸੀਆਂ ਪਈਆਂ ਸਨ। ਜਦ ਉਸ ਦਾ ਸਕੱਤਰ ਅੰਦਰ ਆਇਆ ਤਾਂ ਉਸ ਨੇ ਸਾਨੂੰ ਬੈਠਣ ਦਾ ਇਸ਼ਾਰਾ ਕੀਤਾ। ਅਸੀਂ ਬੈਠ ਗਏ। ਉਹ ਕਿੰਨੀ ਦੇਰ ਆਪਣੀਆਂ ਸਨਹਿਰੀ ਫਰੇਮ ਵਾਲੀਆਂ ਐਨਕਾਂ ਨਾਲ ਖੇਡਦਾ ਰਿਹਾ। ਉਸ ਨੇ ਅੱਖਾਂ ਚੁੱਕ ਕੇ ਸਾਡੇ ਵੱਲ ਤਕਿਆ ਤੱਕ ਵੀ ਨਾਂਹ। ਸਾਨੂੰ ਇਉਂ ਜਾਪਿਆ ਜਿਵੇਂ ਉਹਦੇ ਮਨ ਵਿੱਚ ਸਾਡੇ ਲਈ ਪਹਿਲੋਂ ਹੀ ਨਫਰਤ ਭਰੀ ਹੋਈ ਹੋਵੇ। ਉਹ ਨਿੱਕੀ ਜਿਹੀ ਛੱਤੀ ਹੱਥ ਵਿਚ ਫੜ ਕੇ, ਉਸ ਨਾਲ ਖੇਡਦਾ ਖੇਡਦਾ, ਟਹਿਲਦਾ ਟਹਿਲਦਾ ਮੇਰੇ ਅਗੇ ਆ ਖਲੋਤਾ। ਮੈਂ ਅਗੋਂ ਉਠ ਖਲੋਤਾ। ਉਸ ਨੇ ਮੇਰੇ ਸੱਜੇ ਮੋਢੇ ਉੱਤੇ ਛੱਤੀ ਰੱਖਦਿਆਂ ਪੁੱਛਿਆ—'ਤੇਰਾ ਨਾਮ ਬਲਵੰਤ ਸਿੰਘ ਹੈ।' ਮੈਂ "ਹਾਂ ਜੀ" ਵਿੱਚ ਉੱਤਰ ਦਿੱਤਾ। ਕੁੱਝ ਦੇਰ ਉਹ ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਘੂਰਦਾ

ਰਿਹਾ । ਮੈਂ ਵੀ ਅੱਖਾਂ ਨੀਵੀਆਂ ਨਾ ਕੀਤੀਆਂ । ਉਹ ਮੇਰੇ ਵੱਲ ਪਿੱਠ ਦੇ ਕੇ ਕਹਿਣ ਲੱਗਾ—ਤੂੰ ਗੂੰਥੀ ਹੈ । ਗੂੰਥੀ ਦਾ ਰੁੱਤਬਾ ਬੜਾ ਉੱਚਾ ਹੋਂਦਾ ਹੈ ਪਰ ਤੂੰ ਪਾਲੇਟਿਕਸ ਵਿੱਚ ਪੈ ਕੇ ਗੂੰਥੀ ਦੇ ਰੁੱਤਬੇ ਦੀ ਹਤਕ ਕੀਤੀ ਹੈ । ਮੈਨੂੰ ਉਸਦੀ ਗੱਲ ਵਿਹੁ ਵਰਗੀ ਲਗੀ ਪਰ ਮੈਂ ਹਲੀਮੀ ਨਾਲ ਉੱਤਰ ਦਿੱਤਾ—"ਅਸੀਂ ਆਪਣੇ ਪਰਵਾਰ ਕੈਨੇਡਾ ਲਿਜਾਣ ਦੀ ਮੰਗ ਕਰਦੇ ਹਾਂ । ਇਸ ਵਿੱਚ ਪਾਲੇਟਿਕਸ ਵਾਲੀ ਕਿਹੜੀ ਗੱਲ ਹੈ । ਉਸ ਨੇ ਮੇਰੇ ਵੱਲ ਮੂੰਹ ਕਰ ਕੇ ਅੱਗੇ ਨਾਲੋਂ ਵੀ ਅੱਖਾਂ ਚੌੜੀਆਂ ਕਰ ਕੇ ਕਿਹਾ—ਕੈਨੇਡਾ ਸਰਕਾਰ ਦਾ ਕਾਨੂੰਨ ਹੈ ਕਿ ਤੁਸੀਂ ਸਿੱਧੇ ਜਹਾਜ਼ ਉੱਤੇ ਜਾ ਸਕਦੇ ਹੋ । ਦੋ ਸੌ ਡਾਲੇ ਜੀਅ ਪ੍ਰਤੀ ਵਿਖਾਓ ਤੇ ਚਲੇ ਜਾਓ । ਮੈਂ ਫਿਰ ਬੜੀ ਹਲੀਮੀ ਨਾਲ ਉੱਤਰ ਦਿੱਤਾ ਕਿ ਦੇਸੋਂ ਸਿੱਧਾ ਜਹਾਜ਼ ਕੈਨੇਡਾ ਜਾਂਦਾ ਹੀ ਨਹੀਂ । ਕੈਨੇਡੀਅਨ ਸਰਕਾਰ ਨੇ ਇਹ ਕਾਨੂੰਨ ਇਸੇ ਲਈ ਬਣਾਇਆ ਹੈ ਕਿ ਅਸੀਂ ਕੈਨੇਡਾ ਜਾ ਹੀ ਨਾ ਸਕੀਏ । ਉਹ ਖਿੱਝ ਕੇ ਬੋਲਿਆ—ਤੁਸੀਂ ਕੀ ਸਮਝਦੇ ਹੋ ਕਿ ਮੈਂ ਹੁਣ ਇੰਡੀਆ ਤੋਂ ਕੈਨੇਡਾ ਤਕ ਤੁਹਾਡੇ ਲਈ ਸਿੱਧਾ ਜਹਾਜ਼ ਤੋਰਾਂ ਜਾਂ ਕੈਨੇਡਾ ਸਰਕਾਰ ਨੂੰ ਆਖਾਂ ਕਿ ਉਹ ਆਪਣਾ ਕਾਨੂੰਨ ਬਦਲ ਦਏ । ਮੈਂ ਕੈਨੇਡਾ ਦਾ ਗਵਰਨਰ ਨਹੀਂ । ਮੈਂ ਤੁਹਾਡੀ ਕੋਈ ਮਦਦ ਨਹੀਂ ਕਰ ਸਕਦਾ ।"

"ਉਸ ਦੀ ਕੋਰੀ ਗੱਲ ਸੁਣ ਕੇ ਭਾਈ ਨਰੈਣ ਸਿੰਘ ਚੋਬਦਾਰ ਤੇ ਭਾਈ ਨੰਦ ਸਿੰਘ ਸਹਿਰਾ ਵੀ ਉਠ ਖਲੋਤੇ । ਲਾਟ ਨੇ ਸਾਨੂੰ ਤਿੰਨਾਂ ਨੂੰ ਬਹਿ ਜਾਣ ਦਾ ਇਸ਼ਾਰਾ ਕੀਤਾ । ਨੰਦ ਸਿੰਘ ਨੇ ਪੁੱਛਿਆ—ਲਾਟ ਸਾਹਿਬ ! ਜੇ ਤੁਸੀਂ ਸਾਡੀ ਕੋਈ ਮਦਦ ਨਹੀਂ ਕਰ ਸਕਦੇ ਤਾਂ ਸਾਨੂੰ ਜਾਣ ਦੀ ਆਗਿਆ ਦਿਓ । ਨੰਦ ਸਿੰਘ ਦੀ ਇਸ ਗੱਲ ਨੂੰ ਲਾਟ ਨੇ ਉਸਦੀ ਗੁਸਤਾਖੀ ਸਮਝ ਕੇ ਖਹੁਰੀ ਅਵਾਜ਼ ਵਿੱਚ ਕਿਹਾ—ਬੈਠਾ ਰਹੋ ਜਿਥੇ ਬੈਠਾ ਹੈਂ ।" ਗੱਲ ਕਰਦੇ ਕਰਦੇ ਭਾਈ ਸਾਹਿਬ ਮੁਸਕਰਾ ਪਏ ।

ਉਜਾਗਰ ਸਿੰਘ ਨੇ ਪੁੱਛਿਆ "ਭਾਈ ਸਾਹਬ ਤੁਹਾਡੀ ਮੁਸਕਰਾਹਟ ਦੀ ਸਮਝ ਨਹੀਂ ਆਈ।"

"ਮੈਨੂੰ ਉਸ ਵੇਲੇ ਆਪਣੇ ਬਚਪਨ ਦੀ ਇੱਕ ਗੱਲ ਯਾਦ ਆ ਰਹੀ ਸੀ । ਮੈਂ ਪੰਜਵੀਂ ਜਾਂ ਛੇਵੀਂ ਵਿੱਚ ਪੜ੍ਹਦਾ ਸਾਂ । ਅਸੀਂ ਪਿੰਡੋਂ ਤੁਰ ਕੇ ਆਦਮਪੁਰ ਜਾਂਦੇ । ਓਦੋਂ, ਕਲਾਸਾਂ ਨਹੀਂ ਸੀ ਬਦਲਦੀਆਂ । ਇੱਕੋ ਮੌਲਵੀ ਸਾਰਾ ਦਿਨ ਸਾਰੇ ਮਜ਼ਮੂਨ ਪੜ੍ਹਾਂਦਾ ਸੀ । ਨਾਮ ਸੀ ਉਹਦਾ ਦੀਨ ਮੁਹੰਮਦ । ਲੋਕੀ ਉਹਨੂੰ 'ਮੁਨਸ਼ੀ ਦੀਨਾ' ਕਹਿ ਕੇ ਬੁਲਾਂਦੇ ਸੀ । ਲਹੁਡੇ ਵੇਲੇ ਜਦ ਛੁਟੀ ਹੋਂਦੀ ਤਾਂ ਉਹ ਲਗ ਭਗ ਹਰ ਰੋਜ਼ ਇੱਕ ਜਾਂ ਦੋ ਮੁੰਡਿਆਂ ਨੂੰ ਛੁੱਟੀ ਪਿੱਛੋਂ ਵੀ ਬਿਠਾਈ ਰੱਖਦਾ । ਉਸਨੇ ਆਪਣੇ ਮਨ ਵਿੱਚ ਹੀ ਸਭ ਮੁੰਡਿਆਂ ਦੀ ਵਾਰੀ ਲਾਈ ਹੋਈ ਸੀ। ਰੋਕੇ ਗਏ ਮੁੰਡਿਆਂ ਨੂੰ ਪਤਾ ਹੁੰਦਾ ਕਿ ਅੱਜ ਉਹਨਾਂ ਦੀ ਸ਼ਾਮਤ ਆਈ ਹੈ । ਮੌਲਵੀ ਕਿਸੇ ਨੂੰ ਅੰਡੇ ਲਿਆਂਣ ਲਈ ਕਹਿੰਦਾ ਤੇ ਕਿਸੇ ਨੂੰ ਘਿਓ ਲਿਆਂਣ ਲਈ । ਸਾਗ ਦੀ ਰੁੱਤੇ ਸਾਗ ਮੰਗਵਾਂਦਾ, ਗੁੜ ਤਾਂ ਉਹਦਾ ਮੁਕਿਆ ਹੀ ਰਹਿੰਦਾ ਸੀ । ਉਹ ਮਦਰੱਸੇ ਵੀ ਗੁੜ ਦੀਆਂ ਨਿੱਕੀਆਂ ਨਿੱਕੀਆਂ ਰੋੜੀਆ ਨਾਲ ਲੈ ਆਂਦਾ ਸੀ । ਰੋਟੀ ਤੋਂ ਪਿਛੋਂ ਜਦ ਤੱਕ ਗੁੜ ਨਾ ਖਾ ਲਵੇ ਉਸ ਨੂੰ ਤਸੱਲੀ ਨਹੀਂ ਸੀ ਹੋਂਦੀ ।"

"ਜਦ ਲਾਟ ਨੇ ਰੋਹਬ ਨਾਲ ਸਾਨੂੰ ਬੈਠੇ ਰਹਿਣ ਲਈ ਕਿਹਾ ਤਾਂ ਮੈਨੂੰ ਉਸ ਵਿੱਚੋਂ ਆਪਣਾ ਮੌਲਵੀ ਦੀਨ ਮੁਹੰਮਦ ਉਘੜ ਉਘੜ ਕੇ ਦਿਸਣ ਲੱਗ ਪਿਆ । ਮੈਂ ਸੋਚਿਆ ਅਜ ਸਾਡੀ ਸ਼ਾਮਤ ਆਈ ਕਿ ਆਈ । ਇਹਨੇ ਨਾ ਅੰਡੇ ਤੇ ਨਾ ਗੁੜ ਮੰਗਾਉਣਾ ਹੈ । ਇਹ ਤਾਂ ਕੋਈ ਹੋਰ ਵਖਤ ਪਾਂਦਾ ਦਿਸਦੈ ।"

ਪਿੱਛੇ ਬੈਠੇ ਦੋ ਸਿੰਘ ਘੁਸਰ-ਮੁਸਰ ਕਰ ਰਹੇ ਸਨ। ਉਜਾਗਰ ਸਿੰਘ ਨੇ ਉਨ੍ਹਾਂ ਵੱਲ ਮੂੰਹ ਕਰ ਕੇ ਕਿਹਾ—"ਜੇ ਤੁਸੀਂ ਕੋਈ ਗੱਲ ਪੁਛਣੀ ਐ ਤਾਂ ਪੁੱਛੋ। ਸ਼ਰਮ ਨਾ ਖਾਉ।"

"ਉਜਾਗਰ ਸਿਹਾਂ। ਤੇਰਾ ਭਲਾ ਹੋਵੇ। ਸ਼ਰਮ ਸ਼ੁਰਮ ਵਾਲੀ ਕੋਈ ਗੱਲ ਨਹੀਂ। ਆਹ ਜੀਣਾ ਮੇਰੇ ਕੰਨ 'ਚ ਕੁਝ ਕਹੀ ਜਾਂਦੈ। ਇਹਨੂੰ ਪੁੱਛ ਲਓ।"

"ਜੀਣ ਸਿਹਾਂ। ਕੀ ਗੱਲ ਆ?"

"ਜੀ ਮੈਂ ਪੁਛਣੈ, ਦੀਨਾ ਮੁਨਸ਼ੀ ਇੱਕ ਅਖੋਂ ਭੈਂਗਾ ਸੀ ਜਾਂ ਨਹੀਂ।"

ਭਾਈ ਸਾਹਬ ਹੱਸ ਪਏ। "ਬਿਲਕੁਲ ਠੀਕ ਹੈ।"

"ਫੇਰ ਤਾਂ ਭਾਈ ਮੈਂ ਵੀ ਉਹਦੇ ਕੋਲੋਂ ਪੜ੍ਹਿਆਂ। ਮੈਂ ਆਪਣੀ ਵਾਰੀ ਤੇ ਉਹਨੂੰ ਅੰਡੇ, ਸਾਗ, ਗੁੜ ਲਿਆ ਕੇ ਦੇਂਦਾ ਰਿਹਾਂ। ਇੱਕ ਵਾਰੀ ਮੈਂ ਜਵਾਰ ਦਾ ਆਟਾ ਲਿਜਾਣਾ ਭੁਲ ਗਿਆ। ਉਹਨੇ ਕਿੰਨੀ ਦੇਰ ਮੇਰੇ ਕੰਨ ਫੜਾਈ ਰੱਖੇ। ਫੇਰ ਮੇਰੇ ਚਿਤੜਾਂ ਤੇ ਠੁਡ ਮਾਰ ਕੇ ਕਹਿਣ ਲੱਗਾ ਕਲ ਨਾ ਭੁਲੀਂ। ਮੈਂ ਮੁੜ ਉਹਨੂੰ ਮੂੰਹ ਹੀ ਨਾ ਵਿਖਾਇਆ।"

"ਜੀਉਣ ਸਿੰਘ ਜੀ। ਤੁਸੀਂ ਮੇਰੇ ਨਾਲੋਂ ਕਈ ਸਾਲ ਪਿਛੋਂ ਪੜ੍ਹਨ ਗਏ ਹੋਣੇ ਓ।"

"ਤੁਹਾਡਾ ਮੇਰਾ ਅੱਠਾਂ ਦਸਾਂ ਸਾਲਾਂ ਦਾ ਫਰਕ ਤਾਂ ਹੋਊ ਈ।"

ਬਾਕੀ ਸੱਜਣ ਭਾਈ ਸਾਹਬ ਦੀ ਗੱਲ ਸੁਣਨ ਲਈ ਕਾਹਲੇ ਪਏ ਸਨ। ਜੀਉਣ ਸਿੰਘ ਖੜਾ ਹੋ ਗਿਆ। "ਜੀ। ਮੈਂ ਇਕ ਗੱਲ ਹੋਰ ਕਰਨੀ ਐ।"

"ਕਰ ਗੁਰਮੁਖਾ। ਕੀ ਹੁਕਮ ਹੈ?"

"ਜੀ ਹੁਕਮ ਹਕਮ ਕੋਈ ਨਹੀਂ। ਇਕ ਅਰਜ ਐ।"

ਸਾਰੇ ਸੱਜਣ ਉਸ ਦੇ ਮੂੰਹ ਵੱਲ ਤਕਣ ਲਗੇ। ਉਸ ਨੇ ਕਿਹਾ "ਜੀ। ਕੇਸਰ ਸਿਹੁ ਠਠਗਾੜੀਆ ਅਈਥੋਂ ਲੰਘ ਕੇ ਗਿਆ ਸੀ। ਮੇਰਾ ਪੇਂਡੂ ਈ ਸਮਝੋ। ਕਹਿਣ ਲੱਗਾ—ਚਲ ਦੇਸ ਗਦਰ ਮਚਾਈਏ। ਮੈਅਨੂੰ ਉਹਦੀ ਗੱਲ ਸਮਝ ਈ ਨਾ ਪਈ।"

ਲਾਭ ਸਿੰਘ ਨੇ ਉਸ ਦੀ ਗੱਲ ਟੁਕ ਕੇ ਪੁੱਛਿਆ—"ਜੀਣਿਆ। ਤੂੰ ਦੁਆਬੀਆ। ਠਠਗੜੀਆ ਮਝੈਲਾ ਤੇਰਾ ਪੇਂਡੂ ਕਿਤਰਾਂ ਬਣਿਆ।"

"ਸਾਡੇ ਪਿੰਡ, ਸਾਡੇ ਸ਼ਾਹਾਂ, ਲਹਿਣੇ ਦੇਣੇ ਵਿੱਚ ਸਾਡਾ, ਘਰ ਕੁਲਾ ਵੀ ਕੁਰਕ ਕਰਾ ਲਿਆ। ਸਾਡਾ ਬਾਪੂ ਸਾਨੂੰ ਲੈ ਕੇ ਆਦਮਪੁਰ ਜਾ ਬੈਠਾ। ਓਥੇ ਆੜਝੀਆਂ ਦਾ ਗੱਡਾ ਵਾਹੁੰਦਾ ਰਿਹਾ। ਮੈਂ ਇੱਕੋ ਗੱਲ ਕਰਨੀ ਐ। ਕਰ ਲੈਣ ਦਿਓ।" ਉਸ ਨੇ ਭਾਈ ਬਲਵੰਤ ਸਿੰਘ ਵੱਲ ਹੱਥ ਜੋੜ ਕੇ ਕਿਹਾ—"ਭਾਈ ਜੀ! ਆਪਾਂ ਪੇਂਡੂ ਹੀ ਹੋਏ। ਤੁਹਾਡਾ ਖੁਰਦਪੁਰ ਤੇ ਮੇਰਾ ਆਦਮਪੁਰ। ਫੇਰ ਆਪਾਂ ਇਕੋ ਮੁਨਸ਼ੀ ਦੀਨੇ ਤੋਂ ਪੜ੍ਹੇ। ਪੜਾਇਆ ਤਾਂ ਉਹਨੇ ਕੁੱਝ ਨਹੀਂ ਪਰ ਫਿਰ ਵੀ ਮੈਂ ਉਰਦੂ ਦਾ ਅਖਬਾਰ ਪੜ੍ਹ ਲੈਂਦਾ।" ਉਸ ਦੀ ਗੱਲ ਲੰਮੀ ਹੁੰਦੀ ਵੇਖ ਕੇ ਉਜਾਗਰ ਸਿੰਘ ਨੇ ਕਿਹਾ—ਜੀਣਿਆ, ਡੇਰ ਹੋ ਰਹੀ ਐ। ਮਤਲਵ ਦੀ ਗੱਲ ਕਰ।"

"ਜੀ, ਮੈਂ ਇਹੋ ਅਰਜ਼ ਕਰਨੀ ਐ ਕਿ ਮੈਅਨੂੰ ਠਠਗੜੀਏ ਦੀ ਗੱਲ ਦੀ ਸਮਝ ਨਹੀਂ ਸੀ ਆਈ। ਹੁਣ ਮੈਂ ਦੇਸ ਜਾਣ ਲਈ ਤਿਆਰ ਆਂ। ਗੰਡਾਸੇ ਨਾਲ ਲਾਟ ਨੂੰ ਵੀ ਵੱਢ ਦਊਂ।"

ਕਹਿ ਕੇ ਉਹ ਬਹਿ ਰਿਹਾ ਸੀ ਤੇ ਸਾਰੇ ਸੱਜਣ ਹਰਾਨੀ ਨਾਲ ਉਸ ਵੱਲ ਵੇਖ ਰਹੇ ਸਨ। ਸਭ ਉਸ ਨੂੰ ਭੋਲਾ ਭਾਲਾ ਸਮਝਦੇ ਸਨ ਪਰ ਅਜ ਉਸ ਦੀ ਜੋਸ਼ ਭਰੀ ਗੱਲ ਸੁਣ ਕੇ ਉਸ ਨੂੰ "ਸ਼ਾਬਾਸ਼ ! ਸ਼ਾਬਾਸ਼ !" ਕਹਿਣ ਲੱਗ ਪਏ । ਉਹ ਛਾਤੀ ਫੁਲਾ ਕੇ ਗੋਡਿਆਂ ਪਰਨੇ ਬੈਠਾ ਭਾਈ ਸਾਹਬ ਵੱਲ ਤਕ ਰਿਹਾ ਸੀ ।

"ਜੀਉਣ ਸਿੰਘ ਜੀ । ਤਿਆਰ ਹੋ ਜਾਓ । ਆਪਾਂ ਰਲ ਕੇ ਚਲਾਂਗੇ ।" ਭਾਈ ਸਾਹਬ ਦੀ ਗੱਲ ਸੁਣ ਕੇ ਉਹ ਖੁਸ਼ ਹੋ ਗਿਆ । ਉੱਠਦਾ ਬੋਲਿਆ—"ਆਪਾਂ ਚਲਦੇ ਆਂ । ਚੀਨੇ ਨੂੰ ਜਵਾਬ ਦੇਣੈ । ਬਸ ਅੱਜ ਰਾਤ ਜਾਗਾ ਦਊਂ । ਕਲ ਤੋਂ ਬਸ ਛੁੱਟੀ ਸਮਝੋ ।" ਕਹਿ ਕੇ ਉਹ ਹੱਥ ਜੋੜਦਾ ਜੋੜਦਾ ਬਾਹਰ ਨਿਕਲ ਗਿਆ ।

"ਇਹੋ ਜਿਹੇ ਬੰਦੇ ਜੋ ਕਹਿੰਦੇ ਐ, ਕਰ ਗੁਜਰਦੇ ਐ । ਬਸ ਕੋਈ ਕੰਮ ਲੈਣ ਵਾਲਾ ਹੋਵੇ ਸਹੀ ।" ਸ਼ੇਰ ਸਿੰਘ ਨੇ ਆਪਣੀ ਰਾਏ ਦਿਤੀ ।

"ਲਾਟ ਨੇ ਫੇਰ ਤੁਹਾਨੂੰ ਕਿੰਨੀ ਦੇਰ ਬਿਠਾਈ ਰੱਖਿਆ ?" ਉਜਾਗਰ ਸਿੰਘ ਨੇ ਪੁੱਛਿਆ ।

"ਉਹ ਔਖਾ ਜਿਹਾ ਹੋ ਕੇ ਆਪਣੀ ਕੁਰਸੀ ਉੱਤੇ ਜਾ ਬੈਠਾ । ਅਸੀਂ ਵੀ ਬੈਠੇ ਹੋਏ ਸਾਂ । ਕੁੱਝ ਦੇਰ ਉਹ ਛਟੀ ਜਿਹੀ ਨਾਲ ਖੇਡਦਾ ਰਿਹਾ । ਉਸ ਨੇ ਨੰਦ ਸਿੰਘ ਨੂੰ ਸੰਬੋਧਨ ਕਰਦਿਆਂ ਪੁੱਛਿਆ—"ਤੂੰ ਤਾਂ ਅਮਰੀਕਾ ਪੜ੍ਹਦਾ ਹੈਂ । ਤੂੰ ਕੀ ਕਰਨ ਆਇਆ ਹੈਂ ? ਤੇਰਾ ਕੀ ਕੰਮ ਸੀ ਇਸ ਡੈਪੂਟੇਸਨ ਨਾਲ ਆਉਣ ਦਾ ?"

"ਮੈਂ ਦੁਭਾਸ਼ੀਏ ਦਾ ਕੰਮ ਕਰਨਾ ਹੈ ।" ਨੰਦ ਸਿੰਘ ਨੇ ਉੱਤਰ ਦਿੱਤਾ ।

"ਕੀ ਬਲਵੰਤ ਸਿੰਘ ਨੂੰ ਦੁਭਾਸ਼ੀਏ ਦੀ ਲੋੜ ਹੈ ?" ਗਵਰਨਰ ਨੇ ਪੁੱਛਿਆ । ਨੰਦ ਸਿੰਘ ਨੇ ਕੋਈ ਉੱਤਰ ਨਾ ਦਿੱਤਾ ।

"ਤੁਹਾਡੇ ਨਾਲ ਤੀਜੇ ਬੰਦੇ ਦਾ ਨਾਮ ਨਰੈਣ ਸਿੰਘ ਹੈ । ਤੁਸੀਂ ਦੋਵੇਂ ਇਸ ਨੂੰ ਵੀ ਕੁਰਾਹੇ ਪਾ ਰਹੇ ਹੋ ।" ਲਾਟ ਦੀ ਇਹ ਗੱਲ ਸੁਣ ਕੇ ਅਸੀਂ ਸਭ ਚੁੱਪ ਰਹੇ ।

"ਮੈਨੂੰ ਰਪੋਟ ਮਿਲੀ ਹੈ ਕਿ ਤੁਸੀਂ ਲੰਡਨ ਦੇ ਕੈਕਸਟਨ ਹਾਲ ਵਿੱਚ ਵੀ ਜਲਸਾ ਕਰ ਕੇ ਲੋਕਾਂ ਨੂੰ ਸਲਤਨਤ ਬਰਤਾਨੀਆਂ ਦੇ ਖ਼ਿਲਾਫ ਉਕਸਾਇਆ ਹੈ ।" ਉਸ ਨੇ ਆਪਣੇ ਸਕੱਤਰ ਨੂੰ ਕਹਿ ਕੇ ਇਕ ਫਾਈਲ ਮੰਗਵਾਈ । ਫਾਇਲ ਪੜ੍ਹਦਾ ਪੜ੍ਹਦਾ ਕਹਿਣ ਲੱਗਾ—"ਤੁਹਾਡੇ ਲੋਕਾਂ ਨੇ ਓਬਰਾਇਨ ਹਾਲ ਵੈਨਕੋਵਰ ਵਿੱਚ ਵੀ ਹਲਾ ਗੁਲਾ ਕੀਤਾ ਹੈ । ਰਾਜਾ ਸਿੰਘ ਬਾੜੀਆ, ਡਾਕਟਰ ਸੁੰਦਰ ਸਿੰਘ ਤੇ ਭਾਗ ਸਿੰਘ ਦੇ ਖਿਲਾਫ ਰਪੋਟਾਂ ਆਈਆਂ ਸਨ । ਤੁਸਾਂ ਆਪ ਫੀਰੋਜ਼ਪੁਰ, ਤਰਨਤਾਰਨ, ਜ਼ਲੰਧਰ ਤੇ ਹੋਰ ਸ਼ਹਿਰਾਂ ਵਿੱਚ ਜਲਸੇ ਕਰਨ ਦਾ ਪ੍ਰੋਗਰਾਮ ਬਣਾਇਆ ਹੋਇਆ ਹੈ । ਜੇ ਤੁਸਾਂ ਕੋਈ ਗੜ ਬੜ ਕੀਤੀ ਤਾਂ ਸਤ ਸਤ ਸਾਲ ਬੰਨ੍ਹ ਦਿਆਂਗਾ । ਮੇਰੇ ਪਾਸ ਸਭ ਅਖਤਿਆਰ ਹਨ ।"

"ਉਹ ਧਮਕੀਆਂ ਦੇਂਦਾ ਰਿਹਾ । ਅਸੀਂ ਚੁਪ ਕਰ ਕੇ ਸੁਣਦੇ ਰਹੇ । ਉਸ ਦਾ ਸਕੱਤਰ ਪਿੱਛਲੇ ਪਾਸੇ ਚਲਾ ਗਿਆ । ਲਾਟ ਵੀ ਉਸ ਦੇ ਪਿੱਛੇ ਪਿੱਛੇ ਪਿਛਲੇ ਕਮਰੇ ਵਿੱਚ ਜਾ ਵੜਿਆ । ਭਾਈ ਨਰੈਣ ਸਿੰਘ ਨੇ ਰੋਹ ਵਿੱਚ ਆ ਕੇ ਕਿਹਾ—"ਇਹ ਲਾਟ ਤਾਂ ਬੂਲ੍ਹੀ ਕੁੱਤਾ ਹੈ ।" ਮੈਂ ਉਨ੍ਹਾਂ ਨੂੰ ਕਿਹਾ ਕਿ ਚੁਪ ਰਹਿਣ ਹੋ ਸਕਦਾ ਹੈ ਸਕੱਤਰ ਵੀ ਸਾਡੀ ਬਾਤ ਜਾਣਦਾ ਹੋਵੇ ।"

"ਅਸੀਂ ਉਥੋਂ ਉਠਣ ਲਈ ਕਾਹਲੇ ਪਏ ਹੋਏ ਸਾਂ। ਲਾਟ ਤੇ ਉਸ ਦਾ ਸਕੱਤਰ ਕਿੰਨੀ ਦੇਰ ਬਾਹਰ ਨਾ ਆਏ। ਪਹਿਲੋਂ ਸਕੱਤਰ ਮੁੜਿਆ। ਉਸ ਦੇ ਪਿੱਛੇ ਪਿੱਛੇ ਲਾਟ ਆ ਗਿਆ। ਉਹ ਫਿਰ ਸਾਡੇ ਸਾਹਮਣੇ ਆ ਖਲੋਤਾ। ਅਸੀਂ ਤਿੰਨੇ ਉੱਠ ਖਲੋਤੇ। ਉਸ ਨੇ ਜ਼ਰਾ ਨਰਮੀ ਨਾਲ ਸਾਨੂੰ ਬਹਿ ਜਾਣ ਦਾ ਇਸ਼ਾਰਾ ਦਿੱਤਾ ਤੇ ਨਾਲ ਹੀ ਮੈਨੂੰ ਬਾਹੋਂ ਫੜ ਕੇ ਬਿਠਾਦਿਆਂ ਪੁੱਛਿਆ—"ਬਲਵੰਤ ਸਿੰਘ ! ਤੂੰ ਛੱਤੀ ਨੰਬਰ ਸਿੱਖ ਵਿੱਚ ਦਸ ਸਾਲ ਨੌਕਰੀ ਕੀਤੀ ਹੈ। ਤੇਰਾ ਰੀਕਾਰਡ ਬਹੁਤ ਚੰਗਾ ਸੀ। ਤੂੰ ਫੌਜ ਵਿੱਚੋਂ ਨਾਮ ਕਿਉਂ ਕਟਾਇਆ ਸੀ ?" ਮੈਨੂੰ ਕੋਈ ਉੱਤਰ ਨਹੀਂ ਸੀ ਸੁਝ ਰਿਹਾ। ਮੈਂ ਉੱਤਰਲੱਭ ਹੀ ਰਿਹਾ ਸਾਂ ਕਿ ਉਹ ਫਿਰ ਬੋਲ ਪਿਆ। ਹੁਣ ਉਸ ਦੇ ਚਿਹਰੇ ਉੱਤੇ ਨਿਮ੍ਹੀ ਜਿਹੀ ਮੁਸਕਰਾਹਟ ਸੀ। ਕਹਿਣ ਲੱਗਾ—"ਮੈਂ ਅੱਜ ਤੋਂ ਹੀ ਤੈਨੂੰ ਹੌਲਦਾਰੀ ਦੇਂਦਾ ਹਾਂ। ਛਿਆਂ ਮਹੀਨਿਆਂ ਵਿੱਚ ਜ਼ਮਾਂਦਾਰ ਤੇ ਉਸ ਤੋਂ ਅਗਲੇ ਸਾਲ ਤੈਨੂੰ ਸੂਬੇਦਾਰ ਦੀ ਵਰਦੀ ਵਿੱਚ ਵੇਖਣਾ ਚਾਹੁੰਦਾ ਹਾਂ। ਤੂੰ ਬਹੁਤ ਲਾਇਕ ਬੰਦਾ ਹੈਂ ਪਰ ਤੂੰ ਆਪਣੀ ਸਾਰੀ ਅਕਲ ਪੁੱਠੇ ਪਾਸੇ ਲਾਈ ਬੈਠਾ ਹੈਂ।"। ਮੈਂ ਨੀਵੀਂ ਪਾ ਕੇ ਉਸ ਦੀਆਂ ਗੱਲਾਂ ਸੁਣ ਰਿਹਾ ਸਾਂ ਪਰ ਮੈਂ ਕੋਈ ਉੱਤਰ ਨਾ ਦਿੱਤਾ। ਕਹਿਣ ਲੱਗਾ ਜੇ ਤੂੰ ਨੌਕਰੀ ਨਹੀਂ ਕਰਨੀ ਤਾਂ ਤੈਨੂੰ ਨੀਲੀ ਬਾਰ ਵਿੱਚ ਦੋ ਮੁਰੱਬੇ ਦੁਆ ਦਿਆਂਗਾ। ਬੈਠਾ ਮੌਜ ਕਰੀਂ।"

"ਮੈਨੂੰ ਅੰਦਰੋ ਅੰਦਰ ਬੜੀ ਖਿੱਝ ਆ ਰਹੀ ਸੀ। ਮੈਂ ਸੋਚ ਰਿਹਾ ਸਾਂ ਮੇਰੇ ਸਾਥੀ ਕੀ ਸਮਝਦੇ ਹੋਣਗੇ ਪਰ ਮੈਂ ਚੁੱਪ ਹੀ ਰਿਹਾ। ਮੇਰੇ ਕੋਲੋਂ ਹੱਟ ਕੇ ਉਹ ਸਕੱਤਰ ਪਾਸ ਜਾ ਖਲੋਤਾ। ਸਕੱਤਰ ਮੇਰੇ ਕੋਲ ਆ ਕੇ ਕਹਿਣ ਲੱਗਾ—"ਤੁਹਾਡੇ ਨਾਲ ਦਿਆਂ ਨੂੰ ਵੀ ਬਖਸ਼ਸ਼ ਮਿਲੇਗੀ। "ਮੈਥੋਂ ਰਿਹਾ ਨਾ ਗਿਆ—"ਮੈਂ ਗੁਸੇ ਵਿੱਚ ਆ ਕੇ ਕਿਹਾ—"ਸਾਨੂੰ ਕਿਸੇ ਬਖਸ਼ਸ਼ ਦੀ ਲੋੜ ਨਹੀਂ। ਅਸੀਂ ਆਪਣੇ ਟੱਬਰਾਂ ਨੂੰ ਕੈਨੇਡਾ ਲਿਜਾਣ ਦੀ ਖੁਲ੍ਹ ਲੈਣ ਲਈ ਲਾਟ ਸਾਹਬ ਦੀ ਮਦਦ ਲੈਣ ਆਏ ਹਾਂ।" ਮੇਰੀ ਗੱਲ ਸੁਣ ਕੇ ਲਾਟ ਟੱਪ ਉਠਿਆ—"ਤੂੰ ਬਾਗ਼ੀ ਹੈਂ। ਤੂੰ ਜਿਥੇ ਜਾਂਦਾ ਹੈਂ ਬਾਦਸ਼ਾਹ ਸਲਾਮਤ ਦੀ ਸਰਕਾਰ ਦੇ ਖਿਲਾਫ ਪਰਚਾਰ ਕਰਦਾ ਹੈਂ। ਲੋਕਾਂ ਨੂੰ ਉਕਸਾਂਦਾ ਹੈਂ। ਤੂੰ ਉਨ੍ਹਾਂ ਅਮਰੀਕੀ ਸਿੱਖਾਂ ਨਾਲ ਰਲਿਆ ਹੋਇਆ ਹੈ ਜਿਹੜੇ ਹਰ ਰੋਜ਼, ਸਲਤਨਤ ਬਰਤਾਨੀਆ ਦੇ ਖਿਲਾਫ ਹਥਿਆਰਬੰਦ—ਬਗਾਵਤ ਦੀਆਂ ਗੱਲਾਂ ਕਰਨ ਲੱਗ ਪਏ ਹਨ।" ਉਸ ਨੇ ਛੱਟੀ ਘੁਮਾਂਦਿਆਂ ਵਿੱਚ ਗੁਸੇ ਆ ਕੇ ਕਿਹਾ—"ਤੁਸੀਂ ਜਾ ਸਕਦੇ ਹੋ।" ਅਸੀਂ ਉੱਠ ਕੇ ਤੁਰੇ ਹੀ ਸਾਂ ਕਿ ਲਾਟ ਨੇ ਮੁੜ ਕੇ ਕਿਹਾ—"ਬਲਵੰਤ ! ਮੈਂ ਤੈਨੂੰ ਇੱਕ ਵਾਰੀ ਹੋਰ ਮੌਕਾ ਦੇਂਦਾ ਹਾਂ। ਸਮਝ ਜਾ। ਅੱਜ ਨਾਹ ਸਹੀ। ਜਦ ਤੈਨੂੰ ਮੇਰੀ ਗੱਲ ਦੀ ਸਮਝ ਪਵੇ। ਆ ਜਾਈਂ। ਮੈਂ ਤੈਨੂੰ ਖੁਸ਼ ਕਰਾਂਗਾ।" ਉਸ ਨੇ ਮੇਰਾ ਇਕਹਿਰਾ ਨਾਮ ਬੁਲਾਇਆ ਸੀ। ਮੇਰਾ ਮਨ ਕੀਤਾ ਕਿ ਮੈਂ ਵੀ ਉਸ ਦਾ ਇਕਹਿਰਾ ਨਾਮ 'ਮਾਈਕਲ' ਕਹਿ ਕੇ ਗੱਲ ਕਰਾਂ ਪਰ ਮੈਂ ਇਸ ਤਰ੍ਹਾਂ ਨਾ ਕੀਤਾ। ਅਸੀਂ ਬਾਹਰ ਨਿਕਲ ਰਹੇ ਸਾਂ। ਆਦਮ ਕਦ ਸ਼ੀਸ਼ੇ ਵਿੱਚੋਂ ਦਿਸ ਰਿਹਾ ਸੀ ਕਿ ਉਹ ਮੇਰੀ ਪਿੱਠ ਪਿੱਛੇ ਆਪਣੀ ਛੱਟੀ ਉਭਾਰ ਰਿਹਾ ਸੀ। ਉਸ ਨੇ ਸਾਨੂੰ ਸੁਣਾ ਕੇ ਆਪਣੇ ਸਕੱਤਰ ਨੂੰ ਕਿਹਾ—"ਬਲਵੰਤ ਸਿੰਘ ਬਹੁਤ ਹੀ ਖਤਰਨਾਕ ਸਿੱਖ ਹੈ।"

"ਫਿਰ ਤਾਂ ਨਰੈਣ ਸਿੰਘ ਨੇ ਠੀਕ ਹੀ ਕਿਹਾ ਸੀ ਕਿ ਇਹ ਲਾਟ ਬੂਲ੍ਹੀ ਕੁੱਤਾ ਹੈ।" ਲਾਭ ਸਿੰਘ ਨੇ ਆਪਣੀ ਰਾਏ ਦਿੱਤੀ। ਨਾਲ ਹੀ ਉਸ ਨੇ ਕਿਹਾ—"ਜਿਨ੍ਹਾਂ ਬੰਦਿਆਂ ਦੇਸ਼ ਚਲਣਾ ਹੈ ਗ਼ਦਰ ਮਚਾਉਣ ਲਈ ਉਹ ਉਠ ਕੇ ਖੜੇ ਹੋ ਜਾਓ। ਸਤ ਬੰਦੇ ਉਠ ਕੇ ਖੜੇ ਹੋ ਗਏ। ਭਾਈ ਬਲਵੰਤ ਸਿੰਘ ਨੇ ਉੱਠ ਕੇ ਸਭ ਨੂੰ ਘੁੱਟ ਘੁੱਟ ਕੇ ਜੱਫੀਆਂ ਪਾਈਆਂ।

੬

ਭਾਈ ਬਲਵੰਤ ਸਿੰਘ ਜੀ ਹਾਂਕਕਾਂਗ ਤੋਂ ਹੀ ਆਪਣੇ ਪਰਵਾਰ ਨੂੰ ਕਰਤਾਰ ਸਿੰਘ ਨਵਾਂ ਚੰਦ ਨਾਲ ਦੇਸ਼ ਵਲ ਤੋਰ ਦੇਣਾ ਚਾਹੁੰਦੇ ਸਨ ਪਰ ਕਰਤਾਰ ਕੌਰ ਦੇ ਜ਼ਿਦ ਕਰਨ ਕਰਕੇ ਉਹ ਪਰਵਾਰ ਨੂੰ ਨਾਲ ਲੈ ਕੇ ਸਿੰਘਾਪੁਰ ਪਹੁੰਚ ਗਏ। ਹਾਂਗਕਾਂਗ ਤੋਂ ਤੁਰਨ ਲਗਿਆਂ ਕਰਤਾਰ ਕੌਰ ਨੇ ਮਜਬੂਰੀ ਵਿਚ ਆ ਕੇ ਮੰਨ ਲਿਆ ਸੀ ਕਿ "ਤੁਸੀਂ ਸਿੰਘਾਪੁਰ ਸਾਡੇ ਨਾਲ ਚਲੋ। ਅਗੋਂ ਫਿਰ ਸੋਚ ਵਿਚਾਰ ਲਵਾਂਗੇ।" ਜਦ ਉਹ ਸਿੰਘਾਪੁਰ ਪਹੁੰਚੇ ਤਾਂ ਕਰਤਾਰ ਕੌਰ ਫਿਰ ਅੜ ਗਈ—"ਜਿਥੇ ਤੁਸੀਂ ਜਾਉਗੇ, ਮੈਂ ਵੀ ਨਾਲ ਹੀ ਜਾਵਾਂਗੀ। ਬੱਚਿਆਂ ਨੂੰ ਬੀਰ ਕਰਤਾਰ ਸਿੰਘ ਜੀ ਨਾਲ ਦੇਸ਼ ਭੇਜ ਦਿਆਂਗੇ। ਭੈਣ ਹਰਨਾਮ ਕੌਰ ਚਲਾਣਾ ਕਰ ਗਈ ਸੀ। ਬੀਰ ਭਾਗ ਸਿੰਘ ਹੋਰੀਂ ਸ਼ਹੀਦ ਹੋ ਗਏ ਸਨ। ਉਨ੍ਹਾਂ ਦੇ ਬੱਚਿਆਂ ਦੀ ਦੇਖ ਭਾਲ ਸੰਗਤ ਕਰ ਹੀ ਰਹੀ ਐ। ਸਾਡੇ ਬੱਚਿਆਂ ਦਾ ਵੀ ਗੁਰੂ ਰਾਖਾ ਐ। ਜੇ ਤੁਹਾਡਾ ਗੁਰੂ ਉਤੇ ਭਰੋਸਾ ਐ ਤਾਂ ਫੇਰ ਤੁਸੀਂ ਮੇਰੀ ਅਰਜੋਈ ਕਿਉਂ ਨਹੀਂ ਮੰਨਦੇ?"

ਭਾਈ ਸਾਹਬ ਮੱਥੇ ਉਤੇ ਹੱਥ ਰਖ ਕੇ ਬੈਠੇ ਕਰਤਾਰ ਕੌਰ ਦੀਆਂ ਦਲੀਲਾਂ ਸੁਣ ਰਹੇ ਸਨ। ਉਨ੍ਹਾਂ ਨੇ ਉੱਤਰ ਵਿਚ ਕਿਹਾ—"ਅਸਾਂ ਰਣਤੱਤੇ ਵਿਚ ਜਾਣਾ ਹੈ। ਤੁਸਾਂ ਘਰ ਸੰਭਾਲਣਾ ਹੈ।"

"ਮੈਂ ਰਣਤੱਤੇ ਵਿਚ ਕੋਈ ਨਹੀਂ ਹਿੱਸਾ ਪਾ ਸਕਦੀ। ਫੇਰ ਮਾਈ ਭਾਗੋ ਨੂੰ ਲੋਕਾਂ ਫੜ ਕੇ ਘਰ ਹੀ ਕਿਉਂ ਨਾ ਬਿਠਾਈ ਰੱਖਿਆ?"

ਭਾਈ ਸਾਹਬ ਨੂੰ ਕੋਈ ਉੱਤਰ ਨਹੀਂ ਸੀ ਮਿਲ ਰਿਹਾ। ਉਨ੍ਹਾਂ ਮੁਸਕਰਾ ਕੇ ਕਿਹਾ—"ਦੇਖੋ ਕਰਤਾਰ ਜੀ! ਬੱਚਿਆਂ ਦੀ ਪਰਵਰਸ਼ ਤੇ ਸੇਵਾ-ਸੰਭਾਲ ਕਰਨੀ ਵੀ ਦੇਸ਼-ਭਗਤੀ ਦਾ ਇਕ ਅੰਗ ਹੈ। ਗੁਰਸਿੱਖੀ ਦਾ ਇਕ ਮੁੱਖ ਅਸੂਲ ਹੈ। ਮਾਂ ਦਾ ਅਸਥਾਨ ਘਰ ਹੈ।"

"ਗੁਲਾਬ ਕੌਰ ਮਨੀਲੇ ਵਾਲੀ ਦੀ ਗਲ ਸੁਣੀ ਜੇ ਕਿ ਨਹੀਂ। ਉਹਨੇ ਹਾਂਗਕਾਂਗ ਸੰਗਤ ਵਿਚ ਖਲੋ ਕੇ ਲੋਕਾਂ ਨੂੰ ਕਿਹਾ ਸੀ 'ਚੂੜੀਆਂ ਪਾ ਲਓ ਚੂੜੀਆਂ, ਜਿਹੜੇ ਲੋਕ ਗ਼ਦਰ ਮਚਾਉਣ ਨੂੰ ਤਿਆਰ ਨਹੀਂ।' ਉਹਨੇ ਆਪਣੀਆਂ ਕੱਚ ਦੀਆਂ ਵੰਗਾਂ ਲਾਹ ਕੇ ਸੰਗਤ ਵਿਚ ਵਗਾਹ ਮਾਰੀਆਂ ਸਨ। ਉਹਨੂੰ ਕਿਸੇ ਨਾ ਰੋਕਿਆ। ਬੀਰਾਂ ਦਾ ਟੋਲਾ ਲੈ ਕੇ ਰਣਤੱਤੇ ਵਿਚ ਜਾ ਕੁੱਦੀ।"

"ਬੀਬੀ ਗੁਲਾਬ ਕੌਰ ਦੀ ਗਲ ਹੋਰ ਸੀ। ਉਹਦੀ ਘਰ ਵਿਚ ਕੋਈ ਜ਼ਿੰਮੇਵਾਰੀ ਨਹੀਂ ਸੀ।"

"ਤੁਹਾਡਾ ਮਤਲਬ ਐ ਕਿ ਉਹਦੀ ਔਲਾਦ ਹੈ ਨਹੀਂ ਸੀ। ਹੋਰ ਵੀ ਤਾਂ ਕਈ ਬੇਔਲਾਦੀਆਂ ਛੁਟੜਾਂ ਹੋਣਗੀਆਂ। ਉਹ ਨਾ ਗਈਆਂ ਰਣਤੱਤੇ ਵਿਚ ਕੁਦਣ ਲਈ?"

"ਬੀਬੀ ਗੁਲਾਬ ਕੌਰ ਵਰਗੀਆਂ ਸ਼ੇਰਨੀਆਂ ਕਦੇ ਕਦੇ ਜੰਮਦੀਆਂ ਹਨ।"

"ਤੇ ਫੇਰ ਮੈਂ ਗਿਦੜਾਂ ਦੇ ਜੰਮੀਆਂ ਗਿਦੜਾਂ ਨਾਲ ਵਿਆਹੀ ਹਾਂ?" ਕਹਿੰਦਿਆਂ ਹੀ ਕਰਤਾਰ ਕੌਰ ਦਾ ਹਾਸਾ ਨਿਕਲ ਗਿਆ। ਭਾਈ ਸਾਹਬ ਵੀ ਹੱਸ ਪਏ।

"ਕੀ ਪਤੈ?"

"ਮੈਨੂੰ ਪਤੈ ਮੈਂ ਇਕ ਬਬਰ-ਸ਼ੇਰ ਦਾ ਪੱਲਾ ਫੜਿਆ ਐ। ਮੈਂ ਵੀ ਸ਼ੇਰਨੀ ਆਂ। ਲੁਕ ਲੁਕ ਕੇ ਕਿਉਂ ਬੈਠਾਂ। ਜਦ ਸ਼ੇਰ ਸ਼ਿਕਾਰ ਚੜ੍ਹਦੈ ਤਾਂ ਸ਼ੇਰਨੀ ਵੀ ਸ਼ਿਕਾਰ ਚੜ੍ਹਦੀ ਐ। ਪਿੱਛੇ

ਨਹੀਂ ਬੈਠੀ ਰਹਿੰਦੀ। ਸ਼ੇਰਾਂ ਦੇ ਬੱਚੇ ਸ਼ੇਰ ਹੀ ਨਿਕਲਦੇ ਐ। ਉਹਨਾਂ ਨੂੰ ਕਿਸੇ ਦੀ ਰਾਖੀ ਦੀ ਲੋੜ ਨਹੀਂ ਹੋਂਦੀ। ਪਲ ਜਾਣਗੇ ਆਪੇ। ਆਪੇ ਹੀ ਜਾਣਗੇ ਵਡੇ। ਗੁਰੂ ਰਾਖਾ ਹੈ ਬੱਚਿਆਂ ਦਾ।"

"ਕਰਤਾਰ ਜੀ! ਤੁਹਾਨੂੰ ਪਤਾ ਹੈ ਕਿ ਮੇਰਾ ਤੇ ਤੁਹਾਡਾ ਰਾਹ ਵਖੋ ਵਖਰਾ ਹੈ ਪਰ ਮੰਨਜ਼ਲ ਸਾਡੀ ਟਿਕੋ ਹੈ। ਪਤਾ ਨਹੀਂ ਅਸਾਂ ਕਿਹੜੇ ਘਣੇ ਜੰਗਲਾਂ ਵਿਚੋਂ ਲੰਘਦਿਆਂ ਕਿਹੋ ਜਿਹੇ ਖੂਨਖਾਰ ਦਰਿੰਦਿਆਂ ਦਾ ਮੁਕਾਬਲਾ ਕਰਨਾ ਹੋਵੇਗਾ। ਕਿਹੜੀਆਂ ਨਦੀਆਂ ਤੇ ਪਹਾੜ ਟਪਣੇ ਹੋਣਗੇ। ਹਰ ਦੇਸ਼ ਵਿਚ ਫਰੰਗੀ ਦਾ ਬੋਲ ਬਾਲਾ ਹੈ। ਸਿਆਮ ਭਾਵੇਂ ਨਾਮ ਮਾਤਰ ਆਜ਼ਾਦ ਹੈ ਪਰ ਉਹ ਵੀ ਫਰੰਗੀਆ ਨੇ ਆਪਣੇ ਬੂਟਾਂ ਦੀਆਂ ਅੱਡੀਆਂ ਹੇਠਾਂ ਦੱਬਿਆ ਹੋਇਆ ਹੈ। ਬਾਬੂ ਹਰਨਾਮ ਸਿੰਘ ਸਾਹਨੀ ਤੇ ਪੰਡਤ ਸੋਹਣ ਲਾਲ ਹੋਰੀਂ ਸਾਡੀ ਉਡੀਕ ਬਟਮਾ ਵਿਚ ਕਰਦੇ ਹੋਣਗੇ। ਅਸੀਂ ਪਹਿਲੋਂ ਹੀ ਪੱਛੜੇ ਹੋਏ ਹਾਂ। ਸਾਨੂੰ ਹੋਰ ਨਾ ਪਛੜਾਓ। ਗੁਰੂ ਦਾ ਵਾਸਤਾ ਜੇ ਕਰਤਾਰ ਜੀ! ਸਾਨੂੰ ਹੋਰ ਨਾ ਪਛੜਾਓ।"

ਕਰਤਾਰ ਕੌਰ ਦੇ ਹੰਝੂ ਡੁਲ੍ਹ ਪਏ। ਪੱਲੇ ਦੀ ਨੁਕਰ ਨਾਲ ਹੰਝੂ ਪੂੰਝਦਿਆਂ ਕਰਤਾਰ ਕੌਰ ਨੇ ਕੁਝ ਕਹਿਣਾ ਚਾਹਿਆ ਪਰ ਉਸ ਦੀ ਘਿੱਗੀ ਬੱਝ ਗਈ। ਉਹ ਕੁਝ ਕਹਿ ਨਾ ਸਕੀ।

ਬਾਹਰੋਂ ਹਰਿਦਿਆਲ ਸਿੰਘ ਦੇ ਰੌਲਾ ਪਾਉਣ ਦੀ ਆਵਾਜ਼ ਆਈ। ਉਹ ਅੱਗੇ ਅੱਗੇ ਭੱਜ ਰਿਹਾ ਸੀ। ਦੋਵੇਂ ਭੈਣਾਂ ਉਧਮ ਕੌਰ ਤੇ ਨਿਰੰਜਨ ਕੌਰ ਉਸ ਦੇ ਪਿੱਛੇ ਪਿੱਛੇ ਦੌੜ ਰਹੀਆਂ ਸਨ। ਉਹ ਉਨ੍ਹਾਂ ਦੇ ਕਾਬੂ ਨਹੀਂ ਸੀ ਆ ਰਿਹਾ। ਉਹ ਬਜ਼ਾਰ ਵਲ ਨਿਕਲਣਾ ਚਾਹੁੰਦਾ ਸੀ। ਉਹ ਉਸ ਦਾ ਰਾਹ ਰੋਕ ਕੇ ਖਲੋਤੀਆਂ ਸਨ। ਉਹ ਹੋਟਲ ਦਾ ਗੇਟ ਟੱਪ ਕੇ ਸੜਕ ਉਤੇ ਦੌੜਨਾ ਚਾਹੁੰਦਾ ਸੀ। ਹੋਟਲ ਦਾ ਮਾਲਕ ਚੀਨਾ ਖੁਲ੍ਹੇ ਗੇਟ ਨੂੰ ਬੰਦ ਕਰਨ ਲਈ ਦੌੜ ਪਿਆ। ਕਰਤਾਰ ਕੌਰ ਬਰਾਂਡੇ ਵਿਚ ਖਲੋ ਕੇ ਇਹ ਤਮਾਸ਼ਾ ਵੇਖ ਰਹੀ ਸੀ। ਉਸ ਨੇ ਪਿੱਛੇ ਮੁੜ ਕੇ ਤਕਿਆ। ਭਾਈ ਸਾਹਿਬ ਉਨ੍ਹਾਂ ਵਲ ਪਿੱਠ ਦੇ ਕੇ ਖੜੇ ਸਨ। ਉਸ ਦੇ ਅਦਰੂ ਫਿਰ ਡੁਲ੍ਹਣ ਲਗ ਪਏ।

੭

ਭਾਈ ਸਾਹਬ ਤੇ ਕਰਤਾਰ ਸਿੰਘ ਨਵਾਂ ਚੰਦ ਹਨੇਰੇ ਹੋਏ ਗੁਰਦੁਆਰੇ ਵਲ ਜਾ ਰਹੇ ਸਨ। ਉਹ ਸਾਰੇ ਪਿਛੇ ਧਿਆਨ ਰਖਦੇ ਬੜੀ ਸੋਝੀ ਨਾਲ ਤੁਰੇ ਗਏ, ਕੋਈ ਟਾਂਵਾਂ ਟਾਂਵਾਂ ਚੀਨਾ ਜਾਂ ਮਲਾਈ ਉਨ੍ਹਾਂ ਪਾਸੋਂ ਲੰਘ ਜਾਂਦਾ। ਜਦ ਉਹ ਗੁਰਦੁਆਰੇ ਦੇ ਨੇੜੇ ਪਹੁੰਚੇ ਤਾਂ ਉਨ੍ਹਾਂ ਇਕ ਸਿੱਖ ਗੁਰਦੁਆਰੇ ਵਲੋਂ ਆਪਣੇ ਵਲ ਆਉਂਦਾ ਵੇਖਿਆ। ਉਹ ਦੋਵੇਂ ਕੁਝ ਝਿੜਕ ਗਏ। ਕਰਤਾਰ ਸਿੰਘ ਗੁਰਦੁਆਰੇ ਦਾ ਰਾਹ ਛੱਡਕੇ ਇਕ ਹੋਰ ਸੜਕ ਵਲ ਮੁੜਨ ਹੀ ਲਗਾ ਸੀ ਕਿ ਉਸ ਸਿੱਖ ਨੇ ਵੀ ਉਸੇ ਪਾਸੇ ਜਾਣਾ ਸ਼ੁਰੂ ਕਰ ਦਿਤਾ। ਉਹ ਸਿੱਖ ਉਨ੍ਹਾਂ ਦੇ ਨੇੜੇ ਢੁਕ ਆਇਆ ਸੀ। ਇਸ ਲਈ ਕਰਤਾਰ ਸਿੰਘ ਨੇ ਭਾਈ ਸਾਹਬ ਨਾਲ ਕੋਈ ਗਲ ਵੀ ਨਾ ਕੀਤੀ। ਗੁਰਦੁਆਰੇ ਵਲ ਮੁੜ ਪਿਆ। ਭਾਈ ਸਾਹਬ ਵੀ ਬਿਨਾਂ ਕੁਝ ਕਹੇ ਕਰਤਾਰ ਸਿੰਘ ਦੇ ਪਿੱਛੇ ਮੁੜਦੇ ਗਏ। ਉਸ ਸਿੱਖ ਨੇ ਵਾਜ ਮਾਰ ਕੇ ਕਿਹਾ—"ਸਰਦਾਰ ਜੀ! ਤੁਸੀਂ ਨਵੇਂ ਆਏ ਜਾਪਦੇ ਹੋ। ਜੇ ਤੁਸੀਂ ਗੁਰਦੁਆਰੇ ਜਾਣਾ ਐ ਤਾਂ ਮੈਂ ਗੁਰਦੁਆਰੇ ਛੱਡ ਆਉਂਦਾ ਹਾਂ। ਜੇ ਕਿਸੇ ਹੋਰ ਦੇ ਘਰ ਜਾਣਾ ਐ ਤਾਂ ਵੀ ਰਾਹੇ ਪਾ ਦੇਂਦਾ ਆਂ।"

ਕਰਤਾਰ ਸਿੰਘ ਨੇ ਉੱਤਰ ਦਿਤਾ—"ਅਸੀਂ ਨਵੇਂ ਨਹੀਂ। ਇਹੋ ਸੋਚ ਰਹੇ ਆਂ ਕਿ ਪਹਿਲੋਂ ਗੁਰਦੁਆਰੇ ਚਲੀਏ ਜਾਂ ਕਿਸੇ ਸਜਣ ਮਿਤਰ ਦੇ ਜਾ ਆਈਏ।"

ਉਸ ਸਿਖ ਨੇ ਹੋ ਨੇੜੇ ਹੋਰ ਕੇ ਕਿਹਾ—"ਜੇ ਨਵੇਂ ਆਏ ਹੋ ਤਾਂ ਗੁਰਦੁਆਰੇ ਨਾ ਜਾਇਓ। ਗੁਰਦੁਆਰੇ ਦੇ ਆਲੇ ਦੁਆਲੇ ਖੁਫ਼ੀਆ ਪੁਲਸ ਦਾ ਪਹਿਰਾ ਰਹਿੰਦੈ। ਮੈਂ ਚੁਣੇ ਉੱਥੋਂ ਆਇਆਂ। ਮੁਸਲਾ ਗਫ਼ੂਰ ਨੇੜੇ ਹੀ ਚਾਹ ਵਾਲੇ ਚੀਨੇ ਦੀ ਹੱਟੀ ਉੱਤੇ ਬੈਠੈ।"

ਭਾਈ ਸਾਹਬ ਤੇ ਕਰਤਾਰ ਸਿੰਘ ਹੱਕੇ ਬੱਕੇ ਹੋਏ ਉਸ ਦੀ ਗਲ ਸੁਣ ਰਹੇ ਸਨ। ਕਰਤਾਰ ਸਿੰਘ ਬੋਲ ਪਿਆ—"ਅਸੀਂ ਕਿਹੜੀ ਚੋਰੀ ਕੀਤੀ ਐ ਜਾਂ ਡਾਕਾ ਮਾਰਿਐ। ਅਸੀਂ ਤਾਂ ਮੱਥਾ ਟੇਕਣ ਹੀ ਜਾਣੈ।" ਉਹ ਗੁਰਦੁਆਰੇ ਵਲ ਤੁਰ ਪਏ। ਮਹਾਰਾਜ ਦੇ ਦਰਸ਼ਨ ਕਰਕੇ, ਉਹ ਬਾਹਰ ਨਿਕਲ ਕੇ ਬੂਟ ਪਾ ਹੀ ਰਹੇ ਸਨ ਕਿ ਉਨ੍ਹਾਂ ਉਸ ਸਿੱਖ ਨੂੰ ਫਿਰ ਗੁਰਦੁਆਰੇ ਦੇ ਬਾਹਰ ਖਲੋਤਿਆਂ ਵੇਖਿਆ। ਭਾਈ ਸਾਹਬ ਨੇ ਕਿਹਾ—"ਕਰਤਾਰ ਸਿੰਘ ਜੀ! ਇਹ ਸਿੰਘ ਸਾਡਾ ਪਿੱਛਾ ਕਰ ਰਿਹਾ ਹੈ। ਜਾਂ ਤਾਂ ਇਹ ਆਪ ਖੁਫੀਆ ਹੈ ਜਾਂ ਸਾਡਾ ਹਮਾਇਤੀ! ਦੋਹਾਂ ਗਲਾਂ ਵਿਚ ਇਕ ਜ਼ਰੂਰ ਹੈ। ਅਸਾਂ ਭਾਈ ਸਾਹਬ ਦੇ ਦਰਸ਼ਨ ਕਰਨੇ ਸਨ। ਇਸ ਸਿੰਘ ਦੇ ਪਿੱਛਾ ਕਰਨ ਕਰਕੇ ਅਸੀਂ ਉਨ੍ਹਾਂ ਨੂੰ ਵੀ ਨਹੀਂ ਮਿਲ ਸਕੇ। ਉਂਜ ਉਹ ਆਪਣੇ ਕਮਰੇ ਵਿਚ ਹੀ ਹੋਣਗੇ। ਉਨ੍ਹਾਂ ਨੂੰ ਮਿਲੇ ਬਿਨਾਂ ਮੁੜਨਾ ਠੀਕ ਨਹੀਂ। ਕੋਈ ਨਾ ਕੋਈ ਖਬਰ ਸਾਰ ਉਨ੍ਹਾਂ ਤੋਂ ਮਿਲਣ ਦੀ ਆਸ਼ਾ ਸੀ।"

"ਫੇਰ ਕੀ ਕਰੀਏ?"

"ਦੋ ਚਾਰ ਮਿੰਟ ਟਾਲ ਮਟੋਲਾ ਕਰ ਦਈਏ।"

ਉਨ੍ਹਾਂ ਬੂਟਾਂ ਦੇ ਤਸਮੇ ਬੰਨ੍ਹਣ ਤੇ ਹੱਥ ਧੋਣ ਵਿਚ ਪੰਜ ਸਤ ਮਿੰਟ ਲਾ ਦਿਤੇ। ਜਦ ਉਨ੍ਹਾਂ ਪਿੱਛੇ ਮੁੜ ਕੇ ਵੇਖਿਆ ਤਾਂ ਉਹ ਸਿੱਖ ਚਾਹ ਵਾਲੇ ਚੀਨੇ ਦੀ ਦੁਕਾਨ ਦੇ ਬਾਹਰ ਖੜਾ ਇਕ ਹੋਰ ਬੰਦੇ ਨਾਲ ਗੱਲਾਂ ਕਰ ਰਿਹਾ ਸੀ। ਉਸ ਦੀ ਕੁੱਲੇ ਉਤੇ ਬੱਧੀ ਪੱਗ ਵੇਖ ਕੇ ਭਾਈ ਸਾਹਬ ਨੇ ਕਿਹਾ—"ਕਰਤਾਰ ਸਿੰਘ ਜੀ। ਇਹੋ ਗਫ਼ੂਰ ਹੋਣੈ ਜਿਸ ਦੀ ਉਹ ਗੱਲ ਕਰ ਰਿਹਾ ਸੀ। ਇਹ ਗੱਲ ਵੀ ਪਕੀ ਦਿਸਦੀ ਹੈ ਕਿ ਇਹ ਆਪ ਵੀ ਖੁਫੀਆ ਹੋਣਾ ਹੈ।"

"ਫੇਰ ਭਾਈ ਸਾਹਬ ਕਿਵੇਂ ਕਰੀਏ?"

"ਕਰਨਾ ਕੀ ਹੈ। ਨਾਹ ਹੋਟਲ ਜਾਈਏ ਤੇ ਨਾਹ ਤੁਹਾਡੇ ਮਿਤਰ ਦੇ ਘਰ। ਜੇ ਇਸ ਨੇ ਪਿਛਾ ਕੀਤਾ ਤਾਂ ਛੇਤੀ ਛੇਤੀ ਕੋਈ ਮੋੜ ਮੁੜ ਚਲਾਂਗੇ ਤੇ ਰਿਕਸ਼ਾ ਲੈ ਕੇ ਸਟੇਸ਼ਨ ਵਲ ਤੁਰ ਪਵਾਂਗੇ।"

ਅਜੇ ਉਹ ਕੁਝ ਕਦਮ ਹੀ ਗਏ ਸਨ ਕਿ ਉਹ ਸਿਖ ਤਿੱਖੇ ਕਦਮੀਂ ਉਨ੍ਹਾਂ ਨੂੰ ਆ ਮਿਲਿਆ। ਉਹ ਇਕ ਰਿਕਸ਼ਾ ਰੋਕ ਕੇ ਚੜ੍ਹਨ ਹੀ ਵਾਲੇ ਸਨ ਕਿ ਉਸ ਸਿੱਖ ਨੇ ਕਿਹਾ—"ਮੇਰਾ ਨਾਂ ਚਤਰ ਸਿਹੁੰ ਹੈ। ਮੈਂ ਗਫ਼ੂਰ ਨੂੰ ਕਹਿ ਆਇਆ ਹਾਂ ਕਿ ਤੁਸੀਂ ਏਥੇ ਚੀਨੇ ਤੋਕੀ ਦੇ 'ਜਾਗਾ' ਕਰਦੇ ਹੋ।"

ਭਾਈ ਸਾਹਬ ਤੇ ਕਰਤਾਰ ਸਿੰਘ ਦੋਵੇਂ ਹਰਾਨ ਖੜੇ ਉਸ ਦੀ ਗੱਲ ਸੁਣ ਰਹੇ ਸਨ। ਉਸ ਨੇ ਉਨ੍ਹਾਂ ਦੀ ਹਰਾਨਗੀ ਹਟਾਉਣ ਲਈ ਕਿਹਾ—"ਮੈਂ ਤੇ ਗਫ਼ੂਰ ਦੋਵੇਂ ਖੁਫੀਆ ਪੁਲਸ ਵਿਚ ਕੰਮ ਕਰਦੇ ਹਾਂ। ਪਹਿਲੋਂ ਜ਼ਰਾ ਗਫ਼ੂਰ ਦੀਆਂ ਅੱਖਾਂ ਤੋਂ ਓਹਲੇ ਹੋ ਚਲੀਏ। ਫਿਰ ਮੈਂ ਤੁਹਾਡੇ ਨਾਲ ਗੱਲ ਕਰਦਾ ਹਾਂ।"

ਕਰਤਾਰ ਸਿੰਘ ਨੇ ਭਾਈ ਸਾਹਬ ਵਲ ਤਕਿਆ। ਭਾਈ ਸਾਹਿਬ ਚਤਰ ਸਿੰਘ ਦੇ ਪਿੱਛੇ ਪਿੱਛੇ ਤੁਰਦੇ ਗਏ। ਉਹ ਚਤਰ ਸਿੰਘ ਤੋਂ ਪਿੱਛੇ ਰਹਿ ਕੇ ਆਪਸ ਵਿਚ ਕੋਈ ਗਲ ਕਰਨੀ ਚਾਹੁੰਦੇ ਸਨ ਪਰ ਜਦ ਉਹ ਹੌਲੀ ਹੋ ਜਾਂਦੇ ਤਾਂ ਚਤਰ ਸਿੰਘ ਵੀ ਹੌਲੀ ਹੋ ਜਾਂਦਾ। ਇਸ ਲਈ ਉਹ ਆਪਸ ਵਿਚ ਕੋਈ ਗੱਲ ਨਾ ਕਰ ਸਕੇ।

ਚਤਰ ਸਿੰਘ ਇਕ ਮੋੜ ਮੁੜਿਆ ਹੀ ਸੀ ਕਿ ਉਹ ਦੋਵੇਂ ਰੁਕ ਗਏ। ਉਸ ਨੇ ਉਨ੍ਹਾਂ ਨੂੰ ਰੁਕਦਿਆਂ ਵੇਖ ਕੇ ਕਿਹਾ—"ਭਾਈ ਬਲਵੰਤ ਸਿੰਘ ਜੀ! ਤੁਰੇ ਆਓ। ਮੈਂ ਪੁਲਸੀਆ ਹਾਂ। ਪਰ ਤੁਹਾਡਾ ਦੁਸ਼ਮਣ ਨਹੀਂ, ਦੋਸਤ ਹਾਂ। ਮੇਰਾ ਏਤਬਾਰ ਕਰੋ। ਗਫ਼ੂਰ ਤੋਂ ਲਾਂਭੇ ਹੋ ਜਾਈਏ। ਥੋੜੀ ਦੇਰ ਹੋਰ ਤੁਰੇ ਆਓ।" ਉਹ ਸ਼ਸ਼ੋਪੰਜ ਵਿਚ ਪਏ, ਹੋਰ ਕੋਈ ਚਾਰਾ ਨਾ ਸਮਝ ਕੇ, ਉਸ ਦੇ ਪਿੱਛੇ ਪਿੱਛੇ ਤੁਰਦੇ ਗਏ। ਭਾਈ ਸਾਹਬ ਤੇ ਕਰਤਾਰ ਸਿੰਘ ਇਕ ਦੂਜੇ ਵਲ ਇਸ਼ਾਰੇ ਕਰ ਕੇ ਹਰਾਨੀ ਪਰਗਟ ਕਰ ਰਹੇ ਸਨ ਕਿ ਚਤਰ ਸਿੰਘ ਨੂੰ ਭਾਈ ਸਾਹਬ ਦੀ ਪਛਾਣ ਦਾ ਕਿਵੇਂ ਪਤਾ ਲੱਗਾ।

ਏਨੀ ਦੇਰ ਨੂੰ ਚਤਰ ਸਿੰਘ ਨੇ ਇਕ ਘਰ ਦੇ ਅਗੇ ਖਲੋ ਕੇ ਬੂਹੇ ਉਤੇ ਗਿਣਵੇਂ ਪੰਜ ਠੋਲ੍ਹੇ ਮਾਰੇ। ਕੁਝ ਰੁਕ ਕੇ ਗਿਣ ਕੇ ਹੋਰ ਤਿੰਨ ਠੋਲੇ ਮਾਰੇ। ਦਰਵਾਜ਼ਾ ਖੁਲ੍ਹਾ। ਭਾਈ ਭਗਵਾਨ ਸਿੰਘ ਨੂੰ ਦਰਵਾਜ਼ੇ ਵਿਚ ਖਲੋਤਾ ਵੇਖ ਕੇ ਭਾਈ ਸਾਹਬ ਤੇ ਕਰਤਾਰ ਸਿੰਘ ਹਰਾਨ ਹੋ ਗਏ। ਚਤਰ ਸਿੰਘ ਦੇ ਬਿਨਾਂ ਕਹੇ, ਉਹ ਦੋਵੇਂ ਅੰਦਰ ਜਾ ਵੜੇ। ਚਤਰ ਸਿੰਘ ਨੇ ਅੰਦਰੋਂ ਕੁੰਡਾ ਬੰਦ ਕਰ ਲਿਆ। "ਸਿੰਘ ਸਾਹਿਬ" ਕਹਿ ਕੇ ਭਾਈ ਭਗਵਾਨ ਸਿੰਘ ਨੇ ਭਾਈ ਸਾਹਬ ਨੂੰ ਆਪਣੀ ਜੱਫੀ ਵਿਚ ਘੁੱਟ ਲਿਆ। ਫਿਰ ਕਰਤਾਰ ਸਿੰਘ ਤੇ ਭਗਵਾਨ ਸਿੰਘ ਇਕ ਦੂਜੇ ਦੀ ਜੱਫੀ ਵਿਚ ਘੁੱਟੇ ਗਏ। ਚਤਰ ਸਿੰਘ ਦਾ ਚਿਹਰਾ ਖੁਸ਼ੀ ਵਿਚ ਨਿਖਰ ਉਠਿਆ। ਉਹ ਕਦੇ ਭਾਈ ਸਾਹਬ ਵਲ ਤਕਦਾ ਤੇ ਕਦੇ ਭਗਵਾਨ ਸਿੰਘ ਵਲ। ਉਸ ਦੀ ਨਜ਼ਰ ਕਰਤਾਰ ਸਿੰਘ ਦੇ ਚਿਹਰੇ ਉਤੇ ਆ ਕੇ ਟਿੱਕ ਜਾਂਦੀ। ਉਸਦੀ ਖੁਫੀਆ ਪੁਲਸ ਵਾਲੀ ਆਦਤ ਜਾਗ ਉੱਠੀ। ਉਹ ਸੋਚਣ ਲੱਗਾ ਕਿ ਇਹ ਬੰਦਾ ਕੌਣ ਹੋ ਸਕਦਾ ਹੈ। ਉਹ ਆਪਣਾ ਸਾਰਾ ਟਿਲ ਲਾਉਣ ਤੇ ਵੀ ਕਰਤਾਰ ਸਿੰਘ ਨਵਾਂ ਚੰਦ ਬਾਰੇ ਕੋਈ ਜਾਣ ਪਛਾਣ ਨਾ ਕੱਢ ਸਕਿਆ।

ਭਾਈ ਸਾਹਬ ਨੇ ਭਗਵਾਨ ਸਿੰਘ ਤੇ ਚਤਰ ਸਿੰਘ ਵਲ ਹਰਾਨੀ ਨਾਲ ਤਕਦਿਆਂ ਅਖਾਂ ਹੀ ਅੱਖਾਂ ਵਿਚ ਇਹ ਸੁਆਲ ਪੁਛਣਾ ਚਾਹਿਆ ਕਿ ਚਤਰ ਸਿੰਘ ਨੇ ਉਨ੍ਹਾਂ ਨੂੰ ਕਿਵੇਂ ਪਛਾਣ ਲਿਆ। ਭਗਵਾਨ ਸਿੰਘ ਨੇ ਲਕੜ ਦੀ ਕੁਰਸੀ ਉਤੇ ਬਹਿੰਦਿਆਂ ਉਨ੍ਹਾਂ ਨੂੰ ਵੀ ਬਹਿ ਜਾਣ ਦਾ ਇਸ਼ਾਰਾ ਕੀਤਾ। ਚਤਰ ਸਿੰਘ ਅਜੇ ਵੀ ਖੜਾ ਸੀ। ਉਹ ਬਿਟ ਬਿਟ ਕਰਤਾਰ ਸਿੰਘ ਵਲ ਵੇਖ ਰਿਹਾ ਸੀ। ਭਗਵਾਨ ਸਿੰਘ ਨੇ ਕਿਹਾ—"ਚਤਰ ਸਿਹਾਂ! ਬਹਿ ਜਾ ਤੂੰ ਵੀ। ਭਾਈ ਸਾਹਿਬ ਨੂੰ ਤਾਂ ਤੂੰ ਪਛਾਣ ਹੀ ਗਿਆ ਹੈਂ।" ਉਸ ਨੇ ਕਰਤਾਰ ਸਿੰਘ ਵਲ ਇਸ਼ਾਰਾ ਕਰਦਿਆ ਜਾਣਕਾਰੀ ਦਿਤੀ—"ਇਹ ਸਾਡੇ ਪੁਰਾਣੇ ਮਿਤਰ ਭਾਈ ਕਰਤਾਰ ਸਿਹੁੰ ਹੋਰੀਂ ਹਨ। ਪਿੰਡ ਇਹਨਾਂ ਦਾ ਨਵਾਂ ਚੰਦ ਹੈ।" ਉਸੇ ਨੇ ਚਤਰ ਸਿੰਘ ਦੀ ਜਾਣਕਾਰੀ ਕਰਾਉਂਦਿਆਂ ਦਸਿਆ—"ਚਤਰ ਸਿਹੁੰ ਦਾ ਬਾਪੂ ਸਾਡਾ ਮਿਤਰ ਸੀ। ਚਤਰ ਸਿਹੁੰ ਮਿਡਲ ਪਾਸ ਕਰ ਗਿਆ। ਮੈਂ ਉਦੋਂ ਪੀਨਾਂਗ ਗੁਰਦੁਆਰੇ ਵਿਚ ਗ੍ਰੰਥੀ ਦੀ ਸੇਵਾ ਕਰਦਾ ਸਾਂ। ਇਹ ਮਗਰੋਂ ਆਪਣੀ ਪੜ੍ਹਾਈ ਦੇ ਜ਼ੋਰ ਨਾਲ ਖੁਫੀਆ ਪੁਲਸ ਵਿਚ ਜਾ ਭਰਤੀ ਹੋਇਆ। ਜਦ ਇਹ ਪੀਨਾਂਗ ਪਹੁੰਚਾ ਤਾਂ ਮੈਂ ਅਗੋਂ ਜਾ ਕੇ ਲੈ

ਆਇਆ ਸਾਂ। ਮੇਰੇ ਕਹਿਣ ਤੇ ਇਹਨੇ ਆਪਣੀ ਡੀਊਟੀ ਗੁਰਦੁਆਰੇ ਦੇ ਆਲੇ ਦੁਆਲੇ ਲੁਆਈ ਹੋਈ ਐ। ਭਾਈ ਸਾਹਬ ਕਦੇ ਭਗਵਾਨ ਸਿੰਘ ਵਲ ਤਕਦੇ ਤੇ ਕਦੇ ਚਤਰ ਸਿੰਘ ਵਲ।

"ਮੈਂ ਤੁਹਾਡੀ ਤਸਵੀਰ ਇਹਨੂੰ ਦਿਤੀ ਹੋਈ ਸੀ।"

"ਮੇਰੀ ਤਸਵੀਰ, ਕਿਹੜੀ ਤਸਵੀਰ ?"

"ਚਤਰ ਸਿਹਾਂ ! ਕਢ ਤਸਵੀਰ।"

ਉਸ ਨੇ ਅੰਦਰ ਜਾ ਕੇ ਆਪਣੀ ਕਾਪੀ ਲੈ ਆਂਦੀ ਤੇ ਕਾਪੀ ਦੇ ਸਾਈਜ਼ ਦੀ ਹੀ ਤਸਵੀਰ ਕਢ ਕੇ ਭਗਵਾਨ ਸਿੰਘ ਦੇ ਹੱਥ ਫੜਾ ਦਿਤੀ। ਭਗਵਾਨ ਸਿੰਘ ਨੇ ਕਿਹਾ—"ਚਤਰ ਸਿਹਾਂ। ਆਹ ਦੇਖ ਭਾਈ ਸਾਹਿਬ ਦੇ ਠੀਕ ਪਿੱਛੇ ਕੌਣ ਖੜੈ। ਪਛਾਣ ਜੇ ਪਛਾਣ ਸਕਦੈ।" ਚਤਰ ਸਿੰਘ ਨੇ ਤਸਵੀਰ ਵਿਚ ਭਾਈ ਸਾਹਬ ਦੇ ਪਿੱਛੇ ਖੜੇ ਨੌਜਵਾਨ ਦੇ ਚਿਹਰੇ ਵਲ ਤਕ ਕੇ ਕਰਤਾਰ ਸਿੰਘ ਨਵਾਂ ਚੰਦ ਦੇ ਚਿਹਰੇ ਉਤੇ ਨਜ਼ਰ ਮਾਰਨ ਸਾਰ ਕਿਹਾ—"ਮੁਹਾਂਦਰਾ ਬੜਾ ਮਿਲਦਾ ਜੁਲਦਾ ਐ।"

"ਤੂੰ ਠੀਕ ਕਹਿਦੈ।"

ਭਾਈ ਸਾਹਬ ਨੇ ਭਗਵਾਨ ਸਿੰਘ ਦੇ ਹਥੋਂ ਤਸਵੀਰ ਫੜ ਲਈ। ਤਸਵੀਰ ਉਤੇ ਨਜ਼ਰ ਮਾਰਨ ਸਾਰ ਉਨ੍ਹਾਂ ਦੇ ਮੁਖੜੇ ਉਤੇ ਅਤਿਅੰਤ ਗੰਭੀਰਤਾ ਦੇ ਪਰਭਾਵ ਉੱਘੜ ਉਠੇ। ਉਨ੍ਹਾਂ ਦੇ ਮਨ ਵਿਚ ਪੁਰਾਣੇ ਮਿਤਰਾਂ ਦੀ ਯਾਦ ਉੱਘੜ ਉੱਠੀ। ਸੰਤ ਤੇਜਾ ਸਿੰਘ ਜੀ, ਉਨ੍ਹਾਂ ਦੀ ਸੁਪਤਨੀ ਦੇ ਦੋ ਭੁਝੰਗੀਆਂ ਦੀ ਤਸਵੀਰ ਦੇਖ ਕੇ ਜਦ ਉਨ੍ਹਾਂ ਖਬੇ ਪਾਸੇ ਤਕਿਆ ਤਾਂ ਸ਼ਹੀਦ ਭਾਈ ਭਾਗ ਸਿੰਘ ਭਿਖੀਵਿੰਡ ਦੀ ਤਸਵੀਰ ਵੇਖ ਕੇ ਆਪਣੇ ਮਨ ਉਤੇ ਕਾਬੂ ਨਾ ਰੱਖ ਸਕੇ। ਉਨ੍ਹਾਂ ਦੇ ਨੇਤਰ ਲਾਲ ਹੋ ਆਏ। ਗੁਰਦੁਆਰਾ ਵੈਨਕੂਵਰ ਵਿਚ ਗੋਲੀ ਚਲਣ ਦਾ ਸਾਰਾ ਸਾਕਾ ਉਨ੍ਹਾਂ ਦੀਆਂ ਅਖਾਂ ਅਗੇ ਆ ਖਲੋਤਾ। ਉਹ, ਭਾਈ ਭਾਗ ਸਿੰਘ ਤੇ ਭਾਈ ਬਚਨ ਸਿੰਘ ਨੂੰ ਮਹਾਰਾਜ ਦੀ ਹਜ਼ੂਰੀ ਵਿਚ ਲਹੂ ਵਿਚ ਲੱਥ ਪੱਥ ਹੋਏ ਤੜਫਦਿਆਂ ਵੇਖਣ ਲਗੇ। ਉਨ੍ਹਾਂ ਦੇ ਨੇਤਰਾਂ ਵਿਚ ਹੰਝੂ ਲਟਕ ਆਏ। ਉਨ੍ਹਾਂ ਜੇਬ ਵਿਚੋਂ ਰੁਮਾਲ ਕਢ ਕੇ ਆਪਣੇ ਨੇਤਰ ਸਾਫ ਕਰਦਿਆਂ ਪੜ੍ਹਿਆ—"ਸਾਜਣ ਮਹਿੰਡੇ ਰੰਗੁਲੇ ਜਾਏ ਸੁਤੇ ਜੀਰਾਣ, ਹੰਭੀ ਵੰਞਾਂ ਡੁੰਮਣੀ ਰੋਵਾਂ ਝੀਣੀ ਬਾਣ।"

ਉਨ੍ਹਾਂ ਸ਼ਹੀਦ ਭਾਈ ਭਾਗ ਸਿੰਘ ਦੇ ਪਿੱਛੇ ਖਲੋਤੇ ਭਾਈ ਰਾਜਾ ਸਿੰਘ ਜੀ ਬਾੜੀਆਂ ਵਲ ਤਕ ਕੇ, ਉਨ੍ਹਾਂ ਦੇ ਨਾਲ ਖਲੋਤੇ ਭਾਈ ਅਰਜਨ ਸਿੰਘ ਜੀ ਮਲਕ ਵਲ ਤਕਦਿਆਂ ਹਉਕਾ ਭਰ ਕੇ ਕਿਹਾ—"ਭਾਈ ਅਰਜਨ ਸਿੰਘ ਮਲਕ, ਗੁਰੂ ਪਿਆਰੇ, ਗੁਰੂ ਦੁਲਾਰੇ ਪਹਿਲੇ ਸਿੰਘ ਸਨ ਜੋ ਕੈਨੇਡਾ ਜਾਂਦਿਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਆਪਣੇ ਨਾਲ ਲੈ ਕੇ ਗਏ ਸਨ। ਉਨ੍ਹਾਂ ਦੇ ਉੱਦਮ ਨਾਲ ਹੀ ਪਹਿਲੀ ਵਾਰੀ ਕੈਨੇਡਾ ਦੀ ਧਰਤੀ ਉਤੇ ਮਹਾਰਾਜ ਦਾ ਪ੍ਰਕਾਸ਼ ਹੋਇਆ ਸੀ। ਉਨ੍ਹਾਂ ਦੇ ਸੱਦੇ ਉਤੇ ਹੀ ਸੰਗਤ ਦੇ ਜੋੜ ਮੇਲੇ ਹੋਏ। ਜੁਆਨੀ ਵਿਚ ਹੀ ਸੰਗਤਾਂ ਦੀ, ਖਾਸ ਕਰਕੇ ਮਿਲਾਂ ਵਿਚ ਕੰਮ ਕਰਨ ਵਾਲੇ, ਮਜਦੂਰਾਂ ਦੀ, ਅਥੱਕ ਸੇਵਾ ਕਰਦੇ ਕਰਦੇ ਗੁਰੂ ਨੂੰ ਪਿਆਰੇ ਹੋ ਗਏ। ਅਜ ਛੋੜ ਸੀ ਭਾਈ ਅਰਜਨ ਸਿੰਘ ਦੀ। ਗੁਰੂ ਦੁਲਾਰੇ ਦੀ।" ਭਾਈ ਸਾਹਬ ਭਾਵਕ ਹੋ ਕੇ ਇਹ ਸਭ ਕੁਝ ਕਹਿ ਗਏ। ਉਨ੍ਹਾਂ ਨੂੰ ਆਪਣੇ ਆਲੇ ਦੁਆਲੇ ਦਾ ਵੀ ਕੋਈ ਖਿਆਲ ਨਾ ਰਿਹਾ। ਜਦ ਉਨ੍ਹਾਂ ਦੂਜੀ ਵਾਰੀ ਆਪਣੇ ਨੇਤਰ ਪੂੰਝੇ ਤਾਂ ਭਗਵਾਨ ਸਿੰਘ ਨੇ ਦਖਲ ਦੇਂਦਿਆਂ ਕਿਹਾ—"ਸਿੰਘ ਸਾਹਿਬ ਭਾਈ ਅਰਜਨ ਸਿੰਘ ਮਲਕ ਦੇ ਚਾਂ ਮੈਨੂੰ ਦਰਸ਼ਨ ਨਹੀਂ ਹੋ ਸਕੇ। ਉਹ ਮੇਰੇ ਕੈਨੇਡਾ ਜਾਣ ਤੋਂ ਬਹੁਤ ਪਹਿਲੋਂ ਚੜ੍ਹਾਈ ਕਰ ਗਏ ਸਨ।"

"ਹਾਂ। ਉਹ ਤੁਹਾਡੇ ਜਾਣ ਤੋਂ ਬਹੁਤ ਪਹਿਲੋਂ ਅਕਾਲ ਚਲਾਣਾ ਕਰ ਗਏ ਸਨ।"

ਭਗਵਾਨ ਸਿੰਘ ਨੇ ਉਨ੍ਹਾਂ ਦੇ ਹਥੋਂ ਤਸਵੀਰ ਫੜਦਿਆਂ ਭਾਈ ਅਰਜਨ ਸਿੰਘ ਮਲਕ ਤੇ ਕਰਤਾਰ ਸਿੰਘ ਨਵਾਂ ਚੰਦ ਦੇ ਵਿਚਾਲੇ ਖੜੇ ਭਾਈ ਨਾਗਰ ਸਿੰਘ ਤੇ ਭਾਈ ਹਰੀ ਸਿੰਘ ਨੂੰ ਪਛਾਣਦਿਆਂ ਪੁਛਿਆ—"ਨਾਗਰ ਸਿਹੁੰ ਤੇ ਹਰੀ ਸਿਹੁੰ ਦਾ ਕੀ ਹਾਲ ਚਾਲ ਐ।"

"ਠੀਕ ਠਾਕ ਹਨ?"

"ਰਾਜਾ ਸਿਹੁੰ ਬਾੜੀਆਂ ਦਾ ਕੀ ਹਾਲ ਹੈ?"

"ਪਹਿਲੋਂ ਡਟਵਾਂ ਹਿੱਸਾ ਲੈਂਦੇ ਸਨ। ਹੁਣ ਕੁੱਝ ਪਿੱਛੇ ਹੱਟ ਗਏ ਹਨ।"

ਭਗਵਾਨ ਸਿੰਘ ਨੇ ਭਾਈ ਸਾਹਬ ਦੇ ਨੇਤਰ ਫਿਰ ਭਿੱਜੇ ਵੇਖ ਕੇ ਗਲ ਦੂਜੇ ਪਾਸੇ ਪਾਉਣ ਲਈ ਕਿਹਾ—"ਚੱਤਰ ਸਿਹਾਂ। ਦੁੱਧ ਆਪਣੇ ਕੋਲ ਹੋਣਾ ਨਹੀਂ। ਚਾਹ ਭਾਈ ਸਾਹਿਬ ਨੇ ਪੀਣੀ ਨਹੀਂ। ਜੇ ਦੌੜ ਕੇ ਦੁੱਧ ਤੇ ਕੋਈ ਸਬਜ਼ੀ ਲੈ ਆਵੇਂ ਤਾਂ ਆਟਾ ਮੈਂ ਗੁਨ੍ਹ ਲੈਂਦਾ।"

"ਨਹੀਂ ਨਹੀਂ ਚਾਹ ਦੁੱਧ ਦੀ ਕੋਈ ਲੋੜ ਨਹੀਂ। ਅਸੀਂ ਵਾਪਸ ਮੁੜਨਾ ਹੈ। ਕਰਤਾਰ ਕੌਰ ਹੋਰੀਂ ਉਡੀਕਦੇ ਹੋਣਗੇ।"

"ਬੱਚੇ ਕਿੱਥੇ ਹਨ?"

"ਅਸੀਂ ਇਕ ਚੀਨੇ ਹੋਟਲ ਵਿਚ ਠਹਿਰੇ ਹੋਏ ਹਾਂ।"

"ਫੇਰ ਤਾਂ ਰੋਟੀ ਜ਼ਰੂਰ ਬਣਾਣੀ ਹੈ। ਉਹਨਾਂ ਲਈ ਵੀ ਲੈ ਚਲਾਂਗੇ। ਨਾਲੇ ਭੈਣ ਜੀ ਤੇ ਬੱਚਿਆਂ ਦੇ ਦਰਸ਼ਨ ਹੋ ਜਾਣਗੇ।"

ਚਤਰ ਸਿੰਘ ਥੈਲਾ ਫੜ ਕੇ ਬਾਹਰ ਨਿਕਲ ਤੁਰਿਆ। ਭਗਵਾਨ ਸਿੰਘ ਨੇ ਅੰਦਰੋਂ ਕੁੰਡਾ ਮਾਰ ਕੇ ਦਸਣਾ ਸ਼ੁਰੂ ਕੀਤਾ—"ਮੈਂ ਮਨੀਲੇ ਸਾਂ। ਮੈਨੂੰ ਪਤਾ ਲਗਾ ਕਿ ਤੁਸੀਂ ਕੋਬੇ ਰੁਕੇ ਬਿਨਾਂ ਹੀ ਸ਼ੰਘਾਈ ਜਾ ਪਹੁੰਚੇ। ਮੈਂ ਸੋਚਿਆ ਕਿ ਸ਼ੰਘਾਈ ਜਾਂ ਹਾਂਗਕਾਂਗ ਦੀ ਥਾਂ ਸਿੰਘਾਪੁਰ ਹੀ ਪਹੁੰਚ ਜਾਵਾਂ। ਹਾਂਗਕਾਂਗ ਜਾਣਾ ਮੈਂ ਉਂਜ ਵੀ ਠੀਕ ਨਾ ਸਮਝਿਆ। ਭਾਵੇਂ ਮੈਂ ਆਪਣੀ ਸ਼ਕਲ ਵਿਗਾੜੀ ਹੋਈ ਐ ਪਰ ਫਿਰ ਵੀ ਲੋਕਾਂ ਨੇ ਮੈਨੂੰ ਝੱਟ ਪੱਟ ਪਛਾਣ ਲੈਣਾ ਸੀ। ਨਾਲੇ ਚਤਰ ਸਿਹੁੰ ਦੇ ਹੋਣ ਕਰਕੇ ਸਿੰਘਾਪੁਰ ਮੇਰਾ ਪੱਕਾ ਅੱਡਾ ਬਣਿਆ ਹੋਇਆ ਐ। ਭਾਈ ਸੰਤੋਖ ਸਿਹੁੰ ਹੋਰੀਂ ਵੀ ਇਕ ਰਾਤ ਚਤਰ ਸਿਹੁੰ ਦੇ ਟਿੱਕ ਕੇ ਗਏ ਸੀ।

"ਭਾਈ ਹੋਰੀਂ ਹੁਣ ਕਿੱਥੇ ਹੋਣਗੇ?"

"ਉਹ ਸਿਆਮ ਹੋਣ ਜਾਂ ਬਰਮਾ। ਸਿਆਮ ਵਿਚ ਉਨ੍ਹਾਂ ਦੇ ਤਿੰਨ ਟਿਕਾਣੇ ਪੱਕੇ ਹਨ। ਇਕ ਟਿਕਾਣੇ ਦਾ ਬੈਂਕੋਕ ਦੇ ਸੇਠ ਬੁਢਾ ਸਿਹੁੰ ਤੋਂ ਪਤਾ ਲਗ ਸਕਦਾ ਐ। ਦੂਜਾ ਟਿਕਾਣਾ ਬਾਉ ਅਮਰ ਸਿਹੁੰ ਦਾ ਡੇਰਾ ਐ ਤੇ ਤੀਜਾ ਟਿਕਾਣਾ ਚੈਂਗਮਈ ਦੇ ਗੁਰਦੁਆਰੇ ਦੇ ਗ੍ਰੰਥੀ ਬਾਬਾ ਵਿਸਾਵਾ ਸਿਹੁੰ ਦਾ ਹੈ। ਇਹ ਸ਼ਹਿਰ ਉਤਰੀ ਸਿਆਮ ਵਿਚ ਬਰਮਾ ਦੀ ਹਦ ਉਤੇ ਐ। ਮੇਰਾ ਖਿਆਲ ਐ ਕਿ ਸ਼ੈਦ ਅਜ ਕਲ ਉੱਥੇ ਹੀ ਹੋਣ। ਏਥੋਂ ਬਰਮਾ ਜਾਣ ਦਾ ਰਾਹ ਬੜਾ ਦੁਸ਼ਵਾਰ ਐ ਪਰ ਉਂਜ ਸਰਕਾਰੀ ਖਤਰਾ ਘੱਟ ਐ।"

"ਦੇਰ ਬਹੁਤ ਹੋ ਗਈ ਹੈ। ਕਰਤਾਰ ਕੌਰ ਹੋਰੀਂ ਚਿੰਤਾ ਕਰਦੇ ਹੋਣਗੇ। ਅਸੀਂ ਚਲਦੇ ਹਾਂ। ਜੋ ਨਿੱਕ-ਸੁੱਕ ਹੋਟਲ ਵਿਚ ਮਿਲਦਾ ਹੈ। ਉਹ ਹੀ ਖਾ ਲੈਂਦੇ ਹਾਂ। ਬਹੁਤਾ ਜ਼ੋਰ ਫ਼ਲਾਂ ਉਤੇ ਰਖਦੇ ਹਾਂ।"

"ਅਜੇ ਕੋਈ ਗਲ ਬਾਤ ਤਾਂ ਕੀਤੀ ਹੀ ਨਹੀਂ।"

"ਸਾਡਾ ਹੋਟਲ ਸ਼ਟੇਸ਼ਨ ਤੋਂ ਬਾਹਲਾ ਦੂਰ ਨਹੀਂ। ਹੋਟਲ ਦਾ ਨਾਮ ਹੈ ਕੈਨਟੋਨੀਜ਼ ਹੋਟਲ।"

"ਮੈਂ ਜਾਣਦਾ ਹਾਂ। ਕਲ ਕਿਹੜੇ ਵੇਲੇ ਮਿਲੀਏ ?"

"ਤੜਕੇ ਹੀ ਆ ਜਾਓ !"

"ਮੈਂ ਪਹੁ-ਫੁਟਾਲੇ ਨਾਲ ਹੀ ਪਹੁੰਚ ਜਾਵਾਂਗਾ।"

ਭਾਈ ਸਾਹਬ ਤੇ ਕਰਤਾਰ ਸਿੰਘ ਬਾਹਰ ਨਿਕਲੇ ਹੀ ਸਨ ਕਿ ਉਨ੍ਹਾਂ ਨੂੰ ਇਕ ਰਿਕਸ਼ਾ ਮਿਲ ਗਿਆ।

८

ਕਰਤਾਰ ਸਿੰਘ ਨਵਾਂ ਚੰਦ ਨੇ ਆਪਣੇ ਕਮਰੇ ਵਿਚ ਜਾਣ ਲੱਗਿਆਂ ਕਿਹਾ—"ਸਿੰਘ ਸਾਹਬ ! ਮੈਂ ਤੁਹਾਡਾ ਹੁਕਮ ਕਦੇ ਨਹੀਂ ਮੋੜਿਆ। ਤੁਹਾਡਾ ਹੁਕਮ ਮੋੜਨ ਦਾ ਵਿਚਾਰ ਵੀ ਮੇਰੇ ਮਨ ਵਿਚ ਕੱਦੇ ਨਹੀਂ ਆਇਆ।" ਉਸ ਨੇ ਦੋਵੇਂ ਹੱਥ ਜੋੜ ਕੇ ਕਿਹਾ—"ਅੱਜ ਮੈਂ ਇਕ ਬੇਨਤੀ ਕਰਨੀ ਐ। ਇਹ ਬੇਨਤੀ ਮੈਂ ਪਹਿਲੋਂ ਵੀ ਕੀਤੀ ਸੀ। ਤੁਸੀਂ ਪਰਵਾਨਗੀ ਨਹੀਂ ਸੀ ਦਿੱਤੀ। ਅੱਜ ਫਿਰ ਸਨਿਮਰ ਬੇਨਤੀ ਐ ਕਿ ਤੁਸੀਂ ਮੈਨੂੰ ਆਪਣੇ ਨਾਲ ਜਾਣ ਦੀ ਸੇਵਾ ਬਖਸ਼ੋ। ਜੇ ਤੁਸੀਂ ਆਪ ਰਣਤੱਤੇ ਵਿਚ ਕੁੱਦ ਰਹੇ ਹੋ ਤਾਂ ਮੈਨੂੰ ਕਿਉਂ ਰੋਕਦੇ ਓ ? ਮੈਂ ਦੋਵੇਂ ਹੱਥ ਜੋੜ ਕੇ ਬੇਨਤੀ ਕਰਦਾ ਆਂ।"

ਭਾਈ ਸਾਹਬ ਨੇ ਕਰਤਾਰ ਸਿੰਘ ਦੇ ਦੋਵੇਂ ਹੱਥ ਆਪਣੇ ਹੱਥਾਂ ਵਿਚ ਘੁੱਟ ਕੇ ਨੀਵੀਂ ਪਾਂਦਿਆਂ ਧੀਮੀ ਆਵਾਜ਼ ਵਿਚ ਉੱਤਰ ਦਿੱਤਾ—"ਜੇ ਤੁਸੀਂ ਨਾ ਜਾਓਗੇ ਤਾਂ ਫਿਰ ਮੈਨੂੰ ਆਪ ਕਰਤਾਰ ਕੌਰ ਤੇ ਬੱਚਿਆਂ ਨਾਲ ਦੇਸ ਜਾਣਾ ਪਵੇਗਾ।"

"ਆਪਣੇ ਬਥੇਰੇ ਲੋਕ ਜਾ ਰਹੇ ਐ। ਕਈ ਜਾਣੂੰ ਪਛਾਣੂੰ ਨਿਕਲ ਆਉਣਗੇ। ਭੈਣ ਜੀ ਤੇ ਬੱਚਿਆਂ ਨੂੰ ਉਨ੍ਹਾਂ ਨਾਲ ਤੋਰ ਦਿਆਂਗੇ। ਜਹਾਜ਼ੋਂ ਉੱਤਰ ਕੇ ਉਨ੍ਹਾਂ ਗੱਡੀ ਹੀ ਬੈਠਣਾ ਐ। ਜਲੰਧਰ ਸਟੇਸ਼ਨ ਤੇ ਜਾ ਉਤਰਨਗੇ। ਭਾਵੇਂ ਛਾਉਣੀ ਹੀ ਉੱਤਰ ਜਾਣ ਪਰ ਛਾਉਣੀ ਗੱਡੀ ਦੋ ਮਿੰਟ ਹੀ ਖਲੋਂਦੀ ਐ। ਜਲੰਧਰ ਉੱਤਰਨਾ ਹੀ ਠੀਕ ਰਹੇਗਾ।"

"ਕਰਤਾਰ ਸਿੰਘ ਜੀ ! ਤੁਸੀਂ ਠੀਕ ਕਹਿੰਦੇ ਹੋ ਪਰ ਉਹ ਇਸ ਜ਼ਿਦ ਉੱਤੇ ਅੜੇ ਹੋਏ ਹਨ ਕਿ ਮੈਂ ਪਿੰਡ ਤੱਕ ਉਨ੍ਹਾਂ ਦੇ ਨਾਲ ਜਾਵਾਂ। ਕਹਿੰਦੇ ਹਨ ਕਿ ਉਨ੍ਹਾਂ ਨੂੰ ਪਿੰਡ ਛੱਡ ਕੇ ਜਿੱਧਰ ਮਨ ਕਰੇ ਬਿਨਕ ਚਲਾ ਜਾਵਾਂ ਪਰ ਮੈਨੂੰ ਪਤਾ ਹੈ ਪਿੰਡ ਪਹੁੰਚਣ ਮਗਰੋਂ ਉਨ੍ਹਾਂ ਫੇਰ ਜਿੱਦ ਕਰਨੀ ਹੈ ਕਿ ਮੈਂ ਪਿੰਡ ਹੀ ਰਹਾਂ।" ਜ਼ਰਾ ਰੁੱਕ ਕੇ ਉਹ ਫਿਰ ਬੋਲੇ—"ਕਰਤਾਰ ਕੌਰ ਹੋਰੀਂ ਆਪ ਮੇਰੇ ਨਾਲ ਜਾਣ ਦੀ ਜ਼ਿੱਦ ਕਰੀ ਬੈਠੇ ਹਨ। ਕਹਿੰਦੇ ਹਨ ਕਿ ਬੱਚਿਆਂ ਨੂੰ ਤੁਹਾਡੇ ਨਾਲ ਦੇਸ ਭੇਜ ਦਿਆਂ। ਦਲੀਲ ਇਹ ਦੇਂਦੇ ਹਨ ਕਿ ਜੇ ਸ਼ਹੀਦ ਭਾਈ ਭਾਗ ਸਿੰਘ ਜੀ ਦੇ ਬੱਚਿਆਂ ਦੀ ਸੇਵਾ ਸੰਭਾਲ ਸੰਗਤ ਕਰ ਸਕਦੀ ਹੈ ਤਾਂ ਸਾਡੇ ਬੱਚੇ ਵੀ ਆਪੇ ਪਲ ਜਾਣਗੇ।

ਜ਼ਰਾ ਮੁਸਕਰਾ ਕੇ ਭਾਈ ਸਾਹਬ ਨੇ ਕਿਹਾ—"ਫਿਰ ਤਾ ਇਹੋ ਫੈਸਲਾ ਹੋ ਸਕਦਾ ਹੈ ਕਿ

ਤੁਸੀਂ ਤੇ ਕਰਤਾਰ ਕੌਰ ਹੋਰੀਂ ਸਿਆਮ-ਬਰਮਾ ਜਾਓ ਤੇ ਮੈਂ ਬੱਚਿਆਂ ਨੂੰ ਨਾਲ ਲੈ ਕੇ ਦੇਸ ਜਾਵਾਂ ।''

''ਇਹ ਗੱਲ ਤਾਂ ਬਿਲਕੁਲ ਅਣਹੋਣੀ ਐ ।''

''ਠੀਕ ਹੈ । ਅਣਹੋਣੀ ਹੈ । ਜੇ ਉਹ ਤੁਹਾਡੇ ਨਾਲ ਦੇਸ ਜਾਣਾ ਮੰਨ ਜਾਣ ਤੇ ਮੈਨੂੰ ਸਿਆਮ ਜਾਣ ਦੀ ਆਗਿਆ ਦੇ ਦੇਣ ਤਾਂ ਹੀ ਕੋਈ ਨਿਗਰ ਕੰਮ ਕਰਨ ਦੀ ਆਸ ਹੋ ਸਕਦੀ ਹੈ। ਤੁਹਾਨੂੰ ਤਾਂ ਪਤਾ ਹੀ ਹੈ ਕਿ ਮੈਨੂੰ ਤਾਂ ਫਰੰਗੀਆਂ ਦੇਸ ਦੀ ਧਰਤੀ ਉੱਤੇ ਪੈਰ ਵੀ ਨਹੀਂ ਰੱਖਣ ਦੇਣਾ । ਪਹਿਲੋਂ ਹੀ ਬੋਚ ਲੈਣ ਲਈ ਜਾਲ ਸੁੱਟ ਦੇਣੇ ਹਨ । ਠਾਕਰ ਸਿੰਘ ਹੋਰੀਂ ਸਵੇਰੇ ਮਿਲ ਪੈਣਗੇ । ਉਹ ਮੇਰੇ ਨਾਲ ਜਾ ਰਹੇ ਹਨ । ਉਹ ਚੀਨੀ ਤੇ ਮਲਾਈ ਬੋਲੀ ਜਾਣਦੇ ਹਨ । ਸਾਡਾ ਸਫਰ ਸੌਖਾ ਲੰਘ ਸਕੇਗਾ ।''

ਉਨ੍ਹਾਂ ਦੀਆਂ ਗੱਲਾਂ ਦੀ ਆਵਾਜ਼ ਸੁਣ ਕੇ ਬੀਬੀ ਕਰਤਾਰ ਕੌਰ ਨੇ ਕੁੰਡਾ ਖੋਲ੍ਹ ਕੇ ਬਾਹਰ ਵਲ ਤੱਕਿਆ ਤੇ ਕਿਹਾ—''ਅਧੀ ਰਾਤ ਹੋ ਚੱਲੀ ਐ । ਕੁੜੀਆਂ ਭੁੱਖੀਆਂ ਭਾਣੀਆਂ ਸੌਂ ਗਈਐਂ । ਹਰਿਦਿਆਲ ਮੇਰੇ ਕੁਛੜੋਂ ਨਹੀਂ ਲਹਿੰਦਾ ਜਦੋਂ ਲਿਟਾਂਦੀ ਆਂ ਮੁੜ ਆ ਚੰਮੜਦਾ ਐ । ਕਿਸੇ ਚੀਜ਼ ਨੂੰ ਮੂੰਹ ਨਹੀਂ ਲਾਂਦਾ । ਨਾ ਚੀਨਾ ਸਾਡੀ ਗੱਲ ਸਮਝੇ ਨਾ ਅਸੀਂ ਉਹਦੀ ਸਮਝੀਏ । ਤੁਸੀਂ ਅੱਧੀ ਰਾਤ ਕਰ ਆਏ ਹੋ । ਕੁਝ ਖਾਧਾ ਪੀਤਾ ਜੇ ਕਿ ਨਹੀਂ ? ਹੁਣ ਤਾਂ ਬਜ਼ਾਰ ਸਭ ਬੰਦ ਹੋ ਗਏ ਹੋਣਗੇ । ਨੁੱਕਰ ਵਾਲੇ ਚੀਨੇ ਦੀ ਦੁਕਾਨ ਸ਼ੈਦ ਅਜੇ ਵੀ ਖੁਲ੍ਹੀ ਹੋਵੇ ।''

ਬੀਬੀ ਨੇ ਬੂਹਾ ਖੋਲ੍ਹਿਆ ਹੀ ਸੀ ਕਿ ਕਰਤਾਰ ਸਿੰਘ ਹੋਰੀਂ ਆਪਣੇ ਕਮਰੇ ਅੰਦਰ ਜਾ ਵੜੇ । ਭਾਈ ਸਾਹਬ ਨੇ ਕਮਰੇ ਵਿਚ ਜਾਂਦਿਆਂ ਕਿਹਾ ''ਭਾਈ ਭਗਵਾਨ ਸਿੰਘ ਹੋਰੀਂ ਮਿਲ ਪਏ ਸਨ ।''

''ਕੀ ਕਿਹਾ ਜੇ ?''

''ਮੈਂ ਕਿਹਾ ਹੈ ਕਿ ਭਾਈ ਭਗਵਾਨ ਸਿੰਘ ਹੋਰੀਂ ਮਿਲ ਪਏ ਸਨ ।''

''ਗਦਰ ਪਾਰਟੀ ਦੇ ਪਰਧਾਨ !''

''ਜੀ ।''

''ਲੈ ਆਉਣਾ ਸੀ ਨਾਲ ਉਨ੍ਹਾਂ ਨੂੰ । ਉਹ ਕਿੱਧਰੋਂ ਆ ਗਏ ?''

''ਸਵੇਰੇ ਆਉਣਗੇ ।''

''ਵੀਰ ਕਰਤਾਰ ਸਿਹੁੰ ਨੂੰ ਕਹਿਣਾ ਸੀ ਕੁਝ ਛੱਕ ਲੈਣ ! ਬਥੇਰੇ ਫਲ ਪਏ ਹੋਏ ਐ । ਤੁਸੀਂ ਬਾਹਰ ਖਲੋਤੇ ਕੀ ਗੱਲਾਂ ਕਰੀ ਜਾਂਦੇ ਸੀ ?

''ਕਰਤਾਰ ਸਿੰਘ ਹੋਰੀਂ ਵੀ ਮੇਰੇ ਨਾਲ ਸਿਆਮ ਜਾਣ ਦੀ ਜਿੱਦ ਕਰ ਰਹੇ ਹਨ ।''

''ਤਾਂ ਫੇਰ ਅਸੀਂ ਕਿਵੇਂ ਜਾਵਾਂਗੇ ?''

ਕਰਤਾਰ ਕੌਰ ਦਾ ਸੁਆਲ ਸੁਣ ਕੇ ਭਾਈ ਸਾਹਬ ਨੂੰ ਜਾਪਿਆ ਕਿ ਉਹ, ਕਰਤਾਰ ਸਿੰਘ ਹੋਰਾਂ ਨਾਲ ਦੇਸ ਜਾਣ ਨੂੰ ਤਿਆਰ ਹੋ ਹੀ ਗਏ ਜਾਪਦੇ ਹਨ । ਉਨ੍ਹਾਂ ਨੇ ਜ਼ਰਾ ਪੱਕੀ ਪੈਰੀਂ ਖਲੋਂਦਿਆਂ ਕਿਹਾ—''ਉਹ ਕਹਿੰਦੇ ਹਨ ਕਿ ਆਪਣੇ ਬਥੇਰੇ ਪਰਵਾਰ ਦੇਸ ਜਾ ਰਹੇ ਹਨ । ਕੋਈ ਜਾਣੂੰ ਪਛਾਣੂੰ ਪਰਵਾਰ ਲਭ ਕੇ ਤੁਹਾਨੂੰ ਉਨ੍ਹਾਂ ਨਾਲ ਜਹਾਜ਼ ਚੜ੍ਹਾ ਦੇਣਗੇ ।''

ਬੀਬੀ ਕਰਤਾਰ ਕੌਰ ਨੇ ਚੌਕੜੀ ਮਾਰ ਕੇ ਬਹਿੰਦਿਆਂ, ਹਰਿਦਿਆਲ ਸਿੰਘ ਨੂੰ ਆਪਣੀ ਗੋਦ ਵਿਚ ਲਿਟਾ ਕੇ ਥਾਪੜਦਿਆਂ ਉਸ ਉੱਤੇ ਆਪਣਾ ਦੁਪੱਟਾ ਦੇ ਕੇ ਰੋਹ ਵਿਚ ਆ ਕੇ ਕਿਹਾ—

"ਜੇ ਤੁਸੀਂ ਰਾਹ ਵਿਚ ਆ ਕੇ, ਅੱਧਵਾਟੇ ਮੈਨੂੰ ਛੱਡਣਾ ਸੀ ਤਾਂ ਮੈਨੂੰ ਤੁਸੀਂ ਕਨੇਡਾ ਹੀ ਰਹਿਣ ਦੇਂਦੇ। ਜਾਂ ਤੁਸੀਂ ਕਨੇਡਾ ਰਹਿ ਜਾਣਾ ਸੀ ਤੇ ਮੈਂ ਆਪੇ ਪਿੰਡ ਜਾ ਵੜਦੀ। ਪਿੰਡ ਕਿਉਂ ਜਾਂਦੀ ? ਸਿੱਧੀ ਪੇਕੇ ਪਿੰਡ ਜਾ ਬਹਿੰਦੀ। ਨਾਂ ਅੱਗੇ ਨਾ ਪਿੱਛੇ। ਵਿਚ ਵਿਚਾਲੇ, ਅੱਧ ਅੱਧਵਾਟੇ। ਮੈਂ ਨਹੀਂ ਜਾਣਾ, ਜਾਣੂੰ ਪਛਾਣੂੰ ਪਰਵਾਰਾਂ ਨਾਲ। ਮੈਂ ਆਪੇ ਚਲੀ ਜਾਉਂ। ਕੱਲੀ ਕਾਰੀ। ਮੇਰੇ ਬੱਚਿਆਂ ਦਾ ਸਤਗੁਰ ਰਾਖਾ। ਤੁਸੀਂ ਲੈ ਜਾਓ ਕਰਤਾਰ ਸਿੰਘ ਨੂੰ ਵੀ ਆਪਣੇ ਨਾਲ। ਮੈਂ ਆਪੇ, ਮੈਂ ਆਪੇ...।" ਕਹਿੰਦੀ ਹੋਈ ਕਰਤਾਰ ਕੌਰ ਰੁਕ ਗਈ। ਉਸ ਦਾ ਗਲਾ ਭਰ ਆਇਆ।

ਭਾਈ ਸਾਹਬ ਹੱਥ ਮੂੰਹ ਧੋ ਰਹੇ ਸਨ। ਉਨ੍ਹਾਂ ਦੀ ਪਿੱਠ ਕਰਤਾਰ ਕੌਰ ਵਲ ਸੀ। ਉਨ੍ਹਾਂ ਦਾ ਮਨ ਕੀਤਾ ਕਿ ਕਰਤਾਰ ਕੌਰ ਨੂੰ ਘੁੱਟ ਕੇ ਜੱਫੀ ਵਿਚ ਲੈ ਲੈਣ। ਹਰਿਦਿਆਲ ਸਿੰਘ ਨੂੰ ਛਾਤੀ ਨਾਲ ਲਾ ਲੈਣ। ਬੱਚੀਆਂ ਨੂੰ ਉਠਾ ਕੇ ਉਨ੍ਹਾਂ ਨਾਲ ਖੇਡਣ ਪਰ ਉਨ੍ਹਾਂ ਆਪਣੇ ਮਨ ਨੂੰ ਜਬਤ ਵਿਚ ਰਖਦਿਆਂ, ਲਾਲਟੈਨ ਦੀ ਬੱਤੀ ਨਿਮ੍ਹੀ ਕਰਦਿਆਂ ਕਿਹਾ—"ਭੁੱਖ ਬੜੀ ਲੱਗੀ ਹੈ ਪਰ ਕੁਝ ਖਾਣ ਨੂੰ ਮਨ ਨਹੀਂ ਕਰਦਾ। ਹੁਣ ਬਿਰਾਜ ਜਾਓ। ਤੜਕੇ ਹੀ ਭਾਈ ਭਗਵਾਨ ਸਿੰਘ ਜੀ ਨੇ ਆ ਜਾਣਾ ਹੈ।"

ਏਨੀ ਦੇਰ ਨੂੰ ਹਰਿਦਿਆਲ ਸਿੰਘ ਉੱਠ ਬੈਠਾ—"ਬਾਪੂ-ਬਾਪੂ",

ਭਾਈ ਸਾਹਬ ਨੇ ਹਰਿਦਿਆਲ ਸਿੰਘ ਨੂੰ ਚੁੱਕ ਕੇ, ਆਪ ਲੇਟਦਿਆਂ, ਉਸ ਨੂੰ ਆਪਣੀ ਛਾਤੀ ਉੱਤੇ ਲਿਟਾ ਲਿਆ। ਉਹ ਲੇਟਣ ਸਾਰ ਸੌਂ ਗਿਆ। ਭਾਈ ਸਾਹਬ ਅਜੇ ਵੀ, ਆਪਣੇ ਪਿਆਰੇ ਬੱਚੇ ਦੀ ਪਿੱਠ ਮਲ ਰਹੇ ਸਨ। ਪੱਤਨੀ ਤੇ ਬੱਚਿਆਂ ਦੇ ਵਿਛੋੜੇ ਦਾ ਸਮਾਂ ਨੇੜੇ ਆਉਂਦਾ ਜਾਣ ਕੇ, ਉਨ੍ਹਾਂ ਦਾ ਦਿਲ ਧੱਡਕਣ ਲੱਗ ਪਿਆ ਸੀ। ਉਨ੍ਹਾਂ ਦੇ ਕੰਨ ਦਿਲ ਦੀ ਧੜਕਣ ਦੀ ਅਵਾਜ਼ ਸੁਣ ਰਹੇ ਸਨ।

੯

ਸੂਰਜ ਦੀਆਂ ਪਹਿਲੀਆਂ ਕਿਰਨਾਂ ਨਿਕਲੀਆਂ ਹੀ ਸਨ ਕਿ ਭਾਈ ਕਰਤਾਰ ਸਿੰਘ ਤਿਆਰ ਹੋ ਕੇ ਹੋਟਲ ਦੇ ਬਾਹਰ ਹੋ ਖਲੋਤਾ। ਹੋਟਲ ਦਾ ਮਾਲਕ ਚੀਨਾ ਤੇ ਚੀਨਣ ਉਸ ਵਲ ਹੱਥ ਹਿਲਾ ਕੇ ਬਾਹਰ ਨਿਕਲ ਗਏ। ਕਰਤਾਰ ਸਿੰਘ ਟਹਿਲਦਾ ਟਹਿਲਦਾ ਮੂੰਹ ਵਿਚ ਹੀ ਪਾਠ ਕਰ ਰਿਹਾ ਜਾਪਦਾ ਸੀ। ਉਸ ਨੂੰ ਭਗਵਾਨ ਸਿੰਘ ਦੀ ਉਡੀਕ ਸੀ ਪਰ ਉਸ ਨੇ ਦੂਰੋਂ ਠਾਕਰ ਸਿੰਘ ਨੂੰ ਆਉਂਦੀਆਂ ਵੇਖਿਆ। ਦੋਹਾਂ ਨੇ ਇਕ ਦੂਜੇ ਨੂੰ ਫ਼ਤਹ ਬੁਲਾਈ ਤੇ ਹਥ ਮਿਲਾਏ। "ਮੈਂ ਭਾਈ ਭਗਵਾਨ ਸਿਹੁੰ ਹੋਰਾਂ ਦੀ ਉਡੀਕ ਵਿਚ ਸਾਂ।" ਕਰਤਾਰ ਸਿੰਘ ਨੇ ਕਿਹਾ।

"ਰਾਤੀਂ ਗੱਲ ਵਿਗੜ ਚੱਲੀ ਸੀ। ਮਸਾਂ ਹੀ ਬੱਚ ਬਚਾਅ ਹੋਇਆ ਹੈ"

"ਕਿਉਂ ! ਕੀ ਗੱਲ ਹੋਈ ?"

"ਅੱਧੀ ਰਾਤ ਤੋਂ ਪਿੱਛੋਂ ਭਾਈ ਭਗਵਾਨ ਸਿਹੁੰ ਹੋਰੀਂ ਸਾਹੋ ਸਾਹ ਹੋਏ ਸਾਡੇ ਪਾਸ ਪਹੁੰਚੇ। ਕਹਿਣ ਲੱਗੇ ਕਿ ਚਤਰ ਸਿਹੁੰ ਨੂੰ ਸ਼ੱਕ ਪੈ ਗਿਆ ਸੀ ਕਿ ਗਫ਼ੂਰ ਉਹਦੇ ਘਰ ਦੇ ਆਲੇ ਦੁਆਲੇ ਗੇੜੇ ਮਾਰਨ ਲਗ ਪਿਆ ਸੀ। ਇਸ ਲਈ ਚੱਤਰ ਸਿਹੁੰ ਨੇ ਭਾਈ ਹੋਰਾਂ ਨੂੰ ਪਿੱਛਲੀ ਗਲੀ ਥਾਣੀ ਕੱਢ ਕੇ ਸਾਡੇ ਪਾਸ ਪਹੁੰਚਾ ਦਿੱਤਾ। ਆਪ ਪਿੱਛਲੇ ਕਦਮੀਂ ਮੁੜ

ਗਿਆ। ਫੇਰ ਅਸਾਂ ਸੋਚਿਆ ਕਿ ਸਾਰੇ ਇਕ ਥਾਂ ਇਕੱਠੇ ਨਾ ਰਹੀਏ। ਮੈਨੂੰ ਮੇਲਾ ਭਾਟੀਬੰਦ ਬਖਤੌਰ ਸਿਹੁੰ ਆਪਣੇ 'ਜਾਗੇ' ਵਾਲੀ ਥਾਂ ਲੈ ਗਿਆ। ਮੈਂ ਤਾਂ ਸਾਰੀ ਰਾਤ ਸੁੱਤਾ ਨਹੀਂ। ਮਾਂਗਣੂੰਆਂ ਨੇ ਚੂੰਡ ਕੇ ਖਾ ਲਿਐ। ਮੇਰੇ ਸਾਰੇ ਪਿੰਡੇ ਉੱਤੇ ਧੱਫੜ ਹੀ ਧੱਫੜ ਪਏ ਹੋਏ ਐ।"

ਉਸ ਨੇ ਪਿੱਛੇ ਵੇਖ ਕੇ ਸਲਾਹ ਦਿੱਤੀ "ਸਾਨੂੰ ਸਭ ਨੂੰ ਖਿੰਡ ਪੁੰਡ ਕੇ ਰਹਿਣਾ ਚਾਹੀਦੈ। ਕਿਧਰੇ ਬਿਨਾਂ ਕੁਝ ਕੰਮ ਕੀਤੇ ਇਕੱਠੇ ਹੀ ਨਾ ਫੜੇ ਜਾਈਏ। ਇਹ ਸਲਾਹ ਰਾਤੀਂ ਭਾਈ ਹੋਰਾਂ ਵੀ ਦਿੱਤੀ ਸੀ। ਉਹ ਵੀ ਆਉਣ ਵਾਲੇ ਹੀ ਹੋਣੇ ਐ।"

"ਚੱਲੋ ਫੇਰ ਆਪਾਂ ਅੰਦਰ ਚੱਲੇ ਚਲੀਏ। ਬਹੁਤੀ ਦੇਰ ਬਾਹਰ ਖਲੋਣਾ ਠੀਕ ਨਹੀਂ।"

ਕਰਤਾਰ ਸਿੰਘ ਦੇ ਪਿੱਛੇ ਪਿੱਛੇ ਠਾਕਰ ਸਿੰਘ ਉਸ ਦੇ ਕਮਰੇ ਵਿਚ ਦਾਖਲ ਹੋਇਆ ਹੀ ਸੀ ਕਿ ਭਾਈ ਸਾਹਬ ਆਪਣੇ ਕਮਰੇ ਵਿਚੋਂ ਨਿਕਲ ਕੇ ਉਸ ਦੇ ਕਮਰੇ ਵਿਚ ਜਾ ਪਹੁੰਚੇ। ਉਹ ਭਗਵਾਨ ਸਿੰਘ ਦੀ ਥਾਂ ਠਾਕਰ ਸਿੰਘ ਨੂੰ ਵੇਖ ਕੇ ਹਰਾਨ ਹੋ ਗਏ। ਠਾਕਰ ਸਿੰਘ ਨੇ ਸਾਰੀ ਗੱਲ ਦੱਸੀ। ਭਾਈ ਸਾਹਬ ਨੇ ਕਿਹਾ—"ਫਿਰ ਤਾਂ ਏਥੇ ਬੈਠ ਕੇ ਹੀ ਸਾਰੀ ਗੱਲ ਕਰਨੀ ਚਾਹੀਦੀ ਹੈ। ਅਸੀਂ ਸੋਚਦੇ ਸਾਂ ਕਿ ਕਿੱਧਰੇ ਸਮੁੰਦਰ ਕੰਢੇ ਚਲ ਬੈਠਾਂਗੇ। ਨਿੱਕੇ ਜਿਹੇ ਕਮਰੇ ਵਿਚ ਡੱਕਿਆਂ ਸਾਹ ਘੁੱਟਣ ਲੱਗ ਪਿਆ ਹੈ।"

ਭਗਵਾਨ ਸਿੰਘ ਹੋਟਲ ਪਹੁੰਚ ਕੇ ਸਿੱਧਾ ਭਾਈ ਸਾਹਬ ਦੇ ਕਮਰੇ ਵਿਚ ਜਾ ਪਹੁੰਚਾ। ਪਹਿਲੋਂ ਤਾਂ ਕਰਤਾਰ ਕੌਰ ਇਕ ਓਪਰੇ ਆਦਮੀ ਨੂੰ ਕਮਰੇ ਵਿਚ ਵੇਖ ਕੇ ਤਰੱਭਕ ਗਈ ਪਰ ਫਿਰ ਭਗਵਾਨ ਸਿੰਘ ਨੇ "ਭੈਣ ਜੀ" ਕਹਿ ਕੇ ਬੁਲਾਇਆ ਤਾਂ ਉਹ ਦੋਵੇਂ ਭੈਣ-ਭਰਾ ਇਕ ਦੂਜੇ ਦੀ ਜੱਫੀ ਵਿਚ ਲਪੇਟੇ ਗਏ। ਉਸ ਨੇ ਉਧਮ ਕੌਰ ਤੇ ਨਿਰੰਜਨ ਕੌਰ ਨੂੰ ਆਪਣੀਆਂ ਦੋਹਾਂ ਬਾਂਹਾਂ ਵਿਚ ਘੁੱਟ ਲਿਆ। ਕਰਤਾਰ ਕੌਰ ਨੇ ਕਿਹਾ—"ਇਹ ਤੁਹਾਡੇ ਚਾਚਾ ਜੀ ਹਨ।" ਉਹ ਡੌਰ ਭੌਰੀਆਂ ਹੋਈਆਂ ਭਗਵਾਨ ਸਿੰਘ ਦੇ ਚਿਹਰੇ ਵਲ ਤਕਦੀਆਂ ਰਹੀਆਂ। ਉਸ ਨੇ ਹਰਿਦਿਆਲ ਸਿੰਘ ਨੂੰ ਚੁੱਕਣਾ ਚਾਹਿਆ ਪਰ ਉਹ ਆਪਣੀ ਮਾਂ ਨਾਲ ਚੰਬੜ ਗਿਆ।

"ਬੀਰ ਜੀ! ਸਾਡੇ ਧੰਨ ਭਾਗ ਜੋ ਤੁਹਾਡੇ ਦਰਸ਼ਨ ਹੋ ਗਏ।" ਭਗਵਾਨ ਸਿੰਘ ਨੇ ਅੱਗੇ ਪਿੱਛੇ ਤੱਕ ਕੇ ਪੁੱਛਿਆ—"ਸਿੰਘ ਸਾਹਿਬ।"

"ਉਹ ਨਾਲ ਦੇ ਕਮਰੇ ਵਿਚ ਹੋਣਗੇ। ਬੀਰ ਠਾਕਰ ਸਿੰਘ ਹੋਤੀਂ ਵੀ ਆ ਗਏ ਐ ਪਰ ਸਾਡੇ ਵਲ ਨਹੀਂ ਆਏ।"

"ਚੰਗਾ! ਭੈਣ ਜੀ। ਮੈਂ ਵੀ ਜਾਂਦਾ। ਕੁਝ ਜ਼ਰੂਰੀ ਗੱਲਾਂ ਛੇਤੀ ਛੇੜੀ ਕਰਨੀਐ।"

ਉਹ ਕਮਰੇ ਵਿਚੋਂ ਬਾਹਰ ਨਿਕਲਿਆ ਹੀ ਸੀ ਕਿ ਕਰਤਾਰ ਸਿੰਘ ਦੇ ਕਮਰੇ ਵਿਚੋਂ ਭਾਈ ਸਾਹਬ ਬਾਹਰ ਨਿਕਲ ਆਏ। ਦੋਹਾਂ ਨੇ ਫਤਹ ਬੁਲਾਈ। ਮੁੜ ਦੋਵੇਂ ਕਰਤਾਰ ਸਿੰਘ ਵਾਲੇ ਕਮਰੇ ਵਿਚ ਜਾ ਦਾਖਲ ਹੋਏ। ਅੰਦਰ ਵੜਦਿਆਂ ਹੀ ਭਗਵਾਨ ਸਿੰਘ ਚੀਕੜੀ ਮਾਰ ਕੇ ਬਹਿ ਗਿਆ। ਉਸ ਨੇ ਦੱਸਣਾ ਸ਼ੁਰੂ ਕੀਤਾ—"ਚਤਰ ਸਿਹੁੰ ਨੇ ਗੁਰਦੁਆਰੇ ਦੇ ਆਲੇ ਦੁਆਲੇ ਦੀ ਡੀਊਟੀ ਆਪ ਮੰਗ ਕੇ ਲਈ ਸੀ। ਗਫੂਰ ਰਾਹੀਂ ਜਾਂ ਕਿਸੇ ਹੋਰ ਕਾਰਨ ਉਸ ਦ ਇਨਸਪੈੱਕਟਰ ਨਾਦਰ ਖਾਨ ਨੂੰ ਸ਼ੱਕ ਪੈ ਗਿਐ ਕਿ ਚੱਤਰ ਸਿਹੁੰ ਨੇ ਆਪ ਮੰਗ ਕੇ ਕਿਉਂ ਆਪਣੀ ਡੀਊਟੀ ਲੁਆਈ ਐ। ਚੱਤਰ ਸਿਹੁੰ ਕਹਿੰਦਾ ਐ ਕਿ ਗਫੂਰ ਉਸ ਦਾ ਪਿੱਛਾ ਕਰਨ ਲਗ ਪਿਐ। ਇਸ ਲਈ ਮੁੜ ਕੇ ਚੱਤਰ ਸਿਹੁੰ ਦੇ ਡੇਰੇ ਜਾਣ ਦਾ ਸੁਆਲ ਪੈਦਾ ਨਹੀਂ ਹੋਂਦਾ।"

"ਦੂਜੀ ਗੱਲ ਚਤਰ ਸਿਹੁੰ ਨੇ ਇਹ ਦੱਸੀ ਐ ਕਿ ਸਰਕਾਰ ਨੇ ਲਾਹੌਰ ਤੋਂ ਕੁਝ ਪੰਜਾਬੀ ਪੁਲਸੀਏ ਮੰਗਵਾਏ ਐ ਜੋ ਚਿੱਟੇ ਕਪੜਿਆਂ ਵਿਚ ਮਲਾਇਆ ਦੀਆਂ ਸਾਰੀਆਂ ਘਾਟਾਂ ਉੱਤੇ ਹਲਕਾਏ ਕੁੱਤਿਆਂ ਵਾਂਗੂੰ ਫਿਰ ਰਹੇ ਐ। ਸਰਕਾਰ ਚਾਹੁੰਦੀ ਐ ਕਿ ਗਦਰੀਆਂ ਨੂੰ ਦੇਸ ਪਹੁੰਚਣ ਤੋਂ ਪਹਿਲੋਂ ਹੀ ਦਬੋਚ ਲਿਆ ਜਾਏ। ਇਸ ਲਈ ਸਾਨੂੰ ਬਹੁਤ ਛੇਤੀ ਖਿੰਡ ਪੁੰਡ ਜਾਣਾ ਚਾਹੀਦੈ। ਮੈ ਹੁਣ ਗੁਰਦੁਆਰੇ ਵੀ ਨਹੀਂ ਜਾਣਾ। ਕਿਸੇ ਤਰ੍ਹਾਂ ਭਾਈ ਜੋਗਾ ਸਿਹੁੰ ਹੋਰਾਂ ਨੂੰ ਕਿਧਰੇ ਬਾਹਰ ਬੁਲਾ ਕੇ, ਮਿਲ ਕੇ, ਮਨੀਲੇ ਪਹੁੰਚਣ ਦੀ ਕਰਾਂਗਾ। ਮੇਰਾ ਉਥੋਂ ਦਾ ਸਾਰਾ ਕੰਮ ਅਧੂਰਾ ਪਿਐ। ਅੱਜੇ ਤੱਕ ਹੱਥਿਆਰਾਂ ਦਾ ਕੋਈ ਪੱਕਾ ਬੰਦੋਬਸਤ ਨਹੀਂ ਹੋਇਆ। ਬਸ ਥੋੜ੍ਹੇ ਜਿਹੇ ਪਟਾਕੇ ਹੀ ਦੋ ਜਰਮਨਾਂ ਰਾਹੀਂ ਚੋਂਗਮਈ ਗੁਰਦੁਆਰੇ ਦੇ ਬਾਬਾ ਵਿਸਾਵਾ ਸਿਹੁੰ ਜੀ ਨੂੰ ਪਹੁੰਚਾ ਸਕਿਆਂ। ਕੁਝ ਹੋਰ ਬੰਦੇ ਕੈਲੇਫੋਰਨੀਆ ਤੋਂ ਆ ਰਹੇ ਐ। ਰੁਪਏ ਪੈਸੇ ਬਾਰੇ ਵੀ ਜਰਮਨ ਕੌਂਸਲਰ ਨਾਲ ਗੱਲ ਬਾਤ ਕਰਨੀ ਐ।"

"ਫਿਰ ਤਾਂ ਸਾਨੂੰ ਗੱਡੀ ਰਾਹੀਂ ਹੀ ਬੈਂਕੋਕ ਜਾਣਾ ਚਾਹੀਦਾ ਹੈ।" ਭਾਈ ਸਾਹਬ ਨੇ ਆਪਣੀ ਗੱਲ ਕੀਤੀ।

"ਮੇਰਾ ਖਿਆਲ ਐ ਕਿ ਜੇ ਇਕੋ ਗੱਡੀ ਵਿਚ ਜਾਓ ਤਾਂ ਵੀ ਵੱਖੋ ਵਖਰੇ ਡੱਬਿਆ ਵਿਚ ਬੈਠੋ। ਜਦ ਰਾਹ ਵਿਚ ਆਪਸ ਵਿਚ ਗਲ ਬਾਤ ਕਰੋ ਤਾਂ ਉਹ ਵੀ ਮਤਲਬ ਦੀ ਤੇ ਬੱਚ ਕੇ ਕਰੋ।"

"ਠਾਕਰ ਸਿੰਘ ਹੋਰੀਂ ਮਲਾਈ ਵੀ ਜਾਣਦੇ ਹਨ ਤੇ ਚੀਨੀ ਵੀ ਬੋਲ ਲੈਂਦੇ ਹਨ।"

"ਫਿਰ ਤਾਂ ਹੋਰ ਵੀ ਬੜੀ ਚੰਗੀ ਗੱਲ ਐ।"

"ਮੈਂ ਤਾਂ ਕਪੜੇ ਦੇ ਅੱਠ ਥਾਨ ਵੀ ਖਰੀਦ ਲਏ ਐ। ਦੋ ਗਜ਼ ਵੀ ਖਰੀਦ ਆਂਦੇ ਐ। ਦੋਵੇਂ ਗਜ਼ ਪੁਰਾਣੇ ਵਰਤੇ ਹੋਏ ਲਿਆਂਦੇ ਐ।" ਠਾਕਰ ਸਿੰਘ ਨੇ ਦੱਸਿਆ।

ਭਗਵਾਨ ਸਿੰਘ ਨੇ ਨਜ਼ਰ ਭਰ ਕੇ, ਭਾਈ ਸਾਹਬ ਦੇ ਗੰਭੀਰ ਚਿਹਰੇ ਵਲ ਤੱਕ ਕੇ ਪੁੱਛਿਆ—"ਭੈਣ ਜੀ ਤੇ ਬੱਚੇ।" ਉਸ ਦੀ ਗਲ ਵਿਚੋਂ ਹੀ ਫੜ ਕੇ ਭਾਈ ਸਾਹਬ ਨੇ ਦੱਸਿਆ—"ਕਰਤਾਰ ਕੌਰ ਜੀ ਪਹਿਲੋਂ ਤਾਂ ਇਕੱਲੇ ਦੇਸ ਜਾਣਾ ਉੱਕਾ ਨਹੀਂ ਸਨ ਮੰਨਦੇ। ਹੁਣ ਵੀ ਉਤੋਂ ਉਤੋਂ ਅੜੇ ਹੋਏ ਹਨ ਪਰ ਜਾਪਦਾ ਹੈ ਕਿ ਮਜਬੂਰ ਹੋ ਕੇ ਉਨ੍ਹਾਂ ਆਪਣੇ ਅੰਦਰਲੇ ਨੂੰ ਇਕੱਲੇ ਜਾਣ ਲਈ ਮਨਾਉਣਾ ਸ਼ੁਰੂ ਕਰ ਦਿੱਤਾ ਹੈ। ਰਜ਼ਾ ਵਿਚ ਰਾਜ਼ੀ ਹੋਣ ਲਈ, ਆਪਣੇ ਮਨ ਉੱਤੇ ਕਾਬੂ ਪਾਉਣ ਦਾ ਜਤਨ ਕਰ ਰਹੇ ਹਨ। ਬਾਕੀ ਭਾਈ ਕਰਤਾਰ ਸਿੰਘ ਹੋਰੀਂ ਉਨ੍ਹਾਂ ਦੇ ਨਾਲ ਜਾਣਗੇ ਹੀ।" ਉਨ੍ਹਾਂ ਕਰਤਾਰ ਸਿੰਘ ਵਲ ਤੱਕਿਆ। ਉਸ ਦਾ ਚਿਹਰਾ ਭੱਖ ਉੱਠਿਆ ਸੀ। ਉਸ ਦੀਆਂ ਅੱਖਾਂ ਲਾਲ ਸਨ ਪਰ ਉਸ ਨੇ ਭਾਈ ਸਾਹਬ ਵਲ ਇਕ ਭਰਵੀਂ ਨਜ਼ਰ ਸੁੱਟ ਕੇ ਨੀਵੀਂ ਪਾ ਲਈ। ਭਾਈ ਸਾਹਬ ਨੇ ਆਪਣੇ ਮਨ ਹੀ ਮਨ ਵਿਚ ਵਿਚਾਰ ਲਿਆ ਕਿ ਕਰਤਾਰ ਸਿੰਘ ਉਨ੍ਹਾਂ ਦੇ ਕਹੇ ਨੂੰ ਮੋੜਨ ਦੀ ਹਿੰਮਤ ਨਹੀਂ ਕਰ ਸਕਦਾ। ਉਹ ਕਰਤਾਰ ਸਿੰਘ ਤੋਂ ਕੁਝ ਦੂਰ ਬੈਠੇ ਸਨ। ਉਨ੍ਹਾਂ ਕਰਤਾਰ ਸਿੰਘ ਦੇ ਨੇੜੇ ਹੋ ਕੇ ਉਸ ਨੂੰ ਆਪਣੀ ਸੱਜੀ ਬਾਂਹ ਵਿਚ ਲਪੇਟ ਲਿਆ। ਨਾ ਭਾਈ ਸਾਹਬ ਕੁਝ ਬੋਲੇ ਤੇ ਨਾ ਹੀ ਕਰਤਾਰ ਸਿੰਘ ਦੇ ਮੂੰਹੋਂ ਕੋਈ ਗਲ ਨਿਕਲੀ। ਭਾਈ ਸਾਹਬ ਨੂੰ ਜਾਪਿਆ ਕਿ ਉਹ ਅਜੇ ਵੀ ਅੰਦਰੋਂ ਅੰਦਰੀ ਵਿਸ ਘੋਲ ਰਿਹਾ ਸੀ। ਉਨ੍ਹਾਂ ਕਰਤਾਰ ਸਿੰਘ ਦਾ ਖੱਬਾ ਗੋਡਾ ਫੜ ਕੇ ਪੈਰਾਂ ਨੂੰ ਹੱਥ ਲਾਉਣਾ ਚਾਹਿਆ ਪਰ ਕਰਤਾਰ ਸਿੰਘ ਨੇ

ਆਪਣੇ ਦੋਵੇਂ ਪੈਰ ਚੌਂਕੜੀ ਹੇਠਾਂ ਲੁਕਾ ਕੇ, ਭਾਈ ਸਾਹਬ ਦੇ ਦੋਵੇਂ ਹੱਥ ਆਪਣੇ ਹੱਥਾਂ ਵਿਚ ਫੜ ਕੇ ਆਪਣੇ ਮੱਥੇ ਉੱਤੇ ਰੱਖ ਲਏ ।

ਕਮਰੇ ਵਿਚ ਗੰਭੀਰਤਾ ਦਾ ਰਾਜ ਛਾਇਆ ਹੋਇਆ ਸੀ । ਸਭ ਚੁੱਪ ਸਨ । ਠਾਕਰ ਸਿੰਘ ਨੇ ਚੁਪ ਤੋੜਦਿਆਂ ਦੱਸਿਆ—"ਬਖਤੌਰ ਸਿਹੁੰ ਪਤਾ ਕਰਨ ਗਿਆ ਸੀ । ਉਹ ਕਹਿੰਦੈ ਕਿ ਕਲ ਰਾਤ ਨੂੰ ਜਾਰਡੀਨ ਕੰਪਨੀ ਦਾ ਜਹਾਜ਼ ਦੇਸ ਨੂੰ ਜਾ ਰਿਹੈ । ਜਹਾਜ਼ ਭਰਿਆ ਪਿਐ ਪਰ ਡੈੱਕ ਦੀਆਂ ਟਿਕਟਾਂ ਅੱਜ ਵੀ ਮਿਲ ਸਕਦੀਐ ।"

"ਫਿਰ ਤਾਂ ਟਿਕਟਾਂ ਲੈਣ ਦੀ ਦੇਰ ਨਹੀਂ ਕਰਨੀ ਚਾਹੀਦੀ ।" ਭਗਵਾਨ ਸਿੰਘ ਨੇ ਸਲਾਹ ਦਿੱਤੀ ।"

"ਮੈਂ ਜਾਂਦਾ ਹੀ ਬਖਤੌਰ ਸਿਹੁੰ ਨੂੰ ਕਹਿੰਦਾ ਕਿ ਟਿਕਟਾਂ ਲੈ ਆਵੈ ।" ਠਾਕਰ ਸਿੰਘ ਨੇ ਭਾਈ ਸਾਹਬ ਵਲ ਤੱਕਿਆ । ਭਾਈ ਸਾਹਬ ਨੇ ਅੱਗੋਂ ਨਰਮ ਜਿਹੀ ਅਵਾਜ਼ ਵਿਚ ਕਿਹਾ—"ਠੀਕ ਹੈ, ਠੀਕ ਹੀ ਹੈ ।"

ਠਾਕਰ ਸਿੰਘ ਬਾਹਰ ਨਿਕਲ ਤੁਰਿਆ । ਕਰਤਾਰ ਸਿੰਘ ਨਿਮੋਝੂਣਾ ਜਿਹਾ ਹੋ ਕੇ ਬਾਂਹ ਸਿਰਹਾਣੇ ਰੱਖ ਕੇ ਲੇਟ ਗਿਆ । ਭਾਈ ਸਾਹਬ ਤੇ ਭਗਵਾਨ ਸਿੰਘ ਕਮਰੇ ਦੀ ਇਕ ਗੁੱਠੇ ਲਗ ਕੇ ਕਿੰਨੀ ਦੇਰ ਹੌਲੀ ਹੌਲੀ ਗੱਲਾਂ ਕਰਦੇ ਰਹੇ ।

ਕੁਝ ਦੇਰ ਮਗਰੋਂ ਹਰਿਦਿਆਲ ਸਿੰਘ ਬੂਹੇ ਨੂੰ ਧੱਕਾ ਮਾਰ ਕੇ ਅੰਦਰ ਆ ਵੜਿਆ । ਭਾਈ ਸਾਹਬ ਨਾਲ ਜਾ ਚੰਬੜਿਆ । ਭਾਈ ਸਾਹਬ ਨੇ ਉਸ ਨੂੰ ਆਪਣੀ ਛਾਤੀ ਨਾਲ ਲਾ ਲਿਆ । ਭਗਵਾਨ ਸਿੰਘ ਦੀਆਂ ਅੱਖਾਂ ਸੱਜਲ ਹੋ ਆਈਆਂ । ਉਹ ਮਨ ਹੀ ਮਨ ਵਿਚ ਸੋਚ ਰਿਹਾ ਸੀ ਕਿ ਭਾਈ ਬਲਵੰਤ ਸਿੰਘ ਦਾ ਮਨ ਕਿੰਨਾਂ ਅਡੋਲ ਹੈ । ਉਹ ਮਨ ਹੀ ਮਨ ਵਿਚ ਸੋਚ ਰਿਹਾ ਸੀ ਕਿ ਜੇ ਭਾਈ ਬਲਵੰਤ ਸਿੰਘ ਜਿੰਨੀ ਅਡੋਲਤਾ ਉਸ ਨੂੰ ਵੀ ਮਿਲ ਸਕੇ ਤਾਂ ਉਹ ਕਿੰਨਾ ਵਡਭਾਗੀ ਹੋਵੇਗਾ । ਉਸ ਦੇ ਮੂੰਹੋਂ ਉੱਚੀ ਸਾਰੀ ਨਿਕਲ ਗਿਆ—"ਸਿੰਘ ਸਾਹਿਬ, ਸਿੰਘ ਸਾਹਿਬ !" ਭਗਵਾਨ ਸਿੰਘ ਦੀ ਗੜਕਵੀਂ ਅਵਾਜ਼ ਸੁਣ ਕੇ ਹਰਿਦਿਆਲ ਸਿੰਘ ਭਾਈ ਸਾਹਿਬ ਦੀ ਜੱਫੀ ਵਿਚੋਂ ਬਾਹਰ ਨਿਕਲ ਕੇ, ਬਾਹਰ ਵਲ ਭੱਜ ਉੱਠਾ । ਉਹ ਬਾਹਰ ਨਿਕਲਿਆ ਹੀ ਸੀ ਕਿ "ਸਿੰਘ ਸਾਹਿਬ, ਸਿੰਘ ਸਾਹਿਬ" ਕਹਿੰਦਿਆਂ ਭਗਵਾਨ ਸਿੰਘ ਨੇ ਭਾਈ ਸਾਹਿਬ ਨੂੰ ਜੱਫੀ ਵਿਚ ਲੈ ਲਿਆ। ਉਹ ਕਿੰਨੀ ਦੇਰ ਇਕ ਦੂਜੇ ਦੀ ਜੱਫੀ ਵਿਚ ਜਕੜੇ ਰਹੇ ।

ਉਧਮ ਕੌਰ ਤੇ ਨਿਰੰਜਨ ਕੌਰ ਦੋਵੇਂ ਹੋਟਲ ਦੇ ਬਰਾਂਡੇ ਵਿਚ ਬਲੌਰੀ ਗੀਟੇ ਖੇਡ ਰਹੀਆਂ ਸਨ । ਠਾਕਰ ਸਿੰਘ ਜਹਾਜ਼ ਦੀਆਂ ਟਿਕਟਾਂ ਬਾਰੇ ਪਤਾ ਕਰਨ ਚਲਾ ਗਿਆ ਸੀ । ਭਾਈ ਸਾਹਬ ਤੇ ਕਰਤਾਰ ਸਿੰਘ, ਦੇਸ ਦੇ ਸਫਰ ਦੇ ਸੰਬੰਧ ਵਿਚ ਵਿਚਾਰਾਂ ਕਰ ਰਹੇ ਸਨ । ਭਗਵਾਨ ਸਿੰਘ, ਕਰਤਾਰ ਕੌਰ ਦੇ ਕਮਰੇ ਵਿਚ, ਹਰਿਦਿਆਲ ਸਿੰਘ ਨਾਲ ਖੇਡਣਾ ਚਹੁੰਦਾ ਸੀ ਪਰ ਉਹ ਉਸ ਤੋਂ ਡਰ ਕੇ ਆਪਣੀ ਮਾਂ ਦੀ ਕੁੱਛੜ ਜਾ ਵੜਦਾ ਸੀ । ਉਹ ਆਪਣੀ ਮਾਂ ਦੀ ਗੋਦ ਵਿਚ ਬੈਠਾ ਟਿੱਕਟਿੱਕੀ

ਲਾ ਕੇ ਭਗਵਾਨ ਸਿੰਘ ਵਲ ਤਕ ਰਿਹਾ ਸੀ। ਭਗਵਾਨ ਸਿੰਘ ਨੇ ਕਿਹਾ—"ਮੈਂ ਸ਼ਕਲੋਂ ਬਿਸ਼ਕਲ ਹੋਇਆ ਪਿਆਂ ਸ਼ਾਇਦ ਇਸ ਕਰ ਕੇ ਭੁਝੰਗੀ ਮੇਰੇ ਕੋਲ ਨਹੀਂ ਆਉਂਦਾ।"

"ਸਭ ਕਰਤਾਰ ਦੇ ਰੰਗ ਐ।" ਕਹਿ ਕੇ ਕਰਤਾਰ ਕੌਰ ਨੇ ਨੀਵੀਂ ਪਾ ਲਈ।

ਭਗਵਾਨ ਸਿੰਘ ਨੂੰ ਪਤਾ ਸੀ ਕਿ ਕਰਤਾਰ ਕੌਰ, ਭਾਈ ਸਾਹਬ ਨੂੰ ਦੇਸ ਨਾਲ ਲਿਜਾਣ ਲਈ ਸਾਰਾ ਜ਼ੋਰ ਲਾ ਰਹੀ ਸੀ। ਇਸ ਲਈ ਉਸ ਨੇ ਮੌਕਾ ਸਮਝ ਕੇ ਆਪਣੀ ਗਲ ਤੋਰ ਲਈ—"ਭੈਣ ਜੀ! ਮੈਂ ਇਕ ਗਲ ਕਰਨੀ ਚਹੁੰਦਾਂ। ਤੁਸੀਂ...।"

ਕਰਤਾਰ ਕੌਰ ਨੇ ਉਸ ਦੀ ਗਲ ਵਿਚੋਂ ਹੀ ਟੁਕ ਕੇ ਕਿਹਾ—"ਵੀਰ ਜੀ, ਮੈਨੂੰ ਪਤੈ ਜਿਹੜੀ ਗਲ ਤੁਸੀਂ ਕਰਨੀ ਐ। ਬਸ ਇਹੋ ਗਲ ਕਰਨੀ ਐ ਨਾ ਕਿ ਮੈਂ ਕੱਲੀ ਕਾਰੀ ਬੱਚਿਆਂ ਨੂੰ ਨਾਲ ਲੈ ਕੇ ਦੇਸ ਜਾ ਵੜਾਂ।"

ਕਰਤਾਰ ਕੌਰ ਦੇ ਚਿਹਰੇ ਉੱਤੇ ਆਈ ਲਾਲੀ ਵੇਖ ਕੇ ਭਗਵਾਨ ਸਿੰਘ ਨੇ ਨੀਵੀਂ ਪਾਂਦਿਆਂ ਕਿਹਾ—"ਤਿਨ ਕਉ ਕਿਆ ਉਪਦੇਸੀਐ ਜਿਨ ਗੁਰ ਨਾਨਕ ਦੇਓ,।"

"ਨਹੀਂ ਤੁਸੀਂ ਕਰੋ ਆਪਣੀ ਗੱਲ। ਮੈਂ ਸੁਣਦੀ ਆਂ।"

"ਭੈਣ ਜੀ! ਮੈਨੂੰ ਤਾਂ ਉਹ ਦ੍ਰਿਸ਼ ਯਾਦ ਆ ਰਿਹਾ ਐ ਜਦ ਸ੍ਰੀ ਗੁਰੂ ਤੇਗ ਬਹਾਦਰ ਜੀ, ਦਿੱਲੀ ਵਲ ਤੁਰਨ ਵਾਲੇ ਸਨ। ਮਾਤਾ ਗੁਜਰੀ ਜੀ ਉਸ ਵੇਲੇ ਉਨ੍ਹਾਂ ਪਾਸ ਖਲੋਤੇ ਹੋਣਗੇ। ਦਸਮ ਪਾਤਸ਼ਾਹ, ਨੌ ਸਾਲ ਦੀ ਅਵਸਥਾ ਵਿਚ ਆਪਣੇ ਪਿਤਾ ਦੇ ਚਿਹਰੇ ਵਲ ਤਕ ਰਹੇ ਹੋਣਗੇ। ਮਾਤਾ ਗੁਜਰੀ ਦੇ ਮਨ ਵਿਚ ਹੌਲ ਪੈਂਦੇ ਹੋਣਗੇ ਫਿਰ ਵੀ ਰਜ਼ਾ ਵਿਚ ਰਹਿਣ ਦੀ ਬਖਸ਼ਸ਼ ਦਾ ਭਰਪੂਰ ਛਿੱਟਾ ਉਨ੍ਹਾਂ ਆਪਣੇ ਆਲੇ ਦੁਆਲੇ ਦੇਂਦਿਆਂ ਦਿਲ ਉੱਤੇ ਹੱਥ ਰੱਖ ਕੇ ਉਨ੍ਹਾਂ ਆਪਣੇ ਪਤੀ ਨੂੰ ਆਪ ਤੋਰਿਆ ਹੋਵੇਗਾ।

ਕਰਤਾਰ ਕੌਰ ਨੇ ਨੀਵੀਂ ਪਾਈ ਹੋਈ ਸੀ। ਹਰਿਦਿਆਲ ਸਿੰਘ ਭੱਜ ਕੇ ਆਪਣੀਆਂ ਭੈਣਾਂ ਕੋਲ ਜਾ ਖਲੋਤਾ। ਭਗਵਾਨ ਸਿੰਘ ਨੇ ਆਪਣੀ ਗਲ ਜਾਰੀ ਰੱਖੀ—"ਅਸੀਂ ਆਪਣੇ ਸਤਗੁਰਾਂ ਦੇ ਕਰਤਬਾਂ ਦੀ ਰੀਸ ਕਰਨ ਦੀ ਗਲ ਤਕ ਨਹੀਂ ਸੋਚ ਸਕਦੇ ਪਰ ਉਨ੍ਹਾਂ ਦੇ ਪਾਏ ਪੂਰਨਿਆਂ ਉੱਤੇ ਤਾਂ ਚਲਣ ਦਾ ਜਤਨ ਕਰ ਸਕਦੇ ਆਂ।

"ਮੈਂ ਤਾਂ ਮਾਤਾ ਗੁਜਰੀ ਦੇ ਚਰਨਾਂ ਦੀ ਖਾਕ ਵੀ ਨਹੀਂ।"

"ਠੀਕ ਐ! ਅਸੀਂ ਵੀ ਤਾਂ ਸਤਗੁਰਾਂ ਤੇ ਮਾਤਾ ਗੁਜਰੀ ਦੇ ਪਾਏ ਪੂਰਨਿਆਂ ਦੀ ਗਲ ਹੀ ਕਰ ਰਹੇ ਹਾਂ। ਮਜ਼ਲੂਮਾਂ ਉੱਤੇ ਹੋ ਰਹੇ ਜੁਲਮਾਂ ਦਾ ਖਾਤਮਾ ਕਰਨ ਲਈ ਹੀ ਸਤਗੁਰਾਂ ਦਿੱਲੀ ਵਲ ਕਦਮ ਉਠਾਇਆ ਸੀ। ਜ਼ਾਲਮ ਤੇ ਜ਼ੁਲਮ ਦਾ ਮੁਕਾਬਲਾ ਕਰਨਾ ਜੋਧਿਆਂ ਦਾ ਕਰਤੱਵ ਐ। ਅਸੀਂ ਜੋਧੇ ਨਹੀਂ ਪਰ ਜੋਧਿਆਂ ਦੇ ਪੂਰਨਿਆਂ ਉੱਤੇ ਚਲਣ ਦਾ ਤੁੱਛ ਜਿਹਾ ਹੱਲਾ ਮਾਰਨਾ ਚਹੁੰਦੇ ਆਂ।" ਕਹਿ ਕੇ ਭਗਵਾਨ ਸਿੰਘ ਚੁੱਪ ਹੋ ਗਿਆ।

ਕਰਤਾਰ ਕੌਰ ਨੇ ਨਜ਼ਰ ਉੱਚੀ ਕਰਦਿਆਂ ਥਰਰਾਂਦੀ ਅਵਾਜ਼ ਵਿਚ ਪੁੱਛਿਆ—"ਫਿਰ ਬੀਰ ਕਰਤਾਰ ਸਿਹੁੰ ਨੂੰ ਸਾਡੇ ਨਾਲ ਭੇਜਣ ਦੀ ਕੀ ਲੋੜ ਐ? ਅਸੀਂ ਆਪੇ ਚਲੇ ਜਾਂਗੇ। ਮੈਨੂੰ ਪਿੰਡ ਦਾ ਰਾਹ ਨਹੀਂ ਪਤਾ?"

"ਜਾਪਦੈ ਸਿੰਘ ਸਾਹਿਬ ਨੇ ਤੁਹਾਡੇ ਨਾਲ ਪੂਰੀ ਗੱਲ ਨਹੀਂ ਕੀਤੀ।"

"ਉਹ ਮੇਰੇ ਨਾਲ ਓਨੀ ਈ ਗੱਲ ਕਰਦੇ ਐ, ਜਿੰਨੀ ਲੋੜ ਹੋਂਦੀ ਐ। ਹੋਰ ਲੋਕਾਂ ਨਾਲ ਬਥੇਰੀਆਂ ਗੱਲਾਂ ਕਰਦੇ ਐ।"

"ਕਰਤਾਰ ਸਿਹੁੰ ਨੇ ਤਾਂ ਦੇਸ ਜਾਣਾ ਹੀ ਜਾਣਾ ਐ। ਪਾਰਟੀ ਨੇ ਉਹਦੀ ਡਿਊਟੀ ਲਾਈ ਹੋਈ ਐ।"

"ਫੇਰ ਸਿੱਧੀ ਗੱਲ ਕਰੋ ਕਿ ਬੀਰ ਜੀ ਸਾਡੇ ਕਰ ਕੇ ਨਹੀਂ ਦੇਸ ਜਾ ਰਹੇ।"

"ਦੋਵੇਂ ਗੱਲਾਂ ਹੋ ਜਾਣਗੀਆਂ। ਨਾਲੇ ਉਹ ਆਪਣੀ ਡਿਊਟੀ ਤੇ ਜਾਣਗੇ ਨਾਲੇ ਤੁਹਾਡਾ ਸਾਥ ਹੋ ਜਾਏਗਾ।"

"ਅਸਲੀ ਗੱਲ ਦਾ ਹੁਣ ਪਤਾ ਲੱਗੈ। ਕਹਿੰਦੇ ਸੀ ਬੀਰ ਜੀ ਸਾਨੂੰ ਪਿੰਡ ਛੱਡਣ ਲਈ ਜਾਣਗੇ।"

ਹਰਿਦਿਆਲ ਸਿੰਘ, ਭੈਣਾਂ ਦੇ ਗੀਟੇ ਫੜ ਲੈਂਦਾ ਸੀ। ਉਹ ਰੌਲਾ ਪਾਂਦੀਆਂ ਸਨ। ਰੌਲਾ ਸੁਣ ਕੇ ਭਾਈ ਸਾਹਬ ਕਰਤਾਰ ਸਿੰਘ ਦੇ ਕਮਰੇ ਵਿਚੋਂ ਬਾਹਰ ਨਿਕਲ ਆਏ। ਉਨ੍ਹਾਂ ਹਰਿਦਿਆਲ ਸਿੰਘ ਨੂੰ ਚੁੱਕ ਲਿਆ। ਉਹ ਲੱਤਾਂ ਮਾਰ ਰਿਹਾ ਸੀ। ਕਰਤਾਰ ਕੌਰ ਨੇ ਉਠ ਕੇ ਹਰਿਦਿਆਲ ਸਿੰਘ ਨੂੰ ਵਰਾਉਣਾ ਸ਼ੁਰੂ ਕਰ ਦਿੱਤਾ।

੧੧

"ਸਿੰਘ ਸਾਹਿਬ! ਤੁਸੀਂ ਭੈਣ ਜੀ ਨੂੰ ਨਹੀਂ ਦੱਸਿਆ ਕਿ ਕਰਤਾਰ ਸਿਹੁੰ ਹੋਰੀਂ ਕੇਵਲ ਉਹਨਾਂ ਨੂੰ ਹੀ ਪਿੰਡ ਛੱਡਣ ਨਹੀਂ ਜਾ ਰਹੇ, ਇਨ੍ਹਾਂ ਦੀ ਆਪਣੀ ਡਿਊਟੀ ਦੇਸ ਜਾ ਕੇ ਕੰਮ ਕਰਨ ਦੀ ਲੱਗੀ ਹੋਈ ਐ।"

"ਦੱਸਣ ਦੀ ਲੋੜ ਹੀ ਨਹੀਂ ਜਾਪਦੀ। ਜਿਹੜੀ ਗੱਲ ਦਾ ਉਹਨਾਂ ਨਾਲ ਸੰਬੰਧ ਹੀ ਨਹੀਂ, ਉਸ ਗੱਲ ਨੂੰ ਉਹਨਾਂ ਪਾਸ ਕਰਨ ਦੀ ਲੋੜ ਹੀ ਕੀ ਐ!"

"ਮੈਂ ਤਾਂ ਭੈਣ ਜੀ ਨੂੰ ਦਸ ਦਿੱਤਾ ਐ ਕਿ ਕਰਤਾਰ ਸਿਹੁੰ ਹੋਰਾਂ ਦੀ ਡਿਊਟੀ ਦੇਸ ਦੀ ਐ। ਉਹ ਤੁਹਾਨੂੰ ਪਿੰਡ ਛੱਡ ਆਉਣਗੇ। ਉਹ ਕਹਿਣ ਲੱਗੇ ਮੈਨੂੰ ਕਿਹੜਾ ਪਿੰਡ ਦਾ ਰਾਹ ਨਹੀਂ ਆਉਂਦਾ।"

ਜ਼ਰਾ ਰੁੱਕ ਕੇ ਭਗਵਾਨ ਸਿੰਘ ਨੇ ਦੱਸਿਆ—"ਮੈਂ ਸਮਝਿਆ ਕਿ ਭੈਣ ਜੀ ਨੂੰ ਇਹ ਗੱਲ ਦਸ ਦੇਣ ਦਾ ਉੱਕਾ ਕੋਈ ਹਰਜ ਨਹੀਂ। ਚੰਗਾ ਹੋਂਦਾ ਜੇ ਤੁਸੀਂ ਆਪ ਹੀ ਭੈਣ ਜੀ ਨਾਲ ਜ਼ਿਕਰ ਕਰ ਦੇਂਦੇ।"

ਭਗਵਾਨ ਸਿੰਘ ਦੀ ਗੱਲ ਵਿਚੋਂ ਹੀ ਟੁਕ ਕੇ ਕਰਤਾਰ ਸਿੰਘ ਨੇ ਪੁੱਛਿਆ—"ਮੈਂ ਬੜਾ ਹੈਰਾਨ ਆਂ, ਮੇਰੀ ਡਿਊਟੀ ਦੇਸ ਜਾਣ ਦੀ ਲੱਗੀ ਐ ਤੇ ਮੈਨੂੰ ਕੁਝ ਪਤਾ ਈ ਨਹੀਂ।"

ਭਗਵਾਨ ਸਿੰਘ ਨੇ ਭਾਈ ਸਾਹਬ ਵਲ ਤੱਕਿਆ। ਭਾਈ ਸਾਹਬ ਨੇ ਕਿਹਾ—"ਹੁਣ ਵੇਲਾ ਬਿਲਕੁਲ ਨੇੜੇ ਆ ਗਿਆ ਹੈ ਕਰਤਾਰ ਸਿੰਘ ਜੀ ਨੂੰ ਇਹਨਾਂ ਦੀ ਡੀਊਟੀ ਦੱਸਣ ਦਾ।"

"ਭਾਈ ਸਾਹਬ! ਜੇ ਤੁਸੀਂ ਮੈਨੂੰ ਪਹਿਲੋਂ ਹੀ ਦਸ ਦਿੰਦੇ ਕਿ ਪਾਰਟੀ ਨੇ ਮੇਰੀ ਡਿਊਟੀ ਦੇਸ ਜਾ ਕੇ ਕੰਮ ਕਰਨ ਲਈ ਲਾਈ ਐ ਤਾਂ ਮੈਂ ਤੁਹਾਡੇ ਨਾਲ ਜਾਣ ਦੀ ਅੜੀ ਹੀ ਨਾ ਕਰਦਾ।"

"ਮੈਂ ਇਹ ਯੋਗ ਸਮਝਿਆ ਕਿ ਤੁਹਾਨੂੰ ਜਾਣ ਲੱਗਿਆਂ ਦੀ ਦੱਸਾਂਗੇ।"

ਕਰਤਾਰ ਸਿੰਘ ਨੇ ਇਕ ਭਰਵੀਂ ਨਜ਼ਰ, ਭਾਈ ਸਾਹਬ ਦੇ ਭੱਖਦੇ ਚਿਹਰੇ ਉੱਤੇ ਸੁਟ ਕੇ ਨੀਵੀਂ ਪਾ ਲਈ। ਭਾਈ ਸਾਹਬ ਨੇ ਆਪਣੇ ਥੈਲੇ ਵਿਚੋਂ ਕਾਗਜ਼ਾਂ ਦੀ ਇਕ ਥੱਬੀ ਕਢਦਿਆਂ ਭਗਵਾਨ ਸਿੰਘ ਦੇ ਹੱਥ ਫੜਾ ਦਿੱਤੀ। ਭਗਵਾਨ ਸਿੰਘ ਨੇ ਕਾਗਜ਼ ਉਲੱਲ ਪੁਥੱਲ ਕੇ ਵੇਖੇ। ਕਰਤਾਰ ਸਿੰਘ ਨੇ ਕਾਗਜ਼ਾਂ ਉੱਤੇ ਨਜ਼ਰ ਟਿਕਾਂਦਿਆਂ ਕਿਹਾ—"ਲਿਖ ਦਿਓ ਜੋ ਸੁਨੇਹਾ ਪਤਾ ਲਿਖਣੈ, ਜੀਹਨੂੰ ਦੇਣੈ।"

ਕਰਤਾਰ ਸਿੰਘ ਦੀ ਗੱਲ ਸੁਣ ਕੇ ਭਗਵਾਨ ਸਿੰਘ ਮੁਸਕਰਾ ਪਿਆ। "ਕਰਤਾਰ ਸਿੰਘ ਜੀ! ਇਹ ਸਾਰੇ ਕਾਗਜ਼ ਕੋਰੇ ਦਿਸਦੇ ਹਨ ਪਰ ਇਹਨਾਂ ਉੱਤੇ ਸਭ ਸੁਨੇਹੇ ਪਤੇ ਲਿਖੇ ਹਨ। ਤੁਸੀਂ ਇਹ ਕਾਗਜ਼ ਆਪਣੇ ਹੱਥੀਂ ਜਿਨ੍ਹਾਂ ਬੰਦਿਆਂ ਨੂੰ ਪਹੁੰਚਾਣੇ ਐ ਉਹਨਾਂ ਦੇ ਨਾਂ ਪੱਤੇ ਜ਼ਬਾਨੀ ਯਾਦ ਕਰ ਲਵੋ। ਲਿਖ ਕੇ ਨਹੀਂ ਰਖਣੇ ਕਿੱਧਰੇ ਵੀ।"

ਭਾਈ ਸਾਹਬ ਨੇ ਵਿਚੋਂ ਹੀ ਗੱਲ ਫੜਦਿਆਂ ਪੁਛਿਆ—"ਕਰਤਾਰ ਸਿੰਘ ਜੀ! ਤੁਸੀਂ ਕਰਤਾਰ ਸਿੰਘ ਸਰਾਭੇ ਨੂੰ ਤਾਂ ਮਿਲੇ ਹੋਵੋਗੇ?" "ਬਸ ਮਾੜਾ ਜਿਹਾ ਜਾਣਦਾਂ। ਇਕ ਵਾਰੀ ਅਮਰੀਕਾ ਗਏ ਸਾਂ। ਕਿਸੇ ਦਵਾਨ ਵਿਚ ਬੋਲਦਾ ਵੇਖਿਆ ਸੀ। ਛੁੱਕਾਂ ਬਾਂਕਾ ਜਿਹੈ। ਮੈਂ ਉਹਨੂੰ ਪਛਾਣ ਲਊਂ। ਪਛਾਣਨੋ ਨਹੀਂ ਛੱਡਦਾ।"

"ਸ਼ਾਇਦ ਉਹਨੇ ਵੀ ਮੇਰੇ ਵਾਂਗੂ ਆਪਣਾ ਹੁਲੀਆ ਬਦਲਿਆ ਹੋਵੇ।" ਭਗਵਾਨ ਸਿੰਘ ਨੇ ਕਿਹਾ।

"ਸੋ ਵਾਹੀ ਬਦਲ ਲਵੇ। ਉਹ ਬੋਲਿਆ ਨਹੀਂ ਕਿ ਮੈਂ ਪਛਾਣਿਆ ਨਹੀਂ।"

"ਜੇ ਕਰਤਾਰ ਨੂੰ ਲੱਭ ਲਓ ਤਾਂ ਫੇਰ ਗੱਲ ਈ ਮੁੱਕ ਗਈ। ਇਹ ਸਾਰੇ ਕਾਗਜ਼ ਉਹਨੂੰ ਦੇ ਦੇਣੇ। ਹੋ ਸਕਦੈ ਉਹ ਨਾਂ ਮਿਲੇ। ਜੇ ਉਹ ਨਾਂ ਲੱਭੇ ਤਾ ਸੋਹਣ ਸਿਹੁ ਭਕਨੇ ਜਾਂ ਕੇਸਰ ਸਿਹੁ ਠਠਗੜ੍ਹ ਨੂੰ ਜਾ ਦੇਣੇ।"

ਮੈਂ ਇਹਨਾਂ ਦੋਹਾਂ ਨੂੰ ਵੀ ਪਛਾਣਦਾਂ ਚੰਗੀ ਤਰ੍ਹਾਂ।"

"ਬਸ ਫੇਰ ਤਾਂ ਗੱਲ ਹੋਰ ਵੀ ਸੌਖੀ ਹੋ ਗਈ।" ਭਗਵਾਨ ਸਿੰਘ ਨੇ ਕਿਹਾ।

"ਜੇ ਉਹ ਵੀ ਨਾ ਮਿੱਲਣ ਫੇਰ?" ਕਰਤਾਰ ਸਿੰਘ ਨੇ ਸੁਆਲ ਕੀਤਾ।

ਭਾਈ ਸਾਹਬ ਤੇ ਭਗਵਾਨ ਸਿੰਘ ਦੋਵੇਂ ਸੋਚੀਂ ਪੈ ਗਏ। ਭਾਈ ਸਾਹਬ ਨੇ ਸੱਜੇ ਹੱਥ ਦੀ ਪਹਿਲੀ ਉਂਗਲ ਖੜੀ ਕਰ ਕੇ ਕਿਹਾ—"ਮੈਂ ਦਸਦਾਂ। ਬੀਬੀ ਗੁਲਾਬ ਕੌਰ ਨੂੰ ਮੈਂ ਵੇਖਿਆ ਨਹੀਂ ਪਰ ਉਸ ਬੀਬੀ ਉੱਤੇ ਮੇਰਾ ਪੱਕਾ ਭਰੋਸਾ ਹੈ। ਉਹ ਸ਼ੇਰਨੀ ਹੈ। ਉਹਦਾ ਪਿੰਡ ਬਖਸ਼ੀਵਾਲਾ, ਸੰਗਰੂਰ ਦੇ ਜ਼ਿਲ੍ਹੇ ਵਿਚ ਹੈ ਪਰ ਉਹ ਆਪਣੇ ਪਿੰਡ ਨਹੀਂ ਗਈ ਹੋਣੀ। ਜੇ ਉਹ ਕਿਧਰੇ ਮਿਲ ਪਵੇ ਤਾਂ ਉਸ ਨੂੰ ਹੀ ਦੇ ਦਿਓ, ਆਪੇ ਪਹੁੰਚਾ ਦਏਗੀ।"

"ਮੈਂ ਬੀਬੀ ਨੂੰ ਵੇਖਿਆ ਨਹੀਂ! ਜਾਣ ਪਛਾਣ ਨਹੀਂ! ਬੜੀ ਔਖੀ ਗੱਲ ਐ।" ਕਰਤਾਰ ਸਿੰਘ ਨੇ ਉੱਤਰ ਦਿੱਤਾ।

ਭਾਈ ਸਾਹਬ ਨੇ ਕਿਹਾ—"ਮੈਂ ਦਸਦਾਂ। ਭਾਈ ਜਵਾਲਾ ਸਿੰਘ ਠੱਠੀਆਂ ਵੈਨਕੂਵਰ ਆਉਂਦੇ ਜਾਂਦੇ ਰਹਿੰਦੇ ਸੀ, ਅਮਰੀਕਾ ਤੋਂ।"

"ਠੀਕ ਐ। ਮੈਂ ਉਹਨਾਂ ਨੂੰ ਜਾਣਦਾਂ।"

"ਭਾਈ ਸ਼ੇਰ ਸਿੰਘ ਵੇਈ ਪੋਈਂ ਵੀ ਉਹਨਾਂ ਨਾਲ ਦੇਸ ਗਏ ਸਨ।" ਭਗਵਾਨ ਸਿੰਘ ਨੇ ਦੱਸਿਆ।

ਕਰਤਾਰ ਸਿੰਘ ਨੇ ਕਿਹਾ—"ਮੈਂ ਭਾਈ ਸ਼ੇਰ ਸਿੰਘ ਨੂੰ ਨਹੀਂ ਜਾਣਦਾ।"

"ਕੋਈ ਤਾਂ ਮਿਲੂ ਹੀ। ਜਿਹੜਾ ਪਹਿਲੋਂ ਮਿਲੇ ਉਹਨੂੰ ਕਾਗਜ਼ ਦੇ ਦੇਣੇ। ਉਹ ਆਪੇ ਸਰਾਭੇ ਨੂੰ ਪਹੁੰਚਾ ਦੇਣਗੇ।" ਭਗਵਾਨ ਸਿੰਘ ਨੇ ਜ਼ਰਾ ਰੁੱਕ ਕੇ ਦੱਸਿਆ—"ਕਰਤਾਰ ਸਿਹੁ ਜੀ! "ਇਹਨਾਂ ਕਾਗਜ਼ਾਂ ਵਿਚ ਕਈ ਸਫੇ ਸੁਨੇਹਿਆਂ ਪਤਿਆਂ ਲਈ ਬੰਗਾਲੀ ਵਿਚ ਵੀ ਲਿਖੇ ਹੋਏ ਐ। ਇਹ ਸਿਰਫ ਤੁਹਾਡੀ ਜਾਣਕਾਰੀ ਲਈ ਦਸ ਰਿਹਾਂ।"

ਭਾਈ ਸਾਹਬ ਨੇ ਦਖ਼ਲ ਦੇਂਦਿਆਂ ਕਿਹਾ—"ਮੈਨੂੰ ਇਕ ਹੋਰ ਜ਼ਰੂਰੀ ਨਾਮ ਯਾਦ ਆ ਗਿਆ ਹੈ। ਭਾਈ ਹਰਨਾਮ ਸਿੰਘ ਹੋਰੀਂ।" ਉਨ੍ਹਾਂ ਮੁਸਕਰਾ ਕੇ ਦੱਸਿਆ—"ਉਹਨਾਂ ਦੀ ਜਾਣ ਪਛਾਣ ਵੀ ਸੌਖੀ ਹੈ।" ਕਰਤਾਰ ਸਿੰਘ ਦੀਆਂ ਅੱਖਾਂ ਵਿਚ ਸੁਆਲੀਆ ਨਜ਼ਰ ਤਾੜ ਕੇ ਭਾਈ ਸਾਹਬ ਨੇ ਦੱਸਿਆ—"ਉਹਨਾਂ ਦੀ ਅੱਧੀ ਬਾਂਹ ਉੱਡ ਗਈ ਸੀ। ਇਸੇ ਲਈ ਉਹਨਾਂ ਨੂੰ ਟੁੰਡੀ ਲਾਟ ਕਹਿੰਦੇ ਹਨ।"

"ਮੈਂ ਉਹਨਾਂ ਦੇ ਦਰਸ਼ਨ ਨਹੀਂ ਕੀਤੇ ਪਰ ਉਹ ਤਾਂ ਲੁਧਿਆਣੇ ਦੇ ਆਲੇ ਦੁਆਲੇ ਹੀ ਸ਼ਾਇਦ ਮਿਲ ਪੈਣ।"

"ਤੁਸੀਂ ਬਹੁਤੇ ਬੰਦਿਆਂ ਨੂੰ ਜਾਣਦੇ ਹੀ ਹੋ। ਕਾਗਜ਼ ਪਹੁੰਚਾਣ ਵਿਚ ਕੋਈ ਮੁਸ਼ਕਲ ਨਹੀਂ ਆਉਣੀ। ਕੇਵਲ ਇਸੇ ਕਰਕੇ ਹੀ ਇਹ ਸੇਵਾ ਤੁਹਾਡੇ ਜ਼ਿੰਮੇਂ ਲੱਗੀ ਹੈ। ਮੈਂ ਕਈ ਵਾਰੀ ਸੋਚਿਆ ਹੈ ਕਿ ਤੁਹਾਨੂੰ ਆਪਣੇ ਨਾਲ ਲੈ ਜਾਵਾਂ ਤੇ ਠਾਕਰ ਸਿੰਘ ਹੋਰਾਂ ਨੂੰ ਦੇਸ ਭੇਜ ਦਈਏ। ਇਸ ਤਰ੍ਹਾਂ ਦੋਵੇਂ ਕੰਮ ਵਿਗੜ ਜਾਂਦੇ ਹਨ। ਠਾਕਰ ਸਿੰਘ ਹੋਰੀ ਚੀਨੀ ਤੇ ਮਲਾਈ ਜਾਣਦੇ ਹਨ। ਉਹਨਾਂ ਦੀ ਏਥੇ ਲੋੜ ਹੈ। ਤੁਸੀਂ ਸਾਰੇ ਦੇਸ-ਭਗਤਾਂ ਤੋਂ ਜਾਣੂੰ ਹੋ। ਇਸ ਲਈ ਤੁਹਾਡੀ ਦੇਸ ਲੋੜ ਹੈ। ਪਹੁੰਚੋਗੇ ਤਾਂ ਤੁਹਾਡੀ ਡਿਊਟੀ ਆਪੇ ਲਗ ਜਾਏਗੀ।

ਕਰਤਾਰ ਸਿੰਘ ਦੇ ਚਿਹਰੇ ਉੱਤੇ ਤਸੱਲੀ ਦਾ ਪਰਭਾਵ ਉੱਘੜਦਾ ਤੱਕ ਕੇ ਭਾਈ ਸਾਹਬ ਨੇ ਭਗਵਾਨ ਸਿੰਘ ਵਲ ਸੰਬੋਧਤ ਹੋ ਕੇ ਚਿਹਾ—"ਪਰਧਾਨ ਜੀ! ਹੁਣ ਤੁਸੀਂ ਹੁਕਮ ਕਰੋ ਜੋ ਕਰਨਾ ਹੈ।"

"ਮੈਂ ਪਰਧਾਨ ਪਰਧੂਨ ਕੋਈ ਨਹੀਂ। ਤੁਸੀਂ ਮੇਰਾ ਨਾਂ ਲੈ ਕੇ ਬੁਲਾਇਆ ਕਰੋ।"

"ਫਿਰ ਤੁਸੀਂ ਮੈਨੂੰ ਸਿੰਘ ਸਾਹਬ ਕਹਿ ਕੇ ਕਿਉਂ ਬੁਲਾਂਦੇ ਹੋ। ਮੇਰਾ ਨਾਮ ਲੈ ਕੇ ਕਿਉਂ ਨਹੀਂ ਬੁਲਾਂਦੇ?"

ਭਗਵਾਨ ਸਿੰਘ ਨੇ ਨੀਵੀਂ ਪਾ ਕੇ ਕਿਹਾ—"ਸਿੰਘ ਸਾਹਿਬ! ਸਤਗੁਰ ਸੱਚੇ ਪਾਤਸ਼ਾਹ ਨੇ ਜੋ ਬਖਸ਼ਸ਼ ਤੁਹਾਡੇ ਉੱਤੇ ਕੀਤੀ ਐ, ਉਸ ਦਾ ਇਕ ਕਿਣਕਾ ਸਾਨੂੰ ਵੀ ਬਖਸ਼ ਦਿਓ। ਮੈਨੂੰ ਤਾਂ ਮਾਤਾ ਗੁਜਰੀ ਦਾ ਮਿਹਰ ਭਰਿਆ ਹੱਥ ਤੁਹਾਡੇ ਸੀਸ ਉੱਤੇ ਝੁਲਦਾ ਦਿਸ ਰਿਹੈ। ਮੈਨੂੰ ਤਾਂ...।" ਗਲਾ ਭਰ ਆਉਣ ਕਰ ਕੇ ਉਹ ਆਪਣੀ ਗੱਲ ਪੂਰੀ ਨਾ ਕਰ ਸਕਿਆ।

ਇਕ ਦਮ ਭਾਈ ਸਾਹਬ ਤੇ ਭਗਵਾਨ ਸਿੰਘ ਦੀ ਜੱਫੀ ਪੈ ਗਈ। ਭਾਈ ਸਾਹਬ ਦੀ ਜੱਫੀ ਵਿਚੋਂ ਨਿਕਲਦਿਆਂ ਹੀ ਭਗਵਾਨ ਸਿੰਘ ਨੇ ਕਰਤਾਰ ਸਿੰਘ ਨੂੰ ਆਪਣੀ ਜੱਫੀ ਵਿਚ ਜਕੜ ਲਿਆ।

੧੨

ਗ਼ਦਰ ਪਾਰਟੀ ਦੇ ਸਾਹਮਣੇ ਵੱਡਾ ਨਿਸ਼ਾਨਾ ਸੀ—"ਹਿੰਦੁਸਤਾਨ ਨੂੰ ਆਜ਼ਾਦ ਕਰਾਉਣਾ।" ਪਰ ਇਸ ਨਾਲੋਂ ਵੀ ਵੱਡਾ ਮੰਤਵ ਸੀ ਕਿ ਹਿੰਦੁਸਤਾਨ ਦੇ ਆਲੇ ਦੁਆਲੇ, ਅੰਗਰੇਜ਼ਾਂ ਦੇ ਅਧੀਨ ਦੇਸਾਂ ਵਿੱਚ ਵੀ ਗ਼ਦਰ ਕਰਕੇ, ਉਨ੍ਹਾਂ ਦੇਸਾਂ ਦੇ ਲੋਕਾਂ ਨੂੰ ਜਗਾਇਆ ਜਾਏ। ਇਸ ਗੱਲ ਉੱਤੇ ਗ਼ਦਰ ਪਾਰਟੀ ਸਪੱਸ਼ਟ ਸੀ ਕਿ ਜੇ ਹਿੰਦੁਸਤਾਨ ਆਜ਼ਾਦ ਹੋ ਵੀ ਜਾਏ ਤੇ ਉਸ ਦੇ ਗੁਆਂਢੀ ਦੇਸ ਅੰਗਰੇਜ਼ਾਂ ਦੇ ਗ਼ੁਲਾਮ ਰਹਿ ਜਾਣ, ਤਾਂ ਵੀ ਹਿੰਦੁਸਤਾਨ ਦੀ ਆਜ਼ਾਦੀ ਕਾਇਮ ਰੱਖਣੀ ਔਖੀ ਹੋਵੇਗੀ। ਇਸ ਲਈ ਇਹ ਫੈਸਲਾ ਕੀਤਾ ਗਿਆ ਕਿ ਹਿੰਦੁਸਤਾਨ, ਬਰਮਾ ਤੇ ਮਲਾਯਾ ਵਿਚਲੇ ਹਿੰਦੁਸਤਾਨੀ ਫੌਜੀਆਂ ਨੂੰ ਅੰਗਰੇਜ਼ਾਂ ਦੇ ਉਲਟ ਹਥਿਆਰ ਚੁੱਕਣ ਲਈ ਉਭਾਰਿਆ ਜਾਏ। ਗ਼ਦਰ ਪਾਰਟੀ ਦੇ ਆਗੂਆਂ ਦਾ ਪੱਕਾ ਵਿਚਾਰ ਸੀ ਕਿ ਜਦ ਅੰਗਰੇਜ਼ ਜਰਮਨਾਂ ਦੇ ਖਿਲਾਫ ਜੰਗ ਵਿੱਚ ਰੁਝੇ ਹੋਏ ਹਨ ਤਾਂ ਹਿੰਦੁਸਤਾਨ, ਬਰਮਾ ਤੇ ਮਲਾਯਾ ਵਿੱਚੋਂ ਇੱਕੋ ਸਮੇਂ ਜਾਂ ਲਾਗੇ ਚਾਗੇ ਗ਼ਦਰ ਕਰਵਾ ਕੇ ਅੰਗਰੇਜ਼ਾਂ ਨੂੰ ਭੋਜਲ ਵਿੱਚ ਪਾ ਦਿੱਤਾ ਜਾਏ ਤਾਂ ਕਿ ਉਨ੍ਹਾਂ ਦੀ ਖਿੰਡਰੀ ਹੋਈ ਤਾਕਤ ਹੋਰ ਵੀ ਕਮਜ਼ੋਰ ਪੈ ਜਾਏ ਤੇ ਗ਼ਦਰ ਪਾਰਟੀ ਦੇ ਯੋਧੇ ਹਿੰਦੁਸਤਾਨ ਦੀ ਗ਼ੁਲਾਮੀ ਦੀਆਂ ਬੇੜੀਆਂ ਨੂੰ ਕੱਟਣ ਦੇ ਯੋਗ ਹੋ ਸਕਣ।

ਇਸੇ ਸਕੀਮ ਅਨੁਸਾਰ ਹਜ਼ਾਰਾਂ ਗ਼ਦਰੀ ਦੇਸ ਪਹੁੰਚ ਚੁੱਕੇ ਸਨ। ਅਮਰੀਕਾ, ਕੈਨੇਡਾ, ਸ਼ੰਘਾਈ, ਮਨੀਲਾ, ਹਾਂਗਕਾਂਗ ਤੇ ਮਲਾਯਾ ਤੋਂ ਅਨੇਕਾਂ ਯੋਧੇ ਦੇਸ ਪੁਜ ਰਹੇ ਸਨ। ਦੂਜੀ ਸ਼ਾਖ ਸੀ ਬਰਮਾ ਵਿੱਚ ਗ਼ਦਰ ਕਰਾਉਣ ਵਾਲੀ! ਪੰਡਿਤ ਸੋਹਣ ਲਾਲ ਪਾਠਕ, ਬਾਬੂ ਹਰਨਾਮ ਸਿੰਘ ਕਾਹਰੀ ਤੇ ਉਨ੍ਹਾਂ ਦੇ ਸਾਥੀ, ਸਿਆਮ ਰਾਹੀਂ ਬਰਮਾ ਵਿੱਚ ਗ਼ਦਰ ਕਰਾਉਣ ਦੇ ਜਤਨਾਂ ਵਿੱਚ ਸਨ। ਭਾਈ ਬਲਵੰਤ ਸਿੰਘ ਹੋਰੀਂ ਵੀ ਇਸੇ ਸ਼ਾਖ ਵਿੱਚ ਕੰਮ ਕਰਨ ਲਈ ਸਿਆਮ ਜਾਣ ਨੂੰ ਤਿਆਰ ਹੋ ਰਹੇ ਸਨ। ਤੀਜੀ ਸ਼ਾਖ ਸੀ ਮਲਾਯਾ ਵਿੱਚ ਫੌਜਾਂ ਵਿਗਾੜਨ ਦੀ। ਭਾਈ ਸੰਤੋਖ ਸਿੰਘ, ਹੀਰਾ ਸਿੰਘ ਚਰੜ, ਗਿਆਨ ਚੰਦ, ਮੁਜਤਬਾ ਹੁਸੈਨ ਤੇ ਹੋਰ ਕਈ ਸਾਥੀ ਗ਼ਦਰ ਦਾ ਪਰਚਾਰ ਕਰ ਗਏ ਸਨ।

ਇਸੇ ਲੜੀ ਦਾ ਇਕ ਗ਼ਦਰੀ ਹਰਨਾਮ ਸਿੰਘ ਰਸੂਲਪੁਰ ਸੀ। ਬਖਤੌਰ ਸਿੰਘ ਕਈ ਦਿਨਾਂ ਤੋਂ ਉਸ ਦੀ ਉਡੀਕ ਵਿੱਚ ਸੀ। ਭਗਵਾਨ ਸਿੰਘ ਉਸ ਨੂੰ ਮਿਲੇ ਬਿਨਾਂ, ਵਾਪਸ ਮਨੀਲੇ ਨਹੀਂ ਸੀ ਮੁੜਨਾ ਚਾਹੁੰਦਾ ਪਰ ਉਸ ਦੇ ਟਿਕਾਣੇ ਦਾ ਕਿਸੇ ਨੂੰ ਪਤਾ ਨਹੀਂ ਸੀ।

ਬਖਤੌਰ ਸਿੰਘ ਨੇ ਚੰਗੇ ਹਨੇਰੇ ਹੋਏ ਭਾਈ ਸਾਹਬ ਦਾ ਦਰਵਾਜ਼ਾ ਆ ਖੜਕਾਇਆ। ਕਰਤਾਰ ਕੌਰ ਨੇ ਉਸ ਨੂੰ ਦਸਿਆ ਕਿ ਉਹ ਕਰਤਾਰ ਸਿੰਘ ਵਾਲੇ ਕਮਰੇ ਵਿੱਚ ਬੈਠੇ ਹਨ। ਭਗਵਾਨ ਸਿੰਘ ਤੇ ਭਾਈ ਸਾਹਬ ਦੋਵੇਂ ਪਹਿਲੋਂ ਹਰਨਾਮ ਸਿੰਘ ਰਸੂਲਪੁਰੀਏ ਨੂੰ ਕਦੇ ਨਹੀਂ ਸਨ ਮਿਲੇ। ਬਖਤੌਰ ਸਿੰਘ ਨੇ ਕਮਰੇ ਅੰਦਰ ਵੜਦਿਆਂ ਹੀ ਛਾਤੀ ਚੌੜੀ ਕਰ ਕੇ ਕਿਹਾ—"ਆਹ ਲੌ ਰਸੂਲ ਪੁਰੀਆ।" ਸਭ ਦੇ ਚਿਹਰੇ ਖਿੜ ਗਏ। ਰਸੂਲਪੁਰੀਏ ਨੇ ਭਗਵਾਨ ਸਿੰਘ ਨੂੰ ਪਹਿਲੋਂ ਤਕਿਆ ਹੋਇਆ ਸੀ। ਉਸ ਨੇ ਭਗਵਾਨ ਸਿੰਘ ਨੂੰ ਝੱਟ ਪੱਟ ਪਛਾਣ ਲਿਆ। ਉਹ ਭਾਈ ਸਾਹਬ ਵੱਲ ਤੱਕਣ ਲਗਾ। ਭਗਵਾਨ ਸਿੰਘ ਨੇ ਭਾਈ ਸਹਿਬ ਦੀ ਵਾਕਫੀ ਕਰਾਂਦਿਆਂ ਦਸਿਆ—"ਇਹ ਹਨ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ ਖੁਰਦਪੁਰ, ਜਿਨ੍ਹਾਂ ਦੇ ਦਿਮਾਗ ਦੀ ਕਾਢ ਸੀ ਕਿ ਕੈਨੇਡਾ

ਜਾਣ ਲਈ ਆਪਣਾ ਜਹਾਜ਼ ਚਲਾਇਆ ਜਾਏ ਤੇ ਫਿਰ ਭਾਈ ਗੁਰਦਿੱਤ ਸਿਹੁੰ ਸਰਹਾਲੀ ਨੇ ਇਨ੍ਹਾਂ ਦੇ ਵਿਚਾਰ ਉੱਤੇ ਅਮਲ ਕਰ ਕੇ ਗੁਰੂ ਨਾਨਕ ਜਹਾਜ਼ ਚਲਾਇਆ। ਇਹ ਉਹ ਸਿੰਘ ਸਾਹਿਬ ਹਨ ਜਿਨ੍ਹਾਂ ਸਿੰਘਣੀਆਂ ਨੂੰ ਕੈਨੇਡਾ ਲਿਜਾਣ ਲਈ ਮੋਰਚਾ ਲਾ ਕੇ ਫਤਹ ਪ੍ਰਾਪਤ ਕੀਤੀ—ਇਹ ਉਹ.....।'' ਭਗਵਾਨ ਸਿੰਘ ਦੀ ਗੱਲ ਟੁਕਣ ਲਈ ਭਾਈ ਸਾਹਬ ਨੇ ਉਸ ਦੇ ਮੂੰਹ ਉੱਤੇ ਆਪਣਾ ਹੱਥ ਰੱਖ ਦਿੱਤਾ।

ਰਸੂਲਪੁਰੀਏ ਨੇ ਭਾਈ ਸਾਹਬ ਅੱਗੇ ਝੁੱਕਦਿਆਂ ਕਿਹਾ—''ਸਾਡੇ ਧਨ ਭਾਗ। ਤੁਹਾਡੇ ਦਰਸ਼ਨ ਹੋਏ।'' ਭਾਈ ਸਾਹਬ ਨੇ ਉਸ ਦੇ ਦੋਵੇਂ ਹੱਥ ਫੜਦਿਆਂ, ਬੈਠਣ ਦਾ ਇਸ਼ਾਰਾ ਕੀਤਾ। ਬਖਤੌਰ ਸਿੰਘ ਨੇ ਕਿਹਾ—''ਹੁਣ ਮੈਂ ਜਾਂਦਾ।'' ''ਨਵਾਂ ਚੰਦ'' ਤੇ ''ਕਾਲਾ ਸੰਘੀਆਂ'' ਜੈੱਟੀ ਉੱਤੇ ਮੇਰੀ ਉਡੀਕ ਕਰਦੇ ਹੋਣਗੇ। ਭਾਈ ਜੋਗਾ ਸਿਹੁੰ ਨੇ ਕਿਹਾ ਸੀ ਕਿ ਭਾਈ ਸਾਹਬ ਮਿਲੇ ਬਿਨਾਂ ਨਾ ਜਾਣ। ਉਨ੍ਹਾਂ ਦਾ ਸੁਨੇਹਾ ਚਤਰ ਸਿਹੁੰ ਦੇ ਗਿਆ ਸੀ।'' ਉਹ ਬਾਹਰ ਨਿਕਲਿਆ ਹੀ ਸੀ ਕਿ ਰਸੂਲਪੂਰੀਏ ਨੇ ਆਪਣੀ ਰਪੋਰਟ ਦੇਣੀ ਸ਼ੁਰੂ ਕਰ ਦਿੱਤੀ—''ਭਾਈ ਸੰਤੋਖ ਸਿਹੁੰ ਹੋਣੀ ਪਿਲਾਂਗ ਆਏ ਸੀ। ਮੈਂ ਉਹਨਾਂ ਨੂੰ ਉਥੇ ਮਿਲਣ ਗਿਆ ਸਾਂ। ਉਹਨਾਂ ਦਸਿਆ ਕਿ ''ਮਲਾਯਾ ਸਟੇਟਸ ਗਾਈਡ'' ਵਿੱਚ ਤੁਰਕੀ ਦੇ ਹੱਕ ਵਿੱਚ ਬਹੁਤ ਉਭਾਰ ਉਠ ਖਲੋਤਾ ਸੀ। ਇਸ ਲਈ ਸਰਕਾਰ ਨੇ ਉਸ ਪਲਟਨ ਨੂੰ ਸਿੰਘਾਪੁਰ ਤੋਂ ਬਦਲ ਕੇ ਮਲਾਯਾ ਦੇ ਹੋਰ ਸ਼ਹਿਰਾਂ ਵਿੱਚ ਬਦਲ ਦੇਣ ਦਾ ਮਨ ਬਣਾ ਕੇ, ਕੁਆਲਾਲੰਪਰ ਬਦਲ ਦਿੱਤਾ।

ਭਾਈ ਹੋਰਾਂ ਇਹ ਵੀ ਹਦਾਇਤ ਕੀਤੀ ਸੀ ਕਿ ਜੇ ਸਰਦਾਰ ਅਲੀ ਮਿਲ ਪਵੇ ਤਾਂ ਉਸ ਨੂੰ ''ਪੰਜਵੀਂ ਪਲਟਨ'' ਵਿੱਚ ਕੰਮ ਕਰਨ ਲਈ ਪੱਕੀ ਕੀਤੀ ਜਾਏ ਪਰ ਮੈਂ ਸਾਰਾ ਟਿੱਲ ਲਾ ਹਟਿਆ। ਉਹਦੇ ਕਈ ਟਿਕਾਣੇ ਐ। ਕਿਸੇ ਟਿਕਾਣੇ ਤੇ ਨਹੀਂ ਮਿਲਿਆ।''

''ਜਰਮਨ ਕੈਦੀਆਂ ਬਾਰੇ ਸੰਤੋਖ ਸਿਹੁੰ ਹੋਣੀ ਕੀ ਸਲਾਹ ਦੇ ਗਏ ਸੀ ?''

''ਉਹਨਾਂ ਦਾ ਹੁਕਮ ਸੀ ਕਿ ਜਰਮਨਾਂ ਨੂੰ ਛੁਡਾ ਕੇ ਉਹਨਾਂ ਨੂੰ ਆਪਣੇ ਨਾਲ ਰਲਇਆ ਜਾਏ।

''ਜਰਮਨਾਂ ਦੇ ਐਮਡਨ-ਜੰਗੀ ਜਹਾਜ਼ ਵਿੱਚੋਂ ਫੜੇ ਗਏ ਅਫਸਰ ਵੀ ਤਾਂ ਏਥੇ ਹੀ ਬੰਦ ਹੋਣਗੇ ?''

''ਸਿੰਘਾਪੁਰ ਦੀ ਪੁਲਸ ਦਾ ਕੀ ਹਾਲ ਐ ?'' ਭਗਵਾਨ ਸਿੰਘ ਨੇ ਪੁੱਛਿਆ।

''ਦੇਸੋਂ ਬਹੁਤ ਸਾਰੇ ਨਵੇਂ ਪੁਲਸੀਏ ਤੇ ਖੁਫੀਏ ਆਏ ਦਸੀ ਦੇ ਐ। ਇਸੇ ਡਰ ਕਰਕੇ ਪੁਰਾਣੇ ਪੁਲਸੀਏ ਡਰਦੇ ਦੱਬੇ ਬੈਠੈ ਐ। ਮੈਂ ਆਪਣੇ ਕੁੱਝ ਪੇਂਡੂਆਂ ਨੂੰ ਮਿਲਣ ਜਾਂਦਾਂ। ਉਹ ਵੀ ਅੱਗੋਂ ਕੋਈ ਹੁੰਗਾਰਾ ਨਹੀਂ ਭਰਦੇ। ਗੁੰਮ ਸੁੰਮ ਰਹਿੰਦੇ ਐ।

ਉਸ ਨੇ ਜ਼ਰਾ ਰੁਕ ਕੇ ਕਿਹਾ—''ਪਹਿਲੋਂ ਤਾਂ ਹਿੰਦੂ ਸਿੱਖ, ਮੁਸਲਮ ਦਾ ਸੁਆਲ ਫੇਰ ਉਸ ਤੋਂ ਵੱਧ ਸਿੱਖਾਂ ਵਿੱਚ ਮਾਂਝੇ, ਮਾਲਵੇ ਤੇ ਦੁਆਬੇ ਦੀ ਬੀਮਾਰੀ ਫੈਲੀ ਹੋਈ ਐ। ਸਭ ਇੱਕ ਦੂਜੇ ਤੋਂ ਡਰਦੇ ਗੱਲ ਨਹੀਂ ਕਰਦੇ।''

''ਦੇਸ ਦੀ ਆਜ਼ਾਦੀ ਦਾ ਇੱਕੋ ਇੱਕ ਮਸਲਾ ਹੈ ਜਿਸ ਦੇ ਝੰਡੇ ਹੇਠਾਂ ਸਭ ਲੋਕ ਇਕੱਠੇ ਹੋ ਸਕਦੇ ਹਨ।''

"ਸਿੰਘ ਸਾਹਬ । ਤੁਸੀਂ ਬਜਾ ਫੁਰਮਾਂਦੇ ਹੋ ਪਰ ਇਹ ਹੋਵੇ ਕਿਵੇਂ ? ਕਿੰਨੀਆਂ ਮੁਦਤਾਂ ਲੱਗਣਗੀਆਂ ਇਸ ਜਦੋ ਜਹਿਦ ਵਿੱਚ । ਕੌਣ ਜਾਣਦੈ ਕੀ ਬਣੇਗਾ ! ਸਾਡਾ ਫਰਜ਼ ਤਾਂ ਆਪਣੇ ਫਰਜ਼ ਉੱਤੇ ਪਹਿਰਾ ਦੇਣਾ ਐ ।"

ਭਾਈ ਸਾਹਬ ਨੇ ਭਗਵਾਨ ਸਿੰਘ ਦੇ ਚਿਹਰੇ ਉੱਤੇ ਭਰਪੂਰ ਨਜ਼ਰਾਂ ਸੁੱਟਦਿਆਂ ਕਿਹਾ—"ਚਲੋ ਪਰਸ਼ਾਦ ਛੱਕੀਏ । ਅੱਜ ਕਰਤਾਰ ਕੌਰ ਹੋਰਾਂ ਨੇ ਆਪਣੀ ਰੋਟੀ ਤੇ ਦਾਲ ਸਬਜ਼ੀ ਬਣਾਈ ਹੋਣੀ ਹੈ ।"

੧੩

"ਭਾਈ ਸਾਹਬ ! ਜਹਾਜ਼ ਲੇਟ ਹੋ ਗਿਐ । ਐਤਵਾਰ ਨੂੰ ਸਵੇਰੇ ਅੱਠ ਵਜੇ ਤੁਰੇਗਾ ।" ਕਰਤਾਰ ਸਿੰਘ ਨਵਾਂ ਚੰਦ ਦੀ ਗੱਲ ਸੁਣ ਕੇ ਭਾਈ ਸਾਹਬ ਖੁਸ਼ ਹੋ ਉਠੇ ਕਿ ਉਨ੍ਹਾਂ ਨੂੰ ਬੱਚਿਆਂ ਨਾਲ ਖੇਡਣ ਦਾ ਕੁੱਝ ਹੋਰ ਸਮਾਂ ਮਿਲ ਜਾਏਗਾ ਪਰ ਨਾਲ ਹੀ ਇਹ ਚਿੰਤਾ ਆ ਢੁੱਕੀ ਕਿ ਦੇਰ ਹੋਣ ਨਾਲ ਕਿਧਰੇ ਕੋਈ ਵਿਘਨ ਹੀ ਨਾ ਪੈ ਜਾਏ । ਉਨ੍ਹਾਂ ਨੇ ਸਿਰ ਛੰਡਿਆ ਤੇ ਪੁੱਛਿਆ—"ਕੋਈ ਆਪਣੇ ਜਾਣੂੰ ਪਛਾਣੂ ਮਿਲੇ ਜੋ ਇਸੇ ਜਹਾਜ਼ ਉੱਤੇ ਜਾਂਦੇ ਹੋਣ ?"

ਠਾਕਰ ਸਿੰਘ ਕਾਲਾ ਸੰਘੀਆ ਨੇ ਉੱਤਰ ਦਿੱਤਾ—"ਟਿਕਟ ਘਰ ਵਿੱਚ ਵੀ ਤੇ ਜੈੱਟੀ ਉੱਤੇ ਵੀ ਆਪਣੇ ਬਥੇਰੇ ਬੰਦੇ ਸੀ ਪਰ ਇਹ ਨਹੀਂ ਪਤਾ ਲਗਦਾ ਕਿ ਕੌਣ ਜਾਣ ਵਾਲਾ ਐ ਤੇ ਕੌਣ ਨਹੀਂ ਜਾਣ ਵਾਲਾ । ਤੁਹਾਡਾ ਬੇਲੀ ਜੋਗਿੰਦਰ ਸਿਹੁੰ ਜੋ ਆਪਣੇ ਆਪ ਨੂੰ ਤਿਲੰਗਾ ਦੱਸਦਾ ਸੀ ਉਹ ਮਿਲ ਪਿਆ । ਉਹਦੇ ਨਾਲ ਦਸ ਬਾਰਾਂ ਬੰਦੇ ਸੀ । ਉਹ ਸਭ ਇਸੇ ਜਹਾਜ਼ ਤੇ ਦੇਸ ਜਾ ਰਹੇ ਐ । ਉਹ ਤੁਹਾਨੂੰ ਮਿਲਣ ਦੀ ਤਾਂਘ ਵਿੱਚ ਪਾਗਲ ਹੋਇਆ ਫਿਰਦੈ । ਘੜੀ ਮੁੜੀ ਤੁਹਾਨੂੰ ਮਿਲਣ ਦੀ ਗੱਲ ਕਰਦੈ । ਜੇ ਇਕੱਲਾ ਹੋਂਦਾ ਤਾਂ ਨਾਲ ਲੈ ਆਂਦੇ । ਉਨ੍ਹਾਂ ਦੀ ਛਾਣੀ ਦੀ ਛਾਣੀ ਇਕੱਠੀ ਫਿਰਦੀ ਸੀ ।"

"ਜੋਗਿੰਦਰ ਸਿੰਘ ਹੋਰਾਂ ਨੂੰ ਮੈਂ ਵੀ ਮਿਲਣ ਦੀ ਲੋੜ ਸਮਝਦਾ ਹਾਂ ਪਰ ਅਜਿਹੇ ਸਮੇਂ ਮਿਲਣਾ ਖਤਰੇ ਦਾ ਕਾਰਨ ਬਣ ਸਕਦਾ ਹੈ ।"

ਠਾਕਰ ਸਿੰਘ ਨੇ ਇਕ ਮਧੋਲਿਆ ਹੋਇਆ ਕਾਗ਼ਜ਼ ਆਪਣੀ ਪਤਲੂਨ ਦੀ ਜੇਬ ਵਿੱਚੋਂ ਕੱਢ ਕੇ ਭਾਈ ਸਾਹਬ ਨੂੰ ਫੜਾਂਦਿਆ ਦਸਿਆ—"ਬਖਤੌਰ ਸਿਹੁੰ ਜਾਣ ਲੱਗਾ ਇਹ ਰੁੱਕਾ ਦੇ ਗਿਆ ਸੀ ।"

ਭਾਈ ਸਾਹਬ ਨੇ ਰੁੱਕਾ ਪੜ੍ਹਨਾ ਸ਼ੁਰੂ ਕੀਤਾ—"ਸ੍ਰੀ ਮਾਨ ਭਾਈ ਬਲਵੰਤ ਸਿੰਘ ਜੀ—ਮੇਰਾ ਨਾਂ ਚਤਰ ਸਿੰਘ ਹੈ । ਪਿੰਡ ਮੇਰਾ ਹੈ ਬ੍ਰਹਮਪੁਰਾ ਤੇ ਜ਼ਿਲਾ ਸ੍ਰੀ ਅੰਮ੍ਰਿਤਸਰ ਜੀ । ਮੈਂ ਪੰਜਾਬ ਪੁਲਸ ਵਿੱਚ ਭਰਤੀ ਹੋਇਆ ਸਾਂ । ਕੁੱਝ ਸਮਾ ਸਰਹਾਲੀ ਥਾਣੇ ਤੇ ਕੁੱਝ ਸਮਾ ਸਦਰ ਦੇ ਥਾਣੇ ਕੰਮ ਕੀਤਾ । ਮੇਰਾ ਰਿਕਾਰਡ ਚੰਗਾ ਵੇਖ ਕੇ ਮੈਨੂੰ ਖੁਫੀਆ ਪੁਲਸ ਵਿੱਚ ਭੇਜ ਦਿੱਤਾ ਗਿਆ ।

"ਫੇਰ ਇੱਕ ਦਿਨ ਇੱਕ ਗੋਰਾ ਅਫਸਰ ਥਾਣੇ ਆਇਆ । ਉਹ ਕੋਈ ਵੱਡਾ ਖੁਫੀਆ ਪੁਲਸ ਅਫਸਰ ਜਾਪਦਾ ਸੀ । ਉਸ ਨੇ ਕੁੱਝ ਸੁਆਲ ਕੀਤੇ । ਮੈਂ ਠੀਕ ਠੀਕ ਜਵਾਬ ਦਿੱਤੇ । ਉਸ ਨੇ ਮੈਨੂੰ ਸਿੰਘਾਪੁਰ ਭੇਜ ਦੇਣ ਦਾ ਹੁਕਮ ਦੇ ਦਿੱਤਾ । ਮੈਨੂੰ ਬੜੀਆਂ ਖੁਸ਼ੀਆਂ ਚੜ੍ਹੀਆਂ ।"

"ਜਿਹੜਾ ਕੰਮ ਮੈਂ ਕਰਦਾ ਸਾਂ ਉਹਦਾ ਵਾਹ ਚੋਰਾਂ, ਡਾਕੂਆਂ ਤੇ ਕਾਤਲਾਂ ਜਾਂ ਫਸਾਦੀਆਂ ਨਾਲ ਪੈਂਦਾ ਸੀ। ਮਲਾਯਾ ਆ ਕੇ ਮੈਨੂੰ ਪਤਾ ਲੱਗਾ ਕਿ ਮੈਂ ਤਾਂ ਦੇਸ਼-ਭਗਤਾਂ ਤੇ ਆਜ਼ਾਦੀ ਦੇ ਘੁਲਾਟੀਆਂ ਦੇ ਖਿਲਾਫ ਰਪੋਰਟਾਂ ਦੇਣ ਲਈ ਏਥੇ ਲਿਆਂਦਾ ਗਿਆ ਹਾਂ। ਇਹ ਸਾਰੀ ਗੱਲ ਭਾਈ ਜੋਗਾ ਸਿੰਘ ਗ੍ਰੰਥੀ ਨੇ ਮੈਨੂੰ ਸਮਝਾਈ ਹੈ। ਜਿਸ ਕੰਮ ਉੱਤੇ ਮੈਨੂੰ ਲਾਇਆ ਗਿਆ ਹੈ, ਉਹ ਕੰਮ ਕਰਨ ਨੂੰ ਮੇਰਾ ਮਨ ਉੱਕਾ ਨਹੀਂ ਮੰਨਦਾ। ਸਮਝ ਨਹੀਂ ਆਉਂਦੀ ਕਿ ਕੀ ਕਰਾਂ ਤੇ ਕੀ ਨਾ ਕਰਾਂ।"

"ਬਾਪੂ ਚਲਾਣਾ ਕਰ ਗਿਆ ਸੀ। ਹੁਣ ਮੇਰੀ ਮਾਈ ਹੈ ਤੇ ਭਰਾ ਗਭਰੂ ਹੋ ਗਿਆ ਹੈ। ਉਹ ਆਪੇ ਘਰ ਸੰਭਾਲ ਲਵੇਗਾ। ਮਾਈ ਵੀ ਅਜੇ ਤਗੜੀ ਹੈ। ਮੈਂ ਆਪਣੇ ਦੇਸ-ਭਗਤਾਂ ਦੇ ਖਿਲਾਫ ਰਪੋਰਟਾਂ ਨਹੀਂ ਦੇਣੀਆਂ। ਜੇ ਕੰਮ ਛੱਡ ਦਿਆਂ ਤਾਂ ਪਤਾ ਨਹੀਂ ਸਰਕਾਰ ਮੇਰੇ ਖਿਲਾਫ ਕੀ ਕਾਰਵਾਈ ਕਰੇ। ਇਸ ਲਈ ਮੇਰੀ ਇੱਛਾ ਹੈ ਕਿ ਤੁਸੀਂ ਮੈਨੂੰ ਜੋ ਕੰਮ ਸੌਂਪੋਗੇ ਉਹ ਤਨੋਂ ਮਨੋਂ ਹੋ ਕੇ ਕਰਾਂਗਾ। ਮੈਂ ਤੁਹਾਡੇ ਜਾਣ ਤੋਂ ਪਹਿਲੋਂ ਤੁਹਾਨੂੰ ਮਿਲਣਾ ਚਾਹੁੰਦਾ ਹਾਂ। ਤੁਸੀ ਜਿੱਥੇ ਮੇਰੀ ਡੀਊਟੀ ਲਾਓਗੇ ਡੱਟ ਕੇ ਕੰਮ ਕਰਾਂਗਾ ਭਾਵੇਂ ਮੇਰੀ ਜਾਨ ਹੀ ਕਿਉਂ ਨਾ ਚਲੀ ਜਾਏ।"

"ਭਾਈ ਭਗਵਾਨ ਸਿੰਘ ਹੋਰੀਂ ਮੁੜ ਕੇ ਨਹੀਂ ਮਿਲੇ। ਉਨ੍ਹਾਂ ਨੂੰ ਦੱਸਣਾ ਕਿ ਮੈਨੂੰ ਮਿਲੇ ਬਿਨਾਂ ਨਾ ਜਾਣ। ਭਾਈ ਜੋਗਾ ਸਿੰਘ ਜੀ ਵੀ ਉਨ੍ਹਾਂ ਦੀ ਉਡੀਕ ਕਰਦੇ ਰਹਿੰਦੇ ਹਨ।"

"ਮੈਨੂੰ ਨਾਦਰ ਖਾਨ ਨੇ ਆਪਣੇ ਦਫਤਰ ਸੱਦ ਕੇ ਪੁੱਛਿਆ ਸੀ ਕਿ ਮੈਂ ਆਪ ਮੰਗ ਕੇ ਗੁਰਦੁਆਰੇ ਦੇ ਆਲੇ ਦੁਆਲੇ ਆਪਣੀ ਡੀਊਟੀ ਕਿਉਂ ਲਵਾਈ ਸੀ। ਮੈਂ ਝੱਟ ਪੱਟ ਕਹਿ ਦਿੱਤਾ ਕਿ ਜਿੱਥੇ ਤੁਹਾਡੀ ਮਰਜ਼ੀ ਹੈ ਮੇਰੀ ਡੀਊਟੀ ਲਾ ਦਿਓ। ਅੱਜ ਕਲ ਮੇਰੀ ਡੀਊਟੀ ਜੈੱਟੀ ਤੇ ਹਾਰਬਰ ਬੋਰਡ ਦੇ ਆਲੇ ਦੁਆਲੇ ਹੈ। ਸ਼ੰਘਾਈ ਤੇ ਹਾਂਗਕਾਂਗ ਤੋਂ ਕਾਫੀ ਬੰਦੇ ਦੇਸ ਜਾ ਰਹੇ ਹਨ। ਸ਼ਾਇਦ ਇਹਨਾਂ ਵਿੱਚ ਵੀ ਕਈ ਦੇਸ਼ ਭਗਤ ਹੋਣ। ਬਹੁਤੇ ਲੋਕਾਂ ਕੋਲ ਸਾਮਾਨ ਕੋਈ ਨਹੀਂ। ਨਿੱਕੇ ਨਿੱਕੇ ਬਿਸਤਰੇ ਮੋਢਿਆਂ ਉੱਤੇ ਚੁੱਕੀ ਫਿਰਦੇ ਹਨ। ਸਾਰੇ ਡੈੱਕ ਦੇ ਹੀ ਮੁਸਾਫਰ ਹੋਣਗੇ। ਕੁੱਝ ਸਿੰਧੀ ਵਪਾਰੀ ਵੀ ਦੇਸ ਜਾ ਰਹੇ ਹਨ।"

"ਪਤਾ ਨਹੀਂ ਕਿਉਂ, ਲਾਹੌਰ ਤੋਂ ਕਈ ਹੋਰ ਖੁਫੀਆ ਪੁਲਸ ਦੇ ਬੰਦੇ ਆਏ ਹਨ। ਬਹੁਤੇ ਛਾਛੀ ਮੁਸਲਮਾਨ ਹਨ। ਸੁਣਿਆ ਹੈ ਕਿ ਕੁੱਝ ਵੱਡੇ ਵੱਡੇ ਅਫਸਰ ਵੀ ਆਏ ਹਨ। ਨਵੇਂ ਆਏ ਛਾਛੀਆਂ ਵਿੱਚੋਂ ਦੋ ਛਾਛੀ ਵੀ ਮੇਰੇ ਹਲਕੇ ਵਿੱਚ ਹੀ ਫਿਰਦੇ ਤੁਰਦੇ ਰਹਿੰਦੇ ਹਨ।

"ਮੇਰੀ ਅਰਜ਼ ਹੈ ਕਿ ਰੱਬ ਦਾ ਵਾਸਤਾ ਜੇ, ਮੈਨੂੰ ਮੇਰੇ ਦੇਸ-ਵਾਸੀਆਂ ਨਾਲ ਗਦਾਰੀ ਕਰਨ ਤੋਂ ਬਚਾਓ। ਭਾਈ ਭਗਵਾਨੀ ਸਿੰਘ ਨੂੰ ਦੱਸਣਾ ਕਿ ਮੈਂ ਜਿਵੇਂ ਉਹ ਕਹਿਣ ਕਰਨ ਨੂੰ ਤਿਆਰ ਹਾਂ।"

ਤੁਹਾਡਾ ਖਾਦਮ

ਚਤਰ ਸਿੰਘ ਬ੍ਰਹਮਪੁਰੀਆਂ।

"ਨੋਟ :—ਰੁੱਕਾ ਪੜ੍ਹਨ ਸਾਰ ਫਾੜ ਕੇ ਸਾੜ ਦੇਣਾ ਜੀ।"

ਭਾਈ ਸਾਹਬ ਨੇ ਚਤਰ ਸਿੰਘ ਦਾ ਰੁੱਕਾ ਪਹਿਲੋਂ ਆਪ ਪੜ੍ਹ ਕੇ ਫਿਰ ਠਾਕਰ ਸਿੰਘ ਤੇ ਕਰਤਾਰ ਸਿੰਘ ਨੂੰ ਸੁਣਾਉਣ ਪਿੱਛੋਂ ਕਿਹਾ—

"ਪਰਧਾਨ ਜੀ ਨੂੰ ਕਹਾਂਗੇ ਕਿ ਚਤਰ ਸਿੰਘ ਤੇ ਜੋਗਾ ਸਿੰਘ ਹੋਰਾਂ ਨਾਲ ਮੇਲ-ਜੋਲ ਰੱਖਣ। ਠਾਕਰ ਸਿੰਘ ਜੀ—ਤੁਸੀਂ ਬਖਤੌਰ ਸਿੰਘ ਹੋਰਾਂ ਰਾਹੀਂ ਸੁਨੇਹਾ ਭੇਜ ਦੇਣਾ ਕਿ ਜਦ ਤੱਕ

ਉਹ ਪਰਧਾਨ ਜੀ ਨੂੰ ਨਾ ਮਿਲਣ ਆਪਣਾ ਕੰਮ ਨਾ ਛੱਡਣ। ਸ਼ਾਇਦ ਇਹ ਕੰਮ ਕਰਦਿਆਂ ਉਹ ਦੇਸ ਦੀ ਵੱਧ ਸੇਵਾ ਕਰ ਸਕਣ ?"

ਭਾਈ ਸਾਹਬ ਨੇ ਉਹ ਰੁੱਕਾ ਫਾੜ ਕੇ ਸਾੜ ਦੇਣ ਲਈ ਕਰਤਾਰ ਸਿੰਘ ਦੇ ਹੱਥ ਫੜਾ ਦਿੱਤਾ।

੧੪

"ਅੱਧੀ ਰਾਤ ਲੰਘ ਚੁੱਕੀ ਹੋਣੀ ਐ, ਸ਼ੈਂਤ ਤੀਜਾ ਪਹਿਰ ਹੀ ਹੋ ਗਿਆ ਹੋਵੇ। ਮੈਂ ਜਾਗੇ ਉੱਤੇ ਬੈਠਾ ਬੈਠਾ ਉਂਘਲਾ ਰਿਹਾ ਸਾਂ। ਭਾਈ ਭਗਵਾਨ ਸਿਹੁੰ ਘੂਕ ਸੁੱਤਾ ਪਿਆ ਸੀ। ਅਚਾਨਕ ਵੱਡੇ ਗੇਟ ਦਾ ਬੂਹਾ ਖੜਕਿਆ। ਚੀਨੇ ਤੋਂਕੀ ਦਾ ਵੱਡਾ ਮੁੰਡਾ ਕਦੇ ਕਦੇ, ਕੋਈ ਮੁਟਿਆਰ ਲੈ ਕੇ ਕਾਰਖਾਨੇ ਆ ਵੜਦੈ। ਮੈਂ ਸੋਚਿਆ ਉਹੋ ਹੋਣੈ। ਜਦ ਬਾਹਰ ਤੱਕਿਆ ਤਾਂ ਇੱਕ ਚੀਨਾ ਖੜਾ ਸੀ। ਉਹ ਕਹਿਣ ਲੱਗਾ—ਬੋਟ ਤਿਆਰ ਐ। ਝੱਟ ਪੱਟ ਕਰੋ। ਮੈਂ ਸਮਝ ਗਿਆ। ਮੈਂ ਭਾਈ ਨੂੰ ਜਗਾਇਆ। ਉਹ ਆਪਣੇ ਸੂਟ ਵਿੱਚ ਹੀ ਸੁੱਤਾ ਪਿਆ ਸੀ। ਉਹ ਝੱਟ ਪੱਟ ਉਠ ਕੇ ਖੜਾ ਹੋ ਗਿਆ। ਉਹਦੇ ਤੁਰਨ ਲਗਿਆਂ ਮੈਂ ਪੁੱਛਿਆ—ਕੋਈ ਸਨੇਹਾ ਪਤਾ। ਕਹਿਣ ਲੱਗਾ ਜ਼ਿੰਦਗੀ ਹੋਈ ਤਾਂ ਫਿਰ ਮਿਲਾਂਗੇ। ਚਤਰ ਸਿਹੁੰ ਉਡੀਕਦਾ ਹੋਣੈ। ਉਸੇ ਨੇ ਬੋਟ ਦਾ ਬੰਦੋਬਸਤ ਕੀਤੈ। ਇੱਕ ਵਾਰੀ ਸਿੰਘਾਪੁਰੋਂ ਨਿਕਲ ਜਾਵਾਂ। ਫੇਰ ਨਹੀਂ ਮੈਂ ਤੇਰੇ "ਮਾਤਾ ਗਲਾਫਾਂ" (ਖੁਫੀਆ ਪੁਲਸ) ਦੇ ਹੱਥ ਆਉਂਦਾ। ਜੋਗਾ ਸਿਹੁੰ ਨੂੰ ਹੋਰ ਪੱਕਾ ਕਰੀਂ।" ਕਹਿੰਦਾ ਉਹ ਬਿਨਾਂ ਹੱਥ ਮਿਲਾਏ, ਬਿਨਾਂ ਜੱਫੀ ਪਾਏ ਤੁਰਦਾ ਹੋਇਆ। ਮੈਂ ਉਹਨੂੰ ਚੀਨੇ ਨਾਲ ਭੱਜਾ ਜਾਂਦਾ ਵੇਖਦਾ ਰਹਿ ਗਿਆ। ਮੈਂ ਆਪਣੇ ਮਨ ਵਿੱਚ ਸੋਚਿਆ ਕਿ ਇਹਨਾਂ ਸਿਰਲੱਥ ਜੋਧਿਆਂ ਨੂੰ ਮੋਹ-ਪਿਆਰ ਦਾ ਕੀ ਗਿਆਨ ਹੋ ਸਕਦੈ। ਮੇਰੇ ਮਨ ਨੇ ਹੀ ਉੱਤਰ ਦਿੱਤਾ ਕਿ ਇਹਨਾਂ ਦਾ ਸਾਰਾ ਮੋਹ-ਪਿਆਰ ਦੇਸ਼-ਭਗਤੀ ਦੇ ਪਵਿੱਤਰ ਸਰੋਵਰ ਵਿੱਚ ਹੀ ਜਾ ਜਮ੍ਹਾ ਹੋਇਐ।"

ਬਖਤੌਰ ਸਿੰਘ ਨੂੰ ਭਾਵਕ ਹੋਇਆ ਜਾਣ ਕੇ ਭਾਈ ਸਾਹਬ ਨੇ ਉਸ ਦਾ ਧਿਆਨ ਦੂਜੇ ਪਾਸੇ ਪਾਉਣ ਲਈ ਪੁੱਛਿਆ—"ਬਖਤੌਰ ਸਿੰਘ ਜੀ ! ਪਿੱਛੇ ਤੁਹਾਡਾ ਪਿੰਡ ਕਿਹੜਾ ਹੈ ?"

"ਜੀ। ਭਦੌੜ। ਰਿਆਸਤ ਪਟਿਆਲੇ ਵਿੱਚ।"

"ਫੇਰ ਤਾਂ ਤੁਸੀਂ ਦੋਹਰੇ ਗੁਲਾਮ ਹੋਏ। ਪਹਿਲੋਂ ਰਾਜੇ ਦੇ ਤੇ ਫੇਰ ਫਰੰਗੀ ਦੇ।"

"ਜੀ ਪੁੱਛੋ ਕੁੱਝ ਨਾ। ਰਾਜੇ ਦੇ ਕੁੱਤੇ ਸਾਡੇ ਨਾਲੋਂ ਚੰਗੇ। ਰੱਜ ਕੇ ਮਾਸ ਖਾਂਦੇ। ਰੱਜ ਕੇ ਦੁੱਧ ਪੀਂਦੇ। ਨਿਵਾਰੀ ਪਲੰਘਾਂ ਉੱਤੇ ਸੌਂਦੇ। ਗਰਮੀਆਂ ਵਿੱਚ ਨੌਕਰ ਚਾਕਰ ਉਹਨਾਂ ਨੂੰ ਮਲ ਮਲ ਨੁਹਾਂਦੇ। ਸਰਦੀਆਂ ਵਿੱਚ ਉਹਨਾਂ ਦੀਆਂ ਪਿੱਠਾਂ ਉੱਤੇ ਗਰਮ ਗੱਦੀਆਂ ਬੰਨ੍ਹਦੇ। ਸਾਡੇ ਬੱਚੇ ਖੰਨੀ ਖੰਨੀ ਰੋਟੀ ਨੂੰ ਤਰਸਦੇ। ਲਸੀ ਪੀਣ ਲਈ ਸਹਿਕਦੇ। ਸਰਦੀਆਂ ਵਿੱਚ ਵੀ ਇੱਕੋ ਝੱਗੇ ਵਿੱਚ ਠੁਰ ਠੁਰ ਕਰਦੇ। ਪੈਰੋਂ ਨੰਗੇ, ਸਿਰੋਂ ਨੰਗੇ, ਢਿਡੋਂ ਅੱਧੇ-ਭੁਖੇ, ਵਾਹਣੀਆਂ ਮੰਜੀਆਂ ਉੱਤੇ ਲੇਟਦੇ।" ਬਖਤੌਰ ਸਿੰਘ ਕੁੱਝ ਰੁੱਕ ਗਿਆ। ਭਾਈ ਸਾਹਬ ਨੇ ਉਸ ਦੇ ਚਿਹਰੇ ਉੱਤੇ ਭਰਵੀ ਨਜ਼ਰ ਸੁੱਟੀ। ਬਖਤੌਰ ਸਿੰਘ ਫਿਰ ਬੋਲ ਪਿਆ—"ਰਾਜੇ ਦੇ ਕਰਮਚਾਰੀ ਗੋਰਿਆਂ ਨਾਲੋਂ ਵੀ ਮਾੜੇ। ਅਵਾਰਾ ਕੁੱਤਿਆਂ ਵਾਂਗੂੰ ਘਰ ਘਰ ਸੁੰਘਦੇ ਫਿਰਦੇ। ਜਿਹੜਾ ਕੋਈ ਖਾਂਦਾ ਪੀਂਦਾ ਜੱਟ ਦਿਸਦਾ ਉਹ ਤੋਂ ਵੱਢੀਆਂ ਮੰਗਦੇ। ਨਾ ਦੇਵੇ ਤਾਂ ਥਾਣਾ ਚੜ੍ਹਾ ਲਿਅੰਦੇ। ਉਹਨਾਂ ਦੇ ਡਰ ਤੋਂ ਘਰਾਂ ਦੀਆਂ ਬਹੂਆਂ

ਬੇਟੀਆਂ ਦਿਨੇ ਬਾਹਰ ਨਹੀਂ ਨਿਕਲਦੀਆਂ। ਜੇ ਕੋਈ ਸੋਹਣੀ-ਸੁਣੱਖੀ ਮੁਟਿਆਰ ਤਕ ਲੈਣ ਤਾਂ ਬਸ ਉਹਦਾ ਖਹਿੜਾ ਨਹੀਂ ਛੱਡਦੇ। ਜੇ ਉਹ ਨਾ ਕਾਬੂ ਆਵੇ ਤਾਂ ਉਹਦੇ ਪਿਉ ਜਾਂ ਭਰਾ ਨੂੰ ਝੂੱਠੇ ਮੂੱਠੇ ਚੋਰੀ ਡਾਕੇ ਵਿੱਚ ਬੰਨ੍ਹ ਲਿਜਾਣਗੇ। ਇਨਸਾਫ ਤਾਂ ਖੰਭ ਲਾ ਕੇ ਉੱਡ ਗਿਐ। ਕੌਣ ਕਿਸੇ ਦੀ ਸੁਣਦੈ! ਕੌਣ ਪੁਕਾਰ ਕਰੇ? ਕੀਹਦੇ ਕੋਲ ਕਰੇ! ਰਾਜੇ ਕਸਾਈ, ਰਾਜਿਆਂ ਦੇ ਅਹਿਲਕਾਰ ਕਸਾਈ। ਲੁਕਾਈ! ਵਿਚਾਰੀ ਲੁਕਾਈ! ਕੌਣ ਬਾਂਹ ਫੜੇ ਲੁਕਾਈ ਦੀ! ਕੌਣ ਸੁਣੇ ਕਿਸੇ ਦੀ ਪੁਕਾਰ?"

ਬਖਤੌਰ ਸਿੰਘ ਨੂੰ ਫੇਰ ਬਹੁਤ ਭਾਵਕ ਹੁੰਦਾ ਵੇਖ ਕੇ ਭਾਈ ਸਾਹਬ ਨੇ ਪੁੱਛਿਆ :—ਬਖਤੌਰ ਸਿੰਘ ਜੀ! ਤੁਸੀਂ ਕਿੰਨੀਆਂ ਜਮਾਤਾਂ ਪੜ੍ਹੈ?"

"ਜੀ। ਮੈਂ ਚੌਥੀ ਵਿੱਚੋਂ ਹੱਟ ਗਿਆ ਸਾਂ। ਸਰਦਾਰਾਂ ਦੀਆਂ ਮੱਝਾਂ ਚਾਰਨ ਲੱਗ ਪਿਆ। ਸਰਦਾਰ, ਹੋਰ ਮੁਟਿਆਰਾਂ ਘਰ ਲੈ ਆਉਂਦਾ ਸੀ। ਸਰਦਾਰਨੀ ਚੰਗੀ ਸੀ। ਉਹ ਮੇਰੀ ਮਾਂ ਨਾਲ ਆਪਣਾ ਦੁੱਖ-ਸੁਖ ਫੋਲ ਲੈਂਦੀ ਸੀ। ਕਦੇ ਕਦਾਈਂ ਮੈਨੂੰ ਵੀ ਰੋਕ ਕੇ ਕਿੰਨੀ ਕਿੰਨੀ ਦੇਰ ਗੱਲਾਂ ਕਰਦੀ ਰਹਿੰਦੀ ਸੀ। ਬੜੀ ਭਲੀ ਲੋਕ ਸੀ। ਦੈਂਤ ਦੇ ਵੱਸ ਪਈ ਹੋਈ ਸੀ। ਉਹਦਾ ਆਪਣਾ ਇੱਕ ਮੁੰਡਾ ਸੀ। ਉਹ ਵੀ ਚੌਦ ਚਾਨਣ। ਅਜੇ ਸੋਲਾਂ ਦਾ ਵੀ ਨਹੀਂ ਸੀ ਹੋਇਆ ਕਿ ਇੱਕ ਰਾਤ ਨਸ਼ੇ ਵਿੱਚ ਚੂਰ ਆਪਣੇ ਨਾਲੋਂ ਕਿਤੇ ਵੱਡੀ ਗੋਹਾ ਕੂੜਾ ਕਰਨ ਵਾਲੀ ਫੜ ਕੇ ਅੰਦਰ ਲੈ ਵੜਿਆ।"

ਠਾਕਰ ਸਿੰਘ ਨੂੰ ਅੰਦਰ ਆਉਂਦਿਆਂ ਵੇਖ ਕੇ ਕੁੱਝ ਰੁੱਕ ਕੇ ਬਖਤੌਰ ਸਿੰਘ ਨੇ ਕਿਹਾ—"ਕੁੱਝ ਨਾ ਪੁੱਛੋ। ਮੈਂ ਮਾਂ ਦੀਆਂ ਟੂੰਬਾਂ ਵੇਚੀਆਂ। ਨਾਲ ਲਿਆ ਮਾਂ ਨੂੰ। ਮਾਂ ਨਾ ਮੰਨੇ ਪਰ ਮੈਂ ਮੱਲੋ ਮੱਲੀ ਲੈ ਤੁਰਿਆ ਉਹਨੂੰ ਆਪਣੇ ਨਾਲ। ਪਹਿਲੋਂ ਗੱਡੀ ਚੜ੍ਹਨੋਂ ਡਰੇ। ਧੱਕੋ ਧੱਕੀ ਜਹਾਜ਼ ਵਿੱਚ ਚੜ੍ਹਾਈ। ਜਹਾਜ਼ ਡੋਲੇ। ਉਹ ਉਕਾਰੀਆਂ ਕਰਦੀ ਨਾ ਹੱਟੇ। ਪਹਿਲੋਂ ਪਿਲਾਂਗ ਉਤਰੇ। ਦੋ ਦਿਨ ਗੁਰਦੁਆਰੇ ਰਹੇ। ਭਾਈ ਭਗਵਾਨ ਸਿਹੁੰ ਮੇਰਾ ਓਦੋਂ ਦਾ ਵਾਕਫ ਐ। ਉਹਨੇ ਮਾਂ ਨੂੰ ਕਿਸੇ ਜੜੀ ਬੂਟੀ ਦੀ ਚੁਟਕੀ ਦੇ ਕੇ ਖੜੀ ਕਰ ਦਿੱਤਾ। ਮੈਨੂੰ ਪਤਾ ਸੀ ਉਹ ਚੂਰਨ ਸੀ। ਮਾਂ ਚੂਰਨ ਚੱਟਦੀ ਨਾ ਥੱਕੇ। ਘੜੀ ਮੁੜੀ ਭਾਈ ਅੱਗੇ ਤਲੀ ਜਾ ਅੱਡੇ। ਭਾਈ ਅੱਗੋਂ ਹੱਸ ਕੇ ਉਸ ਦੀ ਤਲੀ ਉਤੇ ਹੋਰ ਚੂਰਨ ਰੱਖ ਦਏ।"

ਬਖਤੌਰ ਸਿੰਘ ਦਾ ਚਿਹਰਾ ਕੁੱਝ ਖਿੜਿਆ ਤੱਕ ਕੇ ਭਾਈ ਸਾਹਬ ਨੇ ਪੁੱਛਿਆ—"ਤੁਸੀਂ ਮਾਈ ਦੇ ਦਰਸ਼ਨ ਨਹੀਂ ਕਰਾਏ।"

"ਮਾਈ ਬੜੀ ਡਾਢੀ ਐ। ਨਿੱਕੀ ਨਿੱਕੀ ਗੱਲ ਪੁੱਛਦੀ ਐ। ਭਾਈ ਨੂੰ ਤਾਂ ਉਹ ਆਪਣਾ ਦੂਜਾ ਪੁੱਤ ਮੰਨਦੀ ਐ। ਇੱਕ ਦਿਨ ਕਹਿਣ ਲੱਗੀ—ਜਿਹੜੇ ਭਾਈ ਸਮੁੰਦਰੋਂ ਪਾਰੋਂ ਆਏ ਐ ਤੂੰ ਮੈਨੂੰ ਉਹਨਾਂ ਨਾਲ ਪਿੰਡ ਵਾੜ। ਮੈਂ ਨਹੀਂ ਰਹਿਣਾ ਏਥੇ। ਕਹਿੰਦੀ ਐ ਪਿੰਡ ਜਾ ਕੇ, ਆਲੇ ਦੁਆਲੇ ਦੇ ਪਿੰਡਾਂ ਵਿੱਚੋਂ ਕੋਈ ਮੁਟਿਆਰ ਲਿਆਊਂ। ਮੈਥੋਂ ਨਹੀਂ ਹੁਣ ਚੁਲ੍ਹਾ ਚੌਕਾ ਫੂਕਣ ਹੋਂਦਾ।"

"ਫੇਰ ਤਾਂ ਮਾਈ ਠੀਕ ਕਹਿੰਦੀ ਐ।" ਭਾਈ ਸਾਹਬ ਨੇ ਆਪਣੀ ਰਾਏ ਦਿੱਤੀ।

"ਜਦ ਮੈਨੂੰ ਏਥੇ ਆ ਕੇ ਜਾਗੇ ਦਾ ਕੰਮ ਮਿਲਿਆ ਤਾਂ ਮੈਂ ਇੱਕ ਕਮਰਾ ਕਰਾਏ ਉੱਤੇ ਲੈ ਲਿਆ। ਮੈਂ ਤਕਾਲੀਂ ਬਿਜਲੀ ਜਗਾਈ ਤਾਂ ਮਾਈ ਨੇ ਅੱਖਾਂ ਉੱਤੇ ਹੱਥ ਰੱਖ ਲਏ। ਕਹਿਣ ਲਗੀ--ਵੇ ਬਖਤੌਰਿਆ। ਮੇਰੀਆਂ ਅੱਖਾਂ ਵਿੱਚ ਕਿਹਾ ਲਿਸ਼ਕਾਰਾ ਪਾਇਆ ਈ। ਮੈਨੂੰ ਅੰਨ੍ਹਾਂ ਕਰਨਾ

ਈ !'' ਤੇ ਹੁਣ ਉਹ ਏਨੀ ਚਤਰ ਹੋ ਗਈ ਐ ਕਿ ਗੱਲ ਨਹੀਂ ਕਰਨ ਦੇਂਦੀ । ਇੱਕ ਦਿਨ ਮੈਂ ਠੱਠੇ ਨਾਲ ਕਿਹਾ—''ਭਾਈ ਪਟਿਆਲੇ ਵਾਲੇ ਰਾਜੇ ਨੂੰ ਮਾਰਨ ਦੀ ਵਿਉਂਤ ਬਣਾਈ ਫਿਰਦੈ ।'' ਪਹਿਲੋਂ ਤਾਂ ਡਰ ਕੇ ਗੁੰਮ ਸੁੰਮ ਹੋ ਗਈ । ਦੂਜੇ ਦਿਨ ਮੈਨੂੰ ਸੁੱਤੇ ਨੂੰ ਜਗਾ ਕੇ ਕਹਿਣ ਲੱਗੀ—''ਭਗਵਾਨ ਸਿਹੁੰ ਨੂੰ ਕਹੀਂ ਛੁਰਾ ਬਣਾਉਣ ਦੇ ਪੈਸੇ ਮੈਂ ਦਉਂ । ਤਿੱਖਾ ਛੁਰਾ ਬਣਾਵੇ । ਉਹਦੇ ਮੋਟੇ ਢਿੱਡ ਵਿੱਚ ਖੋਭੇ । ਨਾਲੇ ਸਾਡੇ ਸਰਦਾਰ ਨੂੰ ਵੀ ਵੱਢੇ । ਸਾਡੀ ਸਰਦਾਰਨੀ ਨੂੰ ਕੁੱਝ ਨਾ ਆਖੇ ।'' ਬਖਤੌਰ ਸਿੰਘ ਹੱਸਣ ਲੱਗ ਗਿਆ ।

ਏਨੇ ਨੂੰ ਕਰਤਾਰ ਸਿੰਘ ਨੇ ਬੂਹਾ ਖੋਲ੍ਹ ਕੇ ਅੰਦਰ ਝਾਤੀ ਮਾਰਦਿਆਂ ਦਸਿਆ :—''ਚਤਰ ਸਿਹੁੰ ਸੜਕੋਂ ਪਾਰ ਖਲੋਤਾ, ਇਸ਼ਾਰਾ ਕਰਕੇ ਅੱਗੇ ਲੰਘ ਗਿਐ ।'' ਬਖਤੌਰ ਸਿੰਘ ਨੇ ਕਿਹਾ—''ਮੈਂ ਜਾਂਦਾ । ਕੋਈ ਖਾਸ ਗੱਲ ਹੋਣੀ ਐ ਜੁ ਉਹ ਏਧਰ ਆਇਐ । ਮੈਂ ਉਹਨੂੰ ਏਧਰ ਆਉਣ ਤੋਂ ਰੋਕਿਆ ਹੋਇਐ ।''

ਭਾਈ ਸਾਹਬ ਨੇ ਕਿਹਾ ''ਮਾਈ ਦੀ ਰੱਜ ਕੇ ਸੇਵਾ ਕਰਨੀ ।'' ''ਸਤ ਬਚਨ ਜੀ, ਸਤ ਬਚਨ ।'' ਕਹਿੰਦਾ ਉਹ ਬਾਹਰ ਨਿਕਲ ਤੁਰਿਆ ।

੧੫

ਜੋਗਾ ਸਿੰਘ ਜਮ੍ਮੂ ਸ਼ਹਿਰ ਤੋਂ ਲਗਭਗ ਦਸ ਮੀਲ ਪੂਰਬ ਵੱਲ ਇੱਕ ਨਿੱਕੇ ਜਿਹੇ ਗਿਰਾਂ ਵਿੱਚ ਪੈਦਾ ਹੋਇਆ ਸੀ । ਉਸ ਦੇ ਮਾਤਾ-ਪਿਤਾ ਹਦੋਂ ਵੱਧ ਗਰੀਬ ਸਨ । ਉਨ੍ਹਾਂ ਦੀ ਆਪਣੀ ਦੋ ਵਿਘੇ ਜ਼ਮੀਨ ਸੀ । ਧਾਨਾਂ ਦੀ ਖੇਤੀ ਵਿੱਚੋਂ ਉਨ੍ਹਾਂ ਦੇ ਘਰ ਵਾਸਤੇ ਚਾਵਲ ਹੋ ਜਾਂਦੇ । ਥੋੜ੍ਹੀ ਜਿਹੀ ਸਬਜ਼ੀ ਵੀ ਘਰ ਦੀ ਹੋ ਜਾਂਦੀ । ਗਾਜਰਾਂ, ਮੂਲੀਆਂ, ਕੱਦੂ, ਪਾਲਕ, ਆਲੂ, ਤੋਰੀਆਂ ਥੋੜੇ ਥੋੜੇ ਉਗਾਅ ਲੈਂਦੇ । । ਗੁੜ, ਖੰਡ, ਦਾਲਾਂ, ਲੂਣ ਤੇ ਹੋਰ ਅਜਿਹੀਆਂ ਹਰ ਰੋਜ਼ ਲੋੜੀਂਦੀਆਂ ਚੀਜ਼ਾਂ ਖ੍ਰੀਦਣ ਲਈ ਜੋਗਾ ਸਿੰਘ ਦਾ ਪਿਤਾ ਪਹਾੜੇ ਦਾ ਕੰਮ ਕਰਦਾ ਸੀ । ਉਸ ਪਾਸ ਇੱਕ ਟੱਟੂ ਸੀ । ਉਹ ਆਪਣੇ ਗਿਰਾਂ ਤੋਂ ਟੱਟੂ ਉੱਤੇ ਚੜ੍ਹ ਕੇ ਜਮ੍ਮੂ ਜਾਂਦਾ । ਕਦੇ ਕਦੇ ਗਿਰਾਂ ਤੋਂ ਕੋਈ ਸਵਾਰੀ ਸ਼ਹਿਰ ਵੱਲ ਜਾਣ ਲਈ ਮਿਲ ਜਾਂਦੀ ਤਾਂ ਉਸ ਨੂੰ ਟੱਟੂ ਦੇ ਨਾਲ ਨਾਲ ਤੁਰਨਾ ਪੈਂਦਾ । ਵਾਪਸੀ ਉੱਤੇ ਟੱਟੂ ਲੱਦਿਆ ਹੁੰਦਾ ਸੀ । ਇਸ ਤਰ੍ਹਾਂ ਉਸ ਨੂੰ ਕਈ ਵਾਰੀ ਵੀਹ ਮੀਲ ਦਿਨ ਵਿੱਚ ਤੁਰਨਾ ਪੈਂਦਾ । ਫਿਰ ਵੀ ਕਪੜੇ ਲੱਤੇ ਲਈ ਪੈਸੇ ਥੁੱਤੇ ਰਹਿੰਦੇ ।

ਗਰਮੀਆਂ ਵਿੱਚ ਤਾਂ ਜੋਗਾ ਸਿੰਘ ਤੇ ਉਸ ਤੋਂ ਤਿੰਨ ਸਾਲ ਵੱਡੀ ਭੈਣ ਨੰਗੇ ਪੈਰੀਂ ਫਿਰਦੇ ਰਹਿੰਦੇ ਪਰ ਸਰਦੀਆਂ ਵਿੱਚ ਉਹ ਮਾਂ ਦੀਆਂ ਬੁਣੀਆਂ ਪੁਰਾਣੀਆ ਜੁਰਾਬਾਂ ਪਾ ਲੈਂਦੇ । ਉਨ੍ਹਾਂ ਦੇ ਪੈਰੀਂ ਕੱਖਾਂ ਜਿਹਿਆਂ ਦੀਆਂ ਬਣੀਆਂ ਚੱਪਲਾਂ ਜਿਹੀਆਂ ਹੁੰਦੀਆਂ । ਠੰਢ ਕਰ ਕੇ ਉਨ੍ਹਾਂ ਦੇ ਪੈਰਾਂ ਦੀਆਂ ਅੱਡੀਆਂ ਵਿੱਚ ਬਿਆਈਆਂ ਪੈ ਜਾਂਦੀਆਂ । ਹੱਥਾਂ ਦੀਆਂ ਉਂਗਲਾਂ ਦੇ ਪੋਟੇ ਫੱਟ ਜਾਂਦੇ । ਸੁੱਕੀ ਠੰਢ ਕਾਰਨ ਉਨ੍ਹਾਂ ਦੇ ਬੁਲ੍ਹ ਫੱਟ ਜਾਂਦੇ । ਉਹ ਮੋਮ-ਬੱਤੀ ਜਮਾ ਕੇ, ਢਲਦੀ ਮੋਮ-ਬੱਤੀ ਦੀਆਂ ਬੂੰਦਾਂ ਨਾਲ, ਪੈਰਾਂ ਦੀਆਂ ਬਿਆਈਆਂ ਭਰਦੇ ਰਹਿੰਦੇ । ਜੇ ਕਦੇ ਥਿੰਦਾ ਜੁੜਦਾ ਤਾਂ ਉਹ ਤੱਤਾ ਕਰਕੇ ਹੱਥਾਂ ਦੀਆਂ ਉਗਲਾਂ ਦਿਆਂ ਪੋਟਿਆਂ ਤੇ ਸੁੱਕੇ-ਫੱਟੇ ਬੁਲ੍ਹਾਂ ਉੱਤੇ ਮਲਦੇ ।

ਪਿੰਡ ਵਿੱਚ ਇੱਕੋ ਖੂਹ ਸੀ। ਗਰਮੀਆਂ ਵਿੱਚ ਖੂਹ ਦਾ ਪਾਣੀ ਹੋਰ ਥੱਲੇ ਚਲਾ ਜਾਂਦਾ। ਗਿਰਾਂ ਦੇ ਲੋਕਾਂ ਲਈ ਮਸਾਂ ਪੀਣ ਵਾਸਤੇ ਹੀ ਪਾਣੀ ਹੁੰਦਾ। ਕਪੜੇ ਧੋਣ, ਨਹਾਉਣ ਤੇ ਪਸ਼ੂਆਂ ਨੂੰ ਪਾਣੀ ਪਿਆਉਣ ਲਈ ਇੱਕੋ ਤਲਾਅ ਸੀ। ਤਲਾਅ ਦਾ ਪਾਣੀ ਸਰਦੀਆਂ ਵਿੱਚ ਠੰਢਾ ਠਾਰ ਹੁੰਦਾ। ਬੱਚਿਆਂ ਦੇ ਪਿੰਡੇ ਸੁੱਕੇ ਤੇ ਠਰੇ ਰਹਿੰਦੇ। ਜੋਗਾ ਸਿੰਘ ਤੇ ਉਸ ਦੀ ਭੈਣ ਨੂੰ ਉਨ੍ਹਾਂ ਦੀ ਮਾਂ ਕਪੜੇ ਧੋਣ ਵਾਲੇ ਸਾਬਣ ਨਾਲ ਹੀ, ਸਿਰ ਨੁਹਾ ਦੇਂਦੀ। ਘਰ ਦੇ ਧਰੋਖੇ ਵਿੱਚ ਬਲਦੇ ਸਰ੍ਹੋਂ ਦੇ ਤੇਲ ਵਿੱਚੋਂ ਉਨ੍ਹਾਂ ਦੇ ਕੇਸਾਂ ਨੂੰ ਥੋੜਾ ਥੋੜਾ ਤੇਲ ਲਾ ਦੇਂਦੀ। ਉਨ੍ਹਾਂ ਦੇ ਕੇਸਾਂ ਵਿੱਚ ਪਏ ਅੜੇ ਕੰਘੀ ਨਾਲ ਨਾ ਖੁਲ੍ਹਦੇ ਤਾਂ ਉਂਗਲਾਂ ਪਾ ਪਾ ਕੇ ਖੋਲ੍ਹਦੀ।

ਜੋਗਾ ਸਿੰਘ ਮੋਟੇ ਖੱਦਰ ਦੀ ਤੰਬੀ ਤੇ ਕੁੜਤੇ ਵਿੱਚ ਠਰਦਾ ਰਹਿੰਦਾ। ਉਸ ਦੇ ਪੈਰਾਂ ਦੀਆਂ ਖੁਰੀਆਂ ਤੇ ਗਿਟਿਆਂ ਉੱਤੇ ਮੈਲ ਜਮੀ ਰਹਿੰਦੀ। ਗਰਮੀਆਂ ਵਿੱਚ ਉਹ ਝਾਂਵੇਂ ਨਾਲ ਕੁੱਝ ਮੈਲ ਲਾਹੁੰਦਾ। ਅਗਲੇ ਸਿਆਲ ਹੋਰ ਮੈਲ ਜਮ ਜਾਂਦੀ। ਨਾਹ ਉਨ੍ਹਾਂ ਦੇ ਗਿਰਾਂ ਵਿੱਚ ਤੇ ਨਾਹ ਹੀ ਆਲੇ ਦੁਆਲੇ ਵਿੱਚ ਕੋਈ ਸਕੂਲ ਸੀ। ਗਿਰਾਂ ਦੇ ਇੱਕ ਕਮਰੇ ਵਾਲੇ ਗੁਰਦੁਆਰੇ ਵਿਚ ਘੰਟਾ ਦੋ ਘੰਟੇ ਗੁਰਮੁਖੀ ਪੜ੍ਹਕੇ ਉਹ ਸਾਰਾ ਦਿਨ ਖੇਡਦਾ ਰਹਿੰਦਾ। ਕਦੇ ਉਹ ਮੁੰਡਿਆਂ ਨਾਲ ਗੁਲੀ-ਡੰਡਾ ਖੇਡਣ ਲੱਗ ਜਾਂਦਾ ਤੇ ਕਦੇ ਖਿਦੋ-ਖੁੰਡੀ ਖੇਡਣ ਲੱਗ ਪੈਂਦਾ।

ਉਸ ਦੀ ਮਾਂ ਸਾਰਾ ਦਿਨ ਪੂਣੀਆਂ ਵੱਟਦੀ, ਚਰਖਾ ਕੱਤਦੀ ਤੇ ਅਟੇਰਨ ਅਟੇਰਦੀ ਰਹਿੰਦੀ। ਡੀਹਣੀਆਂ ਡਾਹ ਕੇ ਅੱਗ ਭਖਾਂਦੀ। ਧੂੰਏ ਦੀ ਕੁੜੱਤਣ ਨਾਲ ਅੱਖਾਂ ਵਿੱਚੋਂ ਵਗਦੇ ਪਾਣੀ ਨੂੰ ਪੱਲੇ ਨਾਲ ਪੂੰਝਦੀ। ਆਪਣੀ ਗ਼ਰੀਬੀ ਉੱਤੇ ਝੂਰਦੀ, ਆਪਣੇ ਪਤੀ ਦੀ, ਸ਼ਹਿਰੋਂ ਮੁੜਨ ਦੀ ਉਡੀਕ ਵਿਚ ਸੁੱਕ ਸੁੱਕ ਜਾਂਦੀ। ਸੂਰਜ ਡੁਬਣ ਤੇ ਆ ਜਾਂਦਾ। ਤਕਾਲਾਂ ਪੈ ਜਾਂਦੀਆਂ। ਹਨੇਰਾ ਉਤਰ ਆਉਂਦਾ। ਉਹ ਆਪਣੀਆਂ ਮੁਹਾਠਾਂ ਉੱਤੇ ਬੈਠੀ ਉਸਦੀ ਉਡੀਕ ਵਿੱਚ ਡਰਦੀ ਰਹਿੰਦੀ।

ਜੋਗਾ ਸਿੰਘ ਆਪਣੇ ਪਿਓ ਨਾਲ ਸੌਂਦਾ। ਉਸ ਦੀ ਭੈਣ ਆਪਣੀ ਮਾਂ ਨਾਲ ਸੌਂਦੀ। ਇੱਕ ਰਾਤੀ, ਉਹ ਕਿੰਨੀ ਦੇਰ, ਦੀਵੇ ਦੀ ਨਿਮ੍ਹੀ ਨਿਮ੍ਹੀ ਲੋਅ ਵਿੱਚ ਆਪਣੀ ਧੀ ਦੇ ਗੋਰੇ-ਨਸ਼ੋ ਚਿਹਰੇ ਵੱਲ ਤੱਕਦੀ ਰਹੀ। ਉਸ ਦੇ ਸਿਰ ਦੀਆਂ ਗੁੰਦੀਆਂ ਮੀਢੀਆਂ ਵੱਲ ਤੱਕਦੀ ਤੱਕਦੀ ਉਂਘਲਾਉਣ ਲੱਗ ਪਈ। ਕੋਈ ਅਵਾਜ਼ ਸੁਣ ਕੇ ਉਹ ਤ੍ਰਭਕ ਕੇ ਉੱਠੀ। ਉਸ ਨੇ ਤੱਕਿਆ ਕਿ ਉਸ ਦੀ ਧੀ ਦਾ ਸਾਹ ਫੁਲ ਰਿਹਾ ਸੀ। ਉਸ ਦੀ ਛਾਤੀ ਲੁਹਾਰ ਦੀ ਖਲ ਵਾਂਗੂੰ ਘੜੀ ਮੁੜੀ ਫੁਲ ਰਹੀ ਸੀ। ਉਹ ਉੱਚੀ ਉੱਚੀ ਬੁੜਾ ਰਹੀ ਸੀ। ਨਾਲੇ ਹੱਥ ਪੈਰ ਮਾਰਨ ਲੱਗ ਪਈ। ਮਾਂ ਨੇ ਆਪਣੀ ਧੀ ਨੂੰ ਆਪਣੀ ਛਾਤੀ ਨਾਲ ਘੁੱਟ ਲਿਆ। ਉਸ ਵੇਲੇ ਉਸ ਨੂੰ ਪ੍ਰਤੀਤ ਹੋਇਆ ਕਿ ਉਸ ਦੀ ਧੀ ਜੁਆਨ ਹੋ ਰਹੀ ਹੈ। ਉਹ ਘੜੀ ਮੁੜੀ ਆਪਣੀ ਧੀ ਨੂੰ ਆਪਣੀ ਛਾਤੀ ਨਾਲ ਘੁਟਦੀ ਰਹੀ। ਉਸ ਦੀ ਜੁਆਨੀ ਪੁੰਗਰ ਆਉਣ ਦੀ ਚਿੰਤਾ ਵਿੱਚ ਡੁੱਬੇ ਖਾਂਦੀ ਰਹੀ।

ਅੰਮ੍ਰਿਤ ਵੇਲਾ ਹੋਇਆ। ਸੰਖ ਪੂਰਨ ਦੀ ਅਵਾਜ਼ ਆਈ। ਸੰਖ ਦੀ ਆਵਾਜ਼ ਸੁਣ ਕੇ ਜੋਗਾ ਸਿੰਘ ਦੀ ਮਾਂ ਤੇ ਪਿਓ ਜਾਗ ਪਏ। ਜੋਗਾ ਸਿੰਘ ਵੀ ਸੁੱਤਾ ਹੋਇਆ ਸੀ ਤੇ ਉਸ ਦੀ ਭੈਣ ਵੀ। ਮਾਂ ਨੇ ਅੱਖਾਂ ਮਲਦਿਆਂ ਮਲਦਿਆਂ ਕਿਹਾ—"ਜੀ! ਅੱਜ ਕੱਤਕ ਦੀ ਪੂਰਨਮਾਸੀ ਹੈ।"

"ਮੈਨੂੰ ਪਤਾ ਹੈ। ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ ਗੁਰਪੁਰਬ ਹੈ। ਮੈਂ ਆੜ੍ਹਤੀਆਂ ਨੂੰ ਦੱਸ ਆਇਆ ਸਾਂ ਕਿ ਅੱਜ ਮੈਂ ਸ਼ਹਿਰ ਨਹੀਂ ਆਉਣਾ। ਅੱਜ ਅਸੀਂ

ਗੁਰਦੁਆਰੇ ਚਲਾਂਗੇ । ਸੁਣਿਆ ਹੈ ਕਿ ਹਰਾ ਸਿੰਘ ਦਾ ਮੁੰਡਾ ਅੰਬਰਸਰ ਰਹਿ ਕੇ ਵਾਜਾ ਸਿਖ ਕੇ ਆਇਆ ਹੈ ।''

''ਤੁਸੀਂ ਤਾਂ ਆਉਂਦੇ ਹੀ ਘੂਕ ਸੌਂ ਗਏ । ਈਸੋ ਰਾਤ ਬਹੁਤ ਬੜਾਂਦੀ ਰਹੀ । ਕਦੇ ਹੱਥ ਛੰਡੇ । ਕਦੇ ਲੱਤਾਂ ਮਾਰੇ ।''

''ਕਿੱਧਰੇ ਤਾਪ ਤਾਂ ਨਹੀਂ 'ਸ ਚੜ੍ਹ ਗਿਆ ?''

''ਨਹੀਂ ! ਈਸੋ ਦੀਆਂ ਜੁਆਨੀਆਂ ਪੁੰਗਰਨ ਲੱਗ ਪਈਐ । ਮੈਨੂੰ ਤਾਂ ਫਿਕਰ ਲੱਗ ਗਿਐ ।'' ਈਸੋ ਨੂੰ ਉਠਦਿਆਂ ਵੇਖ ਕੇ ਉਹ ਚੁਪ ਹੋ ਗਏ । ਉਸ ਨੇ ਮਾਂ ਨੂੰ ਜੱਫੀ ਪਾਂਦਿਆਂ ਕਿਹਾ—''ਅੱਜ ਧਰਮਸਾਲੇ ਜ਼ਰੂਰ ਜਾਣੈ । ਸੁਣਿਐ ਹਰੀਏ ਦਾ ਮੁੰਡਾ ਵਾਜਾ ਸਿਖ ਕੇ ਆਇਐ ।'' ਉਸ ਨੇ ਮੰਜੀ ਉੱਤੋਂ ਉੱਠ ਕੇ ਜੱਗਾ ਸਿੰਘ ਨੂੰ ਝੰਜੂਣ ਕੇ ਜਗਾਂਦਿਆਂ ਕਿਹਾ—''ਜੋਗਿਆ ਉੱਠ । ਅੱਜ ਧਰਮਸਾਲੇ ਚਲੀਏ । ਹਰੀਏ ਦੇ ਮੁੰਡੇ ਨੇ ਵਾਜਾ ਵਜਾਉਣੈ ।''

ਅਜੇ ਮੂੰਹ ਹਨੇਰਾ ਹੀ ਸੀ ਕਿ ਸੰਖ ਦੀ ਦੋਹਰੀ ਆਵਾਜ਼ ਆਈ । ਨਾਲ ਹੀ ਢੋਲਕੀ-ਛੈਣੇ ਖੜਕਣ ਲੱਗ ਪਏ । ਵਾਜੇ ਦੀ ਸੁਰ ਨਿਕਲੀ ਹੀ ਸੀ ਕਿ ਭੈਣ-ਭਰਾ ਉੱਛਲ ਕੇ ਉੱਠ ਬੈਠੇ । ਘੜੇ ਦੇ ਠੰਢੇ ਪਾਣੀ ਨਾਲ ਉਨ੍ਹਾਂ ਮੂੰਹ ਗਿੱਲੇ ਕੀਤੇ । ਲੋਈਆਂ ਦੀਆਂ ਬੁਕਲਾਂ ਮਾਰ ਕੇ ਗੁਰਦੁਆਰੇ ਜਾ ਪਹੁੰਚੇ । ਹੁਣ ਉਨ੍ਹਾਂ ਨੂੰ ਪਤਾ ਲਗਾ ਕਿ ਉਹ ਬਾਕੀ ਲੋਕਾਂ ਨਾਲੋਂ ਪੱਛੜ ਕੇ ਗੁਰਦੁਆਰੇ ਪਹੁੰਚੇ ਹਨ । ਗੁਰਦੁਆਰੇ ਵਾਲਾ ਕਮਰਾ ਸੰਗਤ ਨਾਲ ਭਰਿਆ ਹੋਇਆ ਸੀ । ਮਰਦ, ਔਰਤਾਂ ਤੇ ਬੱਚੇ ਰਲ ਮਿਲ ਕੇ ਵੀ ਸੌ ਤੋਂ ਘੱਟ ਹੀ ਹੋਣਗੇ । ਸਭ ਇੱਕ ਦੂਜੇ ਦੇ ਗੋਡੇ ਨਾਲ ਗੋਡਾ ਜੋੜ ਕੇ ਬੈਠੇ ਸਨ । ਹਰਾ ਸਿੰਘ ਦਾ ਪੁੱਤਰ ਕੀਰਤਨ ਕਰ ਰਿਹਾ ਸੀ । ਉਸ ਦੀ ਸੁਰੀਲੀ ਤੇ ਭਰਵੀਂ ਅਵਾਜ਼ ਦੂਰ ਦੂਰ ਤੱਕ ਜਾ ਰਹੀ ਸੀ । ਪਿੰਡ ਦਾ ਕੋਈ ਜੀਅ ਆਪਣੇ ਘਰ ਨਹੀਂ ਸੀ ਰਹਿ ਗਿਆ । ਕੁੱਝ ਲੋਕ ਗੁਰਦੁਆਰੇ ਦੇ ਬੂਹੇ ਅੱਗੇ ਬੈਠੇ ਠੁਰ ਠੁਰ ਕਰਦੇ ਕੀਰਤਨ ਦਾ ਆਨੰਦ ਮਾਣ ਰਹੇ ਸਨ । ਸਭ ਲੋਕ ਮਨ ਹੀ ਮਨ ਵਿੱਚ ਹਰਾ ਸਿੰਘ ਦੇ ਪੁੱਤਰ ਦੀਆਂ ਸਿਫਤਾਂ ਕਰ ਰਹੇ ਸਨ ।

ਜੋਗਾ ਸਿੰਘ, ਇੱਕ ਟੱਕ ਕੀਰਤਨ ਕਰਨ ਵਾਲੇ ਨੌਜਵਾਨ ਵੱਲ ਤਕ ਰਿਹਾ ਸੀ । ਉਸ ਦੀ ਮਾਂ ਸੋਚ ਰਹੀ ਸੀ ਕਿ ਉਹ ਵੀ ਆਪਣੇ ਪੁੱਤਰ ਨੂੰ ਅੰਮ੍ਰਿਤਸਰ ਭੇਜੇਗੀ ਤੇ ਉਹ ਵੀ ਵਾਜਾ ਸਿਖ ਕੇ, ਕੀਰਤਨ ਕਰਿਆ ਕਰੇਗਾ । ਜਦ ਭੋਗ ਪਿਆ ਤਾਂ ਸਭ ਸੰਗਤ ਨੇ ਤੱਕਿਆ ਕਿ ਹਰਾ ਸਿੰਘ, ਉਸ ਦੀ ਪਤਨੀ ਤੇ ਉਸ ਦੀਆਂ ਦੋਵੇਂ ਨਿੱਕੀਆਂ ਧੀਆਂ ਨੇ ਨਵੇਂ ਕਪੜੇ ਪਾਏ ਹੋਏ ਸਨ । ਜੋਗਾ ਸਿੰਘ ਦੀ ਮਾਂ ਉਨ੍ਹਾਂ ਦੇ ਨਵੇਂ ਕੱਪੜਿਆਂ ਵੱਲ ਤੱਕਦੀ ਰਹਿ ਗਈ ।

ਘਰ ਦੀ ਮੁਹਾਠ ਟੱਪਦਿਆਂ ਹੀ ਜੋਗਾ ਸਿੰਘ ਦੀ ਮਾਂ ਬੋਲ ਪਈ—''ਜੀ ਅਸੀਂ ਵੀ ਜੋਗੇ ਨੂੰ ਅੰਬਰਸਰ ਭੇਜ ਦਈਏ । ਕੁੱਝ ਅਕਲ ਸਿਖ ਕੇ ਆਵੇਗਾ । ਮੈਂ ਤਾਂ ਕਹਿੰਦੀ ਹਾਂ ਵਾਜਾ ਜੋੜੀ ਜਰੂਰ ਸਿਖੇ ।''

''ਭਲੀਏ ਲੋਕੇ । ਜਰਾ ਵੱਡਾ ਹੋ ਲਵੇ । ਇਸ ਨੂੰ ਵੀ ਇੱਕ ਟਟੂ ਲੈ ਦਿਆਂਗਾ । ਦੋਵੇਂ ਪਿਓ-ਪੁੱਤਰ ਪਹਾੜਾਂ ਵਾਂਹਾਂਗੇ । ਚੰਗਾ ਗੁਜ਼ਾਰਾ ਤੁਰ ਪਵੇਗਾ ।

''ਨਹੀਂ ਮੈਂ ਤਾਂ ਜੋਗੇ ਨੂੰ ਭੇਜਣਾ ਹੈ, ਜ਼ਰੂਰ ਭੇਜਣਾ ਹੈ ।''

''ਅਜੇ ਤਾਂ ਮਸਾਂ ਬਾਰਾਂ ਸਾਲਾਂ ਦਾ ਹੋਇਆ ਹੈ ।''

"ਜਦੋਂ ਹਰੀਏ ਦਾ ਮੁੰਡਾ ਗਿਆ ਸੀ, ਉਹ ਵੀ ਬਾਰਾਂ ਤੇਰਾਂ ਦਾ ਹੀ ਸੀ। ਤੁਸਾਂ ਵੇਖੇ ਨਹੀਂ ਸਭ ਦੇ ਨਵੇਂ ਨਵੇਂ ਲਿਸ਼ਕਦੇ ਕਪੜੇ। ਮੈਂ ਨਹੀਂ ਜੋਗੇ ਨੂੰ ਟੱਟੂ ਵਾਹੁਣ ਦੇਣਾ।"

ਵਿੱਚੋਂ ਹੀ ਜੋਗਾ ਸਿੰਘ ਬੋਲ ਪਿਆ :—"ਮੈਂ ਹਰੀਏ ਦੇ ਮੁੰਡੇ ਨਾਲ ਹੀ ਚਲਾ ਜਾਂਗਾ।"

ਜੋਗਾ ਸਿੰਘ ਦੀ ਮਾਂ ਨੇ ਉੱਠ ਕੇ ਉਸ ਨੂੰ ਆਪਣੀ ਜੱਫੀ ਵਿੱਚ ਘੁੱਟ ਲਿਆ।

ਜੋਗਾ ਸਿੰਘ ਅੰਮ੍ਰਿਤਸਰ ਪਹੁੰਚ ਗਿਆ। ਉਸ ਦੀ ਮਾਂ ਨੇ ਤੁਰਨ ਲੱਗਿਆਂ ਉਸ ਨੂੰ ਦੋ ਤੌਬੀਆਂ, ਦੋ ਕੁੜਤੇ, ਇੱਕ ਲੋਈ ਤੇ ਜੁਰਾਬਾਂ ਦਾ ਨਵਾਂ ਜੋੜਾ ਉਣ ਕੇ ਦਿੱਤਾ ਸੀ। ਉਸ ਦੇ ਪਿਉ ਨੇ ਉਸ ਨੂੰ ਜਮ੍ਹੂ ਤੋਂ ਧੌੜੀ ਦੀ ਜੁੱਤੀ ਵੀ ਲੈ ਦਿੱਤੀ ਸੀ। ਆਪਣੀ ਇੱਕ ਅਧੋਰਾਣੀ ਪੱਗ ਵੀ ਉਸ ਨੂੰ ਦੇ ਦਿੱਤੀ ਸੀ। ਉਸ ਨੇ ਅੰਮ੍ਰਿਤਸਰ ਪਹੁੰਚਦਿਆਂ ਹੀ ਮੀਢੀਆਂ ਖੋਲ੍ਹ ਕੇ ਸਿਰ ਉੱਤੇ ਜੂੜਾ ਕਰਨਾ ਸ਼ੁਰੂ ਕਰ ਦਿੱਤਾ। ਛੋਟੀ ਜਿਹੀ ਪੱਗ ਬੰਨ੍ਹ ਕੇ ਉਹ ਲੋਕਾਂ ਦੇ ਨਵੇਂ ਨਵੇਂ ਕਪੜਿਆਂ ਵੱਲ ਤੱਕਦਾ ਰਹਿੰਦਾ। ਹਰਾ ਸਿੰਘ ਦੇ ਮੁੰਡੇ ਨੇ ਉਸ ਨੂੰ ਆਪਣਾ ਡੇਰਾ ਵਿਖਾਇਆ ਸੀ ਤੇ ਫਿਰ ਉਸ ਨੂੰ ਗੁਰੂ ਰਾਮ ਦਾਸ ਲੰਗਰ ਵਿੱਚ ਛੱਡ ਗਿਆ ਸੀ। ਉਹ ਲੰਗਰ ਵਿੱਚੋਂ ਦੋਵੇਂ ਵੇਲੇ ਰੋਟੀ ਖਾ ਲੈਂਦਾ। ਰਾਤ ਨੂੰ ਮੰਜੀ ਸਾਹਿਬ ਦੀ ਕੰਧ ਨਾਲ ਢੋ ਲਾ ਕੇ, ਲੋਈ ਵਿੱਚ ਲਪੇਟਿਆ ਊਂਘਦਾ ਊਂਘਦਾ, ਲੇਟ ਜਾਂਦਾ।

ਹੌਲੀ ਹੌਲੀ ਉਸ ਨੇ ਆਪਣੇ ਵਰਗੇ ਚਾਰ ਪੰਜ ਹੋਰ ਮੁੰਡੇ ਲੱਭ ਲਏ। ਉਹ ਲੰਗਰ ਵਿੱਚੋਂ ਰੋਟੀ ਖਾ ਲੈਂਦੇ। ਫਿਰ ਸਾਰਾ ਦਿਨ ਇਧਰ ਉਧਰ ਫਿਰਦੇ ਰਹਿੰਦੇ। ਇੱਕ ਦਿਨ ਲੰਗਰ ਦੇ ਇੱਕ ਸੇਵਾਦਾਰ ਨੇ ਜੋਗਾ ਸਿੰਘ ਨੂੰ ਬਾਹੋਂ ਫੜ ਕੇ, ਪੰਗਤ ਵਿੱਚੋਂ ਉਠਾਂਦਿਆਂ ਕਿਹਾ—"ਤੂੰ ਕੋਈ ਕੰਮ ਕਿਉਂ ਨਹੀਂ ਕਰ ਲੈਂਦਾ?"

"ਮੈਨੂੰ ਕੋਈ ਕੰਮ ਕਰਨਾ ਨਹੀਂ ਆਉਂਦਾ।"

ਸੇਵਾਦਾਰ ਨੇ ਸਮਝਿਆ ਕਿ ਉਹ ਪੁਣਛ ਤੋਂ ਆਇਆ ਹੋਵੇਗਾ। ਉਸ ਨੇ ਕਿਹਾ—"ਸਭ ਪੁਣਛੀਏ ਭਾਂਡੇ ਮਾਂਜਦੇ ਹਨ। ਤੂੰ ਵੀ ਮਾਂਜ ਸਕਦਾ ਹੈਂ।"

ਜੋਗਾ ਸਿੰਘ ਨੇ ਭਾਂਡੇ ਕਦੇ ਨਹੀਂ ਸਨ ਮਾਂਜੇ। ਸੇਵਾਦਾਰ ਦੀ ਗੱਲ ਸੁਣ ਕੇ ਉਸ ਦੇ ਰੋਮ ਖੜੇ ਹੋ ਗਏ।

ਦੂਜੇ ਦਿਨ ਉਸੇ ਸੇਵਾਦਾਰ ਨੇ ਉਸ ਨੂੰ ਇੱਕ ਹਲਵਾਈ ਕੋਲ ਨੌਕਰ ਕਰਵਾ ਦਿੱਤਾ। ਉਹ ਸਾਰਾ ਦਿਨ ਹਲਵਾਈ ਦੀਆਂ ਜੂਠੀਆਂ ਬਾਟੀਆਂ ਮਾਂਜਦਾ ਰਿਹਾ ਕਰੇ। ਦਿਨ ਖੁਲ੍ਹ ਗਏ ਸਨ। ਠੰਢ ਹੱਟ ਗਈ ਸੀ। ਰਾਤੀਂ ਉਹ ਹਲਵਾਈ ਦੀ ਦੂਕਾਨ ਅੱਗੇ ਵਾਣ ਦੀ ਮੰਜੀ ਉੱਤੇ ਕਪੜਿਆਂ ਸਮੇਤ ਸੌਂ ਜਾਇਆ ਕਰੇ! ਇੱਕ ਮਹੀਨੇ ਪਿੱਛੋਂ ਹਲਵਾਈ ਨੇ ਉਸ ਨੂੰ ਚਾਂਦੀ ਦਾ ਇੱਕ ਰੁਪਿਆ ਦੇ ਕੇ ਕਿਹਾ—"ਇਹ ਤੇਰੀ ਮਜ਼ੂਰੀ ਹੈ। ਗਵਾ ਨਾ ਲਈ।" ਜੋਗਾ ਸਿੰਘ ਨੂੰ ਸਮਝ ਨਾ ਆਈ ਕਿ ਰੁਪਿਆ ਕਿੱਥੇ ਰੱਖੇ। ਉਸ ਨੇ ਪਹਿਲੋਂ ਰੁਪਏ ਦਾ ਸਿੱਕਾ ਕਦੇ ਵੀ ਆਪਣੇ ਹੱਥ ਵਿੱਚ ਫੜ ਕੇ ਨਹੀਂ ਸੀ ਵੇਖਿਆ। ਉਹ ਬੜਾ ਖੁਸ਼ ਸੀ। ਹਲਵਾਈ ਨੇ ਰੁਪਿਆ ਉਸ ਦੇ ਹੱਥੋਂ ਫੜ ਕੇ ਕਿਹਾ—"ਤੂੰ ਗਵਾ ਲਏਂਗਾ। ਮੈਂ ਤੇਰੀ ਇਮਾਨਤ ਆਪਣੇ ਕੋਲ ਰੱਖ ਲੈਂਦਾ ਹਾਂ।"

ਬਹਾਰ ਦਾ ਮੌਸਮ ਲੰਘ ਗਿਆ। ਗਰਮੀਆਂ ਮੁੱਕ ਗਈਆਂ। ਪਤਝੜ ਦਾ ਮੌਸਮ ਖਤਮ ਹੋ ਗਿਆ। ਮੁੜ ਸਿਆਲ ਆ ਗਿਆ। ਜੋਗਾ ਸਿੰਘ ਦੇ ਦਸ ਰੁਪਏ ਜਮ੍ਹਾ ਹੋ ਗਏ। ਉਸ ਨੇ

ਪੰਜ ਰੁਪਏ ਆਪਣੇ ਘਰ ਭੇਜਣੇ ਚਾਹੇ । ਹਲਵਾਈ ਨੇ ਉਸ ਨੂੰ ਪੁੱਛਿਆ—"ਜੋਗਿਆ । ਤੂੰ ਸਾਰੀ ਉਮਰ ਬਾਟੀਆਂ ਮਾਂਜਦਾ ਰਹੇਂਗਾ ?"

ਉਸ ਨੇ ਉੱਤਰ ਦਿੱਤਾ—"ਮੈਂ ਤਾਂ ਵਾਜਾ ਸਿੱਖਣ ਆਇਆ ਹਾਂ ।"

ਹਲਵਾਈ ਦੀ ਆਪਣੀ ਔਲਾਦ ਕੋਈ ਨਹੀਂ ਸੀ । ਉਸ ਨੇ, ਉਸ ਨੂੰ ਵਾਜਾ ਸਿੱਖਣ ਲਈ, ਹਰ ਰੋਜ਼, ਦੋ ਘੰਟੇ ਛੁੱਟੀ ਦੇਣੀ ਸ਼ੁਰੂ ਕਰ ਦਿੱਤੀ । ਉਹ ਹਲਵਾਈ ਦੀਆਂ ਬਾਟੀਆਂ ਮਾਂਜਦਾ ਰਿਹਾ ਤੇ ਹਾਰਮੋਨੀਅਮ ਉੱਤੇ ਕੀਰਤਨ ਸਿੱਖਦਾ ਰਿਹਾ । ਉਹ ਕੀਰਤਨ ਸਿੱਖਣ ਲਈ ਸੰਤ ਮਿਸ਼ਰਾ ਸਿੰਘ ਜੀ ਦੇ ਡੇਰੇ ਇੱਕ ਸੂਰਮੇ ਰਾਗੀ ਤੋਂ ਕੀਰਤਨ ਸਿੱਖਣ ਜਾਂਦਾ । ਸੂਰਮਾ ਸਿੰਘ ਨੂੰ ਇੱਕ ਅਜਿਹੇ ਸ਼ਗਿਰਦ ਦੀ ਲੋੜ ਸੀ ਜੋ ਉਸ ਦੀ ਡੰਗੋਰੀ ਫੜ ਕੇ ਉਸ ਨਾਲ ਤੁਰਦਾ । ਇਸ ਤਰ੍ਹਾਂ ਉਸ ਨੇ ਹਲਵਾਈ ਦਾ ਕੰਮ ਛੱਡ ਕੇ ਸੂਰਮਾ ਸਿੰਘ ਪਾਸ ਰਹਿਣਾ ਸ਼ੁਰੂ ਕਰ ਦਿੱਤਾ । ਹੁਣ ਉਸ ਪਾਸ ਆਪਣੀ ਰਜਾਈ ਤਲਾਈ ਸੀ । ਉਸ ਨੇ ਇੱਕ ਸਿਰਹਾਣਾ ਵੀ ਭਰਵਾ ਲਿਆ ਸੀ । ਉਹ ਸੂਰਮਾ ਸਿੰਘ ਦੇ ਕਮਰੇ ਵਿੱਚ ਹੀ ਭੁੰਜੇ ਬਿਸਤਰਾ ਲਗਾ ਕੇ ਸੌਂ ਜਾਂਦਾ । ਜਿੰਨਾ ਸਮਾਂ ਮਿਲਦਾ ਕੀਰਤਨ ਸਿੱਖਣ ਵਿੱਚ ਤੇ ਅਭਿਆਸ ਕਰਨ ਵਿੱਚ ਲਗਾ ਦੇਂਦਾ ।

ਉਹ ਘਰ ਪੈਸੇ ਭੇਜਦਾ ਰਹਿੰਦਾ । ਲਗਭਗ ਸੱਤ ਸਾਲ ਨਾ ਉਹ ਘਰ ਗਿਆ । ਨਾ ਹੀ ਉਸ ਨੂੰ ਘਰੋਂ ਕੋਈ ਮਿਲਣ ਆਇਆ । ਉਨ੍ਹਾਂ ਈਸੋ ਦਾ ਵਿਆਹ ਵੀ ਉਸ ਦੀ ਗੈਰਹਾਜ਼ਰੀ ਵਿੱਚ ਕਰ ਦਿੱਤਾ ਸੀ । ਜਦ ਉਹ ਆਪਣੇ ਗਿਰਾਂ ਗਿਆ ਤਾਂ ਘਰ ਦੇ ਸਭ ਜੀਆਂ ਲਈ ਕੱਪੜਾ—ਲੱਤਾ ਲੈ ਕੇ ਗਿਆ । ਜਦ ਉਸ ਨੇ ਗੁਰਦੁਆਰੇ ਵਿੱਚ ਕੀਰਤਨ ਕੀਤਾ ਤਾਂ ਲੋਕੀਂ ਕਹਿਣ ਲੱਗੇ—"ਜੋਗੇ ਨੇ ਤਾਂ ਹਰੀਏ ਦੇ ਪੁੱਤਰ ਨੂੰ ਵੀ ਪਿੱਛੇ ਛੱਡ ਦਿੱਤਾ ਹੈ ।" ਮਾਂ ਪਿਓ ਨੇ ਜੋਗਾ ਸਿੰਘ ਦੇ ਵਿਆਹ ਦੀ ਗੱਲ ਚਲਾਈ । ਜੋਗਾ ਸਿੰਘ ਨੇ ਉਸ ਪਾਸੇ ਧਿਆਨ ਨਾ ਦਿੱਤਾ ।

ਉਸ ਨੂੰ ਗੁਰਬਾਣੀ ਪੜ੍ਹਨ ਤੇ ਕੀਰਤਨ ਕਰਨ ਦਾ ਇਨਾ ਚਾਅ ਸੀ ਕਿ ਬਹੁਤਾ ਸਮਾਂ ਇਸੇ ਪਾਸੇ ਲਾਂਦਾ । ਇਸੇ ਤਰ੍ਹਾਂ ਤਿੰਨ ਚਾਰ ਸਾਲ ਹੋਰ ਨਿਕਲ ਗਏ । ਇੱਕ ਦਿਨ ਉਸ ਦੇ ਸੂਰਮੇ ਉਸਤਾਦ ਨੇ ਉਸ ਨੂੰ ਦਸਿਆ ਕਿ ਉਹ ਸਮੁੰਦਰੋਂ ਪਾਰ ਪਰਦੇਸਾਂ ਵਿੱਚ ਕੀਰਤਨ ਕਰਨ ਜਾ ਰਿਹਾ ਹੈ । ਉਸ ਦਾ ਇੱਕ ਸ਼ਾਗਿਰਦ ਵੀ ਉਸ ਨਾਲ ਤਬਲਾ ਵਜਾਉਣ ਲਈ ਜਾ ਰਿਹਾ ਹੈ । ਜੇ ਉਸ ਨੇ ਉਨ੍ਹਾਂ ਨਾਲ ਜਾਣਾ ਹੋਵੇ ਤਾਂ ਉਹ ਵੀ ਤਿਆਰ ਹੋ ਜਾਏ। ਉਹ ਕਈ ਦਿਨ ਸੋਚਦਾ ਰਿਹਾ । ਉਸ ਨੂੰ ਈਸੋ ਤੇ ਮਾਂ ਬਾਪ ਦੀ ਯਾਦ ਤਾਜਾ ਹੋ ਆਈ । ਉਹ ਮਨ ਹੀ ਮਨ ਵਿੱਚ ਆਪਣੇ ਉਸਤਾਦ ਨਾਲ ਪਰਦੇਸ ਜਾਣ ਲਈ ਤਿਆਰ ਹੋ ਗਿਆ । ਉਹ ਗਿਰਾਂ ਗਿਆ । ਉਸ ਨੇ ਆਪਣੇ ਬਾਪ ਨੂੰ ਦੋ-ਵਿਘੇ ਜ਼ਮੀਨ ਹੋਰ ਖ਼ਰੀਦ ਦਿੱਤੀ । ਇੱਕ ਨਵਾਂ ਟੱਟੂ ਲੈ ਦਿੱਤਾ । ਜਦ ਉਹ ਵਾਪਸ ਅਮ੍ਰਿਤਸਰ ਮੁੜਿਆ ਤਾਂ ਉਸ ਦਾ ਉਸਤਾਦ ਉਸ ਦੀ ਉਡੀਕ ਕਰਕੇ ਪਰਦੇਸ ਜਾਣ ਨੂੰ ਤਿਆਰ ਹੋ ਗਿਆ ਸੀ । ਉਹ ਵੀ ਜਾਣ ਲਈ ਤਿਆਰ ਹੋ ਗਿਆ ।

ਜਦ ਜੋਗਾ ਸਿੰਘ ਦਾ ਉਸਤਾਦ ਲਗਭਗ ਇੱਕ ਸਾਲ, ਪੀਨਾਂਗ, ਤੈਪਿੰਗ, ਕੁਆਲਾ-ਕੈਂਗਸਰ, ਈਪੋ, ਕੁਆਲਾਲੰਪਰ, ਸਰੰਬਨ, ਮਲਾਕਾ ਤੇ ਸਿੰਘਾਪੁਰ ਕੀਰਤਨ ਕਰਨ ਪਿੱਛੋਂ ਦੇਸ ਮੁੜਨ ਨੂੰ ਤਿਆਰ ਹੋਇਆ ਤਾਂ ਉਸ ਨੇ ਜੋਗਾ ਸਿੰਘ ਨੂੰ ਸਲਾਹ ਦਿੱਤੀ ਕਿ ਉਹ ਕਿਸੇ ਗੁਰਦੁਆਰੇ ਵਿੱਚ ਕੀਰਤਨੀਆਂ ਲੱਗ ਜਾਏ, ਤਾਂ ਕਿ ਉਹ ਆਪਣੇ ਘਰ ਦਿਆਂ ਨੂੰ ਗ਼ਰੀਬੀ ਤੋਂ ਛੁਟਕਾਰਾ ਕਰਾ ਸਕੇ । ਉਹ ਰਹਿਣ ਨੂੰ ਤਿਆਰ ਨਾ ਹੋਇਆ । ਉਸ ਦਾ ਮਨ ਝੱਟ ਪੱਟ ਘਰ ਪਹੁੰਚਣ ਨੂੰ

ਕਰ ਆਇਆ। ਉਸ ਪਾਸ ਉਸ ਦੀ ਆਸ ਤੋਂ ਵੱਧ ਪੈਸੇ ਜਮ੍ਹਾਂ ਹੋ ਗਏ ਸਨ। ਕਦੇ ਉਹ ਸੋਚਦਾ ਕਿ ਕੁੱਝ ਪੈਸੇ ਘਰ ਭੇਜ ਦੇਵੇ ਤੇ ਹੋਰ ਪੈਸੇ ਕਮਾਉਣ ਲਈ ਮਲਾਯਾ ਵਿੱਚ ਹੀ ਟਿਕਿਆ ਰਹੇ। ਕਦੇ ਉਹ ਸੋਚਦਾ ਕਿ ਦੇਸ ਜਾ ਕੇ ਵਿਆਹ ਕਰਵਾ ਕੇ ਮੁੜ ਵਾਪਸ ਆ ਜਾਏ। ਉਸ ਦਾ ਮਨ ਦੁਚਿੱਤੀ ਵਿੱਚ ਪਿਆ ਰਿਹਾ।

ਉਹ ਸਿੰਘਾਪੁਰ ਤੋਂ ਪੀਨਾਂਗ ਵੱਲ ਵਾਪਸ ਜਾਂਦੇ ਕੀਰਤਨ ਕਰਦੇ ਜਾ ਰਹੇ ਸਨ। ਜਦ ਉਹ ਤੈਪਿੰਗ ਪਹੁੰਚੇ ਤਾਂ ਉਸ ਦੇ ਸੂਰਮੇ ਉਸਤਾਦ ਨੇ ਫਿਰ ਉਸ ਦੇ ਮਲਾਯਾ ਵਿੱਚ ਰਹਿ ਜਾਣ ਦੀ ਗੱਲ ਚਲਾ ਦਿੱਤੀ—"ਜੋਗਾ ਸਿਹਾਂ। ਜੇ ਤੂੰ ਰਹਿ ਜਾਏਗਾ ਤਾਂ ਸਾਡਾ ਵੀ ਪੱਕਾ ਟਿਕਾਣਾ ਬਣ ਜਾਏਗਾ। ਦੋਹਾਂ ਚੌਹਾਂ ਸਾਲਾਂ ਨੂੰ ਫਿਰ ਆਵਾਂਗੇ ਫਿਰ ਇੱਕ ਹੋਰ ਸ਼ਗਿਰਦ ਛੱਡ ਜਾਂਗੇ।"

ਉਨ੍ਹਾਂ ਦੇ ਕੋਲ ਬੈਠੇ ਗੁਰਦੁਆਰੇ ਦੇ ਪ੍ਰਬੰਧਕ ਬਾਬੂ ਕਿਹਰ ਸਿੰਘ ਜੀ ਨੇ ਵੀ ਸੂਰਮਾ ਸਿੰਘ ਦੀ ਰਾਏ ਵਿੱਚ ਆਪਣੀ ਰਾਏ ਮਿਲਾ ਦਿੱਤੀ—"ਮੇਰਾ ਖ਼ਿਆਲ ਐ ਕਿ ਭਾਈ ਜੋਗਾ ਸਿੰਘ ਹੋਰੀਂ ਖੁਲ੍ਹੇ ਤੌਰ ਤੇ ਕੀਰਤਨ ਕਰਨ। ਕਿਸੇ ਨੌਕਰੀ ਦੇ ਬੰਧਨ ਵਿੱਚ ਨਾ ਪੈਣ ਤਾਂ ਚੰਗੇ ਰਹਿਣਗੇ।"

ਜਦ ਪੀਨਾਂਗ ਤੋਂ ਸੂਰਮਾ ਸਿੰਘ ਤੇ ਉਨ੍ਹਾਂ ਦਾ ਦੂਜਾ ਸ਼ਾਗਿਰਦ ਜਹਾਜ਼ ਚੜ੍ਹਨ ਲੱਗੇ ਤਾਂ ਜੋਗਾ ਸਿੰਘ ਦਰੱਵ ਪਿਆ। ਉਸ ਦੀਆਂ ਅੱਖਾਂ ਵਿੱਚੋਂ ਹੰਵ੍ਹ ਵਹਿ ਤੁਰੇ। ਸੂਰਮਾ ਸਿੰਘ ਨੇ ਕਿਹਾ "ਜੋਗਾ ਸਿਹਾਂ। ਜੇ ਤੇਰਾ ਮਨ ਨਾ ਲੱਗੇ ਤਾਂ ਕਿਸੇ ਹੋਰ ਜਹਾਜ਼ ਤੇ ਤੁਰ ਆਈਂ। ਜਹਾਜ਼ ਤੁਰੇ ਹੀ ਰਹਿੰਦੇ ਐ।"

ਗੁਰਦੁਆਰਾ ਪੀਨਾਂਗ ਵਿੱਚ ਥੋੜੇ ਦਿਨ ਕੀਰਤਨ ਕਰਨ ਮਗਰੋਂ ਉਹ ਤੈਪਿੰਗ ਬਾਬੂ ਕਿਹਰ ਸਿੰਘ ਹੋਰਾ ਦੇ ਜ਼ੋਰ ਦੇਣ ਤੇ ਉਥੇ ਹੀ ਗ੍ਰੰਥੀ ਦਾ ਕੰਮ ਕਰਨ ਲੱਗ ਪਿਆ। ਉਨ੍ਹਾਂ ਦਿਨਾਂ ਵਿੱਚ ਹੀ ਬਾਬੂ ਕਿਹਰ ਸਿੰਘ ਨੂੰ ਮਿਲਣ ਆਇਆ ਪੀਨਾਂਗ ਦਾ ਗ੍ਰੰਥੀ ਭਾਈ ਭਗਵਾਨ ਸਿੰਘ ਉਸ ਨੂੰ ਮਿਲ ਪਿਆ। ਵਾਪਸ ਜਾਂਦਾ ਉਹ ਜੋਗਾ ਸਿੰਘ ਨੂੰ ਆਪਣੇ ਨਾਲ ਲੈ ਗਿਆ।

ਜੋਗਾ ਸਿੰਘ ਦਾ ਲਗਭਗ ਪੌਣੇ ਛੇ ਫੁੱਟ ਲੰਮਾ ਕੱਦ, ਢੁਕਵਾਂ ਸਰੀਰ, ਨਾ ਪਤਲਾ ਨਾ ਮੋਟਾ। ਗੋਰਾ-ਦੁੱਧ ਰੰਗ। ਵੱਡੀ ਵੱਡੀਆਂ ਅੱਖਾਂ। ਲੰਮਾ ਨੱਕ ਤੇ ਚੌਵੀ ਪੰਝੀ ਸਾਲਾਂ ਦੀ ਖੁਲ੍ਹੀ ਦਾੜ੍ਹੀ। ਦਾੜ੍ਹੀ ਦਾ ਕੱਕਾ ਰੰਗ। ਸਿਰ ਉੱਤੇ ਦੋਹਰੀ ਬੱਧੀ ਦਸਤਾਰ। ਕਾਲੀ ਅਚਕਨ ਤੇ ਤੰਗ ਪੰਜਾਮਾ। ਪੈਰੀਂ ਕਾਲੇ-ਸ਼ਾਹ ਨਵੇਂ ਨਕੋਰ ਬੂਟ। ਜੋ ਕੋਈ ਉਸ ਨੂੰ ਮਿਲਦਾ, ਬਿਨਾਂ ਜਾਣ ਪਛਾਣ ਦੇ, ਉਸ ਦੀ ਦਿੱਖ-ਪੁੱਖ ਤੇ ਪਹਿਰਾਵੇ ਦੇ ਰੋਹਬ ਵਿੱਚ ਆ ਕੇ ਸਤਿ ਸ੍ਰੀ ਅਕਾਲ ਬੁਲਾ ਦੇਂਦਾ। ਜਿਸ ਦਿਨ ਪਹਿਲੀ ਵਾਰੀ, ਭਾਈ ਭਗਵਾਨ ਸਿੰਘ ਨੇ ਉਸ ਦਾ ਇਕੱਲੇ ਦਾ ਕੀਰਤਨ ਸੁਣਿਆ ਸੀ ਉਸੇ ਦਿਨ ਤੋਂ ਉਹ ਉਸ ਨੂੰ ਚਾਹੁੰਣ ਲੱਗ ਪਿਆ ਸੀ। ਭਾਈ ਭਗਵਾਨ ਸਿੰਘ ਆਪ ਜਦ ਲੈਕਚਰ ਕਰਦਾ ਸੀ ਤਾਂ ਲੋਕਾਂ ਨੂੰ ਕੀਲ ਲੈਂਦਾ ਸੀ ਜਿਵੇਂ ਮਦਾਰੀ, ਸੱਪ ਨੂੰ ਕੀਲ ਲੈਂਦਾ ਹੈ ਪਰ ਉਹ ਕੀਰਤਨ ਕਰਨਾ ਨਹੀਂ ਸੀ ਜਾਣਦਾ। ਜੋਗਾ ਸਿੰਘ ਦੇ ਕੀਰਤਨ ਨਾਲ ਉਹ ਆਪ ਕੀਲਿਆ ਗਿਆ ਸੀ। ਉਹ ਦੋਵੇਂ ਕੁੱਝ ਦਿਨਾਂ ਵਿੱਚ ਹੀ ਘਿਉ ਖਿਚੜੀ ਹੋ ਗਏ। ਭਾਈ ਭਗਵਾਨ ਸਿੰਘ ਰਾਜਨੀਤਕ ਵਿਚਾਰਾਂ ਵਾਲਾ ਸੀ। ਉਹ ਅੰਗਰੇਜ਼ਾ ਦੇ ਸਖਤ ਖਿਲਾਫ ਤੇ ਦੇਸ ਦੀ ਆਜ਼ਾਦੀ ਦਾ ਇੱਛਕ ਸੀ। ਉਸ ਦੇ ਵਿਚਾਰਾਂ ਦਾ ਜੋਗਾ ਸਿੰਘ ਉੱਤੇ ਵੀ ਅਸਰ ਹੋਇਆ।

ਭਾਈ ਭਗਵਾਨ ਸਿੰਘ, ਪੀਨਾਂਗ ਛੱਡ ਕੇ ਹਾਂਗਕਾਂਗ ਜਾ ਗ੍ਰੰਥੀ ਲੱਗਾ। ਫਿਰ ਉਹ ਕੈਨੇਡਾ ਜਾ ਪਹੁੰਚਾ। ਉੱਥੋਂ ਦੀ ਸਰਕਾਰ ਨੇ ਉਸ ਦੀਆਂ ਮੁਸ਼ਕਾਂ ਬਨ੍ਹਾ ਕੇ ਉਸ ਨੂੰ ਉੱਥੋਂ ਕੱਢ ਦਿੱਤਾ।

ਉਹ ਅਮਰੀਕਾ ਜਾ ਪਹੁੰਚਾ । ਗਦਰ ਪਾਰਟੀ ਦਾ ਪਰਧਾਨ ਨਿਯਤ ਹੋ ਗਿਆ । ਜਦ ਭਗਵਾਨ ਸਿੰਘ ਮਨੀਲੇ ਤੋਂ ਸਿੰਘਾਪੁਰ ਭਾਈ ਬਲਵੰਤ ਸਿੰਘ ਹੋਰਾਂ ਨੂੰ ਮਿਲਣ ਆਇਆ ਉਸ ਸਮੇਂ ਜੋਗਾ ਸਿੰਘ, ਸਿੰਘਾਪੁਰ ਗੁਰਦੁਆਰੇ ਵਿੱਚ ਟਿਕਿਆ ਹੋਇਆ ਸੀ । ਉੱਥੋਂ ਦਾ ਗ੍ਰੰਥੀ ਦੇਸ ਗਿਆ ਹੋਇਆ ਸੀ । ਭਾਈ ਭਗਵਾਨ ਸਿੰਘ ਜਦ ਉਸ ਨੂੰ ਮਿਲਿਆ ਤਾਂ ਜੋਗਾ ਸਿੰਘ ਉਸ ਨੂੰ ਦਸਤਾਰ ਤੇ ਕੇਸਾਂ ਤੋਂ ਬਿਨਾਂ ਤੱਕ ਕੇ ਕੰਬ ਉਠਿਆ । ਉਸ ਦੇ ਰੋਮ ਖੜੇ ਹੋ ਗਏ । ਭਗਵਾਨ ਸਿੰਘ ਨੇ ਰਾਤ ਉਸ ਪਾਸ ਰਹਿ ਕੇ, ਉਸ ਨੂੰ ਦੇਸ ਦੀ ਆਜ਼ਾਦੀ ਦੀ ਜੰਗ ਛੇੜ ਦੇਣ ਦੀ ਸਾਰੀ ਗੱਲ ਸਮਝਾਈ ਪਰ ਭਗਵਾਨ ਸਿੰਘ ਨੂੰ ਜਾਪਿਆ ਕਿ ਉਹ ਉਸ ਦੀ ਕਿਸੇ ਗੱਲ ਵੱਲ ਵੀ ਕੋਈ ਧਿਆਨ ਨਹੀਂ ਦੇ ਰਿਹਾ । ਭਗਵਾਨ ਸਿੰਘ, ਮੁੜ ਕੇ ਉਸ ਨੂੰ ਮਿਲਣ ਨਾ ਗਿਆ । ਹੁਣ ਭਗਵਾਨ ਸਿੰਘ ਨੂੰ ਮਿਲਣ ਦੀ ਜੋਗਾ ਸਿੰਘ ਦੀ ਇੱਛਾ ਬਹੁਤ ਹੀ ਤੀਬਰ ਹੋ ਉੱਠੀ ।

ਜਦ ਉਹ ਸੁਣਦਾ ਕਿ ਅਮਰੀਕਾ, ਕੈਨੇਡਾ, ਸ਼ੰਘਾਈ, ਹਾਂਗਕਾਂਗ ਤੇ ਮਨੀਲੇ ਤੋਂ ਲੋਕ ਧੜਾ ਧੜਾ ਦੇਸ ਜਾ ਰਹੇ ਹਨ ਤਾਂ ਉਸ ਦਾ ਮਨ ਵੀ ਦੇਸ ਜਾਣ ਲਈ ਉਤਾਵਲਾ ਹੋ ਉਠਦਾ । ਜੰਗ ਲੱਗੀ ਹੋਣ ਕਰ ਕੇ ਉਸ ਨੂੰ ਘਰੋਂ ਚਿੱਠੀ ਆਉਣੀ ਵੀ ਬੰਦ ਹੋ ਗਈ ਸੀ । ਉਹ ਭਗਵਾਨ ਸਿੰਘ ਨੂੰ ਮਿਲਣ ਲਈ ਕਾਹਲਾ ਪੈ ਰਿਹਾ ਸੀ । ਉਸ ਨੂੰ ਦੇਸ ਦੀ ਆਜ਼ਾਦੀ ਦੀ ਗੱਲ ਵੀ ਕੁੱਝ ਕੁੱਝ ਸਮਝ ਆਉਣ ਲੱਗ ਪਈ ਸੀ ।

੧੬

ਅੱਧੀ ਰਾਤ ਤੋਂ ਵੀ ਵੱਧ ਸਮਾਂ ਹੋ ਚੁੱਕਾ ਸੀ । ਬਾਹਰ ਕਿਣ-ਮਿਣ ਕਿਣ-ਮਿਣ ਹੋ ਰਹੀ ਸੀ । ਹਵਾ ਤੇਜ ਚਲ ਰਹੀ ਸੀ । ਕਈ ਵਾਰੀ ਹਵਾ ਦੇ ਜ਼ੋਰ ਨਾਲ ਦਰਵਾਜ਼ਾ ਖੜਕ ਉੱਠਦਾ । ਊਧਮ ਕੌਰ ਨਿਰੰਜਨ ਕੌਰ ਤੇ ਹਰਿਦਿਆਲ ਸਿੰਘ ਫਰਸ਼ ਉੱਤੇ ਹੀ ਸੁੱਤੇ ਪਏ ਸਨ । ਤਿੰਨਾਂ ਬੱਚਿਆਂ ਨੂੰ ਖੰਘ ਲਗੀ ਹੋਈ ਸੀ । ਜੇ ਕੋਈ ਬੱਚਾ ਖੰਘਦਾ ਤਾਂ ਕਰਤਾਰ ਕੌਰ ਉਸ ਦੀ ਪਿੱਠ ਪਲੋਸਣ ਲਗ ਪੈਂਦੀ । ਲਾਲਟੈਨ ਦੀ ਨਿਮ੍ਹੀ ਜਿਹੀ ਲੋਅ ਵਿੱਚ ਭਾਈ ਸਾਹਿਬ ਚੌਕੜੀ ਮਾਰ ਕੇ, ਨੀਵੀਂ ਪਾ ਕੇ ਬੈਠੇ ਸਨ । ਕਰਤਾਰ ਕੌਰ, ਉਨ੍ਹਾਂ ਦੇ ਬਿਲਕੁਲ ਸਾਹਮਣੇ ਬੈਠੀ ਸੀ । ਕਰਤਾਰ ਕੌਰ ਨੇ ਆਪਣੇ ਦੋਹਾਂ ਹੱਥਾਂ ਨਾਲ ਭਾਈ ਸਾਹਬ ਦੇ ਪੈਰ ਫੜਨੇ ਚਾਹੇ । ਭਾਈ ਸਾਹਬ ਨੇ ਆਪਣੀ ਚੌਕੜੀ ਵਿੱਚ ਪੈਰ ਛੁਪਾ ਕੇ ਕਿਹਾ---"ਕਰਤਾਹ ਕੌਰ ਜੀ ! ਚਰਨ ਕੇਵਲ ਸਤਗੁਰ ਸੱਚੇ ਪਾਤਸ਼ਾਹ ਦੇ ਫੜਨੇ ਚਾਹੀਦੇ ਹਨ ।"

"ਤੁਸੀਂ ਮੈਨੂੰ "ਅਰਧੰਗੀ" ਕਹਿ ਕੇ ਬੁਲਾਂਦੇ ਸੀ । ਮੈਨੂੰ ਆਪਣਾ ਅੱਧਾ ਅੰਗ ਸਮਝਦੇ ਸੀ । ਮੈਂ ਹਰ ਪੱਲ ਤੁਹਾਥੋਂ ਦੂਰ ਹੋ ਰਹੀ ਹਾਂ । ਨਹੀਂ ਸੱਚ ! ਮੈਂ ਤਾਂ ਇਹ ਕਹਿਣਾ ਚਾਹੁੰਦੀ ਹਾਂ ਕਿ ਤੁਸੀਂ ਮੈਨੂੰ ਹਰ ਪੱਲ ਆਪਣੇ ਨਾਲੋਂ ਦੂਰ ਕਰ ਰਹੇ ਹੋ । ਤੁਸੀਂ ਜਾਣ ਬੁੱਝ ਕੇ ਮੋਹ ਤੋੜ ਰਹੇ ਹੋ । ਤੁਸਾਂ ਅੰਤਲੇ ਸੁਆਸਾਂ ਤੱਕ ਮੇਰੀ ਪੱਤ ਦੇ ਰਾਖੇ ਬਣਨ ਦਾ ਬਚਨ ਦਿੱਤਾ ਸੀ । ਤੁਸੀਂ ਕੈਨੇਡਾ ਛੱਡਣ ਤੱਕ ਸੰਗਤਾਂ ਨੂੰ ਇਹੋ ਉਪਦੇਸ਼ ਦੇਂਦ ਰਹੇ ਹੋ ਕਿ ਗੁਰਸਿੱਖੀ ਵਿੱਚ ਗ੍ਰਹਿਸਤ ਆਸ਼ਰਮ ਸਭ ਤੋਂ ਵੱਡਾ ਆਸ਼ਰਮ ਹੈ । ਆਪਣੀਆਂ ਸਾਰੀਆ ਜ਼ਿੰਮੇਵਾਰੀਆਂ ਮੇਰੇ ਸਿਰ ਉੱਤੇ ਸੁਟ ਕੇ ਜਾ ਰਹੇ ਹੋ । ਮੈਨੂੰ ਇਹ ਵੀ ਨਹੀਂ ਪਤਾ ਕਿ ਤੁਸੀਂ ਕਿੱਧਰ ਜਾ ਰਹੇ ਹੋ । ਕਦੇ ਮੇਲੇ ਵੀ ਹੋਣਗੇ ਕਿ ਨਹੀਂ । ਤੁਸੀਂ ਬੱਚਿਆ ਨਾਲੋਂ ਵੀ ਮੋਹ ਤੋੜ ਲਿਆ ਹੈ । ਮੈਂ ਵੇਖਦੀ ਹਾਂ ਤੁਸੀਂ

ਆਪਣੇ ਇੱਕੋ ਇੱਕ ਪੁੱਤਰ ਨੂੰ ਵੀ ਖਿਡਾਉਣਾ ਛੱਡ ਦਿੱਤਾ ਹੈ। ਅੱਗੇ ਤੁਸੀਂ ਘੰਟਿਆਂ ਬੱਧੀ ਉਹਨੂੰ ਗੋਦ ਵਿੱਚ ਬਿਠਾਈ ਰੱਖਦੇ ਸੀ। ਹੁਣ ਜੇ ਉਹ ਤੁਹਾਡੀ ਗੋਦ ਵਿੱਚ ਆ ਬੈਠੇ ਤਾਂ ਤੁਸੀਂ ਉਸੇ ਵੇਲੇ ਕਾਹਲੇ ਪੈ ਜਾਂਦੇ ਹੋ।'' ਕਰਤਾਰ ਕੌਰ ਆਪਣੀ ਗੱਲ ਕਰਦੀ ਜਾ ਰਹੀ ਸੀ। ਭਾਈ ਸਾਹਬ ਚੁੱਪ-ਚਪਾਤੇ ਸੁਣੀ ਜਾ ਰਹੇ ਸਨ। ਉਸ ਨੂੰ ਖ਼ਿਆਲ ਹੋਇਆ ਕਿ ਉਹ ਤਾਂ ਕਿਸੇ ਹੋਰ ਧਿਆਨ ਵਿੱਚ ਜੁੜੇ ਹੋਏ ਹਨ। ਉਸ ਦੀ ਗੱਲ ਸੁਣ ਹੀ ਨਹੀਂ ਰਹੇ। ਉਸ ਨੇ ਭਾਈ ਸਾਹਬ ਦਾ ਸੱਜਾ ਗੋਡਾ ਫੜ ਕੇ ਹਿਲਾਇਆ। ਭਾਈ ਸਾਹਬ ਨੇ ਇੱਕ ਭਰਪੂਰ ਨਜ਼ਰ ਕਰਤਾਰ ਕੌਰ ਦੇ ਉਦਾਸੇ ਹੋਏ ਚਿਹਰੇ ਉਤੇ ਸੁੱਟੀ ਤੇ ਕਿਹਾ—''ਮੈਂ ਸੁਣ ਰਿਹਾ ਹਾਂ। ਸਭ ਸੁਣ ਰਿਹਾ ਹਾਂ। ਮੇਰੇ ਵਿੱਚ ਪਤੀ ਦਾ ਦਿਲ ਹੈ। ਮੇਰੀ ਛਾਤੀ ਵਿੱਚ ਪਿਓ ਦਾ ਦਿਲ ਵੀ ਤੜਪ ਰਿਹਾ ਹੈ। ਸਿੱਖ ਪੰਥ ਵਿੱਚ ਸੰਗਤ ਦਾ ਹੁਕਮ ਸਭ ਤੋਂ ਵੱਡਾ ਹੁਕਮ ਹੈ। ਦਸਮ ਪਾਤਸ਼ਾਹ ਨੇ ਜ਼ੁਲਮ ਤੇ ਜ਼ਾਲਮ ਦਾ ਮੁਕਾਬਲਾ ਕਰਨ ਲਈ ਸ਼ਮਸ਼ੀਰ ਖਿੱਚੀ ਸੀ। ਅੱਜ ਦੇਸ ਦੀ ਹਾਲਤ ਅੱਗੇ ਨਾਲੋਂ ਵੀ ਬਦਤਰ ਹੈ। ਸਾਡੇ ਹਰੇ ਭਰੇ ਖੇਤਾਂ ਦੇ ਦੁਆਲੇ ਫਰੰਗੀ ਨੇ ਲੋਹੇ ਦੀ ਕੰਡਿਆਲੀ ਤਾਰ ਲਾ ਰੱਖੀ ਹੈ। ਲੁਕਾਈ ਭੁੱਖੀ ਮਰ ਰਹੀ ਹੈ। ਬਹੂ-ਬੇਟੀਆਂ ਦੀ ਇਜ਼ਤ ਲੁਟੀ ਜਾ ਰਹੀ ਹੈ। ਗੁਰੂ ਨਾਨਕ ਪਾਤਸ਼ਾਹ ਦੇ ਮੁਖਵਾਕ ਅਨੁਸਾਰ ਰਾਜੇ ਕਸਾਈ ਬਣ ਬੈਠੇ ਹਨ। ਧਰਮ ਖੰਭ ਲਾ ਕੇ ਉੱਡ ਗਿਆ ਹੈ। ਸਾਰੀ ਕੌਮ ਬੁਜ਼ਦਿਲੀ ਤੇ ਢਹਿੰਦੀਆਂ ਕਲਾਂ ਵਿੱਚ ਗ੍ਰੱਸੀ ਹੋਈ ਹੈ।''

ਜ਼ਰਾ ਕੁੱਝ ਰੁੱਕ ਕੇ ਭਾਈ ਸਾਹਬ ਬੋਲ ਪਏ—''ਤੁਸੀਂ ਆਪ ਦਸੋ ਕਰਤਾਰ ਕੌਰ ਜੀ, ਤੁਸੀਂ ਆਪ ਦਸੋ। ਭਾਈ ਭਾਗ ਸਿੰਘ ਜੀ, ਭਾਈ ਬਦਨ ਸਿੰਘ ਜੀ ਤੇ ਵੀਰ ਮੇਵਾ ਸਿੰਘ ਨੂੰ ਕੀ ਲੋੜ ਸੀ ਜਾਨਾਂ ਉੱਤੇ ਖੇਡ ਜਾਣ ਦੀ? ਸਾਡੇ ਸਾਹਮਣੇ ਦੋ ਹੀ ਰਾਹ ਹਨ। ਇੱਕ ਇਹ ਕਿ ਸਦਾ ਲਈ ਗੁਲਾਮੀ ਦਾ ਤੌਕ ਆਪਣੇ ਗਲਾਂ ਵਿੱਚ ਪਾ ਕੇ ਬਿਸ਼ਰਮੀ ਦਾ ਜੀਵਨ ਜੀਂਦੇ ਰਹੀਂਏ ਜਾਂ ਫਿਰ ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰੀਏ। ਨਤੀਜਾ ਸਤਗੁਰ ਸੱਚੇ ਪਾਤਸ਼ਾਹ ਦੇ ਹੱਥ। ਕਰਤਾਰ ਕੌਰ ਜੀ। ਸੰਗਤ ਦਾ ਹੁਕਮ ਤਾਂ ਸਤਗੁਰ ਸਚੇ ਪਾਤਸ਼ਾਹ ਨੇ ਵੀ ਨਹੀਂ ਮੋੜਿਆ।''

''ਤੁਸੀਂ ਤਾਂ ਸੰਗਤ ਦੇ ਹੁਕਮ ਤੋਂ ਪਹਿਲੋਂ ਹੀ ਆਪ ਤਿਆਰ ਹੋਏ ਬੈਠੇ ਸੀ।'' ਕਰਤਾਰ ਕੌਰ ਦਾ ਉੱਤਰ ਸੁਣ ਕੇ ਭਾਈ ਸਾਹਬ ਕੁੱਝ ਦੇਰ ਚੁਪ ਹੋ ਗਏ।

ਨਿਰੰਜਨ ਕੌਰ ਹਿਲ ਪਈ। ਕਰਤਾਰ ਕੌਰ ਨੇ ਉਸ ਦੀ ਪਿੱਠ ਥਾਪੀ। ਉਹ ਉੱਠ ਕੇ ਬਹਿ ਗਈ। ਅੱਖਾਂ ਮਲਦਿਆਂ ਉਸ ਨੇ ਆਪਣੇ ਮਾਤਾ-ਪਿਤਾ ਵੱਲ ਤੱਕਿਆ। ਕਰਤਾਰ ਕੌਰ ਨੇ ਉਸ ਨੂੰ ਆਪਣੀ ਗੋਦ ਵਿੱਚ ਲਿਟਾਣਾ ਚਾਹਿਆ। ਉਹ ਭਾਈ ਸਾਹਬ ਦੇ ਗਲ ਜਾ ਲੱਗੀ। ਉਨ੍ਹਾਂ ਉਸ ਨੂੰ ਆਪਣੀ ਛਾਤੀ ਨਾਲ ਘੁੱਟ ਲਿਆ। ਉਨ੍ਹਾਂ ਦੇ ਨੇਤਰ ਸੱਜਲ ਹੋ ਆਏ। ਕਰਤਾਰ ਕੌਰ ਨੇ ਨਿਰੰਜਨ ਕੌਰ ਨੂੰ ਆਪਣੇ ਪਾਸ ਲੈਣਾ ਚਾਹਿਆ। ਉਹ ਰੋ ਪਈ। ਉਸ ਦਾ ਰੋਣਾ ਸੁਣ ਕੇ ਊਧਮ ਕੌਰ ਵੀ ਜਾਗ ਪਈ। ਭਾਈ ਸਾਹਬ ਨੇ ਨਿਰੰਜਨ ਕੌਰ ਨੂੰ ਖੱਬੇ ਗੋਡੇ ਉੱਤੇ ਤੇ ਊਧਮ ਕੌਰ ਨੂੰ ਸੱਜੇ ਗੋਡੇ ਉੱਤੇ ਬਿਠਾ ਲਿਆ। ਦੋਹਾਂ ਧੀਆਂ ਨੂੰ ਆਪਣੇ ਪਿਓ ਨਾਲ ਲਿਪਟਦਿਆਂ ਵੇਖ ਕੇ ਕਰਤਾਰ ਕੌਰ ਫਿਸ ਪਈ। ਉਸ ਦਾ ਜੀਅ ਕੀਤਾ ਕਿ ਉਹ ਵੀ ਉਨ੍ਹਾਂ ਨਾਲ ਜਾ ਲਿਪਟੇ ਪਰ ਆਪਣੇ ਆਪ ਉੱਤੇ ਜ਼ਬਤ ਕਰ ਕੇ ਆਪਣੀ ਥਾਂ ਤੋਂ ਨਾ ਹਿੱਲੀ। ਉਹ ਦੋਵੇਂ ਕਾਫ਼ੀ ਚਿਰ ਚੁੱਪ ਚੁਪਾਤੇ ਬੈਠੇ ਰਹੇ। ਬਾਹਰ ਮੀਂਹ ਦਾ ਇੱਕ ਛੜਕਾ ਆਇਆ ਤੇ ਬੰਦ ਹੋ ਗਿਆ। ਕਰਤਾਰ ਕੌਰ ਨੇ ਉੱਠ ਕੇ, ਥੋੜਾ ਜਿਹਾ ਦਰਵਾਜ਼ਾ ਖੋਲ੍ਹ ਕੇ ਬਾਹਰ ਵੱਲ ਤਕਿਆ। ਬਾਹਰ ਸਭ ਸੁੰਨਸਾਨ

ਸੀ। ਦੂਰ ਕਿੱਧਰੇ ਕੁੱਤਾ ਭੌਂਕਣ ਦੀ ਅਵਾਜ਼ ਆ ਰਹੀ ਸੀ। ਊਧਮ ਕੌਰ ਤੇ ਨਿਰੰਜਨ ਕੌਰ ਉਂਘਲਾ ਰਹੀਆਂ ਸਨ। ਕਰਤਾਰ ਕੌਰ ਨੇ ਇੱਕ ਇੱਕ ਕਰ ਕੇ ਦੋਹਾਂ ਬੱਚੀਆਂ ਨੂੰ ਆਪੋ ਆਪਣੀ ਥਾਂ ਉੱਤੇ ਲਿਟਾ ਦਿੱਤਾ।

ਭਰੇ ਹੋਏ ਮਨ ਨਾਲ ਉਸ ਨੇ ਭਾਈ ਸਾਹਬ ਨੂੰ ਆ ਜੱਫੀ ਪਾਈ। ਭਾਈ ਸਾਹਬ ਨੇ ਉਸ ਨੂੰ ਆਪਣੀ ਜੱਫੀ ਵਿੱਚ ਲੈਂਦਿਆਂ ਕਿਹਾ—''ਮੇਰੀ ਅਰਧੰਗੀ। ਮੇਰੇ ਬੱਚਿਆਂ ਦੀ ਮਾਂ। ਬੱਚਿਆਂ ਦੀ ਪਾਲਣਾ ਪੋਸਣਾ ਤੇ ਸੇਵਾ ਗੁਰਸਿੱਖੀ ਦਾ ਇੱਕ ਅੰਗ ਹੈ। ਦਸਮ ਪਾਤਸ਼ਾਹ ਨੇ ਸਾਹਿਬ ਜ਼ਾਦਿਆਂ ਦੀ ਪਾਲਨਾ ਪੋਸਣਾ ਵੀ ਕੀਤੀ ਤੇ ਫਿਰ ਉਨ੍ਹਾਂ ਦੀ ਕੁਰਬਾਨੀ ਦੇਣੋਂ ਵੀ ਨਹੀਂ ਝਿੱਜਕੇ। ਕਰਤਾਰ ਜੀ। ਕਰਤਾਰ ਜੀ। ਤੁਹਾਡਾ ਤੇ ਬੱਚਿਆਂ ਦਾ ਕਰਤਾਰ ਆਪੇ ਰਾਖਾ ਹੈ। ਤੁਸੀਂ ਮੈਨੂੰ ਆਗਿਆ ਦਿਓ। ਆਪ ਆਗਿਆ ਦਿਓ।''

ਕਰਤਾਰ ਕੌਰ, ਭਾਈ ਸਾਹਬ ਦੀ ਗੋਦ ਵਿੱਚ ਸਿਰ ਰੱਖ ਕੇ ਪੈਰ ਬੂਹੇ ਵੱਲ ਪਸਾਰ ਕੇ ਨਿਢਾਲ ਹੋਈ ਲੰਮੀ ਪੈ ਗਈ। ਭਾਟੀ ਸਾਹਬ ਆਪਣੀਆਂ ਉਂਗਲਾਂ ਦੇ ਪੋਟਿਆਂ ਨਾਲ ਉਸ ਦਾ ਚਿਹਰਾ ਛੁਹ ਛੁਹ ਕੇ ਉਸ ਨੂੰ ਸੁਆਉਣ ਦਾ ਜਤਨ ਕਰ ਰਹੇ ਸਨ। ਉਹ ਘੜੀ-ਮੁੜੀ ਝਿਸ ਪੈਂਦੀ। ਉਸ ਨੇ ਹੌਲੀ ਜਿਹੀ ਉੱਠ ਕੇ, ਹੌਸਲੇ ਵਿੱਚ ਆ ਕੇ ਕਿਹਾ—''ਤੁਸੀਂ ਮੇਰੇ ਪਤੀ ਹੋ ਪਰ ਮੈਂ ਅੱਜ ਤੋਂ ਤੁਹਾਨੂੰ ''ਸਿੰਘ ਸਾਹਿਬ'' ਸਦਾਂਗੀ। ਬੀਰ ਭਗਵਾਨ ਸਿੰਘ ਜੀ ਠੀਕ ਹੀ ਤੁਹਾਨੂੰ ''ਸਿੰਘ ਸਾਹਿਬ'' ਕਹਿ ਕੇ ਬੁਲਾਂਦੇ ਰਹੇ ਹਨ। ਤੁਸੀਂ ਅੱਜ ਤੋਂ ਨਿਰੇ ਪੰਥ ਦੇ ਹੋਏ। ਮੈਂ ਤੁਹਾਨੂੰ ਆਪ ਤੋਰਾਂਗੀ। ਜੇ ਮੇਰੇ ਕੋਲ ਸਿਹਰੇ ਤੇ ਗਾਨੇ ਹੋਂਦੇ ਤਾਂ ਤੁਹਾਨੂੰ ਲਾੜਾ ਬਣਾ ਕੇ, ਸਜਾ ਕੇ, ਤੋਰਦੀ। ਜਾਓ! ਸਿੰਘ ਸਾਹਿਬ ਜਾਓ। ਤੁਹਾਡਾ ਗੁਰੂ ਰਾਖਾ। ਤੁਹਾਡੀ ਚੜਦੀ ਕਲਾ ਹੋਵੇ। ਪੰਥ ਦੀ ਜੀਤ ਹੋਵੇ। ਫਰੰਗੀ ਦਾ ਨਾਸ ਹੋਵੇ। ਦੇਸ ਅਜ਼ਾਦ ਹੋਵੇ। ਜਾਓ। ਜਾਓ ਸਿੰਘ ਸਾਹਿਬ ਜਾਓ।''

ਇਕ ਦਮ ਭਾਵਕ ਹੋ ਕੇ ਕਰਤਾਰ ਕੌਰ, ਭਾਈ ਸਾਹਬ ਦੀ ਜੱਫੀ ਵਿੱਚ ਜਕੜੀ ਗਈ।

੧੭

ਭਾਈ ਸਾਹਬ ਤੇ ਕਰਤਾਰ ਕੌਰ ਦੋਵੇਂ ਸਾਰੀ ਰਾਤ ਨਹੀਂ ਸਨ ਸੁੱਤੇ। ਬੱਚੇ ਵੀ ਕਦੇ ਜਾਗ ਪੈਂਦੇ ਤੇ ਕਦੇ ਸੌਂ ਜਾਂਦੇ ਰਹੇ। ਤੜਕੇ ਹੀ ਭਾਈ ਸਾਹਬ ਨੇ ਇਸ਼ਨਾਨ ਕੀਤਾ। ਕਰਤਾਰ ਕੌਰ ਨੇ ਇਸ਼ਨਾਨ ਕਰਕੇ ਬੱਚਿਆਂ ਨੂੰ ਇਸ਼ਨਾਨ ਕਰਵਾਇਆ। ਭਾਈ ਸਾਹਬ ਚੌਂਕੜੀ ਮਾਰ ਕੇ ਨਿਤਨੇਮ ਦੀਆਂ ਪੰਜਾਂ ਬਾਣੀਆਂ ਦਾ ਪਾਠ ਕਰ ਕੇ ਲਿਵਲੀਨ ਬੈਠੇ ਸਨ। ਨੇਤਰ ਉਨ੍ਹਾਂ ਦੇ ਬੰਦ ਸਨ। ਬੁਲ੍ਹ ਫੁਰਕ ਰਹੇ ਸਨ। ਉਨ੍ਹਾਂ ਉੱਠ ਕੇ ਪਿੱਛੇ ਤੱਕਿਆ। ਕਰਤਾਰ ਕੌਰ ਉਨ੍ਹਾਂ ਦੇ ਪਿੱਛੇ ਬੈਠੀ, ਖੜੀ ਹੋ ਗਈ। ਊਧਮ ਕੌਰ, ਨਿਰੰਜਨ ਕੌਰ ਤੇ ਹਰਿਦਿਆਲ ਸਿੰਘ ਵੀ ਉਨ੍ਹਾਂ ਦੇ ਪਿੱਛੇ ਹੱਥ ਜੋੜ ਕੇ ਖੜੇ ਹਨ। ਝੱਟ ਹੀ ਹਰਿਦਿਆਲ ਸਿੰਘ ਨੇ ਅੱਗੇ ਵੱਧ ਕੇ ਭਾਈ ਸਾਹਬ ਕੋਲ ਜਾਣਾ ਚਾਹਿਆ। ਕਰਤਾਰ ਕੌਰ ਨੇ ਉਸ ਨੂੰ ਫੜ ਕੇ ਉਸ ਦੇ ਦੋਵੇਂ ਹੱਥ ਜੋੜ ਕੇ ਫਿਰ ਆਪਣੇ ਅੱਗੇ ਖੜਾ ਕਰ ਲਿਆ। ਭਾਈ ਸਾਹਿਬ ਤੇ ਕਰਤਾਰ ਕੌਰ ਨੇ ਰਲ ਕੇ ਸ਼ਬਦ ਪੜ੍ਹਨਾ ਸ਼ੁਰੂ ਕੀਤਾ—

''ਦੇਹ ਸ਼ਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂ ਨਾ ਟਰੌਂ।

ਨਾ ਡਰੋਂ ਅਰਿ ਸੌਂ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ।
ਅਰੁ ਸਿਖ ਹੋਂ ਅਪਨੇ ਹੀ ਮਨ ਕੋ, ਇਹ ਲਾਲਚ ਹਉ ਗੁਨ ਤਉ ਉਚਰੋ।
ਜਬ ਆਵ ਕੀ ਅਉਧ ਨਿਧਾਨ ਬਨੈ ਅਤਿ ਹੀ ਰਣ ਮੋਂ ਤਬ ਜੂਝ ਮਰੋਂ।।"

ਭਾਈ ਸਾਹਬ ਨੇ ਅਰਦਾਸਾ ਸੋਧਿਆ। "ਕਰਤਾਰ ਤੇਰਾ ਸ਼ੁਕਰ ਹੈ। ਕਰਤਾਰ। ਤੇਰਾ ਸ਼ੁਕਰ ਹੈ।" ਕਹਿੰਦਿਆਂ ਪਿੱਛੇ ਮੁੜੇ ਤਾਂ ਹਰਿਦਿਆਲ ਸਿੰਘ ਦੌੜ ਕੇ ਉਨ੍ਹਾਂ ਦੇ ਕੁੱਛੜ ਜਾ ਚੜ੍ਹਿਆ। ਸਭ ਨੇ ਹੱਸਦਿਆਂ ਖੇਡਦਿਆਂ ਗਰਮ ਗਰਮ ਦੁੱਧ ਪੀਤਾ। ਭਾਈ ਸਾਹਬ ਨੇ ਉਧਮ ਕੌਰ ਤੇ ਨਿਰੰਜਨ ਕੌਰ ਨੂੰ ਆਪਣੇ ਸਾਹਮਣੇ ਬਿਠਾ ਕੇ ਪਿਆਰ ਨਾਲ ਕਿਹਾ—"ਤੁਸੀਂ ਬੜੀਆਂ ਬੀਬੀਆਂ ਬੱਚੀਆਂ ਹੋ।" ਦੋਹਾਂ ਬੱਚੀਆਂ ਨੇ ਹਾਂ ਵਿੱਚ ਸਿਰ ਹਿਲਾ ਦਿੱਤੇ। ਭਾਈ ਸਾਹਬ ਤੇ ਕਰਤਾਰ ਕੌਰ ਇੱਕ ਦੂਜੇ ਵੱਲ ਤਕ ਕੇ ਮੁਸਕਰਾ ਪਏ। "ਤੁਸੀਂ ਹਰਿਦਿਆਲ ਸਿੰਘ ਨੂੰ ਬਹੁਤ ਪਿਆਰ ਕਰਦੀਆਂ ਹੋ।" ਦੋਹਾਂ ਬੱਚੀਆਂ ਨੇ ਫਿਰ 'ਹਾਂ' ਵਿੱਚ ਸਿਰ ਹਿਲਾ ਦਿੱਤੇ। "ਤੁਸੀਂ ਰੋਂਦੀਆਂ ਨਹੀਂ। ਤੁਸੀਂ ਲੜਦੀਆਂ ਨਹੀਂ ਤੁਸੀਂ ਬੀਬੀਆਂ ਬੱਚੀਆਂ ਹੋ।" ਨਿਰੰਜਨ ਕੌਰ ਨੇ ਉਧਮ ਕੌਰ ਵੱਲ ਇਸ਼ਾਰਾ ਕਰ ਕੇ ਸ਼ਿਕਾਇਤ ਕੀਤੀ—"ਇਹ ਮੈਨੂੰ ਮਾਰਦੀ ਰਹਿੰਦੀ ਐ।" ਉਧਮ ਕੌਰ ਨੇ ਉਸ ਵੱਲ ਘੂਰ ਕੇ ਵੇਖਦਿਆਂ ਉੱਤਰ ਦਿੱਤਾ—"ਕਿੰਨੇ ਦਿਨ ਹੋਏ ਮੈਂ ਤੈਨੂੰ ਕਦੇ ਨਹੀਂ ਮਾਰਿਆ।" "ਨਾ ਬੱਚੀ ਆਪਸ ਵਿੱਚ ਲੜਨਾ ਨਹੀਂ।" ਕਹਿ ਕੇ ਉਨ੍ਹਾਂ ਦੋਹਾਂ ਦੇ ਸਿਰ ਪਲੋਸੇ।

ਕਰਤਾਰ ਕੌਰ ਨੇ ਉੱਠ ਕੇ, ਬੂਹਾ ਖੋਲ੍ਹ ਕੇ, ਬਾਹਰ ਵੱਲ ਤਕਿਆ। ਅਜੇ ਵੀ ਮੂੰਹ ਹਨੇਰਾ ਸੀ। ਉਸ ਨੇ ਬੂਹਾ ਖੋਲ੍ਹ ਦੇਣ ਤੇ ਲਾਲਟੈਨ ਦੀ ਬੱਤੀ ਬੁਝਾ ਦੇਣ ਦਾ ਖਿਆਲ ਛੱਡ ਦਿੱਤਾ।

ਭਾਈ ਸਾਹਬ ਆਪਣੇ ਬੱਚਿਆਂ ਨਾਲ ਗੱਲਾਂ ਕਰ ਰਹੇ ਸਨ। ਉਨ੍ਹਾਂ ਦਾ ਮਨ, ਵਿਛੋੜੇ ਦਾ ਸਮਾਂ ਨੇੜੇ ਢੁੱਕਣ ਕਰ ਕੇ, ਪਿੱਘਲ ਆਇਆ। ਕਦੇ ਉਹ ਇੱਕ ਬੱਚੀ ਨੂੰ ਛਾਤੀ ਨਾਲ ਘੁਟਦੇ ਤੇ ਕਦੇ ਦੂਜੀ ਨੂੰ। ਹਰਿਦਿਆਲ ਸਿੰਘ ਆਪਣੇ ਪਿਤਾ ਤੇ ਭੈਣਾਂ ਦੇ ਵਿਚਾਲੇ ਘੁਟਿਆ ਜਾਂਦਾ। ਉਹ ਚੁੱਪ-ਚੁਪਾਤਾ ਕਦੇ ਆਪਣੀ ਮਾਂ ਵੱਲ, ਕਦੇ ਆਪਣੇ ਪਿਤਾ ਵੱਲ ਤੇ ਕਦੇ ਭੈਣਾਂ ਵੱਲ ਵੇਖਦਾ।

ਬੂਹਾ ਖੜਕਿਆ, ਹਰਿਦਿਆਲ ਸਿੰਘ ਨੇ ਆਪਣੀ ਮਾਂ ਨੂੰ ਦਰਵਾਜ਼ੇ ਵੱਲ ਜਾਂਦਿਆਂ ਤਕਿਆ ਤਾਂ ਉਸ ਦੇ ਪਿੱਛੇ ਦੌੜ ਉਠਿਆ। ਬੂਹਾ ਖੁਲ੍ਹਦਿਆਂ ਹੀ ਕਰਤਾਰ ਸਿੰਘ ਨਵਾਂ ਚੰਦ ਨੇ ਹਰਿਦਿਆਲ ਸਿੰਘ ਨੂੰ ਚੁੱਕ ਲਿਆ। ਉਸ ਨੇ ਉਸ ਨੂੰ ਕਿਹਾ—"ਕਹੋ ਚਾਚਾ।" ਉਹ ਉਸ ਨੂੰ ਕਈ ਦਿਨਾਂ ਤੋਂ ਚਾਚਾ ਸ਼ਬਦ ਸਿਖਾ ਰਿਹਾ ਸੀ ਪਰ ਹਰਿਦਿਆਲ ਸਿੰਘ ਅਜੋਂ ਚੁੱਪ ਰਹਿੰਦਾ ਸੀ। ਅੱਜ ਉਸ ਨੇ ਝੱਟ ਕਹਿ ਦਿੱਤਾ—"ਚਾਚਾ! ਕਰਤਾਰ ਸਿੰਘ ਨੇ ਉਸ ਨੂੰ ਆਪਣੇ ਨਾਲ ਘੁੱਟਦਿਆਂ ਕਿਹਾ—"ਸਿੰਘ ਸਾਹਿਬ! ਜ਼ਰਾ ਪਹਿਲੋਂ ਚਲਾਂਗੇ ਤਾਂ ਠੀਕ ਰਹੇਗਾ।"

"ਬਖਤੌਰ ਸਿੰਘ ਹੋਰਾਂ ਸਾਮਾਨ ਲੈ ਕੇ ਪਹੁੰਚਣਾ ਸੀ।"

"ਉਹ ਪਹੁੰਚੇ ਹੋਏ ਹੋਣਗੇ।"

ਉਹ ਸਭ ਆਪਣੇ ਕਮਰੇ ਵਿੱਚੋਂ ਬਾਹਰ ਨਿਕਲ ਤੁਰੇ। ਚੀਨਾ ਤੇ ਚੀਨਣ ਬਾਹਰ ਖਲੋਤੇ ਸਨ। ਉਨ੍ਹਾਂ ਆਪਸ ਵਿੱਚ ਇੱਕ ਦੂਜੇ ਨੂੰ ਸਿਰ ਨਿਵਾਇਆ। ਕਰਤਾਰ ਸਿੰਘ ਨੇ ਹਰਿਦਿਆਲ ਸਿੰਘ ਨੂੰ ਚੁੱਕਿਆ ਹੋਇਆ ਸੀ। ਭਾਈ ਸਾਹਬ ਦੇ ਸੱਜੇ ਖੱਬੇ ਦੋਵੇਂ ਬੱਚੀਆਂ ਉਨ੍ਹਾਂ ਦੀਆਂ ਉਂਗਲਾਂ

ਫੜਕੇ ਤੁਰ ਪਈਆਂ ਕਰਤਾਰ ਕੌਰ ਸਭ ਤੋਂ ਪਿੱਛੇ ਪਿੱਛੇ ਤੁਰ ਰਹੀ ਸੀ। ਉਹ ਕੁੱਝ ਮਿੰਟ ਤੁਰ ਕੇ ਜੈੱਟੀ ਉੱਤੇ ਪਹੁੰਚ ਗਏ।

ਜੈੱਟੀ ਉੱਤੇ ਇਕ ਕਿਸਮ ਦਾ ਮੇਲਾ ਲੱਗਾ ਹੋਇਆ ਸੀ। ਸੈਂਕੜੇ ਲੋਕ ਆਪਣੇ ਰਿਸ਼ਤੇਦਾਰ ਤੇ ਭਾਈਬੰਦਾਂ ਨੂੰ ਜਹਾਜ਼ ਚੜ੍ਹਾਉਣ ਲਈ ਆਏ ਹੋਏ ਸਨ। ਦੋ ਛਾਛੀ ਪੁਲਸ ਦੀਆਂ ਵਰਦੀਆਂ ਵਿੱਚ ਜਹਾਜ਼ ਦੀ ਪੌੜੀ ਲਾਗੇ ਖੜੇ ਚੜ੍ਹਦੇ ਮੁਸਾਫ਼ਰਾਂ ਵੱਲ ਤਕ ਰਹੇ ਸਨ। ਹੋਰ ਕਿੰਨੇ ਹੀ ਛਾਛੀ ਚਿੱਟਿਆਂ ਕਪੜਿਆਂ ਵਿੱਚ ਭੀੜ ਵਿੱਚ ਰਲੇ ਹੋਏ ਸਨ। ਠਾਕਰ ਸਿੰਘ ਕਾਲਾ ਸੰਘੀਆ ਜਹਾਜ਼ ਵਿੱਚੋਂ ਉੱਤਰ ਰਿਹਾ ਸੀ। ਇਕ ਛਾਛੀ ਨੇ ਉਸ ਨੂੰ ਘੇਰ ਲਿਆ ਠਾਕਰ ਸਿੰਘ ਨੇ ਕਿਹਾ—"ਮੈਂ ਨਹੀਂ ਦੇਸ ਜਾਣਾ। ਮੈਂ ਤਾਂ ਭਾਈਬੰਦਾਂ ਦਾ ਸਮਾਨ ਚੜ੍ਹਾਉਣ ਗਿਆ ਸਾਂ।" ਉਹ ਛਾਛੀ ਉਸ ਵੱਲ ਕੈਰੀ ਅੱਖ ਨਾਲ ਵੇਖ ਕੇ ਪਿੱਛੇ ਹਟ ਗਿਆ। ਭਾਈ ਸਾਹਬ ਤੇ ਕਰਤਾਰ ਸਿੰਘ ਨੇ ਗਫ਼ੂਰ ਨੂੰ ਵੇਖਿਆ ਹੋਇਆ ਸੀ। ਉਨ੍ਹਾ ਜਾਣਨਾ ਚਾਹਿਆ ਕਿ ਗਫ਼ੂਰ ਵੀ ਆਇਆ ਹੋਇਆ ਹੈ ਕਿ ਨਹੀਂ। ਉਨ੍ਹਾਂ ਭੀੜ ਦੇ ਆਲੇ ਦੁਆਲੇ ਦੂਰ ਤਕ ਨਜ਼ਰ ਮਾਰੀ ਪਰ ਗਫ਼ੂਰ ਉਨ੍ਹਾਂ ਨੂੰ ਕਿਧਰੇ ਨਾ ਦਿਸਿਆ। ਉਨ੍ਹਾਂ ਚਤਰ ਸਿੰਘ ਨੂੰ ਇਕ ਪਾਸੇ ਖਲੋਤਾ ਤਕ ਲਿਆ। ਉਨ੍ਹਾਂ ਆਪਸ ਵਿੱਚ ਇੱਕ ਦੂਜੇ ਵੱਲ ਤਕਿਆ ਪਰ ਕੋਈ ਇਸ਼ਾਰਾ ਜਾਂ ਗਲਬਾਤ ਨਾ ਕੀਤੀ।

ਪਿਛਲੇ ਪਾਸਿਉਂ ਆਉਂਦਿਆਂ ਜੋਗਿੰਦਰ ਸਿੰਘ ਤਿਲੰਗੇ ਤੇ ਉਸ ਦੇ ਸਾਥੀਆਂ ਨੇ ਆ ਫਤਹਿ ਬੁਲਾਈ। ਉਸ ਨੇ ਭਾਈ ਸਾਹਬ ਦੇ ਹੱਥ ਵਿੱਚ ਹੱਥ ਪਾਂਦਿਆ ਕਿਹਾ—"ਜੇ ਤੁਸੀਂ ਦੇਸ ਜਾਉ ਤਾਂ ਅਸੀਂ ਕਿਵੇਂ ਪਿਛੇ ਰਹਿ ਜਾਈਏ।" ਉਸ ਨੇ ਆਪਣੇ ਸਿਰ ਉੱਤੇ ਰੱਖੇ ਬਿਸਤਰੇ ਨੂੰ ਸੰਭਾਲਦਿਆਂ ਕਿਹਾ—"ਅੱਛਾ ਅਸੀਂ ਚਲਦੇ ਆਂ। ਤੁਸੀਂ ਵੀ ਛੇਤੀ ਚੜ੍ਹ ਆਉ।"

ਜਦੋਂ ਭਾਈ ਸਾਹਬ ਨੇ ਮੁੜ ਕੇ ਚਤਰ ਸਿੰਘ ਵੱਲ ਤੱਕਿਆ ਤਾਂ ਗਫ਼ੂਰ ਉਸ ਦੇ ਪਾਸ ਖਲੋਤਾ ਸੀ। ਉਨ੍ਹਾਂ ਦੀ ਨਜ਼ਰ ਜਹਾਜ਼ ਵੱਲ ਲੱਗੀ ਹੋਈ ਸੀ। ਬਖਤੌਰ ਸਿੰਘ ਨੇ ਭਾਈ ਸਾਹਬ ਦੇ ਨੇੜੇ ਢੁਕਦਿਆਂ ਹੌਲੀ ਜਿਹੀ ਕਿਹਾ—"ਸੂਰ ਨਾਦਰ ਖਾਨ ਵੀ ਆਇਆ ਹੋਇਐ। ਤੁਸੀਂ ਨਿਕਲ ਜਾਉ। ਅਸੀਂ ਆਪੇ ਬੱਚਿਆਂ ਨੂੰ ਚੜ੍ਹਾ ਦਿਆਂਗੇ।" ਭਾਈ ਸਾਹਬ ਨੇ ਕੋਈ ਉੱਤਰ ਨਾ ਦਿੱਤਾ ਤੇ ਉਥੇ ਹੀ ਖਲੋਤੇ ਰਹੇ।

ਕਰਤਾਰ ਸਿੰਘ ਨਵਾਂ ਚੰਦ, ਹਰਿਦਿਆਲ ਸਿੰਘ ਨੂੰ ਕੰਧਾੜੇ ਉੱਤੇ ਚੁਕ ਕੇ ਪੌੜੀਆਂ ਚੜ੍ਹ ਰਿਹਾ ਸੀ। ਕਰਤਾਰ ਕੌਰ ਦੇ ਅੱਗੇ ਅੱਗੇ ਉਧਮ ਕੌਰ ਤੇ ਨਿਰੰਜਨ ਕੌਰ ਪੌੜੀਆਂ ਚੜ੍ਹ ਰਹੀਆਂ ਸਨ। ਹਰਿਦਿਆਲ ਸਿੰਘ ਨੇ ਭਾਈ ਸਾਹਬ ਨੂੰ ਜਹਾਜ਼ੋਂ ਬਾਹਰ ਖਲੋਤਿਆਂ ਵੇਖ ਕੇ ਰੌਲਾ ਪਾ ਦਿੱਤਾ—'ਬਾਪੂ ਬਾਪੂ।'

ਕਰਤਾਰ ਕੌਰ ਤੇ ਕਰਤਾਰ ਸਿੰਘ ਨੂੰ ਇਹ ਪੱਕੀ ਕੀਤੀ ਗਈ ਸੀ ਕਿ ਵਿਛੜਨ ਵੇਲੇ ਕੋਈ ਅਜਿਹੀ ਹਰਕਤ ਨਾ ਕੀਤੀ ਜਾਏ ਜਿਸ ਨਾਲ ਜ਼ਾਹਰ ਹੋ ਜਾਏ ਕਿ ਭਾਈ ਸਾਹਬ ਦਾ ਪਰਵਾਰ ਜਾ ਰਿਹਾ ਹੈ ਤੇ ਉਹ ਆਪ ਪਿੱਛੇ ਰਹਿ ਗਏ ਹਨ। ਕਰਤਾਰ ਸਿੰਘ ਨੇ ਹਰਿਦਿਆਲ ਸਿੰਘ ਨੂੰ ਕੰਧਾੜਿਉਂ ਉਤਾਰ ਕੇ ਜਹਾਜ਼ ਦੇ ਡੈੱਕ ਉੱਤੇ ਖੜਾ ਕਰ ਦਿੱਤਾ। ਉਹ ਰੋਂਦਾ ਹੋਵੇਗਾ ਪਰ ਉਸ ਦੀ ਅਵਾਜ਼ ਬਾਹਰ ਨਹੀਂ ਸੀ ਆ ਰਹੀ। ਉਧਮ ਕੌਰ ਤੇ ਨਿਰੰਜਨ ਕੌਰ ਵੀ ਜਹਾਜ਼ੋਂ ਬਾਹਰ ਖੜੋਤੀਆਂ ਨਹੀਂ ਸਨ ਦਿਸ ਰਹੀਆਂ। ਕਰਤਾਰ ਕੌਰ ਨੇ ਜਹਾਜ਼ ਦੀ ਬਾਹੀ ਨਾਲ ਖਲੋ ਕੇ ਭਾਈ ਸਾਹਬ ਵੱਲ ਤਕ ਕੇ ਦੋਹਾਂ ਹੱਥਾਂ ਨਾਲ ਆਪਣਾ ਚਿਹਰਾ ਢੱਕ ਲਿਆ।

੧੮

ਭਾਈ ਸਾਹਬ ਤੇ ਠਾਕਰ ਸਿੰਘ, ਬਖਤੌਰ ਸਿੰਘ ਤੋਂ ਕੁੱਝ ਹਟਵੇਂ, ਉਸ ਦੇ ਪਿੱਛੇ ਪਿੱਛੇ ਤੁਰੇ ਜਾ ਰਹੇ ਸਨ। ਜਦ ਬਖਤੌਰ ਸਿੰਘ ਨੇ ਆਪਣੇ ਘਰ ਦਾ ਦਰਵਾਜ਼ਾ ਖੜਕਾਇਆ ਤਾਂ ਉਸ ਦੀ ਮਾਂ ਦੀ ਥਾਂ ਰਸੂਲਪੁਰੀਏ ਨੇ ਕੁੰਡਾ ਖੋਲ੍ਹਿਆ। ਉਸ ਨੂੰ ਵੇਖ ਕੇ ਬਖਤੌਰ ਸਿੰਘ ਨੂੰ ਕੋਈ ਹਰਾਨੀ ਨਾ ਹੋਈ। ਕਿਉਂਕਿ ਉਹ ਜਦੋਂ ਜੀਅ ਚਾਹੇ ਆ ਜਾਂਦਾ ਸੀ ਤੇ ਜਦੋਂ ਮਨ ਕਰੇ ਚਲਾ ਜਾਂਦਾ ਸੀ। ਉਸ ਦੇ ਆਉਣ ਜਾਂ ਜਾਣ ਦਾ ਅਗਾਊਂ ਕਿਸੇ ਨੂੰ ਕੋਈ ਪਤਾ ਨਹੀਂ ਸੀ ਹੁੰਦਾ।

ਉਹ ਅੱਗੜ ਪਿੱਛੜ ਪੌੜੀਆਂ ਚੜ੍ਹੇ ਤਾਂ ਬਖਤੌਰ ਸਿੰਘ ਦੀ ਮਾਈ ਹੱਥ ਜੋੜ ਕੇ ਖੜੀ ਹੋ ਗਈ। ਉਹ ਠਾਕਰ ਸਿੰਘ ਨੂੰ ਜਾਣਦੀ ਸੀ। ਭਾਈ ਸਾਹਬ ਨੂੰ ਉਸ ਨੇ ਨਹੀਂ ਸੀ ਵੇਖਿਆ। ਉਸ ਨੇ ਭਾਈ ਸਾਹਬ ਦੇ ਪੈਰਾਂ ਵੱਲ ਝੁੱਕਣਾ ਚਾਹਿਆ। ਭਾਈ ਸਾਹਬ ਨੇ ਮਾਈ ਦੇ ਦੋਵੇਂ ਹੱਥ ਆਪਣੇ ਹੱਥਾਂ ਵਿੱਚ ਲੈ ਲਏ। "ਸੰਤ ਬਾਬਾ ਜੀ! ਸਾਰੇ ਕਹਿੰਦੇ ਐ ਤੁਸੀਂ ਬੜੀ ਕਰਣੀ ਵਾਲੇ ਸੰਤ ਓ! ਮੈਨੂੰ ਚਰਨਧੂੜ ਲੈ ਲੈਣ ਦਿਓ।"

"ਮਾਤਾ ਜੀ! ਕਰਣੀ ਵਾਲੇ ਕੇਵਲ ਸਤਗੁਰੂ ਹਨ। ਉਹਨਾਂ ਦੀ ਹੀ ਚਰਨੀ ਲੱਗੋ। ਅਸੀਂ ਤਾਂ ਤੁਛ ਸੇਵਕ ਹਾਂ।

"ਮੈਂ ਤਾਂ ਬੜੀ ਸ਼ਰਧਾ ਨਾਲ ਵਾਹਗੁਰੂ ਵਾਹਗਰੂ ਕਰਦਿਆਂ ਰੋਟੀਆਂ ਪਕਾਈਐ ਮੱਕੀ ਦੀਆਂ। ਸਾਗ ਰਿਧਾ ਐ ਸਰ੍ਹੋਂ ਦਾ। ਰੱਜਵਾ ਥਿੰਦਾ ਪਾਇਐ। ਤੁਸੀਂ ਵੱਡੇ ਸੰਤ ਬਾਬਾ ਓ। ਮੈਂ ਤਾਂ ਵਰ ਮੰਗਣੈ ਵਰ। ਤੁਸੀਂ ਨਾਹ ਨੂਕਰ ਨਾਹ ਕਰਿਓ।" ਕਹਿੰਦੀ ਮਾਈ ਫਿਰ ਝੁਕੀ। ਭਾਈ ਸਾਹਬ ਨੇ ਫਿਰ ਉਸਦੇ ਹੱਥ ਫੜ ਲਏ।

"ਮਾਤਾ ਜੀ! ਜੋ ਮੰਗਣਾ ਹੈ ਸਤਗੁਰ ਸੱਚੇ ਪਾਤਸ਼ਾਹ ਤੋਂ ਮੰਗੋ। ਅਸੀਂ ਤਾਂ ਆਪ ਮੰਗਤੇ ਹਾਂ। ਮੰਗਤਾ ਕੀ ਦੇ ਸਕਦਾ ਹੈ ਕਿਸੇ ਨੂੰ। ਸਰਬ-ਕਲਾ ਸੰਪੂਰਨ ਸੱਚੇ ਪਾਤਸ਼ਾਹ ਤੋਂ ਮੰਗੋ ਜੋ ਮੰਗਣਾ ਹੈ।"

ਮਾਈ ਦੇ ਮਨ ਵਿੱਚ ਆਇਆ ਕਿ ਸੰਤ ਬਾਬਾ ਜੀ ਪਰਸ਼ਾਦ ਛੱਕ ਕੇ ਹੀ ਪਰਸੰਨ ਹੋਣਗੇ। ਫਿਰ ਵਰ ਮੰਗਾਂਗੀ। ਉਹ ਉਨ੍ਹਾਂ ਵੱਲ ਪਿੱਠ ਦੇ ਕੇ ਚੌਕੇ ਵਿੱਚ ਜਾ ਪਹੁੰਚੀ। ਚੌਕੇ ਵਿੱਚ ਖੇਸ ਵਿਛਿਆ ਹੋਇਆ ਸੀ। ਭਾਈ ਸਾਹਬ ਨੇ ਠਾਕਰ ਸਿੰਘ ਤੇ ਰਸੂਲਪੁਰੀਆ ਪਰਸ਼ਾਦ ਛਕਣ ਲਈ ਚੌਕੜੀ ਮਾਰ ਕੇ ਬਹਿ ਗਏ। ਬਖਤੌਰ ਸਿੰਘ ਨੇ ਮਾਈ ਦੀ ਮਦਦ ਕਰਨੀ ਚਾਹੀ। ਮਾਈ ਨੇ ਜ਼ਰਾ ਝਿੜਕ ਕੇ ਕਿਹਾ—

"ਬਖਤੌਰਿਆ। ਬਹਿ ਜਾ ਤੂੰ ਵੀ। ਮੈਂ ਆਪ ਕਰ ਲਊਂ ਸਭ ਕੁੱਝ।" ਭਾਈ ਸਾਹਬ ਦਾ ਧਿਆਨ ਮਾਈ ਵੱਲ ਲੱਗਾ ਹੋਇਆ ਸੀ। ਠਾਕਰ ਸਿੰਘ ਕਦੇ ਮਾਈ ਵੱਲ ਤੱਕਦਾ ਤੇ ਕਦੇ ਭਾਈ ਸਾਹਬ ਵੱਲ। ਬਖਤੌਰ ਸਿੰਘ ਅਜੇ ਵੀ ਮਾਈ ਦੀ ਮਦਦ ਕਰਨ ਦੀ ਆਸ ਵਿੱਚ ਖੜਾ ਸੀ। ਜਦ ਮਾਈ ਨੇ ਰੋਟੀਆਂ ਤੇ ਸਾਗ ਪਰੋਸ ਕੇ ਥਾਲੀਆਂ ਉਨ੍ਹਾਂ ਦੇ ਅੱਗੇ ਰੱਖ ਦਿੱਤੀਆਂ ਤਾਂ ਬਖਤੌਰ ਸਿੰਘ ਵੀ ਬਹਿ ਗਿਆ। ਭਾਈ ਸਾਹਬ ਨੇ ਮੂੰਹ ਵਿੱਚ ਹੀ ਹੌਲੀ ਹੌਲੀ ਪੜਿਆ—

"ਨਾਨਕ ਭੁਸਰੀਆ ਪਕਈਆ ਪਈਆਂ ਥਾਲੇ ਮਹਿ ਜਿਨੀ ਗੁਰੂ ਮਨਾਇਆ

ਰਜ ਰਜ ਸੇਈ ਖਹਿੰ ।" ਤੇ ਪਰਸ਼ਾਦ ਛਕਣਾ ਸ਼ੁਰੂ ਕਰ ਦਿੱਤਾ । ਮਾਈ ਪੈਰਾਂ ਭਰਨੇ ਬੈਠੀ ਉਨ੍ਹਾਂ ਵੱਲ ਵੇਖਦੀ ਤੇ ਵਾਹਗੁਰੂ ਕਰਦੀ ਰਹੀ। ਉਹ ਚੁਪ ਕਰਕੇ ਪਰਸ਼ਾਦ ਛਕਦੇ ਰਹੇ । ਮਾਈ ਨੇ ਹੌਲੀ ਜਿਹੀ ਉੱਠ ਕੇ ਤੱਤਾ ਕੀਤਾ ਹੋਇਆ ਘਿਓ ਖੀਰ ਦੀਆਂ ਕੌਲੀਆਂ ਵਿੱਚ ਪਾਉਣਾ ਸ਼ੁਰੂ ਕਰ ਦਿੱਤਾ । ਖੀਰ ਦੀਆਂ ਕੌਲੀਆਂ ਉਨ੍ਹਾਂ ਦੇ ਸਾਹਮਣੇ ਰੱਖਦਿਆਂ ਸੋਚਣ ਲੱਗੀ ਕਿ ਖੀਰ ਖਾ ਕੇ ਸੰਤ ਬਾਬਾ ਜੀ ਜ਼ਰੂਰ ਪਰਸੰਨ ਹੋ ਕੇ ਮੇਰਾ ਮੰਗਿਆ ਵਰ ਦੇਣ ਲਈ ਤਿਆਰ ਹੋ ਜਾਣਗੇ । ਉਹ ਖੁਸ਼ੀ ਖੁਸ਼ੀ ਵਿੱਚ ਆਪਣੇ ਸੌਣ ਵਾਲੇ ਕਮਰੇ ਵਿੱਚ ਗਈ । ਪੰਜ ਡਾਲੇ ਉਸਨੇ ਭਾਈ ਸਾਹਬ ਦੇ ਅੱਗੇ ਰੱਖਦਿਆਂ ਕਿਹਾ—"ਸੰਤ ਬਾਬਾ ਜੀ ! ਵਰ ਦਿਓ । ਮੈਂ ਪੁੱਤਰਿਆਂ ਵਾਲੀ ਹੋਵਾਂ ।" ਉਹ ਭਾਈ ਸਾਹਬ ਦੇ ਸਾਹਮਣੇ ਪੈਰਾਂ ਪਰਨੇ ਬੈਠੀ ਹੱਥ ਜੋੜ ਕੇ ਜੋਦੜੀ ਕਰ ਰਹੀ ਸੀ । ਭਾਈ ਸਾਹਬ ਨੇ ਭਰਪੂਰ ਨਜ਼ਰ ਮਾਈ ਦੇ ਚਿਹਰੇ ਉੱਤੇ ਸੁਟਦਿਆਂ ਕੋਮਲ ਆਵਾਜ਼ ਵਿੱਚ ਕਿਹਾ—"ਮਾਤਾ ਜੀ ਸਤਗੁਰ ਸੱਚੇ ਪਾਤਸ਼ਾਹ ਨਵ-ਨਿਧੀਆਂ ਸਿਧੀਆਂ ਦੇ ਦਾਤੇ ਹਨ । ਤੁਸੀਂ ਅਰਦਾਸ ਕਰੋ । ਅਰਦਾਸ ਕਰਾਓ ।"

ਰਸੂਲਪੁਰੀਆ ਸੋਚ ਰਿਹਾ ਸੀ ਕਿ—ਮਾਈ ਕਿੰਨੀ ਚਤਰ ਹੈ । ਪੋਤਰੇ ਮੰਗਦੀ ਹੈ । ਜਾਣਦੀ ਹੈ ਕਿ ਪਹਿਲਾਂ ਉਸਦੇ ਪੁੱਤਰ ਦਾ ਵਿਆਹ ਹੋਊ ਤਾਂ ਹੀ ਪੋਤਰਾ ਜਮ੍ਹੂ । ਇੱਕ ਵਾਰੀ ਰੋਟੀ ਖੁਆ ਕੇ ਦੋ ਵਰ ਮੰਗ ਰਹੀ ਹੈ । ਉਹ ਮੁਸਕਰਾ ਰਿਹਾ ਸੀ। ਉਸ ਨੇ ਬਖਤੌਰ ਸਿੰਘ ਵੱਲ ਤਕਿਆ । ਉਹ ਨੀਵੀਂ ਪਾਈ ਬੈਠਾ ਸੀ । ਮਾਂ ਦੀ ਕਿਸੇ ਗੱਲ ਵਿੱਚ ਦਖਲ ਦੇ ਕੇ ਝਿੜਕਾਂ ਨਹੀਂ ਸੀ ਖਾਣੀਆਂ ਚਾਹੁੰਦਾ ।

ਭਾਈ ਸਾਹਬ ਨੇ ਕੁੱਝ ਦੇਰ ਚੁਪ ਰਹਿ ਕੇ ਫਿਰ ਕਿਹਾ—"ਮਾਤਾ ਜੀ ਸੱਚੇ ਪਾਤਸ਼ਾਹ ਦੇ ਦਰਬਾਰ ਵਿੱਚ ਹਾਜ਼ਰ ਹੋ ਕੇ ਅਰਦਾਸ ਕਰਾਓ । ਸਤਗੁਰ ਬਖਸ਼ਸ਼ ਕਰਨਗੇ ।"

"ਮੈਂ ਧਰਮਸਾਲਾ ਜਾ ਕੇ ਗ੍ਰੰਥੀ-ਬਾਬੇ ਤੋਂ ਦੋ ਵਾਰੀ ਅਰਦਾਸ ਕਰਾਈ ਐ । ਮੇਰਾ ਕੁੱਝ ਨਹੀਂ ਬਣਿਆ ।" ਕਹਿ ਕੇ ਉਹ ਫਿਰ ਜ਼ਰਾ ਰੌਹ ਵਿੱਚ ਆ ਕੇ ਬੋਲੀ—"ਗ੍ਰੰਥੀ ਬਾਬਾ ਤਾਂ ਆਪ ਛੜਾ ਐ । ਗੁਰੂ ਉਹਦੀ ਅਰਦਾਸ ਨਹੀਂ ਸੁਣਦਾ । ਮੇਰੀ ਕਿਉਂ ਸੁਣੂੰ ।"

ਸਾਰੇ ਚੁਪ ਦਾ ਰਾਜ ਵਰਤ ਗਿਆ । ਮਾਈ ਨੇ ਉਠਦਿਆਂ ਕਿਹਾ—"ਗ੍ਰੰਥੀ ਬਾਬਾ ਛੜਾ, ਚਤਰ ਸਿਹੁੰ ਛੜਾ, ਬਖਤੌਰ ਛੜਾ । ਏਥੇ ਤਾਂ ਸਭ ਛੜੇ ਈ ਛੜੇ ਐ ।" ਉਸ ਨੇ ਰਸੂਲਪੁਰੀਏ ਵੱਲ ਤਕ ਕੇ ਕਿਹਾ—"ਇਹਦਾ ਨਹੀਂ ਪਤਾ । ਇਹ ਵੀ ਛੜਾ ਹੋਊ । ਮਨ ਦੀ ਗੱਲ ਕਦੇ ਨਾਹ ਦਸੂ । ਜੇ ਪਟਿਆਲੇ ਜਾਣਾ ਹੋਊ ਤਾਂ ਕਹੂ ਲੋਧੀਆਣੇ ਚਲਿਆ । ਜੇ ਧੂਰੀ ਜਾਣਾ ਹੋਊ ਤਾਂ ਕਹੂ ਚਲਿਆ ਦਿੱਲੀ ਨੂੰ । ਇਹਦਾ ਕੋਈ ਪਤਾ ਨਹੀਂ । ਮੇਰਾ ਅੰਦਰਲਾ ਕਹਿੰਦੈ ਇਹ ਵੀ ਛੜਾ ਹੋਣੈ ।"

ਠਾਕਰ ਸਿੰਘ ਤੇ ਰਸੂਲਪੁਰੀਆ ਇੱਕ ਦੂਜੇ ਵੱਲ ਵੇਖ ਕੇ ਮੁਸਕਰਾ ਰਹੇ ਸਨ । ਮਾਈ ਦੀ ਨਜ਼ਰ, ਭਾਈ ਸਾਹਬ ਅੱਗੇ ਰੱਖੇ ਹੋਏ ਪੰਜਾਂ ਡਾਲਿਆਂ ਵੱਲ ਲੱਗੀ ਹੋਈ ਸੀ । ਉਹ ਸੋਚ ਰਹੀ ਸੀ ਕਿ ਜੇ ਇਹ ਸੰਤ ਬਾਬਾ ਹੋਂਦਾ ਤਾਂ ਜ਼ਰੂਰ ਵਰ ਦੇ ਦੇਂਦਾ । ਜੇ ਇਹਨੇ ਵਰ ਨਹੀਂ ਦੇਣਾ ਤਾਂ ਮੈਂ ਡਾਲੇ ਕਿਉਂ ਦਿਆਂ । ਉਹ ਇਸ ਦੁਚਿੱਤੀ ਵਿੱਚ ਪਈ ਹੋਈ ਸੀ। ਕਿ ਭਾਈ ਸਾਹਬ ਨੇ ਡਾਲਰ ਚੁੱਕ ਕੇ, ਮਾਈ ਨੂੰ ਦੇਣੇ ਚਾਹੇ । ਮਾਈ ਝੱਕਦਿਆਂ ਝੱਕਦਿਆਂ ਡਾਲਰ ਫੜ ਲਏ । ਸੋਚਣ ਲੱਗੀ ਕਿ ਜੇ ਸੰਤ ਬਾਬੇ ਨੇ ਵਰ ਨਹੀਂ ਦਿੱਤਾ ਤਾਂ ਡਾਲੇ ਵੀ ਤਾਂ ਨਹੀਂ ਲਏ । ਕਈ ਸੰਤ ਬਾਬੇ ਵਰ ਦੇ

ਜਾਂਦੇ ਐ। ਡਾਲੇ ਲੈ ਜਾਂਦੇ ਐ । ਵਰ ਪੂਰਾ ਨਹੀਂ ਹੋਂਦਾ। ਉਹ ਝੂੱਠੇ ਸੰਤ ਬਾਬੇ ਹੋਂਦੇ ਐ। ਇਨ੍ਹਾਂ ਖਿਆਲਾਂ ਵਿੱਚ ਡੁਡੀ ਮਾਈ ਭਾਵਕ ਹੋ ਕੇ ਭਾਈ ਸਾਹਬ ਦੇ ਗਲ ਜਾ ਲੱਗੀ—"ਵੇ ਪੁਤ ਬਖਤੌਰੇ ਨੂੰ ਵੀ ਲੈ ਚਲ ਨਾਲ। ਮੈਂ ਵੀ ਚਲੂੰ ਤੇਰੇ ਨਾਲ । ਤੂੰ ਰਾਜੇ ਨੂੰ ਵੱਢੀਂ। ਬਖਤੌਰਾ— ਸਰਦਾਰ ਨੂੰ ਫੱਢੂ। ਮੈਂ ਸਰਦਾਰਨੀ ਦਾ ਦੁਖ-ਦਰਦ ਵੰਡਾਉਂ।" ਕਹਿੰਦੀ ਮਾਈ ਡੂਬੀ ਰੋਣ ਲੱਗ ਪਈ। ਭਾਈ ਸਾਹਬ ਦਾ ਸੱਜਾ ਹੱਥ ਮਾਈ ਦੀ ਪਿੱਠ ਉਤੇ ਸੀ। ਨੇਤਰ ਉਨ੍ਹਾਂ ਦੇ ਸੱਜਲ ਸਨ।

ਭਾਈ ਜੋਗਾ ਸਿੰਘ ਦੇ ਅੰਦਰ, ਦੇਸ਼ ਭਗਤੀ ਦਾ ਬੀਜ ਭਾਈ ਭਗਵਾਨ ਸਿੰਘ ਨੇ ਬੀਜਿਆ ਸੀ। ਹਰਨਾਮ ਸਿੰਘ ਰਸੂਲ ਪੁਰੀਏ ਨੇ, ਉਸ ਦੇ ਅੰਦਰ ਉਗਦੇ ਦੇਸ਼ ਭਗਤੀ ਦੇ ਬੂਟੇ ਨੂੰ ਸਿੰਜਿਆ। ਬਖਤੌਰ ਸਿੰਘ ਤੇ ਚਤਰ ਸਿੰਘ ਦੇ ਲੁਕ ਛਿਪ ਦੇ ਦੇਸ-ਭਗਤਾਂ ਦੀ ਮਦਦ ਕਰਨ ਵਾਲੇ ਕੰਮ ਤੋਂ ਉਹ ਪਰਭਾਵਤ ਹੋ ਕੇ ਉਨ੍ਹਾਂ ਦਾ ਮਿੱਤਰ ਬਣ ਗਿਆ ਸੀ।

ਰਸੂਲ ਪੁਰੀਏ ਦੇ ਟਿਕਾਣੇ ਨੂੰ ਇਕਲਵੰਜਾ ਤੇ ਖਤਰੇ ਤੋਂ ਬਾਹਰ ਸਮਝ ਕੇ, ਉਸ ਰਾਤ ਭਾਈ ਸਾਹਬ ਨੇ ਉਸ ਪਾਸ ਠਹਿਰਨਾ ਠੀਕ ਸਮਝਿਆ। ਠਾਕਰ ਸਿੰਘ ਆਪਣੇ ਭਾਈਬੰਦਾਂ ਕੋਲ ਚਲਾ ਗਿਆ। ਚਤਰ ਸਿੰਘ ਤੇ ਬਖਤੌਰ ਸਿੰਘ ਨੇ ਜੋਗਾ ਸਿੰਘ ਨੂੰ ਵੀ ਆਪਣੇ ਨਾਲ ਰਸੂਲਪੁਰੀਏ ਦੇ ਟਿਕਾਣੇ ਲੈ ਆਂਦਾ। ਜੋਗਾ ਸਿੰਘ ਭਾਈ ਸਾਹਬ ਨੂੰ ਮਿਲਣ ਸਾਰ ਏਨਾ ਪਰਭਾਵਤ ਹੋਇਆ ਕਿ ਉਹ ਚੰਗੀ ਤਰ੍ਹਾਂ ਫਤਹ ਵੀ ਨਾ ਬੁਲਾ ਸਕਿਆ। ਉਸ ਨੇ ਅੜ ਅੜ ਕੇ ਫਤਹ ਬੁਲਾਈ। ਭਾਈ ਸਾਹਬ ਨੇ ਜੋਗਾ ਸਿੰਘ ਵੱਲ ਸੰਬੋਧਨ ਹੋ ਕੇ ਕਿਹਾ—"ਭਾਈ ਜੋਗਾ ਸਿੰਘ ਜੀ ! ਤੁਸੀਂ ਬੜੇ ਦਰਸ਼ਨੀ-ਦੀਦਾਰੀ ਸਿੰਘ ਹੋ। ਤੁਹਾਡੇ ਉੱਤੇ ਦਾਤੇ ਦੀ ਮਿਹਰ ਹੈ। ਤੁਹਾਡੇ ਦਰਸ਼ਨ ਕਰ ਕੇ ਮਨ ਬਹੁਤ ਪਰਸੰਨ ਹੋਇਆ ਹੈ।" ਜੋਗਾ ਸਿੰਘ ਨੀਵੀਂ ਪਾ ਕੇ ਸੁਣ ਰਿਹਾ ਸੀ। ਉਸਨੂੰ ਸਮਝ ਨਹੀਂ ਸੀ ਆ ਰਹੀ ਕਿ ਕੀ ਉੱਤਰ ਦੇਵੇ। ਇੱਕ ਵਾਰੀ ਉਸ ਨੇ ਸਿਰ ਉੱਤੇ ਕਰ ਕੇ ਕੁੱਝ ਕਹਿਣਾ ਚਾਹਿਆ ਪਰ ਫਿਰ ਝੱਕ ਗਿਆ। ਭਾਈ ਸਾਹਬ ਨੇ ਜੋਗਾ ਸਿੰਘ ਦੀ ਪਿੱਠ ਉੱਤੇ ਹੱਥ ਰੱਖ ਕੇ ਪੁੱਛਿਆ— ਜੋਗਾ ਸਿੰਘ ਜੀ ! ਗੁਰੂ ਪਿਆਰੇ ਭਾਈ ਜੋਗਾ ਸਿੰਘ ਜੀ ਦੀ ਸੱਚੀ ਸਾਖੀ ਪੜ੍ਹੀ ਜੇ ਨਾਂ ? ਹੁਕਮ ਆਉਣ ਤੇ ਲਾਵਾਂ ਵਿੱਚੇ ਛਡ ਕੇ ਤੁਰ ਪਏ ਸਨ। ਤੁਹਾਡਾ ਸ਼ੁਭ ਨਾਮ ਵੀ ਤੁਹਾਡੇ ਮਾਤਾ-ਪਿਤਾ ਨੇ ਭਾਈ ਜੋਗਾ ਸਿੰਘ ਵਾਲਾ ਰੱਖਿਆ ਹੈ। ਸਤਗੁਰੂ ਮਿਹਰ ਕਰਨ। ਬਖਸਸ਼ ਕਰਨ। ਸੰਗਤ ਦੀ ਸੇਵਾ ਤਨ ਮਨ ਲਾ ਕੇ ਕਰੋ ! ਆਪਣੇ ਦੇਸ਼ ਤੇ ਮਾਤਾ ਪਿਤਾ ਨੂੰ ਨਾਹ ਵਿਸਾਰਨਾ।" ਕਹਿੰਦਿਆਂ ਭਾਈ ਸਾਹਬ ਨੂੰ ਬਖਤੌਰ ਸਿੰਘ ਦੀ ਮਾਈ ਦੀ ਕਹੀ ਗੱਲ ਯਾਦ ਆ ਗਈ—"ਗਰੰਥੀ ਬਾਬਾ ਆਪ ਛੜਾ ਐ। ਉਹਦੀ ਆਪਣੀ ਅਰਦਾਸ ਗੁਰੂ ਨਹੀਂ ਸੁਣਦਾ...।" ਇਸ ਸੋਚ ਵਿੱਚ ਪੈ ਕੇ ਭਾਈ ਸਾਹਬ ਚੁਪ ਹੋ ਗਏ।

ਰਸੂਲ ਪੁਰੀਏ ਨੇ ਚਾਹ ਦੀ ਬਾਲਟੀ ਤੇ ਪਿਆਲੀਆਂ ਲਿਆ ਰੱਖੀਆਂ। ਬਾਲਟੀ ਵਿੱਚੋਂ ਭਾਪ ਨਿਕਲ ਰਹੀ ਸੀ। ਭਾਈ ਸਾਹਬ ਨੇ ਪਹਿਲੋਂ ਚਾਹ ਨਾਹ ਪੀਣ ਦੀ ਗੱਲ ਕਰਨੀ ਚਾਹੀ

ਪਰ ਫਿਰ ਕੁੱਝ ਸੋਚ ਕੇ ਇੱਕ ਘੁਟ ਭਰ ਕੇ ਉਨ੍ਹਾਂ ਝਿਹਾ —''ਮਿੱਠਾ ਬਹੁਤ ਜ਼ਿਆਦਾ ਹੈ। ਮੈਨੂੰ ਬਹੁਤਾ ਮਿੱਠਾ ਨਹੀਂ ਸੁਖਾਂਦਾ।''

ਰਸੂਲਪੁਰੀਏ ਨੇ ਗਰਮ ਗਰਮ ਦੁੱਧ ਦਾ ਗਲਾਸ ਭਾਈ ਸਾਹਬ ਦੇ ਸਾਹਮਣੇ ਲਿਆ ਰੱਖਿਆ। ਚਾਹ ਦੇ ਦੋ ਕੁ ਘੁਟ ਭਰਦਿਆਂ ਜੋਗਾ ਸਿੰਘ ਨੇ ਜ਼ਰਾ ਕੁ ਨਜ਼ਰ ਉੱਤੇ ਚੁੱਕ ਕੇ ਭਾਈ ਸਾਹਬ ਵੱਲ ਤਕਿਆ। ਉਹ ਦੁੱਧ ਵਾਲੇ ਗਲਾਸ ਵਿੱਚ ਥੋੜ੍ਹੀ ਜਿਹੀ ਚਾਹ ਉਲਟਾ ਰਹੇ ਸਨ। ਜੋਗਾ ਸਿੰਘ ਨੇ ਚਾਹ ਕਦੇ ਨਹੀਂ ਸੀ ਪੀਤੀ। ਉਹ ਦੁੱਧ ਪੀਣ ਦਾ ਆਦੀ ਸੀ ਤੇ ਉਹ ਵੀ ਠੰਢਾ ਦੁੱਧ। ਚਾਹ ਦੇ ਦੋ ਘੁਟਾਂ ਨਾਲ ਹੀ ਉਸ ਦੇ ਬੁਲ੍ਹ ਸੜ ਗਏ। ਉਹ ਮਨ ਹੀ ਮਨ ਵਿੱਚ ਸੋਚਣ ਲੱਗਾ ਕਿ ਜੇ ਉਹ ਭਾਈ ਸਾਹਬ ਵਾਂਗੂੰ ਹੀ ਦੁੱਧ ਲੈ ਲੈਂਦਾ ਤਾਂ ਚੰਗਾ ਰਹਿੰਦਾ। ਉਸ ਨੇ ਆਪਣੀ ਪਿਆਲੀ ਹੇਠਾਂ ਰੱਖ ਦਿੱਤੀ।

ਬਖਤੌਰ ਸਿੰਘ ਨੇ ਕਿਹਾ—''ਭਾਈ ਜੋਗਾ ਸਿੰਘ ਜੀ। ਤੁਸੀਂ ਭਾਈ ਸਾਹਬ ਨਾਲ ਬੜੀਆਂ ਗੱਲਾਂ ਕਰਨੀਆਂ ਸੀ। ਚੁਪ ਕਿਉਂ ਬੈਠੇ ਓ ?''

ਉਸ ਨੇ ਭਾਈ ਸਾਹਬ ਦੇ ਪਿਛਲੇ ਜੀਵਨ ਬਾਰੇ ਬੜੀਆਂ ਗੱਲਾਂ ਸੁਣੀਆਂ ਸਨ। ਉਹ ਉਨ੍ਹਾਂ ਗੱਲਾਂ ਦੇ ਪਰਭਾਵ ਹੇਠਾਂ ਦਬਿਆ ਹੋਇਆ ਸੀ। ਉਹ ਭਾਈ ਸਾਹਬ ਨੂੰ ਬਹੁਤ ਵੱਡਾ ਗੁਰਸਿੱਖ ਤੇ ਆਪਣੇ ਆਪ ਨੂੰ ਇਕ ਨਿਗੂਣਾ ਰਾਗੀ ਸਮਝ ਕੇ ਗੱਲ ਕਰਨੋਂ ਝੱਕ ਰਿਹਾ ਸੀ। ਉਸ ਨੇ ਹੌਸਲਾ ਕਰ ਕੇ ਕਿਹਾ—''ਸਿੰਘ ਸਾਹਿਬ। ਦਾਸ ਦੀ ਇਕ ਸਨਿਮਰ ਬੇਨਤੀ ਐ। ਦਾਸ ਨੂੰ ਹੁਕਮ ਦਿਓ। ਦਾਸ ਵੀ ਤਿਆਰ ਐ।'' ਏਨੀ ਹੀ ਗੱਲ ਕਰ ਕੇ ਉਹ ਚੁਪ ਹੋ ਗਿਆ।

ਬਖਤੌਰ ਸਿੰਘ ਨੇ ਜੋਗਾ ਸਿੰਘ ਨੂੰ ਇਸ ਤਰ੍ਹਾਂ ਝਕਦਿਆਂ ਪਹਿਲੋਂ ਕਦੇ ਨਹੀਂ ਸੀ ਵੇਖਿਆ। ਉਹ ਬਿੱਟ ਬਿੱਟ ਜੋਗਾ ਸਿੰਘ ਵੱਲ ਤਕ ਰਿਹਾ ਸੀ। ਜੋਗਾ ਸਿੰਘ ਨੇ ਫਿਰ ਹੌਸਲਾ ਕਰ ਕੇ ਕਿਹਾ—''ਸੰਤ ਮਿਸਰਾ ਸਿੰਘ ਜੀ ਦੇ ਡੇਰੇ ਰਹਿੰਦਿਆਂ ਦਾਸ ਨੇ ਗਤਕਾ ਵੀ ਸਿਖਿਆ ਸੀ।'' ਜੋਗਾ ਸਿੰਘ ਫਿਰ ਰੁਕ ਗਿਆ। ਭਾਈ ਸਾਹਬ ਨੇ ਉਸ ਨੂੰ ਆਪਣੀ ਸੱਜੀ ਬਾਂਹ ਵਿੱਚ ਲਪੇਟਦਿਆਂ, ਮੁਸਕਰਾਂਦਿਆਂ ਕਿਹਾ—''ਜੋਗਾ ਸਿੰਘ ਜੀ ! ਤੁਹਾਡੇ ਮਨ ਅੰਦਰ ਜੋ ਤਰੰਗਾਂ ਉੱਠ ਰਹੀਆਂ ਹਨ, ਉਹ ਮੇਰੇ ਮਨ ਦੀਆਂ ਤਰੰਗਾਂ ਵਿੱਚ ਘੁਲ ਮਿਲ ਰਹੀਆਂ ਹਨ। ਤੁਹਾਡੀ ਤੇ ਮੇਰੀ ਆਤਮਾ ਇੱਕ ਹੈ। ਤੁਹਾਡੇ ਤੇ ਮੇਰੇ ਮਨ ਵਿੱਚ ਇਕੋ ਸੁਆਲ ਉਠ ਰਿਹਾ ਹੈ। ਫਰਕ ਕੇਵਲ ਏਨਾ ਹੈ ਕਿ ਅਸੀਂ ਕਹਿ ਉਠੇ ਹਾਂ ਤੇ ਤੁਸੀਂ ਅਜੇ ਮਨ ਹੀ ਮਨ ਵਿੱਚ ਕਹਿ ਰਹੇ ਹੋ। ਛੇਤੀ ਸਮਾਂ ਆਉਣ ਵਾਲਾ ਹੈ। ਤੁਸੀਂ ਆਪਣੇ ਆਪ ਨੂੰ ਤਿਆਰ ਕਰੋ। ਸਭ ਤੋਂ ਵੱਡੀ ਗੱਲ ਮਨ ਨੂੰ ਖੜਾ ਕਰਨਾ ਹੈ। ਜੇ ਮਨ ਖੜਾ ਹੋ ਜਾਏ ਤਾਂ ਉਸ ਨੂੰ ਦੁਨੀਆਂ ਦੀ ਕੋਈ ਤਾਕਤ ਨਹੀਂ ਨਿਵਾ ਸਕਦੀ।''

ਕੁੱਝ ਰੁਕ ਕੇ ਚਤਰ ਸਿੰਘ, ਬਖਤੌਰ ਸਿੰਘ ਤੇ ਹਰਨਾਮ ਸਿੰਘ ਵੱਲ ਭਰਵੀਂ ਨਜ਼ਰ ਸੁਟ ਕੇ ਭਾਈ ਸਾਹਿਬ ਨੇ ਕਿਹਾ—''ਇਕ ਵੱਡਾ ਘਲੂ-ਘਾਰਾ ਨੇੜੇ ਢੁੱਕਦਾ ਪਰਤੱਖ ਦਿਸ ਰਿਹਾ ਹੈ।''

ਭਾਈ ਸਾਹਬ ਦੀ ਇਹ ਗੱਲ ਸੁਣ ਕੇ ਚਤਰ ਸਿੰਘ ਝੱਟ ਪੱਟ ਬੋਲ ਪਿਆ—''ਸਿੰਘ ਸਾਹਿਬ ! ਮੈਂ ਤਾਂ ਆਪਣੇ ਕੰਮ ਤੋਂ ਬੜਾ ਦੁਖੀ ਹਾਂ। ਦੇਸ ਚੋਰਾਂ-ਬਦਮਾਸ਼ਾਂ ਦੇ ਖਿਲਾਫ ਰਪੋਟਾਂ ਕਰਨੀਆਂ ਹੋਂਦੀਆਂ ਸੀਗੀਆਂ। ਹੁਣ ਆਪਣੇ ਭਰਾਵਾਂ ਦੇਸ ਭਗਤਾਂ ਦੇ ਉਲਟ ਡਾਇਰੀਆਂ ਦੇਣੀਆਂ ਪੈਂਦੀਐਂ। ਸਾਡਾ ਇਨਸਪੈੱਕਟਰ ਨਾਦਰ ਖਾਨ ਮੇਰੀ ਕਿਸੇ ਗੱਲ ਉੱਤੇ ਇਤਬਾਰ ਨਹੀਂ

ਕਰਦਾ। ਗਫ਼ੂਰ ਮੇਰੀਆਂ ਚੁਗਲੀਆਂ ਕਰਨਾਂ ਨਹੀਂ ਟਲਦਾ। ਕੁੱਝ ਨਹੀਂ ਪਤਾ ਲਗਦਾ ਕਿ ਹੋਰ ਕਿੰਨੇ ਖੁਫੀਏ ਹੁਰਲ ਹੁਰਲ ਕਿਰਦੇ ਫਿਰਦੈ ਐ।"

"ਚਤਰ ਸਿੰਘ ਜੀ! ਤੁਹਾਡਾ ਕੰਮ ਬੜਾ ਔਖਾ ਹੈ। ਤੁਸੀਂ ਆਪਣੀ ਇਸ ਨੌਕਰੀ ਉੱਤੇ ਦੇਸ਼ ਭਗਤਾਂ ਦੇ ਕਈ ਕੰਮ ਸੰਵਾਰ ਸਕਦੇ ਓ। ਉਸ ਦਿਨ ਜੇ ਤੁਸੀਂ ਮਦਦ ਨਾ ਕਰਦੇ ਤਾਂ ਸ਼ਾਇਦ ਗਫ਼ੂਰ ਸਾਡੇ ਪਿੱਛੇ ਲੱਗ ਤੁਰਦਾ। ਫੇਰ ਭਾਈ ਭਗਵਾਨ ਸਿੰਘ ਜੀ ਦੇ ਦਰਸ਼ਨ ਵੀ ਨਾਹ ਹੋ ਸਕਦੇ। ਮੈਂ ਤਾਂ ਇਹੋ ਬੇਨਤੀ ਕਰਾਂਗਾ ਕਿ ਤੁਸੀਂ ਆਪਣੇ ਕੰਮ ਉੱਤੇ ਡੱਟ ਕੇ, ਦੇਸ ਦੀ ਨਿਗਰ ਸੇਵਾ ਕਰ ਸਕਦੇ ਹੋ। ਜਦ ਕੋਈ ਡਾਢੀ ਔਖੀ ਘੜੀ ਆ ਗਈ ਤਾਂ ਤੁਸੀਂ ਸੋਚ ਵਿਚਾਰ ਲੈਣਾ।"

ਭਾਈ ਸਾਹਬ ਦੇ ਮੂੰਹੋਂ 'ਬੇਨਤੀ' ਦਾ ਸ਼ਬਦ ਸੁਣ ਕੇ ਚਤਰ ਸਿੰਘ ਨੇ ਉੱਤਰ ਦਿੱਤਾ—
"ਸਿੰਘ ਸਾਹਬ! ਤੁਹਾਡਾ ਹੁਕਮ ਸਿਰ ਮੱਥੇ।"

ਚਤਰ ਸਿੰਘ ਨੂੰ ਨੀਵੀਂ ਪਾਂਦਿਆਂ ਵੇਖ ਕੇ ਹਰਨਾਮ ਸਿੰਘ ਨੇ ਕਿਹਾ—"ਚਤਰ ਸਿਹਾਂ। ਫੇਰ ਤੂੰ ਸਾਡੇ ਫੁਰਲੀ ਜੱਥੇ ਨਾਲ ਰਲ ਜਾਈਂ, ਜੇ ਕੋਈ ਔਖੀ ਘੜੀ ਆ ਗਈ ਤਾਂ।" ਉਸਦੀ ਗੱਲ ਸੁਣ ਕੇ ਭਾਈ ਸਾਹਬ ਮੁਸਕਰਾ ਪਏ।

"ਸਿੰਘ ਸਾਹਬ! ਤੁਸਾਂ ਘਲੂ-ਘਾਰੇ ਦੀ ਗੱਲ ਕੀਤੀ ਸੀ।" ਬਖਤੌਰ ਸਿੰਘ ਨੇ ਪੁੱਛਿਆ।

"ਉਹਦੀਆਂ ਉਹ ਜਾਣੇ। ਅਸੀਂ ਤਾਂ ਸਮੁੰਦਰ ਦੇ ਪਾਣੀ ਦੀ ਇੱਕ ਬੂੰਦ ਵਾਂਗੂੰ ਹਾਂ। ਬਸ ਮੀਂਹ ਦੇ ਇੱਕ ਤੁਪਕੇ ਦੇ ਬਰਾਬਰ ਸਾਡੀ ਹੈਸੀਅਤ ਹੈ। ਗੁਰੂ ਤੁਹਾਨੂੰ ਸਭ ਨੂੰ ਚੜ੍ਹਦੀਆਂ ਕਲਾਂ ਵਿੱਚ ਰੱਖੇ। ਆਪੋ ਆਪਣੀ ਥਾਂ ਡੱਟ ਕੇ ਕੰਮ ਕਰਦੇ ਚਲੋ। ਗੁਰੂ ਭਲੀ ਕਰੇਗਾ। ਹਨੇਰੇ ਹੋਏ ਅਸੀਂ ਗੱਡੀ ਫੜ ਲਵਾਂਗੇ। ਠਾਕਰ ਸਿੰਘ ਹੋਰੀਂ ਮੈਨੂੰ ਸਟੇਸ਼ਨ ਉੱਤੇ ਹੀ ਮਿਲਣਗੇ। ਤੁਸੀਂ ਆਪੋ ਆਪਣੇ ਕੰਮਾਂ ਉੱਤੇ ਰਹਿਣਾ। ਸਾਨੂੰ ਤੋਰਨ ਨਹੀਂ ਆਉਣਾ।" ਕਹਿ ਕੇ ਭਾਈ ਸਾਹਬ ਚੁਪ ਹੋ ਗਏ। ਉਨ੍ਹਾਂ ਨੇ ਨੇਤਰ ਬੰਦ ਕਰ ਲਏ। ਬਖਤੌਰ ਸਿੰਘ ਤੇ ਹਰਨਾਮ ਸਿੰਘ ਉਨ੍ਹਾਂ ਦੇ ਲਾਲ ਭਖ-ਉਠੇ ਚਿਹਰੇ ਵੱਲ ਤਕ ਰਹੇ ਸਨ। ਜੋਗਾ ਸਿੰਘ ਨੀਵੀਂ ਪਾ ਕੇ ਬੈਠਾ ਸੀ। ਭਾਈ ਸਾਹਬ ਦੇ ਮੂਹੋਂ "ਘਲੂਘਾਰਾ" ਸ਼ਬਦ ਸੁਣ ਕੇ ਸਿੱਖ ਇਤਿਹਾਸ ਵਿੱਚੋਂ ਪੜ੍ਹੇ ਘਲੂਘਾਰਿਆਂ ਦੀ ਯਾਦ, ਉਸ ਦੇ ਮਨ ਵਿੱਚ ਤਾਜ਼ਾ ਹੋ ਉਠੀ। ਉਸ ਦੇ ਦਿਲ ਦੀ ਧੜਕਣ ਤੇਜ਼ ਹੋ ਗਈ। ਭਾਈ ਸਾਹਬ ਨੇ ਬਿਨਾਂ ਨੇਤਰ ਖੋਲ੍ਹੇ ਉਸ ਨੂੰ ਫਿਰ ਇੱਕ ਵਾਰੀ ਆਪਣੀ ਸੱਜੀ ਬਾਂਹ ਵਿੱਚ ਲਪੇਟ ਕੇ ਕਿਹਾ—"ਚੜ੍ਹਦੀ ਕਲਾ, ਚੜ੍ਹਦੀ ਕਲਾ। ਗੁਰਮੁਖੋ! ਪਿਆਰਿਓ। ਗੁਰੂ ਦੁਲਾਰਿਓ। ਚੜ੍ਹਦੀ ਕਲਾ, ਚੜ੍ਹਦੀ ਕਲਾ।" ਕਹਿੰਦੇ ਕਹਿੰਦੇ ਭਾਈ ਸਾਹਬ ਉਠ ਕੇ ਖੜੇ ਹੋ ਗਏ।

੨੦

ਜਦ ਭਾਈ ਸਾਹਬ ਤੇ ਠਾਕਰ ਸਿੰਘ ਕਾਲਾ ਸੰਘੀਆਂ, ਸਿੰਘਾਪੁਰ ਤੋਂ ਗੱਡੀ ਚੜ੍ਹੇ ਤਾਂ ਉਨ੍ਹਾਂ ਦਾ ਖ਼ਿਆਲ ਸੀ ਕਿ ਉਹ ਕੁਆਲਾਲੰਪਰ ਤੇ ਈਪੋ ਹੋ ਕੇ ਪੀਨਾਂਗ ਰੁਕ ਕੇ ਸਿਆਮ ਨੂੰ ਜਾਣਗੇ।

ਠਾਕਰ ਸਿੰਘ ਆਪਣੇ ਮਨ ਹੀ ਮਨ ਵਿੱਚ ਸੋਚ ਰਿਹਾ ਸੀ ਕਿ ਪੀਨਾਂਗ ਜਾਣ ਦੀ ਕੀ ਲੋੜ ਹੈ। ਬਟਰਵਰਥ ਤੋਂ ਫੈਰੀ ਲੈ ਕੇ ਪੀਨਾਂਗ ਜਾਵਾਂਗੇ, ਇਸ ਦਾ ਕੀ ਮਤਲਬ ਹੋਇਆ ? ਅਸੀਂ ਗੱਡੀ ਤੋਂ ਕਿਉਂ ਉਤਰੀਏ ? ਪਰੇਮਾ ਸਟੇਸ਼ਨ ਤੋਂ ਸਿੱਧੇ ਸਿਆਮ ਦੀ ਹੱਦ ਵੱਲ ਕਿਉਂ ਨਾ ਜਾਈਏ ? ਫਿਰ ਉਸ ਦੇ ਮਨ ਵਿੱਚ ਇਹ ਵਿਚਾਰ ਆਈ ਕਿ ਸਿੰਘ ਸਾਹਬ ਪੀਨਾਂਗ ਇਸ ਲਈ ਜਾਣਾ ਚਾਹੁੰਦੇ ਹੋਣਗੇ ਕਿ ਜਿਸ ਜਹਾਜ਼ ਵਿੱਚ ਉਨ੍ਹਾਂ ਦਾ ਪਰਵਾਰ ਜਾ ਰਿਹਾ ਹੈ, ਉਹ ਉਥੇ ਰੁਕੇਗਾ। ਸ਼ਾਇਦ ਪਰਵਾਰ ਦੇ ਮੋਹ ਵਿੱਚ, ਉਨ੍ਹਾਂ ਨੂੰ ਇੱਕ ਵਾਰੀ ਫਿਰ ਵੇਖਣ ਲਈ ਤਰਸ ਉੱਠੇ ਹੋਣ।

ਉਹ ਦੋਵੇਂ ਵੱਖੋ ਵੱਖਰੇ ਕਮਰਿਆਂ ਵਿੱਚ ਬੈਠੇ ਸਨ। ਗੱਡੀ ਆਪਣੀ ਚਾਲੇ ਜਾ ਰਹੀ ਸੀ। ਜਦ ਗੱਡੀ ਸੇਗਾਮਤ ਸਟੇਸ਼ਨ ਉੱਤੇ ਰੁਕੀ ਹੀ ਸੀ ਕਿ ਭਾਈ ਸਾਹਬ ਨੇ ਠਾਕਰ ਸਿੰਘ ਨੂੰ ਵਾਜ ਮਾਰ ਕੇ ਉਥੇ ਹੀ ਉਤਾਰ ਲਿਆ। ਠਾਕਰ ਸਿੰਘ ਨੂੰ ਕੁੱਝ ਸਮਝ ਨਾ ਆਈ। ਉਸ ਨੇ ਪੁੱਛਿਆ—"ਸਿੰਘ ਸਾਹਬ ਕੀ ਗੱਲ ਐ ?"

"ਜ਼ਰਾ ਰੁਕ ਕੇ ਦੂਜੀ ਗੱਡੀ ਲਵਾਂਗੇ। ਸਿੰਘਾਪੁਰੋਂ ਤੁਰਨ ਲੱਗਿਆਂ ਤੁਹਾਡੇ ਨਾਲ ਵਿਚਾਰ ਕਰਨ ਦਾ ਮੌਕਾ ਨਾ ਮਿਲਿਆ। ਮੈਂ ਸੋਚਿਆ ਤੁਸੀਂ ਟਿਕਟ ਪੜ੍ਹ ਕੇ ਸਮਝ ਹੀ ਜਾਓਗੇ ਕਿ ਅਸੀਂ ਕੁਆਲਾਲੰਪਰ ਰਾਹੀਂ ਨਹੀਂ ਜਾ ਰਹੇ ਸਗੋਂ ਪਾਹੰਗ ਵਲੋਂ ਲੰਘ ਕੇ ਕੋਤਾਭਾਰੂ ਜਾ ਰਹੇ ਹਾਂ। ਮੈਂ ਸੋਚਿਆ ਇਹ ਰਾਹ ਜ਼ਰਾ ਲੁਗਾ ਲੁਗਾ ਹੈ। ਬਹੁਤੀ ਆਵਾਜਾਈ ਨਹੀਂ। ਇਸ ਲਈ ਕੋਤਾਭਾਰੂ ਟੱਪ ਕੇ ਸਿਆਮ ਵਿੱਚ ਜਾ ਪਹੁੰਚਾਂਗੇ।"

ਠਾਕਰ ਸਿੰਘ ਆਪਣੇ ਮਨ ਹੀ ਮਨ ਵਿੱਚ ਸ਼ਰਮਿੰਦਾ ਹੋਣ ਲੱਗ ਪਿਆ। ਹੁਣ ਉਹ ਸੋਚ ਰਿਹਾ ਸੀ ਕਿ "ਸਿੰਘ ਸਾਹਬ" ਬੜੇ ਨਿਰਮੋਹ ਤੇ ਕਠੋਰ ਮਨ ਹਨ। ਉਸ ਨੂੰ ਭਾਈ ਸਾਹਬ ਦੇ ਮਨ ਦੀ ਹਾਲਤ ਦਾ ਉੱਕਾ ਪਤਾ ਨਹੀਂ ਸੀ। ਭਾਈ ਸਾਹਬ ਪੀਨਾਂਗ ਪਹੁੰਚ ਕੇ ਆਪਣੀ ਅਰਧੰਗੀ ਤੇ ਬੱਚਿਆਂ ਨੂੰ ਦੂਰੋਂ ਦੂਰੋਂ ਹੀ ਦੇਖ ਲੈਣ ਲਈ ਤਰਸ ਉੱਠੇ ਸਨ। ਉਨ੍ਹਾਂ ਦੇ ਮਨ ਵਿੱਚ ਇਹ ਗੱਲ ਆ ਰਹੀ ਸੀ ਕਿ ਉਹ ਸ਼ਾਇਦ ਉਸ ਜਹਾਜ਼ ਨੂੰ ਹੀ ਤਕ ਸਕਣ ਜਿਸ ਵਿੱਚ ਉਨ੍ਹਾਂ ਦਾ ਪਰਵਾਰ ਸੁਆਰ ਸੀ। ਸ਼ਾਇਦ ਪਰਵਾਰ ਦੇ ਜੀਵਾਂ ਨੂੰ ਦੂਰੋਂ ਹੀ ਨਾ ਤਕ ਸਕਣ ਪਰ ਫਿਰ ਵੀ ਉਹ ਇਸੇ ਮਨ ਨਾਲ ਪੀਨਾਂਗ ਜਾਣ ਲਈ ਤਿਆਰ ਹੋਏ ਸਨ। ਪਰ ਫਿਰ ਉਨ੍ਹਾਂ ਆਪਣੇ ਮਨ ਉਤੇ ਕਾਬੂ ਪਾ ਲਿਆ। ਤੁਰਨ ਲਗਿਆਂ ਟਿਕਟਾਂ ਦੂਜੇ ਪਾਸੇ ਦੀਆਂ ਲੈ ਲਈਆਂ। ਥੋੜ੍ਹੀ ਦੇਰ ਮਗਰੋਂ ਕੋਤਾਭਾਰੂ ਜਾਣ ਵਾਲੀ ਗੱਡੀ ਆ ਗਈ। ਠਾਕਰ ਸਿੰਘ ਭਾਈ ਸਾਹਬ ਦੇ ਨਾਲ ਹੀ, ਉਸੇ ਡੱਬੇ ਵਿੱਚ ਬੈਠ ਗਿਆ। ਉਸ ਨੇ ਪੁੱਛਿਆ—"ਜੇ ਅਸਾਂ ਕੋਤਾਭਾਰੂ ਜਾਣਾ ਸੀ ਤਾਂ ਅਸੀਂ ਸਿੰਘਾਪੁਰ ਤੋਂ ਹੀ ਉਹ ਗੱਡੀ ਕਿਉਂ ਨਾਹ ਲਈ ?"

"ਮੈਂ ਸੋਚਿਆ ਕਿ ਸਿੰਘਾਪੁਰੋਂ ਝੱਟ ਪੱਟ ਨਿਕਲ ਚਲੀਏ। ਅੱਗੇ ਚਲ ਕੇ ਆਪਣੀ ਗੱਡੀ ਫੜ ਲਵਾਂਗੇ।"

ਠਾਕਰ ਸਿੰਘ ਨੇ ਝਕਦਿਆਂ ਝਕਦਿਆਂ ਕਿਹਾ—"ਮੈਂ ਸੋਚਿਆ ਸੀ ਕਿ ਤੁਸੀਂ ਬੱਚਿਆਂ ਨੂੰ ਇੱਕ ਵਾਰੀ ਫਿਰ ਮਿਲਣ ਲਈ ਪੀਨਾਂਗ ਵੱਲ ਜਾ ਰਹੇ ਸੀ।"

"ਤੁਸੀਂ ਬਿਲਕੁਲ ਠੀਕ ਕਹਿੰਦੇ ਹੋ। ਪਰਵਾਰ ਦਾ ਮੋਹ ਇੱਕ ਐਸੀ ਚੀਜ਼ ਹੈ ਜਿਸ ਉੱਤੇ ਕਾਬੂ ਪਾਉਣਾ ਡਾਢਾ ਔਖਾ ਹੈ। ਡਾਢਾ ਹੀ ਔਖਾ ਹੈ। ਪੁੱਛੋ ਕੁੱਝ ਨਾਹ, ਠਾਕਰ ਸਿੰਘ ਜੀ।"

"ਹੁਣ ਮੈਂ ਸੋਚ ਰਿਹਾ ਆਂ ਕਿ ਤੁਸੀਂ ਆਪਣਾ ਮਨ ਬੜਾ ਕਠੋਰ ਬਣਾ ਲਿਆ ਐ।"

"ਮੇਰੇ ਮਨ ਵਿੱਚ ਬੱਚਿਆਂ ਲਈ ਕਦੇ ਵੀ ਕਠੋਰਤਾ ਨਹੀਂ ਆ ਸਕਦੀ। ਕਰਤਾਰ ਕੌਰ ਦਾ ਮੋਹ ਅੱਗੇ ਨਾਲੋਂ ਵੀ ਵੱਧ ਜਾਗ ਉੱਠਿਆ ਹੈ।" ਕਬਹੂੰ ਜੀਅੜਾ ਊਭ ਚੜਤ ਹੈ, ਕਬਹੂੰ ਜਾਏ ਪਿਆਲੇ।" ਵਾਲੀ ਗੱਲ ਹੋ ਰਹੀ ਹੈ। ਫਿਰ ਵੀ ਮਨ ਦੀਆਂ ਤਰੰਗਾਂ ਉੱਤੇ ਕਾਬੂ ਪਾਉਣ ਦਾ ਜਤਨ ਜਾਰੀ ਹੈ। ਇਹ ਬਲ ਦਸਮ ਪਾਤਸ਼ਾਹ ਨੇ ਬਖਸ਼ਣਾ ਹੈ। ਦਸਮ ਪਾਤਸ਼ਾਹ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਮਾਤਾ ਗੁਜਰੀ ਜੀ ਨੂੰ ਮੈਂ ਆਪਣੀਆਂ ਅੱਖਾਂ ਅੱਗੇ ਪਰਤੱਖ ਰੱਖਦਾ ਹਾਂ। ਚੌਹਾਂ ਸਾਹਿਬਜ਼ਾਦਿਆਂ ਦੇ ਸੋਹਣੇ-ਸੁਣੱਖੇ ਮੁੱਖੜੇ ਹਰ ਵੇਲੇ ਮੇਰੇ ਸਾਹਮਣੇ ਰਹਿੰਦੇ ਹਨ ਪਰ ਫਿਰ ਵੀ ਕਰਤਾਰ ਕੌਰ ਤੇ ਬੱਚਿਆਂ ਦੇ ਮੋਹ ਵਿੱਚ ਮਨ ਡੋਲ ਜਾਂਦਾ ਹੈ। ਮੈਂ ਮਨ ਨੂੰ ਪੱਕਾ ਕਰਦਾ ਰਹਿੰਦਾ ਹਾਂ। ਇਹ ਮਨ ਪਾਰੇ ਵਾਂਗੂੰ ਮੇਰੇ ਹੱਥੋਂ ਤਿਲ੍ਹਕ ਤਿਲ੍ਹਕ ਜਾਂਦਾ ਹੈ।"

ਠਾਕਰ ਸਿੰਘ ਨੇ ਭਾਈ ਸਾਹਬ ਬਾਰੇ ਬੜਾ ਕੁੱਝ ਸੁਣਿਆ ਸੀ। ਉਹ ਭਾਈ ਸਾਹਿਬ ਨੂੰ ਸੱਚਾ ਗੁਰਸਿੱਖ ਤੇ ਦੇਸ ਭਗਤ ਸਮਝ ਕੇ ਉਨ੍ਹਾਂ ਦੇ ਨਾਲ ਤੁਰਿਆ ਸੀ ਪਰ ਉਸ ਨੂੰ ਉਨ੍ਹਾਂ ਦੇ ਏਨੇ ਨੇੜੇ ਹੋਣ ਦਾ ਮੌਕਾ ਅੱਜ ਪਹਿਲੀ ਵਾਰੀ ਹੀ ਮਿਲਿਆ ਸੀ ਜਦ ਉਹ ਆਪਣੇ ਮਨ ਦੀਆਂ ਕਹੀਆਂ ਸੱਚੀਆਂ ਗੱਲਾਂ ਸੁਣ ਕੇ ਉਹ ਹੋਰ ਪਰਭਾਵਤ ਹੋ ਉੱਠਿਆ। ਉਹ ਬਿੱਟ ਬਿੱਟ ਭਾਈ ਸਾਹਬ ਦੇ ਚਿਹਰੇ ਵੱਲ ਤੱਕਣ ਲੱਗਾ। ਜਦ ਉਹ ਉਸ ਵੱਲ ਤਕਦੇ ਤਾਂ ਉਹ ਉਨ੍ਹਾਂ ਦੀ ਨਜ਼ਰ ਦੀ ਝਾਲ ਨਾ ਝੱਲ ਕੇ, ਨੀਵੀਂ ਪਾ ਲੈਂਦਾ ਜਾਂ ਫੇਰ ਗੱਡੀ ਦੀ ਬਾਰੀ ਵਿੱਚੋਂ ਸਿਰ ਬਾਹਰ ਕੱਢ ਕੇ ਬਾਹਰ ਵੱਲ ਤਕਣ ਲੱਗ ਪੈਂਦਾ। ਮਨ ਹੀ ਮਨ ਵਿੱਚ ਸੋਚਦਾ ਕਿ ਉਸ ਦਾ ਵਾਹ ਕਿਸੇ ਮਹਾਨ ਆਤਮਾ ਨਾਲ ਪਿਆ ਹੈ। ਉਸ ਦੇ ਮਨ ਵਿੱਚ ਭਾਈ ਸਾਹਬ ਲਈ ਹੋਰ ਸਤਕਾਰ ਵੱਧ ਗਿਆ। ਉਸ ਨੂੰ ਇਉਂ ਪਰਤੀਤ ਹੋਣ ਲੱਗ ਪਿਆ ਜਿਵੇਂ ਕਿ ਉਹ ਕਿਸੇ ਸੰਤ ਮਹਾਤਮਾ ਦੀ ਸੰਗਤ ਵਿੱਚ ਸਫਰ ਕਰ ਰਿਹਾ ਹੋਵੇ। ਉਹ ਭਾਈ ਸਾਹਬ ਨੂੰ ਲੱਕੜ ਤੇ ਆਪਣੇ ਆਪ ਨੂੰ ਲੋਹੇ ਦੇ ਰੂਪ ਵਿੱਚ ਵੇਖਣ ਲੱਗ ਪਿਆ। ਉਹ ਸੋਚ ਰਿਹਾ ਸੀ ਕਿ ਲੱਕੜ ਨਾਲ ਲੋਹਾ ਵੀ ਤਰ ਜਾਏਗਾ। ਇੱਕ ਮਹਾਨ ਦੇਸ ਭਗਤ ਦੀ ਸੰਗਤ ਨਾਲ ਉਹ ਵੀ ਦੇਸ ਭਗਤਾਂ ਵਿੱਚ ਗਿਣਿਆ ਜਾਏਗਾ। ਉਹ ਆਪਣੇ ਮਨ ਹੀ ਮਨ ਵਿੱਚ ਭਾਈ ਸਾਹਬ ਦੇ ਕਦਮ ਨਾਲ ਕਦਮ ਮਿਲਾ ਕੇ ਤੁਰਨ ਨੂੰ ਤਿਆਰ ਹੋ ਰਿਹਾ ਸੀ। ਘੜੀ ਮੁੜੀ ਉਸ ਦੇ ਮਨ ਵਿੱਚ ਉਹੋ ਗੱਲ ਆ ਰਹੀ ਸੀ ਜੋ ਸੰਖੇਪ ਜਿਹੀ ਮਿਲਣੀ ਸਮੇਂ ਕਰਤਾਰ ਕੌਰ ਨੇ, ਉਸ ਨੂੰ ਕਹੀ ਸੀ—"ਬੀਰ ਜੀ। ਮੇਰੇ ਪਤੀ ਨੂੰ ਚੜ੍ਹਦੀਆਂ ਕਲਾਂ ਵਿੱਚ ਰੱਖਣਾ।" ਉਸ ਵੇਲੇ ਉਸ ਨੇ ਕਰਤਾਰ ਦੀ ਇਸ ਗੱਲ ਵੱਲ ਕੋਈ ਖ਼ਾਸ ਧਿਆਨ ਨਹੀਂ ਦਿੱਤਾ ਪਰ ਹੁਣ ਇਹ ਗੱਲ ਘੜੀ ਮੁੜੀ ਉਸ ਦੇ ਕੰਨਾਂ ਵਿੱਚ ਖੜਕ ਰਹੀ ਸੀ। ਇਹ ਗੱਲ ਉਸ ਦੇ ਮਨ ਵਿੱਚ ਘਰ ਕਰ ਗਈ। ਉਹ ਸੋਚ ਰਿਹਾ ਸੀ—"ਮੈਂ ਸਿੰਘ ਸਾਹਿਬ ਨੂੰ ਚੜ੍ਹਦੀਆਂ ਕਲਾਂ ਵਿੱਚ ਰੱਖਣਾ ਹੈ ਜਾਂ ਸਿੰਘ ਸਾਹਿਬ ਨੇ ਮੈਨੂੰ ਚੜ੍ਹਦੀਆਂ ਕਲਾਂ ਵਿੱਚ। ਉਹ ਸਿੰਘ ਸਾਹਬ ਦੀ ਦ੍ਰਿੜ੍ਹਤਾ ਤੇ ਆਪਣੇ ਢਿਲੇ-ਮੱਠੇ ਮਨ ਦਾ ਮੁਕਾਬਲਾ ਕਰਦਾ ਕਰਦਾ ਉੱਘਣ ਲੱਗ ਪਿਆ। ਉਸ ਨੇ ਅੱਖ ਪਟ ਕੇ ਤਕਿਆ। ਭਾਈ ਸਾਹਬ ਚੌਕੜੀ ਮਾਰ ਕੇ ਮੂੰਹ ਵਿੱਚ ਹੀ ਕਿਸੇ ਬਾਣੀ ਦਾ ਪਾਠ ਕਰ ਰਹੇ ਸਨ। ਉਹ ਫਿਰ ਉੱਘਲਾਉਣ ਲੱਗ ਪਿਆ। ਗੱਡੀ ਆਪਣੀ ਚਾਲੇ ਜਾ ਰਹੀ ਸੀ। ਰਾਤ ਕਾਫੀ ਜਾ ਚੁੱਕੀ ਸੀ। ਉਸੇ ਡੱਬੇ ਵਿੱਚ ਦੋ ਹੋਰ ਮਲਾਈ ਮੁਸਾਫਰ ਲੱਤਾਂ ਪਸਾਰ ਕੇ ਲੇਟੇ ਹੋਏ ਸਨ। ਬਾਕੀ ਸਾਰਾ ਡੱਬਾ ਖ਼ਾਲੀ ਪਿਆ ਸੀ।

ਜਦ ਗੱਡੀ ਕੋਤਾਭਾਰੂ ਪਹੁੰਚੀ ਤਾਂ ਦੁਪਹਿਰਾਂ ਢਲ ਰਹੀਆਂ ਸਨ। ਭਾਈ ਸਾਹਬ ਤੇ ਠਾਕਰ ਸਿੰਘ ਆਪਣੇ ਨਿੱਕੇ ਨਿੱਕੇ ਬਿਸਤਰੇ ਕੱਛੇ ਮਾਰ ਕੇ ਸਟੇਸ਼ਨ ਤੋਂ ਬਾਹਰ ਨਿਕਲ ਰਹੇ ਸਨ ਕਿ ਇੱਕ ਪਠਾਣ ਉਨ੍ਹਾਂ ਦੀ ਨਜ਼ਰੀ ਪੈ ਗਿਆ। ਉਹ ਕੁੱਝ ਠਠੰਬਰ ਗਏ। ਉਨ੍ਹਾਂ ਆਪਸ ਵਿੱਚ ਇੱਕ ਦੂਜੇ ਵੱਲ ਤੱਕਿਆ। ਪਠਾਣ ਸਿੱਧਾ ਉਨ੍ਹਾਂ ਵੱਲ ਤੁਰਿਆ ਆ ਰਿਹਾ ਸੀ। ਸ਼ਾਇਦ ਉਸ ਨੇ ਸਟੇਸ਼ਨ ਉੱਤੇ ਪਹੁੰਚ ਕੇ ਕਿਸੇ ਗੱਡੀ ਚੜ੍ਹਨਾ ਸੀ। ਉਸ ਦੀ ਕੁੱਲੇ ਉੱਤੇ ਬੱਧੀ ਮੁਸ਼ੱਦੀ, ਲੁੰਗੀ, ਚਿੱਟੇ ਲੰਮੇ ਕੁੜਤੇ ਉੱਤੇ ਤਿੱਲੇਦਾਰ ਵਾਸਕਟ, ਤੇੜ ਵੱਡੇ ਵੱਡੇ ਘੇਰੇ ਵਾਲੀ ਸਲਵਾਰ ਤੇ ਪੈਰੀਂ ਤਿੱਲੇਦਾਰ ਚੱਪਲਾਂ। ਜਦ ਉਹ ਇੱਕ ਦੂਜੇ ਦੇ ਨੇੜੇ ਢੁਕੇ ਤਾਂ ਪਠਾਣ ਨੇ ਸੱਜਾ ਹੱਥ ਉੱਤੇ ਉਠਾ ਕੇ ਕਿਹਾ—"ਸਰਦਾਰ ਜੀ ! ਸਲਾਮ।" ਭਾਈ ਸਾਹਬ ਨੇ ਉੱਤਰ ਦਿੱਤਾ—"ਸਾਹਬ ਨੂੰ ਸਲਾਮ।" ਪਠਾਣ ਉਨ੍ਹਾਂ ਦੇ ਸਾਹਮਣੇ ਆ ਕੇ ਰੁੱਕ ਗਿਆ। ਉਸ ਨੇ ਦੋਹਾਂ ਵੱਲ ਭਰਵੀਂ ਨਜ਼ਰ ਸੁੱਟ ਕੇ ਪੁੱਛਿਆ—"ਆਪ ਤੋ ਸਰਦਾਰ ਲੋਕ ਇਧਰ ਕਾ ਮਾਲੂਮ ਨਹੀਂ ਹੋਤਾ। ਕਹੀਂ ਬਾਹਰ ਸੇ ਆਇਆ ?" ਉਸ ਦੀ ਗੱਲ ਸੁਣ ਕੇ ਭਾਈ ਸਾਹਬ ਕੋਈ ਜਵਾਬ ਲਭ ਰਹੇ ਸਨ ਕਿ ਉਹ ਫਿਰ ਬੋਲ ਪਿਆ—"ਹਮ ਪਠਾਨ ਲੋਗ ਅੱਲਾ ਵੱਲੀ ਕਾ ਬੇਟਾ। ਹਰਾਮ ਤੁਖਮ ਨਹੀਂ। ਅਗਰ ਤੁਮ ਚੀਨ-ਜਪਾਨ ਸੇ ਆਇਆ ਤੋ...।" ਕਹਿ ਕੇ ਪਠਾਣ ਨੇ ਅੱਗੇ ਪਿੱਛੇ ਤਕ ਕੇ ਕਿਹਾ—"ਬੋਲੋ ਜਲਦੀ ਬੋਲੋ। ਹਮ ਤੁਮ੍ਹਾਰੀ ਮਦਦ ਕਰੇਗਾ।" ਉਸ ਨੇ ਇਹ ਦੱਸਣ ਲਈ ਕਿ ਅਸੀਂ ਪਰਦੇਸੀ ਨਹੀਂ, ਠਾਕਰ ਸਿੰਘ ਨੇ ਉਸ ਨਾਲ ਮਲਾਈ ਭਾਸ਼ਾ ਵਿੱਚ ਗੱਲ ਕਰਨੀ ਸ਼ੁਰੂ ਕਰ ਦਿੱਤੀ। ਪਠਾਣ ਦੇ ਚਿਹਰੇ ਉੱਤੋਂ ਸੰਜੀਦਗੀ ਦਾ ਪਰਭਾਵ ਉੱਡ ਗਿਆ। ਉਸ ਦੇ ਚਿਹਰੇ ਉੱਤੇ ਕੁੱਝ ਤਸੱਲੀ ਚਮਕਦੀ ਦਿਸ ਪਈ।

ਭਾਈ ਸਾਹਬ ਨੂੰ ਪਠਾਣ ਤੇ ਠਾਕਰ ਸਿੰਘ ਦੀ ਗੱਲ ਬਾਤ ਸਮਝ ਨਹੀਂ ਸੀ ਆ ਰਹੀ। ਉਹ ਸੋਚ ਰਹੇ ਸਨ ਕਿ ਮਲਾਯਾ-ਸਿਆਮ ਦੀ ਹਦ ਟੱਪਣ ਲਈ ਇਸ ਪਠਾਣ ਦੀ ਮਦਦ ਲਈ ਜਾਏ ਜਾਂ ਨਾਂਹ। ਉਹ ਸ਼ੱਕ ਕਰ ਰਹੇ ਸਨ ਕਿ ਕਿਧਰੇ ਖੁਫੀਆ-ਪੁਲਸ ਦਾ ਬੰਦਾ ਹੀ ਨਾ ਹੋਵੇ ਪਰ ਉਸ ਦੇ ਕਹੇ ਸ਼ਬਦਾਂ ਤੇ ਉਸ ਦੇ ਚਿਹਰੇ ਉੱਤੇ ਆਏ ਪਰਭਾਵਾਂ ਤੋਂ ਉਨ੍ਹਾਂ ਦਾ ਮਨ ਉਸ, ਪਠਾਣ ਉੱਤੇ ਇਤਬਾਰ ਕਰ ਲੈਣ ਲਈ ਬਣ ਰਿਹਾ ਸੀ। ਉਨ੍ਹਾਂ ਨੂੰ ਖਿਆਲ ਆਇਆ ਕਿ ਇਹ ਪਠਾਣ ਸਾਡੀ ਮਦਦ ਕਰਨ ਲਈ ਕਿਉਂ ਉਤਾਵਲਾ ਹੈ ? ਸ਼ਾਇਦ ਡਾਲਰ ਲੈ ਕੇ ਲੰਕਾਂ ਨੂੰ ਮਲਾਯਾ ਵਿੱਚੋਂ ਸਿਆਮ ਵਿੱਚ ਪਹੁੰਚਾਣ ਦਾ ਕੰਮ ਕਰਦਾ ਹੋਵੇ। ਜਦ ਉਹ ਪਠਾਣ ਠਾਕਰ ਸਿੰਘ ਨਾਲ ਗੱਲ ਮੁਕਾਅ ਕੇ ਅੱਗੇ ਤੁਰ ਪਿਆ ਤਾਂ ਠਾਕਰ ਸਿੰਘ ਨੇ ਭਾਈ ਸਾਹਬ ਨੂੰ ਦੱਸਿਆ—"ਇਹ ਪਠਾਣ ਮੈਨੂੰ ਤਾਂ ਚੰਗਾ ਲੱਗਾ ਹੈ। ਕਹਿੰਦਾ ਹੈ ਕਿ ਕੁੱਝ ਦਿਨ ਹੋਏ ਇਸੇ ਰਾਹ ਲੰਘਦੇ ਦੋ ਸਿੱਖ ਫੜੇ ਗਏ ਸਨ। ਉਹਨਾਂ ਨੂੰ ਅੰਗਰੇਜ਼ ਫੜ ਕੇ ਪਤਾ ਨਹੀਂ ਕਿੱਧਰ ਲੈ ਗਏ ਸਨ। ਕਹਿੰਦਾ ਹੈ ਕਿ ਗੱਡੀ ਰਾਹੀਂ ਹੱਦ ਨਾ ਟੱਪਿਆ ਜੇ। ਜੇ ਜਰੂਰ ਜਾਣਾ ਈ ਐ ਤਾਂ ਦੋ ਚਾਰ ਮੀਲ ਲਾਂਭੇ ਹੋ ਕੇ ਹੱਦ ਟੱਪ ਜਾਇਆ ਜੇ।"

"ਫੇਰ ਤਾਂ ਇਹ ਪਠਾਣ ਚੰਗਾ ਬੰਦਾ ਹੈ। ਇਸ ਦੀ ਮਦਦ ਲੈਣੀ ਚਾਹੀਦੀ ਹੈ। ਜੇ ਕੁੱਝ ਡਾਲੇ ਮੰਗੇ ਤਾਂ ਵੀ ਕੋਈ ਗੱਲ ਨਹੀਂ।"

"ਨਹੀਂ ! ਇਹ ਪਠਾਣ ਡਾਲੇ ਲੈਣ ਵਾਲਾ ਨਹੀਂ। ਇਹਨੂੰ ਕੁੱਝ ਕੁੱਝ ਸ਼ੂਹ ਐ ਕਿ ਸਿੱਖ, ਫੌਜਾਂ ਨੂੰ ਵਿਗਾੜਦੇ ਫਿਰਦੇ ਐ ਤੇ ਅੰਗਰੇਜ਼ ਖਬਰਦਾਰ ਹੋ ਗਏ ਐ। ਨਾਲੇ ਕਹਿੰਦੈ ਕਿ ਸਭ ਪਠਾਣ ਤੁਰਕੀ ਦੇ ਹੱਕ ਵਿੱਚ ਐ ਤੇ ਅੰਗਰੇਜ਼ਾਂ ਨੂੰ ਗਾਲ੍ਹਾਂ ਕਢਦੇ ਐ।"

"ਫੇਰ ਤਾਂ ਪਠਾਣਾਂ ਵਿੱਚ ਵੀ ਜਾਗਰਤ ਆ ਰਹੀ ਹੈ।" ਉਹ ਦੋਵੇਂ ਗੱਲਾਂ ਕਰਦੇ ਕਰਦੇ ਸਟੇਸ਼ਨ ਤੋਂ ਦੂਰ ਹੁੰਦੇ ਜਾ ਰਹੇ ਸਨ। ਭਾਈ ਸਾਹਬ ਨੇ ਜ਼ਰਾ ਰੁਕ ਕੇ ਕਿਹਾ—"ਜੇ ਅਸੀਂ ਦੂਰ ਨਿਕਲ ਗਏ ਤਾਂ ਇਸ ਪਠਾਣ ਨੂੰ ਮੁੜ ਕੇ ਨਹੀਂ ਲਭ ਸਕਾਂਗੇ। ਪਛਾਣ ਹੀ ਨਹੀਂ ਰਹਿਣੀ। ਸਭ ਪਠਾਣ ਇੱਕੋ ਜਿਹਾ ਲਿਬਾਸ ਪਹਿਨਦੇ ਹਨ। ਇਨ੍ਹਾਂ ਨੂੰ ਪਛਾਣਨਾ ਮੁਸ਼ਕਲ ਹੋ ਜਾਂਦਾ ਹੈ। ਇਸ ਲਈ ਮੇਰੀ ਰਾਏ ਹੈ ਕਿ ਅਸੀਂ ਸਟੇਸ਼ਨ ਵੱਲ ਮੁੜ ਕੇ ਇਸ ਪਠਾਣ ਨਾਲ ਗੱਲ ਕਰੀਏ।"

ਉਹ ਹੁਣ ਵੀ ਹੌਲੀ ਹੌਲੀ ਸਟੇਸ਼ਨੋਂ ਦੂਰ ਜਾ ਰਹੇ ਸਨ, ਉਨ੍ਹਾਂ ਨੇ ਤਿੰਨ ਗੋਰੇ ਨੌਜਵਾਨ, ਚਿੱਟੇ ਕਪੜਿਆਂ ਵਿੱਚ ਆਪਣੇ ਵੱਲ ਆਉਂਦੇ ਤੱਕੇ। ਉਨ੍ਹਾਂ ਵਿੱਚੋਂ ਇੱਕ ਨੇ, ਇਨ੍ਹਾਂ ਨੂੰ ਮਖੌਲ ਕਰਨ ਲਈ ਆਪਣੀ ਠੋਡੀ ਉੱਤੇ ਦੋਵੇਂ ਹੱਥ ਰੱਖ ਕੇ ਇਨ੍ਹਾਂ ਦੀਆਂ ਦਾੜ੍ਹੀਆਂ ਹੋਣ ਦਾ ਇਸ਼ਾਰਾ ਕੀਤਾ। ਇਹ ਸਮਝ ਗਏ ਕਿ ਇਹ ਆਮ ਗੋਰੇ ਫੌਜੀ ਹੀ ਹੋਣਗੇ ਜੋ ਚਿੱਟੇ ਕਪੜਿਆਂ ਵਿੱਚ ਆਪਣੀ ਮੌਜ ਵਿੱਚ ਅਵਾਰਾ ਫਿਰ ਰਹੇ ਹੋਣਗੇ। ਉਨ੍ਹਾਂ, ਗੋਰਿਆਂ ਦੇ ਪਿੱਛੇ ਪਿੱਛੇ ਸਟੇਸ਼ਨ ਵੱਲ ਮੁੜਨਾ ਯੋਗ ਨਾ ਸਮਝਿਆ। ਉਨ੍ਹਾਂ ਨਿੱਕੇ ਨਿੱਕੇ ਕਦਮੀਂ ਸ਼ਹਿਰ ਵੱਲ ਤੁਰਦਿਆਂ, ਪਿੱਛੇ ਮੁੜ ਕੇ ਤਕਿਆ। ਉਹ ਪਠਾਣ ਸਟੇਸ਼ਨ ਤੋਂ ਬਾਹਰ ਨਿਕਲ ਰਿਹਾ ਸੀ। ਤਿੰਨੇ ਗੋਰੇ ਉਸ ਦਾ ਰਾਹ ਰੋਕ ਕੇ ਖਲੋਤੇ ਸਨ। ਜਿਸ ਪਾਸਿਓਂ ਉਹ ਅੱਗੇ ਵਧਦਾ, ਉਹ ਉੱਧਰ ਹੀ ਹੋ ਕੇ ਉਸ ਦੇ ਅੱਗੇ ਹੋ ਖਲੋਂਦੇ। ਗੋਰਿਆਂ ਤੇ ਪਠਾਣ ਵਿਚਾਲੇ ਹੋ ਰਹੀ ਗੱਲ ਬਾਤ ਦੀ ਅਵਾਜ਼ ਤਾਂ ਉਨ੍ਹਾਂ ਤੱਕ ਨਹੀਂ ਸੀ ਪਹੁੰਚ ਰਹੀ ਪਰ ਉਹ ਪਰਤੱਖ ਦੇਖ ਰਹੇ ਸਨ ਕਿ ਗੋਰੇ ਸ਼ਾਇਦ ਉਸ ਨਾਲ ਝਗੜਾ ਕਰਨਾ ਚਾਹੁੰਦੇ ਸਨ। ਉਨ੍ਹਾਂ ਤਕਿਆ ਕਿ ਉਸ ਪਠਾਣ ਨੇ ਉਨ੍ਹਾਂ ਗੋਰਿਆਂ ਵਿੱਚੋਂ ਇੱਕ ਦੀ ਬੀਣੀ ਫੜ ਲਈ। ਉਹ ਸਾਰਾ ਜ਼ੋਰ ਲਾਉਣ ਉੱਤੇ ਵੀ ਆਪਣੀ ਬੀਣੀ ਨਾ ਛੁਡਾ ਸਕਿਆ। ਦੂਜੇ ਦੋਹਾਂ ਗੋਰਿਆਂ ਪਠਾਣ ਦੀ ਪਿੱਠ ਥਾਪੀ। ਉਹ ਸਾਰੇ ਹੱਸਣ ਲਗੇ। ਗੋਰੇ ਸਟੇਸ਼ਨ ਅੰਦਰ ਚਲੇ ਗਏ। ਪਠਾਣ ਸ਼ਹਿਰ ਵੱਲ ਮੁੜ ਪਿਆ।

ਭਾਈ ਸਾਹਬ ਨੇ ਕਿਹਾ—"ਕੁੱਝ ਸਮਝ ਨਹੀਂ ਆਉਂਦੀ ਕਿ ਇਹ ਪਠਾਣ ਕਿਹੋ ਜਿਹਾ ਹੋਵੇਗਾ। ਹੋ ਸਕਦਾ ਹੈ ਇਹ ਗੋਰੇ ਇਸ ਨੂੰ ਜਾਣਦੇ ਹੋਣ। ਇਹ ਗੋਰੇ ਆਮ ਟੌਮੀ ਹਨ। ਹੋ ਸਕਦਾ ਹੈ ਲੌਮੇ ਚੌੜੇ ਪਠਾਣ ਨੂੰ ਵੇਖ ਕੇ ਜ਼ੋਰ ਅਜ਼ਮਾਈ ਕਰਨ ਲੱਗ ਪਏ ਹੋਣ।"

"ਸਿੰਘ ਸਾਹਿਬ ! ਪਠਾਣ ਹੁਣ ਮੁੜ ਕੇ ਆ ਰਿਹਾ ਐ। ਉਹਦਾ ਸ਼ਕ ਦੂਰ ਹੋ ਹੀ ਗਿਆ ਹੋਣੈ ਕਿ ਅਸੀਂ ਸਿਆਮ ਦੀ ਹੱਦ ਟਪਣੀ ਐ। ਜੇ ਉਹ ਸੂਹੀਆ ਹੋਇਆ ਤਾਂ ਵੀ ਉਹ ਸਾਡਾ ਪਿੱਛਾ ਕਰ ਸਕਦਾ ਐ। ਇਸ ਲਈ ਮੇਰਾ ਖਿਆਲ ਐ ਕਿ ਇਸ ਨਾਲ ਆਮ ਗੱਲਾਂ ਕਰਦੇ ਕਰਦੇ ਸ਼ਹਿਰ ਨੂੰ ਚਲੀਏ। ਇਸ ਦੇ ਦੋ ਫਾਇਦੇ ਹੋਣਗੇ। ਇੱਕ ਇਹ ਕਿ ਹੋ ਸਕਦਾ ਹੈ ਸਾਨੂੰ ਇਸ ਬਾਰੇ ਕੁਝ ਹੋਰ ਪਤਾ ਚਲ ਸਕੇ। ਦੂਜਾ ਇਹ ਕਿ ਸ਼ਹਿਰ ਚਲ ਕੇ ਪਤਾ ਲੱਗ ਜਾਏਗਾ ਕਿ ਵਿਛੜਨ ਪਿੱਛੋਂ ਇਹ ਸਾਡਾ ਪਿੱਛਾ ਕਰਦਾ ਐ ਜਾਂ ਨਹੀਂ। ਜੇ ਪਿੱਛਾ ਕਰੇਗਾ ਤਾਂ ਸੂਹੀਆ ਹੋਇਆ। ਜੇ ਆਪਣੇ ਰਾਹ ਤੁਰ ਜਾਏ ਤਾਂ ਫਿਰ ਸੂਹੀਆ ਨਹੀਂ ਹੋਣਾ।"

ਏਨੀ ਦੇਰ ਨੂੰ ਪਠਾਣ ਨੇੜੇ ਆ ਢੁੱਕਿਆ। ਉਹ ਰੁਕ ਕੇ ਉਸ ਦੀ ਉਡੀਕ ਕਰਨ

ਲੱਗੇ । ਫੇਰ ਤਿੰਨੇ ਇਕੱਠੇ ਸ਼ਹਿਰ ਵੱਲ ਤੁਰ ਪਏ । ਪਠਾਣ ਨੇ ਆਪੇ ਗੱਲ ਸ਼ੁਰੂ ਕਰ ਲਈ—"ਯਹ ਸਾਲਾ ਟੌਮੀ ਲੋਗ ਹਮ ਸੇ ਖਰਮਸਤੀ ਕਰਤਾ ਹੈ । ਯਹ ਜਾਨਤਾ ਹੈ ਕਿ ਹਮ ਠੇਕੇਦਾਰ ਅੰਡੇ ਮੁਰਗ ਔਰ ਗੋਸ਼ਤ ਇਨ ਸਾਲਾ ਲੋਗ ਕੋ ਪਹੁੰਚਾਤਾ ਹੈ । ਇਸ ਲੀਏ ਪਲਟਨ ਕਾ ਜੋ ਗੋਰਾ ਲੋਗ ਮਿਲਤਾ ਹੈ ਜ਼ੋਰ ਆਜ਼ਮਾਈ ਕਰਤਾ ਹੈ ।"

ਉਹ ਹੌਲੀ ਹੌਲੀ ਤੁਰਦੇ ਜਾ ਰਹੇ ਸਨ । ਪਠਾਣ ਆਪ ਮੁਹਾਰਾ ਬੋਲੀ ਜਾ ਰਿਹਾ ਸੀ—"ਹਮ ਪਠਾਨ ਲੋਗ ਅਪਨਾ ਬੀਵੀ ਬੱਚਾ ਕੋ ਯਹਾਂ ਨਹੀਂ ਲਾਤਾ । ਹਮਾਰਾ ਬੀਵੀ ਕਾ ਭਾਈ ਮੁਹਾਮਦ ਗਫੂਰ ਮੁਲਕ ਕੋ ਗਿਆ ਔਰ ਵੁਹ ਸਾਲਾ ਹਮਾਰੀ ਮਰਜੀ ਕੇ ਬਗੈਰ ਉਨ ਕੋ ਸਾਥ ਲੇ ਆਇਆ । ਸਾਲਾ ਨੇ ਹਮ ਕੋ ਬੜੀ ਮੁਸ਼ਕਲ ਮੇਂ ਡਾਲ ਦੀਆ । ਹਮ ਘੂਮਤਾ ਥਾ । ਅਬ ਘੂਮਨਾ ਬੰਦ ਹੋ ਗਿਆ । ਹਮ ਕੋਤਾਭਾਰੂ ਮੇਂ ਰਹਿਨਾ ਕੈਦ ਮਾਨਤਾ ।"

ਉਸ ਨੇ ਆਪਣੀ ਗੱਲ ਕਰਦਿਆਂ ਕਰਦਿਆਂ ਤਕਿਆ ਕਿ ਭਾਈ ਸਾਹਬ ਨੇ ਆਪਣੀ ਕੂਹਣੀ ਠਾਕਰ ਸਿੰਘ ਦੀ ਕੂਹਣੀ ਉੱਤੇ ਇੱਕ ਤੋਂ ਵੱਧ ਵਾਰੀ ਮਾਰੀ । ਉਹ ਰੁਕ ਗਿਆ । ਠਾਕਰ ਸਿੰਘ ਨੇ ਉਸ ਦੀ ਨਜ਼ਰ ਤਾੜ ਕੇ ਪੁੱਛਿਆ—"ਆਪ ਕੀ ਬੀਵੀ ਕਾ ਭਾਈ ਕਹਾਂ ਰਹਿਤਾ ਹੈ ?"

"ਵੁਹ ਸਾਲਾ ਸਿੰਘਾਪੁਰ ਪੁਲਸ ਮੇਂ ਅਪਨੇ ਭਾਈਓਂ ਕੇ ਖਿਲਾਫ ਚੁਗਲੀ ਕਰਨੇ ਕਾ ਕਾਮ ਕਰਤਾ ।"

ਭਾਈ ਸਾਹਬ ਤੇ ਠਾਕਰ ਸਿੰਘ ਦੋਵੇਂ ਭਰਵੀਆਂ ਨਜ਼ਰਾਂ ਨਾਲ ਪਠਾਣ ਵੱਲ ਤੱਕਣ ਲੱਗੇ । ਉਹ ਸ਼ਸੋਪੰਜ ਵਿੱਚ ਪਏ ਹੋਏ ਸਨ । ਉਸ ਦੀਆਂ ਗੱਲਾਂ ਤੋਂ ਉਹ ਚੰਗਾ ਬੰਦਾ ਜਾਪ ਰਿਹਾ ਸੀ ਪਰ ਉਸ ਦਾ ਗਫੂਰ ਦਾ ਰਿਸ਼ਤੇਦਾਰ ਹੋਣਾ ਉਨ੍ਹਾਂ ਨੂੰ ਚੁਭ ਰਿਹਾ ਸੀ । ਉਹ ਪਹਿਲੋਂ ਨਾਲੋਂ ਵੀ ਖਬਰਦਾਰ ਹੋ ਕੇ ਉਸ ਦੀਆਂ ਗੱਲਾਂ ਸੁਣ ਰਹੇ ਸਨ ।

"ਹਮਾਰੇ ਗਾਉਂ ਕਾ ਏਕ ਔਰ ਹਰਾਮ ਤੁਖਮ ਨਾਦਰ ਖ਼ਾਨ ਉਸ ਕਾ ਅਫਸਰ ਹੈ । ਵੁਹ ਸਭ ਸੇ ਖੜਾ ਚੁਗਲਬਾਜ਼ ਹੈ । ਮੁਸਲਮੀਨ, ਮੁਸਲਮੀਨ ਕਾ ਗਲਾ ਕਾਟਤਾ ਹੈ । ਵੁਹ ਬਹੁਤ ਬੜਾ ਖਰ-ਤੁਖਮ ਹੈ ।"

ਨਾਦਰ ਖਾਨ ਦਾ ਨਾਮ ਸੁਣ ਕੇ ਭਾਈ ਸਾਹਬ ਤੇ ਠਾਕਰ ਸਿੰਘ ਦੋਵੇਂ ਠਠੰਬਰ ਗਏ । ਉਨ੍ਹਾਂ ਨੂੰ ਸਮਝ ਨਾ ਆਵੇ ਕਿ ਉਸ ਨਾਲ ਇੱਕ ਵੀ ਹੋਰ ਕਦਮ ਤੁਰਨ ਜਾਂ ਨਾਹ । ਉਨ੍ਹਾਂ ਨੂੰ ਇਹ ਵੀ ਸ਼ੱਕ ਹੋਣ ਲਗ ਪਿਆ ਕਿ ਸਾਡੇ ਨਾਲ ਮਿੱਠੀਆਂ ਮਿੱਠੀਆਂ ਗੱਲਾਂ ਕਰ ਕੇ ਕਿਧਰੇ ਥਾਣੇ ਹੀ ਨਾ ਲੈ ਪਹੁੰਚੇ । ਭਾਈ ਸਾਹਬ ਨੇ ਦੋਵੇਂ ਅੱਖਾਂ ਮੀਟ ਕੇ ਠਾਕਰ ਸਿੰਘ ਨੂੰ ਇਸ਼ਾਰਾ ਕੀਤਾ ਕਿ ਤਰੇ ਚਲੋ ।

ਉਸ ਨੇ ਇਕ ਬਜ਼ਾਰ ਦਾ ਮੋੜ ਮੁੜਦਿਆਂ ਕਿਹਾ—"ਅੱਛਾ ਸਰਦਾਰ ! ਹਮਾਰਾ ਘਰ ਆ ਗਿਆ । ਹਮ ਪਾਂਚ ਨਮਾਜ਼ ਤੋ ਨਹੀਂ ਪੜ੍ਹਤਾ ਲੇਕਿਨ ਜਬ ਕਭੀ ਘਰ ਹੋਤਾ ਹੈ ਤੋਂ ਪੜ੍ਹ ਲੇਤਾ ਹੈ । ਅਬ ਨਮਾਜ਼ ਕਾ ਵਕਤ ਹੋ ਰਹਾ ਹੈ । ਅੱਛਾ, ਫਿਰ ਕਭੀ ਮਿਲੇਗਾ ਤੋ ਔਰ ਬਾਤ ਕਰੇਗਾ । ਖੁਦਾ ਹਾਫਿਜ ।" ਉਨ੍ਹਾਂ ਨਾਲ ਦਸਤ-ਪੰਜਾ ਕਰ ਕੇ, ਉਸ ਨੇ ਇਕ ਘਰ ਦਾ ਕੁੰਡਾ ਜਾ ਖੜਕਾਇਆ । ਕੁੰਡਾ ਖੁਲ੍ਹਿਆ । ਉਹ ਅੰਦਰ ਜਾ ਵੜਿਆ । ਭਾਈ ਸਾਹਬ ਤੇ ਠਾਕਰ ਸਿੰਘ ਥੋੜ੍ਹਾ ਹੋਰ ਤੁਰਦੇ ਗਏ । ਭਾਈ ਸਾਹਬ ਨੇ ਕਿਹਾ—"ਮੇਰਾ ਭਰੋਸਾ ਹੈ ਕਿ ਇਹ ਪਠਾਣ ਚੰਗਾ

ਬੰਦਾ ਹੈ। ਉਂਜ ਸਾਡੀ ਕੋਈ ਮਦਦ ਕਰ ਸਕੇ ਜਾਂ ਨਾਹ, ਇਹ ਵੱਖਰੀ ਗੱਲ ਹੈ।" "ਬਾਲ ਬੱਚੜਦਾਰ ਐ।"

"ਉਂਜ ਦੁਨੀਆਂ ਦੇ ਸਭ ਮੁਸਲਮਾਨ ਅੰਗਰੇਜ਼ਾਂ ਤੇ ਤੁਰਕੀ ਦੀ ਜੰਗ ਲੱਗੀ ਹੋਣ ਕਰ ਕੇ ਤੁਰਕਾਂ ਨਾਲ ਹਨ।"

"ਠਾਕਰ ਸਿੰਘ ਨੇ ਸਲਾਹ ਦਿੱਤੀ—"ਦਿਨ ਢਲ ਗਿਆ ਐ। ਰਾਹ ਪਹਿੰਡੇ ਦਾ ਸਾਨੂੰ ਪਤਾ ਨਹੀਂ। ਗੱਡੀ ਉੱਤੇ ਅਸੀਂ ਹੱਦ ਨਹੀਂ ਟੱਪਣੀ। ਪਠਾਣ ਦੀ ਸਲਾਹ ਅਨੁਸਾਰ ਦੋ ਚਾਰ ਮੀਲ, ਸ਼ਹਿਰੋਂ ਦੂਰ ਹੋ ਕੇ ਹੱਦ ਟੱਪਣੀ ਚਾਹੀਦੀ ਐ। ਜੇ ਰਾਤੀਂ, ਹਨੇਰੇ ਹੋਏ ਟੱਪੇ ਤਾਂ ਅੱਗੋਂ ਪਤਾ ਨਹੀਂ ਲਗਣਾ ਕਿ ਕਿੱਧਰ ਜਾਣਾ ਐ। ਅਸਾਂ ਚੜ੍ਹਨਾ ਮੁੜ ਕੇ ਗੱਡੀ ਹੀ ਐ। ਬਖਤੌਰ ਸਿਹੁੰ ਨੇ ਆਪਣੇ ਇੱਕ ਜਾਣੂੰ ਪਛਾਣੂੰ ਦਾ ਪਤਾ ਲਿਖ ਕੇ ਦਿੱਤਾ ਸੀ। ਉਹ ਕਹਿੰਦਾ ਸੀ ਕਿ ਉਹ ਛੜਾ ਛਾਂਡ ਐ। ਜਾਗਾ ਵੀ ਕਰਦਾ ਐ ਤੇ ਸੂਦ ਦਾ ਕੰਮ ਵੀ ਕਰ ਲੈਂਦਾ ਐ। ਜੇ ਉਸਨੂੰ ਲਭ ਲਈਏ ਤਾਂ...।" ਉਸ ਨੇ ਆਪਣੇ ਕੇਸਾਂ ਵਿੱਚੋਂ ਕੰਘਾ ਕੱਢ ਕੇ ਉਸ ਨਾਲ ਬਧਾ ਇਕ ਪੁਰਜਾ ਖੋਲ੍ਹ ਕੇ ਭਾਈ ਸਾਹਬ ਦੇ ਹੱਥ ਫੜਾਂਦਿਆਂ ਦੱਸਿਆ—"ਆਹ ਐ ਉਹ ਪੁਰਜਾ।"

ਭਾਈ ਸਾਹਬ ਨੇ ਪੁਰਜਾ ਖੋਲ੍ਹ ਕੇ ਪੜ੍ਹਦਿਆਂ ਕਿਹਾ—ਜੇ ਕਿਸੇ ਨੂੰ ਪੁੱਛੀਏ ਤਾਂ ਸ਼ਾਇਦ ਸਾਨੂੰ ਕੋਈ ਰਾਹੇ ਪਾ ਦਏ।"

ਉਨ੍ਹਾਂ ਲੰਘਦਿਆਂ ਲੰਘਦਿਆਂ ਆਪਣੇ ਬੰਦਿਆਂ ਦੀ, ਕਪੜੇ ਦੀ ਦੁਕਾਨ ਵੇਖੀ। ਠਾਕਰ ਸਿੰਘ ਉਧਰ ਮੁੜਨ ਹੀ ਲੱਗਾ ਸੀ ਕਿ ਭਾਈ ਸਾਹਬ ਨੇ ਉਸ ਨੂੰ ਰੋਕ ਕੇ ਸਲਾਹ ਦਿੱਤੀ—"ਦੁਕਾਨ ਉੱਤੇ ਅੱਠ ਦੱਸ ਬੰਦੇ ਬੈਠੇ ਹਨ। ਕਿਸੇ ਮਲਾਈ ਨੂੰ ਪੁੱਛ ਲਈਏ।"

ਇਕ ਮਲਾਈ ਨੂੰ ਪੁੱਛ ਕੇ, ਉਹ, ਉਸ ਦੇ ਘਰ ਦੇ ਸਾਹਮਣੇ ਜਾ ਖਲੋਤੇ। ਉਹ ਘਰੋਂ ਨਿਕਲ ਕੇ ਕਿਧਰੇ ਬਾਹਰ ਜਾ ਰਿਹਾ ਸੀ। ਉਨ੍ਹਾਂ ਜਾ ਫਤਹ ਬੁਲਾਈ। ਠਾਕਰ ਸਿੰਘ ਨੇ ਬਖਤੌਰ ਸਿੰਘ ਦਾ ਨਾਮ ਲਿਆ। ਉਸ ਨੇ ਬੂਹਾ ਖੋਲ੍ਹਿਆ। ਤਿੰਨੇ ਅੰਦਰ ਜਾ ਵੜੇ। ਉਸ ਨੇ ਪੁੱਛਿਆ—"ਬਖਤੌਰੇ ਦਾ ਕੀ ਹਾਲ ਐ?"

"ਤਗੜਾ ਐ।"

"ਉਹਦੀ ਮਾਈ ਸਾਡੇ ਪਿੰਡੋਂ ਐ। ਬਖਤੌਰ ਸਾਡਾ ਦੋਹਤਾ ਹੋਇਆ। ਹੈ ਉਹ ਮੇਰੇ ਨਾਲੋਂ ਢੇਰ ਵੱਡਾ। ਜਦ ਵੀ ਨਾਨਕੇ ਆਉਂਦਾ, ਬਹੁਤ ਮਸਤੀਆਂ ਕਰਦਾ। ਉਹਦੀ ਮਾਈ ਨੂੰ ਸਾਡਾ ਸਾਰਾ ਪਿੰਡ ਭੂਆ ਕਹਿੰਦਾ ਸੀ। ਤਗੜੀ ਐ ਉਹ? ਬਖਤੌਰ ਅਜੇ ਛੜਾ ਈ ਹੋਣਾ ਮੇਰੇ ਆਂਗੂੰ?" ਉਹ ਆਪ ਮੁਹਾਰੇ ਗੱਲਾ ਕਰਨ ਲੱਗ ਪਿਆ ਸੀ। ਭਾਈ ਸਾਹਬ ਤੇ ਠਾਕਰ ਸਿੰਘ ਨੇ ਆਪਣੇ ਨਿੱਕੇ ਨਿੱਕੇ ਬਿਸਤਰੇ ਇੱਕ ਮੰਜੀ ਉੱਤੇ ਰੱਖਦਿਆਂ ਇੱਕ ਦੂਜੇ ਵੱਲ ਤੱਕਿਆ। ਉਹ ਜ਼ਰਾ ਪਰੇ ਹੋਇਆ ਹੀ ਸੀ ਕਿ ਠਾਕਰ ਸਿੰਘ ਨੇ ਹੌਲੀ ਜਿਹੀ ਕਿਹਾ—"ਤਾੜੀ ਨਾਲ ਰਜਿਆ ਹੋਇਐ।"

ਉਸ ਨੇ ਕਿਹਾ—"ਮੈਂ ਚਾਹ ਰਖਦਾਂ।"

ਠਾਕਰ ਸਿੰਘ ਨੇ ਉੱਤਰ ਦਿੱਤਾ—"ਨੱਥਾ ਸਿਹਾਂ! ਆਪਾਂ ਪਹਿਲੋਂ ਪਾਣੀ ਪੀਣੈ। ਤਿਹਾ ਲੱਗੀ ਐ।"

ਉਹ ਦੋ ਗਲਾਸ ਪਾਣੀ ਦੇ ਭਰ ਲਿਆਇਆ। ਉਨ੍ਹਾਂ ਦੇ ਸਾਹਮਣੇ, ਦੂਜੀ ਵਾਹਣੀ ਮੰਜੀ ਉੱਤੇ ਬਹਿੰਦਾ ਹੀ ਬੋਲ ਪਿਆ—"ਸਿੰਘਾਪੁਰ ਤਾਂ ਕੰਮ ਚੰਗਾ ਹੋਣੈ ਪਰ ਏਥੇ ਵੀ

ਮਾੜਾ ਨਹੀਂ। ਵੀਹ ਡਾਲੇ ਜਾਗੇ ਦੇ ਤੇ ਪੰਦਰ੍ਹਾਂ ਵੀਹ ਮੈਂ ਹੋਰ ਮਾਠ ਲੈਂਦਾ ਸ੍ਹੂਦ ਦੇ। ਕਈ ਵੇਰੀ ਸੋਚਦਾਂ ਸਿਆਮ ਜਾ ਵੜਾਂ ? ਓਥੇ ਸੋਨੇ ਦੀਆਂ ਕਾਨਾਂ ਖੁਲ੍ਹੀਐਂ। ਤੁਹਾਡੇ ਵਿੱਚੋਂ ਇੱਕ ਨੂੰ ਤਾਂ ਮੈਂ ਤੜਕੇ ਹੀ ਕੰਮ ਲਵਾ ਦਊ ਆਪਣੇ ਤੋਕੀ ਕੋਲੇ।" ਉਸ ਨੇ ਆਪਣੇ ਮੱਥੇ ਉੱਤੇ ਸੱਜਾ ਹੱਥ ਮਾਰਦਿਆਂ ਕਿਹਾ—"ਮੈਂ ਤਾਂ ਥੋਡੇ ਨਾਂ ਈ ਨਹੀਂ ਪੁੱਛੇ।"

"ਮੇਰਾ ਨਾਂ ਬਲਵੰਤ ਸਿੰਘ ਹੈ ਤੇ ਏਨ੍ਹਾਂ ਦਾ ਠਾਕਰ ਸਿੰਘ।" ਤੁਸੀਂ ਤਾਂ ਭਾਈ ਬੜੇ ਪੜ੍ਹੇ ਲਿਖੇ ਜਾਪਦੇ ਓ। ਮੇਰੇ ਕੋਲ ਰਹਿ ਪਓ। ਆਪਣੇ ਕੋਲ ਚਾਰ ਮੰਜੇ ਐ। ਆਇਆ ਗਿਆ ਰਹਿੰਦੈ।" ਉਹ ਫਿਰ ਉਠ ਖਲੋਤਾ "ਮੈਂ ਆਟਾ ਮਲਦਾਂ। ਦਾਲ ਕਲ੍ਹ ਦੀ ਬਣੀ ਐ।"

ਉਸ ਨੇ ਜ਼ਰਾ ਕੁ ਝੁੱਕਦਿਆਂ ਪੁੱਛਿਆ—"ਜੇ ਤੁਸੀਂ ਚਾਹੋ ਤਾਂ ਇੱਕ ਇੱਕ ਦੋ ਦੋ ਗਲਾਸ ਤਾੜੀ ਦੇ ਹੋਰ ਮਾਰ ਆਈਏ।"

"ਨਹੀਂ। ਅਸੀਂ ਤਾੜੀ ਨਹੀਂ ਪੀਂਦੇ।"

"ਫੇਰ ਠੇਕੇ ਚਲੇ ਚਲਦੇ ਆਂ।"

"ਨਹੀਂ ਨੱਥਾ ਸਿਹਾਂ, ਅਸੀਂ ਨਹੀਂ ਪੀਂਦੇ।"

ਨੱਥਾ ਸਿੰਘ ਨੇ ਦੋਹਾਂ ਵੱਲ ਘੂਰ ਕੇ ਤਕਦਿਆਂ ਕਿਹਾ—"ਫੇਰ ਤੁਸੀਂ 'ਭਾਈ' ਹੋਣੇ ਆਂ। ਏਥੇ ਧਰਮਸਾਲਾ ਹੈ ਨਹੀਂ। ਗਰੰਥ ਸਾਹਬ ਲੈ ਆਈਏ। ਬਜਾਜੀ ਵਾਲੇ ਸਿੱਖ ਵੀ ਧਰਮਸਾਲਾ ਖੋਲ੍ਹਣ ਦੀ ਗੱਲ ਤੋਰਦੇ ਰਹਿੰਦੇ ਐ।" ਉਹ ਉੱਚੀ ਉੱਚੀ ਹੱਸਣ ਲੱਗ ਪਿਆ। ਉਹ ਆਟਾ ਗੁੰਨ੍ਹਦਾ ਗੁੰਨ੍ਹਦਾ ਗੱਲਾਂ ਕਰੀ ਜਾ ਰਿਹਾ ਸੀ—"ਸਿਆਮ 'ਚ ਆਪਣੇ ਬਹੁਤ ਬੰਦੇ ਆ। ਯਾਲੇ ਇੱਕ ਆਪਣਾ ਭਾਈ ਰਹਿੰਦਾ ਚੰਦਾ ਸਿਹੁੰ। ਉਹਨੇ ਘਰੇ ਗਰੰਥ ਸਾਹਬ ਰਖਿਐ। ਜਿਹੜਾ ਉਹਦੇ ਜਾਊ ਉਹ ਉਹਦੀ ਰੱਜ ਕੇ ਖਿਜਮਤ ਕਰੂ।"

ਠਾਕਰ ਸਿੰਘ ਨੇ ਉਸ ਦੇ ਪਾਸ ਜਾ ਕੇ ਗੰਢੇ ਤੇ ਟਮਾਟਰ ਚੀਰਨੇ ਸ਼ੁਰੂ ਕਰ ਦਿੱਤੇ। ਭਾਈ ਸਾਹਬ ਆਪਣਾ ਬਿਸਤਰਾ ਸਿਰਹਾਣੇ ਰੱਖ ਕੇ ਲੇਟ ਗਏ। ਉਨ੍ਹਾਂ ਨੂੰ ਉਂਘ ਆ ਗਈ। ਨੱਥਾ ਸਿੰਘ ਤੇ ਠਾਕਰ ਸਿੰਘ ਆਪਸ ਵਿੱਚ ਇੱਧਰ ਉੱਧਰ ਦੀਆਂ ਗੱਲਾਂ ਕਰਦੇ ਰਹੇ। ਭਾਈ ਸਾਹਬ ਨੇ ਉੱਠ ਕੇ ਮੂੰਹ ਹੱਥ ਧੋਤੇ। ਤਿੰਨਾਂ ਰਲ ਕੇ ਰੋਟੀ ਖਾਧੀ। ਨੱਥਾ ਸਿੰਘ ਦੀ ਪੀਤੀ ਤਾੜੀ ਦਾ ਨਸ਼ਾ ਘੱਟ ਰਿਹਾ ਸੀ। ਰੋਟੀ ਖਾਣ ਮਗਰੋਂ ਉਸ ਨੇ ਚਾਹ ਬਣਾ ਲਿਆਂਦੀ—"ਲੋਕੀ ਚਾਹ 'ਚ ਦੁੱਧ ਪਾਂਦੇ ਆ। ਮੈਂ ਤਾਂ ਦੁੱਧ 'ਚ ਚਾਹ ਪਾਂਦਾਂ।" ਉਸ ਦੇ ਮੱਘ ਉਨ੍ਹਾਂ ਦੇ ਸਾਹਮਣੇ ਰਖ ਦਿੱਤੇ। ਇਕ ਮੱਘ ਆਪਣੇ ਹੱਥ ਵਿੱਚ ਫੜ ਕੇ ਖੜਾ ਖੜਾ ਹੀ ਪੀਣ ਲੱਗ ਪਿਆ। ਜਿਉਂ ਜਿਉਂ ਉਹ ਚਾਹ ਪੀਂਦਾ ਗਿਆ ਉਸ ਦਾ ਤਾੜੀ ਦਾ ਨਸ਼ਾ ਖੁਰਦਾ ਗਿਆ।

ਹਨੇਰਾ ਹੋ ਰਿਹਾ ਸੀ। ਠਾਕਰ ਸਿੰਘ ਨੇ ਕਿਹਾ—"ਨੱਥਾ ਸਿਹਾਂ। ਜੇ ਤੂੰ ਤੜਕੇ ਤੜਕੇ ਸਿਆਮ ਦੀ ਹੱਦ ਟਪਾ ਦਏਂ ਤਾਂ ਬੜੀ ਚੰਗੀ ਗੱਲ ਐ।"

"ਅਈਥੇ ਰਹਿ ਜਾਓ। ਬੜੇ ਕੰਮ ਐ ਅਈਥੇ।"

"ਨਹੀਂ ! ਅਸਾਂ ਸੋਨੇ ਆਲੀਆਂ ਕਾਨਾਂ 'ਚ ਕੰਮ ਕਰਨ ਜਾਣੈ।"

"ਮੈਂ ਵੀ ਚਲ੍ਹੂੰ ਕਹਿਕੇ ਉਹ ਚੁਪ ਹੋ ਗਿਆ। ਫਿਰ ਉਸ ਨੇ ਕਿਹਾ—"ਸ੍ਹੂਦ ਸਾਰਾ ਮਾਰਿਆ ਜਾਊ। ਤੁਸੀਂ ਚਲੋ ਮੇਰੀ ਥਾਂ ਬਣਾਇਓ। ਮੈਂ ਵੀ ਆ ਜਾਊਂ ਕਿਸੇ ਦਿਨ।" ਮੈਂ ਤਾਂ ਸੈਕਲ ਲੈਣ ਨੂੰ ਫਿਰਦਾਂ। ਗੱਡੀ ਗੁੱਡੀ ਤੇ ਨਹੀ ਚੜ੍ਹਨਾ। ਡਾਂਡੇ ਮੀਢੇ ਲੰਘ ਜਾਊਂ।"

"ਫੇਰ ਤਾਂ ਤੈਂਨੂੰ ਸਾਰੇ ਰਾਹਾਂ ਦਾ ਪਤਾ ਹੋਣੈ ।"

"ਆਪਣਾ ਯਾਰ ਐ ਇੱਕ ਪਠਾਣ ਉਹ ਸਭ ਜਾਣਦੈ ਠੇਕੇਦਾਰੀ ਕਰਦੈ । ਉਹਦਾ ਨਾਂ ਭਲਾ ਜਿਹਾ ਐ । ਹਾਂ ਸੱਚ, ਅਮਾਨੇ ਉਲਾ ਐ । ਜੇ ਉਹਨੇ ਤਾੜੀ ਪੀਣੀ ਹੋਵੇ ਤਾਂ ਮੇਰੇ ਆ ਜਾਂਦੈ । ਉਹਦੀ ਪਠਾਣੀ ਉਹਦੇ ਵਰਗੀ ਈ ਲੰਮੀ ਚੌੜੀ ਐ । ਉਹਤੋਂ ਡਰਦਾ ਘਰ ਨਹੀਂ ਪੀਂਦਾ।

ਭਾਈ ਸਾਹਬ ਤੇ ਠਾਕਰ ਸਿੰਘ ਸਮਝ ਗਏ ਕਿ ਉਹ ਉਸੇ ਪਠਾਣ ਦੀ ਗੱਲ ਕਰਦਾ ਹੈ ਜੋ ਉਨ੍ਹਾਂ ਨੂੰ ਰਾਹ ਵਿੱਚ ਮਿਲਿਆ ਸੀ। ਕਿਉਂਕਿ ਉਸ ਨੇ ਉਨ੍ਹਾਂ ਨੂੰ ਦੱਸ ਹੀ ਦਿੱਤਾ ਸੀ ਕਿ ਉਹ ਇੱਕੋ ਇੱਕ ਪਠਾਣ ਹੈ ਜਿਸ ਦਾ ਟੱਬਰ ਉਸ ਦੇ ਨਾਲ ਉੱਥੇ ਰਹਿੰਦਾ ਐ ।

"ਉਹ ਕਿਹੋ ਜਿਹਾ ਬੰਦਾ ਐ ? ਠਾਕਰ ਸਿੰਘ ਨੇ ਪੁੱਛਿਆ । ਸੱਜੇ ਹੱਥ ਦਾ ਅੰਗਠਾ ਖੜਾ ਕਰ ਕੇ ਨੱਥਾ ਸਿੰਘ ਨੇ ਉੱਤਰ ਦਿੱਤਾ—"ਨਰ ਐ ਨਰ। ਯਾਰਾਂ ਦਾ ਯਾਰ । ਇੱਕ ਰਾਤੀਂ, ਦੋ ਫੌਜੀ-ਗੋਰੇ ਨਸ਼ੇ 'ਚ ਚੂਰ ਹੋਏ, ਉਹਦਾ ਬੂਹਾ ਭੰਨਣ ਲੱਗ ਪਏ । ਉਹਨੇ ਧੌਲਾਂ ਮਾਰ ਮਾਰ ਕੇ ਨੱਠਾ ਦਿੱਤੇ । ਹੁਣ ਸਿਆਮ ਦੀ ਹੱਦ ਟੱਪ ਕੇ ਚੀਨਿਆਂ ਤੋਂ ਪਿਸਤੌਲ ਖਰੀਦ ਲਿਆਇਐ । ਗੋਲੀਆਂ ਭਰ ਕੇ ਰਖਦੈ ।"

"ਫੇਰ ਉਹਨੂੰ ਤਾਂ ਸਾਰੇ ਰਾਹਾਂ ਦਾ ਪਤਾ ਹੋਣੈਂ ?"

"ਹੋਰ ਕੀ ! ਉਹ ਤਾਂ ਚੱਪਾ ਚੱਪਾ ਜਾਣਦੈ ।"

ਠਾਕਰ ਸਿੰਘ ਨੇ ਭਾਈ ਸਾਹਬ ਵੱਲ ਤੱਕਿਆ । ਉਨ੍ਹਾਂ ਅੱਗੋਂ 'ਹਾਂ' ਵਿੱਚ ਸਿਰ ਹਿਲਾ ਦਿੱਤਾ ।

"ਜੇ ਉਹ ਡਾਲੇ ਮੰਗੇ ਤਾਂ ਦੇ ਦਿਆਂਗੇ ।"

"ਮੈਂ ਉਹਦੇ ਮੂੰਹ 'ਚ ਸੂਰ ਨਾਂਹ ਦਉਂ ।"

ਉਹਦੀ ਗੱਲ ਸੁਣ ਕੇ ਠਾਕਰ ਸਿੰਘ ਨੇ ਸਲਾਹ ਦਿੱਤੀ—"ਨੱਥਾ ਸਿਹਾਂ ! ਫੇਰ ਕਰ ਉਸ ਦੇ ਨਾਲ ਗੱਲ । ਸਾਨੂੰ ਤੜਕੇ ਤੜਕੇ ਹੱਦ ਟਪਾ ਦਏ । ਅਸੀਂ ਤੇਰਾ ਤੇ ਉਹਦਾ ਹਸਾਨ ਨਹੀਂ ਭੁੱਲਣ ਲਗੇ ।"

ਨੱਥਾ ਸਿੰਘ ਨੇ ਸੋਚਿਆ ਕਿ ਨਾਲੇ ਤਾੜੀ ਦੇ ਦੋ ਗਲਾਸ ਹੋਰ ਮਾਰ ਆਵੇਗਾ ਤੇ ਨਾਲੇ ਅਮਾਨ ਉਲੇ ਨਾਲ ਗੱਲ ਕਰ ਲਵੇਗਾ । ਉਸ ਨੇ ਢਿੱਲੀ ਹੋਈ ਪੱਗ ਖੋਲ੍ਹ ਕੇ ਬੱਧੀ ਤੇ ਬਾਹਰ ਨਿਕਲ ਤੁਰਿਆ ।

ਸਾਨੂੰ ਤੜਕੇ ਹੀ ਨਿਕਲ ਚਲਣਾ ਚਾਹੀਦਾ ਹੈ ।"

"ਸਿੰਘ ਸਾਹਿਬ ! ਜੇ ਪਠਾਣ ਮੰਨ ਜਾਏ ਤਾਂ ਹੀ ਐ ।"

"ਅਸੀਂ ਨੱਥਾ ਸਿੰਘ ਨੂੰ ਵੀ ਕਹੀਏ ਕਿ ਸਾਡੇ ਨਾਲ ਜਾ ਕੇ, ਆਪ ਹੱਦ ਟਪਾ ਕੇ ਆਵੇ । ਇਕੱਲੇ ਪਠਾਣ ਨਾਲ ਨਾਂਹ ਜਾਈਏ ।"

"ਠੀਕ ਐ ।"

੨੨

ਨੱਥਾ ਸਿੰਘ ਨੇ ਅਮਾਨ ਉਲ੍ਹਾ ਦਾ ਬੂਹਾ ਜਾ ਖੜਕਾਇਆ । ਉਹ ਲੇਟ ਜਾਣ ਦੀਆਂ

ਤਿਆਰੀਆਂ ਕਰ ਰਿਹਾ ਸੀ। ਜਦ ਦੂਜੀ ਵਾਰੀ ਬੂਹਾ ਖੜਕਿਆ ਤਾਂ ਉਸ ਨੇ ਅੰਦਰੋਂ ਝੀਤਾਂ ਵਿੱਚੋਂ ਵੇਖ ਕੇ, ਥੋੜ੍ਹਾ ਜਿਹਾ ਬੂਹਾ ਖੋਲ੍ਹ ਕੇ, ਬਾਹਰ ਵੱਲ ਵੇਖਿਆ। ਉਹ ਸਿਰੋਂ ਨੰਗਾ ਸੀ। ਗੱਲ ਉਸ ਦੇ ਲੰਮਾ ਜਿਹਾ ਕੁੜਤਾ ਤੇ ਲਕ ਤਹਿਮਤ। ਉਸ ਨੇ ਕੰਧ ਨਾਲ ਲੱਗ ਕੇ ਖਲੋਤੇ ਨੱਥਾ ਸਿੰਘ ਨੂੰ ਵੇਖ ਕੇ, ਸੱਜੇ ਹੱਥ ਵਿੱਚ ਫੜਿਆ ਹੋਇਆ ਪਿਸਤੌਲ ਆਪਣੀ ਡੱਬ ਵਿੱਚ ਰੱਖਦਿਆਂ ਪੁੱਛਿਆ—"ਨੱਥਾ! ਕਿਆ ਬਾਤ ਹੈ? ਨਸ਼ੇ ਮੇਂ ਹੈ। ਤਾੜੀ ਬਹੁਤ ਪੀ ਲੀਆ। ਜਾਹ। ਘਰ ਜਾਹ। ਸੁਭਾ ਮਿਲੇਗਾ।"

"ਨਹੀਂ ਖਾਨ! ਤੂੰ ਬਾਹਰ ਆ। ਮੈਂ ਤੇਰੇ ਨਾਲ ਬੜੀ ਜ਼ਰੂਰੀ ਗੱਲ ਕਰਨੀ ਆਂ।"

"ਸੁਭਾ ਕਰੇਗਾ।"

"ਨਹੀਂ ਤੂੰ ਹੁਣੇ ਬਾਹਰ ਆ।"

"ਕਿਆ ਮਦਤ ਮਾਂਗਤਾ। ਕਿਸੀ ਸੇ ਲੜਾਈ ਝਗੜਾ ਹੋ ਗਿਆ?"

"ਨਹੀਂ ਖਾਨ, ਨਹੀਂ। ਮੈਨੂੰ ਅੰਦਰ ਆ ਲੈਣ ਦੇਹ।"

ਅਮਾਨ ਉਲਾ ਕਦੇ ਕਿਸੇ ਦੋਸਤ ਨੂੰ ਆਪਣੇ ਘਰ ਨਹੀਂ ਸੀ ਲਿਆਉਂਦਾ। ਉਸ ਦੀ ਔਰਤ ਪਰਦਾ ਕਰਦੀ ਸੀ। ਉਸ ਨੇ ਜ਼ਰਾ ਖਹੁਰੀ ਅਵਾਜ਼ ਵਿਚ ਕਿਹਾ—ਨੱਥੇ ਕਾ ਤੁਖਮ। ਤੁਮ ਹਮਾਰੇ ਘਰ ਕੈਸੇ ਆਏਗਾ। ਜਾਹ ਭਾਗ ਜਾਹ। ਸੁਭਾ ਮਿਲੇਗਾ।"

ਨੱਥਾ ਸਿੰਘ ਨੇ ਉਸ ਦੀ ਬਾਂਹ ਫੜ ਲਈ ਤੇ ਤਰਲੇ ਨਾਲ ਕਿਹਾ—"ਖਾਨ! ਬਹੁਤ ਜ਼ਰੂਰੀ ਕੰਮ ਐ। ਤੂੰ ਮੇਰੇ ਘਰ ਚਲ।"

ਅਮਾਨ ਉਲਾ ਜਾਣਾ ਨਹੀਂ ਸੀ ਚਾਹੁੰਦਾ ਪਰ ਮਜਬੂਰ ਹੋ ਕੇ ਉਸ ਦੇ ਨਾਲ ਜਾਣ ਲਈ ਤਿਆਰ ਹੋ ਪਿਆ। ਸੋਚਣ ਲੱਗਾ ਕਿ ਤਾੜੀ ਦੇ ਦੋ ਗਲਾਸ ਵੀ ਪੀ ਆਵੇਗਾ।

ਭਾਈ ਸਾਹਬ ਤੇ ਠਾਕਰ ਸਿੰਘ ਨੂੰ ਨੱਥਾ ਸਿੰਘ ਦੇ ਘਰ ਦੇਖ ਕੇ ਅਮਾਨ ਉਲਾ ਕੁੱਝ ਹਰਾਨ ਜਿਹਾ ਹੋ ਗਿਆ। ਉਹ ਠਠੰਬਰ ਕੇ ਖਲੋ ਗਿਆ। ਕੁੱਝ ਸੋਚਦਿਆ ਸੋਚਦਿਆਂ ਉਨ੍ਹਾਂ ਨਾਲ ਹੱਥ ਮਿਲਾ ਕੇ ਮੰਜੀ ਉੱਤੇ ਬੈਠ ਗਿਆ। ਨੱਥਾ ਸਿੰਘ ਨੇ ਕਿਹਾ—"ਖਾਨ ਸਾਹਿਬ! ਇਹ ਮੇਰੇ ਦੋਸਤ ਐ। ਇਹਨਾਂ ਨੂੰ ਹੱਦ ਟਪਾਣੀ ਐ ਸਵੇਰੇ ਸਵੇਰੇ। ਮੈਂ ਵੀ ਨਾਲ ਚਲੂੰ।"

ਅਮਾਨ ਉਲਾ ਕਦੇ ਠਾਕਰ ਸਿੰਘ ਵੱਲ ਵੇਖਦਾ ਤੇ ਕਦੇ ਭਾਈ ਸਾਹਬ ਵੱਲ। ਨੱਥਾ ਸਿੰਘ ਫਿਰ ਬੋਲ ਪਿਆ—"ਮੈਂ ਇਹਨਾਂ ਨੂੰ ਕਿਹੈ, ਏਥੇ ਈ ਕੰਮ ਕਰ ਲਓ। ਇਹ ਨਹੀਂ ਮੰਨਦੇ। ਕਹਿੰਦੇ ਐ, ਸੋਨੇ ਦੀਆਂ ਕਾਨਾਂ 'ਚ ਕੰਮ ਕਰਨੈ। ਤੂੰ ਇਹਨਾਂ ਨੂੰ ਹਨੇਰੇ ਹਨੇਰੇ ਹੱਦ ਟਪਾਅ ਦੇਹ।"

ਅਮਾਨ ਉਲਾ ਨੇ ਭਾਈ ਸਾਹਬ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਭਰਵੀਂ ਅਵਾਜ਼ ਵਿੱਚ ਕਿਹਾ—"ਸੀਖ ਲੋਗ ਬਹੁਤ ਖਤਰਨਾਕ ਹੈ। ਜਬ ਹਮ ਤੁਮ ਕੋ ਦੇਖਾ ਹਮ ਅਪਨੇ ਦਿਲ ਮੇ ਬੋਲਾ ਯਹ ਬਹੁਤ ਬੜਾ ਆਦਮੀ ਹੈ। ਬਹੁਤ ਆਲਮ ਮਾਲੂਮ ਹੋਤਾ ਹੈ। ਹਮ ਸੇ ਛੁਪਾਤਾ ਹੈ। ਫੌਜ ਕੋ ਬਿਗਾੜਨੇ ਵਾਲਾ ਸੀਖ ਹੈ। ਹਮ ਭੀ ਜ਼ਮਾਨਾ ਦੇਖਾ ਹੈ। ਚਾਲ ਦੇਖ ਕੇ ਪਹਿਚਾਨ ਲੇਤਾ ਹੈ।" ਕਹਿੰਦਿਆਂ ਉਸ ਨੇ ਚੌਹੀਂ ਪਾਸੀਂ ਨਜ਼ਰ ਮਾਰੀ।

ਭਾਈ ਸਾਹਬ ਤੇ ਠਾਕਰ ਸਿੰਘ ਅਮਾਨ ਉਲਾ ਦੀਆਂ ਗੱਲਾਂ ਸੁਣ ਕੇ ਹਰਾਨ ਹੋ ਗਏ। ਉਨ੍ਹਾਂ ਦੇ ਮਨ ਵਿੱਚ ਕੁੱਝ ਤੌਖਲਾ ਉੱਠ ਆਇਆ। ਠਾਕਰ ਸਿੰਘ ਆਪਣੇ ਥੈਲੇ ਵਿੱਚ ਪਏ

ਪਿਸਤੌਲ ਨੂੰ ਟੋਹਣ ਲੱਗ ਪਿਆ। ਨੱਥਾ ਸਿੰਘ ਨੂੰ ਅਮਾਨ ਉਲਾ ਦੀ ਕੋਈ ਗੱਲ ਸਮਝ ਨਹੀਂ ਸੀ ਆ ਰਹੀ। ਅਮਾਨ ਉਲਾ ਬੋਲ ਪਿਆ—"ਹਮ ਪਠਾਨ ਹੈ। ਹਰਾਮ ਤੁਖਮ ਨਹੀਂ ਹੈ। ਹਮਾਰਾ ਬੀਬੀ ਬੱਚਾ ਹੈ। ਡਰ ਕੇ ਰਹਿਤਾ ਹੈ। ਅਪਨਾ ਮੁਲਕ ਹੋ ਤੋ ਔਰ ਬਾਤ ਹੈ। ਹਮ ਸੀਖ ਲੋਗ ਕੇ ਸਾਥ ਹੈ। ਸੀਖ ਬਹਾਦੁਰ ਹੈ। ਹਮ ਤੋ ਵਰਨੇ ਕੁਛ ਨਹੀਂ ਸਕਤਾ।" ਬਾਹਰ ਕੁੱਝ ਖੜਾਕ ਹੋਇਆ। ਸਭ ਦਾ ਧਿਆਨ ਉਸ ਪਾਸੇ ਹੋ ਗਿਆ। ਨੱਥਾ ਸਿੰਘ ਨੇ ਬੂਹਾ ਖੋਲ੍ਹ ਕੇ ਬਾਹਰ ਤਕਿਆ। ਇਕ ਮੁੰਡਾ ਲੰਘਦਾ ਲੰਘਦਾ ਉਸ ਦੇ ਬੂਹੇ ਨੂੰ ਧੱਕਾ ਮਾਰ ਗਿਆ ਸੀ। ਉਸ ਨੇ ਮੁੜ ਕੇ ਅਮਾਨ ਉਲਾ ਦੇ ਕੋਲ ਖਲੋਂਦਿਆਂ ਕਿਹਾ—"ਖਾਨ, ਹਨੇਰੇ ਹਨੇਰੇ ਆ ਜਾਟੀਂ। ਇਨ੍ਹਾਂ ਨੂੰ ਹੱਦ ਟਪਾਅ ਆਈਏ।"

"ਜਬ ਆਪ ਲੋਗ ਮਿਲਾ, ਹਮ ਘਰ ਪਹੁੰਚਾ। ਵੁਹ ਹਰਾਮ ਤੁਖਮ, ਮੇਰੀ ਬੇਗਮ ਕਾ ਭਾਈ—ਗਫੂਰ ਆਗੇ ਘਰ ਬੈਠਾ ਥਾ। ਹਮ ਕੋ ਪੱਕਾ ਯਕੀਨ ਹੋ ਗਿਆ ਕਿ ਵੁਹ ਖਰ-ਤੁਖਮ ਤੁਮਾਰੇ ਪੀਛੇ ਲਗਾ ਹੋਗਾ। ਤੁਮ ਲੋਗ ਫੌਜ ਕੋ ਬਿਗਾੜ ਕੇ ਆਇਆ ਹੋਗਾ। ਅਬੀ ਗੋਰਾ—ਬਾਰਕ ਮੇਂ ਗਿਆ ਹੂਆ ਹੈ। ਕਹਿਤਾ ਥਾ ਰਾਤ ਕੋ ਵਹੀਂ ਰਹੇਗਾ। ਔਰ ਸੁਭਾ ਨਾਸ਼ਤਾ ਹਮਾਰੇ ਘਰ ਕਰੇਗਾ। ਸਰਦਾਰ! ਤੁਮ ਬਹੁਤ ਖਤਰਨਾਕ ਲੋਕ ਹੈ। ਹਮਾਰਾ ਦਿਲ ਤੁਮਾਰੇ ਸਾਥ ਹੈ ਲੇਕਿਨ ਸਾਲਾ ਗਫੂਰ...।" ਕਹਿ ਕੇ ਉਹ ਚੁੱਪ ਹੋ ਗਿਆ।

ਮੌਕਾ ਤਾੜ ਕੇ ਭਾਈ ਸਾਹਬ ਨੇ ਕਿਹਾ—"ਖਾਨ ਸਾਹਬ! ਪਠਾਨ ਦੀ ਕੌਮ ਬਹੁਤ ਬਹਾਦਰ ਕੌਮ ਹੈ। ਆਪ ਲੋਗ ਕੌਮ ਪ੍ਰਸਤ ਹੈ।"

ਅਮਾਨ ਉਲਾ ਦੇ ਚਿਹਰੇ ਉੱਤੇ ਖੁਸ਼ੀ ਆ ਗਈ। ਜਗ ਰਹੀ ਲਾਲਟੈਮ ਭੱਪ ਭੱਪ ਕਰ ਕੇ ਬੁੱਝ ਗਈ। ਨੱਥਾ ਸਿੰਘ ਜਗਾਉਣ ਲੱਗਾ ਤਾਂ ਅਮਾਨ ਉਲਾ ਨੇ ਕਿਹਾ—'ਸਰਦਾਰ! ਮੱਤ ਜਲਾ।" ਉਸ ਨੇ ਉਠ ਕੇ ਭਾਈ ਸਾਹਬ ਦੇ ਕੋਲ ਬਹਿੰਦਿਆਂ ਉਨ੍ਹਾਂ ਦੀ ਸੱਜੀ ਬਾਂਹ ਫੜ ਕੇ ਦੱਸਿਆ—"ਵੁਹ ਸਾਲਾ ਗਫੂਰ ਏਕ ਔਰ ਹਰਾਮ-ਤੁਖਮ ਕੋ ਸਾਥ ਲਾਇਆ ਹੈ। ਵੁਹ ਭੀ ਜਰੂਰ "ਮਾਤਾ-ਗਲਾਫ" ਹੋਗਾ। ਵੁਹ ਸੀਖ ਹੈ ਪਰ ਉਸ ਕਾ ਦਾੜ੍ਹੀ ਆਧਾ ਆਧਾ ਹੈ। ਵੁਹ ਸਾਲਾ ਕਲ ਸ਼ਾਮ ਕਪੜਾ ਵਾਲੀ ਦੁਕਾਨ ਪਰ ਬੈਠਾ ਰਹਾ। ਅਬ ਹਮ ਕੋ ਸਭ ਬਾਤ ਮਾਲੂਮ ਹੋ ਗਿਆ। ਗਫੂਰ ਔਰ ਵੁਹ ਆਪ ਕੇ ਪੀਛੇ ਲਗਾ ਹੈ। ਤੁਮ ਲੋਕ ਸਿਆਮ ਕੋ ਭਾਗਤਾ ਹੈ।" ਉਸ ਨੇ ਉਠ ਕੇ ਆਕੜ ਭੰਨਦਿਆਂ ਕਿਹਾ—"ਹਮ ਅਲੱਲਸੁਬਾ ਆ ਜਾਏਗਾ। ਹਮ ਕਿਸੀ ਸੇ ਡਰਨੇ ਵਾਲਾ ਨਹੀਂ ਹੈ। ਪਠਾਨ ਕਾ ਬੇਟਾ ਹੈ। ਹਮਾਰਾ ਵਾਲਦ ਸਾਹਿਬ ਭੀ ਗੋਰਾ ਲੋਗ ਕੋ ਗਾਲੀ ਨਕਾਲਤਾ ਥਾ।" ਕਹਿ ਕੇ ਉਹ ਬਾਹਰ ਵੱਲ ਤੁਰ ਪਿਆ। ਨੱਥਾ ਸਿੰਘ ਨੂੰ, ਭਾਈ ਸਾਹਬ ਤੇ ਠਾਕਰ ਸਿੰਘ ਤੋਂ ਡਰ ਲੱਗਣ ਲੱਗ ਪਿਆ। ਉਹ ਵੀ ਅਮਾਨ ਉਲਾ ਦੇ ਨਾਲ ਹੀ ਬਾਹਰ ਨਿਕਲ ਤੁਰਿਆ—ਬਾਹਰ ਨਿਕਲਦਿਆਂ ਹੀ ਅਮਾਨ ਉਲਾ ਨੇ ਨੱਥਾ ਸਿੰਘ ਦਾ ਸੱਜਾ ਡੌਲਾ ਘੁਟਦਿਆਂ ਕਿਹਾ—"ਚਲ ਨੱਥੇ ਸਰਦਾਰ! ਅਬ ਤਾੜੀ ਕੇ ਦੋ ਗਲਾਸ ਪਿਲਾ ਦੇ। ਬੇਗਮ ਤੋ ਸੋ ਗਈ ਹੋਗੀ।"

ਅਮਾਨ ਉਲਾ ਤੇ ਠਾਕਰ ਸਿੰਘ ਬਾਹਰ ਨਿਕਲੇ ਹੀ ਸਨ ਕਿ ਭਾਈ ਸਾਹਬ ਨੇ ਕਿਹਾ —
"ਛੇਤੀ ਸੌਂ ਜਾਈਏ । ਤੜਕੇ ਉਠਣਾ ਹੋਵੇਗਾ ।"

"ਨੱਥਾ ਸਿਹੁੰ ਪਤਾ ਨਹੀਂ ਕਦੋਂ ਮੁੜੇ ?

"ਉਹ ਬਾਹਰੋਂ ਜੰਦਾ ਮਾਰ ਗਿਆ ਹੈ । ਜਦ ਜੀਅ ਚਾਹੇਗਾ ਆ ਜਾਏਗਾ ।" ਭਾਈ ਸਾਹਿਬ ਲੇਟ ਗਏ । ਠਾਕਰ ਸਿੰਘ ਲੇਟਦਾ ਹੀ ਸੌਂ ਗਿਆ । ਉਹ ਘੁਰਾੜੇ ਮਾਰ ਰਿਹਾ ਸੀ । ਭਾਈ ਸਾਹਬ ਨੂੰ ਨੀਂਦ ਨਹੀਂ ਸੀ ਆ ਰਹੀ । ਉਹ ਉੱਠ ਕੇ ਬੈਠ ਗਏ । ਉਨ੍ਹਾਂ ਨੇ ਨਿੱਕੀ ਦਸਤਾਰ ਮੁੜ ਕੇ ਘੁੱਟ ਕੇ ਬੱਧੀ ਤੇ ਮੁੜ ਕੇ ਲੇਟ ਗਏ । ਲੰਮੇ ਪੈਂਦਿਆਂ ਹੀ ਉਨ੍ਹਾਂ ਦਾ ਧਿਆਨ ਕਰਤਾਰ ਕੌਰ ਤੇ ਬੱਚਿਆਂ ਵੱਲ ਚਲਾ ਗਿਆ । ਉਨ੍ਹਾਂ ਦਾ ਮਨ ਸੀ ਕਿ ਉਹ ਪੀਨਾਂਗ ਉਤਰ ਕੇ ਭਾਵੇਂ ਉਨ੍ਹਾਂ ਨੂੰ ਨਹੀਂ ਮਿਲ ਸਕਣਗੇ ਪਰ ਉਸ ਜਹਾਜ਼ ਨੂੰ ਤਾਂ ਦੂਰੋਂ ਦੂਰੋਂ ਤਕ ਸਕਣਗੇ ਜਿਸ ਉੱਤੇ ਉਨ੍ਹਾਂ ਦਾ ਪਰਵਾਰ ਤੇ ਉਨ੍ਹਾਂ ਦਾ ਜਾਨੀ ਮਿੱਤਰ ਕਰਤਾਰ ਸਿੰਘ ਨਵਾਂ ਚੰਦ ਦੇਸ ਨੂੰ ਜਾ ਰਹੇ ਸਨ ।

ਉਨ੍ਹਾ ਨੇ ਖ਼ਤਰਿਆਂ ਨੂੰ ਟਾਲਣ ਲਈ, ਮਜ਼ਬੂਰ ਹੋ ਕੇ, ਪੀਨਾਂਗ ਵਾਲੇ ਰਾਹ ਦਾ ਖਿਆਲ ਛੱਡ ਕੇ ਕੋਤਾਭਾਰੂ ਵਾਲਾ ਰਾਹ ਫੜਿਆ ਸੀ । ਉਹ ਸੋਚ ਰਹੇ ਸਨ ਕਿ ਕੀ ਉਹ ਜਹਾਜ਼ ਅਜੇ ਤੱਕ ਪੀਨਾਂਗ ਦੀ ਖਾੜੀ ਵਿੱਚ ਹੀ ਖਲੋਤਾ ਹੋਵੇਗਾ । ਉਹ ਖ਼ਿਆਲਾਂ ਹੀ ਖ਼ਿਆਲਾਂ ਵਿੱਚ ਪੀਨਾਂਗ ਪਹੁੰਚ ਗਏ । ਪੀਨਾਂਗ ਦੀ ਜੈੱਟੀ ਤੋਂ ਦੂਰ ਖਲੋ ਕੇ ਕਲਪਤ ਜਹਾਜ਼ ਨੂੰ ਤੱਕਣ ਲੱਗ ਪਏ । ਉਨ੍ਹਾਂ ਨੂੰ ਜਹਾਜ਼ ਵਿੱਚੋਂ ਹਰਿਦਿਆਲ ਸਿੰਘ ਦੇ ਰੋਣ ਦੀ ਆਵਾਜ਼ ਸੁਣਨ ਲੱਗ ਪਈ । ਉਹ "ਬਾਪੂ-ਬਾਪੂ" ਵਾਜਾਂ ਮਾਰ ਰਿਹਾ ਸੀ । ਉਨ੍ਹਾਂ ਨੇ ਖ਼ਿਆਲਾਂ ਹੀ ਖ਼ਿਆਲਾਂ ਵਿੱਚ ਹਰਿਦਿਆਲ ਸਿੰਘ ਨੂੰ ਆਪਣੀ ਛਾਤੀ ਨਾਲ ਘੁਟ ਲਿਆ । ਉਧਮ ਕੌਰ ਤੇ ਨਿਰੰਜਨ ਕੌਰ ਦੇ ਰੋਣ ਦੀਆਂ ਅਵਾਜਾਂ ਉਨ੍ਹਾਂ ਦੇ ਕੰਨਾਂ ਵਿੱਚ ਪੈਣ ਲੱਗ ਪਈਆਂ । ਉਨ੍ਹਾਂ ਨੇ ਦੋਵੇਂ ਹੱਥ ਆਪਣੇ ਕੰਨਾਂ ਉੱਤੇ ਰੱਖ ਲਏ । ਉਨ੍ਹਾਂ ਨੇ ਕਰਤਾਰ ਕੌਰ ਨੂੰ ਆਪਣੇ ਸਾਹਮਣੇ ਖਲੋਤਿਆਂ ਤਕਿਆ । ਉਹ ਕਹਿ ਰਹੀ ਸੀ — "ਦਸਮ ਪਾਤਸ਼ਾਹ ਮਿਹਰ ਕਰੀਂ ! ਮੇਰੇ ਪਤੀ ਦੇ ਸੀਸ ਉੱਤੇ ਆਪਣੀ ਮਿਹਰ ਦਾ ਹੱਥ ਰੱਖੀਂ । ਸਿੱਖੀ-ਸਿਦਕ ਕੇਸਾਂ-ਸੁਆਸਾਂ ਨਾਲ ਨਿਭਾਈਂ । ਚੜ੍ਹਦੀਆਂ ਕਲਾਂ ਰੱਖੀਂ । ਮੇਰੇ ਮਨ ਨੂੰ ਡੋਲਣ ਤੋਂ ਬਚਾਈਂ ।" ਇਹ ਖਿਆਲ ਆਉਂਦਿਆਂ ਹੀ ਭਾਈ ਸਾਹਬ ਉੱਠ ਕੇ ਬੈਠ ਗਏ । ਸੋਚਣ ਲੱਗੇ ਕਿ ਉਨ੍ਹਾਂ ਦਾ ਆਪਣਾ ਮਨ, ਆਪਣੀ ਪਤਨੀ ਤੇ ਬੱਚਿਆਂ ਦੇ ਮੋਹ ਵਿੱਚ ਕਿਉਂ ਡੋਲ ਰਿਹਾ ਹੈ । ਉਹ ਮੂੰਹ ਵਿੱਚ ਹੀ ਇਹ ਸ਼ਬਦ ਪੜ੍ਹਨ ਲਗ ਪਏ —

"ਹਮ ਅਵਗੁਣ ਭਰੇ ਏਕ ਗੁਣ ਨਾਹੀ ।
ਅੰਮ੍ਰਿਤ ਛਾਡ ਬਿਖੈ ਬਿਖ ਖਾਹੀਂ ॥
ਮਾਇਆ ਮੋਹ ਭਰਮ ਪਹਿ ਭੂਲੇ,
ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥
ਇਕ ਉੱਤਮ ਪੰਥ ਸੁਣਿਓ ਗੁਰ ਸੰਗਤ,
ਤਿਹ ਮਿਲੰਤ ਜਮ ਤਰਾਸ ਮਿਟਾਈ ॥

ਇਕ ਅਰਦਾਸ ਭਾਟ ਕੀਰਤ ਕੀ,
ਗੁਰ ਰਾਮਦਾਸ ਰਾਖਹੁ ਸਰਣਾਈ ।।

ਉਹ ਆਪਣੇ ਮਨ ਨੂੰ ਕਾਬੂ ਕਰ ਕੇ ਪਰਵਾਰ ਦੇ ਮੋਹ ਤੋਂ ਅਜ਼ਾਦ ਕਰਾਉਣ ਦਾ ਤਰਲਾ ਲੈ ਰਹੇ ਸਨ ਪਰ ਉਨ੍ਹਾਂ ਦਾ ਮਨ ਤਿਲ੍ਹਕ ਤਿਲ੍ਹਕ ਜਾ ਰਿਹਾ ਸੀ। ਉਨ੍ਹਾਂ ਨੇ ਚੌਕੜੀ ਮਾਰ ਲਈ। ਸਾਵਧਾਨ ਹੋ ਕੇ ਬੈਠ ਗਏ। ਚੰਗੀ ਭਲੀ ਬੱਧੀ ਨਿੱਕੀ ਦਸਤਾਰ ਉਨ੍ਹਾਂ ਫਿਰ ਖੋਲ੍ਹੀ। ਫਿਰ ਹੋਰ ਘੁੱਟ ਕੇ ਬੱਧੀ।

ਬੂਹੇ ਦਾ ਖੜਾਕ ਹੁੰਦਿਆਂ ਉਨ੍ਹਾਂ ਦਾ ਧਿਆਨ ਉਧਰ ਚਲਾ ਗਿਆ। ਨੱਥਾ ਸਿੰਘ ਜੰਦਰਾ ਖੋਲ੍ਹ ਰਿਹਾ ਸੀ। ਉਹ ਅੰਦਰ ਵੜਦਾ ਹੀ ਲੜਖੜਾ ਰਿਹਾ ਸੀ। ਤਾੜੀ ਦੇ ਨਸ਼ੇ ਵਿੱਚ ਉਹ ਲੜਖੜਾਂਦਾ ਮੰਜੇ ਵੱਲ ਜਾਂਦਾ ਡਿੱਗ ਪਿਆ। ਭਾਈ ਸਾਹਬ ਨੇ ਉਠ ਕੇ, ਉਸ ਨੂੰ ਉਠਾਅ ਕੇ ਸੰਭਾਲ ਕੇ ਉਸ ਦੇ ਮੰਜੇ ਉੱਤੇ ਲਿਟਾਇਆ। ਉਸ ਦੀ ਭੁੰਜੇ ਲਮਕਦੀ ਆ ਰਹੀ ਪੱਗ ਸੰਭਾਲ ਕੇ ਉਸ ਦੇ ਮੰਜੇ ਉੱਤੇ ਰੱਖੀ। ਉਹ ਮੂੰਹ ਹੀ ਮੂੰਹ ਵਿੱਚ ਕੁੱਝ ਬੁੜ ਬੁੜਾ ਰਿਹਾ ਸੀ। ਭਾਈ ਸਾਹਬ ਨੇ ਉਸ ਦੇ ਬੂਟਾਂ ਦੇ ਤਸਮੇ ਖੋਲ੍ਹ ਕੇ ਉਸ ਦੇ ਬੂਟ ਲਾਹੇ। ਹੱਥ ਧੋਤੇ। ਫਿਰ ਆਪਣੇ ਮੰਜੇ ਉੱਤੇ ਚੌਂਕੜੀ ਮਾਰ ਕੇ ਕੀਰਤਨ ਸੋਹਿਲੇ ਦਾ ਪਾਠ ਕਰਨ ਲੱਗ ਪਏ। ਠਾਕਰ ਸਿੰਘ ਖੱਬੇ ਪਾਸੇ ਤੇ ਨੱਥਾ ਸਿੰਘ ਸੱਜੇ ਪਾਸੇ ਸੁੱਤੇ ਘੁਰਾੜੇ ਮਾਰ ਰਹੇ ਸਨ।

੨੪

ਸਾਰੀ ਰਾਤ ਭਾਈ ਸਾਹਬ ਨੂੰ ਨੀਂਦ ਨਾ ਆਈ। ਕਦੇ ਲੇਟ ਜਾਂਦੇ ਰਹੇ ਤੇ ਕਦੇ ਫਿਰ ਉੱਠ ਕੇ ਬਹਿ ਜਾਂਦੇ ਰਹੇ। ਉਨ੍ਹਾਂ ਦੀ ਅੱਖ ਲੱਗੀ ਹੀ ਸੀ ਕਿ ਦਰਵਾਜ਼ਾ ਖੜਕਣ ਦੀ ਅਵਾਜ਼ ਸੁਣ ਕੇ ਉਹ ਜਾਗ ਪਏ। ਦਰਵਾਜ਼ਾ ਮੁੜ ਖੜਕਿਆ। ਭਾਈ ਸਾਹਬ ਨੇ ਠਾਕਰ ਸਿੰਘ ਨੂੰ ਹਿਲਾ ਕੇ ਜਗਾਂਦਿਆਂ ਦੱਸਿਆ—"ਦਰਵਾਜ਼ਾ ਖੜਕਦਾ ਹੈ। ਖਬਰਦਾਰ ਹੋ ਜਾਓ। ਕਿਧਰੇ ਗਫੂਰ ਨੂੰ ਪਤਾ ਹੀ ਨਾ ਲੱਗ ਗਿਆ ਹੋਵੇ ਕਿ ਅਸੀਂ ਏਥੇ ਹਾਂ।"

ਠਾਕਰ ਸਿੰਘ ਨੇ ਅਭੜਵਾਹੇ ਮੰਜੀ ਤੋਂ ਉਠਦਿਆਂ ਨੱਥਾ ਸਿੰਘ ਨੂੰ ਜਾ ਹਿਲਾਇਆ। ਨੱਥਾ ਸਿੰਘ ਊਂ ਆਂ ਕਰ ਕੇ ਪਾਸਾ ਬਦਲ ਕੇ ਲੰਮਾ ਪੈ ਗਿਆ। ਠਾਕਰ ਸਿੰਘ ਨੇ ਉਸ ਨੂੰ ਝੰਜੋੜਦਿਆਂ ਕਿਹਾ—"ਨੱਥਾ ਸਿਹਾਂ ਕੋਈ ਬੂਹਾ ਖੜਕਾ ਰਿਹੈ। ਉੱਠ ਕੇ ਵੇਖ ਕੌਣ ਐ।" ਉਹ ਅੱਖਾਂ ਮਲਦਾ ਮਲਦਾ ਬੋਲ ਪਿਆ—"ਤੂੰ ਆਪੇ ਵੇਖ ਲਾ ਕੌਣ ਐ।" ਠਾਕਰ ਸਿੰਘ ਨੇ ਝੀਤਾਂ ਥਾਣੀ ਵੇਖਿਆ। ਇੱਕ ਉੱਚਾ ਲੰਮਾ ਰਿਸ਼ਟ ਪੁਸ਼ਟ ਗੋਰਾ ਦਰਵਾਜ਼ੇ ਅੱਗੇ, ਖੜਾ ਸੀ। ਠਾਕਰ ਸਿੰਘ ਘਬਰਾ ਗਿਆ। ਉਸ ਨੇ ਭਾਈ ਸਾਹਬ ਨੂੰ ਦੱਸਿਆ—"ਖਬਰਦਾਰ ਹੋ ਜਾਉ। ਕੋਈ ਗੋਰਾ ਬੂਹਾ ਅੱਗੇ ਖੜ੍ਹਾ ਐ। ਪੁਲਸ ਦੀ ਧਾੜ ਨਹੀਂ ਦਿਸਦੀ ਪਰ ਉਹ ਕਿਧਰੇ ਪਿੱਛੇ ਲੁਕੇ ਹੋਏ ਹੋਣੇ ਐ। ਪਠਾਣ ਗਦਾਰੀ ਕਰ ਗਿਐ।" ਭਾਈ ਸਾਹਬ ਉਠ ਖਲੋਤੇ। ਠਾਕਰ ਸਿੰਘ ਨੇ ਨੱਥਾ ਸਿੰਘ ਨੂੰ ਬਾਹੋਂ ਫੜ ਕੇ ਬਿਠਾਂਦਿਆਂ ਕਿਹਾ—"ਨੱਥਾ ਸਿਹਾਂ! ਅਸੀਂ ਕੰਧ ਟੱਪ ਕੇ ਚਲੇ। ਕੋਈ ਗੋਰਾ ਬੂਹਾ ਖੜਕਾ ਰਿਹੈ। ਪੁਲਸ ਆ ਗਈ ਐ! ਤੇਰਾ ਪਠਾਣ ਗਦਾਰੀ ਕਰ ਗਿਐ।" ਉਹ ਆਪਣੇ ਥੈਲੇ ਸੰਭਾਲ ਕੇ ਖਬਰਦਾਰ ਹੋ ਕੇ ਖੜੇ ਹੋ ਗਏ।

ਨੱਥਾ ਸਿੰਘ ਘਬਰਾ ਕੇ ਦਰਵਾਜ਼ੇ ਵੱਲ ਵਧਿਆ। ਬਾਹਰੋਂ ਅਵਾਜ਼ ਆਈ—"ਖ਼ਨਜ਼ੀਰ ਨੱਥੇ ! ਬਦ-ਤੁਖਮ। ਦਰਵਾਜਾ ਕਿਉਂ ਨਹੀ ਖੋਲ੍ਹਤਾ ?"

ਭਾਈ ਸਾਹਬ ਨੇ ਸੋਚਿਆ ਕਿ ਪਠਾਣ ਅਮਾਨ ਉਲਾ, ਆਪਣੇ ਸਾਲੇ ਗਫ਼ੂਰ ਨਾਲ ਮਿਲ ਕੇ ਪੁਲਸ ਚੜ੍ਹਾ ਲਿਆਇਆ ਹੈ। ਉਨ੍ਹਾਂ ਨੇ ਗੋਲੀਆਂ ਨਾਲ ਭਰਿਆ ਰੀਵਾਲਵਰ ਆਪਣੇ ਸੱਜੇ ਹੱਥ ਵਿੱਚ ਸੰਭਾਲ ਕੇ ਦਰਵਾਜ਼ੇ ਵੱਲ ਤੱਕਿਆ। ਨੱਥਾ ਸਿੰਘ ਨੇ ਬੂਹਾ ਖੋਲ੍ਹਿਆ। ਉਹ, ਅਮਾਨ ਉਲਾ ਨੂੰ ਕੋਟ ਪਤਲੂਨ ਵਿੱਚ ਵੇਖ ਕੇ ਹਰਾਨ ਹੋ ਗਿਆ। ਅਮਾਨ ਉੱਲਾ ਨੇ ਨੱਥਾ ਸਿੰਘ ਨੂੰ ਧੱਕਾ ਮਾਰ ਕੇ ਪਿੱਛੇ ਧੱਕ ਦਿੱਤਾ। ਠਾਕਰ ਸਿੰਘ ਨੇ ਪਿਸਤੌਲ ਨੂੰ ਹੱਥ ਪਾ ਲਿਆ। ਭਾਈ ਸਾਹਬ ਨੇ ਉਸ ਦਾ ਹੱਥ ਫੜ ਲਿਆ। ਅੰਦਰ ਵੜਦਿਆਂ ਹੀ ਅਮਾਨ ਉੱਲਾ ਨੇ ਅੰਦਰੋਂ ਕੁੰਡਾ ਮਾਰ ਕੇ ਗੁੱਸੇ ਵਿੱਚ ਕਿਹਾ—"ਯਹ ਸਾਲਾ ਜਬ ਤਾੜੀ ਪੀ ਲੇਤਾ ਤੋ ਢੋਲ ਬਜਾਓ ਤਬ ਭੀ ਨਹੀਂ ਉਠਤਾ।" ਉਸ ਨੇ ਹਸਦਿਆਂ ਹਸਦਿਆਂ ਭਾਈ ਸਾਹਬ ਨੂੰ ਪੁੱਛਿਆ—"ਸਰਦਾਰ ਹਮ ਕੋਟ ਪਤਲੂਨ ਮੇਂ ਕੈਸਾ ਲਗਤਾ ? ਹਮ ਨੇ ਅਪਨੇ ਦਿਲ ਕੋ ਬੋਲਾ ਬਾਈਸਿਕਲ ਪੇ ਜਾਏਗਾ। ਸਲਵਾਰ ਫਟ ਜਾਏਗਾ। ਹਮ ਦੋ ਬਾਈਸਿਕਲ ਲਾਇਆ। ਜਲਦੀ ਕਰੋ। ਜਲਦੀ ਕਰੋ।"

ਭਾਈ ਸਾਹਬ ਨੇ ਆਪਣਾ ਰੀਵਾਲਵਰ ਪਹਿਲੋਂ ਹੀ ਝੋਲੇ ਵਿੱਚ ਪਾ ਲਿਆ ਸੀ। ਉਨ੍ਹਾਂ ਹਸਦਿਆਂ ਕਿਹਾ—"ਖਾਨ ਸਾਹਬ ! ਹਮ ਲੋਗ ਸਮਝਾ ਕਿ ਕੋਈ ਗੋਰਾ ਪੁਲਸ ਲੇ ਕੇ ਆ ਗਿਆ ਹੈ।"

"ਹਮਾਰਾ ਬੇਗਮ ਭੀ ਕਹਿਤਾ ਕਿ ਕੋਟ-ਪਤਲੂਨ ਮੇਂ ਹਮ ਅੰਗਰੇਜ ਲਗਤਾ। ਲੋਗ ਅੰਗਰੇਜ਼ ਬਨਨਾ ਚਾਹਤਾ ਹੈ। ਲੇਕਿਨ ਹਮ ਤੋ ਅੰਗਰੇਜ ਬਨਨਾ ਬੁਰਾ ਮਾਨਤਾ। ਪਠਾਨ ਕਾ ਬੇਟਾ ਹੋ ਕੇ ਅੰਗਰੇਜ਼ ਕਿਉਂ ਬਨੇਗਾ।" ਉਸ ਨੇ ਜ਼ਰਾ ਰੁੱਕ ਕੇ ਕਿਹਾ—"ਹਮ ਸੋ ਨਹੀਂ ਸਕਾ। ਪਤਾ ਨਹੀਂ ਟੈਮ ਕਿਆ ਹੂਆ।"

ਭਾਈ ਸਾਹਬ ਨੇ ਆਪਣੀ ਘੜੀ ਵੇਖ ਕੇ ਦੱਸਿਆ—"ਤਿੰਨ ਹੋਣ ਵਾਲੇ ਹਨ।"

ਨੱਥਾ ਸਿੰਘ ਤਿਆਰ ਹੋਣ ਵਿੱਚ ਦੇਰ ਲਾ ਰਿਹਾ ਸੀ। ਅਮਾਨ ਉੱਲਾ ਨੇ ਕਿਹਾ—"ਨੱਥਾ ਸਰਦਾਰ ! ਅਗਰ ਤੁਮ ਜਾਨਾ ਨਹੀਂ ਮਾਂਗਤਾਂ ਤੋ ਪਰਵਾਹ ਨਹੀਂ। ਹਮ ਅਕੇਲਾ ਚਲਾ ਜਾਏਗਾ।"

ਉਹ ਪੱਗ ਲਪੇਟਤਾ ਲਪੇਟਤਾ ਸਭ ਤੋਂ ਪਹਿਲੋਂ ਬਾਹਰ ਨਿਕਲ ਤੁਰਿਆ। ਉਹ ਤਿੱਖੇ ਤਿੱਖੇ ਕਦਮੀ ਤੁਰੇ ਜਾ ਰਹੇ ਸਨ। ਇਕ ਬਾਈਸਿਕਲ ਅਮਾਨ ਉਲਾ ਨੇ ਤੇ ਦੂਜਾ ਠਾਕਰ ਸਿੰਘ ਨੇ ਫੜਿਆ ਹੋਇਆ ਸੀ। ਉਹ ਅੱਗੇ ਅੱਗੇ ਸਨ ਤੇ ਉਨ੍ਹਾਂ ਦੇ ਪਿੱਛੇ ਪਿੱਛੇ ਭਾਈ ਸਾਹਬ ਤੇ ਨੱਥਾ ਸਿੰਘ ਜਾ ਰਹੇ ਸਨ। ਅਮਾਨ ਉਲਾ ਸਿਰੋਂ ਨੰਗਾ ਸੀ। ਉਸ ਨੇ ਆਪਣਾ ਖੱਬਾ ਹੱਥ ਸਿਰ ਉੱਤੇ ਫੇਰਦਿਆਂ ਕਿਹਾ—"ਹਮ ਅੰਗਰੇਜ਼ ਕਾ ਟੋਪੀ ਪਹਿਨਨਾ ਬੁਰਾ ਮਾਨਤਾ। ਪਤਲੂਨ ਔਰ ਕੋਟ ਕੇ ਸਾਥ ਪਗੜੀ ਪਹਿਨਨਾ ਅੱਛਾ ਨਹੀਂ ਲਗਤਾ। ਨੰਗਾ ਸਰ ਮੇਂ ਸਾਲਾ ਮੱਛਰ ਕਾਟਤਾ" ਕਹਿ ਕੇ ਉਹ ਹੱਸ ਪਿਆ।

ਕੁੱਝ ਦੇਰ ਚੁਪ ਚਾਪ ਤੁਰੇ ਜਾਂਦੇ, ਉਹ ਸਾਈਕਲਾਂ ਉੱਤੇ ਸਵਾਰ ਹੋ ਗਏ। ਭਾਈ ਸਾਹਬ, ਅਮਾਨ ਉਲਾ ਦੇ ਪਿੱਛੇ ਤੇ ਨੱਥਾ ਸਿੰਘ, ਠਾਕਰ ਸਿੰਘ ਦੇ ਪਿੱਛੇ ਬਹਿ ਗਿਆ। ਜਦ ਉਹ ਸਟੇਸ਼ਨ ਦੇ ਕੋਲੋਂ ਲੰਘ ਰਹੇ ਸਨ ਉਨ੍ਹਾਂ ਕਿਸੇ ਦੇ ਖੰਘਣ ਦੀ ਅਵਾਜ਼ ਸੁਣੀ। ਉਨ੍ਹਾਂ ਦਾ ਧਿਆਨ ਉਸ

ਪਾਸੇ ਹੋ ਗਿਆ। ਉਨ੍ਹਾਂ ਨੂੰ ਖੰਘਣ ਵਾਲਾ ਨਜ਼ਰ ਨਾ ਆਇਆ। ਉਹ ਰੇਲ ਦੀ ਪੱਟੜੀ ਉੱਤੇ ਚੜ੍ਹਨ ਲਗਿਆ ਸਾਈਕਲਾਂ ਉੱਤੋਂ ਉਤਰ ਖਲੋਤੇ। ਨਦੀ ਦਾ ਪੁਲ ਟੱਪਣ ਸਾਰ ਉਹ ਪੱਟੜੀ ਤੋਂ ਲਹਿ ਕੇ ਨਦੀ ਦੇ ਕੰਢੇ ਕੰਢੇ ਪੱਛਮ ਵੱਲ ਮੂੰਹ ਕਰ ਕੇ ਸਾਈਕਲਾਂ ਉੱਤੇ ਚੜ੍ਹ ਬੈਠੇ। ਤਿੰਨ ਚਾਰ ਮੀਲ ਉਹ ਕਦੇ ਤੁਰੇ ਜਾਂ ਦੌ ਤੇ ਕਦੇ ਸਾਈਕਲ ਸਵਾਰ ਹੁੰਦੇ ਮਲਾਯਾ-ਸਿਆਮ ਦੀ ਹੱਦ ਟੱਪ ਗਏ।

ਅਮਾਨ ਉਲਾ ਕਹਿਣ ਹੀ ਲੱਗਾ ਸੀ ਕਿ ਫੌਜੀ ਬਿਗਲ ਦੀ ਅਵਾਜ਼ ਸੁਣ ਕੇ ਉਹ ਠਠੰਬਰ ਕੇ ਰੁੱਕ ਗਿਆ। ਮੂੰਹ-ਹਨੇਰਾ ਸੀ ਪਰ ਉਹ ਇੱਕ ਦੂਜੇ ਦੇ ਚਿਹਰੇ ਪਛਾਣ ਸਕਦੇ ਸਨ। ਅਮਾਨ ਉਲਾ ਨੇ ਭਾਈ ਸਾਹਬ ਦੇ ਸਾਹਮਣੇ ਡੱਕ ਕੇ ਖਲੋਂਦਿਆਂ ਕਿਹਾ—"ਬੜਾ ਸਰਦਾਰ! ਹਮ ਤੁਮ ਕੋ ਬੜਾ ਕਰਾਮਾਤ ਵਾਲਾ ਸਰਦਾਰ ਮਾਨਤਾ। ਜਬ ਭੀ ਹਮ ਤੁਮਾਰਾ ਆਂਖ ਪੇ ਅਪਨੀ ਆਂਖ ਡਾਲਤਾ ਹਮਾਰਾ ਆਂਖ ਝੁੱਕ ਜਾਤਾ। ਤੁਮ ਕੋ ਵੇਲੀ-ਅੱਲਾ ਨੇ ਕਰਾਮਾਤ ਦੀਆ। ਹਮ ਕੋ ਭੀ ਕੋਈ ਬਖਸ਼ਿਸ਼ ਕਰੋ।"

ਭਾਈ ਸਾਹਬ ਨੇ ਅਮਾਨ ਉਲਾ ਦਾ ਮੋਢਾ ਫੜ ਲਿਆ। ਉਹ ਚੁੱਪ ਹੋ ਗਿਆ। ਉਹ ਭਰਵੀਂ ਅਵਾਜ਼ ਵਿੱਚ ਬੋਲ ਪਿਆ—"ਮੇਰੇ ਬਦਨ ਕੋ ਤੁਮ ਛੂਆ। ਹਮਾਰੇ ਬਦਨ ਮੇਂ ਬਿਜਲੀ ਫਿਰ ਗਿਆ। ਤੁਮ ਵੇਲੀ ਅੱਲਾ ਕਾ ਬੇਟਾ। ਹਮ ਕੋ ਏਕ ਬਖਸ਼ਿਸ਼ ਕਰੋ। ਤੁਮ ਅੰਗਰੇਜ਼ ਸੇ ਨਹੀਂ ਡਰਤਾ। ਹਮਾਰਾ ਦਿਲ ਸੇ ਸਾਲਾ ਅੰਗਰੇਜ਼ ਕਾ ਡਰ ਨਿਕਾਲੋ। ਬਸ ਯਹੀ ਬਖਸ਼ਿਸ਼ ਮਾਂਗਤਾ। ਹਮ ਦਿਲ ਸੇ ਤੁਮਾਰਾ ਮਦਦ ਕਰੇਗਾ। ਸ਼ੁਕਰੀਆ ਕਰੇਗਾ।" ਭਾਈ ਸਾਹਬ ਨੇ ਉਸ ਨੂੰ ਆਪਣੀ ਜੱਫੀ ਵਿੱਚ ਲੈ ਕੇ ਘੁੱਟ ਲਿਆ। ਅਮਾਨ ਦੇ ਹੱਥੋਂ ਬਾਈਸਿਕਲ ਡਿੱਗ ਪਿਆ। ਉਸ ਵਿੱਚ ਇਤਨਾ ਬੱਲ ਤੇ ਜੋਸ਼ ਆ ਗਿਆ ਕਿ ਉਸ ਦੇ ਕੋਟ ਦੇ ਬੱਧੇ ਹੋਏ ਤਿੰਨੇ ਬਟਨ ਟੁੱਟ ਕੇ ਡਿੱਗ ਪਏ। ਉਹ ਦੋਵੇਂ ਕਿੰਨੀ ਦੇਰ ਇੱਕ ਦੂਜੇ ਦੀ ਜੱਫੀ ਵਿੱਚ ਘੁਟੇ ਰਹੇ। ਬਿਗਲ ਵੱਜਣ ਦੀ ਫਿਰ ਇੱਕ ਅਵਾਜ਼ ਆਈ। ਅਮਾਨ ਉਲਾ ਨੇ ਭਾਈ ਸਾਹਬ ਦੀ ਜੱਫੀ ਵਿੱਚੋਂ ਨਿਕਲਦਿਆਂ ਜੋਸ਼ ਵਿੱਚ ਆ ਕੇ ਕਿਹਾ—"ਵੇਲੀ-ਅੱਲਾ, ਹਮ ਅੰਗਰੇਜ਼ ਸੇ ਨਹੀਂ ਡਰੇਗਾ। ਹਜ਼ਾਰ ਬਾਰ ਬਿਗਲ ਬਜਾਏ। ਹਮ ਉਸ ਕਾ ਬਿਗਲ ਨਹੀਂ ਸੁਨੇਗਾ।" ਉਸ ਨੇ ਬਾਈਸਿਕਲ ਚੁਕਦਿਆਂ ਕਿਹਾ—"ਖੁਦਾ ਹਾਫਿਜ਼। ਖੁਦਾ ਹਾਫਿਜ਼।"

ਨੱਥਾ ਸਿੰਘ ਨੇ ਭਾਈ ਸਾਹਬ ਨੂੰ ਆ ਜੱਫੀ ਪਾਈ ਤੇ ਫਿਸ ਪਿਆ—"ਮੈਂ ਤਾਂ ਤੁਹਾਨੂੰ ਮਾਮੂਲੀ "ਜਾਗੇ" ਸਮਝਿਆ ਸੀ। ਭੁਲ ਕਿਵੇਂ ਬਖਸ਼ਾਉਂ?" ਭਾਈ ਸਾਹਬ ਨੇ ਉੱਤਰ ਦਿੱਤਾ—"ਨੱਥਾ ਸਿੰਘ ਜੀ! ਜੇ ਅਸੀਂ ਅਸਲੀ ਮਾਨਿਆਂ ਵਿੱਚ "ਜਾਗੇ" ਬਣ ਜਾਈਏ। ਆਪ ਜਾਗ ਪਈਏ ਤੇ ਹੋਰਨਾਂ ਨੂੰ ਜਗਾਣ ਲੱਗ ਪਈਏ ਤਾਂ ਹੀ ਕੋਈ ਗੱਲ ਬਣ ਸਕਦੀ ਹੈ।" ਫਿਰ ਉਹ ਠਾਕਰ ਸਿੰਘ ਦੀ ਜੱਫੀ ਵਿੱਚ ਜਕੜਿਆ ਗਿਆ। ਠਾਕਰ ਸਿੰਘ ਨੇ ਉਸ ਦੀ ਪਿੱਠ ਥਾਪੜਦਿਆਂ ਕਿਹਾ—"ਨੱਥਾ ਸਿਹਾਂ ਜੇ ਸਾਡੇ ਹੋਰ ਬੰਦੇ ਔਣ ਤਾਂ ਉਹਨਾਂ ਦਾ ਵੀ ਧਿਆਨ ਰੱਖੀਂ।" ਉਸ ਨੇ ਉੱਤਰ ਦਿੱਤਾ—"ਜਰੂਰ ਰੱਖੂੰ। ਤੂੰ ਮੈਥੋਂ ਸਭ ਲੁਕੋ ਰੱਖਿਐ। ਜੇ ਮੈਨੂੰ ਦਸਦਾ ਤਾਂ ਮੇਰੀ ਖੋਪਰੀ ਵਿੱਚ ਵੀ ਕੋਈ ਗੱਲ ਪੈਂਦੀ।"

"ਨੱਥਾ ਸਿਹਾਂ ! ਖੂਹਾਂ ਨੂੰ ਖੂਹ ਨਹੀਂ ਮਿਲਦੇ । ਜੇ ਜੀਂਦੇ ਰਹੇ ਤਾਂ ਫੇਰ ਮਿਲਾਂਗੇ ।"

"ਆਹੋ, ਮੇਰੀ ਮਾਂ ਕਹਿੰਦੀ ਹੋਂਦੀ ਸੀ—ਆਸ ਨਾਲ ਜਹਾਨ ਐ ।"

ਹਨੇਰਾ ਛਿਣ ਗਿਆ ਸੀ । ਉਹ ਇੱਕ ਦੂਜੇ ਦੇ ਚਿਹਰੇ ਚੰਗੀ ਤਰ੍ਹਾਂ ਵੇਖ ਸਕਦੇ ਸਨ ਪਰ ਅਜੇ ਸੂਰਜ ਦੀ ਕਿਰਨ ਵਿਖਾਈ ਨਹੀਂ ਸੀ ਦਿੱਤੀ । ਅਮਾਨ ਉਲਾ ਨੇ ਪੁੱਛਿਆ—"ਸਰਦਾਰ ! ਟੈਮ ਕਿਆ ਹੋ ਗਿਆ ।" ਠਾਕਰ ਸਿੰਘ ਦੀ ਥਾਂ ਭਾਈ ਸਾਹਬ ਨੇ ਆਪਣੀ ਘੜ੍ਹੀ ਵੇਖ ਕੇ ਉੱਤਰ ਦਿੱਤਾ—"ਪਾਂਚ ਬਜਨੇ ਵਾਲਾ ਹੈ ।"

ਭਾਈ ਸਾਹਬ ਨੇ ਤਕਿਆ ਕਿ ਅਮਾਨ ਉਲਾ ਦੀ ਨਜ਼ਰ ਉਨ੍ਹਾਂ ਦੀ ਘੜ੍ਹੀ ਉੱਤੇ ਟਿਕੀ ਹੋਈ ਹੈ । ਉਨ੍ਹਾਂ ਆਪਣੇ ਗੁੱਟ ਨਾਲੋਂ ਘੜ੍ਹੀ ਖੋਲ੍ਹ ਕੇ ਅਮਾਨ ਉਲਾ ਦੇ ਸੱਜੇ ਗੁੱਟ ਤੇ ਬੰਨ੍ਹਦਿਆਂ ਕਿਹਾ—"ਖਾਨ ਸਾਹਿਬ !" ਉਸ ਨੇ ਅੱਗੋਂ ਘੜ੍ਹੀ ਵਾਪਸ ਕਰਦਿਆਂ ਕਿਹਾ—"ਬੜਾ ਸਰਦਾਰ ! ਵੇਲੀ ਅੱਲਾ, ਯਹ ਨਹੀਂ ਹੋਗਾ । ਹਮ ਹਰਾਮ-ਜੁਖਮ ਨਹੀਂ । ਪਠਾਣ ਕਾ ਬੇਟਾ ਹੈ ।"

ਠਾਕਰ ਸਿੰਘ ਨੇ ਅੱਗੇ ਹੋ ਕੇ ਕਿਹਾ—"ਖਾਨ ! ਅਗਰ ਹਮ ਕੋ ਯਹ ਬਖਸ਼ਿਸ਼ ਮਿਲਤਾ ਤੋਂ ਹਮ ਅਪਨੇ ਸਿਰ ਪਰ ਰੱਖ ਲੇਤਾ ।"

"ਹਮ ਭੀ ਅਪਨੇ ਸਰ ਪਰ ਰੱਖੇਗਾ ।" ਕਹਿੰਦਿਆਂ ਉਸ ਨੇ ਭਾਈ ਸਾਹਬ ਕੋਲੋਂ ਘੜ੍ਹੀ ਛੜ ਕੇ ਆਪਣੇ ਸਿਰ ਨਾਲ ਛੁਹਾ ਕੇ ਆਪਣੇ ਗੁੱਟ ਉੱਤੇ ਬੰਨ੍ਹ ਲਈ ।

੨੫

ਅਮਾਨ ਉੱਲਾ ਦੇ ਦੱਸਣ ਅਨੁਸਾਰ ਭਾਈ ਸਾਹਬ ਤੇ ਠਾਕਰ ਸਿੰਘ ਡਾਂਡੇ ਮੀਂਡੇ ਤੁਰਦੇ ਗਏ । ਉਹ ਆਮ ਰਾਹ-ਗੁਜ਼ਰੂਆਂ ਦੇ ਰਾਹੇ ਰਾਹ ਨਹੀਂ ਸਨ ਪੈਣਾ ਚਾਹੁੰਦੇ । ਫਿਰ ਵੀ ਕੋਈ ਨਾ ਕੋਈ ਸਿਆਮੀ ਰਾਹ ਗੁਜਰੂ ਦਿਸ ਪੈਂਦਾ । ਕੋਈ ਨਾ ਕੋਈ ਸਿਆਮੀ ਕਿਸਾਨ, ਖੇਤਾਂ ਵਿੱਚ ਕੰਮ ਕਰਦਾ ਨਜ਼ਰੀ ਪੈ ਜਾਂਦਾ । ਉਹ ਇਨ੍ਹਾਂ ਤੋਂ ਹਟਵੇਂ ਹਟਵੇਂ ਤੁਰਦੇ ਕਈ ਵਾਰੀ ਅਜਿਹੀ ਥਾਂ ਪਹੁੰਚ ਜਾਂਦੇ ਜਿੱਥੋਂ ਅੱਗੇ ਜਾਣ ਲਈ ਉਹਨਾਂ ਨੂੰ ਕੋਈ ਡੰਡੀ ਨਾਹ ਮਿਲਦੀ । ਉਹ ਖੇਤਾਂ ਵਿੱਚੋਂ ਲੰਘਦੇ ਲੰਘਦੇ ਹੋਰ ਪਗ-ਡੰਡੀ ਲੱਭਣ ਲੱਗ ਪੈਂਦੇ । ਕਈ ਵਾਰੀ ਉਹ ਚਿੱਕੜ ਵਿੱਚ ਖੁੱਭਣ ਦੇ ਡਰ ਤੋਂ ਪਿੱਛੇ ਮੁੜ ਕੇ ਹੋਰ ਰਾਹ ਲੱਭ ਲੈਂਦੇ । ਉਹਨਾਂ ਨੇ ਆਪਣੀ ਬਹੁਤ ਮੱਧਮ ਚਾਲ ਤੇਜ ਕਰਨ ਲਈ ਪਹਿਆ ਲੱਭਣ ਦਾ ਜਤਨ ਕੀਤਾ । ਉਹ ਇੱਕ ਪਹੇ ਉੱਤੇ ਜਾ ਚੜ੍ਹੇ ਪਰ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਉਹ ਪਹਿਆ ਸੁੰਡੇ ਪਤਾਨੀ ਵੱਲ ਜਾਂਦਾ ਹੈ ਜਾਂ ਹੋਰ ਕਿਸੇ ਪਾਸੇ ।

ਉਨ੍ਹਾਂ ਇੱਕ ਸਾਈਕਲ ਸਵਾਰ ਆਪਣੇ ਪਿਛਲੇ ਪਾਸਿਓਂ ਆਉਂਦਾ ਤਕਿਆ । ਜਦ ਉਹ ਉਨ੍ਹਾ ਦੇ ਨੇੜੇ ਢੁਕਿਆ ਤਾਂ ਠਾਕਰ ਸਿੰਘ ਨੇ ਉਸ ਨੂੰ ਹੱਥ ਦੇ ਕੇ ਖੜਾ ਕਰ ਲਿਆ । ਉਸ ਨੇ ਆਪਣੇ ਇਲਾਕੇ ਵਿੱਚ ਕਈ ਸਿੱਖ ਵੇਖੇ ਹੋਏ ਸਨ ਪਰ ਉਸ ਨੂੰ ਉਨ੍ਹਾਂ ਵਿੱਚੋਂ ਕਿਸੇ ਦੀ ਪਛਾਣ ਨਾ ਆਈ । ਉਸ ਨੇ ਸਿਆਮੀ ਵਿੱਚ ਉਨ੍ਹਾਂ ਤੋਂ ਕੁੱਝ ਪੁੱਛਿਆ । ਭਾਈ ਸਾਹਬ ਤੇ ਠਾਕਰ ਸਿੰਘ ਦੋਹਾਂ ਨੂੰ ਸਿਆਮੀ ਨਹੀਂ ਸੀ ਆਉਂਦੀ । ਭਾਈ ਸਾਹਬ ਨੇ ਕਿਹਾ—"ਸੁੰਛੇ ਗੋਲੋਕ ।" ਉਹ

ਸਮਝ ਗਿਆ ਕਿ ਉਹ ਸੁੰਡੇ ਗੋਲੋਕ ਜਾਣਾ ਚਾਹੁੰਦੇ ਹੋਣਗੇ । ਉਸ ਨੇ ਸਾਈਕਲ ਉੱਤੇ ਪਲਾਕੀ ਮਾਰਦਿਆਂ ਇਸ਼ਾਰਾ ਕੀਤਾ ਕਿ ਉਹ ਉਸ ਦੇ ਪਿੱਛੇ ਪਿੱਛੇ ਤੁਰੇ ਆਉਣ। ਉਸ ਨੇ ਮੁੜ ਕੇ ਕਿਹਾ—"ਸੁੰਡੇ ਗੋਲੋਕ ਗੁਡ।" ਉਹ ਸਮਝ ਗਏ ਕਿ ਉਹ ਕਹਿੰਦਾ ਹੈ ਕਿ ਇਹ ਰਾਹ ਸੁੰਡੇ ਗੋਲੋਕ ਨੂੰ ਹੀ ਜਾਂਦੈ । ਜਦ ਉਹ ਦੂਰ ਨਿਕਲ ਗਿਆ ਤਾਂ ਭਾਈ ਸਾਹਬ ਨੇ ਕਿਹਾ—"ਸਾਨੂੰ ਇਹ ਖਿਆਲ ਹੀ ਨਹੀਂ ਆਇਆ ਕਿ ਸ਼ਾਇਦ ਇਹ ਸਿਆਮੀ, ਅੰਗਰੇਜ਼ੀ ਵੀ ਜਾਣਦਾ ਹੋਵੇ।"

"ਕੋਈ ਨਹੀਂ ਅਸੀਂ ਠੀਕ ਹੀ ਜਾ ਰਹੇ ਹਾਂ।" ਕਹਿ ਕੇ ਉਸ ਨੇ ਦੱਸਿਆ—"ਸੁੰਡੇ ਗੋਲਕ" ਪਹੁੰਚ ਕੇ ਸਰਦਾਰ ਬਖਸ਼ੀਸ਼ ਸਿਹੁੰ ਨੂੰ ਲੱਭਣਾ ਔਖਾ ਨਹੀਂ ਹੋਣਾ। ਨੱਥਾ ਸਿਹੁੰ ਦਸਦਾ ਸੀ ਕਿ ਉਹ ਦਾੜ੍ਹਾ ਖੁਲ੍ਹਾ ਰੱਖਦਾ ਐ। ਨਾਲੇ ਛੇ ਫੁੱਟਾ ਉੱਚਾ ਲੰਮਾ ਸਰਦਾਰ ਐ। ਯਾਲੇ ਵਾਲਾ ਚੰਦਾ ਸਿਹੁੰ ਵੀ ਉਹਦੇ ਕੋਲ ਆਇਆ ਰਹਿੰਦੈ। ਸ਼ੈਦ ਉਹ ਵੀ ਓਥੇ ਈ ਮਿਲ ਪਏ।" ਉਸ ਨੂੰ ਜਾਪਿਆ ਕਿ ਭਾਈ ਸਾਹਬ ਉਸ ਦੀ ਗੱਲ ਵੱਲ ਕੋਈ ਧਿਆਨ ਨਹੀਂ ਦੇ ਰਹੇ। ਉਹ ਦੌੜ ਕੇ ਉਨ੍ਹਾਂ ਨਾਲ ਜਾ ਰਲਿਆ। ਉਸ ਨੇ ਵੇਖਿਆ ਕਿ ਉਹ ਪਾਠ ਕਰ ਰਹੇ ਸਨ। ਉਹ ਚੁੱਪ ਚਾਪ ਉਨ੍ਹਾਂ ਦੇ ਪਿੱਛੇ ਪਿੱਛੇ ਤੁਰਦਾ ਗਿਆ। ਉਹ ਅਜੇ ਕੁੱਝ ਦੂਰ ਹੀ ਗਏ ਸਨ ਕਿ ਉਨ੍ਹਾਂ ਅਗਲੇ ਪਾਸਿਓਂ ਦੋ ਸਿਆਮੀ ਪੁਲਸੀਏ ਆਉਂਦੇ ਵੇਖੇ। ਭਾਈ ਸਾਹਬ ਨੇ ਪਿੱਛੇ ਮੁੜ ਕੇ ਠਾਕਰ ਸਿੰਘ ਵੱਲ ਤੱਕਿਆ। ਠਾਕਰ ਸਿੰਘ ਨੇ ਪੁੱਛਿਆ—"ਹੁਣ ਕੀ ਕਰੀਏ ?"

"ਉਹ ਆਪਣੇ ਕਿਸੇ ਕੰਮ ਜਾ ਰਹੇ ਹੋਣਗੇ। ਲੰਘ ਜਾਣ ਦਿਓ।"

"ਜੇ ਕੋਈ ਖਤਰੇ ਵਾਲੀ ਗੱਲ ਹੋਈ ਤਾਂ ?"

"ਨਹੀਂ ! ਕੋਈ ਖਤਰਾ ਨਹੀਂ। ਤੁਰੇ ਚਲੋ ਨਿਝੱਕ।"

ਜਦ ਉਹ ਪੁਲਸੀਏ, ਉਨ੍ਹਾਂ ਕੋਲੋਂ ਲੰਘੇ ਤਾਂ ਉਨ੍ਹਾਂ ਦੋਹਾਂ ਹੱਥ ਚੁੱਕ ਕੇ ਸਲਾਮ ਕਰਦਿਆਂ ਕੁੱਝ ਕਿਹਾ। ਉਨ੍ਹਾਂ ਨੂੰ ਕੋਈ ਸਮਝ ਨਾ ਆਈ ਪਰ ਉਨ੍ਹਾਂ ਵੀ ਹੱਥ ਚੁੱਕ ਕੇ ਸਲਾਮ ਦਾ ਉੱਤਰ ਦੇ ਦਿੱਤਾ। ਉਹ ਪਿੱਛੇ ਵੇਖਦੇ ਵੇਖਦੇ ਅੱਗੇ ਤੁਰੇ ਗਏ। ਠਾਕਰ ਸਿੰਘ ਨੇ ਕਿਹਾ—"ਘੜੀ ਮੁੜੀ ਪਿੱਛੇ ਮੁੜ ਮੁੜ ਵੇਖਦੇ ਐ।"

"ਇਹ ਮਨੁੱਖੀ ਸੁਭਾ ਹੈ।" ਭਾਈ ਸਾਹਬ ਫਿਰ ਪਾਠ ਕਰਨ ਲੱਗ ਗਏ। ਕੁੱਝ ਦੂਰ ਜਾ ਕੇ ਸੁੰਡੇ ਗੋਲੋਕ ਉਨ੍ਹਾਂ ਦੀ ਨਜ਼ਰੀ ਪੈਣ ਲੱਗ ਪਿਆ। ਉਨ੍ਹਾਂ ਦੇ ਕਦਮ ਅੱਗੇ ਨਾਲੋਂ ਵੀ ਤਿੱਖੇ ਹੋ ਗਏ। ਠੰਢ ਦਾ ਮੌਸਮ ਹੁੰਦਿਆਂ ਵੀ ਉਨ੍ਹਾਂ ਨੂੰ ਮੁੜਕਾ ਆ ਰਿਹਾ ਸੀ। ਸੁੰਡੇ ਗੋਲੋਕ ਪਹੁੰਚਦਿਆਂ ਹੀ ਉਨ੍ਹਾਂ ਇੱਕ ਹਿੰਦੁਸਤਾਨੀ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਵੀ ਇਨ੍ਹਾਂ ਵੱਲ ਤਕਿਆ ਪਰ ਆਪਣਾ ਘਰ ਆ ਜਾਣ ਤੇ ਉਹ ਆਪਣੇ ਘਰ ਜਾ ਵੜਿਆ। ਉਹ ਖਿਣ ਕੁ ਉਸ ਦੇ ਘਰ ਦੇ ਸਾਹਮਣੇ ਰੁਕ ਗਏ। ਠਾਕਰ ਸਿੰਘ ਨੇ ਕਿਹਾ—"ਜਾਪਦਾ ਤਾਂ ਹਿੰਦੁਸਤਾਨੀ ਸੀ।"

ਭਾਈ ਸਾਹਬ ਨੇ ਉੱਤਰ ਦਿੱਤਾ—"ਜੇ ਕੋਈ ਸਿੰਘ ਮਿਲੇ ਤਾਂ ਹੀ ਪੱਕੀ ਪਛਾਣ ਹੋਂਦੀ ਹੈ।"

"ਗੱਲ ਤਾਂ ਤੁਹਾਡੀ ਬਿਲਕੁਲ ਠੀਕ ਐ ਪਰ ਮੈਂ ਸੋਚਿਆ ਸੀ ਕਿ ਇਸ ਪਾਸੋਂ ਬਖਸ਼ੀਸ਼ ਸਿਹੁੰ ਦਾ ਘਰ ਪੁੱਛ ਲਵਾਂਗੇ।" ਉਹ ਤੁਰਦੇ ਤੁਰਦੇ, ਕਿਸੇ ਸਿੱਖ ਨੂੰ ਲੱਭਦੇ ਲੱਭਦੇ ਰੇਲਵੇ ਸਟੇਸ਼ਨ ਵੱਲ ਜਾ ਨਿਕਲੇ। ਪਲੇਟਫਾਰਮ ਉੱਤੇ ਕਾਫੀ ਲੋਕ ਸਨ। ਉਨ੍ਹਾਂ ਅੰਦਾਜ਼ਾ ਲਾਇਆ ਕਿ ਕਿ ਕੋਈ ਗੱਡੀ ਆਉਣ ਵਾਲੀ ਹੋਵੇਗੀ। ਪਹਿਲੋਂ ਤਾਂ ਉਨ੍ਹਾਂ ਭੀੜ ਭਾੜ ਵਿੱਚ ਜਾਣਾ ਚੰਗਾ ਨਾ ਸਮਝਿਆ ਪਰ ਫਿਰ ਉਹ ਪਲੇਟਫਾਰਮ ਉੱਤੇ ਜਾ ਚੜ੍ਹੇ। ਉਨ੍ਹਾਂ ਉੱਥੇ ਇਕ ਹਿੰਦੁਸਤਾਨੀ, ਪਾਦਰੀ ਖੜਾ ਤਕਿਆ। ਭਾਈ ਸਾਹਬ ਨੇ ਉਸ ਤੋਂ ਪੁੱਛਿਆ ਕਿ ਕੀ ਆਉਣ ਵਾਲੀ ਗੱਡੀ ਯਾਲੇ ਨੂੰ ਜਾ ਰਹੀ ਹੈ ਤਾਂ ਉਸ ਨੇ "ਹਾਂ" ਵਿੱਚ ਉੱਤਰ ਦੇ ਦਿੱਤਾ। ਉਨ੍ਹਾਂ ਯਾਲੇ ਦੇ ਟਿੱਕਟ ਲੈ ਲਏ। ਗੱਡੀ ਆਉਣ ਸਾਰ ਉਹ, ਪਾਦਰੀ ਵਾਲੇ ਡੱਬੇ ਵਿੱਚ ਹੀ ਜਾ ਬੈਠੇ।

ਦੁਪਹਿਰਾਂ ਹੋ ਚੁੱਕੀਆਂ ਸਨ। ਉਨ੍ਹਾਂ ਨੂੰ ਸਖਤ ਭੁੱਖ ਲੱਗੀ ਹੋਈ ਸੀ। ਤੜਕੇ ਤੁਰਨ ਵੇਲੇ ਵੀ ਉਨ੍ਹਾਂ ਕੁੱਝ ਨਹੀਂ ਸੀ ਖਾਧਾ। ਉਹ ਪਾਦਰੀ ਨਾਲ ਗੱਲਾਂ ਕਰਨੀਆਂ ਚਾਹੁੰਦੇ ਸਨ। ਪੁੱਛਣਾ ਚਾਹੁੰਦੇ ਸਨ ਕਿ ਅਗਲੇ ਸਟੇਸ਼ਨ ਉੱਤੇ ਕੁੱਝ ਖਾਣ ਨੂੰ ਮਿਲ ਸਕੇਗਾ ਜਾਂ ਨਹੀਂ। ਪਰ ਜਦ ਵੀ ਭਾਈ ਸਾਹਬ ਜਾਂ ਠਾਕਰ ਸਿੰਘ ਉਸ ਵੱਲ ਤੱਕਦੇ ਤਾਂ ਉਹ ਅੱਖਾਂ ਨੀਵੀਆਂ ਕਰ ਲੈਂਦਾ ਤੇ ਆਪਣੇ ਦੋਹਾਂ ਹੱਥਾਂ ਵਿੱਚ ਫੜਿਆ ਅੰਗਰੇਜ਼ੀ ਅਖਬਾਰ ਪੜ੍ਹਨ ਲੱਗ ਪੈਂਦਾ।

ਜਦ ਗੱਡੀ ਮੋਰੂਬੋ ਸਟੇਸ਼ਨ ਤੇ ਰੁਕੀ ਤਾਂ ਕਈ ਮੁਸਾਫਰ ਉਤਰੇ ਤੇ ਕਈ ਉਥੋਂ ਗੱਡੀ ਉੱਤੇ ਚੜ੍ਹੇ। ਸਟੇਸ਼ਨ ਉੱਤੇ ਕੋਈ ਚੀਜ਼ ਨਹੀਂ ਸੀ ਵਿਕ ਰਹੀ। ਉਨ੍ਹਾਂ ਵੇਖਿਆ ਕਿ ਇੱਕ ਸਿੱਖ ਨੌਜਵਾਨ, ਹਿਲ ਪਈ, ਗੱਡੀ ਉੱਤੇ ਦੌੜ ਕੇ ਇੱਕ ਹੋਰ ਡੱਬੇ ਵਿੱਚ ਚੜ੍ਹਿਆ ਹੈ। ਠਾਕਰ ਸਿੰਘ ਨੇ ਕਿਹਾ—"ਜੇ ਸਿੰਘ ਸਾਡੇ ਡੱਬੇ ਵਿੱਚ ਆ ਜਾਂਦਾ ਤਾਂ ਚੰਗਾ ਸੀ।"

"ਅਗਲੇ ਸਟੇਸ਼ਨ ਉੱਤੇ ਗੱਡੀ ਖੜੀ ਹੋਵੇਗੀ ਤਾਂ ਉਸ ਨੂੰ ਲੱਭ ਲਵਾਂਗੇ। ਸ਼ਾਇਦ ਉਹ ਵੀ ਯਾਲੇ ਜਾਂਦਾ ਹੋਵੇ। ਅਗਲੇ ਸਟੇਸ਼ਨ ਦਾ ਨਾਂ ਰੂਸੋ ਹੈ। ਜਦ ਓਥੇ ਗੱਡੀ ਰੁਕੇਗੀ ਤਾਂ.....।" ਅਜੇ ਭਾਈ ਸਾਹਬ ਨੇ ਗੱਲ ਪੂਰੀ ਨਹੀਂ ਸੀ ਕੀਤੀ ਕਿ ਟਿੱਕਟਾਂ ਚੈੱਕ ਕਰਨ ਵਾਲਾ ਸਿਆਮੀ ਆ ਗਿਆ। ਉਸ ਨੇ ਇਨ੍ਹਾਂ ਤੋਂ, ਅੰਗਰੇਜ਼ੀ ਬੋਲ ਕੇ, ਟਿੱਕਟਾਂ ਮੰਗੀਆਂ। ਠਾਕਰ ਸਿੰਘ ਟਿੱਕਟਾਂ ਵਿਖਾ ਕੇ, ਕੁੱਝ ਪੁੱਛਣ ਹੀ ਲੱਗਾ ਸੀ ਕਿ ਭਾਈ ਸਾਹਬ ਨੇ ਉਸ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਉਹ ਟਿੱਕਟਾਂ ਵੇਖ ਕੇ ਅੱਗੇ ਲੰਘ ਗਿਆ।

ਜਲ ਗੱਡੀ ਰੂਸੋ ਰੁਕੀ ਤਾਂ ਉਹ ਉਸ ਡੱਬੇ ਵਿੱਚੋਂ ਉਤਰ ਕੇ ਨਾਲ ਦੇ ਡੱਬੇ ਵਿੱਚ ਜਾ ਚੜ੍ਹੇ। ਉਨ੍ਹਾਂ ਆਪਸ ਵਿੱਚ ਫਤਹ ਬੁਲਾਈ। ਤਿੰਨੇ ਇਕੱਠੇ ਬਹਿ ਗਏ। ਜਦ ਗੱਡੀ ਹਿੱਲੀ ਤਾਂ ਸਿਆਮੀ ਟਿਕਟ-ਬਾਬੂ ਉਸ ਡੱਬੇ ਵਿੱਚ ਆ ਚੜ੍ਹਿਆ। ਉਸ ਨੇ ਉਨ੍ਹਾਂ ਨੂੰ ਵੇਖ ਕੇ ਸੋਚਿਆ ਕਿ ਉਹ ਉਸ

ਡੱਬੇ ਦੇ ਮੁਸਾਫਰਾਂ ਦੇ ਟਿੱਕਟ ਚੈੱਕ ਕਰ ਚੁੱਕਾ ਹੈ। ਉਹ ਉਤਰ ਕੇ ਦੌੜ ਕੇ ਦੂਜੇ ਡੱਬੇ ਵਿੱਚ ਜਾ ਚੜ੍ਹਿਆ। ਉਸ ਨੇ ਦੱਸਿਆ ਕਿ ਉਹ ਹਟਯਾਈ ਜਾ ਰਿਹਾ ਹੈ। ਭਾਈ ਸਾਹਬ ਨੇ ਦੱਸਿਆ ਕਿ ਉਹ ਬੰਕੋਕ ਜਾਣਾ ਚਾਹੁੰਦੇ ਹਨ ਪਰ ਯਾਲੇ ਰੁਕ ਕੇ ਜਾਣਗੇ। ਉਸ ਨੇ ਪੁੱਛਿਆ—"ਤੁਸੀਂ ਭਾਈ ਚੰਦਾ ਸਿਹੁੰ ਨੂੰ ਮਿਲਣ ਜਾਣਾ ਹੋਣੈ।"

ਠਾਕਰ ਸਿੰਘ ਨੇ 'ਹਾਂ' ਵਿੱਚ ਸਿਰ ਹਿਲਾਇਆ। "ਫੇਰ ਮੈਂ ਵੀ ਭਾਈ ਹੋਰਾਂ ਨੂੰ ਮਿਲ ਕੇ ਰਾਤ ਦੀ ਗੱਡੀ 'ਤੇ ਹਟਯਾਈ ਚਲਾ ਜਾਂਗਾ।" ਕਹਿ ਕੇ ਉਸ ਨੇ ਪੁੱਛਿਆ—"ਤੁਸੀਂ ਭਾਈ ਹੋਰਾਂ ਨੂੰ ਦੇਸੋਂ ਜਾਣਦੇ ਹੋਵੋਗੇ।"

"ਨਹੀਂ! ਅਸੀਂ ਉਨ੍ਹਾਂ ਨੂੰ ਕਦੇ ਨਹੀਂ ਮਿਲੇ।"

"ਚਲੋਂ! ਮੈਂ ਤੁਹਾਡੇ ਨਾਲ ਚਲਾਂਗਾ। ਉਹ ਯਾਲਿਓਂ ਬਾਹਰ ਰਹਿੰਦੇ ਐ।"

ਭਾਈ ਸਾਹਬ ਤੇ ਠਾਕਰ ਸਿੰਘ ਨੇ ਨਾਂ ਉਸ ਦੀ ਜਾਣ ਪਛਾਣ ਪੁੱਛੀ ਤੇ ਨਾਂ ਆਪਣੀ ਜਾਣ ਪਛਾਣ ਕਰਵਾਈ। ਉਸ ਨੇ ਵੀ ਆਪਣੀ ਜਾਣ ਪਛਾਣ ਕੋਈ ਨਾ ਕਰਵਾਈ। ਠਾਕਰ ਸਿੰਘ ਨੇ ਪੁੱਛਿਆ—"ਪਿਛਲੇ ਦੋਹਾਂ ਸਟੇਸ਼ਨਾਂ ਉੱਤੇ ਖਾਣ ਪੀਣ ਨੂੰ ਕੁੱਝ ਨਹੀਂ ਮਿਲਿਆ। ਅਗਲੇ ਸਟੇਸ਼ਨ ਤੇ ਵੀ ਕੁੱਝ ਮਿਲੇਗਾ ਜਾਂ ਨਹੀਂ?"

"ਅਗਲਾ ਸਟੇਸ਼ਨ ਯਾਲਾ ਐ। ਆਪਾਂ ਓਥੇ ਉਤਰ ਜਾਣੈ। ਭਾਈ ਹੋਰਾਂ ਦੇ ਲੰਗਰ ਹਰ ਵੇਲੇ ਤਿਆਰ ਈ ਰਹਿੰਦੈ। ਉਹਨਾਂ ਦੇ ਆਇਆ ਗਿਆ ਬਹੁਤ ਰਹਿੰਦੈ।" ਉਸ ਨੇ ਦੱਸਿਆ—"ਇਹਨਾਂ ਸਟੇਸ਼ਨਾਂ ਉੱਤੇ ਨਾਰੀਅਲ ਵਿਕਦੇ ਰਹਿੰਦੇ ਐ, ਪਰ ਅੱਜ ਉਹ ਵੀ ਨਹੀਂ ਵੇਖੇ।"

"ਨਾਰੀਅਲ ਦਾ ਪਾਣੀ ਪੀ ਲਓ ਤੇ ਗਿਰੀ ਖਾ ਲਓ। ਬਸ ਸ਼ਾਂਤੀ ਹੋ ਜਾਂਦੀ ਐ।" ਕਹਿੰਦਿਆਂ ਹੀ ਠਾਕਰ ਸਿੰਘ ਸੋਚਣ ਲੱਗ ਪਿਆ ਕਿ ਯਾਲੇ ਉਤਰਦਿਆਂ ਹੀ ਉਹ ਨਾਰੀਅਲ ਖ੍ਰੀਦੇਗਾ।

ਗੱਡੀ ਰੁਕਦਿਆਂ ਹੀ ਉਹ ਉਸ ਸਿੰਘ ਦੇ ਪਿੱਛੇ ਪਿੱਛੇ ਤੁਰ ਪਏ। ਉਹ ਤਿੰਨੇ ਰੇਲ ਦੀ ਪਟੜੀ ਦੇ ਨਾਲ ਨਾਲ ਤੁਰੇ ਗਏ। ਪੰਦਰਾਂ ਕੁ ਮਿੰਟ ਤੁਰ ਕੇ ਉਹ ਪਟੜੀਓਂ ਲਥ ਕੇ ਚੰਦਾ ਸਿੰਘ ਦੇ ਵਿਹੜੇ ਵਿੱਚ ਜਾ ਪਹੁੰਚੇ। ਉਥੇ ਇੱਕ ਸ਼ਿਆਮੀ ਨੂੰ ਬੈਠਾ ਵੇਖ ਕੇ ਉਸ ਸਿੰਘ ਨੇ ਉਸ ਨਾਲ ਸਿਆਮੀ ਵਿੱਚ ਗੱਲ ਕਰਨ ਪਿੱਛੋਂ ਕਿਹਾ—"ਉਹ ਕਿਧਰੇ ਬਾਹਰ ਗਏ ਹੋਏ ਐ। ਰਾਤੀਂ ਮੁੜਨਗੇ।" ਉਸ ਨੇ ਦਰਵਾਜ਼ਾ ਟੱਪ ਕੇ ਕਿਹਾ—"ਤੁਸੀਂ ਮੂੰਹ ਹੱਥ ਧੋ ਲਵੋ। ਮੈਂ ਦਾਲ ਤੇ ਰੋਟੀਆਂ ਗਰਮ ਕਰਦਾ। ਮੈਨੂੰ ਵੀ ਬੜੀ ਭੁੱਖ ਲੱਗੀ ਐ।"

੨੬

ਚੰਦਾ ਸਿੰਘ ਦਾ ਕੱਦ ਦਰਮਿਆਨਾ, ਰੰਗ ਸਾਉਲਾ, ਜਵਾਨ-ਕਾਲੀ ਸ਼ਾਹ ਦਾੜ੍ਹੀ ਤੇ ਉਮਰ ਦਾ ਲਗਭਗ ਸਤਾਈਂ-ਅਠਾਈ ਸਾਲਾਂ ਦਾ ਲੱਗਦਾ ਸੀ। ਸਿਰ ਉੱਤੇ ਚਿੱਟੀ ਦਸਤਾਰ, ਗਲ ਲੰਮਾ ਕੋਟ, ਲੱਕ ਪਤਲੂਨ, ਪੈਰੀਂ ਕਾਲੇ ਬੂਟ ਤੇ ਹੱਥ ਵਿੱਚ ਮਾਲਾ ਫੜੀ ਹੁੰਦੀ। ਜੇ ਉਸ ਨੂੰ ਕੋਈ ਉਸ ਦਾ ਪਿੰਡ ਥਾਂ ਪੁੱਛਦਾ ਤਾਂ ਉਹ ਆਪਣਾ ਪਿੰਡ ਮੋਹੀਆਂ ਤੇ ਜ਼ਿਲ੍ਹਾ ਗੁਰਦਾਸਪੁਰ ਦੱਸਦਾ।

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਜਦੋਂ ਪੰਜਾਬੀਆਂ ਤੇ ਖ਼ਾਸ ਕਰਕੇ ਪੇਂਡੂ ਸਿੱਖਾਂ ਨੇ ਪੰਜਾਬ ਛੱਡ ਕੇ ਪਰਦੇਸਾਂ ਨੂੰ ਵਹੀਰਾਂ ਘਤੀਆਂ, ਉਨ੍ਹਾਂ ਹੀ ਦਿਨਾਂ ਵਿੱਚ ਚੰਦਾ ਸਿੰਘ ਵੀ ਗ਼ਰੀਬੀ ਤੇ ਗ਼ੁਲਾਮੀ ਤੋਂ ਤੰਗ ਆ ਕੇ ਕਲਕੱਤਿਓਂ ਜਹਾਜ਼ ਲੈ ਕੇ ਪੀਨਾਂਗ ਪਹੁੰਚ ਗਿਆ। ਕੁੱਝ ਦਿਨ ਉਹ ਪੀਨਾਂਗ ਗੁਰਦੁਆਰੇ ਵਿੱਚ ਰਿਹਾ। ਭਾਈ ਭਗਵਾਨ ਸਿੰਘ ਗ੍ਰੰਥੀ ਦੀ ਸੰਗਤ ਵਿੱਚ ਉਸਨੂੰ ਗੁਰਮੁਖੀ ਪੜ੍ਹਨ ਦਾ ਸ਼ੌਕ ਜਾਗਿਆ। ਕੁੱਝ ਦਿਨਾਂ ਵਿੱਚ ਹੀ ਉਹ ਗੁਰਮੁਖੀ ਪੜ੍ਹਨ ਲਿਖਣ ਜੋਗ ਹੋ ਗਿਆ। ਉਸ ਨੇ ਪੰਜ ਗ੍ਰੰਥੀ ਪੜ੍ਹਨੀ ਸਿੱਖੀ ਤੇ ਰਾਤ ਨੂੰ ਜਾਗਾ ਕਰਨ ਦਾ ਕੰਮ ਲੈ ਲਿਆ। ਰਾਤ ਨੂੰ ਜਾਗਾ ਕਰਦਾ। ਅੰਮ੍ਰਿਤ ਵੇਲੇ ਪੰਜ ਗ੍ਰੰਥੀ ਦਾ ਪਾਠ ਕਰਦਾ। ਜਦ ਦੁਪਹਿਰ ਪਿੱਛੋਂ ਸੁੱਤਾ ਉਠਦਾ ਤਾਂ ਇਸ਼ਨਾਨ ਕਰਕੇ ਭਾਈ ਭਗਵਾਨ ਸਿੰਘ ਕੋਲ ਜਾ ਬੈਠਦਾ। ਭਾਈ ਭਗਵਾਨ ਸਿੰਘ ਦੀਆਂ ਗੱਲਾਂ ਦਾ ਉਸ ਦੇ ਮਨ ਉੱਤੇ ਬੜਾ ਅਸਰ ਹੁੰਦਾ।

ਭਾਈ ਭਗਵਾਨ ਸਿੰਘ ਦੀ ਸੰਗਤ ਨਾਲ ਕੁੱਝ ਗੱਲਾਂ ਚੰਦਾ ਸਿੰਘ ਦੇ ਮਨ ਵਿੱਚ ਘਰ ਕਰ ਗਈਆਂ। ਪਹਿਲੀ ਕਿਰਤ ਕਰਨੀ, ਦੂਜੀ ਆਪਣੀ ਕਿਰਤ-ਕਮਾਈ ਵਿੱਚੋਂ ਵੰਡ ਕੇ ਛੱਕਣਾ ਤੇ ਤੀਜੀ ਬਾਣੀ ਪੜ੍ਹਨੀ ਨਾਮ ਜਪਣਾ। ਉਸ ਨੇ ਇਹ ਤਿੰਨੇ ਗੱਲਾਂ ਮਨ ਵਿੱਚ ਪੱਕੀਆਂ ਕਰ ਲਈਆਂ।

ਕੁੱਝ ਸਮੇਂ ਮਗਰੋਂ ਚੰਦਾ ਸਿੰਘ ਨੇ ਇਕ ਕਮਰਾ ਕਰਾਏ ਉੱਤੇ ਲੈ ਲਿਆ। ਉਹ ਕੰਮ ਤੋਂ ਹੱਟਦਾ ਹੀ ਅੰਮ੍ਰਿਤ ਵੇਲੇ ਗੁਰਦੁਆਰੇ ਪੁੱਜਦਾ। ਨਿਤਨੇਮ ਕਰਦਾ। ਭਾਈ ਭਗਵਾਨ ਸਿੰਘ ਨੂੰ ਮਿਲਦਾ ਤੇ ਸੌਣ ਲਈ ਘਰ ਨੂੰ ਤੁਰ ਪੈਂਦਾ। ਇੱਕ ਦਿਨ ਘਰ ਨੂੰ ਤੁਰੇ ਜਾਂਦੇ ਚੰਦਾ ਸਿੰਘ ਨੂੰ ਭਾਈ ਭਗਵਾਨ ਸਿੰਘ ਨੇ ਰੋਕ ਕੇ ਪੁਛਿਆ—"ਤੂੰ ਆਪਣੇ ਚੀਨੇ ਤੋਕੀ ਨਾਲ ਗੱਲ ਬਾਤ ਕਿਸ ਤਰ੍ਹਾਂ ਕਰਦੈਂ ?"

"ਮੈਨੂੰ ਚੀਨੀ ਮਲਾਈ ਨਹੀਂ ਔਂਦੀ। ਉਹਨੂੰ ਪੰਜਾਬੀ ਨਹੀਂ ਔਂਦੀ। ਬੱਸ ਇਸ਼ਾਰਿਆਂ ਨਾਲ ਈ ਗੱਲ ਸਾਰਦੇ ਆਂ" ਕਦੇ-ਕਦੇ ਮੇਰੇ ਨਾਲ ਦਾ ਜਾਗਾ, ਤੋਕੀ ਨਾਲ ਗੱਲ ਕਰਕੇ ਮੈਨੂੰ ਸਮਝਾ ਦੇਂਦੈ।

"ਚੰਦਾ ਸਿਹਾਂ ! ਤੈਨੂੰ ਮਲਾਈ ਸਿੱਖਣੀ ਪਊ।"

ਭਾਈ ਭਗਵਾਨ ਸਿੰਘ ਦੀ ਗੱਲ ਸੁਣ ਕੇ ਚੰਦਾ ਸਿੰਘ ਗੰਭੀਰ ਹੋ ਗਿਆ।

"ਅਜੇ ਤਾਂ ਮੈਂ ਬਾਣੀ ਵੀ ਅੜ-ਅੜ ਕੇ ਪੜ੍ਹਦਾਂ।"

"ਤੂੰ ਇਕ ਦੋ ਲਫ਼ਜ਼ ਰੋਜ਼ ਸਿਖਣੇ ਸ਼ੁਰੂ ਕਰ ਦੇਹ ਗੁਰਮੁਖੀ ਵਿੱਚ ਲਿਖ ਲਿਆ ਕਰ। ਇਕ ਕਾਪੀ ਖ਼ਰੀਦ ਲੈ।"

ਚੰਦਾ ਸਿੰਘ ਨੂੰ ਠਠੰਬਰਿਆ ਖਲੋਤਾ ਵੇਖ ਕੇ ਭਾਈ ਭਗਵਾਨ ਸਿੰਘ ਨੇ ਕਿਹਾ "ਅਗੋਂ ਤੇਰੀ ਮਰਜੀ ਐ। ਜੇ ਸਾਰੀ ਉਮਰ ਗੁੰਗਾ ਰਹਿਣੈ ਤਾਂ ਉਹ ਤੇਰੀ ਮਰਜ਼ੀ।"

ਉਹ ਦੋ ਤਿੰਨ ਸਾਲ ਭਾਈ ਭਗਵਾਨ ਸਿੰਘ ਦੀ ਸੰਗਤ ਵਿੱਚ ਰਹਿ ਕੇ ਸਰਲ ਬਾਣੀ ਪੜ੍ਹਨ ਲੱਗ ਪਿਆ। ਅਖ਼ਬਾਰ ਵੀ ਪੜ੍ਹ ਲੈਂਦਾ। ਮਲਾਈ ਬੋਲੀ ਵਿੱਚ ਪਰਪੱਕ ਹੋ ਗਿਆ। ਕਈ ਵਾਰੀ ਦੇਸੋਂ ਆਏ ਨਵਿਆਂ ਬੰਦਿਆਂ ਦਾ ਦੁਭਾਸ਼ੀਆ ਬਣ ਜਾਂਦਾ। ਆਮ ਲੋਕਾਂ ਵਿੱਚ ਉਸ ਦਾ ਰਸੂਖ ਪੈਦਾ ਹੋਣ ਲੱਗ ਪਿਆ।

ਇੱਕ ਦਿਨ ਭਗਵਾਨ ਸਿੰਘ ਤੇ ਚੰਦਾ ਸਿੰਘ ਦੋਵੇਂ ਸਮੁੰਦਰ ਵਿੱਚ ਨਹਾਉਣ ਲਈ ਤੁਰ ਪਏ। ਉਹ ਥੋੜ੍ਹੀ ਦੂਰ ਤਰ ਕੇ ਮੁੜ ਕੰਢੇ ਉੱਤੇ ਆ ਬਹਿੰਦੇ। ਗੱਲਾਂ ਕਰਨ ਲੱਗ ਪੈਂਦੇ। ਦੇਸ ਵਿੱਚ ਪਈ ਪਲੇਗ ਦੇ ਕਾਰਨ ਲੱਖਾਂ ਬੰਦੇ ਮਰ ਜਾਣ ਦੀ ਗੱਲ ਚਲ ਪਈ। ਭਗਵਾਨ ਸਿੰਘ ਨੇ ਕਿਹਾ "ਅੰਗਰੇਜ਼ਾਂ ਜਾਣ ਬੁੱਝ ਕੇ ਪਲੇਗ ਫਲਾਈ ਐ। ਕਾਲ ਵੀ ਅੰਗਰੇਜ਼ ਜਾਣ ਬੁੱਝ ਕੇ ਪਾਉਂਦੇ ਐ। ਚਾਹੁੰਦੇ ਐ ਕਿ ਹਿੰਦੁਸਤਾਨੀ ਸਦਾ ਭੁਖੇ ਮਰਦੇ ਰਹਿਣ ਤੇ ਸਿਰ ਨਾ ਚੁਕ ਸਕਣ।"

ਭਾਈ ਭਗਵਾਨ ਸਿੰਘ ਦੀ ਗੱਲ ਸੁਣ ਕੇ ਚੰਦਾ ਸਿੰਘ ਸੋਚਣ ਲੱਗਾ ਕਿ ਸ਼ਾਇਦ ਅੰਗਰੇਜ਼ਾਂ ਨੇ ਪਿੰਡਾਂ ਦੇ ਖੂਹਾਂ ਵਿੱਚ ਕੋਈ ਦੁਆਈ ਪਾ ਦਿੱਤੀ ਹੋਵੇ। ਉਹ ਭਗਵਾਨ ਸਿੰਘ ਦੀ ਕਹੀ ਗੱਲ ਉੱਤੇ ਸ਼ੰਕਾ ਕਰਨ ਲੱਗ ਪਿਆ। ਉਸ ਨੇ ਪੁੱਛਿਆ ! "ਅੰਗਰੇਜ਼ਾਂ ਨੇ ਜਾਣ ਬੁਝ ਕੇ ਲੋਕਾਂ ਨੂੰ ਕਿਉਂ ਮਾਰਨਾ ਸੀ ?"

ਉਸ ਦਾ ਸੁਆਲ ਸੁਣ ਕੇ ਭਗਵਾਨ ਸਿੰਘ ਰੋਹ ਵਿੱਚ ਬੋਲਿਆ—"ਫੇਰ ਤੂੰ ਦੱਸ ਇਸ ਮਾਹਮਾਰੀ ਪਲੇਗ ਨਾਲ ਕੋਈ ਇੱਕ ਵੀ ਅੰਗਰੇਜ਼ ਕਿਉਂ ਨਹੀਂ ਮਰਿਆ ?"

ਚੰਦਾ ਸਿੰਘ ਉਸ ਦੇ ਚਿਹਰੇ ਵੱਲ ਤੱਕਦਾ ਰਹਿ ਗਿਆ। ਭਾਈ ਭਗਵਾਨ ਸਿੰਘ ਨੇ ਪੁੱਛਿਆ,—"ਤੂੰ ਮੇਰੀ ਗੱਲ 'ਤੇ ਇਤਬਾਰ ਨਹੀਂ ਕਰਦਾ ਸੁਣ ਜੇ ਸਾਡਾ ਇਹੋ ਹਾਲ ਰਿਹਾ ਤਾਂ ਸਾਡਾ ਦੇਸ ਮੰਗਤਿਆਂ ਦਾ ਦੇਸ ਬਣ ਜਾਊ। ਤੂੰ ਆਪੇ ਦੱਸ ਸਾਨੂੰ ਕੀ ਲੋੜ ਐ ਪਰਦੇਸਾਂ 'ਚ ਰੁਲਣ ਦੀ। ਜੇ ਪਿੰਡ ਰਜਵੀ ਰੋਟੀ ਮਿਲੇ ਤਾਂ...।" ਭਾਈ ਭਗਵਾਨ ਸਿੰਘ ਆਪਣੀ ਗੱਲ ਪੂਰੀ ਨਾ ਕਰ ਸਕਿਆ। ਉਸ ਦਾ ਭਖਿਆ ਚਿਹਰਾ ਵੇਖ ਕੇ ਚੰਦਾ ਸਿੰਘ ਨੇ ਪੁੱਛਿਆ—"ਫੇਰ ਕੀ ਬਣੂੰ ? ਕੀ ਕਰੀਏ ?"

"ਕਰਨਾ ਕੀ ਐ। ਫਰੰਗੀਆਂ ਤੋਪਾਂ ਨਾਲ ਸਾਡਾ ਦੇਸ ਗ਼ੁਲਾਮ ਕਰ ਲਿਐ। ਜਦ ਤੱਕ ਸਾਡੀ ਆਪਣੀ ਫੌਜ ਨਹੀਂ, ਆਪਣੀਆਂ ਤੋਪਾਂ ਨਹੀਂ, ਦੇਸ ਗ਼ੁਲਾਮ ਹੀ ਰਹਿਣੈ। ਕਾਲ ਪੈਂਦੇ ਰਹਿਣਗੇ। ਲੋਕ ਮਰਦੇ ਰਹਿਣਗੇ। ਫਰੰਗੀ ਗਲਸ਼ਰ੍ਹੇ ਉਡਾਂਦੇ ਰਹਿਣਗੇ।"

ਜਦ ਚੰਦਾ ਸਿੰਘ ਰਾਤੀਂ ਪਹਿਰੇ ਉੱਤੇ ਖਲੋਤਾ ਤਾਂ ਭਾਈ ਭਗਵਾਨ ਸਿੰਘ ਦੀਆਂ ਕਹੀਆਂ ਗੱਲਾਂ ਉਸ ਦੇ ਦਿਮਾਗ਼ ਵਿੱਚ ਚੱਕਰ ਲਾਉਣ ਲੱਗ ਪਈਆਂ। ਉਹ ਪਹਿਰੇ ਉੱਤੇ ਖਲੋਤਾ ਊਂਘਣ ਲੱਗ ਪਿਆ। ਜਦ ਤੜਕੇ-ਤੜਕੇ ਗੁਰਦੁਆਰੇ ਪਹੁੰਚ ਕੇ ਇਸ਼ਨਾਨ ਕਰ ਰਿਹਾ ਸੀ ਤਾਂ ਉਸਨੂੰ ਭਾਈ ਭਗਵਾਨ ਸਿੰਘ ਦੇ ਪਾਠ ਕਰਨ ਦੀ ਆਵਾਜ਼ ਆ ਰਹੀ ਸੀ। ਉਹ ਆਪਣਾ ਨਿਤਨੇਮ ਵਿੱਚੋਂ ਛੱਡ ਕੇ ਉਸ ਦਾ ਪਾਠ ਸੁਣਨ ਲੱਗ ਪਿਆ। ਜਦ ਉਹ ਗੁਰਦੁਆਰੇ ਦੇ ਹਾਲ ਵਿੱਚ ਪਹੁੰਚ ਕੇ ਮੱਥਾ ਟੇਕ ਕੇ ਬਾਹਰ ਨਿਕਲਣ ਲੱਗਾ ਤਾਂ ਭਾਈ ਭਗਵਾਨ ਸਿੰਘ, ਮਹਾਰਾਜ ਦੀ ਤਾਬਿਆ

ਵਿੱਚੋਂ ਉਠ ਕੇ ਉਸ ਦੇ ਪਿੱਛੇ ਹੋ ਤੁਰਿਆ । ਉਹ ਦੋਵੇਂ ਪੌੜੀਆਂ ਉੱਤਰ ਰਹੇ ਸਨ । ਭਾਈ ਭਗਵਾਨ ਸਿੰਘ ਨੇ ਕਿਹਾ—"ਚੰਦਾ ਸਿਹਾਂ ! ਅੱਜ ਚਾਹ ਪੀ ਕੇ ਜਾਈਂ । ਤੇਰੇ ਨਾਲ ਗੱਲ ਕਰਨੀ ਐ ।"

ਚੰਦਾ ਸਿੰਘ ਸੋਚਣ ਲੱਗਾ ਕਿ ਭਾਈ ਨੇ ਕੀ ਗੱਲ ਕਰਨੀ ਹੋਵੇਗੀ । ਭਾਈ ਨੇ ਚਾਹ ਬਣਾਈ । ਦੋਵੇਂ ਲੰਗਰ ਵਿੱਚ ਹੀ ਬਹਿ ਕੇ ਚਾਹ ਪੀਣ ਲੱਗੇ । ਇੱਕ ਹੋਰ ਸਿੰਘ ਇਸ਼ਨਾਨ ਕਰ ਰਿਹਾ ਸੀ । ਭਾਈ ਭਗਵਾਨ ਸਿੰਘ ਨੇ ਦੱਸਿਆ—"ਚੰਦਾ ਸਿਹਾਂ ! ਮੈਂ ਹਾਂਗਕਾਂਗ ਜਾ ਰਿਹਾਂ । ਉੱਥੇ ਗ੍ਰੰਥੀ ਦੀ ਸੇਵਾ ਕਰੂੰ ਪਰ ਮੈਂ ਬਹੁਤਾ ਚਿਰ ਉਥੇ ਵੀ ਨਹੀਂ ਰਹਿਣਾ । ਅਮਰੀਕਾ ਨੂੰ ਨਿਕਲ ਜਾਣੈ ਜੇ ਮੇਰਾ ਦਾਅ ਲੱਗਿਆ ।"

"ਮੈਂ ਵੀ ਚਲੂੰ ।"

"ਨਹੀਂ ਨਹੀਂ ! ਤੂੰ ਅਜੇ ਏਥੇ ਈ ਕੰਮ ਕਰ । ਚਾਰ ਡਾਲੇ ਜੋੜ ਲੈ । ਅੰਗਰੇਜ਼ੀ ਸਿੱਖ । ਅੰਗਰੇਜ਼ੀ ਤੋਂ ਬਿਨਾਂ ਅਮਰੀਕਾ ਜਾਣਾ ਠੀਕ ਨਹੀਂ ।

ਜਦ ਉਹ ਭਾਈ ਭਗਵਾਨ ਸਿੰਘ ਨੂੰ ਹਾਂਗਕਾਂਗ ਵਾਲੇ ਜਹਾਜ਼ ਉੱਤੇ ਚੜ੍ਹਾ ਕੇ ਆਇਆ ਤਾਂ ਉਹ ਰੋਣਹਾਕਾ ਹੋ ਗਿਆ । ਉਸ ਨੇ ਸਾਰੇ ਜ਼ੋਰ ਨਾਲ ਆਪਣਾ ਰੋਣ ਰੋਕਿਆ । ਉਹ ਆਪਣੇ ਆਪ ਨੂੰ ਇਕੱਲਾ-ਇਕੱਲਾ ਮਹਿਸੂਸ ਕਰਨ ਲੱਗ ਪਿਆ । ਉਸ ਨੂੰ ਇਵੇਂ ਜਾਪਣ ਲੱਗਾ ਜਿਵੇਂ ਉਸ ਨੇ ਆਪਣਾ ਇੱਕੋ-ਇੱਕ ਮਿੱਤਰ ਤੇ ਉਸਤਾਦ ਗਵਾ ਲਿਆ ਹੋਵੇ । ਹਰ ਰੋਜ਼ ਮਨ ਹੀ ਮਨ ਵਿੱਚ ਹਾਂਗਕਾਂਗ ਜਾਣ ਦੀਆਂ ਤਿਆਰੀਆਂ ਕਰਨ ਲੱਗ ਪਿਆ । ਉਹ ਕਿਸੇ ਹੋਰ ਮਿੱਤਰ ਨਾਲ ਆਪਣਾ ਮਨ ਨਾ ਖੋਲ੍ਹਦਾ । ਉਹ ਕਈ ਦਿਨ ਗੁਰਦੁਆਰੇ ਨਾ ਗਿਆ ।

ਇੱਕ ਦਿਨ ਉਹ ਤੜਕੇ-ਤੜਕੇ ਗਰਦੁਆਰੇ ਪਹੁੰਚਾ । ਅੱਜੇ ਤੱਕ ਕਿਸੇ ਨੇ ਮਹਾਰਜ ਦਾ ਪ੍ਰਕਾਸ਼ ਨਹੀਂ ਸੀ ਕੀਤਾ । ਉਸ ਨੇ ਮਹਾਰਾਜ ਦਾ ਪ੍ਰਕਾਸ਼ ਕਰਕੇ ਹੁਕਮ ਲਿਆ । ਹੁਕਮ ਆਇਆ—ਧਨਾਸਰੀ ਮਹਲਾ ੫॥

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮੁ ਜਿਣੈ ਸਗਲ ਵਸ ਤਾਕੈ ਜਾ ਕਾ ਸਤਿਗੁਰ ਪੂਰਾ ॥੧॥
ਠਾਕਰ ਗਈਐ ਆਤਮ ਰੰਗਿ ॥
ਸਰਣੀ ਪਾਵਨ ਨਾਮੁ ਧਿਆਵਨ ਸਹਜਿ ਸਮਾਵਨ ਸੰਗ ॥੧॥ ਰਹਾਉ ॥
ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥
ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥੨॥੪॥੩੪॥

ਚੰਦਾ ਸਿੰਘ ਨੇ ਹੁਕਮ ਦਾ ਭਾਵ ਸਮਝਣ ਲਈ ਕਈ ਵਾਰੀ ਮੁੜ-ਮੁੜ ਕੇ ਪੜ੍ਹਿਆ । ਅੱਧਾ ਪਚੱਧੀ ਗੱਲ ਉਸ ਦੀ ਸਮਝ ਪਈ । ਉਸ ਨੇ ਕਾਪੀ ਕੱਢ ਕੇ ਸਾਰਾ ਹੁਕਮ ਹੂ-ਬ-ਹੂ ਨਕਲ ਕਰ ਲਿਆ । ਸੋਚਣ ਲੱਗਾ ਕਿ ਭਾਈ ਭਗਵਾਨ ਸਿੰਘ ਨੂੰ ਚਿੱਠੀ ਲਿਖ ਕੇ ਸਾਰੇ ਵਾਕ ਦਾ ਮਤਲਬ ਪੁੱਛੇਗਾ ।

ਆਪਣੇ ਜਾਗੇ ਉੱਤੇ ਬੈਠਾ-ਬੈਠਾ ਕਾਪੀ ਖੋਲ੍ਹ ਕੇ ਉਹ ਸ਼ਬਦ ਪੜ੍ਹਦਾ ਰਹਿੰਦਾ । ਉਸ ਨੇ ਉਹ ਸਾਰਾ ਸ਼ਬਦ ਜ਼ਬਾਨੀ ਯਾਦ ਕਰ ਲਿਆ । ਹੌਲੀ ਹੌਲੀ ਉਸ ਨੇ ਭਾਈ ਭਗਵਾਨ ਸਿੰਘ ਨੂੰ

ਸ਼ਬਦ ਦਾ ਮਤਲਬ ਸਮਝਣ ਲਈ ਚਿੱਠੀ ਲਿਖਣ ਦਾ ਖ਼ਿਆਲ ਛੱਡ ਦਿੱਤਾ। ਉਸ ਨੂੰ ਇਉਂ ਜਾਪਣ ਲੱਗ ਪਿਆ ਜਿਵੇਂ ਉਹ ਸ਼ਬਦ ਦੇ ਸਾਰੇ ਅਰਥ ਸਮਝ ਗਿਆ ਹੋਵੇ। ਉਹ ਜਿਸ ਦਿਨ ਗੁਰਦੁਆਰੇ ਨਾ ਜਾਂਦਾ ਮੂੰਹ ਜ਼ਬਾਨੀ ਯਾਦ ਹੁੰਦਿਆਂ ਵੀ ਕਾਪੀ ਕੱਢ ਕੇ ਉਹ ਸ਼ਬਦ ਪੜ੍ਹਦਾ ਰਹਿੰਦਾ। ਭਾਈ ਭਗਵਾਨ ਸਿੰਘ ਨੂੰ ਉਥੇ ਨਾ ਵੇਖ ਕੇ ਉਦਾਸ ਹੋ ਜਾਂਦਾ। ਉਹ ਹਾਂਗਕਾਂਗ ਜਾਣ ਦੀ ਸੋਚਣ ਲੱਗ ਪੈਂਦਾ।

ਇੱਕ ਦਿਨ ਕੁੱਝ ਬੰਦੇ ਸਿਆਮ ਤੋਂ ਪੀਨਾਂਗ ਆਏ। ਉਹ ਉਨ੍ਹਾਂ ਦੀਆਂ ਗੱਲਾਂ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਦੇ ਨਾਲ ਸਿਆਮ ਨੂੰ ਤੁਰ ਪਿਆ। ਉਨ੍ਹਾਂ ਵਿੱਚੋਂ ਉਸ ਦਾ ਇਕ ਸਾਥੀ ਉਸ ਨੂੰ ਯਾਲੈ, ਤੰਜੰਮਾਸ ਤੇ ਸੁੰਡੇ ਗੋਲੋਕ ਤੱਕ ਲੈ ਗਿਆ। ਖੁਲ੍ਹੀਆਂ ਜ਼ਮੀਨਾਂ ਵੇਖ ਕੇ ਚੰਦਾ ਸਿੰਘ ਦਾ ਮਨ ਖਿੜ ਗਿਆ। ਉਸ ਦੇ ਮਨ ਵਿੱਚ ਜ਼ਮੀਨ ਖ਼ਰੀਦ ਕੇ ਵਾਹੀ ਕਰਨ ਦੀ ਲਾਲਸਾ ਪੈਦਾ ਹੋ ਆਈ। ਰਬੜ ਦੇ ਵੱਡੇ-ਵੱਡੇ ਰੁੱਖ ਤੇ ਵੱਡੇ-ਵੱਡੇ ਬਗੀਚੇ ਵੇਖ ਕੇ ਉਸ ਦਾ ਮਨ ਲਲਚਾ ਆਇਆ। ਦੱਖਣੀ ਸਿਆਮ ਵਿੱਚ ਵੱਸਦੇ ਆਪਣੇ ਲੋਕਾਂ ਦੇ ਕਾਰ ਵਿਹਾਰ ਵੇਖ ਕੇ ਉਸ ਦਾ ਮਨ ਕੀਤਾ ਕਿ ਉਹ ਵੀ ਪੀਨਾਂਗ ਛੱਡ ਕੇ ਓਧਰ ਆ ਜਾਏ। ਉਸ ਨੇ ਬਖਸ਼ੀਸ਼ ਸਿੰਘ ਨਾਲ ਗੱਲ ਕੀਤੀ। ਬਖਸ਼ੀਸ਼ ਸਿੰਘ ਪਹਿਲੋਂ ਹੀ ਉਸ ਨੂੰ ਆਪਣੇ ਲਾਗੇ ਵਸਾਉਣ ਦੀ ਸੋਚਣੀ ਸੋਚ ਚੁੱਕਾ ਸੀ।

ਚੰਦਾ ਸਿੰਘ ਨੇ ਪੀਨਾਂਗ ਵਾਪਸ ਆ ਕੇ ਆਪਣਾ ਲੱਤ ਪੱਤਾ ਇੱਕਠਾ ਕੀਤਾ ਤੇ ਬਖ਼ਸ਼ੀਸ਼ ਸਿੰਘ ਪਾਸ ਤੰਜੰਮਾਸ ਆ ਟਿੱਕਿਆ। ਹੁਣ ਉਸ ਨੂੰ ਯਾਲੇ ਰਹਿੰਦਿਆਂ ਚਾਰ ਸਾਲ ਹੋ ਚੁਕੇ ਸਨ। ਉਹ ਨਿੱਕੇ-ਨਿੱਕੇ ਠੇਕੇ ਲੈਂਦਾ। ਲੋਕੀਂ ਉਸ ਨੂੰ ਠੇਕੇਦਾਰ ਕਹਿਣ ਲੱਗ ਪਏ। ਉਹ ਇਸ ਕੰਮ ਵਿੱਚ ਪੈ ਕੇ ਸਿਆਮੀ ਬੋਲੀ ਬਹੁਤ ਚੰਗੀ ਬੋਲਣ ਲੱਗ ਪਿਆ। ਚੀਨੀ ਤੇ ਅੰਗਰੇਜ਼ੀ ਨੂੰ ਮੂੰਹ ਮਾਰ ਲੈਂਦਾ। ਮਲਾਈ ਭਾਸ਼ਾ ਤਾਂ ਉਹ ਜਾਣਦਾ ਹੀ ਸੀ।

ਯਾਲੇ ਤੋਂ ਬਾਹਰ ਵਾਰ ਉਸ ਦੀ ਆਪਣੀ ਰਬੜ ਦੀ ਕੁਭਣ (ਬਗ਼ੀਚਾ) ਸੀ। ਉਸ ਕੁਭਣ ਦੇ ਅਗਲੇ ਹਿੱਸੇ ਵਿੱਚ ਉਸ ਦਾ ਆਪਣਾ ਘਰ ਸੀ। ਘਰ ਦੇ ਦੋ ਕਮਰੇ ਸਨ। ਇੱਕ ਕਾਫ਼ੀ ਵੱਡਾ ਜਿਸ ਵਿੱਚ ਛੇ ਸੱਤ ਮੰਜੇ ਵਿਛੇ ਰਹਿੰਦੇ ਸਨ। ਇੱਕ ਬਹੁਤ ਛੋਟਾ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਵਾਸ ਸੀ।

ਉਹ ਸਵੇਰੇ ਉਠ ਕੇ ਇਸ਼ਨਾਨ ਕਰਦਾ। ਬਾਣੀ ਪੜ੍ਹਦਾ, ਮਹਾਰਾਜ ਦਾ ਪ੍ਰਕਾਸ਼ ਕਰਦਾ, ਹੁਕਮ ਲੈਂਦਾ, ਫਿਰ ਆਪਣੇ ਕੰਮ ਕਾਜ ਲੱਗ ਜਾਂਦਾ। ਉਸ ਦਾ ਸਿਮਰਨਾ ਜੇ ਉਸ ਦੇ ਹੱਥ ਵਿੱਚ ਨਾ ਹੁੰਦਾ ਤਾਂ ਉਸ ਦੀ ਜੇਬ ਵਿੱਚ ਜ਼ਰੂਰ ਹੁੰਦਾ। ਇਲਾਕੇ ਦੇ ਲੋਕ ਉਸ ਨੂੰ ਗੁਰਸਿੱਖ ਸਮਝ ਕੇ ਉਸ ਦਾ ਸਤਕਾਰ ਕਰਨ ਲੱਗ ਪਏ। ਰਾਹ ਗੁਜ਼ਰੂ ਲੋਕ, ਖਾਸ ਕਰਕੇ ਕਪੜੇ ਦੀ ਫੇਰੀ ਕਰਨ ਵਾਲੇ ਲੰਘਦੇ ਪਲੰਘਦੇ ਉਸ ਪਾਸ ਆ ਟਿੱਕਦੇ। ਉੱਥੇ ਗੁਰੂ ਦਾ ਲੰਗਰ ਸਦਾ ਤਿਆਰ ਰਹਿੰਦਾ। ਚੰਦਾ ਸਿੰਘ ਨੇ ਢੇਰ ਸਾਰੇ ਬਿਸਤਰੇ ਬਣਵਾ ਕੇ ਰੱਖੇ ਹੋਏ ਸਨ। ਜੇ ਸੰਗਤ ਬਹੁਤ ਹੋ ਜਾਂਦੀ ਤਾਂ ਭੁੰਜੇ ਬਿਸਤਰੇ ਕਰ ਲੈਂਦੇ।

ਜਦ ਅੰਗਰੇਜ਼ਾਂ ਤੇ ਜਰਮਨਾਂ ਦੀ ਜੰਗ ਛਿੜ ਪਈ ਤਾਂ ਚੰਦਾ ਸਿੰਘ ਦੇ ਡੇਰੇ ਆ ਕੇ ਰੁਕਣ ਵਾਲੇ ਲੋਕ, ਅੰਗਰੇਜ਼ਾਂ ਦੇ ਖ਼ਿਲਾਫ਼ ਖੁਲ੍ਹੀਆਂ ਗੱਲਾਂ ਕਰਨ ਲੱਗ ਪਏ। ਉਸ ਸਮੇਂ ਉਸ ਨੂੰ ਆਪਣਾ

ਮਿੱਤਰ ਭਾਈ ਭਗਵਾਨ ਸਿੰਘ ਯਾਦ ਆਉਣ ਲੱਗ ਪੈਂਦਾ । ਉਹ ਸੋਚਦਾ ਕਿ ਉਹ ਉਡ ਕੇ ਉਸ ਨੂੰ ਜਾ ਮਿਲੇ ਪਰ ਉਸ ਨੇ ਉੱਡਦੀ-ਉੱਡਦੀ ਅਵਾਈ ਸੁਣੀ ਸੀ ਕਿ ਉਹ ਹਾਂਗਕਾਂਗ ਤੋਂ ਕਿਧਰੇ ਹੋਰ ਅੱਗੇ ਚਲਾ ਗਿਆ ਸੀ ।

ਇੱਕ ਦਿਨ ਉਹ ਆਪਣੇ ਕੁੱਝ ਪ੍ਰਾਹੁਣਿਆਂ ਨਾਲ ਬੈਠਾ-ਬੈਠਾ ਉਠ ਖਲੋਤਾ ਤੇ ਉਸ ਦੇ ਮੂੰਹੋਂ ਨਿਕਲ ਗਿਆ—"ਅੱਜ ਭਾਈ ਭਗਵਾਨ ਸਿਹੁੰ ਹੋਂਦਾ ਤਾਂ ਉਹ ਸਾਰੀਆਂ ਗੱਲਾਂ ਦੱਸਦਾ ।" ਉਸ ਦੇ ਪ੍ਰਾਹੁਣਿਆਂ ਵਿੱਚੋਂ ਇੱਕ ਨੇ ਪੁੱਛਿਆ—"ਤੁਸੀਂ ਪਿਲਾਂਗ ਵਾਲੇ ਗ੍ਰੰਥੀ ਦੀ ਗੱਲ ਕਰਦੇ ਓ ਜਿਹੜਾ ਹਾਂਗਕਾਂਗ ਤੁਰ ਗਿਆ ਸੀ ?"

ਚੰਦਾ ਸਿੰਘ ਨੇ ਉਸ ਨੌਜਵਾਨ ਸਿੱਖ ਵੱਲ ਭਰਵੀਂ ਨਜ਼ਰ ਸੁਟ ਕੇ ਹਾਂ ਵਿੱਚ ਸਿਰ ਹਿੱਲਾ ਦਿੱਤਾ । "ਉਹ ਤਾਂ ਕਨੇਡਾ ਪਹੁੰਚ ਗਿਆ ਸੀ । ਉਹਨੂੰ ਮੁਸ਼ਕਾਂ ਬੰਨ੍ਹ ਕੇ ਉਹਨਾਂ ਮੋੜ ਦਿੱਤਾ ।"

"ਉਹਨਾਂ ਕਿਨ੍ਹਾਂ ?"

"ਉਥੇ ਵੀ ਫਰੰਗੀਆਂ ਦਾ ਰਾਜ ਐ । ਫਰੰਗੀਆਂ ਬੰਨ੍ਹ ਕੇ ਜਹਾਜ਼ੇ ਚਾੜ੍ਹ ਦਿੱਤਾ ।"

"ਫੇਰ ਕਹੋ ਫਰੰਗੀਆਂ ਉਹਨੂੰ "ਨਗਰੀ ਬੁਆਂਗ" ਕਰ ਦਿੱਤਾ ।" ਚੰਦਾ ਸਿੰਘ ਦੀ ਗੱਲ ਸੁਣ ਕੇ ਉਹ ਨੌਜਵਾਨ ਕੁੱਝ ਸਮਝ ਨਾ ਸਕਿਆ । ਉਸ ਦੀ ਹਰਾਨੀ ਵੇਖ ਕੇ ਚੰਦਾ ਸਿੰਘ ਨੇ ਦਸਿਆ—'ਜੀਹਨੂੰ ਦੇਸ ਵਿਚੋਂ ਕੱਢਣਾ ਹੋਵੇ ਉਹਨੂੰ ਮਲਾਈ 'ਚ ਕਹਿੰਦੇ ਐ "ਨਗਰੀ ਬੁਆਂਗੇ" ਕਰ ਦਿੱਤਾ ।" ਉਸ ਦੀ ਗੱਲ ਸੁਣ ਕੇ ਸਾਰੇ ਹੱਸ ਪਏ । ਉਨ੍ਹਾਂ ਦੇ ਨਾਲ ਹੀ ਚੰਦਾ ਸਿਘ ਵੀ ਹੱਸ ਪਿਆ । ਦੂਜੀ ਖਿਣ ਉਸ ਦਾ ਚਿਹਰਾ ਗੰਭੀਰ ਹੋ ਗਿਆ । ਉਸ ਨੇ ਪੁੱਛਿਆ—"ਕਿਸੇ ਨੂੰ ਪਤੈ ਭਾਈ ਹੁਣ ਕਿੱਥੇ ਐਂ ?" ਉਸੇ ਨੌਜਵਾਨ ਨੇ ਉੱਤਰ ਦਿੱਤਾ—"ਬੈਂਕੋਕ ਗਿਆ ਸੀ । ਉਥੇ ਲੋਕੀਂ ਗੱਲਾਂ ਕਰਦੇ ਸੀ ਕਿ ਪਿਲਾਂਗ ਵਾਲਾ ਭਾਈ ਗ਼ਦਰੀ ਹੋ ਗਿਐ । ਕਹਿੰਦੇ ਸੀ । ਫਰੰਗੀਆਂ ਨੂੰ ਦੇਸੋਂ ਕੱਢ ਕੇ ਸਾਹ ਲੈਣੈ ।" ਉਸ ਨੇ ਆਪਣੇ ਥਾਨਾਂ ਦੀ ਗੰਢ ਦੇ ਹੇਠੋਂ "ਗ਼ਦਰ" ਅਖ਼ਬਾਰ ਦਾ ਪਰਚਾ ਕੱਢ ਕੇ ਚੰਦਾ ਸਿੰਘ ਦੇ ਹੱਥ ਫੜਾ ਦਿੱਤਾ । ਚੰਦਾ ਸਿੰਘ ਤੋਂ ਬਿਨਾਂ ਪੰਜ ਜਣੇ ਹੋਰ ਉਥੇ ਬੈਠੇ ਸਨ । ਉਹ ਸਭ ਉਸ ਨੌਜਵਾਨ ਦੀ ਫੇਰੀ ਵਾਲੀ ਗੰਢ ਵੱਲ ਤੱਕਣ ਲੱਗ ਪਏ । ਉਸਨੇ ਕਿਹਾ—"ਮੈਂ ਇੱਕੋ ਪਰਚਾ ਲਿਆਂਦਾ ਸੀ । ਹਰ ਰੋਜ ਸਵੇਰੇ ਉੱਠ ਕੇ ਪੜ੍ਹ ਕੇ ਗੰਢ 'ਚ ਲੁਕਾ ਦੇਂਦਾ ।"

ਚੰਦਾ ਸਿੰਘ ਨੇ ਹਰਾਨੀ ਨਾਲ ਉਸ ਪਰਚੇ ਦੇ ਵਰਕੇ ਉਥੱਲੇ । ਉਸ ਨੌਜਵਾਨ ਦੇ ਹੱਥ ਦੇ ਕੇ ਕਹਿਣ ਲੱਗਾ—"ਭਾਈ ਸ਼ੇਰ ਸਿਹਾਂ ! ਤੂੰ ਈਂ ਪੜ੍ਹ ਕੇ ਸੁਣਾ, ਤੂੰ ਪਾੜ੍ਹਾ ਜਾਪਦੈਂ ।" ਉਸ ਦਿਨ ਤੇ ਉਸ ਦਿਨ ਤੋਂ ਪਿਛੋਂ, ਭਾਈ ਚੰਦਾ ਸਿੰਘ ਦਾ ਡੇਰਾ ਬਾਗ਼ੀਆਂ ਦਾ ਡੇਰਾ ਬਣ ਗਿਆ । ਅੰਗਰੇਜਾਂ ਦੇ ਰਾਜ ਦੇ ਖ਼ਿਲਾਫ਼ ਖੁਲ੍ਹੀਆਂ ਗੱਲਾਂ ਹੁੰਦੀਆਂ ਪਰ ਗੱਲਾਂ ਕਰਨ ਤੋਂ ਅੱਗੇ ਕੋਈ ਗੱਲ ਨਾ ਤੁਰਦੀ । ਚੰਦਾ ਸਿੰਘ ਨੂੰ ਭਾਈ ਭਗਵਾਨ ਸਿੰਘ ਦੀ ਗੱਲ ਮੁੜ-ਮੁੜ ਚੇਤੇ ਆਉਂਦੀ ਕਿ ਅੰਗਰੇਜ਼ਾਂ ਨੇ ਸਾਡੇ ਦੇਸ ਉੱਤੇ ਤੋਪਾਂ ਤੇ ਬੰਦੂਕਾਂ ਨਾਲ ਕਬਜ਼ਾ ਕੀਤਾ ਹੈ ਜਦ ਤੱਕ ਸਾਡੀ ਆਪਣੀ ਫੌਜ ਤੇ ਆਪਣੀਆਂ ਤੋਪਾਂ ਨਹੀਂ, ਅਸੀਂ ਅੰਗਰੇਜ਼ਾਂ ਨੂੰ ਨਹੀਂ ਕੱਢ ਸਕਦੇ । ਉਹ ਰਾਤ ਦਿਨ ਇਹੋ ਸੋਚਣ ਲੱਗ ਪਿਆ ਕਿ ਕੀ ਕਰਨਾ ਚਾਹੀਦਾ ਹੈ । ਉਸ ਨੂੰ ਹੋਰ ਤਾਂ ਕੋਈ ਗੱਲ ਨਾ ਸੁਝੀ ਪਰ ਇੱਕ ਚੀਨੇ ਕੋਲੋਂ ਇੱਕ ਰੀਵਾਲਵਰ ਖਰੀਦ ਕੇ ਹਰ ਵੇਲੇ ਆਪਣੇ ਲੰਮੇ ਕੋਟ ਦੇ ਜੇਬ ਵਿੱਚ ਰੱਖਣ

ਲੱਗ ਪਿਆ । ਇੱਕ ਦਿਨ ਉਸ ਨੇ ਆਪਣੀ ਕੁਭਣ ਦੇ ਪਿੱਛੇ ਜਾ ਕੇ ਗੋਲੀਆਂ ਚਲਾ ਕੇ ਵੇਖੀਆਂ । ਉਸ ਦਾ ਮਨ ਭਾਈ ਭਗਵਾਨ ਸਿੰਘ ਨੂੰ ਮਿਲਣ ਲਈ ਹੁਲਾਰੇ ਖਾਣ ਲੱਗ ਪਿਆ ।

ਜੇ ਸ਼ੇਰ ਸਿੰਘ ਕੁੱਝ ਦਿਨ ਨਾ ਆਉਂਦਾ ਤਾਂ ਉਸ ਦਾ ਮਨ ਉਸ ਨੂੰ ਲੱਭਣ ਲਈ ਕਾਹਲਾ ਪੈ ਜਾਂਦਾ । ਜਦ ਵੀ ਉਹ ਉਸ ਦੇ ਡੇਰੇ ਆਉਂਦਾ ਤਾਂ ਉਹ ਉਸ ਨੂੰ "ਗ਼ਦਰ" ਦੇ ਪਰਚੇ ਬਾਰੇ ਪੁੱਛਦਾ । ਇੱਕ ਦਿਨ ਜਦ ਉਸ ਨੇ ਸ਼ੇਰ ਸਿੰਘ ਦੀ ਫੇਰੀ ਵਾਲੀ ਗੰਢ, ਉਸ ਦੀ ਗ਼ੈਰ ਹਾਜ਼ਰੀ ਵਿੱਚ ਫੋਲੀ ਤਾਂ ਉਸ ਨੂੰ ਆਪਣੇ ਮਨ ਨੇ ਬੜੀਆਂ ਲਾਹਨਤਾਂ ਪਾਈਆਂ । ਉਹ ਸੋਚਣ ਲੱਗਾ ਕਿ ਪਹਿਲੀ ਗੱਲ ਤਾਂ ਇਹ ਹੈ ਕਿ ਉਸ ਦੀ ਗੰਢ ਨਹੀਂ ਸੀ ਫੋਲਣੀ ਚਾਹੀਦੀ । ਦੂਜੀ ਨਿਰਾਸਤਾ ਉਸ ਨੂੰ ਇਹ ਹੋਈ ਕਿ ਉਸ ਦੀ ਗੰਢ ਵਿੱਚੋਂ ਉਸ ਨੂੰ ਇੱਕ ਮੁਟਿਆਰ ਦੀ ਤਸਵੀਰ ਲੱਭ ਪਈ । ਉਹ ਮਨ ਹੀ ਮਨ ਵਿੱਚ ਸੋਚਣ ਲੱਗਾ ਕਿ ਸ਼ੇਰ ਸਿੰਘ ਕੁੜੀਆਂ ਦੀਆਂ ਤਸਵੀਰਾਂ ਰੱਖਣ ਲੱਗ ਪਿਆ ਹੈ । ਜਦ ਉਸ ਨੇ ਤਸਵੀਰ ਦਾ ਦੂਜਾ ਪਾਸਾ ਤਕਿਆ ਤਾਂ ਉਸ ਉੱਤੇ ਕਲਮ ਨਾਲ ਲਿਖਿਆ ਹੋਇਆ ਸੀ—"ਤੇਰੀ ਭੈਣ ਜਵਾਨ ਹੋ ਗਈ ਹੈ । ਰੁਪਏ ਭੇਜ, ਇਹਦਾ ਕਾਰਜ ਕਰ ਦਈਏ ।"

ਤਸਵੀਰ ਪਿੱਛੇ ਲਿਖੀ ਇਹ ਸੱਤਰ ਪੜ੍ਹ ਕੇ ਚੰਦਾ ਸਿੰਘ ਹੋਰ ਵੀ ਸ਼ਰਮਿੰਦਾ ਹੋ ਗਿਆ । ਉਸ ਨੇ ਕੰਬਦੇ ਹੱਥਾਂ ਨਾਲ ਜਿਥੋਂ ਤਸਵੀਰ ਚੁੱਕੀ ਸੀ ਉੱਥੇ ਹੀ ਰੱਖ ਦਿੱਤੀ । ਆਪਣੇ ਮੰਜੇ ਦੀ ਪੁਆਂਦੀ ਬੈਠਾ ਸੋਚਣ ਲੱਗਾ ਕਿ ਇਸ ਗ਼ਲਤੀ ਦੀ ਸ਼ੇਰ ਸਿੰਘ ਪਾਸੋਂ ਮਾਫ਼ੀ ਕਿਸ ਤਰ੍ਹਾਂ ਮੰਗਾਂ । ਉਹ ਸੋਚ ਹੀ ਰਿਹਾ ਸੀ ਕਿ ਸ਼ੇਰ ਸਿੰਘ ਆ ਗਿਆ । ਪਹਿਲੋਂ ਕੁੱਝ ਝੱਕ ਕੇ, ਫੇਰ ਚੰਦਾ ਸਿੰਘ ਨੇ ਆਪਣੀ ਸੱਚੀ-ਸੱਚੀ ਗੱਲ ਕਹਿ ਕੇ ਮਾਫ਼ੀ ਮੰਗਣੀ ਸ਼ੁਰੂ ਕਰ ਦਿੱਤੀ । ਸ਼ੇਰ ਸਿੰਘ ਨੇ ਅੱਗੋਂ, ਹੱਸ ਕੇ ਆਪਣੇ ਕੋਟ ਦੀ ਅੰਦਰਲੀ ਜੇਬ ਵਿੱਚੋਂ 'ਗ਼ਦਰ' ਦਾ ਇੱਕ ਹੋਰ ਪਰਚਾ ਕੱਢ ਕੇ ਚੰਦਾ ਸਿੰਘ ਦੇ ਹੱਥ ਫੜਾਂਦਿਆ ਕਿਹਾ—"ਇਹ ਪਰਚਾ ਹਟਯਾਈ ਤੋਂ ਅੱਜ ਹੀ ਮਿਲਿਆ ਸੀ । ਮੈਂ ਅਜੇ ਪੜ੍ਹਿਆ ਵੀ ਨਹੀਂ । ਸੋਚਿਆ ਭਾਈ ਹੋਰਾਂ ਦੇ ਡੇਰੇ, "ਕਠੇ ਬਹਿ ਕੇ ਪੜ੍ਹਾਂਗੇ ।"

ਚੰਦਾ ਸਿੰਘ ਨੇ ਸ਼ੇਰ ਸਿੰਘ ਨੂੰ ਆਪਣੀ ਜਫ਼ੀ ਵਿੱਚ ਘੁੱਟ ਲਿਆ । ਉਹ ਇੱਕ ਦੂਜੇ ਦੀ ਜੱਫੀ ਵਿੱਚ ਘੁੱਟੇ ਹੋਏ ਸਨ ਕਿ ਇਕ ਹੋਰ ਫੇਰੀ ਕਰਨ ਵਾਲੇ ਸਿੰਘ ਨੇ ਆ ਬੂਹਾ ਖੜਕਾਇਆ । ਉਸ ਦੇ ਕੋਲ ਕਪੜੇ ਦੀ ਗੰਢ ਨਾ ਵੇਖ ਕੇ ਚੰਦਾ ਸਿੰਘ ਤੇ ਸ਼ੇਰ ਸਿੰਘ ਉਸ ਵੱਲ ਤਕਣ ਲੱਗੇ । ਉਸ ਨੇ ਦੱਸਿਆ—"ਮੈਂ ਹਟਯਾਈ ਜਾ ਰਿਹਾ ਸਾਂ । ਦੋ ਭਾਈ ਗੱਡੀ 'ਚ ਮਿਲ ਪਏ । ਉਹ ਕਹਿਣ ਲੱਗੇ ਕਿ ਭਾਈ ਹੋਰਾਂ ਦੇ ਡੇਰੇ ਜਾਣੈ । ਮੈਂ ਸੋਚਿਆ ਭਟਕਦੇ ਫਿਰਨਗੇ । ਇਹਨਾਂ ਨੂੰ ਛੱਡ ਕੇ ਆਪ ਦੂਜੀ ਗੱਡੀ ਚੜ੍ਹ ਜਾਂਗਾ । ਅਸੀਂ ਡੇਰੇ ਆਏ । ਡੇਰਾ ਖਾਲੀ ਪਿਆ ਸੀ । ਅਸੀਂ ਪਰਸ਼ਾਦੇ ਛੱਕੇ ਤੇ ਬਜ਼ਾਰ ਫਿਰਨ ਤੁਰਨ ਚਲੇ ਗਏ । ਉਹ ਦੋਵੇਂ ਸਿੰਘ ਥੱਕੇ ਜਾਪਦੇ ਐ । ਮੈਂ ਉਹਨਾਂ ਨੂੰ ਮਲੋ ਮਲੀ ਬਜ਼ਾਰ ਲੈ ਗਿਆ ਸਾਂ । ਮੈਂ ਉਹਨਾਂ ਨੂੰ ਪਹਿਲੇ ਕਦੇ ਨਹੀਂ ਵੇਖਿਆ । ਬੰਕੋਕ ਜਾਣਗੇ । ਅਹੁ ਤੁਰੇ ਆਉਂਦੇ ਐ ।" ਕਹਿ ਕੇ ਉਸ ਨੇ ਭਾਈ ਬਲਵੰਤ ਸਿਘ ਤੇ ਠਾਕਰ ਸਿੰਘ ਵੱਲ ਇਸ਼ਾਰਾ ਕੀਤਾ ।

੨੭

ਜਦ ਚੰਦਾ ਸਿੰਘ ਨੂੰ ਪਤਾ ਲੱਗਾ ਕਿ ਭਾਈ ਬਲਵੰਤ ਸਿੰਘ ਹੋਰੀਂ ਕੈਨੇਡਾ ਦੇ ਗੁਰਦੁਆਰੇ ਵਿੱਚ ਗ੍ਰੰਥੀ ਦੀ ਸੇਵਾ ਕਰਦੇ ਸਨ ਤਾਂ ਉਹ ਭਾਈ ਸਾਹਬ ਵਿੱਚੋਂ ਭਾਈ ਭਗਵਾਨ ਸਿੰਘ ਨੂੰ ਲੱਭਣ ਲਗ ਪਿਆ। ਉਸ ਨੇ ਪਹਿਲਾ ਸੁਆਲ ਕੀਤਾ—"ਤੁਸੀਂ ਭਾਈ ਭਗਵਾਨ ਸਿੰਘ ਨੂੰ ਜਾਣਦੇ ਓ! ਭਲਾ ਜਿਹਾ ਪਿੰਡ ਐ ਉਹਦਾ ਅੰਬਰਸਰ ਜ਼ਿਲੇ ਵਿੱਚ।"

"ਵਿਣਗ।" ਭਾਈ ਸਾਹਬ ਨੇ ਉੱਤਰ ਦਿੱਤਾ।

"ਫੇਰ ਤਾਂ ਤੁਸੀਂ ਜ਼ਰੂਰ ਜਾਣਦੇ ਓ ਭਾਈ ਸਾਹਬ ਨੂੰ। ਕੀ ਹਾਲ ਐ ਉਹਦਾ? ਕਿਥੇ ਐ ਅੱਜ ਕਲ?"

"ਠੀਕ ਠਾਕ ਹਨ। ਚਕਰਵਰਤੀ ਰਹਿੰਦੇ ਹਨ।"

"ਸੁਣਿਐ ਫਰੰਗੀਆਂ ਨੇ ਉਹਦੀਆਂ ਮੁਸ਼ਕਾਂ ਬੰਨ ਕੇ ਉਹਨੂੰ ਮੋੜ ਦਿੱਤਾ ਸੀ।"

ਭਾਈ ਸਾਹਬ ਨੇ ਭਗਵਾਨ ਸਿੰਘ ਦੇ ਹਾਂਗਕਾਂਗ ਤੋਂ ਕੈਨੇਡਾ ਜਾਣ ਤੇ ਕੈਨੇਡਾ ਤੋਂ ਕਢੇ ਜਾਣ ਦੀ ਸਾਰੀ ਕਹਾਣੀ ਥੋੜੇ ਹੀ ਸ਼ਬਦਾਂ ਵਿੱਚ ਦਸ ਕੇ ਕਿਹਾ—"ਚੰਦਾ ਸਿੰਘ ਜੀ! ਹੁਣ ਤਾਂ "ਗਗਨ ਦਮਾਮਾ ਬਾਜਿਉ ਪਰਿਓ ਨਿਸ਼ਾਨੇ ਘਾਉ। ਖੇਤ ਜੁ ਮਾਂਡਿਓ ਸੂਰਮਾ ਅਬ ਜੂਝਨ ਕਉ ਦਾਉ।" ਵਾਲੀ ਗੱਲ ਹੈ। ਭਾਈ ਸਾਹਬ ਹੋਰੀਂ ਅੱਜ ਕਲ ਗ਼ਦਰ ਪਾਰਟੀ ਦੇ ਪਰਧਾਨ ਹਨ। ਉਹ ਸਾਰੇ ਦੇਸ਼ਾਂ ਵਿੱਚ ਫਿਰ ਤੁਰ ਕੇ ਕੰਮ ਕਰਦੇ ਹਨ। ਇੱਕ ਥਾਂ ਨਹੀਂ ਰਹਿੰਦੇ। ਉਹਨਾਂ ਦੇ ਜਿੰਮੇ ਵੱਡੇ ਵੱਡੇ ਕੰਮ ਹਨ। ਮਾਇਆ ਇਕੱਤਰ ਕਰਨੀ। ਹਥਿਆਰ ਖਰੀਦਣੇ। ਜਰਮਨਾਂ ਨਾਲ ਮੇਲ ਜੋਲ ਰੱਖਣਾ ਤੇ ਪਾਰਟੀ ਦੇ ਹੋਰ ਸਾਰੇ ਕੰਮ ਉਹਨਾਂ ਦੇ ਜ਼ਿੰਮੇ ਹਨ।

ਚੰਦਾ ਸਿੰਘ, ਭਾਈ ਸਾਹਬ ਦੇ ਮੂੰਹ ਵੱਲ ਦੇਖ ਰਿਹਾ ਸੀ। ਦੋਹਾਂ ਦੀਆਂ ਅੱਖਾਂ ਮਿਲੀਆਂ। ਭਾਈ ਸਾਹਬ ਨੇ ਦਸਿਆ—"ਚੇਦਾ ਸਿੰਘ ਜੀ! ਭਾਈ ਭਗਵਾਨ ਸਿੰਘ ਹੋਰੀਂ ਮਿਲੇ ਸਨ। ਉਹਨਾਂ ਨੂੰ ਪਤਾ ਸੀ ਕਿ ਤੁਸੀਂ ਦੱਖਣੀ ਸਿਆਮ ਵਿੱਚ 'ਯਾਲੇ' ਰਹਿੰਦੇ ਹੋ। ਉਹਨਾਂ ਨੇ ਹੀ ਤੁਹਾਨੂੰ ਮਿਲ ਕੇ ਨਾਲ ਰਲਾਉਣ ਦੀ ਪੱਕੀ ਕੀਤੀ ਸੀ।"

"ਮੈਨੂੰ ਤਾਂ ਭਾਈ ਦੇ ਟਿਕਾਣੇ ਦਾ ਕੋਈ ਪਤਾ ਨਹੀਂ। ਉਹਨੂੰ ਮੇਰੇ ਟਿਕਾਣੇ ਦਾ ਕਿਵੇਂ ਪਤੈ? ਜਦੋਂ ਉਹ ਹਾਂਗਕਾਂਗ ਗਿਆ ਸੀ ਮੈਂ ਪਿਲਾਂਗ ਰਹਿੰਦਾ ਸਾਂ।"

"ਭਾਈ ਹੋਰਾਂ ਤਾਂ ਇਹ ਵੀ ਦਸਿਆ ਸੀ ਕਿ ਤੁਹਾਨੂੰ 'ਗ਼ਦਰ' ਅਖਬਾਰ ਪਹੁੰਚਦਾ ਹੋਣਾ ਹੈ।"

"ਨਹੀਂ ਮੈਨੂੰ ਤਾਂ ਨਹੀਂ ਪਹੁੰਚਦਾ। ਸ਼ੇਰ ਸਿਹੁੰ ਦੋ ਵਾਰੀ ਕਿਧਰੋਂ ਲਿਆਇਐ।"

ਭਾਈ ਸਾਹਬ ਸੋਚਣ ਲੱਗੇ ਕਿ ਇਹ ਸ਼ੇਰ ਸਿੰਘ ਕੌਣ ਹੋ ਸਕਦਾ ਹੈ। ਉਨਾਂ ਪੁਛਿਆ—
"ਚੰਦਾ ਸਿੰਘ ਜੀ! ਸ਼ੇਰ ਸਿੰਘ ਹੋਰੀਂ ਕਿੱਥੇ ਮਿਲਣਗੇ? ਤੁਸੀਂ ਉਹਨਾਂ ਨੂੰ ਕਦੋਂ ਦੇ ਜਾਣਦੇ ਹੋ?"

"ਜੀ! ਅਹੁ ਜਿਹੜੇ ਬੰਦੇ ਅੰਦਰ ਸੁਤੇ ਪਏ ਐ, ਉਹਨਾਂ 'ਚ ਸ਼ੇਰ ਸਿਹੁੰ ਵੀ ਸੁਤਾ ਪਿਐ।

ਪਹਿਲੋਂ ਹੋਰ ਕਿਧਰੇ ਰਹਿੰਦਾ ਹੋਣੈ। ਏਧਰ ਤਾਂ ਪੰਜ ਛੇ ਮਹੀਨਿਆਂ ਤੋਂ ਹੀ ਫੇਰੀ ਕਰਨ ਲਗੈ। ਚੰਗਾ ਪੜ੍ਹਿਆ ਲਿਖਿਆ ਜਾਪਦੈ ?''

ਸ਼ੇਰ ਸਿੰਘ ਨੂੰ ਮਿਲਣ ਤੇ ਜਾਣਨ ਲਈ ਭਾਈ ਸਾਹਬ ਦਾ ਮਨ ਉਤਾਵਲਾ ਹੋ ਉਠਿਆ ਪਰ ਉਨ੍ਹਾਂ ਸੁੱਤੇ ਪਏ ਨੂੰ ਉਠਾਉਣਾ ਯੋਗ ਨਾ ਸਮਝਿਆ। ਉਨ੍ਹਾਂ ਪੁਛਿਆ—''ਇਹ ਉਹੋ ਸੱਜਣ ਤਾਂ ਨਹੀਂ ਜੋ ਸਾਨੂੰ ਗੱਡੀ ਤੋਂ ਤੁਹਾਡੇ ਡੇਰੇ ਛੱਡਣ ਆਇਆ ਹੈ।''

ਉਹ ਤਾਂ ਮੱਖਣ ਸਿਹੁੰ ਐ। ਉਹਨੇ ਅਗਲੇ ਸ਼ਹਿਰ ''ਹਟਯਾਈ'' ਬਜਾਜੀ ਲੈਣ ਜਾਣ ਸੀ। ਗੱਪਾਂ ਸ਼ੱਪਾਂ ਮਾਰਨ ਲਈ ਅਟਕ ਗਿਐ। ਸਵੇਰ ਦੀ ਗੱਡੀ ਚਲਾ ਜਾਊਂ। ਉਂਜ ਉਹ ਵੀ ਪੰਜਾਂ ਛਿਆਂ ਮਹੀਨਿਆਂ ਦਾ ਹੀ ਏਧਰ ਫੇਰੀ ਕਰਨ ਲਗੈ। ਕਹਿੰਦੈ ਪਹਿਲੋਂ ਉਹ ਤੇ ਸ਼ੇਰ ਸਿਹੁੰ ਦੋਵੇਂ ਬੈਂਕੋਕ ਦੇ ਆਲੇ ਦੁਆਲੇ ਫੇਰੀ ਦਾ ਕੰਮ ਕਰਦੇ ਸੀ।''

ਭਾਈ ਸਾਹਬ ਸੋਚਣ ਲੱਗੇ ਕਿ ਸ਼ੇਰ ਸਿੰਘ ਤੇ ਮੱਖਣ ਸਿੰਘ ਸ਼ਾਇਦ, ਸੇਠ ਬੁਢਾ ਸਿੰਘ ਦੇ ਭਰੋਸੇ ਵਾਲੇ ਵਪਾਰੀ ਹੋਣ। ਉਹਨਾਂ ਨੇ ਪੁਛਿਆ—''ਤੁਸੀਂ ਕਦੇ ਸੇਠ ਬੁੱਢਾ ਸਿੰਘ ਨੂੰ ਮਿਲੇ ਹੋ ?

''ਜੀ ਮੈਂ ਤਾਂ ਅਜੇ ਬੈਂਕੋਕ ਗਿਆ ਹੀ ਨਹੀਂ। ਉਹਨਾਂ ਦੀ ਸੋਭਾ ਬਹੁਤ ਸੁਣੀ ਐ। ਸ਼ੇਰ ਸਿਹੁੰ ਤੇ ਮੱਖਣ ਸਿਹੁੰ ਦਸਦੇ ਐ ਕਿ ਪਹਿਲੀ ਵਾਰੀ ਫੇਰੀ ਕਰਨ ਲਗਿਆ ਉਹਨਾਂ ਸੇਠ ਜੀ ਦੀ ਦੁਕਾਨ ਤੋਂ ਹੀ ਬਜਾਜੀ ਹੁਦਾਰੀ ਲਈ ਸੀ।''

ਮੱਖਣ ਸਿੰਘ ਨੇ, ਗੱਡੀ ਚੜ੍ਹਨ ਤੋਂ ਲੈ ਕੇ ਚੰਦਾ ਸਿੰਘ ਦੇ ਡੇਰੇ ਪਹੁੰਚਾਣ ਤੱਕ, ਉਨ੍ਹਾਂ ਨੂੰ ਕੋਈ ਸੁਆਲ ਨਹੀਂ ਸੀ ਪੁਛਿਆ। ਉਸ ਨੇ ਉਨ੍ਹਾਂ ਨੂੰ ਨਹੀਂ ਸੀ ਪੁਛਿਆ ਕਿ ਤੁਸੀਂ ਕੌਣ ਹੋ ਤੁਹਾਡੇ ਨਾਂ ਕੀ ਹਨ ਤੇ ਕਿੱਥੋਂ ਆਏ ਹੋ। ਇਸ ਗੱਲ ਦਾ ਧਿਆਨ ਕਰ ਕੇ ਭਾਈ ਸਾਹਬ ਸੋਚਣ ਲੱਗੇ ਕਿ ਮੱਖਣ ਸਿੰਘ ਨਾਲ ਵੀ ਗੱਲ ਕਰਨੀ ਚਾਹੀਦੀ ਹੈ।

ਨਾਜਰ ਸਿੰਘ ਸਭ ਤੋਂ ਪਹਿਲੋਂ ਸੌਂ ਗਿਆ ਸੀ। ਡੇਰੇ ਵਿੱਚ ਰੁਕੇ ਹੋਏ ਵਪਾਰੀ ਵੀ ਸੌਂ ਗਏ ਸਨ। ਅੱਧੀ ਰਾਤ ਹੋਣ ਦੇ ਨੇੜੇ ਸੀ। ਭਾਈ ਸਾਹਬ ਤੇ ਚੰਦਾ ਸਿੰਘ, ਦੋਵੇਂ ਬਰਾਂਡੇ ਵਿੱਚ ਕੈਨਵਸ ਦੀਆਂ ਆਰਾਮ ਕੁਰਸੀਆਂ ਉਤੇ ਬੈਠੇ ਗੱਲਾਂ ਕਰ ਰਹੇ ਸਨ। ਚੰਦਾ ਸਿੰਘ ਅਚਾਨਕ ਉਠ ਕੇ, ਕੁੱਝ ਕਦਮ ਅੱਗੇ ਵੱਧ ਕੇ ਵੇਖਿਆ ਤੇ ਕਿਹਾ—''ਸਿੰਘ ਸਾਹਿਬ। ਖਬਰਦਾਰ ਹੋ ਜਾਓ। ਕੋਈ ਬੰਦਾ ਸਾਡੇ ਵੱਲ ਆ ਰਿਹੈ। ਅੱਧੀ ਰਾਤੀਂ ਏਧਰ ਔਣ ਦਾ ਕਿਸੇ ਦਾ ਕੀ ਕੰਮ ?'' ਕਹਿ ਕੇ ਉਸ ਨੇ ਆਪਣੇ ਲੰਮੇ ਕੋਟ ਵਿੱਚੋਂ ਰੀਵਾਲਵਰ ਕੱਢ ਕੇ ਆਪਣੇ ਸੱਜੇ ਹੱਥ ਵਿੱਚ ਫੜ ਲਿਆ। ਜਦ ਉਹ ਬੰਦਾ ਹੋਰ ਨੇੜੇ ਢੁਕਿਆ ਤਾਂ ਖੱਬੇ ਹੱਥ ਵਿੱਚ ਲਾਲਟੈਨ ਚੁਕ ਕੇ, ਚੰਦਾ ਸਿੰਘ ਨੇ ਉਸ ਨੂੰ ਪਛਾਣਨਾ ਚਾਹਿਆ। ਉਸ ਦਾ ਕੱਦ ਬੁੱਤ ਤੇ ਚਾਲ ਢਾਲ ਵੇਖ ਕੇ ਉਸ ਨੇ ਬਖਸ਼ੀਸ਼ ਸਿੰਘ ਨੂੰ ਪਛਾਣ ਕੇ ਪੁੱਛਿਆ—ਅੱਧੀ ਰਾਤੀਂ ਕੀ ''ਭਾਜੜ ਪਈ ਐ ਤੈਨੂੰ।''

ਉਸ ਨੇ ਨੇੜੇ ਢੁਕਦਿਆਂ ਉੱਤਰ ਦਿੱਤਾ—''ਦਸਦਾਂ'' ਤੇ ਨਾਲ ਹੀ ਫਤਹ ਬੁਲਾ ਕੇ ਭਾਈ ਚੰਦਾ ਸਿੰਘ ਦੇ ਸਾਹਮਣੇ ਜਾ ਰੁਕਿਆ। ਉਸ ਨੇ ਭਾਈ ਬਲਵੰਤ ਸਿੰਘ ਵੱਲ ਭਰਪੂਰ ਨਜ਼ਰ ਸੁਟ ਕੇ ਦਸਿਆ—''ਮੈਂ ਕੌਤਾਭਾਤੂ ਗਿਆ ਹੋਇਆ ਸਾਂ। ਜਦ ਸ਼ਾਮ ਦੀ ਗੱਡੀ ਵਾਪਸ ਮੁੜਨ ਲਗਾ ਤਾਂ ਕੀ ਦੇਖਾਂ ਕਿ ਦੋ ਪੁਲਸੀਏ ਹਰਲ ਹਰਲ ਕਰਦੇ ਫਿਰਨ। ਪਠਾਣ ਠੇਕੇਦਾਰ ਉਹਨਾਂ ਨਾਲ। ਉਹਨੇ ਅੱਜ ਬੜਾ ਰੂਪ ਬਦਲਿਆ ਹੋਇਆ ਸੀ। ਅਸੀਂ ਤਾਂ ਉਹਨੂੰ ਚੰਗਾ ਪਠਾਣ ਸਮਝਦੇ ਰਹੇ

ਆਂ । ਪੁਲਸੀਆ ਨਾਲ ਫਿਰਦਾ ਸੀ । ਉਹਨਾਂ ਨਾਲ ਹੱਸ ਹੱਸ ਗੱਲਾਂ ਕਰਦਾ ਸੀ । ਮੈਨੂੰ ਬੜਾ ਬੁਰਾ ਲਗਾ । ਮੈਂ ਜਾਣ ਬੁੱਝ ਕੇ ਉਹਨੂੰ ਨਾਹ ਬੁਲਾਇਆ । ਉਹਨੇ ਮਲੋ ਮਲੀ ਮੇਰਾ ਹੱਥ ਆ ਫੜਿਆ । ਮੇਰੀ ਤਲੀ ਵਿੱਚ ਇੱਕ ਉਂਗਲੀ ਨਾਲ ਖੁਰਕਣ ਲਗ ਪਿਆ । ਮੈਨੂੰ ਵਿਹੁ ਚੜ੍ਹ ਗਈ । ਮੈਂ ਹੱਥ ਛੁਡਾ ਕੇ ਗੱਡੀ ਚੜ੍ਹ ਆਇਆ । ਮੈਂ ਸੁੰਞੇ ਗੱਲੋਕ ਰੁਕ ਕੇ ਘਰ ਜਾਣਾ ਸੀ । ਉਥੇ ਮੈਨੂੰ ਪਤਾ ਲੱਗਾ ਕਿ ਦੋ ਉਪਰੇ ਉਪਰੇ ਸਿਖ ਹੱਦ ਟੱਪ ਕੇ ਆਏ ਐ । ਮੈਂ ਸੋਚਿਆ ਕਿਧਰੇ ਮੈਨੂੰ ਹੀ ਨਾ ਲੱਭਦੇ ਹੋਣ । ਮੈਂ ਘਰ ਗਿਆ ਘਰੋਂ ਕੁੱਝ ਪਤਾ ਨਾ ਲੱਗਾ । ਸੈਂ ਸੋਚਿਆ ਕਿ ਤੁਹਾਨੂੰ ਪਤਾ ਦਿਆਂ

ਉਸ ਨੇ ਭਾਈ ਸਾਹਬ ਵੱਲ ਤਕ ਕੇ ਕਿਹਾ—"ਉਹ ਤਾਂ ਦੋ ਬੰਦੇ ਦਸਦੇ ਸੀ ।"

ਚੰਦਾ ਸਿੰਘ ਨੇ ਉੱਤਰ ਦਿਤਾ—"ਠਾਕਰ ਸਿਹੁੰ ਸੁਤਾ ਪਿਐ । ਚੰਦਾ ਸਿੰਘ ਨੇ ਇੱਕ ਹੋਰ ਕੁਰਸੀ ਨੇੜੇ ਕਰਕੇ ਬਖਸ਼ੀਸ ਸਿੰਘ ਨੂੰ ਬਹਿ ਜਾਣ ਦਾ ਇਸ਼ਾਰਾ ਕੀਤਾ ।

ਭਾਈ ਸਾਹਬ ਨੇ ਕਿਹਾ—"ਭਾਈ ਬਖਸ਼ੀਸ਼ ਸਿੰਘ ਜੀ । ਅਸੀਂ ਤੁਹਾਨੂੰ ਜ਼ਰੂਰ ਮਿਲਣਾ ਸੀ । ਗੱਡੀ ਮਿਲ ਗਈ । ਅਸੀਂ ਏਥੇ ਆ ਗਏ ।" ਭਾਈ ਸਾਹਬ ਨੇ ਜ਼ਰਾ ਰੁਕ ਕੇ ਪੁੱਛਿਆ—"ਪਠਾਣ ਠੇਕੇਦਾਰ ਨੇ ਕੋਟ-ਪਤਲੂਨ ਪਾਈ ਹੋਈ ਸੀ ?"

"ਉਹਨੇ ਕਦੇ ਕੋਟ-ਪਤਲੂਨ ਨਹੀਂ ਪਾਇਆ । ਸਹੁਰਾ ਸਿਰੋਂ ਵੀ ਨੰਗਾ ਪਠਾਣ ਲੱਗੇ ਈ ਨਾ । ਉਹਨੂੰ ਵੇਖ ਕੇ ਮੇਰਾ ਅੰਦਰਲਾ ਹੱਸੇ ਪਰ ਮੂੰਹੋਂ ਹਾਸਾ ਨਾ ਨਿਕਲੇ ।" ਕਹਿ ਕੇ ਬਖਸ਼ੀਸ਼ ਸਿੰਘ ਹੱਸ ਪਿਆ ।

"ਤੁਸੀਂ ਕਿਹੈ ਕਿ ਉਸ ਨੇ ਤੁਹਾਡੇ ਨਾਲ ਹੱਥ ਮਿਲਾ ਕੇ ਤੁਹਾਡੀ ਤਲੀ ਵਿੱਚ ਖੁਰਕਿਐ ।"

"ਜੀ ਹਾਂ ! ਮੈਨੂੰ ਬੜੀ ਵਿਹੁ ਚੜੀ । ਉਹਨੇ ਪਹਿਲੋਂ ਏਦਾਂ ਕਦੇ ਨਹੀਂ ਕੀਤਾ ।"

"ਉਸ ਦੇ ਨਾਲ ਕੋਈ ਹੋਰ ਵੀ ਸੀ ਕਿ ਉਹ ਇਕੱਲਾ ਹੀ ਸੀ ?"

"ਦੋ ਹੋਰ ਬੰਦ ਉਹਦੇ ਲਾਗੇ ਈ ਖੜੇ ਸਨ । ਪਤਾ ਨਹੀਂ ਉਹ ਉਹਦੇ ਨਾਲ ਸਨ ਜਾਂ ਅੱਡ ਸਨ ।"

"ਕਿਹੋ ਜਿਹੇ ਬੰਦੇ ਸਨ ਉਹ ?"

"ਇਕ ਸਿੱਖ ਤੇ ਦੂਜਾ ਪਠਾਣ ।"

"ਉਸ ਸਿੱਖ ਦੀ ਦਾੜ੍ਹੀ ਕੁਤਰੀ ਹੋਈ ਸੀ ?"

"ਠੀਕ ! ਬਿਲਕੁਲ ਠੀਕ ! ਹੇਠਾਂ ਪਤਲੂਨ ਤੇ ਉਤੇ ਸ਼ੇਰਵਾਨੀ ।

ਭਾਈ ਸਾਹਬ ਨੇ ਦਸਿਆ—"ਉਸ ਨਵਾਂ ਨਵਾਂ ਸਿੱਖੀ ਰੂਪ ਧਾਰਨ ਕੀਤਾ ਹੈ, ਝੂਠਾ ਮੂਠਾ । ਉਹ ਹੁਣੇ ਹੁਣੇ ਦੇਸੋਂ ਆਇਆ ਦਸੀਦਾ ਹੈ । ਖੁਫੀਆ ਪੁਲਸ ਦਾ ਕੋਈ ਵੱਡਾ ਅਫਸਰ ਹੋਣਾ ਹੈ ।"

"ਫੇਰ ਤਾਂ ਉਹ ਤੁਹਾਡਾ ਪਿੱਛਾ ਕਰਦੇ ਹੋਣਗੇ ।" ਚੰਦਾ ਸਿੰਘ ਨੇ ਪੁੱਛਿਆ ।

"ਅਮਾਨ ਉਲਾ ਪਠਾਣ ਸਾਨੂੰ ਹੱਦ ਟਪਾ ਕੇ ਗਿਆ ਹੈ । ਸਾਡੇ ਕਾਰਨ ਹੀ ਉਸ ਨੇ ਨਵਾਂ ਰੂਪ ਧਾਰਿਆ ਸੀ । ਉਹਦੇ ਨਾਲ ਦਾ ਦੂਜਾ ਪਠਾਣ ਗਫੂਰ ਉਸਦਾ ਸਾਲਾ ਹੈ ਜੋ ਸਿੰਘਾ ਪੁਰ ਖੁਫੀਆ ਪੁਲਸ ਵਿੱਚ ਹੈ । ਸਾਡਾ ਪਿੱਛਾ ਕਰ ਰਹੇ ਹੋਣਗੇ ।

ਕੁੱਝ ਰੁਕ ਕੇ ਭਾਈ ਸਾਹਬ ਨੇ ਪੁੱਛਿਆ—"ਬਖਸ਼ੀਸ਼ ਸਿੰਘ ਜੀ ! ਕੋਈ ਹੋਰ ਸਿੱਖ ਨੌਜਵਾਨ ਵੀ ਪਠਾਣ ਦੇ ਨਾਲ ਸੀ ?

"ਨਹੀਂ ! ਉਸ ਵੇਲ ਹੋਰ ਕੋਈ ਸਿੱਖ ਸਟੇਸ਼ਨ ਉੱਤੇ ਨਹੀਂ ਸੀ।"

"ਤੁਹਾਨੂੰ ਸਾਰੀ ਗੱਲ ਦਸ ਦੇਣੀ ਠੀਕ ਰਹੇਗੀ ਕਿਉਂਕਿ ਅਸੀਂ ਤਾਂ ਅੱਗੇ ਤੁਰ ਜਾਣਾ ਹੈ। ਅਸੀਂ ਕੋਤਾਭਾਰੂ ਨੱਥਾ ਸਿੰਘ ਦੇ ਘਰ ਰਾਤ ਰਹੇ। ਨੱਥਾ ਸਿੰਘ ਨੂੰ ਕੋਈ ਪਤਾ ਨਹੀਂ ਸੀ ਕਿ ਅਸੀਂ ਕੀ ਕਰਦੇ ਫਿਰਦੇ ਹਾਂ। ਉਸ ਦੇ ਘਰ ਜਾਣ ਤੋਂ ਪਹਿਲਾਂ ਸਾਨੂੰ ਪਠਾਣ ਮਿਲ ਪਿਆ ਸੀ। ਉਹ ਦੋਵੇਂ ਇੱਕ ਦੂਜੇ ਦੇ ਮਿੱਤਰ ਹਨ। ਅਸਾਂ ਪਠਾਣ ਨੂੰ ਕੁੱਝ ਨਹੀਂ ਦਸਿਆ ਪਰ ਉਸ ਨੂੰ ਡੱਕਾ ਡੱਕਾ ਪਤਾ ਸੀ ਕਿ ਅਸੀਂ ਕੀ ਕਰਦੇ ਫਿਰਦੇ ਹਾਂ। ਉਹ ਆਪਣੇ ਆਪ ਸਭ ਕੁੱਝ ਤਾੜ ਗਿਆ।"

"ਪਠਾਣ ਤੇ ਨੱਥਾ ਸਿੰਘ ਸਾਨੂੰ ਹੱਦ ਟਪਾ ਕੇ ਗਏ ਸਨ। ਜਾਪਦਾ ਹੈ ਕਿ ਨੱਥਾ ਸਿੰਘ ਤਾਂ ਆਪਣੇ ਘਰ ਚਲਾ ਗਿਆ ਹੋਣਾ ਹੈ ਪਰ ਜਦ ਪਠਾਣ ਆਪਣੇ ਘਰ ਗਿਆ ਹੋਵੇਗਾ—ਤਾਂ ਅੱਗੇ ਉਸਦਾ ਸਾਲਾ ਗਫੂਰ ਬੈਠਾ ਹੋਵੇਗਾ ਕਿਉਂਕਿ ਗਫੂਰ ਨੇ ਸਾਹ ਵੇਲਾ ਉਸ ਦੇ ਘਰ ਕਰਨਾ ਸੀ। ਹੋ ਸਕਦਾ ਹੈ ਕਿ ਉਸ ਨੂੰ ਪਤਿਆਉਣ ਲਈ ਉਹ ਵੀ ਉਨ੍ਹਾਂ ਦੇ ਨਾਲ ਸਟੇਸ਼ਨ ਉੱਤੇ ਜਾ ਪਹੁੰਚਿਆ ਹੋਵੇ।"

ਭਾਈ ਸਾਹਬ ਨੇ ਬਖਸ਼ੀਸ਼ ਸਿੰਘ ਨੂੰ ਸੰਬੋਧਨ ਕਰਦਿਆਂ ਦੱਸਿਆ—"ਤੁਹਾਡੀ ਤਲੀ ਵਿੱਚ ਖੁਰਕ ਕੇ ਉਹ ਤੁਹਾਨੂੰ ਦੱਸਣਾ ਚਾਹੁੰਦਾ ਹੋਵੇਗਾ ਕਿ ਸਭ ਠੀਕ ਠਾਕ ਹੈ ਕਿਉਂਕਿ ਉਹ ਜਾਣਦਾ ਹੋਵੇਗਾ ਕਿ ਅਸੀਂ ਹੱਦ ਟੱਪ ਕੇ ਤੁਹਾਨੂੰ ਹੀ ਮਿਲਾਂਗੇ।"

"ਫੇਰ ਤਾਂ ਪਠਾਣ ਬੜਾ ਨਰ ਨਿਕਲਿਐ।" ਬਖਸ਼ੀਸ਼ ਸਿੰਘ ਨੇ ਕਿਹਾ।

"ਪਠਾਣ ਬੜਾ ਚਤਰ ਐ। ਐਵੇਂ ਤਾਂ ਨਹੀਂ ਠੇਕੇਦਾਰੀ ਲਈ ਬੈਠਾ ਪਰ ਉਸ ਨੂੰ ਡਾਲੇ ਕਮਾਉਣ ਤੋਂ ਬਿਨਾਂ ਹੋਰ ਕੋਈ ਸੂਝ ਬੂਝ ਨਹੀਂ।"

"ਭਾਈ ਚੰਦਾ ਸਿੰਘ ਜੀ। ਤੁਸੀਂ ਠੀਕ ਕਹਿੰਦੇ ਹੋ ਪਰ ਉਸ ਨੂੰ ਸਭ ਪਤਾ ਹੈ ਕਿ ਸਿੱਖ ਅੰਗਰੇਜ਼ਾਂ ਦੀਆਂ ਦੇਸੀ ਫੌਜਾਂ ਵਿਗਾੜਦੇ ਫਿਰਦੇ ਹਨ। ਨਾਲੇ ਉਸ ਨੂੰ ਇਹ ਵੀ ਪਤਾ ਹੈ ਕਿ ਤੁਰਕੀ ਤੇ ਅੰਗਰੇਜ਼ਾਂ ਦੀ ਜੰਗ ਹੋ ਰਹੀ ਹੈ। ਉਹ ਤੁਰਕੀ ਦੇ ਹੱਕ ਵਿੱਚ ਤੇ ਅੰਗਰੇਜ਼ਾਂ ਦੇ ਖਿਲਾਫ ਗੱਲਾਂ ਕਰਦਾ ਹੈ। ਇੱਕ ਵੱਡੀ ਗੱਲ ਇਹ ਕਿ ਬਿਨਾਂ ਕਿਸੇ ਲਾਲਚ ਆਪਣੇ ਆਪ ਨੂੰ ਖਤਰੇ ਵਿੱਚ ਪਾ ਕੇ, ਸਾਨੂੰ ਹੱਦ ਟਪਾ ਕੇ ਗਿਆ ਹੈ। ਨਾਲੇ ਆਪਣੇ ਸਾਲੇ ਗਫੂਰ ਨੂੰ ਹਜ਼ਾਰ ਹਜ਼ਾਰ ਗਾਲ੍ਹ ਕੱਢਦਾ ਹੈ। ਉਹ ਨਾਦਰ ਖਾਨ ਨੂੰ ਵੀ ਜਾਣਦਾ ਹੈ ਜੋ ਸਿੰਘਾਪੁਰ ਦੀ ਗੁਫੀਆ ਪੁਲਸ ਵਿਚ ਇਨਸਪੈਕਟਰ ਹੈ। ਉਹ ਉਸ ਨੂੰ ਹਰਾਮ ਤੁਖਮ ਤੇ ਖਰ-ਤੁਖਮ ਕਹਿੰਦਾ ਨਹੀਂ ਥੱਕਦਾ" ਕਹਿ ਕੇ ਭਾਈ ਸਾਹਬ ਮੁਸਕਰਾ ਪਏ।

"ਫੇਰ ਤਾਂ ਆਪਣੇ ਕੰਮ ਆ ਸਕਦੈ।" ਚੰਦਾ ਸਿੰਘ ਨੇ ਤਜਵੀਜ਼ ਕੀਤੀ।

"ਉਸ ਦੇ ਦਿਲ ਅੰਦਰ ਨੇਕੀ ਦਾ ਬੀਜ ਉਗਿਆ ਹੋਇਆ ਹੈ ਕੇਵਲ ਸਿੰਜਣ ਦੀ ਲੋੜ ਹੈ।"

ਭਾਈ ਸਾਹਬ ਦੀ ਗੱਲ ਸੁਣ ਕੇ ਚੰਦਾ ਸਿੰਘ ਨੇ ਹੁੰਗਾਰਾ ਦਿੱਤਾ—"ਬਿਲਕੁਲ ਠੀਕ ਐ, ਬਿਲਕੁਲ ਠੀਕ।"

"ਸਿੰਘਾਪੁਰ ਸਾਡਾ ਇੱਕ ਪੱਕਾ ਮਿੱਤਰ ਹੈ ਬਖਤੌਰ ਸਿੰਘ। ਉਹ ਨੱਥਾ ਸਿੰਘ ਦਾ ਭਾਈਬੰਦ ਹੈ। ਨੱਥਾ ਸਿਘ ਬਹੁਤ ਕੱਚਾ ਹੈ ਪਰ ਉਸ ਨੂੰ ਵੀ ਆਪਣੇ ਪਾਸੇ ਢਾਲਿਆ ਜਾ ਸਕਦਾ ਹੈ। ਹੋ

ਸਕਦਾ ਹੈ ਕਿ ਸਾਡੇ ਕੁੱਝ ਹੋਰ ਬਦੇ ਇਸੇ ਪਾਸਿਉਂ ਆਉਣ। ਗਫੂਰ ਤੇ ਉਹਦੇ ਨਾਲ ਦਾ ਭੇਖੀ-ਸਿਖ ਤਾਂ ਕੋਤਾਭਾਰੂ ਬਹਿ ਨਹੀਂ ਰਹਿਣੇ। ਉਨ੍ਹਾਂ ਨੂੰ ਵਾਪਸ ਸਿੰਘਾਪੁਰ ਜਾਣਾ ਹੀ ਹੋਵੇਗਾ। ਇਸ ਲਈ ਪਠਾਣ ਤੇ ਨੱਥਾ ਸਿੰਘ ਨਾਲ ਪੱਕਾ ਮੇਲ-ਜੋਲ ਕਾਇਮ ਕਰਨਾ ਜ਼ਰੂਰੀ ਜਾਪਦਾ ਹੈ।"

ਭਾਈ ਸਾਹਬ, ਚੰਦਾ ਸਿੰਘ ਤੇ ਬਖਸ਼ੀਸ਼ ਸਿੰਘ ਹੌਲੀ ਹੌਲੀ ਗੱਲਾਂ ਕਰ ਰਹੇ ਸਨ ਪਰ ਉਨ੍ਹਾਂ ਦੀਆਂ ਗੱਲਾਂ ਦੀ ਅਵਾਜ਼ ਸੁਣ ਕੇ ਸ਼ੇਰ ਸਿੰਘ ਉਠ ਖਲੋਤਾ। ਉਸ ਨੂੰ ਖੰਘ ਲੱਗੀ ਹੋਈ ਸੀ। ਉਸ ਨੇ ਪਾਣੀ ਪੀ ਕੇ ਬਾਹਰ ਤਕਿਆ ਤੇ ਕਿਹਾ—"ਤੁਸੀਂ ਅਜੇ ਤੱਕ ਨਹੀਂ ਸੁਤੇ।" ਬਖਸ਼ੀਸ਼ ਸਿਘ ਨੂੰ ਵੇਖ ਕੇ ਉਸ ਨੇ ਪੁਛਿਆ—"ਤੁਸੀਂ ਕਦੋਂ ਆਏ ?"

"ਹੁਣੇ ਆਇਆਂ।"

"ਸ਼ੇਰ ਸਿੰਹਾਂ। ਕੁਰਸੀ ਖਿਚ ਲਿਆ ਤੇਰੇ ਨਾਲ ਗੱਲ ਕਰਨੀ ਐ !" ਉਹ ਉਨ੍ਹੀਂਦੇ ਵਿੱਚ ਸੀ। ਸੌਣਾ ਚਾਹੁੰਦਾ ਸੀ ਪਰ ਇਕ ਕੁਰਸੀ ਘਸੀਟ ਕੇ ਉਨ੍ਹਾਂ ਕੋਲ ਬੈਠ ਗਿਆ।

"ਸਿੰਘ ਸਾਹਬ ਤੇ ਠਾਕਰ ਸਿਹੁੰ ਹੋਰਾਂ ਬੰਕੋਕ ਜਾਣੈ।" "ਚੰਦਾ ਸਿੰਘ ਨੇ ਦਸਿਆ।"

"ਮੈਂ ਪਹਿਲੋਂ ਹੀ ਬੁੱਝ ਗਿਆ ਸੀ।" ਉਸ ਦੀ ਗਲ ਸੁਣ ਕੇ ਭਾਈ ਸਾਹਬ ਨੇ ਉਸ ਦੇ ਚਿਹਰੇ ਉੱਤੇ ਭਰਪੂਰ ਨਜ਼ਰ ਸੁਟੀ।

"ਮੈਂ ਤੇ ਮੱਖਣ ਸਿੰਘ ਦੋਵੇਂ ਇਨ੍ਹਾਂ ਨੂੰ ਛੱਡ ਕੇ ਆਵਾਂਗੇ।"

"ਦੋਹਾਂ ਦਾ ਜਾਣਾ ਜ਼ਰੂਰੀ ਨਹੀਂ। ਇੱਕ ਬੰਦਾ ਜਾਓ।" ਚੰਦਾ ਸਿੰਘ ਨੇ ਤਜਵੀਜ ਕੀਤੀ।

"ਫੇਰ ਮੈਂ ਆਪ ਜਾਵਾਂਗਾ।"

ਠਾਕਰ ਸਿੰਘ, ਭਾਈ ਸਾਹਬ ਨੂੰ "ਸਿੰਘ ਸਾਹਬ" ਕਹਿ ਕੇ ਬੁਲਾਂਦਾ ਸੀ। ਚੰਦਾ ਸਿੰਘ ਨੇ ਵੀ "ਸਿੰਘ ਸਾਹਬ" ਕਹਿਣਾ ਸ਼ੁਰੂ ਕਰ ਦਿੱਤਾ ਸੀ। ਚੰਦਾ ਸਿੰਘ ਨੇ ਦਸਿਆ—"ਸਿੰਘ ਸਾਹਿਬ ! ਇਹ ਸ਼ੇਰ ਸਿਹੁੰ ਐ। ਪਹਿਲੀ ਵਾਰੀ ਇਸੇ ਸਿੰਘ ਨੇ ਸਾਨੂੰ "ਗਦਰ" ਅਖਬਾਰ ਦੇ ਦਰਸ਼ਨ ਕਰਵਾਏ ਸਨ।"

"ਭਾਈ ਸ਼ੇਰ ਸਿੰਘ ਜੀ। ਤੁਸੀਂ ਸੇਠ ਬੁੱਢਾ ਸਿੰਘ ਜੀ ਨੂੰ ਤਾਂ ਜਾਣਦੇ ਹੋਵੋਗੇ।"

"ਸਾਨੂੰ ਪਹਿਲੀ ਵਾਰੀ ਸੇਠ ਹੋਰਾਂ ਹੀ ਬਜਾਜੀ ਹੁਦਾਰੀ ਦਿਤੀ ਸੀ।"

"ਸ਼ੇਰ ਸਿਹਾਂ ! ਛੱਡ ਬਜਾਜੀਆਂ ਦੀਆਂ ਗੱਲਾਂ। ਸਿਧਾ ਹੋ ਕੇ ਗੱਲ ਕਰ। ਤੈਨੂੰ ਬੰਕੋਕ ਛਡ ਕੇ ਏਥੇ ਜੰਗਲ ਵਿੱਚ ਬਜਾਜੀ ਵੇਚਣ ਦੀ ਕੀ ਲੋੜ ਪਈ ਸੀ ? ਤੂੰ "ਗਦਰ" ਕਿਥੋਂ ਲਿਆ ਸੀ ?"

ਸ਼ੇਰ ਸਿੰਘ ਹੱਥ ਜੋੜ ਕੇ ਖੜਾ ਹੋ ਗਿਆ—"ਜੀ ! ਸੇਠ ਜੀ ਤੋਂ ! ਅਸੀਂ ਨਿੱਕੇ ਨਿੱਕੇ ਵਪਾਰੀ ਆਂ। ਡਰ ਡਰ ਕੇ ਰਹਿੰਦੇ ਆਂ।"

"ਤੇ ਸੇਠ ਹੋਰੀਂ.....।" ਚੰਦਾ ਸਿੰਘ ਦੀ ਗੱਲ ਵਿੱਚੋਂ ਹੀ ਫੜ ਕੇ ਸ਼ੇਰ ਸਿੰਘ ਬੋਲ ਪਿਆ—"ਸੇਠ ਜੀ ਤਾਂ ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਦੇ ਵਪਾਰੀ ਐ। ਅਸਾਂ ਅਜੇ ਪਹਿਲੀ ਬਜਾਜੀ ਦੇ ਵੀ ਪੈਸੇ ਨਹੀਂ ਮੋੜੇ। ਜਦ ਕਹੋ ਕਹਿੰਦੇ ਐ ਆ ਜਾਣਗੇ।"

"ਫੇਰ ਸ਼ੇਰ ਸਿੰਘ ਜੀ ! ਤੁਸੀਂ ਸਾਨੂੰ ਸੇਠ ਜੀ ਪਾਸ ਲੈ ਚਲੋ।" ਭਾਈ ਸਾਹਬ ਨੇ ਬੇਨਤੀ ਕੀਤੀ।

"ਸਿੰਘ ਸਾਹਬ ! ਥੱਕੇ ਹੋਵੋਗੇ । ਤੁਸੀਂ ਵੀ ਥੋੜਾ ਆਰਾਮ ਕਰ ਲੌ ।" ਕਹਿ ਕੇ ਚੰਦਾ ਸਿੰਘ ਉੱਠ ਖਲੋਤਾ । ਉਸ ਦੇ ਨਾਲ ਹੀ ਭਾਈ ਸਾਹਬ ਤੇ ਬਖਸ਼ੀਸ਼ ਸਿੰਘ ਵੀ ਉੱਠ ਪਏ ।

ਸ਼ੇਰ ਸਿੰਘ ਨੇ ਆਕੜ ਭੰਨਦਿਆਂ ਕਿਹਾ—"ਮੈਨੂੰ ਝਾਂ ਹੁਣ ਨੀਂਦ ਨਹੀਂ ਆਉਣੀ । ਮੈਂ ਹੁਣੇ ਤਿਆਰ ਹੋ ਜਾਣੈ । ਪਹਿਲੀ ਗੱਡੀ ਹੀ ਫੜ ਲਈਏ ।"

੨੮

ਪੰਜਾਬ ਵਿੱਚ ਫੜੇ ਗਏ ਤੇ ਮੁਖਬਰ ਬਣ ਗਏ ਬੰਦਿਆਂ ਤੋਂ ਮਲਾਯਾ ਦੀ ਅੰਗਰੇਜ਼ ਸਰਕਾਰ ਨੂੰ ਪਤਾ ਲੱਗ ਚੁੱਕਾ ਸੀ ਕਿ ਅਮਰੀਕਾ, ਕੈਨੇਡਾ, ਸ਼ੰਘਾਈ, ਹਾਂਗਕਾਂਗ ਤੇ ਮਨੀਲੇ ਤੋਂ ਗਦਰੀ ਦੇਸ਼ ਜਾ ਰਹੇ ਸਨ । ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਗਦਰੀ, ਮਲਾਯਾ ਤੇ ਬਰਮਾਂ ਦੀਆਂ ਫੌਜਾਂ ਨੂੰ ਵਿਗਾੜਨ ਲਈ ਫੌਜਾਂ ਵਿੱਚ ਵੀ ਆਪਣਾ ਰਸੂਖ ਕਇਮ ਕਰ ਰਹੇ ਸਨ । ਇਸ ਲਈ ਉਨ੍ਹਾਂ ਮਲਾਯਾ-ਸਿਆਮ ਦੀ ਹੱਦ ਉੱਤੇ ਦੋ ਥਾਈਂ ਨਾਕਾਬੰਦੀ ਕਰਨੀ ਚਾਹੀ। ਇੱਕ ਕੋਤਾਭਾਰੂ ਤੋਂ ਹਟਯਾਈ ਜਾਣ ਵਾਲੇ ਪਾਸੇ ਤੇ ਦੂਜੀ ਪਰੇਮਾ ਤੇ ਅਲੋਰਸਟਰ ਵਲੋਂ ਹਟਯਾਈ ਜਾਣ ਤੱਕ । ਇਸ ਤਰ੍ਹਾਂ ਖੁਫੀਆ ਪੁਲਸ ਦੇ ਤਿੰਨ ਅੱਡੇ ਬਣ ਗਏ । ਇੱਕ ਪੀਨਾਂਗ, ਦੂਜਾ ਕੋਤਾਭਾਰੂ ਤੇ ਤੀਜਾ ਸਿਆਮ ਵਿਚ ਹਟਯਾਈ । ਪੀਨਾਂਗ ਤੇ ਕੋਤਾਭਾਰੂ ਮਲਾਯਾ ਵਿੱਚ ਹੋਣ ਕਰ ਕੇ ਅੰਗਰੇਜ਼ ਜੋ ਚਾਹੁਣ ਕਰ ਸਕਦੇ ਸਨ ਪਰ ਹਟਯਾਈ ਪਹੁੰਚ ਕੇ ਜੇ ਉਨ੍ਹਾਂ ਕੋਈ ਫੜੋ ਫੜਾਈ ਕਰਨੀ ਹੋਵੇ ਤਾਂ ਉਨ੍ਹਾਂ ਨੂੰ ਸਿਆਮ ਦੀ ਪੁਲਸ ਦੀ ਮਦਦ ਲੈਣੀ ਪੈਂਦੀ ਸੀ । ਉਸ ਅੰਗਰੇਜ਼ਾਂ ਦੀ ਪੁਲਸ ਜੋ ਚਾਹਦੀ ਸੀ ਸਿਆਮੀ ਸਰਕਾਰ ਉਸੇ ਉੱਤੇ ਅਮਲ ਕਰ ਦੇਂਦੀ ਸੀ । ਇਸ ਲਈ ਸਿਆਮ ਦੇਸ਼ ਵਿੱਚ ਵੀ ਗਦਰੀ ਲੋਕ ਸੁਰੱਖਿਅਤ ਨਹੀਂ ਸਨ । ਇੱਕ ਪਾਸੇ ਬਰਮਾ ਤੇ ਦੂਜੇ ਪਾਸੇ ਮਲਾਯਾ, ਵਿਚਾਲੇ ਨਪੀੜਿਆ ਸਿਆਮ ਵੀ ਅਰਧ-ਗੁਲਾਮ ਹੋਇਆ ਪਿਆ ਸੀ ।

ਜਦ ਭਾਈ ਸਾਹਬ, ਠਾਕਰ ਸਿੰਘ ਤੇ ਸ਼ੇਰ ਸਿੰਘ ਹਟਯਾਈ ਟੱਪ ਗਏ ਤਾਂ ਭਾਈ ਸਹਬ ਨੇ ਸ਼ੇਰ ਸਿੰਘ ਨੂੰ ਦਸਿਆ—"ਠਾਕਰ ਸਿੰਘ ਹੋਰੀ ਬਜਾਜੀ ਦੀਆਂ ਦੋ ਗੰਢਾਂ ਤੇ ਦੋ ਗਜ ਵੀ ਲੈ ਆਏ ਸਨ ਪਰ ਮੈਂ ਇਨ੍ਹਾਂ ਨੂੰ ਸਲਾਹ ਦਿੱਤੀ ਕਿ ਸਾਨੂੰ ਦੋਹਾਂ ਨੂੰ ਸਿਆਮੀ ਨਹੀਂ ਆਉਂਦੀ । ਫੇਰੀ ਵਾਲੇ ਬਣਨਾ ਹੋਰ ਵੀ ਖਤਰਨਾਕ ਹੈ । ਇਸ ਲਈ ਸਾਰੀ ਬਜਾਜੀ ਸਿੰਘਾਪੁਰ ਹੀ ਛੱਡ ਆਏ ।"

"ਤੁਸੀਂ ਚੰਗਾ ਕੀਤੈ ਜਾਪਦੈ ਫੇਰੀ ਵਾਲਿਆਂ ਉੱਤੇ ਵੀ ਸਰਕਾਰ ਸ਼ਕ ਕਰਦੀ ਐ, ਸੇਠ ਜੀ ਨੇ ਸੁਨੇਹਾ ਭੇਜਿਆ ਸੀ ਕਿ ਕੋਈ ਵੀ ਫੇਰੀ ਵਾਲਾ ਸਿੰਘ "ਗਦਰ ਅਖਬਾਰ" ਆਪਣੀ ਗੰਢ ਵਿੱਚ ਨਾਹ ਰੱਖੇ ।"

ਉਹ ਬੈਠੇ, ਗੱਲਾਂ ਕਰਦੇ ਊਂਘ ਜਾਂਦੇ, ਲੇਟਦੇ, ਜਾਗਦੇ ਧੁੰਮ-ਸਾਂਗ ਪਹੁੰਚ ਗਏ। ਭਾਈ ਸਾਹਬ ਨੇ ਹਟਯਾਈ ਟੱਪਣ ਸਾਰ ਸ਼ੇਰ ਸਿੰਘ ਨੂੰ ਵਾਪਸ ਯਾਲੇ ਮੁੜ ਜਾਣ ਲਈ ਕਿਹਾ ਸੀ ਪਰ ਉਹ ਉਨ੍ਹਾਂ ਨੂੰ ਬੰਕੋਕ ਪਹੁੰਚਾ ਕੇ, ਸੇਠ ਜੀ ਨੂੰ ਮਿਲ ਕੇ, ਕੁੱਝ ਹੋਰ ਬਜਾਜੀ ਲੈ ਕੇ ਮੁੜਨਾ ਚਾਹੁੰਦਾ ਸੀ । ਜਦ ਉਹ ਬੰਕੋਕ ਪਹੁੰਚੇ ਤਾਂ ਉਹ ਉਨ੍ਹਾਂ ਨੂੰ ਇੱਕ ਨਿੱਕੇ ਜਿਹੇ ਸਿਆਮੀ ਹੋਟਲ ਵਿੱਚ ਲੈ ਗਿਆ ।

ਸੂਰਜ ਡੁੱਬਣ ਵਾਲਾ ਸੀ। ਭਾਈ ਸਾਹਬ ਤੇ ਠਾਕਰ ਸਿੰਘ ਇਸ਼ਨਾਨ ਕਰਕੇ ਆਪੋ ਆਪਣੇ ਮੰਜਿਆਂ ਉਤੇ ਜਾ ਲੇਟੇ। ਸ਼ੇਰ ਸਿੰਘ ਨੇ ਇਸ਼ਨਾਨ ਕਰਕੇ ਕਮਰੇ ਵਿੱਚ ਆਉਂਦਿਆਂ ਕਿਹਾ—"ਮੇਰਾ ਮਨ ਬਹੁਤ ਘਬਰਾਇਆ ਹੋਇਆ ਸੀ। ਮੈਂ ਸੋਚਿਆਂ ਮੈਂ ਵੀ ਨਹਾ ਲਵਾਂ। ਹੁਣ ਦਿਲ ਕੁੱਝ ਟਿਕਾਣੇ ਆ ਗਿਐ। ਮੈਨੂੰ ਤਾਂ ਬੜੀ ਭੁੱਖ ਲੱਗੀ ਐ। ਰਾਹ ਵਿੱਚ ਵੀ ਚੰਗਾ ਖਾਣਾ ਨਹੀਂ ਲਭਾ। ਤੁਹਾਨੂੰ ਵੀ ਭੁੱਖ ਲੱਗੀ ਹੋਵੇਗੀ। ਮਨ ਕਰਦੈ ਕਿ ਕਿਸੇ ਸੱਜਣ ਦੇ ਘਰੋਂ ਰੋਟੀ ਪਕਵਾ ਲਿਆਵਾਂ। ਸੇਠ ਹੋਰਾਂ ਦੇ ਘਰ ਦਾ ਮੈਨੂੰ ਪਤਾ ਨਹੀਂ ਮੈਂ ਤਾਂ ਦੁਕਾਨ ਈ ਜਾਣਦਾਂ।"

"ਨਹੀਂ ਨਹੀਂ ਤੁਸੀਂ ਖੇਚਲ ਨਾ ਕਰਨੀ। ਅਸੀਂ ਉਬਲੇ ਹੋਏ ਚੌਲ ਖਾ ਲਾਂਗੇ। ਅੱਗੇ ਵੀ ਖਾਂਦੇ ਆਏ ਹਾਂ।" ਭਾਈ ਸਹਬ ਦੀ ਗੱਲ ਸੁਣ ਕੇ ਸ਼ੇਰ ਸਿੰਘ ਇੱਕ ਮਿੰਟ ਲਈ ਬਾਹਰ ਗਿਆ ਤੇ ਫਿਰ ਉਨ੍ਹਾਂ ਦੀ ਪੁਆਂਦੀ ਬਹਿ ਗਿਆ। ਭਾਈ ਸਾਹਬ ਨੀਵੀਂ ਪਾਈ ਬੈਠੇ ਸਨ। ਉਸ ਨੇ ਨਿੱਕਾ ਜਿਹਾ ਖੰਘੂਰਾ ਮਾਰ ਕੇ, ਭਾਈ ਸਾਹਬ ਦਾ ਧਿਆਨ ਆਪਣੇ ਵੱਲ ਕਰਨ ਦਾ ਜਤਨ ਕੀਤਾ ਪਰ ਭਾਈ ਸਾਹਬ ਅਡੋਲ ਬੈਠੇ ਰਹੇ ਤੇ ਪਹਿਲਾਂ ਵਾਗੂੰ ਨੀਵੀਂ ਪਾਈ ਰੱਖੀ।

"ਸਿੰਘ ਸਾਹਿਬ।"

"ਜੀ ਭਾਈ ਸ਼ੇਰ ਸਿੰਘ ਜੀ।"

"ਤੁਹਾਡੇ ਨਾਲ ਸਫਰ ਕਰ ਕੇ ਤੁਹਾਡੀਆਂ ਗੱਲਾਂ ਸੁਣ ਕੇ ਮਨ ਕਰਦੈ ਕਿ ਇਹ ਜੀਵਨ ਸਤਗੁਰੂ ਦੇ ਲੇਖੇ ਲਾ ਦਈਏ ਪਰ ਫਿਰ ਪਤਾ ਨਹੀਂ ਕੀ ਗੱਲ ਐ, ਡਰ ਜਾਂਦਾ।" ਕਹਿ ਕੇ ਸ਼ੇਰ ਸਿੰਘ ਨੇ ਨੀਵੀਂ ਪਾ ਲਈ।

"ਸ਼ੇਰ ਸਿੰਘ ਜੀ! ਸ਼ੇਰ ਕੀ ਤੇ ਡਰ ਕੀ! ਡਰ ਤਾਂ ਆਪਣੇ ਮਨ ਦੀ ਢਲਿਆਈ ਕਰਕੇ ਉਤਪਨ ਹੁੰਦਾ ਹੈ। ਮਨ ਤਕੜਾ ਕਰੋ। ਯਾਲੇ ਤੇ ਹਟਯਾਈ ਦੇ ਅੱਡੇ ਪੱਕੇ ਕਰੋ। ਪਠਾਣ ਠੇਕੇਦਾਰ ਨਾਲ ਮੇਲ ਜੋਲ ਰਖੋ। ਭਾਈ ਚੰਦਾ ਸਿੰਘ ਤੇ ਬਖਸ਼ੀਸ਼ ਸਿੰਘ ਪੱਕੇ ਗੁਰਮੁਖ ਪਿਆਰੇ ਹਨ। ਇਹ ਸ਼ਰੀਰ ਅੱਜ ਨਹੀਂ ਤਾਂ ਕਲ ਢਹਿ ਢੇਰੀ ਹੋ ਜਾਣਾ ਹੈ। ਜੇ ਇਹ ਅਮੋਲ ਜੀਵਨ ਕਿਸੇ ਕੰਮ ਲੱਗ ਜਾਏ, ਜੇ ਇਹ ਪੰਜ ਭੂਤਕ ਸਰੀਰ ਧਰਮ-ਯੁੱਧ ਵਿੱਚ ਆਪਣੀ ਅਹੂਤੀ ਪਾ ਸਕੇ ਤਾਂ ਧੰਨਭਾਗ ਹੋਣਗੇ ਸਾਡੇ। ਜੇ ਧਰਮ-ਯੁੱਧ ਵਿੱਚ ਫਤਹ ਪ੍ਰਾਪਤ ਹੋ ਗਈ ਤਾਂ ਫਿਰ "ਲਾਲ ਰੰਗ ਤਿਸ ਕਉ ਲਗਾ ਜਿਸ ਕੇ ਵਡਭਾਗਾ" ਵਾਲੀ ਗੱਲ ਹੋ ਨਿਬੜੇਗੀ।" ਕਹਿ ਕੇ ਭਾਈ ਸਾਹਿਬ ਚੁਪ ਹੋ ਗਏ।

ਇੱਕ ਸਿਆਮੀ ਉਬਲੇ ਹੋਏ ਚਾਵਲ ਤੇ ਸਬਜੀਆਂ ਲੈ ਕੇ ਕਮਰੇ ਵਿੱਚ ਆ ਵੜਿਆ। ਉਸੇ ਵੇਲੇ ਤਿੰਨੇ ਖਾਣ ਬੈਠ ਗਏ। ਸਿਰਕੇ ਵਿੱਚ, ਰਗੜ ਕੇ ਪਾਈਆਂ ਹੋਈਆਂ ਲਾਲ ਮਿਰਚਾਂ ਦੀ ਨਿੱਕੀ ਜਿਹੀ ਪਲੇਟ ਚੁਕ ਕੇ, ਸ਼ੇਰ ਸਿੰਘ ਨੇ ਚਾਵਲਾਂ ਵਾਲੀ ਪਲੇਟ ਵਿੱਚ ਉਲਟ ਲਈ। ਠਾਕਰ ਸਿੰਘ ਨੇ ਕਿਹਾ—"ਸ਼ੇਰ ਸਿਹਾਂ ਏਨੀਆਂ ਮਿਰਚਾ ਨਹੀਂ ਖਾਣੀਆਂ ਚਾਹੀਦੀਆਂ।"

"ਸਿਰਕੇ 'ਚ ਮਿਰਚਾਂ ਦੀ ਕੁੜੱਤਣ ਮਰ ਜਾਂਦੀ ਐ। ਜਰਾ ਨਹੀਂ ਕੌੜੀਆਂ। ਜਰਾ ਖਾ ਕੇ ਵੇਖੋ।"

"ਨਹੀਂ, ਨਹੀਂ, ਮੈਂ ਤਾਂ ਨਹੀਂ ਖਾਣੀਆਂ ਬ੍ਰਾਹਲੀਆਂ। ਮਿਰਚਾ ਖਾਣ ਨਾਲ ਬਵਾਸੀਰ ਹੋ ਜਾਂਦੀ ਐ।"

ਖਾਣਾਂ ਖਾਣ ਸਾਰ ਸ਼ੇਰ ਸਿੰਘ ਨੇ ਉੱਠਦਿਆ ਹੱਥ ਜੋੜ ਕੇ ਕਿਹਾ—"ਤੁਸੀਂ ਆਰਾਮ ਕਰੋ। ਮੈਂ ਗੁਰਦੁਆਰੇ ਜਾ ਕੇ ਪਤਾ ਕਰਦਾਂ ਸੇਠ ਜੀ ਦੇ ਘਰ ਦਾ।"

ਉਹ ਬੂਹਾ ਭੀੜ ਕੇ ਬਾਹਰ ਨਿਕਲ ਤੁਰਿਆ। ਸੂਰਜ ਡੁੱਬ ਚੁੱਕਾ ਸੀ। ਸ਼ੇਰ ਸਿੰਘ ਨੀਵੀਂ ਪਾਈ ਗੁਰਦੁਆਰੇ ਵੱਲ ਜਾ ਰਿਹਾ ਸੀ।

੨੯

ਜਦ ਜਹਾਜ਼ ਪੀਨਾਂਗ ਲੱਗਾ ਤਾਂ ਕਰਤਾਰ ਕੌਰ ਤੇ ਕਰਤਾਰ ਸਿੰਘ ਨਵਾਂ ਚੰਦ ਅੱਡੀਆਂ ਚੁੱਕ ਚੁੱਕ ਕੇ ਕੰਢੇ ਵੱਲ ਤੱਕਣ ਲੱਗੇ। ਤਿੰਨੇ ਬੱਚੇ ਉਨ੍ਹਾਂ ਦੇ ਪਿੱਛੇ ਖਲੋਤੇ ਸਨ। ਹਰਿਦਿਆਲ ਸਿੰਘ ਬਾਹਰ ਵੱਲ ਤੱਕਣ ਲਈ ਜਿਦ ਕਰ ਰਿਹਾ ਸੀ। ਨਾਲ ਹੀ "ਬਾਪੂ! ਬਾਪੂ ਵਾਜਾਂ ਮਾਰ ਰਿਹਾ ਸੀ। ਕਰਤਾਰ ਸਿਘ ਉਸ ਨੂੰ ਰਾਹ ਵਿੱਚ ਵਰਚਾਉਣ ਲਈ ਕਹਿੰਦਾ ਆਇਆ ਸੀ ਕਿ ਜਦ ਜਹਾਜ਼ ਖਲੋਵੇਗਾ ਤਾਂ ਤੇਰਾ ਬਾਪੂ ਆ ਜਾਏਗਾ। ਉਹ ਹੁਣ ਬਾਪੂ ਦੀ ਉਡੀਕ ਵਿੱਚ ਸੀ। ਕਰਤਾਰ ਸਿੰਘ ਨੇ ਉਸ ਨੂੰ ਆਪਣੇ ਕੰਧਾੜੇ ਚੁੱਕ ਲਿਆ। ਉਹ ਚੁੱਪ ਕਰ ਗਿਆ।

ਊਧਮ ਕੌਰ ਤੇ ਨਿਰੰਜਨ ਕੌਰ ਵੀ ਆਪਣੀ ਮਾਂ ਦੇ ਸੱਜੇ ਖੱਬੇ ਖੜੀਆਂ ਬਾਹਰ ਵੱਲ ਤੱਕਣ ਲਈ ਜਿੱਦ ਕਰ ਰਹੀਆਂ ਸਨ। ਜਹਾਜ਼ ਦੀ ਬੰਨੀ ਉੱਚੀ ਸੀ। ਉਹ ਕੁੱਝ ਨਹੀਂ ਸਨ ਵੇਖ ਸਕਦੀਆਂ। ਕਰਤਾਰ ਕੌਰ ਉਨ੍ਹਾਂ ਨੂੰ ਚੁੱਕ ਕੇ ਬਾਹਰ ਵਾਲਾ ਪਾਸਾ ਵਿਖਾਉਣਾ ਚਾਹੁੰਦੀ ਸੀ ਪਰ ਉਹ ਉਨ੍ਹਾਂ ਦੀ ਗੱਲ ਸੁਣੀ ਅਣਸੁਣੀ ਕਰਕੇ ਅਡੋਲ ਖਲੋਤੀ ਬਾਹਰ ਵੱਲ ਤਕਦੀ ਰਹੀ। ਸਮੁੰਦਰ ਦਾ ਕੰਢਾ ਕਾਫੀ ਦੂਰ ਸੀ। ਜਹਾਜ਼ ਡੂੰਘੇ ਪਾਣੀ ਵਿੱਚ ਖਲੋਤਾ ਸੀ। ਪੀਨਾਂਗ ਉਤਰਨ ਵਾਲਾ ਮੁਸਾਫਰ ਕੋਈ ਨਹੀਂ ਸੀ। ਸਭ ਚੜ੍ਹਨ ਵਾਲੇ ਹੀ ਸਨ। ਬੋਟ ਤੇ ਬੇੜੀਆਂ ਜਹਾਜ਼ ਨਾਲ ਲੱਗ ਰਹੀਆਂ ਸਨ। ਕਰਤਾਰ ਸਿੰਘ ਨੇ ਹਰਿਦਿਆਲ ਸਿੰਘ ਨੂੰ ਕੰਧਾੜੇ ਤੋਂ ਉਤਾਰ ਦਿੱਤਾ। ਉਹ ਰੋ ਰਿਹਾ ਸੀ। ਉਸ ਦੀ ਮਾਂ ਉਸ ਨੂੰ ਚੁਪ ਕਰਾ ਰਹੀ ਸੀ। ਕਰਤਾਰ ਸਿੰਘ ਹੱਥਾਂ ਦੇ ਛਪਰ ਬਣਾ ਕੇ ਅੱਖਾਂ ਉਤੇ ਰੱਖ ਕੇ, ਸਾਰੀ ਨੀਝ ਲਾ ਕੇ ਸਮੁੰਦਰ ਦੇ ਕੰਢੇ ਵੱਲ ਤਕ ਰਿਹਾ ਸੀ। ਉਸ ਦਾ ਖਿਆਲ ਸੀ ਕਿ ਸ਼ਾਇਦ ਭਾਈ ਸਾਹਿਬ ਤੇ ਠਾਕਰ ਸਿੰਘ ਉਨ੍ਹਾਂ ਦੇ ਜਹਾਜ਼ ਦੀ ਉਡੀਕ ਵਿੱਚ ਉਥੇ ਆਏ ਹੋਣ।

ਉਨ੍ਹਾਂ ਦੇ ਵੇਖਦਿਆਂ ਵੇਖਦਿਆਂ ਦੋ ਵੱਡੇ-ਵੱਡੇ ਬੋਟ ਜਹਾਜ਼ ਨਾਲ ਲੱਗੇ। ਪਹਿਲੋਂ ਦੋ ਗੋਰੇ ਅਫਸਰ ਉਤਰੇ। ਉਨ੍ਹਾਂ ਦੇ ਪਿੱਛੇ-ਪਿੱਛੇ ਅੱਠ ਦਸ ਹਿੰਦੁਸਤਾਨੀ ਤੇ ਮਲਾਈ ਵੀ ਉਤਰੇ। ਉਹ ਦਬਾ-ਦਬ ਪੌੜੀਆਂ ਚੜ੍ਹ ਕੇ ਜਹਾਜ਼ ਵਿੱਚ ਆ ਚੜ੍ਹੇ। ਕਰਤਾਰ ਸਿੰਘ ਨੇ ਅੰਦਾਜ਼ਾ ਲਾਇਆ ਕਿ ਇਮੀ-ਗਰੇਸ਼ਨ ਤੇ ਕਸਟਮ ਵਾਲੇ ਹੋਣਗੇ। ਉਨ੍ਹਾਂ ਵਿੱਚੋਂ ਇੱਕ ਚਿੱਟੇ ਕੱਪੜੀਏ ਸਿੱਖ ਨੇ ਕਰਤਾਰ ਸਿੰਘ ਦੇ ਸਾਹਮਣੇ ਰੁਕਦਿਆਂ ਪੁੱਛਿਆ—"ਤੇਰਾ ਨਾਉਂ ਠਾਕਰ ਸਿਹੁੰ ਐ?"

"ਨਹੀਂ?"

"ਫੇਰ ਤੇਰਾ ਨਾਉਂ ਬਲਵੰਤ ਸਿਹੁੰ ਹੋਣੈ।"

"ਨਹੀਂ ?"

"ਫੇਰ ਤੇਰਾ ਨਾਉਂ ਕੀ ਐ ?"

"ਕਰਤਾਰ ਸਿਹੁੰ ।"

ਉਸ਼ ਸਿੱਖ ਨੇ ਕਰਤਾਰ ਕੌਰ ਤੇ ਬੱਚਿਆਂ ਵੱਲ ਤੱਕ ਕੇ ਪੁੱਛਿਆ—"ਇਰ ਛੇਰਾ ਟੱਬਰ ਐ ?"

"ਨਹੀਂ, ਮੇਰੀ ਭੈਣ ਤੇ ਇਹਦੇ ਬੱਚੇ ਐ ।"

"ਤੇ ਇਹਦੇ ਘਰ ਆਲਾ ।"

"ਉਹ ਚੰਘਈ ਐ ।"

"ਪੁਲਸ 'ਚ ਹੋਣੈ ?"

ਉਸ ਦੇ ਸੁਆਲ ਦਾ ਉੱਤਰ ਨਾ ਦੇਣ ਦੀ ਨੀਅਤ ਨਾਲ ਕਰਤਾਰ ਸਿੰਘ ਨੇ ਹਰਿਦਿਆਲ ਸਿੰਘ ਨੂੰ ਚੁਕ ਲਿਆ ।

"ਤੂੰ ਤਾਂ ਜਾਗਾ ਕਰਦਾ ਹੋਣੈ ।"

ਕਰਤਾਰ ਸਿੰਘ ਨੇ ਹਾਂ ਵਿੱਚ ਸਿਰ ਹਿਲਾ ਦਿੱਤਾ ।

"ਤੇਰਾ ਪਿੰਡ ਕਿਹੜੈ ?"

"ਨਵਾਂ ਚੰਦ ।"

"ਮੈਂ ਤਾਂ ਪਹਿਲੋਂ ਈ ਬੁੱਝ ਲਿਆ ਸੀ ਕਿ ਮਲਵਈ ਈ ਹੋਣੈ । ਤੂੰ ਤਾਂ ਆਪਣਾ ਪੇਂਡੂ ਈ ਐ ।" ਕਹਿ ਕੇ ਉਹ ਅੱਗੇ ਤੁਰ ਗਿਆ ।

ਜਦ ਉਹ ਦੂਰ ਨਿਕਲ ਗਿਆ ਤਾਂ ਕਰਤਾਰ ਸਿੰਘ ਦੇ ਸਾਹ ਵਿੱਚ ਸਾਹ ਆਇਆ। ਜਦ ਉਹ ਗੱਲਾਂ ਕਰ ਰਹੇ ਸਨ ਤਾਂ ਕਰਤਾਰ ਕੌਰ ਦੂਰ ਹੋ ਕੇ ਖਲੋ ਗਈ ਸੀ। ਉਸ ਨੇ ਕਰਤਾਰ ਕੌਰ ਕੋਲ ਜਾ ਕੇ ਉਸ ਦੇ ਕੰਨ ਨਾਲ ਮੂੰਹ ਲਾ ਕੇ ਕਿਹਾ—"ਭੈਣ ਜੀ ! ਇਹ ਖੁੜੀਆਂ ਸੀ। ਸਿਘ ਸਾਹਿਬ ਤੇ ਠਾਕਰ ਸਿਹੁੰ ਨੂੰ ਲੱਭਦੇ ਫਿਰਦੇ ਐ। ਚੰਗਾ ਹੋਇਐ ਉਹ ਸਾਡੇ ਨਾਲ ਜਹਾਜ਼ ਨਹੀਂ ਚੜ੍ਹੇ। ਨਹੀਂ ਤਾਂ ਉਹਨਾਂ ਏਥੇ ਈ ਫੜੇ ਜਾਣਾ ਸੀ।"

"ਇਹਨਾਂ ਔਂਤਰਿਆਂ ਨੂੰ ਕਿੱਦਾਂ ਪਤਾ ਲੱਗਾ ਹੋਊ ।"

"ਆਪਣੇ ਹਜ਼ਾਰਾਂ ਦੇਸੀ ਘੁੱਤੇ ਹਲਕ ਹਲਕ ਕਰਦੇ ਫਿਰਦੇ ਐ। ਕਿਸੇ ਭੁੱਖੇ ਕੁੱਤੇ ਨੂੰ, ਫਰੰਗੀਆਂ ਬੁਰਕੀ ਪਾ ਦਿਤੀ ਹੋਊ। ਥੋੜੀ ਲੁਕਾਈ ਹਲਕਾਈ ਹੋਈ ਫਿਰਦੀ ਐ !"

"ਬੇੜੀ ਡੁੱਬੇ ਇਹਨਾਂ ਚੁਗਲਾਂ ਦੀ।" ਕਹਿ ਕੇ ਕਰਤਾਰ ਕੌਰ ਰੋ ਰਹੀ ਨਿਰੰਜਨ ਕੌਰ ਨੂੰ ਚੁੱਪ ਕਰਾਉਣ ਲੱਗ ਪਈ। ਉਧਮ ਕੌਰ ਨੇ ਨੇੜੇ ਹੋ ਕੇ ਪੁੱਛਿਆ—"ਮਾਂ ! ਤੂੰ ਕਹਿੰਦੀ ਸੈਂ, ਜਹਾਜ਼ ਰੁਕੂ ਤੇ ਬਾਪੂ ਆ ਜਾਊ। ਆਇਆ ਕਿਉਂ ਨਹੀਂ ਬਾਪੂ ?"

ਉਧਮ ਕੌਰ ਦਾ ਸੁਆਲ ਸੁਣ ਕੇ ਕਰਤਾਰ ਕੌਰ ਆਪ ਫਿਸ ਪਈ। ਕਰਤਾਰ ਸਿੰਘ ਨੇ ਹੌਲੀ ਜਿਹੀ ਕਿਹਾ—ਭੈਣ ਜੀ ! ਪੁਲਸੀਏ ਅਜੇ ਵਾਪਸ ਨਹੀਂ ਗਏ। ਜ਼ਰਾ ਹੌਸਲਾ ਕਰੋ। ਕਰਤਾਰ ਕੌਰ ਨੇ ਦੁਪੱਟੇ ਦੀ ਨੁਕਰ ਨਾਲ ਆਪਣੀਆਂ ਅੱਖਾਂ ਪੂੰਝਦਿਆਂ ਉਧਮ ਕੌਰ ਨੂੰ ਆਪਣੀ ਛਾਤੀ ਨਾਲ ਘੁੱਟ ਲਿਆ ।

੩੦

ਮੀਨਾਂਗ ਤੋਂ ਤੁਰ ਕੇ, ਜਹਾਜ਼ ਡੂੰਘੇ ਪਾਣੀਆਂ ਵਿੱਚ ਉਤਰਿਆ ਹੀ ਸੀ ਕਿ ਪਾਣੀ ਦੀਆਂ ਛੱਲਾਂ ਉੱਚੀਆਂ ਉੱਠਣ ਲੱਗ ਪਈਆਂ। ਜਹਾਜ਼ ਡੋਲਣ ਲੱਗ ਪਿਆ। ਜਹਾਜ਼ ਦੀ ਚਾਲ ਪਹਿਲਾਂ ਨਾਲੋਂ ਵੀ ਮਧਮ ਹੋ ਗਈ। ਡੈੱਕ ਉਤਲੇ ਮੁਸਾਫਰ ਘਬਰਾਏ ਹੋਏ ਸਨ। ਉਨ੍ਹਾਂ ਦੇ ਭਾਂਡੇ ਏਧਰ ਓਧਰ ਰਿੜ੍ਹਨ ਲੱਗ ਪਏ। ਹਰਿਦਿਆਲ ਸਿੰਘ ਕਰਤਾਰ ਸਿੰਘ ਦੀ ਗੋਦ ਵਿੱਚ ਬੈਠਾ ਸੀ। ਕਰਤਾਰ ਕੌਰ ਨੇ ਊਧਮ ਕੌਰ ਤੇ ਨਿਰੰਜਨ ਕੌਰ ਨੂੰ ਆਪਣੀਆਂ ਦੋਹਾਂ ਬਾਹਾਂ ਵਿੱਚ ਲਪੇਟਿਆ ਹੋਇਆ ਸੀ।

ਉਨ੍ਹਾਂ ਦੇ ਗੁਆਂਢ ਲੇਟੀ ਇੱਕ ਔਰਤ ਆਪਣੇ ਬਿਸਤਰੇ ਉੱਤੇ ਹੀ ਉਕਾਰੀਆਂ ਕਰ ਰਹੀ ਸੀ। ਉਸ ਪਾਸ ਬਿਸਤਰੇ ਤੋਂ ਉਠ ਕੇ ਪਰੇ ਹੋਣ ਦੀ ਵੀ ਹਿੰਮਤ ਨਹੀਂ ਸੀ। ਉਸ ਦੀਆਂ ਉਕਾਰੀਆਂ ਵੇਖ ਕੇ ਕਰਤਾਰ ਕੌਰ ਨੇ ਆਪਣੇ ਮੂੰਹ ਅੱਗੇ ਦੁਪਟੇ ਦਾ ਦਬਾ ਦੇ ਲਿਆ। ਦੂਜੇ ਪਾਸੇ ਮੂੰਹ ਭੁਆ ਕੇ ਬਹਿ ਗਈ ਪਰ ਉਸ ਔਰਤ ਦੀਆਂ ਉਕਾਰੀਆਂ ਕਰਨ ਦੀ ਲਗਾਤਾਰ ਅਵਾਜ਼ ਆਉਣ ਕਰ ਕੇ ਉਸ ਦਾ ਦਿਲ ਵੀ ਖਰਾਬ ਹੋਣ ਲੱਗ ਪਿਆ। ਉਸ ਨੇ ਆਪਣੇ ਝੋਲੇ ਵਿੱਚੋਂ ਕਾਲੇ ਲੂਣ ਦੀ ਇੱਕ ਨਿੱਕੀ ਜਹੀ ਖਿਟੀ ਕੱਢ ਕੇ ਚੱਟਣੀ ਸ਼ੁਰੂ ਕਰ ਦਿੱਤੀ।

ਜਹਾਜ਼ ਲਗਾਤਾਰ ਡੋਲ ਰਿਹਾ ਸੀ। ਲੋਕ ਚੀਕ ਚਿਹਾੜਾ ਪਾ ਰਹੇ ਸਨ। ਕੋਈ ਨਿੰਬੂ ਲੱਭ ਰਿਹਾ ਸੀ ਤੇ ਕੋਈ ਕਾਲੀਆਂ ਮਿਰਚਾਂ। ਖਲਾਸੀ ਲੋਕ ਚੀਕੇ ਸਨ। ਉਹ ਡੋਲਦੇ ਜਹਾਜ਼ ਵਿੱਚ ਵੀ ਇਸ ਤਰ੍ਹਾਂ ਤੁਰ ਰਹੇ ਸਨ ਜਿਵੇਂ ਧਰਤੀ ਉੱਤੇ ਤੁਰ ਰਹੇ ਹੋਣ। ਇੱਕ ਖਲਾਸੀ ਕਰਤਾਰ ਸਿੰਘ ਨੂੰ ਅਡੋਲ ਬੈਠਾ ਵੇਖ ਕੇ ਉਸ ਦੇ ਪਾਸ ਆ ਗਿਆ। ਉਸ ਨੇ ਹਰਿਦਿਆਲ ਸਿੰਘ ਦੀ ਸੱਜੀ ਗਲ੍ਹ ਉੱਤੇ ਹੱਥ ਲਾਂਦਿਆਂ ਪਿਆਰ ਜਤਲਾ ਕੇ ਕੁੱਝ ਕਿਹਾ ਜਿਸਦੀ ਕਰਤਾਰ ਸਿੰਘ ਨੂੰ ਕੋਈ ਸਮਝ ਨਾ ਪਈ। ਉਸ ਨੇ ਆਪਣੀ ਜੇਬ ਵਿੱਚੋਂ ਇੱਕ ਸਿਗਰਟ ਕੱਢ ਕੇ ਕਰਤਾਰ ਸਿੰਘ ਨੂੰ ਦੇਣਾ ਚਾਹਿਆ। ਉਸਨੇ ਇਸ਼ਾਰੇ ਨਾਲ ਨਾ ਕਰ ਦਿੱਤੀ। ਚੀਨੇ ਖਲਾਸੀ ਨੇ, ਦੂਜੀ ਜੇਬ ਵਿੱਚੋਂ ਚਾਕਲੇਟ ਕੱਢ ਕੇ ਹਰਿਦਿਆਲ ਸਿੰਘ ਦੇ ਹੱਥ ਵਿੱਚ ਦੇਂਦਿਆਂ, ਉਸ ਦੀ ਦੂਜੀ ਗਲ੍ਹ ਉੱਤੇ ਪਟੋਕੀ ਮਾਰੀ। ਹਰਿਦਿਆਲ ਸਿੰਘ ਖੁਸ਼ ਹੋ ਗਿਆ। ਉਹ ਚਾਕਲੇਟ ਉੱਤੋਂ ਕਾਗਜ਼ ਲਹੁਣ ਲੱਗ ਪਿਆ। ਚੀਨਾ ਖਲਾਸੀ ਮੁਸਕਰਾਂਦਾ ਹੋਇਆ ਅੱਗੇ ਲੰਘ ਗਿਆ। ਹਰਿਦਿਆਲ ਸਿੰਘ ਤੋਂ ਕਾਗਜ਼ ਨਹੀਂ ਸੀ ਲਹਿ ਰਿਹਾ। ਕਰਤਾਰ ਸਿੰਘ ਉਸ ਦੀ ਮਦਦ ਕਰਨੀ ਚਾਹੁੰਦਾ ਸੀ ਪਰ ਹਰਿਦਿਆਲ ਸਿੰਘ ਉਸ ਦੀ ਮਦਦ ਲੈਣ ਨੂੰ ਤਿਆਰ ਨਹੀਂ ਸੀ। ਕਰਤਾਰ ਕੌਰ ਨੇ ਚਾਕਲੇਟ ਉੱਤੋਂ ਕਾਗਜ਼ ਲਾਹ ਕੇ ਉਸ ਦੇ ਤਿੰਨ ਟੋਟੇ ਕਰਨੇ ਚਾਹੇ ਪਰ ਹਰਿਦਿਆਲ ਸਿੰਘ ਸਾਰਾ ਚਾਕਲੇਟ ਲੈਣ ਦੀ ਜਿਦ ਕਰ ਰਿਹਾ ਸੀ। ਊਧਮ ਕੌਰ ਨੇ ਜ਼ਰਾ ਖਿੱਝ ਕੇ ਕਿਹਾ—"ਮਾਂ! ਖਾ ਲੈਣ ਦੇਹ ਇਹਨੂੰ। ਹੋ ਲੈਣ ਦੇਹ ਮੋਟਾ।" ਨਿਰੰਜਨ ਕੌਰ ਕਦੇ ਮਾਂ ਵੱਲ ਤਕ ਰਹੀ ਸੀ ਤੇ ਕਦੇ ਚਾਕਲੇਟ ਖਾ ਰਹੇ ਹਰਿਦਿਆਲ ਸਿੰਘ ਵੱਲ। ਉਹ ਦੋਹਾਂ ਹੱਥਾਂ ਵਿੱਚ ਫੜ ਕੇ ਚਾਕਲੇਟ ਖਾ ਰਿਹਾ ਸੀ। ਉਸ ਦੇ ਦੋਵੇਂ ਹੱਥ ਚਾਕਲੇਟ ਨਾਲ ਲਿਬੜ ਗਏ ਸਨ।

ਕਰਤਾਰ ਕੌਰ ਨੇ ਲੇਟ ਜਾਣ ਦੀ ਇੱਛਾ ਪਰਗਟ ਕੀਤੀ। ਲੇਟ ਕੇ ਉਸ ਨੇ ਆਪਣਾ ਚਿਹਰਾ ਦੁਪੱਟੇ ਨਾਲ ਢੱਕ ਲਿਆ। ਉਸ ਦਾ ਦਿਲ ਕੱਚਾ-ਕੱਚਾ ਹੋ ਰਿਹਾ ਸੀ। ਉਹ ਆਪਣੇ ਦਿਲ ਨੂੰ ਕਾਬੂ ਵਿੱਚ ਰੱਖਣ ਦਾ ਯਤਨ ਕਰ ਰਹੀ ਸੀ। ਪਾਣੀ ਦੀਆਂ ਛੱਲਾਂ ਦਾ ਜ਼ੋਰ ਕੁੱਝ ਘਟਿਆ ਤੇ ਜਹਾਜ਼ ਦਾ ਡੋਲ੍ਹਣਾ ਵੀ ਮੱਠਾ ਪੈ ਗਿਆ।

ਸੂਰਜ ਡੁੱਬਣ ਤੇ ਆ ਗਿਆ। ਕਿਸੇ ਮੁਸਾਫ਼ਰ ਨੇ ਰੋਟੀ ਖਾਣ ਵੱਲ ਧਿਆਨ ਨਾ ਦਿੱਤਾ। ਊਧਮ ਕੌਰ, ਨਿਰੰਜਨ ਕੌਰ ਤੇ ਹਰਿਦਿਆਲ ਸਿੰਘ ਬਿਨਾਂ ਖਾਧੇ ਪੀਤੇ ਸੌਂ ਗਏ। ਕਰਤਾਰ ਕੌਰ ਲੇਟੀ ਹੋਈ ਸੋਚਾਂ ਵਿੱਚ ਡੁੱਬੀ ਹੋਈ ਸੀ। ਖਿਆਲਾਂ ਹੀ ਖਿਆਲਾਂ ਵਿੱਚ ਸ਼ਹੀਦ ਭਾਈ ਭਾਗ ਸਿੰਘ ਦੀ ਸਪੁਤਨੀ ਬੀਬੀ ਹਰਨਾਮ ਕੌਰ ਘੜੀ ਮੁੜੀ ਉਸ ਦੇ ਸਾਹਮਣੇ ਆ ਖਲੋਂਦੀ ਸੀ। ਉਹ ਉਨ੍ਹਾਂ ਦੇ ਯਤੀਮ ਬੱਚਿਆਂ ਦਾ ਧਿਆਨ ਕਰਕੇ ਕੁਰਲਾ ਉਠੀ। ਵੈਨਕੂਵਰ ਦੀ ਇਮੀਗਰਿਸ਼ਨ ਜਿਹਲ ਵਿੱਚ ਡੱਕਿਆਂ ਹਰਨਾਮ ਕੌਰ ਨਾਲ ਗੱਲਾਂ ਕਰ ਰਹੀ ਸੀ। ਇਨ੍ਹਾਂ ਖ਼ਿਆਲਾਂ ਤੋਂ ਮਨ ਨੂੰ ਦੂਜੇ ਪਾਸੇ ਲਾਉਣ ਲਈ ਉਸ ਨੇ ਲੇਟਿਆਂ-ਲੇਟਿਆਂ ਹੀ ਕੀਰਤਨ ਸੋਹਿਲੇ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਅਰਦਾਸ ਕੀਤੀ। ਅੱਖਾਂ ਬੰਦ ਕਰਕੇ ਸੌਣ ਦਾ ਜਤਨ ਕਰਨ ਲੱਗੀ ਪਰ ਫਿਰ ਵੀ ਉਸ ਨੂੰ ਨੀਂਦ ਨਹੀਂ ਸੀ ਆ ਰਹੀ।

ਉਹ ਉਠ ਕੇ ਬੈਠ ਗਈ। ਉਸ ਨੇ ਤਿੰਨਾਂ ਬੱਚਿਆਂ ਵੱਲ ਵਾਰੀ-ਵਾਰੀ ਤਕਿਆ। ਕਰਤਾਰ ਸਿੰਘ ਕੁੱਝ ਵਿੱਥ ਉੱਤੇ ਉਸ ਵੱਲ ਪਿੱਠ ਕਰਕੇ ਸੌਣ ਦੇ ਤਰਲੇ ਲੈ ਰਿਹਾ ਸੀ। ਉਸ ਨੂੰ ਵੀ ਨੀਂਦ ਨਹੀਂ ਸੀ ਆ ਰਹੀ। ਕੁੱਝ ਲੋਕ ਸੌਂ ਗਏ ਸਨ। ਕੁੱਝ ਸੌਣ ਦਾ ਜਤਨ ਕਰ ਰਹੇ ਸਨ। ਜਹਾਜ਼ ਡੋਲਣੋਂ ਰੁਕ ਗਿਆ ਸੀ। ਲੋਕਾਂ ਦਾ ਰੌਲਾ ਬੰਦ ਹੋ ਗਿਆ ਸੀ। ਕਰਤਾਰ ਕੌਰ, ਹਰਿਦਿਆਲ ਸਿੰਘ ਦੀ ਪਿੱਠ ਮਲਦੀ-ਮਲਦੀ ਆਪਣੇ ਆਪ ਵਿਚ ਕੁੱਝ ਸੁਖ ਮਹਿਸੂਸ ਕਰ ਰਹੀ ਸੀ। ਉਸ ਨੇ ਉਠਣਾ ਚਾਹਿਆ। ਅੱਧੀ ਜਿਹੀ ਉਠ ਕੇ ਫਿਰ ਬੈਠ ਗਈ।

ਉਸ ਨੇ ਆਪਣੀਆਂ ਅੱਖਾਂ ਉਤੇ ਹੱਥ ਰੱਖਦਿਆਂ ਨਿੱਕੀਆਂ ਨਿੱਕੀਆਂ ਸਿਸਕੀਆਂ ਲੈਣੀਆਂ ਸ਼ੁਰੂ ਕਰ ਦਿਤੀਆਂ। ਕਰਤਾਰ ਸਿੰਘ ਉਸ ਦੀਆਂ ਸਿਸਕੀਆਂ ਸੁਣ ਕੇ ਜਤਲਾ ਰਿਹਾ ਸੀ ਕਿ ਉਹ ਸੌਂ ਗਿਆ ਹੈ। ਉਹ ਸਿਸਕੀਆਂ ਲੈਂਦੀ ਲੈਂਦੀ ਚੁਪ ਹੋ ਗਈ। ਉਹ ਕਹਿ ਰਹੀ ਸੀ—"ਸਤਗੁਰ ਸੱਚੇ ਪਾਤਸ਼ਾਹ, ਮਿਹਰ ਕਰੋ, ਮਿਹਰ ਕਰੋ, ਮਿਹਰ ਕਰੋ। ਮੇਰੇ ਪਤੀ ਦੇ ਸਿਰ ਉੱਤੇ ਆਪਣੀ ਮਿਹਰ ਦਾ ਹੱਥ ਰੱਖੋ। ਮੇਰੇ ਪਤੀ ਨੂੰ ਚੜ੍ਹਦੀਆਂ ਕਲਾਂ ਵਿੱਚ ਰੱਖਣਾ।" ਪਰ ਉਸ ਦਾ ਆਪਣਾ ਮਨ ਡੋਲ ਰਿਹਾ ਸੀ।

ਉਹ ਕੁੱਝ ਦੇਰ ਚੁਪ ਰਹੀ। ਉਹ ਮਨ ਹੀ ਮਨ ਵਿੱਚ ਕਹਿ ਰਹੀ ਸੀ—"ਜੋਧਿਆਂ ਨੂੰ ਗ਼ੁਸਤ ਦੇ ਜੰਜਾਲਾਂ ਵਿੱਚ ਨਹੀਂ ਪੈਣਾ ਚਾਹੀਦਾ।" ਉਸ ਨੂੰ ਝੱਟ ਹੀ ਖਿਆਲ ਆ ਗਿਆ ਕਿ ਦਸਮ ਪਾਤਸ਼ਾਹ ਜੋਧੇ ਵੀ ਸਨ ਤੇ ਗ਼ੁਸਤੀ ਵੀ। ਉਹ ਆਪਣੇ ਮਨ ਹੀ ਮਨ ਵਿੱਚ, ਭਾਈ ਸਾਹਿਬ ਨੂੰ ਆਪਣੇ ਸਾਹਮਣੇ ਤਕ ਕੇ ਕਹਿ ਉਠੀ—"ਤੁਸੀਂ ਦੁਨੀਆਂ ਦਾ ਦਰਦ ਸੰਭਾਲੀ ਬੈਠੇ ਹੋ। ਮੈਂ ਨਿਕਾਰੀ, ਨਿਕੰਮੀ ਤੁਹਾਡੇ ਪੱਲੇ ਪੈ ਗਈ। ਤੁਹਾਡੇ ਬਿਨਾਂ ਮੈਂ ਕੀ ਕਰੂੰ। ਮੈਥੋਂ ਨਹੀਂ ਜੇ ਹੋਣਾ। ਮੈਥੋਂ ਨਹੀਂ ਜੇ ਹੋਣਾ।" ਕਹਿੰਦੀ ਨੇ ਆਪਣੇ ਪੱਟਾਂ ਉੱਤੇ ਦੋਵੇਂ ਹੱਥ ਮਾਰੇ।

ਕਰਤਾਰ ਸਿੰਘ ਸਭ ਕੁੱਝ ਸੁਣ ਰਿਹਾ ਸੀ। ਉਸ ਨੇ ਉੱਠ ਕੇ ਬੈਠਦਿਆਂ ਕਿਹਾ—"ਭੈਣ ਜੀ ! ਭੈਣ ਜੀ !"

"ਵੀਰ ਜੀ, ਵੀਰ ਜੀ ! ਖਿਮਾ ਕਰਨੀ, ਖਿਮਾ ਕਰਨੀ" ਕਹਿੰਦੀ ਉਹ ਲੇਟ ਕੇ ਫਿਰ ਅਧ-ਸਿਸਕੀਆਂ ਲੈਣ ਲੱਗ ਪਈ।

ਕਰਤਾਰ ਸਿੰਘ ਉਠ ਕੇ, ਸੁਤੇ, ਲੇਟੇ ਮੁਸਾਫਰਾਂ ਦੀਆਂ ਦੋਹਾਂ ਪਾਲਾਂ ਵਿਚਲੇ ਰਸਤੇ ਵਿੱਚ ਟਹਿਲਣ ਲੱਗ ਪਿਆ। ਉਸ ਦਾ ਆਪਣਾ ਮਨ ਬੜਾ ਬੇਚੈਨ ਸੀ। ਉਸ ਬੇਚੈਨੀ ਨੂੰ ਦੂਰ ਕਰਨ ਲਈ ਉਹ ਬਾਣੀ ਪੜ੍ਹਨ ਲੱਗ ਪਿਆ।

੨੧

"ਭਾਈ ਸ਼ੇਰ ਸਿੰਘ ਜੀ। ਭਾਈ ਚੰਦਾ ਸਿੰਘ ਜੀ ਦੇ ਘਰ, ਯਾਲੇ, ਸੱਚੇ ਪਾਤਸ਼ਾਹ ਦੇ ਦਰਸ਼ਨ ਕੀਤੇ ਸਨ। ਕਈ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਤੋਂ ਵਾਂਝੇ ਰਹੇ। ਅੱਜ ਦਰਸ਼ਨ ਕਰ ਕੇ ਮਨ ਨੂੰ ਧੀਰਜ ਮਿਲੀ ਹੈ। ਮਨ ਕਰਦਾ ਹੈ ਕਿ ਸੱਚੇ ਪਾਤਸ਼ਾਹ ਦੀ ਹਜੂਰੀ ਵਿੱਚ ਹੀ ਰਹੀਏ।"

"ਸੇਠ ਜੀ ਨੇ ਵੀ ਇਹੋ ਰਾਏ ਦਿੱਤੀ ਐ। ਮੈਂ ਠਾਕਰ ਸਿੰਘ ਨੂੰ ਨਾਲ ਲੈ ਜਾਂਦਾ। ਸਮਾਨ ਲੈ ਔਂਦਾਂ।"

"ਸਮਾਨ ਕਿਹੜਾ ਹੈ ?"

"ਜੋ ਵੀ ਹੈ।" ਫਿਰ ਉਸ ਨੇ ਅੱਗੇ ਪਿੱਛੇ ਤਕ ਕੇ ਹੱਥ ਜੋੜ ਕੇ ਬੜੀ ਨਿਮਰਤਾ ਨਾਲ ਕਿਹਾ—"ਇੱਕ ਦੋ ਸੰਕੇ ਹੈਨ। ਜੇ ਹੁਕਮ ਕਰੋ ਤਾਂ.....।" ਕਹਿੰਦਾ ਹੀ ਉਹ ਚੁੱਪ ਕਰ ਗਿਆ।

"ਮੇਰੇ ਮਨ 'ਚ ਕੋਈ ਮੈਲ ਨਹੀਂ। ਉਂਜ ਈ ਮਨ ਉੱਛਲ-ਉੱਛਲ ਪੈਂਦੈ ਪੁੱਛਣ ਨੂੰ। ਰੋਕਿਐ, ਬੜਾ ਕਾਬੂ ਕੀਤੈ ਪਰ ਮਨ ਹੱਥੋਂ ਨਿਕਲਿਆ ਜਾਪਦੈ।" ਉਸ ਦੇ ਦੋਵੇਂ ਹੱਥ ਜੁੜੇ ਹੋਏ ਸਨ। ਭਾਈ ਸਾਹਿਬ ਨੇ ਉਸ ਦੇ ਹੱਥ ਆਪਣੇ ਹੱਥਾਂ ਵਿੱਚ ਫੜਦਿਆਂ ਕਿਹਾ—"ਸ਼ੰਕੇ ਮਨ ਵਿੱਚ ਰੱਖਣੇ ਠੀਕ ਨਹੀਂ।"

"ਜੀ ਡਰਦਾਂ।"

"ਕਿਹੜੀ ਗੱਲ ਤੋਂ ?"

"ਜੀ ਬਸ, ਐਵੇਂ ਈ। ਅਨਜਾਣ ਆਂ। ਅਜੇ ਦੁਨੀਆਂ ਦਾ ਕੁੱਝ ਪਤਾ ਨਹੀਂ। ਬਸ ਪੰਜ ਜਮਾਤਾਂ ਪੜ੍ਹੀਆਂ। ਮੱਖਣ ਸਿੰਘ ਤੁਹਾਨੂੰ ਗੱਡੀ ਉੱਤੇ ਮਿਲਿਆ ਸੀ। ਫਿਰ ਤੁਸੀਂ ਭਾਈ ਜੀ ਦੇ ਡੇਰੇ ਪਰਸ਼ਾਦੇ ਛਕ ਕੇ ਫਿਰਨ ਤੁਰਨ ਚਲੇ ਗਏ ਸੀ। ਉਸ ਨੇ ਤੁਹਾਡਾ ਨਾਂ ਪਤਾ ਨਹੀਂ ਪੁੱਛਿਆ। ਨਾ ਹੀ ਤੁਸੀਂ ਉਸ ਦਾ ਨਾਂ ਪੁੱਛਿਆ। ਉਹ ਮੇਰੇ ਸਕੇ ਤਾਏ ਦਾ ਪੁੱਤਰ ਐ। ਮੇਰੇ ਨਾਲੋਂ ਮਸਾਂ ਇੱਕ ਸਾਲ ਈ ਵੱਡੈ। ਉਹ ਵੀ ਇਹ ਸ਼ੰਕਾ ਕੱਢਣਾ ਚਾਹੁੰਦਾ ਸੀ ਤੇ ਮੈਂ ਵੀ।"

"ਤੁਸੀਂ ਆਪਣਾ ਸ਼ੰਕਾ ਦਸੋ। ਮੈਂ ਆਪਣੀ ਤੁੱਛ ਬੁਧੀ ਅਨੁਸਾਰ ਤੁਹਾਡਾ ਸ਼ੰਕਾ ਸੁਣਾਂਗਾ।"

ਉਸ ਨੇ ਆਪਣਾ ਸੱਜਾ ਹੱਥ ਆਪਣੇ ਦਿਲ ਉੱਤੇ ਰੱਖਦਿਆ ਦੱਸਿਆ—"ਸੇਠ ਹੋਰੀਂ ਬਹੁਤ ਵੱਡੇ ਲੋਕ ਹੈਨ। ਵੱਡਿਆਂ ਦਾ ਵੱਡਿਆਂ ਨਾਲ ਮੇਲ। ਤੁਹਾਡਾ ਆਉਣਾ ਸੁਣ ਕੇ ਉਨ੍ਹਾਂ ਦਾ ਚਿਹਰਾ ਖਿੜ ਗਿਆ। ਕਹਿਣ ਲੱਗੇ ਸਿੰਘ ਸਾਹਿਬ ਆ ਗਏ। ਧੰਨ ਭਾਗ ਤੁਸੀਂ ਸੇਠ ਜੀ ਨੂੰ ਦੇਸੋਂ ਜਾਣਦੇ ਹੋਵੇਗੇ ?"

"ਨਹੀਂ, ਮੈਂ ਅਜੇ ਉਨ੍ਹਾਂ ਦੇ ਦਰਸ਼ਨ ਨਹੀਂ ਕੀਤੇ। ਅੱਜ ਸੁਭਾਗ ਪ੍ਰਾਪਤ ਹੋਵੇਗਾ, ਤੁਹਾਡੀ ਕਿਰਪਾ ਨਾਲ।"

ਸ਼ੇਰ ਸਿੰਘ ਫਿਰ ਹੱਥ ਜੋੜ ਕੇ ਜ਼ਰਾ ਅੱਗੇ ਝੁੱਕ ਗਿਆ। ਉਸ ਨੇ ਸਾਰਾ ਜ਼ੋਰ ਲਾ ਕੇ, ਹੌਸਲਾ ਕਰ ਕੇ ਪੁੱਛਿਆ—"ਤੁਹਾਨੂੰ ਸਭ ਲੋਕ "ਸਿੰਘ ਸਾਹਿਬ" ਕਿਉਂ ਸਦਦੇ ਹੈਨ ? ਸੇਠ ਜੀ ਵੀ ਤੁਹਾਨੂੰ "ਸਿੰਘ ਸਾਹਿਬ" ਕਹਿ ਕੇ ਝੱਟ ਉਠ ਖਲੋਤੇ।" ਕਹਿੰਦਾ ਹੀ ਉਹ ਨਿਮਰਤਾ ਨਾਲ ਅੱਗੇ ਝੁੱਕਿਆ ਰਿਹਾ।

ਉਸ ਦੀ ਪਿੱਠ ਉਤੇ ਹੱਥ ਰੱਖ ਕੇ, ਉਸ ਨੂੰ ਸਿੱਧਾ ਬਿਠਾ ਕੇ, ਭਾਈ ਸਾਹਿਬ ਮੁਸਕਰਾ ਪਏ। ਉਨ੍ਹਾਂ ਦਾ ਚਿਹਰਾ ਗੰਭੀਰ ਹੋ ਗਿਆ। ਉਹ ਬੋਲੇ—"ਸ਼ਹੀਦ ਭਾਈ ਭਾਗ ਸਿੰਘ ਜੀ ਨੇ ਇੱਕ ਵਾਰੀ ਸੰਗਤ ਵਿੱਚ ਦਾਸ ਨੂੰ "ਸਿੰਘ ਸਾਹਿਬ" ਕਹਿ ਕੇ ਸਦਿਆ। ਬਸ ਫੇਰ ਕੀ ਸੀ ਰੀਸੋ ਰੀਸੀ ਸਾਰੀ ਪੰਗਤ "ਸਿੰਘ ਸਾਹਿਬ" ਸਦਣ ਲੱਗ ਪਈ। "ਸਿੰਘ ਸਾਹਿਬ" ਸਦਣ ਨਾਲ ਕੋਈ। "ਸਿੰਘ ਸਾਹਿਬ" ਥੋੜਾ ਹੀ ਬਣ ਜਾਂਦਾ ਹੈ। "ਸਿੰਘ ਸਾਹਿਬ" ਤਾਂ ਸਨ ਅਕਾਲੀ ਫੂਲਾ ਸਿੰਘ ਜੀ। ਉਹ ਗੁਰੂ ਪੰਥ ਦੇ ਜਥੇਦਾਰ ਸਨ। ਮੈਂ ਤਾਂ ਇੱਕ ਨਿਮਾਣਾ, ਨਿਤਾਣਾ, ਢਿੱਲਾ-ਮੱਠਾ ਸਿੱਖ ਹਾਂ। ਸਤਿਗੁਰੂ ਮਿਹਰ ਕਰਨ। ਗੁਰਸਿੱਖੀ ਦੀ ਦਾਤ ਬਖਸ਼ਣ। ਬਸ ਰੋਮ ਰੋਮ ਇਸੇ ਅਰਦਾਸ ਵਿੱਚ ਰੁੱਝਾ ਰਹਿੰਦਾ ਹੈ।"

ਸ਼ੇਰ ਸਿੰਘ ਬੜੇ ਧਿਆਨ ਨਾਲ ਭਾਈ ਸਾਹਿਬ ਦੀ ਗੱਲ ਸੁਣ ਰਿਹਾ ਸੀ। ਭਾਈ ਸਾਹਿਬ ਨੇ ਮੁਸਕਰਾ ਕੇ ਕਿਹਾ—"ਸ਼ੇਰ ਸਿੰਘ ਜੀ ! ਗੁੱਸਾ ਨਾ ਕਰਨਾ। ਬੁਰਾ ਨਾ ਮਨਾਣਾ।" ਉਸ ਨੇ ਅੱਗੋਂ ਸਿਰ ਫੇਰਿਆ। "ਵੇਖੋ ! ਤੁਹਾਡੇ ਮਾਤਾ-ਪਿਤਾ ਜੀ ਨੇ ਤੁਹਾਡਾ ਸ਼ੁਭ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲੈ ਕੇ "ਸ਼ੇਰ ਸਿੰਘ" ਰੱ-ਖਿਆ ਹੋਵੇਗਾ। ਤੁਹਾਨੂੰ ਸਭ ਲੋਕ ਸ਼ੇਰ ਸਿੰਘ ਕਹਿ ਕੇ ਬੁਲਾਂਦੇ ਹਨ। ਜੇ ਸ਼ੇਰਾਂ ਵਾਲੇ ਕੰਮ ਕਰੋਗੇ ਤਾਂ ਹੀ ਸ਼ੇਰ ਅਖਵਾਉਗੇ। ਨਾਮ ਰੱਖ ਲੈਣ ਜਾਂ ਰਖਾਅ ਲੈਣ ਤਾਂ ਮਨੁੱਖ ਸ਼ੇਰ (ਸਿੰਘ) ਨਹੀਂ ਬਣ ਜਾਂਦਾ। ਬਸ ਕੁੱਝ ਇਸੇ ਤਰ੍ਹਾਂ ਮੇਰਾ ਨਾਮ "ਸਿੰਘ ਸਾਹਿਬ" ਪੈ ਗਿਆ ਹੈ। ਲੋੜ ਹੈ "ਸਿੰਘ ਸਾਹਿਬ" ਦੇ ਕਿਰਦਾਰ ਦੀ।"

ਭਾਈ ਸਾਹਿਬ ਦੀ ਗੱਲ ਸੁਣ ਕੇ ਸ਼ੇਰ ਸਿੰਘ ਦਾ ਰੋਮ ਰੋਮ ਖੜਾ ਹੋ ਗਿਆ। ਉਸ ਦਾ ਮਨ ਕਰੇ ਕਿ ਉਠ ਕੇ ਨੱਸ ਜਾਏ ਪਰ ਨੱਸਿਆ ਨਾਹ। ਉਹ ਭਾਈ ਸਾਹਿਬ ਦੀਆਂ ਅੱਖਾਂ ਵਿੱਚ ਅੱਖਾਂ ਪਾਵੇ। ਫਿਰ ਅੱਖਾਂ ਨੀਵੀਆਂ ਕਰ ਲਵੇ। ਭਾਈ ਸਾਹਿਬ ਨੇ ਥੋੜ੍ਹਾ ਜਿਹਾ ਅੱਗੇ ਹੋ ਕੇ ਬੈਠਿਆਂ ਬੈਠਿਆਂ ਹੀ ਸ਼ੇਰ ਸਿੰਘ ਨੂੰ ਆਪਣੀ ਸੱਜੀ ਬਾਂਹ ਵਿੱਚ ਲਪੇਟਦਿਆਂ ਕਿਹਾ, "ਮੈਨੂੰ ਆਪਣੇ ਬਚਪਨ ਦੀ ਇਕ ਗੱਲ ਯਾਦ ਆ ਗਈ ਹੈ। ਸੁਣਾਵਾਂ ?" ਸ਼ੇਰ ਸਿੰਘ ਨੇ ਸਾਰੇ ਜ਼ੋਰ ਨਾਲ ਆਪਣਾ ਸਿਰ 'ਹਾਂ' ਵਿੱਚ ਹਿਲਾਇਆ। ਅਸੀਂ ਆਪਣੇ ਪਿੰਡੋਂ ਤੁਰ ਕੇ ਆਦਮਪੁਰ ਪੜਨ ਜਾਂਦੇ ਹੁੰਦੇ ਸਾਂ। ਸਾਡੇ ਪਿੰਡ ਦਾ ਇੱਕ ਮੁੰਡਾ ਬਹੁਤ ਹੀ ਪਤਲਾ, ਸੁਕੜੂ ਜਿਹਾ ਤੇ ਕਮਜ਼ੋਰ ਸੀ। ਉਂਜ ਉਹ ਕੱਦ ਦਾ

ਲੰਮਾ ਸੀ। ਤੁਰਿਆ ਜਾਂਦਾ ਨਿਰਾ ਕਾਨਾ ਦਿਸਦਾ। ਇੱਕ ਦਿਨ ਸਾਡੇ ਮੌਲਵੀ ਨੇ ਘੋਲ ਕਰਾਉਣੇ ਸ਼ੁਰੂ ਕਰ ਦਿੱਤੇ। ਸਭ ਨੇ ਕਪੜੇ ਲਾਹ ਲਏ। ਅਖਾੜੇ ਦੇ ਆਲੇ ਦੁਆਲੇ ਬਹਿ ਗਏ। ਉਹ ਮੁੰਡਾ, ਹੁਣ ਉਸ ਦਾ ਨਾਮ ਨਹੀਂ ਯਾਦ ਆਉਂਦਾ, ਇੱਕ ਕਿੱਕਰ ਨਾਲ ਢੋਹ ਲਾ ਕੇ ਖਲੋਤਾ ਰਿਹਾ। ਮੌਲਵੀ ਨੇ ਕਿਹਾ ਲਿਆਓ ਜਾ ਕੇ ਫੜ ਕੇ ਵੱਡੇ ਭਲਵਾਨ ਨੂੰ। ਕਈ ਮੁੰਡੇ ਭੱਜ ਉੱਠੇ। ਮੌਲਵੀ ਦੇ ਕਹਿਣ ਤੇ ਮੁੰਡਿਆਂ ਉਸ ਦੇ ਕਪੜੇ ਲਾਹ ਦਿੱਤੇ। ਬਸ ਹੱਡੀਆਂ ਹੀ ਹੱਡੀਆਂ ਦਿਸਣ। ਉਹ ਆਪਣੇ ਦੋਵੇਂ ਹੱਥ ਕੱਛਾਂ ਵਿੱਚ ਦੇ ਕੇ ਖਲੋਤਾ ਰਿਹਾ। ਮੌਲਵੀ ਨੇ ਧੱਕਾ ਦੇ ਕੇ ਉਸ ਨੂੰ ਅਖਾੜੇ ਵਿੱਚ ਵਾੜ ਦਿਤਾ। ਇੱਕ ਹੋਰ ਨਿੱਕਾ ਜਿਹਾ ਮੁੰਡਾ ਉਸ ਦੇ ਨਾਲ ਘੁਲਣ ਲਈ ਖੜਾ ਸੀ। ਉਸ ਨਿੱਕੇ ਮੁੰਡੇ ਨੇ ਇਕੋ ਠਿੱਬੀ ਮਾਰ ਕੇ ਉਸ ਪਤਲੇ ਮੁੰਡੇ ਦੀ ਪਿਠ ਲਾ ਦਿੱਤੀ। ਮੌਲਵੀ ਉੱਚੀ ਉੱਚੀ ਬੋਲ ਪਿਆ—"ਕਾਗਜ਼ੀ ਭਲਵਾਨ ! ਕਾਗਜ਼ੀ ਭਲਵਾਨ।" ਕੁਝ ਸਮਾਂ ਪਾ ਕੇ ਮੁੰਡੇ ਕਾਗਜ਼ੀ ਲਫਜ਼ ਤਾਂ ਭੁਲ ਗਏ ਪਰ ਉਸ ਨੂੰ "ਭਲਵਾਨ, ਭਲਵਾਨ" ਕਹਿਣ ਲੱਗ ਪਏ।" ਏਥੇ ਆ ਕੇ ਜ਼ਰਾ ਰੁਕ ਕੇ ਭਾਈ ਸਾਹਿਬ ਨੇ ਹਲੀਮੀ ਨਾਲ ਕਿਹਾ "ਬਸ ਜਿਸ ਤਰ੍ਹਾਂ ਉਹਦਾ ਨਾਮ 'ਭਲਵਾਨ' ਪੈ ਗਿਆ ਸੀ ਕੁੱਝ ਉਸੇ ਤਰ੍ਹਾਂ ਸੰਗਤ ਮੈਨੂੰ ਵੀ 'ਸਿੰਘ ਸਾਹਿਬ' ਸੱਦਣ ਲੱਗ ਪਈ ਹੈ।" ਭਾਈ ਸਾਹਿਬ ਨੇ ਆਪਣੀ ਬਾਂਹ ਉਸ ਦੇ ਸਰੀਰ ਤੋਂ ਪਰੇ ਕੀਤੀ ਹੀ ਸੀ ਕਿ ਇੱਕ ਦਮ ਉਠ ਖਲੋਤਾ। ਉਸ ਨੇ ਮੁੜ ਕੇ ਇੱਕ ਵਾਰੀ ਹੱਥ ਜੋੜੇ ਤੇ ਛੇਤੀ ਛੇਤੀ ਬਾਹਰ ਵੱਲ ਨਿਕਲ ਤੁਰਿਆ। ਅਗੋਂ ਉਸ ਨੂੰ ਠਾਕਰ ਸਿੰਘ ਮਿਲ ਪਿਆ। ਉਸ ਨੇ ਕਿਹਾ—"ਠਾਕਰ ਸਿੰਘ ਜੀ ! ਚਲੋ ਤੁਹਾਡਾ ਸਮਾਨ ਲੈ ਆਈਏ।"

੩੨

ਸ਼ੇਰ ਸਿੰਘ ਨੀਵੀਂ ਪਾ ਕੇ ਤੁਰਿਆ ਜਾ ਰਿਹਾ ਸੀ। ਠਾਕਰ ਸਿੰਘ ਉਸ ਦੇ ਖੱਬੇ ਪਾਸੇ ਥੋੜ੍ਹਾ ਜਿਹਾ ਪਿੱਛੇ ਹੋ ਕੇ ਤੁਰ ਰਿਹਾ ਸੀ। ਠਾਕਰ ਸਿੰਘ ਨੂੰ ਜਾਪਿਆ ਜਿਵੇਂ ਸ਼ੇਰ ਸਿੰਘ ਨੇ ਉਸ ਨੂੰ ਕੁੱਝ ਆਖਿਆ ਹੋਵੇ। ਉਸ ਨੇ ਪੁੱਛਿਆ—"ਸ਼ੇਰ ਸਿਹਾਂ ! ਤੂੰ ਮੈਨੂੰ ਕੁੱਝ ਆਖਿਐ ? ਮੈਂ ਤਾਂ ਸੁਣਿਆ ਨਹੀਂ।"

ਸ਼ੇਰ ਸਿੰਘ ਨੇ ਉੱਤਰ ਦਿੱਤਾ—"ਮੈਂ ਤਾਂ ਆਪਣੇ ਮਨ ਨਾਲ ਗੱਲਾਂ ਕਰਦਾਂ। ਮਾਪਿਆਂ ਨੇ ਨਾਂ ਰੱਖ ਦਿੱਤਾ ਸ਼ੇਰ ਸਿੰਘ ਤੇ ਹੌਂਸਲਾ ਗਿੱਦੜਾਂ ਵਾਲਾ ਵੀ ਹੈ ਨਹੀਂ। ਗਿੱਦੜ ਵੀ ਰਾਤੀਂ 'ਹੂ, ਹੂ' ਕਰਕੇ ਲੋਕਾਂ ਨੂੰ ਸੁਣਾਂਦੇ ਐ ਕਿ ਅਸੀਂ ਹੈਗੇ ਹਾਂ। ਜੀਂਦੇ ਜਾਗਦੇ ਆ। ਮੈਂ ਤਾਂ ਗਿੱਦੜਾਂ ਵਾਲੀ ਹੂਕ ਦੇਣ ਜੋਗਾ ਵੀ ਨਹੀਂ। ਮਾਂ ਨੇ ਨਾਂ ਰੱਖ ਦਿੱਤਾ ਸ਼ੇਰ ਸਿੰਘ। ਨਾਹ ਕੁੱਝ ਕੀਤਾ ਨਾਹ ਕਰਾਇਆ। ਤੇ ਗੱਲਾਂ ਪੁੱਛਣ ਬਹਿ ਗਿਆ। ਸੂਰਜ ਨੂੰ ਪੁੱਛਾਂ—ਤੂੰ ਰੌਸ਼ਨੀ ਕਿਥੋਂ ਲਈ ਐ ? ਆਪ ਮੈਂ ਮੋਮਬਤੀ। ਉਹ ਵੀ ਬੁਝੀ ਹੋਈ। ਸੂਰਜ ਦੇਵਤੇ ਦੇ ਤਾਅ ਨਾਲ ਮੇਰੀ ਮੋਮਬਤੀ ਢਲ ਗਈ। ਢਹਿ ਢੇਰੀ ਹੋ ਗਈ।" ਉਹ ਗੱਲਾਂ ਕਰਦਾ-ਕਰਦਾ ਇੱਕ ਦਮ ਚੁੱਪ ਹੋ ਗਿਆ।

ਥੋੜ੍ਹੀ ਦੂਰ ਜਾ ਕੇ ਫਿਰ ਬੋਲ ਪਿਆ—"ਮੇਰਾ ਰੋਮ-ਰੋਮ ਖੁਲ੍ਹ ਗਿਐ। ਮੇਰੇ ਰੋਮ-ਰੋਮ 'ਚ ਚਾਨਣ ਹੋ ਗਿਐ। ਮੈਨੂੰ ਨਹੀਂ ਪਤਾ ਮੈਨੂੰ ਕੀ ਹੋ ਗਿਐ। ਮੈਨੂੰ ਨਹੀਂ ਸੁਝਦਾ ਮੈਂ ਕੀ ਕਰਾਂ।"

ਉਸ ਨੇ ਜ਼ਰਾ ਰੁਕ ਕੇ ਕਿਹਾ—"ਠਾਕਰ ਸਿੰਘਾ ! ਤੂੰ ਹੀ ਕੋਈ ਦਾਰੂ ਕਰ । ਤੂੰ ਤਾਂ ਢੇਰ ਚਿਰਾਂ ਦਾ "ਸਿੰਘ ਸਾਹਿਬ" ਦੀ ਸੰਗਤ 'ਚ ਹੋਵੇਂਗਾ । ਕਹਿੰਦੇ ਐ ਪਾਰਸ ਨਾਲ ਰਲ ਕੇ ਲੋਹਾਂ ਵੀ ਤਰ ਜਾਂਦੈ । ਕੀ ਪਤੈ ਤੂੰ ਵੀ ਪਾਰਸ ਹੋਵੇਂ । ਚੁੱਪ-ਚਾਪ ਰਹਿੰਦੈਂ । ਮੈਂ ਹੋਛਾ ਅੱਜ ਹੋਛੀਆਂ ਗੱਲਾਂ ਤੇ ਉੱਤਰ ਆਇਆ । ਪੁਛ ਬੈਠਾ—ਤੁਹਾਨੂੰ ਲੋਕ "ਸਿੰਘ ਸਾਹਿਬ" ਕਿਉਂ ਕਹਿੰਦੇ ਹੈਨ ।

"ਮੈਂ ਸੁਣਦਾ ਸਾਂ ਤੁਹਾਡੀਆਂ ਸਭ ਗੱਲਾਂ । ਦਲੀਜ ਨਾਲ ਲੱਗ ਕੇ ਬੈਠਾ ਸਾਂ ।"

"ਤੂ ਨਹੀਂ ਸੀ ਕਦੇ ਪੁੱਛਿਆ ਉਨ੍ਹਾਂ ਨੂੰ ?" ਸ਼ੇਰ ਸਿੰਘ ਨੇ ਠਾਕਰ ਸਿੰਘ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਪੁੱਛਿਆ ।

"ਨਹੀਂ ! ਮੈਨੂੰ ਅਜਿਹਾ ਖਿਆਲ ਈ ਕਦੇ ਨਹੀਂ ਆਇਆ ।"

"ਤੇਰੇ ਮਨ 'ਚ ਕਦੇ ਕੋਈ ਸ਼ੱਕ ਨਹੀਂ ਪੈਦਾ ਹੋਇਆ ?"

"ਕਿਉਂ ਨਹੀਂ, ਪਰ ਸੂਰਜ ਨੂੰ ਕੌਣ ਪੁਛਦੈ ਕਿ ਤੂੰ ਚਾਨਣ ਕਿਥੋਂ ਲਿਐ ? ਕਲ੍ਹ ਫੇਰ ਚੰਨ ਨੂੰ ਪੁੱਛਣ ਬਹਿ ਜ ਏਂਗਾ ਕਿ ਤੂੰ ਦਿਨੇ ਕਿਉਂ ਨਹੀਂ ਚੜ੍ਹਦਾ । ਰਾਤੀਂ ਕਿਉਂ ਚੜ੍ਹਦੈ ?"

ਸ਼ੇਰ ਸਿੰਘ ਤੁਰਦਾ-ਤੁਰਦਾ ਆਪਣੇ ਕਦਮਾਂ ਉੱਤੇ ਖਲੋ ਗਿਆ । ਉਹ ਕੁੱਝ ਪੁੱਛਣਾ ਚਾਹੁੰਦਾ ਸੀ ਪਰ ਉਸ ਦੇ ਮੂੰਹੋਂ ਗੱਲ ਨਹੀਂ ਸੀ ਨਿਕਲ ਰਹੀ । ਠਾਕਰ ਸਿੰਘ ਨੇ ਕਿਹਾ—"ਸ਼ੇਰ ਸਿਹਾਂ ! ਗੁਰਬਾਣੀ ਵਿੱਚ ਲਿਖਿਐ—ਅਨੇਕਾਂ ਚੰਨ ਹਨ ਤੇ ਅਨੇਕਾਂ ਸੂਰਜ ਹਨ । ਤਾਰਿਆਂ ਦੀ ਗਿਣਤੀ ਦਾ ਕੋਈ ਅੰਟ ਨਹੀਂ ।"

"ਇਸ ਗੱਲ ਦਾ ਤਾਂ ਮੈਨੂੰ ਵੀ ਪਤੈ ।"

"ਸ਼ੇਰ ਸਿੰਹਾਂ ! ਮੈਂ ਸੁਣਦਾ ਸਾਂ ਸਾਰੀਆਂ ਗੱਲਾਂ । ਤੂੰ "ਸਿੰਘ ਸਾਹਿਬ" ਨੂੰ ਪੁੱਛਿਆ ਕਿ ਤੁਹਾਨੂੰ "ਸਿੰਘ ਸਾਹਿਬ" ਕਿਉਂ ਕਹਿੰਦੇ ਐ ।"

"ਠਾਕਰ ਸਿੰਘਾ ! ਮੈਂ ਗਲਤੀ ਕਰ ਬੈਠਾ ਪਰ ਗਲਤੀ ਸਿੱਧੀ ਪੈ ਗਈ ਐ । ਮੇਰੇ ਤਾਂ ਕਪਾਟ ਖੁਲ੍ਹ ਗਏ ਜਾਪਦੇ ਐ । ਜਾਂ ਮੈਂ "ਸ਼ੇਰ ਸਿੰਘ" ਬਣ ਕੇ ਵਿਖਾਵਾਂਗਾ ਜਾ ਆਪਣਾ ਨਾਂ ਬਦਲ ਲਵਾਂਗਾ ।"

"ਨਾਂ ਬਦਲਣਾ ਤਾਂ ਬੜਾ ਸੌਖੈ । ਅਜੇ ਰੱਖ ਲੈ ਚੂਹਾ ਸਿੰਘ ।" ਠਾਕਰ ਸਿੰਘ ਪੰਜ ਸੱਤ ਕਦਮ ਟੱਬ ਕੇ ਸ਼ੇਰ ਸਿੰਘ ਨਾਲੋਂ, ਅੱਗੇ-ਅੱਗੇ ਹੋ ਕੇ, ਤੁਰਨ ਲੱਗਾ । ਸ਼ੇਰ ਸਿੰਘ ਨੇ ਉਸ ਨਾਲ ਮਿਲ ਕੇ ਕੁੱਝ ਕਹਿਣਾ ਚਾਹਿਆ ਪਰ ਦੋਵੇਂ ਬਿਨਾਂ ਕੁੱਝ ਕਹੇ ਹੱਸਣ ਲੱਗ ਪਏ ।

ਸ਼ੇਰ ਸਿੰਘ ਨੇ ਆਪਣੀ ਗੱਲ ਤੋਰਦਿਆ ਕਿਹਾ—"ਮਾਂ ਪਿਓ ਨੇ ਰੁਪਏ ਕਮਾਣ ਭੇਜਿਐ । ਮਨ ਕਰਦੈ ਗੁਰੂ ਨਾਨਕ ਵਾਲਾ ਸੱਚਾ ਸੌਦਾ ਕਰ ਲਵਾਂ । ਫਿਰ ਸੋਚਦਾਂ ਜੇ ਉਹਨਾਂ ਨੂੰ ਦੇ ਚਾਰ ਮਹੀਨੇ ਰੁਪਏ ਨਾ ਭੇਜੇ ਤਾਂ ਉਹ ਕਹਿਣਗੇ ਪੁੱਤਰ ਮਖੱਟੂ ਨਿਕਲਿਐ । ਹਰ ਕੋਈ ਗੁਰੂ ਨਾਨਕ ਦੇ ਕਦਮਾਂ ਤੇ ਥੋੜਾ ਹੀ ਚਲ ਸਕਦੈ । ਗੱਲਾਂ ਕਰਨ 'ਚ ਅਸੀਂ ਬੜੇ ਸੁਚੱਜੇ ਆਂ ਪਰ ਅੰਦਰੋਂ ਸੱਖਣੇ ਆਂ । ਤੇ ਬਹਿ ਗਿਆ ਨਿਠ ਕੇ ਅੱਜ ਮੈਂ "ਸਿੰਘ ਸਾਹਿਬ" ਨੂੰ ਪੁੱਛਣ ਤੁਹਾਨੂੰ ਲਤੀ "ਸਿੰਘ

ਸਾਹਿਬ" ਕਿਉਂ ਕਹਿੰਦੇ ਐ।" ਉਸ ਨੇ ਆਪਣੇ ਦੋਵੇਂ ਹੱਥ ਮੱਥੇ ਉੱਤੇ ਮਾਰੇ ਤੇ ਨੀਵੀਂ ਪਾ ਕੇ ਤੁਰਨ ਲੱਗ ਪਿਆ।

"ਜੇ ਤੂੰ ਸੁਣੇ ਤਾਂ ਮੈਂ ਦੱਸਦਾ ਤੈਨੂੰ।"

"ਕੀ ?"

"ਇਹੋ ਕਿ "ਸਿੰਘ ਸਾਹਿਬ" ਨੂੰ ਲੋਕੀਂ "ਸਿੰਘ ਸ਼ਾਹਿਬ ਕਿਉਂ ਕਹਿੰਦੇ ਐ।"

ਸ਼ੇਰ ਸਿੰਘ ਨੇ ਕੋਈ ਉੱਤਰ ਨਾ ਦਿੱਤਾ ਤੇ ਬਿੱਟ-ਬਿੱਟ ਠਾਕਰ ਸਿੰਘ ਵੱਲ ਤੱਕਣ ਲੱਗਾ।

"ਮੈਨੂੰ ਬਾਹਲਾ ਤਾਂ ਨਹੀਂ ਪਤਾ ਪਰ ਜਿੰਨਾ ਪਤੈ ਤੈਨੂੰ ਦੱਸ ਦੇਨਾ। ਧਿਆਨ ਨਾਲ ਸੁਣੀ। ਅਜੇ ਹੋਟਲ ਕਿੰਨੀ ਦੂਰ ਐ ? ਮੈਂ ਜ਼ਾਂ ਥੱਕ ਗਿਆਂ।"

"ਅਜੇ ਕਾਫ਼ੀ ਦੂਰ ਐ। ਸੋਚਿਆ ਰਿਕਸ਼ਾ ਕਰ ਲਈਏ ਪਰ ਮਨ ਨਹੀਂ ਸੀ ਟਿਕਾਣੇ ਖ਼ੁਸ਼ ਵੀ ਸਾਂ ਤੇ ਡੋਲਿਆ ਹੋਇਆ ਵੀ। ਤੁਰੇ ਚਲਦੇ ਆਂ। ਸਿੱਧੀ ਸੜਕ ਛੱਡ ਕੇ ਗਲੀਆਂ ਵਿੱਚੋਂ ਲੰਘ ਚਲਦੇ ਆਂ। ਕਾਫ਼ੀ ਨੇੜੇ ਪੈ ਜਾਏਗਾ। ਨਾਲੇ ਤੁਹਾਡੇ ਬਚਨ ਬਿਲਾਸ ਸੁਣਨ ਦਾ ਮੌਕਾ ਮਿਲ ਜਾਏਗਾ। ਸ਼ਾਇਦ ਤੁਸੀਂ ਅੱਗੇ ਤੁਰ ਜਾਓ ਜਾਂ ਮੈਂ ਹੀ ਛੇਤੀ ਪਿੱਛੇ ਮੁੜ ਜਾਂ।"

ਉਹ ਕੁੱਝ ਚਿਰ ਤੁਰ ਕੇ ਇੱਕ ਗਲੀ ਦਾ ਮੋੜ ਮੁੜ ਗਏ। ਠਾਕਰ ਸਿੰਘ ਦੱਸ ਰਿਹਾ ਸੀ—'ਕੈਨੇਡਾ ਦੇਸ਼ 'ਚ ਇੱਕ ਸ਼ਹਿਰ ਐ ਵੈਨਕੋਵਰ। ਉਥੇ ਸਿੰਘਾਂ ਨੇ ਰੱਲ ਮਿਲ ਕੇ ਗੁਰਦੁਆਰਾ ਬਣਾਇਐ। ਗੋਰੇ, ਗੁਰਦੁਆਰੇ ਦੀ ਇਮਾਰਤ ਨਹੀਂ ਸੀ ਪਾਉਣ ਦੇਂਦੇ।"

"ਕਿਉਂ ?"

"ਬੱਸ ਮਰਜ਼ੀ ਉਹਨਾਂ ਦੀ, ਰਾਜ ਐ ਅੰਗਰੇਜ਼ਾਂ ਦਾ ਉਥੇ ਵੀ, ਸਾਰੀ ਦੁਨੀਆ ਮੱਲੀ ਹੋਈ ਐ ਇਹਨਾਂ।"

"ਮਲਾਯਾ ਤੇ ਬਰਮਾ 'ਚ ਵੀ ਗੋਰਿਆਂ ਦਾ ਰਾਜ ਐ।"

"ਪਹਿਲੋਂ ਗੋਰੇ ਕਹਿਣ ਕੋਈ ਸਿੱਖ ਵੜਨ ਨਹੀਂ ਦੇਣਾ। ਸਾਡੇ ਬੰਦੇ ਸਿਰੜੀ ਐ। ਜਿਹੜੀ ਗੱਲ ਆਪਣੇ ਬੰਦਿਆਂ ਦੇ ਮਨ 'ਚ ਆ ਜਾਏ ਉਸ ਤੋਂ ਨਹੀਂ ਟੱਲਦੇ। ਸੈਂਕੜੇ ਬੰਦੇ ਜਾ ਪਹੁੰਚੇ। ਇੱਕ ਘਰ 'ਚ ਈ ਦੀਵਾਨ ਲਾ ਲੈਂਦੇ। ਗੁਰਦੁਆਰੇ ਪਿੱਛੋਂ ਬਣਦੈ। ਉਸ ਧਰਤੀ ਉੱਤੇ ਪਹਿਲੀ ਵਾਰੀ ਖੰਡੇ ਦਾ ਅੰਮ੍ਰਿਤ "ਸਿੰਘ ਸਾਹਿਬ" ਦੀ ਜਥੇਦਾਰੀ 'ਚ ਤਿਆਰ ਕੀਤਾ ਗਿਆ। ਸ਼ਹੀਦ ਭਾਈ ਭਾਗ ਸਿੰਘ ਜੀ ਵੀ ਪੰਜਾਂ ਪਿਆਰਿਆਂ 'ਚ ਸ਼ਾਮਲ ਸਨ।

ਸ਼ੇਰ ਸਿੰਘ ਨੇ ਭਾਈ ਭਾਗ ਸਿੰਘ ਦਾ ਨਾਂ ਸੁਣ ਕੇ ਕਿਹਾ—"ਸਿੰਘ ਸਾਹਿਬ" ਨੂੰ ਪਹਿਲੀ ਵਾਰੀ ਉਹਨਾਂ ਹੀ "ਸਿੰਘ ਸਾਹਿਬ ਕਹਿ ਕੇ ਬੁਲਾਇਆ ਸੀ। ਉਹ ਕਿਉਂ ਸ਼ਹੀਦ ਹੋਏ ਸਨ ?"

"ਇਹ ਗੱਲ ਬੜੀ ਲੰਮੀ ਐ। ਮੈਂ ਵੀ ਸੁਣੀ ਸੁਣਾਈ ਕਰਦਾਂ।"

"ਤੇ ਤੁਸੀਂ ਕਨੇਡਾ...।" ਸ਼ੇਰ ਸਿੰਘ ਦੀ ਗੱਲ ਵਿੱਚੋਂ ਹੀ ਫੜਦਿਆ ਠਾਕਰ ਸਿੰਘ ਨੇ ਦਸਿਆ—"ਮੈਂ "ਸਿੰਘ ਸਾਹਿਬ" ਨਾਲ ਚੰਘਈ ਤੋਂ ਰਲਿਆ। ਕਨੇਡਾ ਜਾਣਾ ਚਾਹੁੰਦਾ ਸਾਂ ਪਰ ਆਪਣੇ ਬੰਦਿਆਂ ਦੇਸ ਨੂੰ ਵਹੀਰਾਂ ਘੱਤ ਲਈਆਂ।"

"ਚੰਗਾ ! ਫੇਰ ਸੁਣੀ ਸੁਣਾਈ ਈ ਦੱਸੋ।"

"ਓਥੇ ਦੋ ਧੜੇ ਸੀ। ਇੱਕ ਦੇਸ-ਭਗਤਾਂ ਦਾ ਜੋ ਦੇਸ਼ ਦੀ ਆਜ਼ਾਦੀ ਚਾਹੁੰਦੇ ਸਨ ਤੇ ਦੂਜਾ

ਧੜਾ ਸੀ ਸਰਕਾਰੀ ਬੰਦਿਆਂ ਦਾ ਜੋ ਹਰ ਵੇਲੇ ਸਿੰਘਾਂ ਦੇ ਉਲਟ ਚੁਗਲੀਆਂ ਕਰਦੇ ਰਹਿੰਦੇ ਸੀ।"

"ਆਪਣੇ ਬੰਦੇ ?"

"ਆਹੋ ਆਪਣੇ ਬੰਦੇ ! ਉਹਨਾਂ ਦਾ ਸਰਦਾਰ ਸੀ ਬੇਲਾ। ਉਹਦੇ ਨਾਲ ਸੀ ਹੋਰ ਕਈ ਸਰਕਾਰੀ ਕੁੱਤੇ। ਉਹਨੇ ਗੋਰਿਆਂ ਦੀ ਸ਼ਹਿ 'ਚ ਆ ਕੇ ਗੁਰਦੁਆਰੇ ਵਿੱਚ ਗੋਲੀ ਚਲਾ ਦਿੱਤੀ।"

"ਗੁਰਦੁਆਰ ਵਿੱਚ ?" ਸ਼ੇਰ ਸਿੰਘ ਨੇ ਹਰਾਨ ਹੋ ਕੇ ਪੁੱਛਿਆ।

"ਹਾਂ ! ਇੱਕ ਸਿੰਘ ਚੜ੍ਹਾਈ ਕਰ ਗਿਆ ਸੀ। ਉਹ ਬੇਲੇ ਹੋਰਾਂ ਦਾ ਬੰਦਾ ਸੀ। ਉਹਦਾ ਸਸਕਾਰ ਕਰਕੇ ਮੁੜੇ। ਦੀਵਾਨ ਦਾ ਭੋਗ ਪੈਣ ਵਾਲਾ ਸੀ। "ਸਿੰਘ ਸਾਹਿਬ" ਮਹਾਰਾਜ ਦੀ ਤਾਬਿਆ ਬੈਠੇ ਸਨ। ਬੇਲੇ ਨੇ ਗੋਰੇ ਅਫ਼ਸਰਾਂ ਦੀ ਸ਼ਹਿ 'ਤੇ ਗੋਲੀ ਚਲਾ ਦਿੱਤੀ। ਕਈ ਬੰਦੇ ਜ਼ਖ਼ਮੀ ਹੋਏ। ਦੋ ਸਿੰਘ ਭਾਈ ਭਾਗ ਸਿੰਘ ਪ੍ਰਧਾਨ ਤੇ ਭਾਈ ਬਤਨ ਸਿੰਘ ਸ਼ਹੀਦ ਹੋ ਗਏ।"

"ਬੜਾ ਚੰਡਾਲ ਹੋਣੈ ਉਹ।"

"ਚੰਡਾਲ ਜਿਹਾ ਚੰਡਾਲ। ਗੋਲੀ ਉਹਨੇ ਚਲਾਈ। ਨਾਲ ਸਾਡੇ ਬੰਦੇ ਵੀ ਫੜੇ ਗਏ।"

"ਉਹ ਕਿਉਂ ?"

"ਬੱਸ ਧੱਕਾ ! ਪੁਲਸ ਬਲਵਾ ਬਣਾਉਣਾ ਚਾਹੁੰਦੀ ਸੀ।"

"ਫੇਰ ?"

"ਫੇਰ ਕੀ ! ਜਿਨ੍ਹਾਂ ਗੋਰਿਆਂ ਦੀ ਸ਼ਹਿ ਨਾਲ ਉਹਨੇ ਗੋਲੀ ਚਲਾਈ ਸੀ। ਉਹਨਾਂ ਵਿੱਚੋਂ ਇਕ ਦਾ ਨਾਂ ਸੀ ਹਾਪਕਿਨਸਨ। ਉਹ ਬੇਲੇ ਦੇ ਹੱਕ 'ਚ ਗਵਾਹੀ ਦੇਣ ਜਾ ਰਿਹਾ ਸੀ। ਭਾਈ ਮੇਵਾ ਸਿੰਘ ਨੇ "ਸਿੰਘ ਸਾਹਿਬ" ਤੋਂ ਖੰਡੇ ਦਾ ਅੰਮ੍ਰਿਤ ਛੱਕਿਆ ਸੀ। ਗਵਾਹੀ ਤੋਂ ਪਹਿਲੋਂ ਹੀ ਰਾਹੜ ਕੇ ਰੱਖ ਦਿੱਤਾ।

"ਅੱਛਾ ਜੀ।"

"ਹਾਂ ! ਸਿੰਘ ਸਾਹਿਬ ਨੇ ਤਾਂ ਨਹੀਂ ਦੱਸਿਆ ਪਰ ਕਰਤਾਰ ਸਿਹੁੰ ਦੇਸ ਜਾਂਦਾ ਦੱਸ ਗਿਆ ਸੀ ਕਿ ਭਾਈ ਮੇਵਾ ਸਿੰਘ ਨੂੰ ਯਾਰ੍ਹਾਂ ਜਨਵਰੀ ਨੂੰ ਫਾਂਸੀ ਲੱਗਣੀ ਸੀ। ਸੂਰਮਾ ਸ਼ਹੀਦ ਹੋ ਗਿਆ ਹੋਣੈ।"

ਸ਼ੇਰ ਸਿੰਘ, ਠਾਕਰ ਸਿੰਘ ਦੀਆਂ ਗੱਲਾਂ ਦੇ ਅਸਰ ਹੇਠ ਆ ਕੇ ਲਗਾਤਾਰ ਸਿਰ ਮਾਰ ਰਿਹਾ ਸੀ।

"ਕਰਤਾਰ ਸਿਹੁੰ ਨੇ ਬੜੀਆਂ ਗੱਲਾਂ ਸੁਣਾਈਆਂ ਸੀ। ਕਹਿਣ ਲੱਗਾ—ਗੋਰੇ, ਸਿੱਖਾਂ ਨੂੰ ਕਨੇਡਾ 'ਚੋਂ ਕੱਢ ਕੇ ਕਿਸੇ ਹੋਰ ਟਾਪੂ 'ਚ ਭੇਜਣ ਨੂੰ ਫਿਰਦੇ ਸੀ। ਸਿੱਖਾਂ ਨੂੰ ਕੱਢਣ 'ਚ ਵੀ ਉਹੋ ਹਾਪਕਿਨਸਨ ਅੱਗੇ ਸੀ। ਸੰਗਤਾਂ ਨੇ "ਸਿੰਘ ਸਾਹਿਬ" ਦੀ ਜਥੇਦਾਰੀ 'ਚ ਤਿੰਨ ਬੰਦੇ ਵਲੈਤ ਭੇਜੇ। ਫੇਰ "ਸਿੰਘ ਸਾਹਿਬ" ਦੇਸ਼ ਆ ਕੇ ਲਾਹੌਰ ਲਾਟ ਨੂੰ ਮਿਲੇ। ਖੂਬ ਝੜਪਾਂ ਹੋਈਆਂ। ਲਾਟ ਨੇ ਗੁਸੇ ਵਿੱਚ ਆ ਕੇ ਆਖਿਆ—"ਸਿੰਘ ਸਾਹਿਬ" ਤੁਸੀਂ ਜੋ ਮਰਜ਼ੀ ਕਰੋ। ਇਹ ਨਾਂ ਭੁਲੋ ਕਿ ਤੁਸੀਂ ਅੰਗਰੇਜ਼ਾਂ ਦਾ ਨਮਕ ਖਾਂਦੇ ਹੋ।" ਸਿੰਘ ਸਾਹਿਬ ਨੇ ਕੜਕ ਕੇ ਉੱਤਰ ਦਿੱਤਾ—"ਸਾਡਾ ਲੂਣ ਤੁਸੀਂ ਖਾਂਦੇ ਹੋ।" ਮੇਰਾ ਕਹਿਣ ਦਾ ਮਤਲਬ ਐ ਕਿ ਗੁੱਸੇ ਵਿੱਚ ਆ ਕੇ ਲਾਟ ਨੇ ਵੀ ਉਨ੍ਹਾਂ ਨੂੰ "ਸਿੰਘ ਸਾਹਿਬ" ਕਹਿ ਦਿੱਤਾ ਸੀ।"

"ਤੈਨੂੰ ਇਕ ਹੋਰ ਗੱਲ ਦਸਾਂ ?"

"ਦਸੋ ।"

"ਸਿੰਘਾਂ ਦੀਆਂ ਸਿੰਘਣੀਆਂ ਤੇ ਬੱਚਿਆਂ ਉੱਤੇ ਗੋਰਿਆਂ ਨੇ ਰੋਕ ਲਾ ਰੱਖੀ ਸੀ । ਉਹਨਾਂ ਨੂੰ ਕਨੇਡਾ ਨਹੀਂ ਸੀ ਜਾਣ ਦੇਂਦੇ । "ਸਿੰਘ ਸਾਹਿਬ" ਤੇ ਸ਼ਹੀਦ ਭਾਈ ਭਾਗ ਸਿੰਘ ਹੋਰਾਂ ਮੋਰਚਾ ਲਾ ਦਿੱਤਾ ਸਿੰਘਣੀਆਂ ਤੇ ਬੱਚਿਆਂ ਨੂੰ ਨਾਲ ਲੈ ਕੇ ਪਹੁੰਚ ਗਏ । ਗੋਰਿਆਂ, ਬੀਬੀਆਂ ਤੇ ਬੱਚਿਆਂ ਨੂੰ ਡੱਕ ਲਿਆ । ਰਾਤੀਂ ਬਾਰਾਂ ਵਜੇ ਤੱਕ ਇਮੀਗਰੇਸ਼ਨ ਜਿਹਲ 'ਚ ਡੱਕੀ ਰੱਖਿਆ । ਫੇਰ ਗੋਰੇ ਆਪੇ ਢਿੱਲੇ ਪੈ ਗਏ । ਸਿੰਘਾਂ ਦੀ ਜਿੱਤ ਹੋਈ ।"

"ਸਿੰਘਾਂ 'ਚ ਕਰਾਮਾਤ ਐ ।"

"ਕਰਾਮਾਤ ਜਿਹੀ ਕਰਾਮਾਤ । ਸਿੰਘ ਆਪਣਾ ਜ਼ਹਾਜ਼ ਭਰ ਕੇ ਲੈ ਗਏ । ਗੋਰਿਆਂ ਸਿੰਘ ਉਤਰਨ ਨਾ ਦਿੱਤੇ ਜਹਾਜ਼ ਮੋੜ ਦਿੱਤਾ । ਜਦ ਕਲਕੱਤੇ ਵਾਪਸ ਪਹੁੰਚੇ ਤਾਂ ਗੋਰਿਆਂ ਨਿਹੱਥੇ ਸਿੰਘ ਭੁੰਨ ਦਿੱਤੇ । ਕਈ ਸ਼ਹੀਦੀਆਂ ਪਾ ਗਏ । ਕਈ ਅਜੇ ਵੀ ਲੁਕ ਛਿਪ ਕੇ ਦੇਸ ਦੀ ਆਜ਼ਾਦੀ ਦੀ ਜੰਗ ਲੜ ਰਹੇ ਐ ।"

"ਧੰਨ ਹੈ ਸਿੱਖੀ ।"

"ਸ਼ੇਰ ਸਿੰਹਾਂ ! ਇੱਕ ਹੋਰ ਗੱਲ ਸੁਣ ਲੈ । ਇਹ ਗੱਲ ਦੱਸਣ ਤੋਂ ਪਹਿਲੋਂ ਈ ਮੇਰੇ ਸਰੀਰ ਨੂੰ ਕਾਂਬਾ ਛਿੜ ਗਿਐ ।"

"ਫੇਰ ਨਾ ਹੀ ਦਸੋ ।"

"ਨਹੀਂ ਤੂੰ ਸੁਣ ਲੈ । ਕਰਤਾਰ ਸਿੰਘ ਕਨੇਡਾ ਤੋਂ "ਸਿੰਘ ਸਾਹਿਬ" ਦੇ ਨਾਲ ਆਇਆ ਸੀ । ਅਪਣੀ ਸਿੰਘਣੀ ਤੇ ਤਿੰਨਾਂ ਬੱਚਿਆਂ ਨੂੰ ਉਸ ਨਾਲ ਦੇਸ ਤੋਰ ਦਿਤੈ ਤੇ ਆਪ ਦੇਸ ਕੌਮ ਦੀ ਸੇਵਾ ਲਈ ਏਥੇ ਆ ਪਹੁੰਚੇ ਐ "ਸਿੰਘ ਸਾਹਿਬ ।"

"ਧੰਨ ਹਨ ਸਿੰਘ ਸਾਹਿਬ । ਧੰਨ ਹਨ ਸਿੰਘ ਸਾਹਿਬ" ਕਹਿੰਦਾ ਕਹਿੰਦਾ ਸ਼ੇਰ ਸਿੰਘ ਝੂੰਮਣ ਲਗ ਪਿਆ । ਝੂੰਮਦਿਆਂ ਝੂੰਮਦਿਆ ਉਸ ਦਾ ਪੈਰ ਥਿੜਕ ਗਿਆ । ਠਾਕਰ ਸਿੰਘ ਨੇ ਉਸ ਨੂੰ ਸੰਭਾਲ ਕੇ ਕਿਹਾ—"ਤਕੜਾ ਹੋ । ਸ਼ੇਰ ਬਣ ।"

ਸ਼ੇਰ ਸਿੰਘ ਨੇ ਇੱਕ ਥੜੇ ਜਿਹੇ ਉੱਤੇ ਬੈਠਦਿਆਂ ਕਿਹਾ—"ਬਹੁਤ ਥੱਕ ਗਿਆਂ । ਜ਼ਰਾ ਸਾਹ ਲੈਣ ਦੇਹ ।" ਠਾਕਰ ਸਿੰਘ ਉਸ ਵੱਲ ਤਕ ਰਿਹਾ ਸੀ । ਉਸ ਨੇ ਪਹਿਲੋਂ ਨੀਵੀਂ ਪਾਈ ਰਖੀ । ਜ਼ਰਾ ਸਿਰ ਉਚਾ ਕਰਕੇ ਉਸ ਨੇ ਕਿਹਾ—"ਬਸ ਗਲੀ ਦੇ ਮੋੜ 'ਤੇ ਹੋਟਲ ਐ । ਜ਼ਰਾ ਸਾਹ ਲੈ ਲੈਣ ਦੇਹ । ਵਾਪਸ ਜਾਣ ਲੱਗੇ ਰਿਕਸ਼ੇ ਤੇ ਚਲਾਂਗੇ ।"

੨੨

ਸ਼ੇਰ ਸਿੰਘ ਨੇ ਭਾਈ ਸਾਹਬ ਨਾਲ ਜਾਣ ਦਾ ਮਨ ਬਣਾ ਲਿਆ ਸੀ । ਜਦ ਇਸ ਗੱਲ ਦਾ ਪਤਾ ਸੇਠ ਬੁੱਢਾ ਸਿੰਘ ਨੂੰ ਲੱਗਾ ਤਾਂ ਉਨ੍ਹਾਂ "ਗਦਰ" ਦੇ ਨਵੇਂ ਆਏ ਦਸ ਪਰਚੇ ਦੇ ਕੇ, ਵਾਪਸ

ਜਾਂਦਿਆਂ ਰਾਹ ਵਿੱਚ ਧੁੰਗ ਸੁੰਗ, ਹਟਯਾਈ ਤੇ ਯਾਲੇ ਪਹੁੰਚਣ ਦੀ ਹਦਾਇਤ ਦੇ ਕੇ ਸ਼ੇਰ ਸਿੰਘ ਨੂੰ ਵਾਪਸ ਮੁੜ ਜਾਣ ਲਈ ਕਹਿ ਦਿੱਤਾ । ਸ਼ੇਰ ਸਿੰਘ ਨੂੰ ਭਾਈ ਸਾਹਬ ਦੇ ਨਵੇਂ ਟਿਕਾਣੇ ਦਾ ਪਤਾ ਨਹੀਂ ਸੀ । ਉਹ ਤੁਰਨ ਲਗਿਆ ਨਾ ਠਾਕਰ ਸਿੰਘ ਨੂੰ ਮਿਲ ਸਕਿਆ ਤੇ ਨਾ ਭਾਈ ਸਾਹਬ ਨੂੰ ।

ਸਿਆਮ ਵਿੱਚ ਗਦਰੀਆਂ ਦੇ ਤਿੰਨ ਵੱਡੇ ਅੱਡੇ ਸਨ । ਬੈਂਕੋਕ ਵਿੱਚ ਸੇਠ ਬੁਢਾ ਸਿੰਘ ਜੀ ਦਾ ਅੱਡਾ । ਪਖੋ ਵਿੱਚ ਬਾਬੂ ਅਮਰ ਸਿੰਘ ਇੰਜੀਨੀਅਰ ਦਾ ਘਰ ਤੇ ਤੀਜਾ ਚੰਗਮਈ ਦਾ ਗੁਰਦੁਆਰਾ ਜਿੱਥੇ ਭਾਈ ਵਿਸਾਵਾ ਸਿੰਘ ਗ੍ਰੰਥੀ ਸਨ । ਨਿੱਕੇ ਅੱਡਿਆਂ ਵਿੱਚੋਂ, ਭਾਈ ਵਰਿਆਮ ਸਿੰਘ ਦੀ ਰਿਹਾਇਸ਼ ਦੇ ਕਾਰਨ, ਲੰਪਾਂਗ ਵੀ ਚਲਦਾ ਅੱਡਾ ਸੀ ।

ਸੇਠ ਬੁੱਢਾ ਸਿੰਘ ਜੀ ਦੀ ਆਵਾਜਾਈ ਉੱਤੇ ਬ੍ਰਿਟਿਸ਼ ਕੌਂਸਲ ਦੇ ਕਾਰਿੰਦੇ, ਕਰਤਾਰ ਸਿੰਘ ਤੇ ਮਿਸਟਰ ਰੰਗਾ, ਨਜ਼ਰ ਰੱਖਦੇ ਸਨ । ਇਸ ਲਈ ਸੇਠ ਜੀ ਨੇ ਭਾਈ ਸਾਹਬ ਦੇ ਨਾਲ ਜਾਣਾ ਯੋਗ ਨਾ ਸਮਝਿਆ । ਭਾਈ ਸਾਹਬ ਤੇ ਠਾਕਰ ਸਿੰਘ, ਬਾਬੂ ਅਮਰ ਸਿੰਘ ਨੂੰ ਮਿਲੇ । ਬਾਬੂ ਜੀ ਤੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਸਾਨਫਰਾਂਸਿਸਕੋ ਤੋਂ ਤਿੰਨ ਹੋਰ ਬੰਦੇ ਆਏ ਹੋਏ ਹਨ । ਬਾਬੂ ਜੀ ਨੇ ਭਾਈ ਸਾਹਬ ਨੂੰ ਦਸਿਆ ਕਿ ਦਰਸੀ ਚੈਨਚਇਆ ਉਨ੍ਹਾਂ ਨੂੰ ਮਿਲ ਕੇ ਗਿਆ ਹੈ ਤੇ ਘਬਰਾਇਆ ਹੋਇਆ ਹੈ ਕਿਉਂਕਿ ਉਨ੍ਹਾਂ ਦਾ ਆਗੂ ਜੋਧ ਸਿੰਘ ਉਨ੍ਹਾਂ ਨੂੰ ਲੱਭ ਹੀ ਨਹੀਂ ਰਿਹਾ ਤੇ ਉਨ੍ਹਾਂ ਦੇ ਨਾਲ ਦਾ ਚੈਟਰ ਜੀ ਵੀ ਡੱਲਿਆ ਖਲੋਤਾ ਹੈ । ਉਹ ਕਹਿੰਦਾ ਹੈ ਕਿ ਆਪ ਜਾ ਕੇ ਜਰਮਨ ਕੌਂਸਲ ਨੂੰ ਮਿਲ ਆਇਆ ਹੈ । ਨਾਲ ਹੀ ਬਾਬੂ ਜੀ ਨੇ ਦਸਿਆ ਕਿ ਦਰਸੀ ਭਾਈ ਸਾਹਬ ਨਾਲ ਬਰਮਾ ਜਾਣ ਨੂੰ ਤਿਆਰ ਬੈਠਾ ਹੈ ।

ਉਸੇ ਵੇਲੇ ਸਲਾਹ ਬਣੀ ਕਿ ਬਰਮਾ ਜਾਣ ਦਾ ਪ੍ਰੋਗਰਾਮ ਝੱਟ ਪੱਟ ਬਣਾਇਆ ਜਾਵੇ । ਇਹ ਪ੍ਰਬੰਧ ਕਰਨ ਲਈ ਯੋਗ ਸਮਝਿਆ ਗਿਆ ਕਿ ਭਾਈ ਵਿਸਾਵਾ ਸਿੰਘ ਦੀ ਰਾਏ ਲੈਣੀ ਚਾਹੀਦੀ ਹੈ ਕਿ ਕਿਹੜੇ ਰਾਹ ਬਰਮਾ ਜਾਇਆ ਜਾਏ । ਬਾਬੂ ਜੀ ਨੇ ਘੜੀ ਉੱਤੇ ਵਕਤ ਵੇਖ ਕੇ ਆਪਣੇ ਇੱਕ ਸਾਥੀ ਨੂੰ ਕਿਹਾ ਕਿ ਗੱਡੀ ਆਉਣ ਵਾਲੀ ਹੈ । ਉਹ ਗੱਡੀ ਚੜ੍ਹ ਜਾਏ ਤੇ ਭਾਈ ਵਿਸਾਵਾ ਸਿੰਘ ਨੂੰ ਨਾਲ ਲੈ ਕੇ ਕਲ ਸ਼ਾਮ ਤਕ ਲੰਪਾਂਗ ਪਹੁੰਚ ਜਾਏ ।

ਬਾਬੂ ਅਮਰ ਸਿੰਘ ਤੇ ਭਾਈ ਸਾਹਬ ਜਾਣ ਲੱਗੇ ਠਾਕਰ ਸਿੰਘ ਨੂੰ ਪਿੱਛੇ ਛੱਡ ਗਏ ਸਨ । ਵਰਿਆਮ ਸਿੰਘ ਦੇ ਘਰ ਚਾਰੇ ਆਪਸ ਵਿੱਚ ਇੱਕ ਦੂਜੇ ਨੂੰ ਜੱਫੀਆਂ ਪਾ ਕੇ ਮਿਲੇ । ਬਾਬੂ ਅਮਰ ਸਿੰਘ ਨੇ ਸਭ ਦੀ ਇੱਕ ਦੂਜੇ ਨਾਲ ਜਾਣ ਪਛਾਣ ਕਰਵਾਈ । ਫੇਰ ਚਿਰ ਤਕ ਗੱਲਾਂ ਹੁੰਦੀਆਂ ਰਹੀਆਂ । ਫੈਸਲਾ ਇਹ ਹੋਇਆ ਕਿ ਚੰਗਮਈ ਦੀ ਸਰਹੱਦ ਤੋਂ ਬਰਮਾ ਜਾਇਆ ਜਾਏ । ਇਸ ਲਈ ਭਾਈ ਸਾਹਬ ਆਪਣੇ ਨਾਲ ਦੇ ਬੰਦਿਆ ਨੂੰ ਲੈ ਕੇ ਛੇਤੀ ਚੰਗਮਈ ਪਹੁੰਚ ਜਾਣ ।'

ਭਾਈ ਸਾਹਬ ਤੇ ਠਾਕਰ ਸਿੰਘ ਜਦ ਬੈਂਕੋਕ ਮੁੜੇ ਤਾਂ ਉਨ੍ਹਾਂ ਨੂੰ ਦਰਸੀ ਤੋਂ ਪਤਾ ਲੱਗਾ ਕਿ ਜੋਧ ਸਿੰਘ ਕਿਸੇ ਆਰੀਆ ਸਮਾਜੀ ਦੇ ਘਰ ਜਾ ਕੇ ਕਿਸੇ ਖੁਫੀਆ ਪੁਲਸ ਦੇ ਅਫਸਰ ਨੂੰ ਮਿਲ ਕੇ ਸਾਰੇ ਭੇਦ ਦਸ ਕੇ ਆਪਣੇ ਪਤਿਆਂ ਵਾਲੀ ਡਾਇਰੀ ਵੀ ਉਸ ਨੂੰ ਦੇ ਆਇਆ ਹੈ । ਇਹ ਖਬਰ ਸੇਠ ਬੁੱਢਾ ਸਿੰਘ ਜੀ ਨੂੰ ਵੀ ਮਿਲ ਗਈ । ਉਨ੍ਹਾਂ ਇਹ ਖਬਰ ਝੱਟ ਪਟ ਭਾਈ ਸਾਹਬ ਨੂੰ ਪਹੁੰਚਾਈ । ਭਾਈ ਸਾਹਬ, ਠਾਕਰ ਸਿੰਘ ਤੇ ਦਰਸੀ ਚਨਚਇਆ ਬੈਂਕੋਕ ਛੱਡ ਦੇਣ ਦੀਆਂ ਤਿਆਰੀਆਂ ਕਰਨ

ਲੱਗੇ। ਉਨ੍ਹਾਂ ਤੜਕੇ ਪਹਿਲੀ ਗੱਡੀ ਲੈਣ ਦਾ ਮਨ ਬਣਾ ਲਿਆ। ਦਰਸ਼ੀ, ਸਵੇਰੇ ਉਨ੍ਹਾਂ ਨੂੰ ਸਟੇਸ਼ਨ ਉੱਤੇ ਮਿਲਣ ਦਾ ਇਕਰਾਰ ਕਰ ਕੇ ਆਪਣੇ ਹੋਟਲ ਚਲਾ ਗਿਆ।

ਭਾਈ ਸਾਹਬ ਅਜੇ ਲੇਟੇ ਹੀ ਸਨ ਕਿ ਉਨ੍ਹਾਂ ਨੂੰ ਬਵਾਸੀਰ ਦੀ ਤਕਲੀਫ ਵੱਧ ਗਈ। ਉਨ੍ਹਾਂ ਆਪਣੇ ਮਨ ਉੱਤੇ ਬਹੁਤ ਜ਼ਬਤ ਰਖਿਆ ਪਰ ਤਕਲੀਫ ਵੱਧਦੀ ਹੀ ਗਈ, ਸਹੀ ਨਾ ਜਾਏ। ਠਾਕਰ ਸਿੰਘ ਨੇ ਅੱਧੀ ਰਾਤ ਦੇ ਲਾਗੇ ਚਾਗੇ ਸਲਾਹ ਦਿਤੀ ਕਿ ਹਸਪਤਾਲ ਚਲ ਕੇ ਡਾਕਟਰ ਨੂੰ ਦਿਖਾ ਦਈਏ ਤੇ ਦਿਨ ਚੜ੍ਹੇ ਸ਼ਹਿਰੋਂ ਬਾਹਰ ਨਿਕਲ ਚਲੀਏ। ਭਾਈ ਸਾਹਬ ਨੇ ਰਾਤ ਅੱਖਿਆਂ ਸੱਖਿਆਂ ਕੱਢ ਕੇ ਅਮਰ ਸਿੰਘ ਇੰਜੀਨੀਅਰ ਦੇ ਡੇਰੇ ਜਾ ਟਿਕਣ ਦੀ ਗੱਲ ਕੀਤੀ। ਉਹ ਅਜੇ ਸਲਾਹਾਂ ਕਰਦੇ ਹੀ ਸਨ ਕਿ ਭਾਈ ਸਾਹਬ ਤਕਲੀਫ ਨਾਲ ਬਿਲਕੁਲ ਨਿਢਾਲ ਹੋ ਗਏ। ਠਾਕਰ ਸਿੰਘ ਨੇ ਰਿਕਸ਼ਾ ਲਿਆਂਦਾ। ਭਾਈ ਸਾਹਿਬ ਨੂੰ ਰਿਕਸ਼ੇ ਵਿੱਚ ਲਿਟਾ ਕੇ ਆਪ ਰਿਕਸ਼ੇ ਵਾਲੇ ਦੇ ਨਾਲ ਦੌੜਨ ਲੱਗਾ। ਜਦ ਹਸਪਤਾਲ ਪਹੁੰਚੇ ਤਾਂ ਭਾਈ ਸਾਹਬ ਉੱਤੇ ਅੱਧੀ ਜਿਹੀ ਬੇਹੋਸ਼ੀ ਛਾਈ ਹੋਈ ਸੀ।

ਡਾਕਟਰ ਨੇ ਐਮਰਜੈਂਸੀ ਵਾਰਡ ਵਿੱਚ ਲਿਟਾ ਕੇ ਕਲੋਰੋਫਾਰਮ ਸੁੰਘਾਏ ਬਿਨਾਂ ਉਪਰੇਸ਼ਨ ਕਰ ਦਿੱਤਾ। ਉਪਰੇਸ਼ਨ ਤੋਂ ਮਗਰੋਂ ਭਾਈ ਸਾਹਬ ਕੁੱਝ ਟਿੱਕ ਗਏ। ਠਾਕਰ ਸਿੰਘ ਸੋਚ ਰਿਹਾ ਸੀ ਕਿ ਹੁਣ ਕੀ ਕਰੇ। ਉਸ ਦੇ ਮਨ ਵਿੱਚ ਆਈ ਕਿ ਡਾਕਟਰ ਤੇ ਨਰਸਾਂ ਤੋਂ ਉਹਲੇ ਹੋ ਕੇ ਉਹ ਭਾਈ ਸਾਹਿਬ ਨੂੰ ਆਪਣੇ ਮੋਢਿਆਂ ਉੱਤੇ ਲੈ ਕੇ ਬਾਹਰ ਨਿਕਲ ਤੁਰੇ ਤੇ ਰਿਕਸ਼ਾ ਕਰ ਕੇ ਹੋਟਲ ਪਹੁੰਚ ਜਾਏ। ਅਮਰ ਸਿੰਘ ਦੇ ਡੇਰੇ ਜਾ ਕੇ ਇਲਾਜ ਹੁੰਦਾ ਰਹੇ। ਉਸ ਨੇ ਬਥੇਰਾ ਅੱਗੇ ਪਿੱਛੇ ਫਿਰ ਕੇ ਦਾਅ ਲਾਉਣ ਦੀ ਕੋਸ਼ਿਸ਼ ਕੀਤੀ ਪਰ ਜਦ ਵੀ ਉਹ ਦਰਵਾਜ਼ੇ ਵਿੱਚ ਵੜਦਾ ਤਾਂ ਕੋਈ ਨਾ ਕੋਈ ਨਰਸ ਉਸ ਨੂੰ ਅੰਦਰ ਜਾਣ ਤੋਂ ਰੋਕ ਦੇਂਦੀ।

ਉਹ ਸੋਚਣ ਲੱਗਾ ਕਿ ਬ੍ਰਿਟਿਸ਼ ਕੌਂਸਲ ਨੂੰ ਭਾਈ ਸਾਹਬ ਦੇ ਹਸਪਤਾਲ ਹੋਣ ਬਾਰੇ ਪਤਾ ਲੱਗ ਗਿਆ ਤਾਂ ਗ੍ਰਿਫਤਾਰ ਹੋ ਜਾਵਾਂਗੇ। ਉਹ ਕੁੜਿਕੀ ਵਿੱਚ ਫਸਿਆ ਹੋਇਆ ਸੀ ਪਰ ਕਰ ਕੁੱਝ ਨਹੀਂ ਸੀ ਸਕਦਾ। ਉਹ ਹੋਟਲ ਜਾ ਕੇ ਆਪਣਾ ਸਾਮਾਨ ਲੈ ਆਇਆ। ਸੋਚਣ ਲੱਗਾ ਕਿ ਹਸਪਤਾਲੋਂ ਹੀ ਭਾਈ ਸਾਹਬ ਨੂੰ ਨਾਲ ਲੈ ਕੇ ਸ਼ਹਿਰੋਂ ਨਿਕਲ ਜਾਏਗਾ।

ਦਿਨ ਚੜ੍ਹ ਚੁਕਾ ਸੀ। ਪਹਿਲੀ ਗੱਡੀ ਲੰਘ ਗਈ ਸੀ। ਉਹ ਆਪਣਾ ਸਾਮਾਨ ਹਸਪਤਾਲ ਦੇ ਬਰਾਂਡੇ ਵਿੱਚ ਇੱਕ ਨੁਕਰੇ ਰਖ ਕੇ ਅਛੋਪਲੇ ਹੀ ਭਾਈ ਸਾਹਬ ਕੋਲ ਜਾ ਪਹੁੰਚੇ। ਭਾਈ ਸਾਹਬ ਨੇ ਅੱਖਾਂ ਪੁਟ ਕੇ ਠਾਕਰ ਸਿੰਘ ਵੱਲ ਤਕਿਆ। ਠਾਕਰ ਸਿੰਘ ਦੇ ਪਿਛੇ, ਉਨ੍ਹਾਂ ਇੱਕ ਮਦਰਾਸੀ ਨੂੰ ਖਲੋਤਿਆਂ ਤਕਿਆ ਤੇ ਕੁੱਝ ਕਹਿਣ ਹੀ ਲੱਗੇ ਸਨ ਕਿ ਉਸ ਨੇ ਦਸਿਆ—"ਅਸੀਂ ਤੁਹਾਡੇ ਦੋਹਾਂ ਦੇ ਵਾਰੰਟ ਸਿਆਮੀ ਸਰਕਾਰ ਤੋਂ ਲੈ ਆਏ ਹਾਂ। ਇਸ ਨੂੰ ਹੁਣ ਲੈ ਜਾਂਦੇ ਹਾਂ। ਤੁਸੀਂ ਜਦੋਂ ਹਸਪਤਾਲ ਵਿੱਚੋਂ ਰੀਲੀਵ ਹੋਵੋਗੇ ਓਦੋਂ ਸਹੀ।" ਉਸ ਨੇ ਇੱਕ ਸਿਪਾਹੀ ਨੂੰ ਕਿਹਾ ਕਿ ਉਹ ਠਾਕਰ ਸਿੰਘ ਨੂੰ ਹਥਕੜੀ ਲਾ ਲਵੇ।

ਜਦ ਠਾਕਰ ਸਿੰਘ ਮਿਸਟਰ ਰੰਗਾ ਦੇ ਨਾਲ ਸੜਕ ਉਤੇ ਪਹੁੰਚਿਆ ਤਾਂ ਉਸ ਨੇ ਉਸ ਨੂੰ ਦਸਿਆ ਕਿ ਚੈਟਰਜੀ, ਜੋਧ ਸਿੰਘ ਤੇ ਚਨਚਈਆ ਵੀ ਫੜੇ ਜਾ ਚੁਕੇ ਹਨ। ਠਾਕਰ ਸਿੰਘ ਨੂੰ ਆਪਣਾ ਸਾਮਾਨ ਲੈਣ ਦੀ ਯਾਦ ਆ ਗਈ। ਰੰਗਾ ਨੇ ਉਸ ਨੂੰ ਦਸਿਆ ਕਿ ਸਾਮਾਨ ਪਹਿਲੋਂ ਕਾਬੂ ਕਰ ਲਿਆ ਗਿਆ ਹੈ।

ਜਦ ਭਾਈ ਸਾਹਬ ਦੇ ਹਸਪਤਾਲ ਹੋਣ ਬਾਰੇ ਤੇ ਗ੍ਰਿਫਤਾਰ ਕੀਤੇ ਜਾਣ ਬਾਰੇ ਸੇਠ ਬੁੱਦਾ

ਸਿੰਘ ਜੀ ਨੂੰ ਪਤਾ ਲਗਾ ਤਾਂ ਉਹ ਜ਼ਮਾਨਤ ਦੇਣ ਨੂੰ ਤਿਆਰ ਹੋ ਪਏ ਪਰ ਭਾਈ ਸਾਹਬ ਨੇ ਉਨ੍ਹਾਂ ਨੂੰ ਸੁਨੇਹਾ ਭੇਜਿਆ ਕਿ ਸਾਡੀਆਂ ਜ਼ਮਾਨਤਾਂ ਦੇਣ ਦੀ ਥਾਂ ਉਹ ਆਪਣਾ ਖਿਆਲ ਰੱਖਣ।

ਚਾਰ ਦਿਨ ਤੇ ਚਾਰ ਰਾਤਾਂ ਭਾਈ ਸਾਹਬ ਦੀਆਂ ਬਹੁਤ ਔਖੀਆਂ ਲੰਘੀਆਂ। ਜ਼ਖਮ ਅੱਲੇ ਸਨ। ਦਰਦ ਬਹੁਤ ਸੀ ਪਰ ਬ੍ਰਿਟਿਸ਼ ਕੌਂਸਲ ਦੇ ਜ਼ੋਰ ਦੇਣ ਤੇ ਹਸਪਤਾਲ ਵਾਲਿਆਂ ਉਨ੍ਹਾਂ ਨੂੰ ਹਸਪਤਾਲ ਛੱਡ ਦੇਣ ਲਈ ਕਹਿ ਦਿੱਤਾ। ਉਨ੍ਹਾਂ ਦੇ ਬਾਹਰ ਨਿਕਲਦਿਆਂ ਹੀ ਪੁਲਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ।

ਭਾਈ ਸਾਹਬ ਸੋਚ ਰਹੇ ਸਨ ਕਿ ਸਿਆਮ ਦੀ ਸਰਕਾਰ ਵੀ ਅੰਗਰੇਜ਼ਾਂ ਦੇ ਹੱਥ ਦੀ ਕੱਠਪੁੱਤਲੀ ਹੈ।

੩੪

ਪੀਨਾਂਗ ਤੋਂ ਰੰਗੂਨ ਪਹੁੰਚਣ ਤਕ ਜਹਾਜ਼ ਨੂੰ ਚਾਰ ਦਿਨ ਲੱਗ ਜਾਣੇ ਸਨ। ਪਹਿਲੇ ਦਿਨ ਸਮੁੰਦਰ ਵਿੱਚ ਤੂਫਾਨ ਜਿਹਾ ਆਇਆ ਰਿਹਾ ਪਰ ਦੂਜੇ ਦਿਨ ਸਮੁੰਦਰ ਟਿਕ ਗਿਆ। ਜਹਾਜ਼ ਰਵੀਂ ਰਵੀਂ ਜਾ ਰਿਹਾ ਸੀ। ਲੋਕੀਂ ਉਠ ਕੇ ਆਪਣਾ ਕੰਮ ਕਾਜ ਕਰਨ ਲੱਗ ਪਏ। ਜੇ ਜਹਾਜ਼ ਨੂੰ ਮਾੜਾ ਜਿਹਾ ਧੱਤਾ ਲੱਗਦਾ ਤਾਂ ਪਹਿਲੇ ਦਿਨ ਦੇ ਡਰੇ ਹੋਏ ਲੋਕ ਝੱਟ ਪੱਟ ਬਹਿ ਜਾਣ ਦੀ ਕਰਦੇ। ਚੀਨੇ ਖਲਾਸੀ ਹੱਸਦੇ ਹੱਸਦੇ ਉਨ੍ਹਾਂ ਕੋਲੋਂ ਲੰਘ ਜਾਂਦੇ।

ਊਧਮ ਕੌਰ ਤੇ ਨਿਰੰਜਨ ਕੌਰ ਦੋਵੇਂ ਕਰਤਾਰ ਸਿੰਘ ਨਵਾਂ ਚੰਦ ਨੂੰ "ਅੰਕਲ" ਕਹਿ ਕੇ ਬੁਲਾਂਦੀਆਂ ਸਨ। ਹਰਿਦਿਆਲ ਸਿੰਘ ਵੀ ਉਨ੍ਹਾਂ ਦੀ ਰੀਸ ਨਾਲ ਉਸ ਨੂੰ "ਅੰਕਲ" ਕਹਿਣ ਲੱਗ ਪਿਆ। ਕਰਤਾਰ ਸਿੰਘ ਕਦੇ ਉਸ ਨੂੰ ਕੁਛੜ ਚੁੱਕ ਕੇ, ਕਦੇ ਕੰਧਾੜੇ ਚੜ੍ਹਾ ਕੇ ਤੇ ਕਦੇ ਉਂਗਲਾਂ ਨਾਲ ਲਾ ਕੇ, ਡੈੱਕ ਉਤ ਫਿਰਾ ਤੁਰਾ ਕੇ ਉਸ ਦਾ ਮਨ ਪਰਚਾਉਣ ਲੱਗ ਪਿਆ। ਜਦ ਰਾਤ ਪੈਂਦੀ ਤਾਂ ਉਹ "ਬਾਪੂ" "ਬਾਪੂ" ਕਹਿ ਕੇ ਚੀਕਾਂ ਮਾਰਨ ਲੱਗ ਪੈਂਦਾ। ਉਸ ਵੇਲੇ ਕਰਤਾਰ ਕੌਰ ਦਾ ਮਨ ਤਾਂ ਡੋਲਣਾ ਹੀ ਸੀ, ਕਰਤਾਰ ਸਿੰਘ ਵੀ ਉਦਾਸ ਹੋ ਜਾਂਦਾ। ਊਧਮ ਕੌਰ ਤੇ ਨਿਰੰਜਨ ਕੌਰ ਜੀਅ-ਭਿਆਣੀਆਂ ਕਦੇ ਆਪਣੀ ਮਾਂ ਵੱਲ ਤਕਦੀਆਂ ਤੇ ਕਦੇ ਕਰਤਾਰ ਸਿੰਘ ਵੱਲ। ਜੇ ਊਧਮ ਕੌਰ ਉਸ ਨੂੰ ਵਰਾਉਣ ਲੱਗਦੀ ਤਾਂ ਉਹ ਹੋਰ ਉੱਚੀ ਉੱਚੀ ਚੀਕਾਂ ਮਾਰ ਉਠਦਾ— "ਬਾਪੂ", ਬਾਪੂ।" ਉਸ ਨੂੰ ਰੋਂਦਾ ਵੇਖ ਕੇ ਕਈ ਵਾਰੀ ਨਿਰੰਜਨ ਕੌਰ ਵੀ ਰੋ ਪੈਂਦੀ ਤੇ "ਬਾਪੂ" "ਬਾਪੂ" ਕਹਿੰਦੀ ਨਾ ਥੱਕਦੀ।

ਜਦ ਜਹਾਜ਼ ਰੰਗੂਨ ਦੀ ਖਾੜੀ ਵਿੱਚ ਲੱਗਾ ਤਾਂ ਜਿਨ੍ਹਾਂ ਮੁਸਾਫਰਾਂ ਰੰਗੂਨ ਉਤਰਨਾ ਸੀ ਕੇਵਲ ਉਨ੍ਹਾਂ ਨੂੰ ਹੀ ਉਤਰਨ ਦਿੱਤਾ ਗਿਆ। ਕਲਕੱਤੇ ਜਾਣ ਵਾਲੇ ਕਿਸੇ ਮੁਸਾਫਰ ਨੂੰ ਘਾਟ ਉਤੇ ਉਤਰਨ ਦੀ ਆਗਿਆ ਨਾ ਮਿਲੀ। ਦੋ ਗੋਰਿਆਂ ਨੇ ਕਲਕੱਤੇ ਜਾਣਾ ਸੀ ਪਰ ਉਨ੍ਹਾਂ ਨੂੰ ਉਤਰਨ ਦਿੱਤਾ ਗਿਆ। ਚੀਨੇ ਖਲਾਸੀ ਵੀ ਉਤਰੇ।

ਕਰਤਾਰ ਸਿੰਘ ਨੂੰ ਆਪਣੇ ਬੇਲੀ ਪੰਡਤ ਸੋਹਣ ਲਾਲ ਤੇ ਬਾਬੂ ਹਰਨਾਮ ਸਿੰਘ ਗਦਰੀ ਸਾਰੇ ਯਾਦ ਆ ਗਏ। ਉਹ ਉਨ੍ਹਾਂ ਨੂੰ ਆਪਣੇ ਸਾਹਮਣੇ ਪਰਤੱਖ ਦੇਖਣ ਲੱਗਾ। ਉਸ ਨੂੰ ਪਤਾ ਸੀ ਕਿ ਉਹ ਬਰਮਾ ਵਿੱਚ ਗ਼ਦਰ ਮਚਾਉਣ ਲਈ ਰੁੱਝੇ ਹੋਏ ਸਨ। ਉਸ ਨੂੰ ਇਉਂ ਜਾਪਿਆ ਜਿਵੇਂ ਉਹ ਉਸ ਨੂੰ ਰੰਗੂਨ ਹੀ ਉਤਰ ਕੇ, ਉਨ੍ਹਾਂ ਨਾਲ ਮਿਲ ਕੇ ਕੰਮ ਕਰਨ ਲਈ ਆਖ ਰਹੇ ਹੋਣ। ਉਹ

ਬੇਚੈਨ ਜਿਹਾ ਹੋ ਕੇ ਜਹਾਜ ਦੀ ਕੰਧੀ ਨਾਲ ਲੱਗ ਕੇ ਘਾਟ ਉਤੇ ਫਿਰਦੇ ਲੋਕਾਂ ਵੱਲ ਤੱਕਣ ਲੱਗ ਪਿਆ। ਬਰਮੇ, ਤੇ ਚੀਨੇ ਆਮ ਸਨ। ਵਿੱਚ ਵਿੱਚ ਕੋਈ ਕੋਈ ਗੋਰਾ ਜਾਂ ਹਿੰਦੁਸਤਾਨੀ ਵੀ ਦਿਸ ਪੈਂਦਾ। ਏਨੇ ਨੂੰ ਘਾਟ ਤੋਂ ਬਾਹਰ ਛਾਬੜੀਆਂ ਤੇ ਵਹਿੰਗੀਆਂ ਵਾਲਿਆਂ ਦੀ ਭੀੜ ਆ ਜੁੜੀ। ਵਹਿੰਗੀਆਂ ਵਾਲੀਆਂ ਬਹੁਤੀਆਂ ਬਰਮੀ ਔਰਤਾਂ। ਕਰਤਾਰ ਸਿੰਘ ਨੂੰ ਉਨ੍ਹਾਂ ਦੀਆਂ ਆਵਾਜ਼ਾਂ ਦੀ ਕੋਈ ਸਮਝ ਨਹੀਂ ਸੀ ਆ ਰਹੀ ਪਰ ਕਈ ਛਾਬ ਮੂੰਗਫਲੀ ਨਾਲ ਭਰੇ ਹੋਏ ਤੇ ਵਿਚਕਾਰ ਪਏ ਮਿੱਟੀ ਦੇ ਭਾਂਡੇ ਵਿੱਚੋਂ ਧੂੰਆਂ ਨਿਕਲਦਾ ਵੇਖ ਕੇ, ਉਸ ਦਾ ਮਨ ਮੂੰਗਫਲੀ ਖ੍ਰੀਦਣ ਨੂੰ ਕਰ ਆਇਆ। ਨਾ ਵਹਿੰਗੀਆਂ ਵਾਲੀਆਂ ਜਹਾਜ਼ ਦੇ ਅੰਦਰ ਆ ਸਕਦੀਆਂ ਸਨ ਤੇ ਨਾ ਹੀ ਮੁਸਾਫਰ ਬਾਹਰ ਜਾ ਸਕਦੇ ਸਨ।

ਉਸ ਦਾ ਧਿਆਨ ਜਹਾਜ਼ ਦੇ ਨੇੜੇ ਆ ਢੁੱਕੀ ਇੱਕ ਬੇੜੀ ਉਤੇ ਪੈ ਗਿਆ। ਉਹ ਮੂੰਗਫਲੀ ਸੰਤਰੇ, ਸੇਬ ਤੇ ਹੋਰ ਨਿਕਸੁਕ ਵੇਚ ਰਿਹਾ ਸੀ। ਉਹ ਮੂੰਹ ਉਤੇ ਕਰਕੇ ਜਹਾਜ਼ ਵਿੱਚ ਖਲੋਤੇ ਮੁਸਾਫਰਾਂ ਨੂੰ ਸੌਦਾ ਖ੍ਰੀਦਣ ਲਈ ਕਹਿ ਰਿਹਾ ਸੀ। ਬਰਮਾ ਤੇ ਬਰਮਣ ਦੋਵੇਂ ਹਿੰਦੁਸਤਾਨੀ ਵਿਚ ਵੱਖ ਵੱਖ ਸੌਦਿਆਂ ਦੇ ਨਾਂ ਲੈ ਰਹੇ ਸਨ। ਬਰਮੇ ਨੇ ਲੰਮੀ ਰਸੀ ਨਾਲ ਬਧੀ ਨਿਕੀ ਜਿਹੀ ਟੋਕਰੀ ਮੁਸਾਫਰਾਂ ਨੂੰ ਵਿਖਾਈ। ਗਾਹਕ ਦਾ ਸੁਭਾ ਹੈ ਕਿ ਉਹ ਪਹਿਲੋਂ ਸੌਦਾ ਲੈ ਕੇ ਪਿਛੋਂ ਪੈਸੇ ਦੇਂਦਾ ਹੈ। ਬਰਮਾ ਪਹਿਲੋਂ ਪੈਸੇ ਲੈ ਕੇ ਮਗਰੋਂ ਸੌਦਾ ਦੇਣ ਦੇ ਇਸ਼ਾਰੇ ਕਰ ਰਿਹਾ ਸੀ। ਕਰਤਾਰ ਸਿੰਘ ਨੇ ਉਸ ਦੀ ਟੋਕਰੀ ਵਿੱਚ ਇੱਕ ਰੁਪਏ ਦਾ ਭਾਨ ਪਾ ਕੇ ਟੋਕਰੀ ਲਮਕਾ ਦਿੱਤੀ। ਨਾਲ ਹੀ ਮੂੰਗਫਲੀ ਤੋੜਨ ਦਾ ਇਸ਼ਾਰਾ ਕਰ ਦਿੱਤਾ। ਉਸ ਨੇ ਇੱਕ ਹੋਰ ਨਿਕੀ ਜਿਹੀ ਪਛੀ ਵਿੱਚ ਮੂੰਗਫਲੀ ਪਾ ਕੇ ਵੱਡੀ ਟੋਕਰੀ ਵਿੱਚ ਟਿਕਾ ਦਿੱਤੀ। ਮੂੰਗਫਲੀ ਸੰਭਾਲ ਕੇ ਕਰਤਾਰ ਸਿੰਘ ਨੂੰ ਖਿਆਲ ਆਇਆ ਕਿ ਹੋਰ ਚੀਜ਼ਾਂ ਵੀ ਖ੍ਰੀਦੇ। ਉਸ ਨੇ ਦੋ ਰੁਪਿਆਂ ਦੇ ਸੇਬ ਤੇ ਸੰਤਰੇ ਖ੍ਰੀਦੇ।

ਜਦ ਉਹ ਪਿੱਛੇ ਮੁੜਿਆ ਤਾਂ ਉਸ ਦੇ ਪਿੱਛੇ ਊਧਮ ਕੌਰ ਤੇ ਨਿਰੰਜਨ ਕੌਰ ਖੜੀਆਂ ਸਨ। ਉਸ ਨੇ ਪੁਛਿਆ—"ਹਰਿਦਿਆਲ ਕਿੱਥੇ ਐ।"

ਊਧਮ ਕੌਰ ਨੇ ਉੱਤਰ ਦਿੱਤਾ "ਸੌਣ ਡਿਹੈ।"

"ਕਿਉਂ ਤਗੜਾ ਤਾਂ ਹੈ?"

"ਮਾਂ ਕਹਿੰਦੀ ਐ ਕੁਝ ਢਿਲਾ ਮੱਠਾ ਐ।" ਕਰਤਾਰ ਸਿੰਘ ਅੱਗੇ ਅੱਗੇ ਤੇ ਦੋਵੇਂ ਭੈਣਾਂ ਉਸ ਦੇ ਪਿੱਛੇ ਪਿੱਛੇ ਤੁਰ ਪਈਆਂ। ਹਰਿਦਿਆਲ ਸਿੰਘ ਨੇ ਅੱਖਾਂ ਖੋਲ੍ਹ ਕੇ ਕਰਤਾਰ ਸਿੰਘ ਵੱਲ ਤਕਿਆ। ਉਸ ਨੇ ਮੂੰਗਫਲੀ, ਸੇਬਾਂ ਤੇ ਸੰਤਰਿਆਂ ਦਾ ਢੇਰ ਉਸ ਦੇ ਅੱਗੇ ਲਾ ਦਿੱਤਾ। ਉਹ ਝੱਟ ਪੱਟ ਉਠ ਖਲੋਤਾ। ਉਸ ਨੇ ਸਭ ਕੁੱਝ ਸੰਭਾਲਣ ਦਾ ਜਤਨ ਕੀਤਾ ਪਰ ਸਭ ਚੀਜ਼ਾਂ ਕਾਬੂ ਨਾ ਕਰ ਸਕਿਆ। ਕਦੇ ਕੋਈ ਸੇਬ ਉਸ ਦੇ ਹਥੋਂ ਨਿਕਲ ਜਾਂਦਾ ਤੇ ਕਦੇ ਸੰਤਰਾ। ਜਦ ਕਰਤਾਰ ਕੌਰ ਨੇ ਥੋੜ੍ਹੀ ਥੋੜ੍ਹੀ ਮੂੰਗਫਲੀ ਊਧਮ ਕੌਰ ਤੇ ਨਿਰੰਜਨ ਕੌਰ ਨੂੰ ਦਿਤੀ ਤਾਂ ਉਸ ਨੇ ਰੌਲਾ ਪਾ ਦਿੱਤਾ। ਦੋਹਾਂ ਭੈਣਾਂ ਨੇ ਇੱਕ ਇੱਕ ਸੰਤਰਾ ਤੇ ਇਕ ਇਕ ਸੇਬ ਲੈਣ ਲਈ ਹੱਥ ਵਧਾਏ। ਹਰਿਦਿਆਲ ਸਿੰਘ "ਅੰਕਲ ਅੰਕਲ" ਕਹਿ ਕੇ ਕਰਤਾਰ ਸਿੰਘ ਦੇ ਗਲੇ ਜਾ ਲੱਗਾ। ਕਰਤਾਰ ਸਿੰਘ ਸਮਝ ਗਿਆ ਕਿ ਹਰਿਦਿਆਲ ਕੋਈ ਚੀਜ਼ ਆਪਣੀਆਂ ਭੈਣਾਂ ਨਾਲ ਨਹੀਂ ਵੰਡਣੀ ਚਾਹੁੰਦਾ। ਉਸ ਨੇ ਉਸ ਨੂੰ ਦੋਹਾਂ ਬਾਹਾਂ ਉਤੇ ਚੁੱਕ ਕੇ ਆਪਣੇ ਸਿਰ ਤੋਂ ਵੀ ਉੱਚਾ ਕਰ ਦਿੱਤਾ। ਉਹ ਹੱਸਣ ਲੱਗ ਪਿਆ। ਜਦ ਕਰਤਾਰ ਸਿੰਘ ਨੇ ਉਸ ਨੂੰ ਹੇਠਾਂ ਉਤਾਰਿਆ ਤਾਂ ਉਹ ਫਿਰ ਜਿਦ

ਕਰਨ ਲੱਗਾ ਕਿ ਉਸ ਨੂੰ ਸਿਰ ਤੋਂ ਉੱਚਾ ਚੁੱਕੇ । ਉਸ ਦਾ ਧਿਆਨ ਮੁੰਗਫਲੀ, ਸੰਤਰਿਆਂ ਤੇ ਸੇਬਾਂ ਵਲੋਂ ਹੱਟ ਕੇ ਕਰਤਾਰ ਸਿੰਘ ਨਾਲ ਖੇਡਣ ਵੱਲ ਲੱਗ ਗਿਆ । ਉਹ ਉਸ ਨੂੰ ਕੰਧਾੜੇ ਚੁਕ ਕੇ ਜਹਾਜ਼ ਦੀ ਕੰਧੀ ਲਾਗੇ ਲੈ ਗਿਆ । ਹਰਿਦਿਆਲ ਘਾਟ ਉੱਤੇ ਫਿਰਦੇ ਲੋਕਾਂ ਵੱਲ ਟਿੱਕ ਟਿੱਕੀ ਲਾ ਕੇ ਤਕਣ ਮਗਰੋਂ ਜਹਾਜ਼ ਤੋਂ ਉਤਰਨ ਦੀ ਜਿੱਦ ਕਰਨ ਲੱਗ ਪਿਆ । ਏਨੇ ਨੂੰ ਜਹਾਜ਼ ਦੇ ਤੁਰਨ ਦੀਆਂ ਤਿਆਰੀਆਂ ਹੋਣ ਲੱਗ ਪਈਆਂ । ਹਰਿਦਿਆਲ ਪਹਿਲੇ ਦਿਨ ਦੇ ਤੂਫਾਨ ਤੋਂ ਡਰਿਆ ਹੋਇਆ ਜਹਾਜ਼ ਤੁਰਨ ਤੋਂ ਪਹਿਲੋਂ ਹੀ ਆਪਣੀ ਮਾਂ ਦੀ ਬੁਕਲ ਵਿੱਚ ਵੜ ਉਂਘਲਾਉਣ ਲੱਗ ਪਿਆ ।

ਅਜੇ ਸੂਰਜ ਨਹੀਂ ਸੀ ਡੁੱਬਾ । ਕਰਤਾਰ ਸਿੰਘ ਨੇ ਡੈੱਕ ਉੱਤੇ ਲੇਟ ਕੇ ਹਰਿਦਿਆਲ ਨੂੰ ਆਪਣੇ ਕੋਲ ਲੈਣਾ ਚਾਹਿਆ ਪਰ ਉਹ ਆਪਣੀ ਮਾਂ ਨਾਲ ਚੰਬੜਿਆ ਰਿਹਾ । ਇੱਕ ਦਮ ਉਠ ਕੇ ਕਰਤਾਰ ਸਿੰਘ ਦੀ ਛਾਤੀ ਉਤੇ ਜਾ ਚੜ੍ਹਿਆ । ਉਸ ਨੇ ਹਰਿਦਿਆਲ ਸਿੰਘ ਦੀ ਪਿੱਠ ਥਪੋਕਣੀ ਸ਼ੁਰੂ ਕਰ ਦਿਤੀ । ਹਰਿਦਿਆਲ ਨੂੰ ਕਰਤਾਰ ਸਿੰਘ ਦੀ ਛਾਤੀ ਉੱਤੇ ਚੁਪ ਚਾਪ ਲੇਟਿਆਂ ਵੇਖ ਕੇ ਕਰਤਾਰ ਕੌਰ ਨੇ ਆਪਣਾ ਮੂੰਹ ਦੂਜੇ ਪਾਸੇ ਕਰ ਲਿਆ ਤੇ ਉਭਰ ਆਏ ਹੰਝੂਆਂ ਨੂੰ ਦੁਪੱਟੇ ਦੀ ਕੰਨੀ ਨਾਲ ਪੂੰਝਣ ਲੱਗ ਪਈ । ਉਸ ਨੂੰ ਉਹ ਸਮਾਂ ਯਾਦ ਆ ਗਿਆ ਜਦ ਹਰਿਦਿਆਲ ਸਿੰਘ ਆਪਣੇ ਬਾਪੂ ਦੀ ਛਾਤੀ ਉਤੇ ਲੇਟ ਕੇ ਸੌਂ ਜਾਂਦਾ ਹੁੰਦਾ ਸੀ ।

੩੫

ਕੱਲਕਤੇ ਜਹਾਜ਼ ਤੋਂ ਉਤਰਦਿਆਂ ਹੀ ਭੀੜ ਭਾੜ ਵੇਖ ਕੇ ਹਰਿਦਿਆਲ ਸਿੰਘ ਘਬਰਾ ਗਿਆ । ਉਸ ਨੂੰ ਕਰਤਾਰ ਸਿੰਘ ਨੇ ਆਪਣੀ ਪਿੱਠ ਉੱਤੇ ਚੁਕ ਲਿਆ । ਊਧਮ ਸਿੰਘ ਤੇ ਨਿਰੰਜਨ ਕੌਰ ਆਪਣੀ ਮਾਂ ਦੀਆਂ ਉਂਗਲਾਂ ਫੜ ਕੇ ਉਸ ਦੇ ਸੱਜੇ ਖੱਬੇ ਤੁਰ ਪਈਆਂ । ਉਨ੍ਹਾਂ ਪਾਸ ਸਾਮਾਨ ਬਹੁਤ ਥੋੜ੍ਹਾ ਸੀ, ਪਰ ਫਿਰ ਵੀ ਇੱਕ ਕੁਲੀ ਨੇ ਮਲੋਮਲੀ ਉਨ੍ਹਾਂ ਦਾ ਸਮਾਨ ਚੁੱਕ ਲਿਆ । ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਪੰਜਾਬ ਨੂੰ ਗੱਡੀ ਕਿਸ ਵੇਲੇ ਜਾਂਦੀ ਹੈ । ਇਸ ਲਈ ਉਨ੍ਹਾਂ ਨੇ ਦੋ ਰਿਕਸ਼ੇ ਲਏ । ਰਿਕਸ਼ਿਆਂ ਵਾਲੇ ਚੀਨੇ ਜਾਣਦੇ ਸਨ ਕਿ ਸਭ ਸਿੱਖ "ਬੜੀ ਸੰਗਤ ਗੁਰਦੁਆਰੇ" ਜਾਂਦੇ ਸਨ । ਉਹ ਉਨ੍ਹਾਂ ਨੂੰ ਲੈ ਕੇ ਤੁਰ ਪਏ । ਚੀਨੇ ਥੋੜ੍ਹੀ-ਥੋੜ੍ਹੀ ਬੰਗਾਲੀ ਬੋਲ ਲੈਂਦੇ ਸਨ ਪਰ ਪੰਜਾਬੀ ਵਿੱਚ "ਬੜੀ ਸੰਗਤ" ਕਹਿਣ ਤੋਂ ਵੱਧ ਕੁੱਝ ਨਹੀਂ ਸਨ ਜਾਣਦੇ ।

ਅਜੇ ਉਹ ਰਿਕਸ਼ਿਆਂ ਤੋਂ ਉਤਰੇ ਹੀ ਸਨ ਕਿ ਇੱਕ ਸਿੱਖ ਨੇ ਉਨ੍ਹਾਂ ਦਾ ਸਮਾਨ ਅੰਦਰ ਲਿਜਾਣ ਲਈ ਚੁਕ ਲਿਆ । ਕਰਤਾਰ ਸਿੰਘ ਨੇ ਉਸ ਵੱਲ ਨਜ਼ਰ ਭਰ ਕੇ ਤਕਿਆ । ਉਸ ਨੂੰ ਉਸੇ ਵੇਲੇ ਸ਼ੱਕ ਹੋ ਗਿਆ ਕਿ ਇਹ ਜ਼ਰੂਰ ਪੰਜਾਬੀ-ਖੁਫੀਆਂ-ਪੁਲਸ ਦਾ ਆਦਮੀ ਹੋਵੇਗਾ । ਕਰਤਾਰ ਸਿੰਘ ਨੇ ਉਸ ਦੇ ਹੱਥੋਂ ਸਮਾਨ ਫੜ ਕੇ ਕਿਹਾ—"ਤੁਸੀਂ ਤਕਲੀਫ ਨਾ ਕਰੋ । ਅਸੀਂ ਆਪੇ ਕਰ ਲਵਾਂਗੇ ।"

"ਸਰਦਾਰ ਜੀ ! ਮੈਂ ਕਿਹੜਾ ਮਜ਼ੂਰੀ ਲੈਣ ਲੱਗਾ । ਤੁਸੀਂ ਬੱਚਿਆਂ ਨੂੰ ਸੰਭਾਲੋ । ਮੈਂ ਸਮਾਨ ਅੰਦਰ ਕਰ ਦੇਂਦਾ । ਸਾਡਾ ਕੰਮ ਹੀ ਆਏ ਗਏ ਦੀ ਸੇਵਾ ਕਰਨੀ ਐ ।" ਉਸ ਨੇ ਇੱਕ

ਬਿਸਤਰੇ ਨੂੰ ਫਿਰ ਹੱਥ ਪਾ ਲਿਆ। ਕਰਤਾਰ ਸਿੰਘ ਅੱਗੋਂ ਚੁਪ ਹੋ ਗਿਆ। ਅੰਦਰ ਪਹੁੰਚ ਕੇ ਉਸ ਨੇ ਇਕ ਬੰਗਾਲੀ ਸਿੱਖ ਸੇਵਾਦਾਰ ਨੂੰ ਵਾਜ ਮਾਰ ਕੇ ਕਿਹਾ—"ਭਾਈ ਸਾਹਿਬ ਦੂਰ ਦੁਰਾਡਿਓ ਆਏ ਹੋਣਗੇ। ਇਨ੍ਹਾਂ ਨੂੰ ਚੰਗਾ ਜਿਹਾ ਕਮਰਾ ਦੇਵੀਂ। ਸਭ ਲੋਕ ਜਹਾਜ਼ ਦਾ ਧਕੇਵਾਂ ਲਾਹ ਕੇ ਪੰਜਾਬ ਤੁਰ ਹੀ ਜਾਂਦੇ ਐ!" ਉਹ ਸਤਿ ਸ੍ਰੀ ਅਕਾਲ ਬੁਲਾ ਕੇ ਮੁੜਨ ਲੱਗਾ ਫਿਰ ਖੜੋ ਗਿਆ "ਤੁਹਾਡੇ ਨਾਲ ਕੋਈ ਖੁਰਦਪੁਰੀਏ ਵੀ ਆਏ ਐ! ਉਹਨਾਂ ਕਨੇਡਾ ਤੋਂ ਇਸੇ ਜਹਾਜ਼ ਉੱਤੇ ਆਉਣ ਸੀ?"

"ਕਈ ਲੋਕ ਆਏ ਐ। ਜਹਾਜ਼ ਭਰਿਆ ਹੋਇਆ ਸੀ।"

ਕਰਤਾਰ ਸਿੰਘ ਦਾ ਉੱਤਰ ਸੁਣ ਕੇ ਉਹ ਆਪਣੇ ਮੂੰਹ ਅੱਗੇ ਸੱਜਾ ਹੱਥ ਛੱਖ ਕੇ ਸੋਚਦਾ-ਸੋਚਦਾ ਬੋਲਿਆ—"ਤੁਹਾਡਾ ਪਿੰਡ ਤਾਂ—।"

ਉਸ ਦੀ ਗੱਲ ਵਿੱਚੋਂ ਹੀ ਫੜ ਕੇ ਕਰਤਾਰ ਸਿੰਘ ਨੇ ਜ਼ਰਾ ਖਿੱਝ ਕੇ ਉੱਤਰ ਦਿੱਤਾ—"ਪਿੰਡ ਐ ਨਵਾਂ ਚੰਦ, ਜ਼ਿਲ੍ਹਾ ਐ ਪਰੋਜ਼ਪੁਰ। ਹੋਰ ਕੁੱਝ ਪੁਛਣਾ ਐ ਤਾਂ ਹੋਰ ਵੀ ਪੁਛ ਲਓ।" ਕਰਤਾਰ ਸਿੰਘ ਦੀ ਕੌੜੀ ਗੱਲ ਸੁਣ ਕੇ ਉਸ ਨੇ ਖਿਸਕਣ ਦੀ ਕੀਤੀ। ਕਰਤਾਰ ਸਿੰਘ ਬਾਹਰ ਨਿਕਲ ਕੇ, ਤੁਸ ਨੂੰ ਜਾਂਦੇ ਨੂੰ ਕਿੰਨਾ ਚਿਰ ਵੇਖਦਾ ਰਿਹਾ। ਉਸ ਨੇ ਇੱਕ ਵਾਰੀ ਵੀ ਪਿੱਛੇ ਮੁੜ ਕੇ ਨਾ ਤਕਿਆ।

ਗੁਰਦੁਆਰਾ ਮੁਸਾਫ਼ਰਾਂ ਨਾਲ ਭਰਿਆ ਹੋਇਆ ਸੀ। ਬਹੁਤੇ ਲੋਕ ਸਰਦੀ ਦੇ ਦਿਨਾਂ ਵਿਚ ਵੀ ਬਾਹਰ ਹੀ ਬਿਸਤਰੇ ਵਿਛਾਈ ਬੈਠੇ ਸਨ। ਕਰਤਾਰ ਸਿੰਘ ਹੋਰਾਂ ਨੂੰ ਇੱਕ ਕਮਰਾ ਮਿਲ ਗਿਆ। ਕਰਤਾਰ ਕੌਰ ਤੇ ਬੱਚਿਆਂ ਦੇ ਲੇਟਣ ਦਾ ਪ੍ਰਬੰਧ ਅੰਦਰ ਹੋ ਗਿਆ। ਕਰਤਾਰ ਸਿੰਘ ਨੇ ਥਾਂ ਮੱਲਣ ਲਈ ਉਸ ਕਮਰੇ ਦੇ ਬਾਹਰ ਆਪਣੀ ਦਰੀ ਵਿੱਛਾ ਲਈ। ਉਹ ਕਿੰਨੇ ਦਿਨਾਂ ਦੇ ਨਹਾਤੇ ਨਹੀਂ ਸਨ। ਕਰਤਾਰ ਕੌਰ ਨੇ ਵਾਰੀ-ਵਾਰੀ ਤਿੰਨਾਂ ਬੱਚਿਆਂ ਨੂੰ ਨੁਹਾਇਆ। ਆਪ ਨਹਾਤੀ। ਥੱਕੇ ਟੁੱਟੇ ਹੋਣ ਕਰਕੇ ਉਹ ਲੰਮੇ ਪੈ ਗਏ। ਹਰਿਦਿਆਲ ਸਿੰਘ ਆਪਣੀ ਆਦਤ ਦੇ ਉਲਟ ਅੱਜ ਸਭ ਤੋਂ ਪਹਿਲੋਂ ਸੌਂ ਗਿਆ। ਉਧਮ ਕੌਰ ਤੇ ਨਿਰੰਜਨ ਕੌਰ ਵੀ ਕਰਤਾਰ ਕੌਰ ਦੇ ਨਾਲ ਲੇਟੀਆਂ ਰਹੀਆਂ।

ਜਦ ਕਰਤਾਰ ਸਿੰਘ ਤਰਕਾਲਾਂ ਵੇਲੇ ਗੱਡੀ ਦੀਆਂ ਟਿਕਟਾਂ ਲੈ ਕੇ ਮੁੜਿਆ ਤਾਂ ਉਹ ਕਰਤਾਰ ਕੌਰ ਤੇ ਬੱਚਿਆਂ ਨੂੰ ਆਪਣੇ ਕਮਰੇ ਵਿੱਚ ਨਾ ਵੇਖ ਕੇ ਹਰਾਨ ਹੋ ਗਿਆ। ਉਹ ਇੱਕ ਦਮ ਘਬਰਾ ਉਠਿਆ। ਕਰਤਾਰ ਕੌਰ ਬੱਚਿਆਂ ਸਮੇਤ ਦੀਵਾਨ ਵਿੱਚ ਬੈਠੀ ਰਹਿਰਾਸ ਸਾਹਿਬ ਦਾ ਪਾਠ ਸੁਣ ਰ.ੀ ਸੀ। ਜਿਉਂ ਹੀ ਹਰਦਿਆਲ ਸਿੰਘ ਨੇ ਕਰਤਾਰ ਸਿੰਘ ਨੂੰ ਕਮਰੇ ਅੱਗੇ ਖਲੋਤਿਆਂ ਵੇਖਿਆ ਤਾਂ ਉਹ ਦੀਵਾਨ ਵਿੱਚੋਂ ਉਠ ਕੇ ਉਸ ਦੀਆਂ ਲੱਤਾਂ ਨਾਲ ਆ ਚੰਬੜਿਆ। ਉਸ ਨੂੰ ਵੇਖ ਕੇ ਕਰਤਾਰ ਸਿੰਘ ਦੇ ਸਾਹ ਵਿੱਚ ਸਾਹ ਆਇਆ। ਉਹ ਹਰਿਦਿਆਲ ਸਿੰਘ ਆਪਣੇ ਆਪ ਪੌੜੀਆਂ ਉਤਰਨ ਲੱਗ ਪਿਆ। ਕਰਤਾਰ ਸਿੰਘ ਨੇ ਉਸ ਨੂੰ ਚੁੱਕ ਲਿਆ। ਉਹ ਪੌੜੀਆਂ ਉਤਰ ਕੇ ਬਜ਼ਾਰ ਵਿੱਚ ਖੁਲ੍ਹਦੇ ਵੱਡੇ ਦਰਵਾਜ਼ੇ ਅੱਗੇ ਜਾ ਖਲੋਤੇ। ਹਰਿਦਿਆਲ ਸਿੰਘ ਬਜ਼ਾਰ ਦੀ ਰੌਣਕ ਵੇਖਕੇ ਉਧਰ ਨੱਸਣਾ ਭੱਜਣਾ ਚਾਹੁੰਦਾ ਸੀ ਪਰ ਕਰਤਾਰ ਸਿੰਘ ਨੇ ਉਸਦਾ ਹੱਥ ਫੜ ਕੇ ਉਸਨੂੰ ਏਧਰ ਉਧਰ ਘੁੰਮਾਉਣਾ ਸ਼ੁਰੂ ਕਰ ਦਿੱਤਾ। ਉਹ ਜੋ ਚੀਜ਼ ਵੇਖੇ ਉਸੇ ਨੂੰ ਲੈਣ ਦੀ ਜਿੱਦ ਕਰੇ। ਕਾਗਜ਼ ਦੀਆਂ ਬਣੀਆਂ ਭੰਬੀਰੀਆਂ ਵੇਚਣ ਵਾਲਾ ਉਨ੍ਹਾਂ ਪਾਸ ਆ ਰੁਕਿਆ। ਕਰਤਾਰ ਸਿੰਘ ਨੇ ਇੱਕ

ਭੰਬੀਰੀ ਹਰਿਦਿਆਲ ਸਿੰਘ ਨੂੰ ਲੈ ਦਿੱਤੀ। ਉਹ ਖੁਸ਼ ਹੋ ਗਿਆ ਪਰ ਦੂਜੀ ਛਿਣ ਹੀ ਸਾਰੀਆਂ ਲੈਣ ਦੀ ਜ਼ਿਦ ਕਰਨ ਲੱਗ। ਪਿਆ ਭੰਬੀਰੀਆਂ ਵੇਚਣ ਵਾਲਾ ਦੂਰ ਨਿਕਲ ਗਿਆ ਸੀ। ਕਰਤਾਰ ਸਿੰਘ ਨੂੰ ਉਥੇ ਹੀ ਛੱਡ ਕੇ, ਹਰਿਦਿਆਲ ਸਿੰਘ, ਪੌੜੀਆਂ ਚੜ੍ਹ ਕੇ ਆਪਣੀ ਮਾਂ ਕੋਲ ਜਾ ਬੈਠਾ। ਆਪਣੀਆਂ ਭੈਣਾਂ ਨੂੰ ਭੰਬੀਰੀ ਦਿਖਾ ਕੇ ਹੱਸਣ ਲੱਗ ਪਿਆ। ਕਰਤਾਰ ਕੌਰ ਨੇ ਉਸ ਦੇ ਮੂੰਹ ਉੱਤੇ ਹੱਥ ਦੇ ਕੇ ਉਸ ਨੂੰ ਚੁੱਪ ਰਹਿਣ ਲਈ ਕਿਹਾ।

ਰਹਿਰਾਸ ਦੇ ਦੀਵਾਨ ਦੇ ਭੋਗ ਪਿਛੋਂ ਲੰਗਰ ਖੁਲ੍ਹਾ। ਸੰਗਤ ਵਿੱਚ ਬੈਠਿਆਂ ਕਰਤਾਰ ਸਿੰਘ ਦੀ ਨਜ਼ਰ ਉਸੇ ਸਿਖ ਉਤੇ ਜਾ ਪਈ ਜੋ ਉਸ ਨੂੰ ਪੁਛ ਕੇ ਗਿਆ ਸੀ ਕਿ ਕੋਈ ਖੁਰਦਪੁਰੀ ਵੀ ਤੁਹਾਡੇ ਨਾਲ ਆਏ ਹਨ। ਉਸ ਨੂੰ ਵੇਖ ਕੇ ਕਰਤਾਰ ਸਿੰਘ ਦਾ ਮੱਥਾ ਠਣਕਿਆ। ਉਸ ਨੇ ਕਰਤਾਰ ਕੌਰ ਨੂੰ ਦਸਿਆ ਕਿ ਉਹ ਆਦਮੀ ਫਿਰ ਆਇਆ ਹੋਇਆ ਹੈ। ਨਾਲ ਹੀ ਹਦਾਇਤ ਕਰ ਦਿੱਤੀ ਕਿ ਉਸ ਨਾਲ ਕੋਈ ਗੱਲਬਾਤ ਨਾ ਕਰਨ।

ਪਹਿਲੋਂ ਦਾਲ ਵਰਤੀ। ਕਰਤਾਰ ਸਿੰਘ ਨੇ ਤਾੜਿਆ ਕਿ ਉਹੋ ਆਦਮੀ ਰੋਟੀਆਂ ਵਰਤਾਂਦਾ ਆ ਰਿਹਾ ਹੈ। ਉਹ ਰੋਟੀਆਂ ਦੇ ਕੇ ਅੱਗੇ ਚਲਾ ਗਿਆ। ਉਸ ਨੇ ਇਵੇਂ ਜਿਤਾਇਆ ਜਿਵੇਂ ਉਨ੍ਹਾਂ ਨੂੰ ਮਿਲਿਆ ਹੀ ਨਾ ਹੋਵੇ। ਜਦ ਸੰਗਤ ਲੰਗਰ ਛੱਕ ਚੁੱਕੀ ਤਾਂ ਕਰਤਾਰ ਸਿੰਘ ਨੇ ਤਾੜਿਆ ਕਿ ਉਹ ਆਦਮੀ ਕਦੇ ਇੱਕ ਮੁਸਾਫਰ ਨਾਲ ਤੇ ਕਦੇ ਦੂਜੇ ਮੁਸਾਫਰ ਨਾਲ ਗੱਲਾਂ ਕਰਨ ਵਿੱਚ ਰੁੱਝਾ ਹੋਇਆ ਹੈ। ਕਰਤਾਰ ਸਿੰਘ ਦੇ ਮਨ ਵਿੱਚ ਆਈ ਕਿ ਉਸ ਆਦਮੀ ਬਾਰੇ ਕੋਈ ਜਾਣ ਪਛਾਣ ਕੱਢੇ। ਸੋਚਣ ਲੱਗਾ ਕਿ ਕਿਸ ਤੋਂ ਪੁਛੇ। ਉਸ ਦਾ ਖਿਆਲ ਗੁਰਦੁਆਰੇ ਦੇ ਭਾਈ ਸਾਹਿਬ ਵੱਲ ਗਿਆ। ਭਾਈ ਸਾਹਿਬ ਮਹਾਰਾਜ ਸੰਤੋਖ ਕੇ ਬਾਹਰ ਆਏ ਹੀ ਸਨ। ਕਰਤਾਰ ਸਿੰਘ ਨੇ ਜਾ ਫਤਹ ਬੁਲਾਈ। ਉਸ ਨੇ ਉਸੇ ਆਦਮੀ ਵਲ ਇਸ਼ਾਰਾ ਕਰਕੇ ਪੁੱਛਿਆ—"ਇਹ ਸਿੰਘ ਕਦੋਂ ਦਾ ਕਲਕਤੇ ਰਹਿੰਦਾ ਐ?"

"ਅਸੀਂ ਤਾਂ ਇਸ ਨੂੰ ਮਹੀਨਾ ਦੋ ਮਹੀਨੇ ਤੋਂ ਧਰਮਸ਼ਾਲਾ ਆਉਂਦਾ ਵੇਖਦੇ ਹਾਂ। ਪਤਾ ਨਹੀਂ ਕਿਥੇ ਰਹਿੰਦਾ ਹੈ ਤੇ ਕਦੋਂ ਦਾ ਏਥੇ ਰਹਿੰਦਾ ਹੈ। ਗੱਲਾਂ ਬਹੁਤ ਪੁੱਛਦਾ ਤੇ ਕਰਦਾ ਹੈ।"

"ਪ੍ਰਧਾਨ ਸਾਹਬ ਕਦੋਂ ਆਉਂਦੇ ਹਨ?"

"ਉਹ ਸਵੇਰ ਦੇ ਦੀਵਾਨ ਵਿੱਚ ਜ਼ਰੂਰ ਆਉਂਦੇ ਹਨ। ਕਦੇ ਕਦੇ ਰਹਿਰਾਸ ਵੇਲੇ ਵੀ ਆ ਜਾਂਦੇ ਹਨ। ਹੁਣੇ ਹੁਣੇ ਗਏ ਹਨ। ਤੁਸੀਂ ਉਨ੍ਹਾਂ ਨੂੰ ਨਹੀਂ ਜਾਣਦੇ ਹੋਣੇ।"

"ਨਹੀਂ, ਅਸੀਂ ਨਹੀਂ ਜਾਣਦੇ ਪਰ ਸਾਡੇ ਇੱਕ ਖਾਸ ਮਿੱਤਰ ਹਨ। ਉਨ੍ਹਾਂ ਕਿਹਾ ਸੀ ਕਿ ਪ੍ਰਧਾਨ ਸਾਹਬ ਨੂੰ ਮਿਲ ਕੇ ਜਾਣਾ। ਪਤਾ ਨਹੀਂ ਇਹ ਪ੍ਰਧਾਨ ਸਾਹਬ ਉਹੋ ਹੋਣ ਜਾਂ ਕੋਈ ਹੋਰ।"

"ਨਹੀਂ ਨਹੀਂ ਸਾਡੇ ਪ੍ਰਧਾਨ ਸਾਹਬ ਇੱਕੋ ਹਨ। ਸਾਲਾਂ ਬਧੀ ਉਹੋ ਪ੍ਰਧਾਨ ਆ ਰਹੇ ਹਨ। ਸੰਗਤ ਉਨ੍ਹਾਂ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਮੰਗਦੀ। ਬੜੇ ਨੇਕ ਸੁਭਾ ਹਨ। ਬੜੇ ਦਾਨੀ ਹਨ। ਸਾਡੇ ਬੰਗਾਲੀ ਸਿੱਖਾਂ ਦੇ ਖਾਨਦਾਨ ਪੁਸ਼ਤਾਂ ਤੋਂ ਸਿੱਖ ਚਲੇ ਆਉਂਦੇ ਹਨ। ਪ੍ਰਧਾਨ ਸਾਹਬ ਪਾਸ ਸਾਡੇ ਸਭ ਵੱਡੇ ਵਡੇਰਿਆਂ ਦੇ ਨਾਂ ਵੀ ਹਨ।"

"ਅਸਾਂ ਕਲ ਸਵੇਰ ਦੀ ਗੱਡੀ ਤੇ ਪੰਜਾਬ ਚਲੇ ਜਾਣਾ ਐ। ਕੋਈ ਤਰੀਕਾ ਹੈ ਕਿ ਅੱਜ ਰਾਤੀਂ ਉਨ੍ਹਾਂ ਦੇ ਦਰਸ਼ਨ ਹੋ ਸਕਣ।"

"ਹੁਣੇ ਚਲੋ । ਮੈਂ ਤੁਹਾਡੇ ਨਾਲ ਚਲਦਾਂ । ਉਹ ਛੇਤੀ ਸੌਂ ਜਾਂਦੇ ਹਨ ਤੇ ਅੰਮ੍ਰਿਤ ਵੇਲੇ ਉਠ ਖਲੋਂਦੇ ਹਨ ।"

"ਮੈਂ ਬੀਬੀ ਜੀ ਤੇ ਬੱਚਿਆਂ ਨੂੰ ਲੈ ਆਵਾਂ ।"

ਭਾਈ ਸਾਹਬ ਨੇ ਜ਼ਰਾ ਹਰਾਨਗੀ ਨਾਲ ਪੁੱਛਿਆ—"ਸਭ ਨਾਲ ਜਾਣਗੇ ?"

"ਜੀ ਹਾਂ । ਇਨ੍ਹਾਂ ਹੀ ਤਾਂ ਮਿਲਣਾ ਹੈ ।"

"ਉਹ ਅੱਗੜ ਪਿੱਛੜ ਪੌੜੀਆਂ ਉਤਰੇ । ਕਰਤਾਰ ਸਿੰਘ ਨੇ ਪੁੱਛਿਆ—"ਜੇ ਦੂਰ ਹੋਵੇ ਤਾਂ ਰਿਕਸ਼ੇ ਕਰ ਲਈਏ ।"

"ਨਹੀਂ । ਬਿਲਕੁਲ ਨੇੜੇ ਹੈ । ਬਸ ਦੋ ਤਿੰਨ ਮਿੰਟ ਲੱਗਣਗੇ ।"

ਉਹ ਸੜਕ ਦੀ ਸੱਜੀ ਪੱਟੜੀ ਉਤੇ ਤੁਰੇ ਜਾ ਰਹੇ ਸਨ । ਹਰਦਿਆਲ ਸਿੰਘ, ਕਰਤਾਰ ਸਿੰਘ ਦੀ ਉਂਗਲ ਫੜ ਕੇ ਖੁਸ਼ੀ ਖੁਸ਼ੀ ਤੁਰਿਆ ਜਾ ਰਿਹਾ ਸੀ । ਇੱਕ ਗਲੀ ਦਾ ਮੋੜ ਮੁੜਦਿਆਂ ਭਾਈ ਸਾਹਬ ਨੇ ਇੱਕ ਦਰਵਾਜਾ ਜਾ ਖੜਕਾਇਆ । ਪ੍ਰਧਾਨ ਸਾਹਬ ਨੇ ਆਪ ਬੂਹਾ ਖੋਲ੍ਹਦਿਆਂ ਫਤਹ ਬੁਲਾ ਕੇ ਕਿਹਾ—"ਆਓ ! ਜੀ ਆਇਆਂ ਨੂੰ ।"

ਅੰਦਰ ਵੜਦਿਆਂ ਹੀ ਕਰਤਾਰ ਸਿੰਘ ਨੇ ਇੱਕ ਰੁਕਾ ਬਟੂਏ ਵਿੱਚੋਂ ਕੱਢ ਕੇ ਪ੍ਰਧਾਨ ਸਾਹਬ ਨੂੰ ਦਿੱਤਾ । ਉਹ ਸਭ ਨੂੰ ਅੰਦਰ ਲੈ ਗਏ । ਬਿਠਾਇਆ । ਰੁੱਕਾ ਪੜ੍ਹਦਿਆਂ ਹੀ ਉਨ੍ਹਾਂ ਉਹ ਰੁੱਕਾ ਆਪਣੇ ਮੱਥੇ ਨਾਲ ਛੁਹਾਇਆ । ਹਰਦਿਆਲ ਸਿੰਘ ਨੂੰ ਚੁੱਕ ਕੇ, ਉਸ ਦੇ ਦੋਵੇਂ ਪੈਰ ਆਪਣੇ ਮੱਥੇ ਨਾਲ ਛੁਹਾਂਦਿਆਂ, ਖੁਸ਼ੀ ਵਿੱਚ ਗਦਗਦ ਹੋ ਕੇ ਅਵਾਜ਼ ਦਿੱਤੀ—"ਪ੍ਰੀਤਮ ਜੀ ! ਬਾਹਰ ਆਓ । ਆਓ ਵੇਖੋ ਕੌਣ ਆਏ ਹਨ । ਸਾਡੇ ਬੜੇ ਭਾਗ ਹਨ ।"

ਪ੍ਰੀਤਮ ਕੌਰ ਨੇ ਬੈਠਕ ਵਿੱਚ ਆਉਂਦਿਆਂ ਸਭ ਵੱਲ ਹੱਥ ਜੋੜੇ । ਪ੍ਰਧਾਨ ਸਾਹਿਬ ਨੇ ਦਸਿਆ—"ਪ੍ਰੀਤਮ ਜੀ ! ਤੁਹਾਨੂੰ ਭਾਈ ਬਲਵੰਤ ਸਿੰਘ ਜੀ ਯਾਦ ਹਨ ਕਨੇਡਾ ਵਾਲੇ । ਸਾਡੇ ਪਾਸ ਰਹੇ ਸਨ ।"

"ਤੁਸੀਂ ਸਿੰਘ ਸਾਹਿਬ ਦੀ ਗੱਲ ਕਰਦੇ ਹੋ ।"

"ਹਾਂ । ਹਾਂ ਸਿੰਘ ਸਾਹਿਬ ਦੀ ਗੱਲ ਕਰਦੇ ਹਾਂ ।"

"ਕਿੱਥੇ ਹਨ ?"

"ਇਹ ਉਨ੍ਹਾਂ ਦਾ ਪਰਵਾਰ ਹੈ । ਆਪ ਨਹੀਂ ਆਏ । ਨਾਲ ਉਨ੍ਹਾਂ ਦੇ ਮਿੱਤਰ ਕਰਤਾਰ ਸਿੰਘ ਜੀ ਹਨ ।"

ਪ੍ਰੀਤਮ ਕੌਰ ਨੇ ਕਿਹਾ—"ਮੈਂ ਪ੍ਰਸ਼ਾਦ ਤਿਆਰ ਕਰਦੀ ਹਾਂ ।"

"ਭੈਣ ਜੀ ! ਅਸੀਂ ਛੱਕ ਕੇ ਆਏ ਹਾਂ ।" ਕਰਤਾਰ ਕੌਰ ਨੇ ਉੱਤਰ ਦਿੱਤਾ ।

"ਤੁਸੀਂ ਦੁਧ ਗਰਮ ਕਰ ਲਓ ।" ਪ੍ਰਧਾਨ ਨੇ ਆਪਣੀ ਪਤਨੀ ਨੂੰ ਕਿਹਾ ।

"ਸਿੰਘ ਸਾਹਿਬ ਆਪ ਕਿਉਂ ਨਹੀਂ ਆਏ ?"

"ਉਹ ਕਿਸੇ ਜ਼ਰੂਰੀ ਕੰਮ ਕਰਕੇ ਸਿੰਘਾਪੁਰ ਅੱਟਕ ਗਏ ਸਨ ।"

"ਕਦੋਂ ਆਉਣਗੇ ?"

ਕਰਤਾਰ ਸਿੰਘ ਨੇ ਹੱਸ ਕੇ ਉੱਤਰ ਦਿੱਤਾ—"ਉਨ੍ਹਾਂ ਦੀਆਂ ਉਹ ਹੀ ਜਾਣਨ ।

"ਭਾਈ ਸਾਹਿਬ ਜੀ ! ਤੁਸਾਂ ਇਨ੍ਹਾਂ ਦੇ ਨਾਮ ਰਜਿਸਟਰ ਵਿਚ ਤਾਂ ਨਹੀਂ ਲਿਖੇ ?"

"ਜੀ ! ਲਿਖੇ ਹਨ ।"

"ਛੇਤੀ ਵਾਪਸ ਜਾਓ ! ਰਜਿਸਟਰ ਲੈ ਕੇ ਆਓ । ਇਹਨਾਂ ਦੇ ਨਾਮ ਰਜਿਸਟਰ ਵਿਚ ਨਹੀਂ ਹੋਣੇ ਚਾਹੀਦੇ ।"

"ਸੱਤ ਬੱਚਨ ।" ਕਹਿ ਕੇ ਭਾਈ ਸਾਹਬ ਵਾਪਸ ਮੁੜ ਪਏ ।

"ਤਿੰਨ ਸਾਲ ਹੋਏ ਸਿੰਘ ਸਾਹਿਬ ਨੇ ਦਸਿਆ ਸੀ ਕਿ ਉਹ ਆਪਣਾ ਜਹਾਜ਼ ਚਲਾਉਣਗੇ । ਫਿਰ ਸਿੰਘ ਆਪਣਾ ਜਹਾਜ਼ ਲੈ ਕੇ ਗਏ । ਜਦ ਗੁਰੂ ਨਾਨਕ ਜਹਾਜ਼ ਬੱਜ-ਬੱਜ ਦੇ ਘਾਟ ਆ ਕੇ ਲੱਗਾ । ਗੋਲੀ ਚਲੀ । ਕਈ ਸਿੰਘ ਸ਼ਹੀਦ ਹੋਏ , ਕਈ ਜ਼ਖਮੀ ਹੋਏ ਭੱਜ ਨਿਕਲੇ । ਉਨ੍ਹਾਂ ਵਿਚੋਂ ਕੁਝ ਰਾਤ ਬਿਰਾਤੇ ਧਰਮਸ਼ਾਲਾ ਆ ਜਾਂਦੇ । ਅਸੀਂ ਯਥਾ ਸ਼ਕਤੀ ਉਨ੍ਹਾਂ ਦੀ ਮਦਦ ਕਰਦੇ । ਇਕ ਦਿਨ ਪੰਜਾਬੀ ਪੁਲਸ ਅਫਸਰ ਆਏ ਤੇ ਮਲੋ ਮਲੀ ਸਾਡਾ ਰਜਿਸਟਰ ਚੁਕ ਕੇ ਲੈ ਗਏ । ਅਸਾਂ ਰਜਿਸਟਰ ਬਣਾਉਣਾ ਛੱਡ ਦਿਤਾ ।"

"ਫਿਰ ਉਨ੍ਹਾਂ ਬੰਗਾਲੀ ਪੁਲਸ ਨੇ ਸਾਡੇ ਉਤੇ ਜ਼ੋਰ ਪਾਇਆ ਕਿ ਸਾਨੂੰ ਰਜਿਸਟਰ ਰਖਣਾ ਹੀ ਪਵੇਗਾ । ਬੰਗਾਲ ਦੇ ਕਾਨੂੰਨ ਵਿਚ ਵੀ ਹੈ ਕਿ ਹਰ ਮੁਸਾਫਰਖਾਨਾ ਮੁਸਾਫਰਾਂ ਦਾ ਰਜਿਸਟਰ ਰਖੇ । ਅਸੀਂ ਹੁਣ ਭਾਈ ਸਾਹਿਬ ਨੂੰ ਕਹਿ ਰਖਿਆ ਹੈ ਕਿ ਜੋ ਮੁਸਾਫਰ ਆਪਣੇ ਨਾਮ ਲਿਖਾਉਣ ਲਿਖ ਲਿਆ ਕਰੋ । ਜੋਰ ਕਿਸੇ ਉੱਤੇ ਨਾ ਪਾਉਣ । ਤੁਹਾਡੇ ਨਾਵਾਂ ਵਾਲਾ ਵਰਕਾ ਫਾੜ ਦਿਆਂਗੇ ।"

ਜਦ ਦੁੱਧ ਆਇਆ ਤਾਂ ਹਰਿਦਿਆਲ ਸਿੰਘ ਨੇ ਬੜੀ ਖੁਸ਼ੀ ਨਾਲ ਗਿਲਾਸ ਫੜ ਲਿਆ । ਪ੍ਰਧਾਨ ਸਾਹਿਬ ਨੇ ਉਸ ਦੇ ਕੋਲ ਢੁਕਦਿਆਂ ਉਸ ਨੂੰ ਆਪਣੀ ਗੋਦ ਵਿਚ ਲੈ ਲਿਆ । ਉਹ ਉਨ੍ਹਾਂ ਦੀ ਗੋਦ ਵਿਚ ਬੈਠਾ ਚੁਪ ਚੁਪੀਤਾ ਦੁਧ ਪੀਂਦਾ ਰਿਹਾ ।

ਭਾਈ ਸਾਹਬ ਰਜਿਸਟਰ ਲੈ ਕੇ ਆ ਗਏ । ਪ੍ਰਧਾਨ ਸਾਹਬ ਨੇ ਰਜਿਸਟਰ ਫੜ ਕੇ ਆਪਣੇ ਪਾਸ ਰਖਦਿਆਂ ਕਿਹਾ—"ਭਾਈ ਸਾਹਿਬ ਮਾਫ ਕਰਨਾ । ਤੁਹਾਨੂੰ ਦੋਹਰਾ ਫੇਰਾ ਪਵੇਗਾ । ਭਾਈ ਕਰਤਾਰ ਸਿੰਘ ਜੀ ਨੂੰ ਨਾਲ ਲੈ ਜਾਓ । ਸਮਾਨ ਰਿਕਸ਼ੇ ਉੱਤੇ ਰਖ ਲਿਆਓ । ਰਾਤ ਇਥੇ ਹੀ ਬਿਰਾਜਨਗੇ ।

੩੬

ਊਧਮ ਕੌਰ ਤੇ ਨਿਰੰਜਨ ਕੌਰ ਬਿਸਤਰੇ ਵਿਚ ਪੈਂਦੀਆਂ ਹੀ ਸੌਂ ਗਈਆਂ । ਹਰਿਦਿਆਲ ਸਿੰਘ, ਕਰਤਾਰ ਕੌਰ ਦੇ ਨਾਲ ਸੁੱਤਾ ਹੋਇਆ ਸੀ । ਕਰਤਾਰ ਕੌਰ ਨੂੰ ਆਪ ਨੀਂਦ ਨਹੀਂ ਸੀ ਆ ਰਹੀ । ਉਹ ਸੋਚ ਰਹੀ ਸੀ ਕਿ ਉਹ ਆਪ ਅਜਿਹੇ ਸੋਹਣੇ ਬਿਸਤਰੇ ਉਤੇ ਸੌਂ ਰਹੀ ਹੈ ਪਰ ਪਤਾ ਨਹੀਂ ਭਾਈ ਸਾਹਬ ਕਿਤੇ ਭੁੰਞੇ ਹੀ ਸੁਤੇ ਪਏ ਹੋਣਗੇ । ਏਨੇ ਨੂੰ ਉਸ ਨੇ ਬਿੱਲੀ ਦੇ ਮਿਆਉਂ ਮਿਆਉਂ ਕਰਨ ਦੀ ਆਵਾਜ਼ ਸੁਣੀ । ਬਿੱਲੀ ਉਨ੍ਹਾਂ ਦੇ ਕਮਰੇ ਦੇ ਬੂਹੇ ਉਤੇ ਨੂਹੰਦਰਾਂ ਮਾਰਨ ਲਗ ਪਈ । ਉਹ ਉਠ ਕੇ ਬਿੱਲੀ ਨੂੰ ਹਟਕਣ ਲੱਗੀ ਸੀ ਕਿ ਪ੍ਰੀਤਮ ਕੌਰ ਦੀ ਆਵਾਜ਼ ਆ ਗਈ । ਬਿੱਲੀ ਦੀ ਮਿਆਉਂ ਮਿਆਉਂ ਦੀ ਆਵਾਜ਼ ਦੂਰ ਹੋ ਗਈ ।

ਉਹ ਕਿੰਨੀ ਦੇਰ ਪਲਸੇਟੇ ਮਾਰਦੀ ਰਹੀ। ਫਿਰ ਉਸ ਨੂੰ ਉਂਘ ਆ ਗਈ ਤੇ ਸੌਂ ਗਈ। ਉਹ ਸੁਪਨਾ ਦੇਖਣ ਲਗ ਪਈ—"ਉਹ ਆਪ ਵੈਨਕੂਵਰ ਗੁਰਦੁਆਰੇ ਦੇ ਹਾਲ ਵਿਚ ਬੈਠੀ ਹੋਈ ਸੀ। ਬੀਬੀ ਹਰਨਾਮ ਕੌਰ ਉਸ ਦੇ ਗੋਡੇ ਨਾਲ ਗੋਡਾ ਜੋੜ ਕੇ ਬੈਠੀ ਸੀ। ਭਾਈ ਵਰਿਆਮ ਸਿੰਘ ਜੀ, ਮਹਾਰਾਜ ਦੀ ਤਾਬਿਆ ਬੈਠੇ ਸਨ। ਭਾਈ ਭਾਗ ਸਿੰਘ ਤੇ ਭਾਈ ਬਤਨ ਸਿੰਘ ਮਹਾਰਾਜ ਦੇ ਸੱਜੇ ਖੱਬੇ ਸ੍ਰੀ ਸਾਹਿਬਾਂ ਤਾਣ ਕੇ ਖੜੇ ਸਨ। ਕਾਕਾ ਜੋਗਿੰਦਰ ਸਿੰਘ ਹਰਨਾਮ ਕੌਰ ਦੀ ਗੋਦ ਵਿੱਚੋਂ ਉਠ ਕੇ ਕਰਤਾਰ ਕੌਰ ਦੇ ਗੋਡੇ ਉਤੇ ਆ ਬੈਠਾ। ਹਰਿਦਿਆਲ ਸਿੰਘ ਆਪਣੀ ਮਾਂ ਦੀ ਗੋਦ ਵਿੱਚੋਂ ਉੱਠ ਕੇ ਹਰਨਾਮ ਕੌਰ ਦੀ ਗੋਦ ਵਿੱਚ ਜਾ ਚੜ੍ਹਿਆ। ਉਸ ਨੇ ਉਸ ਨੂੰ ਛਾਤੀ ਨਾਲ ਘੁੱਟ ਕੇ ਆਪਣੀ ਗੋਦ ਵਿਚ ਲੈ ਲਿਆ।"

"ਗੁਰਦੁਆਰੇ ਦਾ ਹਾਲ ਖਚਾ ਖਚ ਭਰਿਆ ਪਿਆ ਸੀ। ਇੱਕ ਨੁਕਰ ਵਿੱਚ ਖਲੋਤਾ, ਉਸ ਨੇ ਆਪਣਾ ਭਰਾ, ਉਤਮ ਸਿੰਘ ਤਕਿਆ ਵੱਡੇ ਬੂਹੇ ਵਲੋਂ, ਉਸ ਨੇ ਇੱਕ ਦੂਜੇ ਦੇ ਪਿਛੇ ਹਸਨ ਰਹੀਮ, ਸੋਹਣ ਲਾਲ ਪਾਠਕ, ਹਰਨਾਮ ਸਿੰਘ ਕਾਹਰੀ ਸਰੀ, ਮਿਤ ਸਿੰਘ ਪੰਡੋਰੀ, ਦਲੀਪ ਸਿੰਘ ਫਾਹਲਾ ਤੇ ਹੋਰ ਕਈ ਬੰਦੇ ਆਉਂਦੇ ਤੱਕੇ। ਫਿਰ ਜੈਕਾਰਿਆਂ ਦੀ ਗੂੰਜ ਉਠੀ। "ਜੋ ਅੜੇ ਸੋ ਝੜੇ" ਦੇ ਜੈਕਾਰੇ ਲੱਗੇ।

ਕਰਤਾਰ ਕੌਰ ਨੇ ਭਾਈ ਮੇਵਾ ਸਿੰਘ ਨੂੰ ਆਪਣੇ ਕੋਲੋਂ ਉਠ ਕੇ, ਅੱਗੇ ਵੱਧਦਿਆਂ ਤੱਕਿਆ।

ਮੇਵਾ ਸਿੰਘ, ਭਾਈ ਸਾਹਬ ਦੇ ਪਿਛੇ ਜਾ ਖਲੋਤਾ। ਭਾਈ ਸਾਹਬ ਨੇ ਉਠ ਕੇ, ਪਹਿਲੋਂ ਮਹਾਰਾਜ ਵਲ ਤੇ ਫਿਰ ਸੰਗਤ ਵਲ ਸਿਰ ਨਿਵਾਇਆ। ਮੇਵਾ ਸਿੰਘ ਨੇ ਭਾਈ ਸਾਹਬ ਦੇ ਗਲ ਵਿਚ ਗੁਲਾਬ ਦੇ ਫੁਲਾਂ ਦੀ ਫੂਲਮਾਲਾ ਪਾਉਂਦਿਆਂ ਜੈਕਾਰਾ ਛਡਿਆ—"ਜੋ ਅੜੇ ਸੋ ਝੜੇ।" ਜੈਕਾਰੇ ਦੀ ਆਵਾਜ਼ ਨਾਲ ਸਾਰਾ ਹਾਲ ਗੂੰਜ ਉਠਿਆ। ਉਸ ਨੇ ਦਹਾੜਦੇ ਬਬਰ ਸ਼ੇਰ ਦੀਆਂ ਅਵਾਜ਼ਾਂ ਉਠੀਆਂ। ਉਸ ਨੂੰ ਜਾਪਿਆ ਕਿ ਬਿੱਲੀ ਨੇ ਉਸ ਦੇ ਸੱਜੇ ਪੈਰ ਉੱਤੇ ਦੰਦੀ ਵਢ ਦਿੱਤੀ ਹੈ। ਉਹ ਬੌਖਲਾ ਕੇ ਉਠ ਬੈਠੀ। ਉਸ ਨੂੰ ਬਿੱਲੀ ਕਿਧਰੇ ਨਾ ਦਿਸੀ। ਉਸ ਨੇ ਲੈਂਪ ਦੀ ਬੱਤੀ ਉਚੀ ਕਰ ਕੇ ਸਾਰੇ ਕਮਰੇ ਵਿਚ ਨਜ਼ਰ ਮਾਰੀ। ਕੁੰਡਾ ਅੰਦਰੋਂ ਬੰਦ ਸੀ। ਉਹ ਆਪਣੇ ਪੈਰ ਨੂੰ ਮਲਣ ਬਹਿ ਗਈ।

ਉਸ ਦੇ ਸਰੀਰ ਨੂੰ ਕਾਂਬਾ ਛਿੜ ਗਿਆ। ਉਸ ਦਾ ਮਨ ਫੁਟ ਕੇ ਰੋਣ ਨੂੰ ਕੀਤਾ ਪਰ ਉਹ ਰੋ ਨਾ ਸਕੀ। ਉਹ ਸ਼ਹੀਦ ਹੋ ਚੁਕੇ ਭਾਈ ਭਾਗ ਸਿੰਘ, ਭਾਈ ਬਤਨ ਸਿੰਘ ਤੇ ਭਾਈ ਮੇਵਾ ਸਿੰਘ ਨੂੰ ਸੁਪਨੇ ਵਿੱਚ ਵੇਖ ਕੇ ਘਬਰਾ ਗਈ। ਭਾਈ ਮੇਵਾ ਸਿੰਘ ਦੇ ਹਥੀਂ ਭਾਈ ਸਾਹਬ ਦੇ ਗਲ ਵਿਚ ਫੂਲਮਾਲਾ ਪਾਉਣ ਦੀ ਗਲ ਯਾਦ ਆਉਂਦਿਆਂ ਹੀ ਉਹ ਤ੍ਰਭਕ ਪਈ। ਉਹ ਚੌਂਕੜੀ ਮਾਰ ਕੇ ਬੈਠੀ ਬਾਣੀ ਪੜ੍ਹਨ ਲਗ ਪਈ। ਫਿਰ ਵੀ ਉਸ ਦਾ ਮਨ ਨਾ ਠੱਲਿਆ ਜਾਏ।

ਉਹ ਬਤੀ ਨੀਵੀਂ ਕਰ ਕੇ ਲੇਟ ਗਈ। ਸਾਰੀ ਰਾਤ ਜਾਗਦੀ ਰਹੀ। ਪਸਲੇਟੇ ਮਾਰਦੀ ਰਹੀ ਜਦ ਉਹ ਦਿਨ ਚੜ੍ਹ ਜਾਣ ਤੱਕ ਕਮਰੇ ਵਿਚੋਂ ਬਾਹਰ ਨਾ ਨਿਕਲੀ ਤਾਂ ਪ੍ਰੀਤਮ ਕੌਰ ਨੇ ਆਵਾਜ਼ ਮਾਰੀ। ਕਰਤਾਰ ਕੌਰ ਪਾਸੋਂ ਹਿੱਲਿਆ ਨਾ ਜਾਏ। ਉਸ ਨੇ ਊਧਮ ਕੌਰ ਨੂੰ ਜਗਾ ਕੇ ਕੁੰਡਾ ਖੋਲ੍ਹਣ ਲਈ ਆਖਿਆ। ਪ੍ਰੀਤਮ ਕੌਰ ਨੇ ਕਰਤਾਰ ਕੌਰ ਦੇ ਪਿੰਡੇ ਨੂੰ ਹਥ ਲਾ ਕੇ ਤੱਕਿਆ। ਉਸ ਦਾ ਪਿੰਡਾ ਅਗ ਵਾਂਗੂੰ ਭੱਖ ਰਿਹਾ ਸੀ। ਉਹ ਉੱਠ ਕੇ ਬਹਿਣਾ ਚਾਹੁੰਦੀ ਸੀ ਪਰ ਬੈਠ ਨਾ ਸਕੀ।

ਪ੍ਰਧਾਨ ਜੀ ਤੇ ਕਰਤਾਰ ਸਿੰਘ ਗੁਰਦੁਆਰੇ ਤੋਂ ਵਾਪਸ ਮੁੜੇ। ਪ੍ਰੀਤਮ ਕੌਰ ਨੇ ਉਨ੍ਹਾਂ ਨੂੰ ਕਰਤਾਰ ਕੌਰ ਨੂੰ ਬੁਖਾਰ ਹੋ ਜਾਣ ਬਾਰੇ ਦਸਿਆ। ਪ੍ਰਧਾਨ ਸਾਹਬ ਨੇ ਥਰਮਾਮੀਟਰ ਲਾ ਕੇ ਤੱਕਿਆ। ਕਰਤਾਰ ਕੌਰ ਨੂੰ ਇਕ ਸੌ ਤਿੰਨ ਦਰਜੇ ਦਾ ਬੁਖਾਰ ਸੀ।

ਉਨ੍ਹਾਂ ਨੇ ਹਕੀਮ ਨੂੰ ਬੁਲਾਇਆ। ਉਸ ਨੇ ਪੰਦਰਾਂ ਵੀਹ ਮਿੰਟ ਕਰਤਾਰ ਕੌਰ ਨਾਲ ਗੱਲਾਂ ਕਰ ਕੇ ਪ੍ਰਧਾਨ ਸਾਹਬ ਤੇ ਕਰਤਾਰ ਸਿੰਘ ਨੂੰ ਦਸਿਆ—"ਇਹ ਸਰੀਰਕ ਬੀਮਾਰੀ ਨਹੀਂ। ਮਾਨ-ਸਕ ਹੈ। ਮੈਂ ਇੱਕ ਪੁੜੀ ਹੁਣ ਦਿੱਤੀ ਹੈ। ਇੱਕ ਪੁੜੀ ਦੋ ਘੰਟ ਬਾਦ ਖਾਣਗੇ। ਸਭ ਠੀਕ ਹੋ ਜਾਏਗਾ।"

ਹਕੀਮ ਦੇ ਚਲੇ ਜਾਣ ਮਗਰੋਂ ਪ੍ਰਧਾਨ ਸਾਹਬ ਨੇ ਕਿਹਾ—"ਚੰਗਾ ਹੋਵੇ ਜੇ ਤੁਸੀਂ ਇੱਕ ਦੋ ਦਿਨ ਹੋਰ ਠਹਿਰ ਜਾਉ।"

"ਨਹੀਂ, ਮੈਂ ਬਿਲਕੁਲ ਠੀਕ ਹਾਂ।"

"ਰਾਹ ਵਿਚ ਜ਼ਿਆਦਾ ਬੀਮਾਰ ਹੋ ਜਾਣ ਦਾ ਡਰ ਹੈ।"

ਏਨੀ ਦੇਰ ਨੂੰ ਪ੍ਰੀਤਮ ਕੌਰ ਨੇ ਕਿਹਾ—"ਸ਼ਾਹ ਵੇਲਾ ਤਿਆਰ ਹੈ।"

ਕਰਤਾਰ ਕੌਰ ਨੇ ਆਪ ਉੱਠ ਕੇ ਬੱਚਿਆਂ ਦੇ ਮੂੰਹ ਹੱਥ ਧੁਆਏ।

ਸ਼ਾਹ ਵੇਲਾ ਖਾਂਦਿਆਂ ਇਕ ਪਰੌਂਠਾ ਖਾ ਕੇ, ਉਧਮ ਕੌਰ ਨੇ, ਇਕ ਹੋਰ ਪਰੌਂਠਾ ਲੈਣਾ ਚਾਹਿਆ। ਕਰਤਾਰ ਕੌਰ ਨੇ ਪਰੌਂਠੇ ਦੀ ਥਾਂ ਦੁੱਧ ਦਾ ਗਲਾਸ ਉਸਦੇ ਸਾਹਮਣੇ ਕਰ ਦਿੱਤਾ। ਉਹ ਗਲਾਸ ਦਾ ਦੁੱਧ ਨਾ ਮੁਕਾ ਸਕੀ। ਨਿਰੰਜਨ ਕੌਰ ਤੇ ਹਰਿਦਿਆਲ ਸਿੰਘ ਨੇ ਦੁਧ ਹੀ ਪੀਤਾ। ਕਰਤਾਰ ਕੌਰ ਨੇ ਕਿਸੇ ਚੀਜ਼ ਨੂੰ ਹੱਥ ਨਾ ਲਾਇਆ। ਪ੍ਰਧਾਨ ਜੀ ਨੇ ਆਪਣੇ ਚੋਲੇ ਦੀ ਜੇਬ ਵਿਚੋਂ ਨੋਟਾਂ ਦੀ ਇਕ ਥੱਬੀ ਕੱਢ ਕੇ ਹਰਿਦਿਆਲ ਸਿੰਘ ਦੇ ਹੱਥ ਫੜਾਂਦਿਆਂ ਕਿਹਾ—"ਭੈਣ ਜੀ। ਇਹ ਤੁਛ ਸੇਵਾ ਪਰਵਾਨ ਕਰਨੀ। ਜੇ ਤੁਸੀਂ ਅੱਜ ਰਹਿ ਜਾਓ ਤਾਂ ਕੁਝ ਹੋਰ ਸੇਵਾ ਦੇ ਜੋਗ ਹੋ ਸਕਾਂਗਾ।"

ਕਰਤਾਰ ਕੌਰ ਨੇ ਨੋਟਾਂ ਦੀ ਥੱਬੀ ਹਰਿਦਿਆਲ ਸਿੰਘ ਦੇ ਹੱਥੋਂ ਫੜ ਕੇ ਵਾਪਸ ਕਰਦਿਆਂ ਕਿਹਾ—"ਪ੍ਰਧਾਨ ਜੀ! ਤੁਹਾਡੀ ਬੜੀ ਕਿਰਪਾ ਹੈ। ਮੈਨੂੰ ਮਾਇਆ ਦੀ ਲੋੜ ਨਹੀਂ। ਤੁਹਾਡੇ ਪਿਆਰ ਦੀ ਲੋੜ ਹੈ। ਜਿੰਨਾ ਵੀ ਤੁਹਾਡਾ ਸਤਕਾਰ ਕਰੀਏ ਥੋੜਾ ਹੈ।"

ਪ੍ਰਧਾਨ ਸਾਹਿਬ ਨੇ ਕਰਤਾਰ ਸਿੰਘ ਵੱਲ ਤੱਕਿਆ—"ਕੇਵਲ ਇਕ ਹਜ਼ਾਰ ਤਾਂ ਹੈ।"

ਕਰਤਾਰ ਸਿੰਘ ਨੇ ਅਗੋਂ ਹਥ ਜੋੜ ਦਿਤੇ।

੩੭

ਭਾਈ ਸਾਹਿਬ, ਬਵਾਸੀਰ ਦੇ ਓਪਰੇਸ਼ਨ ਦੇ ਜ਼ਖਮ ਅੱਲੇ ਹੋਣ ਕਰਕੇ ਪਿੱਠ ਪਰਨੇ ਨਹੀਂ ਸਨ ਲੇਟ ਸਕਦੇ। ਨਾ ਹੀ ਉਹ ਚੌਕੜੀ ਮਾਰ ਕੇ ਬੈਠ ਸਕਦੇ ਸਨ। ਉਹ ਬਾਂਹ ਸਿਰਹਾਣੇ ਰੱਖ ਕੇ ਕਦੀ ਸੱਜੀ ਵੱਖੀ ਉਤੇ ਲੇਟਦੇ ਅਤੇ ਕਦੇ ਖੱਬੀ ਵੱਖੀ ਉੱਤੇ। ਉਹ ਸੱਜੀ ਵੱਖੀ ਉੱਤੇ ਲੇਟੇ

ਸਚ ਵਿਚ ਪਏ ਸਨ। ਸਵੇਰੇ ਦਾ ਸੂਰਜ ਉਨ੍ਹਾਂ ਦੇ ਚਿਹਰੇ ਉਤੇ ਪੈ ਰਿਹਾ ਸੀ। ਜਿਹਲ-ਕੋਠੜੀ ਦੀਆਂ ਮੋਟੀਆਂ ਮੋਟੀਆਂ ਸੀਖਾਂ ਦੇ ਪਰਛਾਵੇਂ ਵਿਚ ਉਨ੍ਹਾਂ ਦੀਆਂ ਮੋਟੀਆਂ-ਮੋਟੀਆਂ ਅੱਖਾਂ ਖੁਲ੍ਹੀਆਂ ਸਨ। ਕਾਲਾ-ਸ਼ਾਹ ਦਾੜ੍ਹਾ ਹੋਰ ਵੀ ਚਮਕ ਉਠਿਆ ਸੀ। ਉਨ੍ਹਾਂ ਦੇ ਚਿਹਰੇ ਉੱਤੇ ਪਿਲੱਤਣ ਹੁੰਦਿਆਂ ਵੀ ਇਕ ਨੂਰ ਚਮਕ ਰਿਹਾ ਸੀ ਪਰ ਮਨ ਉਨ੍ਹਾਂ ਦਾ ਸਮੁੰਦਰੋਂ ਪਾਰ ਵੈਨਕੋਵਰ ਪਹੁੰਚਿਆ ਹੋਇਆ ਸੀ। ਉਸ ਸ਼ਹੀਦ ਭਾਈ ਭਾਗ ਸਿੰਘ ਜੀ ਨੂੰ ਆਪਣੇ ਸਾਹਮਣੇ ਪਰਤੱਖ ਖਲੋਤਾ ਵੇਖ ਰਹੇ ਸਨ। ਉਨ੍ਹਾਂ ਨੂੰ ਉਹ ਸਮਾਂ ਯਾਦ ਆਇਆ ਜਦ ਉਹ ਦੋਵੇਂ ਅਰਦਾਸਾ ਸੋਧ ਕੇ, ਪਰਵਾਰਾਂ ਨੂੰ ਕੈਨੇਡਾ ਲਿਆਉਣ ਲਈ, ਦੇਸ ਨੂੰ ਤੁਰੇ ਸਨ। ਉਹ ਪਰਵਾਰਾਂ ਨੂੰ ਨਾਲ ਲੈ ਕੇ, ਕੈਨੇਡਾ ਜਾਣ ਲਈ, ਆਪਣੇ ਆਪ ਨੂੰ ਗੁਰਦੁਆਰਾ ਹਾਂਗ-ਕਾਂਗ ਵਿਚ ਅਖੰਡ ਪਾਠ ਵਿਚ ਹਿੱਸਾ ਲੈਂਦਿਆਂ ਵੇਖਣ ਲਗੇ।

ਉਨ੍ਹਾ ਆਪਣੇ ਆਪ ਨੂੰ ਸਾਰਾ ਸਾਰਾ ਦਿਨ, ਭਾਈ ਭਾਗ ਸਿੰਘ ਨਾਲ ਜਾ ਕੇ ਜਹਾਜ਼ਾਂ ਦੀਆਂ ਕੰਪਨੀਆਂ ਦੇ ਦਫਤਰਾਂ ਦੇ ਚਕਰ ਲਾਉਂਦਿਆਂ ਵੇਖਿਆ। ਉਨ੍ਹਾਂ ਕੈਨੇਡਾ ਦੇ ਟਿਕਟ ਨਾ ਮਿਲਣ ਕਰਕੇ ਸਾਨਫਰਾਂਸਿਸਕੋ ਦੇ ਟਿਕਟ ਲਏ। ਸਾਨਫਰਾਂਸਿਕੋ ਪਹੁੰਚ ਕੇ ਉਨ੍ਹਾਂ ਆਪਣੇ ਆਪ ਤੇ ਭਾਈ ਭਾਗ ਸਿੰਘ ਨੂੰ ਪਰਵਾਰਾਂ ਸਮੇਤ ਕੁਰਾਂਟੀਨ ਵਿੱਚ ਡਕਿਆ ਤਕਿਆ। ਉਨ੍ਹਾਂ ਅਮਰੀਕਨ ਇਮੀਗ੍ਰੇਸ਼ਨ ਅਫਸਰ ਦਾ ਹੁਕਮ ਸੁਣਿਆ—"ਤੁਸੀਂ ਕੈਨੇਡਾ ਦੇ ਰਹਿਣ ਵਾਲੇ ਹੋ। ਤੁਸੀਂ ਅਮਰੀਕਾ ਰਾਹੀਂ ਕੈਨੇਡਾ ਨਹੀਂ ਜਾ ਸਕਦੇ। ਤੁਹਾਨੂੰ ਕੈਨੇਡਾ ਜਾਣ ਲਈ ਕੈਨੇਡਾ ਦਾ ਸਿੱਧਾ ਟਿਕਟ ਲੈਣਾ ਪਵੇਗਾ। ਤੁਹਾਨੂੰ ਜਿਥੋਂ ਆਏ ਹੋ ਉਥੇ ਹੀ ਵਾਪਸ ਭੇਜਿਆ ਜਾਏਗਾ।" ਇਸ ਹੁਕਮ ਦੀ ਯਾਦ ਕਰਕੇ ਭਾਈ ਸਾਹਬ ਮੁਸਕਰਾ ਪਏ ਤੇ ਹੌਲੀ ਜਿਹੀ ਬੋਲੇ—"ਜਾਪਦੈ ਅਮਰੀਕਾ ਦਾ ਸਾਰਾ ਦੇਸ ਵੀ ਇੰਗਲੈਂਡ ਦੇ ਬਾਦਸ਼ਾਹ ਦੇ ਅਧੀਨ ਹੈ।"

ਸਾਨਫਰਾਂਸਿਸ਼ਕੋ ਤੋਂ ਵਾਪਸ ਮੋੜੇ ਜਾਣ ਸਮੇਂ ਉਨ੍ਹਾਂ ਭਾਈ ਭਾਗ ਸਿੰਘ ਨੂੰ ਡਾਢੇ ਜੋਸ਼ ਵਿਚ ਆਇਆ ਤਕ ਕੇ ਚੁਪ ਰਹਿਣ ਦੀ ਪ੍ਰੇਰਨਾ ਦਿਤੀ। ਜਦ ਵਾਪਸ ਮੁੜਦਿਆਂ ਭਾਈ ਭਾਗ ਸਿੰਘ ਦਾ ਇਕੋ ਇੱਕ ਬੱਚਾ ਜੋਗਿੰਦਰ ਸਿੰਘ ਬੀਮਾਰ ਹੋ ਗਿਆ ਸੀ ਤਾਂ ਉਸ ਵੇਲੇ ਨੂੰ ਯਾਦ ਕਰਕੇ ਭਾਈ ਸਾਹਬ ਸੱਜੀ ਵੱਖੀ ਥੱਕ ਜਾਣ ਕਰਕੇ ਖੱਬੀ ਵੱਖੀ ਦੇ ਸਹਾਰੇ ਲੇਟ ਗਏ। ਹੁਣ ਸੂਰਜ ਉਨ੍ਹਾਂ ਦੇ ਪਿਛੋਂ ਪੈ ਰਿਹਾ ਸੀ। ਪਾਸਾ ਬਦਲਣ ਕਰਕੇ ਉਨ੍ਹਾਂ ਦੇ ਹੇਠਾਂ ਵਿਛਿਆ ਕਾਲਾ ਕੰਬਲ ਕੁਝ ਇਕੱਠਾ ਹੋ ਗਿਆ ਸੀ। ਅੱਧੇ ਜਿਹੇ ਉਠ ਕੇ ਉਨ੍ਹਾਂ ਕੰਬਲ ਠੀਕ ਕੀਤਾ ਤੇ ਫਿਰ ਉਨ੍ਹਾਂ ਦੇ ਧਿਆਨ ਦੀ ਲੜੀ ਜੁੜ ਗਈ।

ਉਨ੍ਹਾਂ, ਭਾਈ ਭਾਗ ਸਿੰਘ ਨੂੰ, ਜੋਗਿੰਦਰ ਸਿੰਘ ਨੂੰ ਆਪਣੀ ਗੋਦ ਵਿਚ ਲੈ ਕੇ ਰਹਿਰਾਸ ਸਾਹਬ ਦਾ ਪਾਠ ਕਰਦਿਆਂ ਤੱਕਿਆ। ਅਰਦਾਸ ਕਰਨ ਸਮੇਂ, ਉਨ੍ਹਾਂ ਜੋਗਿੰਦਰ ਸਿੰਘ ਨੂੰ ਭਾਈ ਭਾਗ ਸਿੰਘ ਦੇ ਅੱਗੇ ਹਥ ਜੋੜ ਕੇ ਖਲੋਤਿਆਂ ਤਕਿਆ। ਜਦ ਅਰਦਾਸ ਪਿੱਛੋਂ ਭਾਈ ਸਾਹਬ ਨੇ ਜੋਗਿੰਦਰ ਸਿੰਘ ਦੇ ਪਿੰਡੇ ਨੂੰ ਹਥ ਲਾਇਆ ਤਾਂ ਉਹ ਅੰਗਿਆਰਾਂ ਵਾਂਗੂੰ ਭਖ ਰਿਹਾ ਸੀ। ਭਾਈ ਸਾਹਬ ਦੇ ਹੱਥ ਭੱਖ ਉਠੇ। ਉਨ੍ਹਾਂ ਦਾ ਤਰਾਹ ਨਿਕਲ ਗਿਆ। ਉਨ੍ਹਾਂ ਉਠ ਕੇ ਬੈਠਣ ਦਾ ਜਤਨ ਕੀਤਾ ਪਰ ਬੈਠ ਨਾ ਸਕੇ ਤੇ ਮੁੜ ਖੱਬੀ ਵੱਖੀ ਪਰਨੇ ਲੇਟ ਗਏ।

ਉਨ੍ਹਾਂ ਆਪਣੇ ਦੋਹਾਂ ਪਰਵਾਰਾਂ ਨੂੰ ਜਹਾਜ਼ ਉੱਤੋਂ ਉਤਰ ਕੇ ਮੁੜ ਹਾਂਗਕਾਂਗ ਗੁਰਦੁਆਰੇ

ਵੱਲ ਜਾਂਦਿਆਂ ਤੱਕਿਆ । ਹੁਣ ਉਹ ਮਸਕੜੀਆਂ ਵਿੱਚ ਮੁਸਕਰਾ ਰਹੇ ਸਨ । ਮਨ ਹੀ ਮਨ ਵਿੱਚ ਕਹਿ ਰਹੇ ਸਨ—"ਪਤਾ ਨਹੀਂ ਕਰਤਾਰ ਨੂੰ ਕੀ ਭਾਉਂਦਾ ਹੈ ।" ਉਨ੍ਹਾਂ ਫਿਰ ਪਾਸਾ ਬਦਲਣਾ ਚਾਹਿਆ ਪਰ ਦਰਦ ਵਧ ਜਾਣ ਕਰਕੇ ਪਾਸਾ ਨਾ ਬਦਲ ਸਕੇ । ਉਹ ਆਪਣੇ ਆਪ ਨੂੰ ਸਾਰਾ ਸਾਰਾ ਦਿਨ ਭਾਈ ਭਾਗ ਸਿੰਘ ਨਾਲ, ਹਾਂਗਕਾਂਗ ਦੇ ਬਜ਼ਾਰਾਂ ਦੇ ਚਕਰ ਕਢਦਿਆਂ ਤਕਣ ਲਗੇ । ਜਿਸ ਕੰਪਨੀ ਪਾਸੋਂ ਵੈਨਕੂਵਰ ਦਾ ਟਿਕਟ ਮੰਗਦੇ ਉਹੋ ਨਾਹ ਕਰ ਦੇਂਦੀ । ਇਕ ਦਿਨ ਅਚਾਨਕ ਉਨ੍ਹਾਂ ਨੂੰ ਆਪਣਾ ਇਕ ਜਾਣੂੰ ਪੈਸੇਫਿਕ ਰੇਲਵੇ ਦਾ ਮੈਨੇਜਰ, ਮਿਲ ਪਿਆ । ਉਸ ਨਾਲ ਉਨ੍ਹਾਂ ਆਪਣੀ ਕਹਾਣੀ ਸਾਂਝੀ ਕੀਤੀ । ਉਨ੍ਹਾਂ ਦੀ ਕਹਾਣੀ ਸੁਣ ਕੇ ਹਰਾਨ ਰਹਿ ਗਿਆ । ਉਸ ਨੂੰ ਯਕੀਨ ਨਾ ਆਵੇ ।

ਭਾਈ ਹਾਕਮ ਸਿੰਘ ਵੀ ਆਪਣੇ ਪਰਵਾਰ ਨੂੰ ਨਾਲ ਲੈ ਕੇ ਉਨ੍ਹਾਂ ਨਾਲ ਸਾਨਫਰਾਂਸਿਸਕੋ ਗਿਆ ਸੀ । ਉਨ੍ਹਾਂ ਨਾਲ ਹੀ ਕੁਰਾਂਟੀਨ ਵਿਚ ਰਹਿਕੇ ਹਾਂਗਕਾਂਗ ਮੁੜ ਆਇਆ ਸੀ । ਜਾਂਦਿਆਂ ਤੇ ਮੁੜਦਿਆਂ ਉਨ੍ਹਾਂ ਇਕਠਿਆਂ ਸਫਰ ਕੀਤਾ ਸੀ । ਟਿਕਟ ਮਿਲਣ ਦੀ ਆਸ ਵਿਚ ਉਸ ਨੇ ਵੀ ਮੈਨੇਜਰ ਨਾਲ ਜਾ ਹਥ ਮਿਲਾਇਆ । ਫਿਰ ਉਨ੍ਹਾਂ ਤਿੰਨਾਂ ਪਰਵਾਰਾਂ ਨੂੰ ਖੁਸ਼ੀ ਖੁਸ਼ੀ ਵੈਨਕੂਵਰ ਜਾਣ ਵਾਲੇ ਜਹਾਜ਼ ਉਤੇ ਚੜ੍ਹਦਿਆਂ ਤਕਿਆ ।

ਉਨ੍ਹਾਂ ਦੇ ਮੂੰਹੋਂ ਨਿਕਲ ਗਿਆ—"ਉਹ ਸੁਭਾਗ ਦਿਨ ਇਕੀ ਜਨਵਰੀ ਉਨੀ ਸੌ ਬਾਰਾਂ ਦਾ ਸੀ ਜਿਸ ਦਿਨ ਪਰਵਾਰਾਂ ਨੂੰ ਕੈਨੇਡਾ ਦੀ ਧਰਤੀ ਉਤੇ ਉਤਾਰਿਆ ਗਿਆ ਸੀ । ਅਰਦਾਸ ਦੀ ਸ਼ਕਤੀ ਨੇ ਮੋਰਚਾ ਫਤਹ ਕੀਤਾ ਸੀ ।" ਉਨ੍ਹਾਂ ਉਠ ਕੇ ਬੈਠਣ ਦਾ ਜਤਨ ਕੀਤਾ ਪਰ ਦਰਦ ਦੇ ਕਾਰਨ ਉਹ ਫਿਰ ਵਖੀ ਪਰਨੇ ਲੇਟ ਗਏ । ਸੋਚਾਂ ਵਿਚ ਪਏ, ਖਿਆਲਾਂ ਦੀ ਲੜੀ ਨੂੰ ਜੋੜਨ ਲਗੇ । ਉਨ੍ਹਾ ਨੇ ਆਪਣੀ ਪਤਨੀ ਕਰਤਾਰ ਕੌਰ ਦੀ ਗੋਦ ਵਿਚ ਨਵ-ਜਨਮੇ ਹਰਦਿਆਲ ਸਿੰਘ ਵਲ ਤਕਿਆ । ਕੈਲੰਡਰ ਉਤੇ, ਉਸ ਦੇ ਜਨਮ ਦਿਨ ਦੀ ਤਰੀਕ ਅਠਾਈ ਅਗਸਤ, ਉਨੀ ਸੌ ਬਾਰਾਂ ਨੂੰ ਲਾਲ ਸਿਆਹੀ ਨਾਲ ਤਕੀਰਿਆ ਵੇਖਿਆ ।

ਉਹ ਸੋਚਾਂ ਦੀ ਉਡਾਰੀ ਵਿਚ ਲੰਡਨ ਪਹੁੰਚੇ, ਦੇਸ ਪਹੁੰਚੇ । ਕੌਮਾਗਾਟਾ ਮਾਰੂ ਜਹਾਜ਼ ਦੇ ਅਗੇ ਅਗੇ ਵੈਨਕੂਵਰ ਪਹੁੰਚ ਕੇ ਇਹ ਜਾਣ ਕੇ ਉਦਾਸ ਹੋ ਗਏ ਕਿ ਭਾਈ ਭਾਗ ਸਿੰਘ ਜੀ ਦੀ ਪਤਨੀ ਬੀਬੀ ਹਰਨਾਮ ਕੌਰ ਜੀ ਉਨ੍ਹਾਂ ਦੀ ਦੂਜੀ ਦੇਸ਼-ਫੇਰੀ ਸਮੇਂ ਸਦਾ ਲਈ ਵਿਛੜਾ ਦੇ ਗਏ ਸਨ । ਉਹ ਖਿਆਲਾਂ ਹੀ ਖਿਆਲਾਂ ਵਿਚ ਉਹ ਤਸਵੀਰ ਆਪਣੇ ਦੋਹਾਂ ਹੱਥਾਂ ਵਿਚ ਲੈ ਕੇ ਵੇਖਣ ਲਗ ਪਏ ਜੋ ਬੀਬੀ ਹਰਨਾਮ ਕੌਰ ਦੇ ਸਸਕਾਰ ਤੋਂ ਪਹਿਲੋਂ ਉਤਾਰੀ ਗਈ ਸੀ । ਉਨ੍ਹਾਂ ਦੋ ਘੋੜਿਆਂ ਵਾਲੀ ਬਘੀ ਦੇ ਮੰਡ ਉਤੇ ਭਾਈ ਭਾਗ ਸਿੰਘ ਨੂੰ ਬੈਠਿਆਂ ਤਕਿਆ । ਜੋਗਿੰਦਰ ਸਿੰਘ ਉਨ੍ਹਾਂ ਦੀ ਗੋਦ ਵਿਚ ਬੈਠਾ ਸੀ । ਸੈਂਕੜਿਆਂ ਦੀ ਗਿਣਤੀ ਵਿਚ ਸੰਗਤਾਂ ਕੀਰਤਨ ਕਰਦੀਆਂ ਜਾ ਰਹੀਆਂ ਸਨ । ਘੋੜਿਆਂ ਦੀ ਬਘੀ ਦੇ ਪਿੱਛੇ, ਜਿਸ ਸੰਦੂਕ ਵਿਚ ਬੀਬੀ ਹਰਨਾਮ ਕੌਰ ਦਾ ਮਿਰਤਕ ਸਰੀਰ ਸੀ, ਉਹ ਉਨ੍ਹਾਂ ਦੀ ਨਜ਼ਰੀਂ ਨਹੀਂ ਸੀ ਪੈ ਰਿਹਾ । ਝੱਟ ਹੀ ਉਨ੍ਹਾਂ ਦੀ ਨਜ਼ਰ ਭਾਈ ਮੇਵਾ ਸਿੰਘ ਉਤੇ ਪੈ ਗਈ ਜੋ ਸੰਗਤਾਂ ਦੀ ਕਤਾਰ ਤੋਂ ਕੁਝ ਅਗੇ ਵਧ ਕੇ ਖਲੋਤਾ ਸੀ । ਉਨ੍ਹਾਂ ਦੇ ਕਲੇਜੇ ਵਿਚ ਪੀੜ ਉਠੀ । ਭਾਈ ਸਾਹਬ ਨੇ ਆਪਣਾ ਸੱਜਾ ਹੱਥ ਕਲੇਜੇ ਉੱਤੇ ਰੱਖ ਕੇ, ਸਿਰ ਫਰਸ਼ ਉਤੇ ਰਖਦਿਆਂ ਹੌਲੀ ਜਿਹੀ ਕਿਹਾ—"ਵੀਰ ਮੇਵਾ ਸਿੰਘ ਜੀ ! ਅਸੀਂ ਵੀ ਆਏ ਕਿ ਆਏ ।"

ਨਾਲ ਹੀ ਅੱਖਾਂ ਬੰਦ ਕਰ ਲਈਆਂ। ਅੱਖਾਂ ਵਿਚੋਂ ਤਰਿਪ ਤਰਿਪ ਹੰਝੂ ਵਹਿ ਤੁਰੇ। ਉਨ੍ਹਾਂ ਦਾ ਮਨ ਕੁਰਲਾ ਉਠਿਆ। ਉਹ ਭਾਈ ਭਾਗ ਸਿੰਘ ਤੇ ਹਰਨਾਮ ਕੌਰ ਨੂੰ ਯਾਦ ਕਰਕੇ ਤੜਫ ਉਠੇ। ਉਨ੍ਹਾਂ ਦੇ ਘਰ ਨਵ-ਜਨਮੀ ਬੱਚੀ ਦਾ ਖਿਆਲ ਕਰਕੇ ਉਹ ਸੋਚਣ ਲਗੇ। ਜੋਗਿੰਦਰ ਸਿੰਘ ਤੇ ਉਸ ਦੀ ਬੋਟ ਜਿੰਨੀ ਭੈਣ ਦੀ ਸੰਭਾਲ ਕੌਣ ਕਰੇਗਾ। ਉਨ੍ਹਾਂ ਨੂੰ ਖਿਆਲ ਆਇਆ ਤੇ ਭਾਈ ਭਾਗ ਸਿੰਘ ਦੇ ਸ਼ਹਾਦਤ ਤੋਂ ਪਹਿਲੋਂ, ਕਹੇ ਸ਼ਬਦ ਉਨ੍ਹਾਂ ਦੇ ਕੰਨਾਂ ਵਿਚ ਖੜਕਨ ਲਗੇ—"ਸਾਡੇ ਬਚੇ ਪੰਥ ਦੇ ਬੱਚੇ ਹਨ। ਪੰਥ ਦੇ ਹਵਾਲੇ ਹਨ। ਪੰਥ ਇਹਨਾ ਦੀ ਪਾਲਣਾ ਪੋਸਣਾ ਕਰੇ। "ਮੇਰਾ ਮੁਝ ਮਹਿ ਕੁਛ ਨਹੀਂ ਜੋ ਕਿਛ ਹੈ ਸੋ ਤੇਰਾ। ਤੇਰਾ ਤੁਝ ਕਉ ਸੌਂਪਤੇ ਕਿਆ ਲਾਗੈ ਮੇਰਾ।" ਸੋਚਦਿਆਂ ਸੋਚਦਿਆਂ ਉਹ ਆਪ ਵੀ ਇਹ ਤੁਕ ਪੜ੍ਹਨ ਲਗ ਪਏ।

ਉਨ੍ਹਾਂ ਦੀ ਆਵਾਜ਼ ਸੁਣ ਕੇ ਸਿਆਮੀ ਸੰਤਰੀ ਨੇ ਜਿਹਲ-ਕੋਠੜੀ ਅੰਦਰ ਝਾਤੀ ਮਾਰੀ ਪਰ ਭਾਈ ਸਾਹਬ ਦੀ ਪਿਠ ਉਸ ਵਲ ਸੀ। ਉਹ ਮੁੜ ਥੋੜਾ ਜਿਹਾ ਹਟਵਾਂ ਹੋ ਕੇ ਆਪਣੇ ਪਹਿਰੇ ਉੱਤੇ ਜਾ ਖਲੋਤਾ।

ਉਹ ਇਹ ਤੁਕ ਪੜ੍ਹ ਰਹੇ ਸਨ ਪਰ ਫਿਰਵੀ ਉਨ੍ਹਾਂ ਦਾ ਮਨ ਉਨ੍ਹਾਂ ਦੇ ਹਥੋਂ ਨਿਕਲਦਾ ਰਿਹਾ ਸੀ। ਉਨ੍ਹਾਂ ਦੇ ਕੰਨਾਂ ਵਿਚ "ਬਾਪੂ ਬਾਪੂ" ਦੀਆਂ ਆਵਾਜ਼ਾਂ ਗੂੰਜਣ ਲਗ ਪਈਆਂ। ਉਹ ਹਰਿਦਿਆਲ ਸਿੰਘ ਨੂੰ ਉਚੀ ਉਚੀ ਰੋਂਦਿਆਂ ਸੁਣਨ ਲਗੇ। ਉਨ੍ਹਾਂ ਤਕਿਆ ਊਧਮ ਕੌਰ ਤ ਨਿਰੰਜਨ ਕੌਰ ਉਸ ਨੂੰ ਚੁਪ ਕਰਾ ਰਹੀਆਂ ਸਨ ਪਰ ਉਹ ਚੁਪ ਨਹੀਂ ਸੀ ਹੋ ਰਿਹਾ। ਉਨ੍ਹਾਂ ਨੂੰ ਕਰਤਾਰ ਕੌਰ ਕਿਧਰੇ ਨਜਰ ਨਹੀਂ ਸੀ ਆ ਰਹੀ। ਉਹ ਉਚੀ ਸਾਰੀ ਕਹਿਣ ਹੀ ਵਾਲੇ ਸਨ—"ਕਰਤਾਰ ਕੌਰ, ਹਰਿਦਿਆਲ ਨੂੰ ਚੁਪ ਕਰਾ"—ਪਰ ਝਟ ਹੀ ਉਨ੍ਹਾਂ ਆਪਣੇ ਆਪ ਨੂੰ ਸੰਭਾਲ ਲਿਆ। ਉਹ ਸਖਤ ਦਰਦ ਦੇ ਹੁੰਦਿਆਂ ਵੀ ਉਠ ਕੇ ਬੈਠ ਗਏ।

੩੮

ਅਧੀ ਰਾਤ ਦਾ ਸਮਾਂ ਸੀ। ਭਾਈ ਸਾਹਬ ਨੇ ਹਲਕਾ ਜਿਹਾ ਸੂਟ ਪਾਇਆ ਹੋਇਆ ਸੀ ਪਰ ਫਿਰ ਵੀ ਉਨ੍ਹਾਂ ਦੇ ਸਰੀਰ ਵਿੱਚੋਂ ਮੁੜ੍ਹਕਾ ਚੋ ਰਿਹਾ ਸੀ। ਉਨ੍ਹਾਂ ਦਾ ਸੱਜਾ ਹੱਥ ਦਰਸੀ ਚੈਨਚਈਆ ਦੇ ਖੱਬੇ ਹੱਥ ਨਾਲ ਹੱਥਕੜੀ ਵਿੱਚ ਜਕੜਿਆ ਹੋਇਆ ਸੀ। ਉਹ ਖੱਬੇ ਖੁਲ੍ਹੇ ਹੱਥ ਨਾਲ ਕਦੇ ਕਦੇ ਮੱਥੇ ਉੱਤੇ ਆਇਆ ਮੁੜ੍ਹਕਾ ਪੂੰਝ ਲੈਂਦੇ। ਉਨ੍ਹਾਂ ਦੀ ਚਿਟੀ ਦਸਤਾਰ ਢਿਲੀ ਹੋਈ ਪਈ ਸੀ। ਦਰਸੀ ਨੇ ਆਪਣਾ ਅਨਰੀਕਨ ਸਮਰ ਸੂਟ ਪਇਆ ਹੋਇਆ ਸੀ ਤੇ ਸਿਰ ਉਤੇ ਅਮਰੀਕਨ ਫਲੈਟ ਰਖੀ ਹੋਈ ਸੀ। ਉਸ ਦਾ ਸੂਟ, ਉਸ ਦੀ ਟੋਪੀ ਤੇ ਉਸ ਦੀ ਨਕਟਾਈ ਵੀ ਕਾਲੀ ਸੀ। ਉਸ ਦੀ ਚਿੱਟੀ ਕਮੀਜ਼ ਉਸ ਦੀ ਢਿੱਲੀ ਜਿਹੀ ਬੱਧੀ ਲਾਲ ਨਕਟਾਈ ਦੇ ਪਿੱਛੇ ਦਿਸ ਰਹੀ ਸੀ। ਭਾਈ ਸਾਹਬ ਨੇ ਕਿਹਾ—"ਦਰਸੀ! ਬੜੀ ਹੁੰਮਸ ਹੈ।" ਦਰਸੀ ਨੇ ਝਟ ਉੱਤਰ ਦਿਤਾ—"ਮੇਰੇ ਸਿਰ ਤੋਂ ਪੈਰਾਂ ਤਕ ਮੁੜਕਾ ਚੋ ਰਿਹਾ ਹੈ ਪਰ ਮੈਂ ਇਹ ਸੂਟ ਪਿਛੇ ਨਹੀਂ ਸੀ ਛਡਣਾ ਚਾਹੁੰਦਾ।" ਹਵਾ ਦਾ ਮਾੜਾ ਜਿਹਾ ਬੁਲਾ ਆਇਆ। ਦਰਸੀ ਨੇ ਸਜੇ ਹੱਥ ਨਾਲ ਨਕਟਾਈ ਖੋਲ੍ਹ ਕੇ ਕੋਟ ਦੀ ਸੱਜੀ ਜ਼ੇਬ ਵਿਚ ਪਾ ਲਈ। ਟੋਪੀ ਸਿਰ ਤੋਂ ਲਾਹ ਕੇ ਸੱਜੇ ਹੱਥ ਵਿਚ ਫੜ ਲਈ। ਉਹ ਚੁਪ ਚੁਪਾਤੇ

ਸਿਪਾਹੀ ਪੁਲਸ ਦੇ ਘੇਰੇ ਵਿਚ ਤੁਰੇ ਜਾ ਰਹੇ ਸਨ। ਉਨ੍ਹਾਂ ਦੇ ਪਿੱਛੇ ਪਿੱਛੇ ਉਨ੍ਹਾਂ ਵਾਂਗੂ ਹੀ ਦੋ ਜੋੜੀਆਂ ਵਿਚ ਠਾਕਰ ਸਿੰਘ ਨਾਲ ਸ਼ਿਵਦਿਆਲ ਤੇ ਚੈਟਰਜੀ ਨਾਲ ਜੋਧ ਸਿੰਘ ਹਥਕੜੀਆਂ ਵਿਚ ਜਕੜੇ ਹੋਏ ਤੁਰ ਰਹੇ ਸਨ।

ਉਨ੍ਹਾ ਤੋਂ ਕੁਝ ਹਟਵੇਂ ਟੌਮੀ ਸਟੂਆਰਟ, ਮਿਸਟਰ ਰੰਗਾ ਤੇ ਕਰਤਾਰ ਸਿੰਘ ਆਪਣੇ ਸਾਈਕਲਾਂ ਦੇ ਨਾਲ ਨਾਲ ਤੁਰੇ ਜਾ ਰਹੇ ਸਨ। ਉਹ ਤਿੰਨੇ ਆਪਸ ਵਿਚ ਗਲਾਂ ਕਰ ਰਹੇ ਸਨ ਪਰ ਕੈਦੀਆਂ ਤਕ ਉਨ੍ਹਾਂ ਦੀ ਆਵਾਜ਼ ਨਹੀਂ ਸੀ ਪਹੁੰਚ ਰਹੀ। ਇਕ ਘੋੜਾ-ਬਘੀ ਪਿਛਲੇ ਪਾਸਿਓਂ ਆ ਕੇ ਉਨ੍ਹਾਂ ਦੇ ਪਾਸ ਰੁਕ ਗਈ। ਟੌਮੀ ਅਗੇ ਹੋ ਕੇ ਬਘੀ ਵਿੱਚ ਬੈਠੇ ਇੱਕ ਅੰਗਰੇਜ਼ ਜੱਜ ਨਾਲ ਗਲਾਂ ਕਰਦਾ ਰਿਹਾ। ਕੈਦੀ ਤੇ ਸਿਆਮੀ ਪੁਲਸ ਤੁਰੇ ਜਾ ਰਹੇ ਸਨ। ਬਘੀ ਤੁਰ ਪਈ। ਬਹੁਤ ਵਕਫਾ ਪੈ ਗਿਆ ਜਾਣ ਕੇ ਟੌਮ, ਰੰਗਾ ਦੇ ਕਰਤਾਰ ਸਿੰਘ ਸਾਈਕਲਾਂ ਉੱਤੇ ਚੜ੍ਹ ਬੈਠੇ।

ਕੈਦੀਆਂ ਵਿੱਚੋਂ ਕੋਈ ਵੀ ਸਿਆਮੀ ਨਹੀਂ ਸੀ ਜਾਣਦਾ। ਨਾ ਹੀ ਕੋਈ ਸਿਆਮੀ ਪੁਲਸੀਆ ਅੰਗਰੇਜ਼ੀ ਬੋਲ ਸਕਦਾ ਸੀ। ਠਾਕਰ ਸਿੰਘ ਨੇ ਪਿਛੇ ਵੇਖ ਕੇ ਕਿਹਾ—"ਸਿੰਘ ਸਾਹਬ! ਕੋਈ ਉਪਰਾਲਾ ਕਰਨਾ ਚਾਹੀਦਾ ਐ।" ਭਾਈ ਸਾਹਬ ਨੇ ਆਪਣਾ ਹੱਥ ਦਰਸੀ ਦੇ ਹੱਥ ਵਿੱਚ ਘੁਟਦਿਆਂ ਅੰਗਰੇਜ਼ੀ ਵਿਚ ਕਿਹਾ—"ਦਰਸੀ! ਠਾਕਰ ਸਿੰਘ ਨਸਣ ਦੀ ਗਲ ਕਰਦਾ ਹੈ ਪਰ ਇਹ ਗਲ ਨਹੀਂ ਬਣਨੀ।" ਠਾਕਰ ਸਿੰਘ ਵੀ ਭਾਈ ਸਾਹਬ ਦੀ ਗਲ ਸੁਣ ਕੇ ਚੁੱਪ ਕਰ ਗਿਆ। ਏਨੇ ਨੂੰ ਟੌਮੀ, ਰੰਗਾ ਤੇ ਕਰਤਾਰ ਸਿੰਘ ਉਨ੍ਹਾਂ ਦੇ ਨੇੜੇ ਪਹੁੰਚ ਕੇ ਸਾਈਕਲਾਂ ਉੱਤੋਂ ਉਤਰ ਕੇ ਉਨ੍ਹਾਂ ਦ ਨਾਲ ਨਾਲ ਤੁਰਨ ਲਗੇ। ਗੋਲੇ ਕਬੂਤਰਾਂ ਦਾ ਇਕ ਜੋੜਾ ਭੁਲਾ-ਭਟਕਿਆ ਟੌਮੀ ਦੇ ਸਿਰ ਉਤੋਂ ਆ ਲੰਘਿਆ। ਉਹ ਘਬਰਾ ਕੇ ਨੀਵਾਂ ਹੋ ਗਿਆ। ਉਥੇ ਹੀ ਅੜ ਕੇ ਕਿੰਨੀ ਦੇਰ ਉਨ੍ਹਾਂ ਕਬੂਤਰਾਂ ਵਲ ਵੇਖਦਾ ਰਿਹਾ। ਉਹ ਵਹਿਮੀ ਤਬੀਅਤ ਦਾ ਬੰਦਾ ਸੀ। ਉਸ ਦਾ ਦਿਲ ਕੰਬਣ ਲਗ ਪਿਆ। ਉਸਨੇ ਆਪਣਾ ਰੀਵਾਲਵਰ ਆਪਣੀ ਪੇਟੀ ਨਾਲੋਂ ਖੋਲ੍ਹ ਕੇ ਸਜੇ ਹੱਥ ਵਿਚ ਫੜ ਲਿਆ। ਰੰਗਾ ਮੂੰਹ ਪਿਛੇ ਕਰ ਕੇ ਮੁਸਕਰਾ ਰਿਹਾ ਸੀ।

ਉਹ ਅਗੜ ਪਿਛੜ ਤੁਰਦੇ ਬੰਕਾਕ ਸ਼ਹਿਰ ਵਿੱਚੋਂ ਲੰਘਦੀ ਨਦੀ ਚੌਫਈਆ ਦੇ ਕੰਢੇ ਪਹੁੰਚ ਗਏ। ਸਿਆਮ ਸਰਕਾਰ ਦਾ ਇਕ ਬੋਟ ਉਨ੍ਹਾਂ ਦੀ ਉਡੀਕ ਵਿਚ ਖੜਾ ਸੀ। ਪਹਿਲੋਂ ਕੈਦੀਆਂ ਨੂੰ ਬੇੜੀਆਂ ਵਿਚ ਚੜ੍ਹਾਇਆ ਗਿਆ। ਫਿਰ ਬੇੜੀਆਂ ਵਿੱਚੋਂ ਉਤਰ ਕੇ ਬੋਟ ਵਿੱਚ। ਜਦ ਰੰਗਾ ਤੇ ਕਰਤਾਰ ਸਿੰਘ ਮੁੜਨ ਲਗੇ ਤਾਂ ਟੌਮੀ ਨੇ ਬੇੜੀ ਵਿੱਚੋਂ ਉਤਰ ਕੇ ਬੋਟ ਉਤੇ ਚੜ੍ਹਨ ਲਗਿਆਂ ਕਿਹਾ—"ਮਿਸਟਰ ਰੰਗਾ! ਕਰਤਾਰਾ ਹਰਾਮੀ ਕਾ ਤੁਖ਼ਮ ਹੈ। ਅਗਰ ਅਪਨੇ ਭਾਈ ਕੋ ਬੀਟਰੇਅ ਕਰ ਸ਼ਕਤਾ ਹੈ ਤੋਂ ਕਿਸੇ ਕੋ ਨਹੀਂ ਕਰੇਗਾ। ਇਸ ਹਰਾਮ ਤੁਖ਼ਮ ਕਾ ਪੀਛਾ ਕਰਨਾ। ਹਮ ਵਾਪਸ ਆ ਕੇ ਇਸ ਸਾਲਾ ਕੋ ਸੀਧਾ ਕਰੇਗਾ।" ਟੌਮੀ ਦੀਆਂ ਝਿੜਕਾਂ ਸੁਣ ਕੇ ਕਰਤਾਰ ਸਿੰਘ ਦਾ ਚਿਹਰਾ ਫਕ ਹੋ ਗਿਆ। ਉਸ ਦੇ ਬੁਲ੍ਹ ਫੁਰਕਣ ਲਗੇ ਪਰ ਕੋਈ ਗਲ ਨਾਂਹ ਕਰ ਸਕਿਆ। ਰੰਗਾ ਨੂੰ ਕੋਈ ਹਰਾਨੀ ਨਾ ਹੋਈ ਕਿਉਂਕਿ ਟੌਮੀ ਅਜਿਹੀਆਂ ਗਲਾਂ ਕਰਤਾਰ ਸਿੰਘ ਬਾਰੇ ਕਈ ਵਾਰੀ ਕਹਿ ਚੁਕਾ ਸੀ। ਬੇੜੀ ਕੰਢੇ ਲਗਣ ਸਾਰ ਕਰਤਾਰ ਸਿੰਘ ਨੇ ਆਪਣਾ ਬਾਈਸਿਕਲ ਫੜਿਆ। ਰੰਗਾ ਨਾਲ ਬਿਨਾਂ ਕੋਈ ਗਲ ਕੀਤੇ ਸਾਈਕਲ ਦੌੜਾ ਲਿਆ। ਬੋਟ ਵਿਚ ਖਲੋਤਾ ਟੌਮੀ ਰੰਗਾ ਨੂੰ ਦੋਵੇਂ ਬਾਈਸਿਕਲ ਸੰਭਾਲ ਕੇ ਤੁਰਦਿਆਂ ਵੇਖ ਕੇ ਜ਼ੋਰ ਜ਼ੋਰ ਦੀ ਹਸ ਰਿਹਾ ਸੀ।

ਚੰਨ ਕਿਧਰੇ ਨਹੀਂ ਸੀ ਵਿਖਾਈ ਦੇਂਦਾ ਪਰ ਤਾਰਿਆਂ ਨਾਲ ਆਕਾਸ਼ ਚਮਕ ਰਿਹਾ ਸੀ। ਭਾਵੇਂ ਅਜੇ ਅੱਧੀ ਰਾਤ ਟੱਪੀ ਹੀ ਸੀ ਪਰ ਮੂੰਹ-ਝਾਖਰਾ ਹੋਇਆ ਦਿਸ ਰਿਹਾ ਸੀ। ਸਾਰੇ ਕੈਦੀ ਬੋਟ ਦੇ ਡੈੱਕ ਉਤੇ ਬੈਠੇ ਸਨ। ਟੌਮੀ ਨੇ ਸਿਆਮੀ ਪੁਲਸੀਆਂ ਨੂੰ ਕਹਿ ਕੇ ਸਭ ਦੇ ਪੈਰਾਂ ਵਿਚ ਬੇੜੀਆਂ ਲੁਆ ਦਿਤੀਆਂ। ਹਰ ਇੱਕ ਦੇ ਦੋਹਾਂ ਹਥਾਂ ਨੂੰ ਹਥਕੜੀਆਂ ਲੁਆ ਦਿਤੀਆਂ। ਇੱਕ ਵਡਾ ਸੰਗਲ ਸਾਰੇ ਕੈਦੀਆਂ ਦੀਆਂ ਬੇੜੀਆਂ ਵਿੱਚੋਂ ਲੰਘਾ ਕੇ ਸਭ ਨੂੰ ਜੋੜ ਦਿਤਾ। ਜੇ ਇਕ ਨੂੰ ਕੋਈ ਹਾਜਤ ਹੁੰਦੀ ਤਾਂ ਸਭ ਨੂੰ ਉਸ ਦੇ ਨਾਲ ਉਠਣਾ ਪੈਂਦਾ। ਸਾਰੇ ਕੈਦੀ ਟੌਮੀ ਦੀ ਇਸ ਹਰਕਤ ਉਤੇ ਡਾਢੇ ਗੁਸੇ ਸਨ ਪਰ ਕੁਝ ਕਰਨ ਜੋਗੇ ਨਹੀਂ ਸਨ। ਉਹ ਸਾਰੇ ਇੱਕ ਦੂਜੇ ਦੇ ਸਾਹਮਣੇ ਬੈਠੇ, ਗੋਡਿਆਂ ਵਿੱਚ ਸਿਰ ਦੇ ਕੇ ਉਂਘਲਾਂਦੇ ਰਹੇ। ਟੌਮੀ ਵੀ ਉਨ੍ਹਾਂ ਦੇ ਨੇੜੇ ਹੀ ਕੁਰਸੀ ਉਤੇ ਬੈਠਾ ਉਂਘਲਾਂਦਾ ਰਿਹਾ। ਉਹ ਅੰਗਰੇਜ਼ੀ ਤੇ ਉਰਦੂ ਦੋਵੇਂ ਬੋਲੀਆਂ ਜਾਣਦਾ ਸੀ ਇਸ ਕਰ ਕੇ ਕੈਦੀ ਕੋਈ ਗੁਪਤ ਗਲ ਨਾ ਕਰ ਸਕੇ। ਭਾਈ ਸਾਹਬ ਨੂੰ ਤੈਮਲ ਬੋਲੀ ਦੇ ਥੋੜੇ ਜਿਹੇ ਸ਼ਬਦ ਆਉਂਦੇ ਸਨ ਪਰ ਉਨ੍ਹਾਂ ਸ਼ਬਦਾਂ ਦੇ ਆਧਾਰ ਉਤੇ ਉਹ ਦਰਸੀ ਨਾਲ ਕੋਈ ਗੁਪਤ ਗਲ ਨਹੀਂ ਸਨ ਕਰ ਸਕਦੇ। ਇਕ ਤੈਮਲ, ਇਕ ਬੰਗਾਲੀ ਤੇ ਚਾਰ ਪੰਜਾਬੀ ਕੋਈ ਸਾਂਝੀ ਗਲ ਅੰਗਰੇਜ਼ੀ ਵਿਚ ਹੀ ਕਰ ਸਕਦੇ ਸਨ। ਉਨ੍ਹਾਂ ਨੇ ਇਸ਼ਾਰਿਆਂ ਨਾਲ ਗਲਾਂ ਕਰ ਕੇ ਰਾਤ ਲੰਘਾਈ। ਅਜੇ ਸੂਰਜ ਦੀ ਟਿਕੀ ਨਹੀਂ ਸੀ ਦਿਸੀ ਦਰਸੀ ਨੇ ਕੜਕ ਕੇ ਕਿਹਾ—"ਮਿਸਟਰ ਸਟੂਆਰਟ! ਅਸੀਂ ਜਾਨਵਰ ਨਹੀਂ ਇਨਸਾਨ ਹਾਂ। ਜੇ ਤੂੰ ਕਿਧਰੇ ਸਾਡੇ ਕਾਬੂ ਆ ਗਿਆ ਤਾਂ ਅਸੀਂ ਵੀ ਤੇਰਾ ਏਹੋ ਹਾਲ ਕਰਾਂਗੇ।" ਟੌਮੀ ਨੇ ਘਬਰਾ ਕੇ ਉਠਦਿਆਂ ਬੇੜੀਆਂ ਵਿੱਚੋਂ ਸੰਗਲ ਕਢ ਲੈਣ ਦਾ ਹੁਕਮ ਦੇ ਦਿਤਾ। ਹੁਣ ਉਹ ਇਕ ਇਕ ਕਰ ਕੇ, ਬੇੜੀਆਂ ਲਗੀਆਂ ਹੁੰਦਿਆਂ ਵੀ ਤੁਰਨ ਜੋਗੇ ਹੋ ਗਏ।

ਸ਼ਾਹ ਵੇਲਾ ਹੋ ਗਿਆ। ਇਕ ਸਿਆਮੀ ਨੇ ਉਬਲੇ ਚੌਲਾਂ ਦੀਆਂ ਨਿੱਕੀਆਂ ,ਨਿੱਕੀਆਂ ਠੂਠੀਆਂ ਜਿਹੀਆਂ ਉਨ੍ਹਾਂ ਦੇ ਸਾਹਮਣੇ ਲਿਆ ਰਖੀਆਂ। ਚੈਟਰ ਜੀ ਨੇ ਹੌਸਲਾ ਕਰ ਕੇ ਕਿਹਾ—"ਮਿਸਟਰ ਸਟੂਅਰਟ। ਥੋੜਾ ਲੂਣ ਮੰਗਾ ਦੇਹ। ਅਸੀਂ ਫਿਕੇ ਉਬਲੇ ਚੌਲ ਖਾ ਖਾ ਕੇ ਅੱਕ ਗਏ ਹਾਂ।" ਟੌਮੀ ਨੇ ਉਸ ਦੇ ਨੇੜੇ ਜਾ ਕੇ ਜਵਾਬ ਦਿਤਾ—"ਤੂੰ ਕੈਦੀ ਹੈਂ, ਪ੍ਰਾਹੁਣਾ ਨਹੀਂ।" ਚੈਟਰ ਜੀ ਨੇ ਗੁਸੇ ਵਿੱਚ ਆ ਕੇ ਹਥਕੜੀਆਂ ਵਾਲੀ ਦੁਹੱਥੜ ਉਸ ਦੇ ਮੂੰਹ ਉੱਤੇ ਕਢ ਮਾਰੀ। ਉਹ ਮੂੰਹ ਢੱਕ ਕੇ ਚੀਕਾਂ ਮਾਰਦਾ ਮਾਰਦਾ ਪਿਛੇ ਹੱਟ ਗਿਆ। ਜਦ ਉਸ ਨ ਮੂੰਹ ਉਤੋਂ ਦੋਵੇਂ ਹੱਥ ਹਟਾਏ ਤਾ ਉਸ ਦੀ ਨਕਸੀਰ ਵਹਿ ਤੁਰੀ। ਉਸ ਦੀ ਕਮੀਜ਼ ਤੇ ਰੁਮਾਲ ਲਹੂ ਲੁਹਾਨ ਹੋ ਗਏ। ਦੌੜ ਕੇ ਬੰਟ ਦੇ ਦੂਜੇ ਪਾਸੇ ਜਾ ਪਹੁੰਚਾ। ਉਸ ਦੀ ਹਾਲਤ ਵੇਖ ਕੇ ਇਕ ਸਿਆਮੀ ਪੁਲਸੀਏ ਦਾ ਹਾਸਾ ਨਿਕਲ ਗਿਆ। ਟੌਮੀ ਨੇ ਉਸ ਵਲ ਘੂਰ ਕੇ ਤਕਿਆ ਤੇ ਸ਼ੀਸ਼ੇ ਅਗੇ ਜਾ ਖਲੋਤਾ।

ਜਦ ਉਹ ਮੂੰਹ ਧੋ ਕੇ ਕੈਦੀਆਂ ਪਾਸਿਓਂ ਲੰਘਿਆ ਤਾਂ ਉਸ ਨੇ ਉਨ੍ਹਾਂ ਵਲ ਤਕਿਆ ਤਕ ਨਾਹ। ਚੈਟਰ ਜੀ ਖਿੜ ਖਿੜ ਕਰਕੇ ਹੱਸਣ ਲਗ ਪਿਆ। ਜੋਧ ਸਿੰਘ ਨੇ ਉਸ ਦੇ ਮੂੰਹ ਅਗੇ ਆਪਣੇ ਦੋਵੇਂ ਹੱਥ ਰੱਖ ਦਿਤੇ। ਚੈਟਰਜੀ ਨੇ ਝਟਕਾ ਮਾਰ ਕੇ ਉਸ ਦੇ ਹੱਥ ਹਟਾਏ ਤੇ ਉੱਚੀ ਉੱਚੀ ਅੰਗਰੇਜ਼ੀ ਬੋਲਣ ਲਗ ਪਿਆ—"ਇਹ ਦੋਗਲਾ ਐਂਗਲੋ ਇੰਡੀਅਨ ਕੀ ਸਮਝੇਗਾ ਕਿਸੇ ਬੰਗਾਲੀ ਨਾਲ ਵਾਹ ਪਿਆ ਸੀ। ਸਾਲੇ ਦੀ ਮਾਂ ਬੰਗਾਲਣ ਸੀ। ਇਹ ਸਾਲਾ ਬੰਗਾਲ, ਬੰਗਾਲੀ ਤੇ ਇੰਡੀਆ ਨੂੰ ਨਫਰਤ ਕਰਦਾ ਹੈ। ਮੇਰੀਆਂ ਬੇੜੀਆਂ ਹਥਕੜੀਆਂ ਖੋਲ੍ਹੋ। ਇਕੱਲੇ ਨਾਲ ਇਕੱਲਾ

ਹੋ ਕੇ ਵੇਖ ਲਵੇ। ਮੈਂ ਇਸ ਦੀਆਂ ਹੱਡੀਆਂ ਚੱਬ ਜਾਵਾਂਗਾ।" ਜਾਪਦਾ ਸੀ ਜਿਵੇਂ ਟੈਮੀ ਉਸ ਦੀਆਂ ਸਾਰੀਆਂ ਗਲਾਂ ਸੁਣ ਕੇ ਵੀ ਜਤਲਾ ਰਿਹਾ ਸੀ ਕਿ ਉਹ ਨਹੀਂ ਸੀ ਸੁਣ ਰਿਹਾ। ਉਸ ਦਾ ਅੰਦਰਲਾ ਕੰਬ ਉਠਿਆ ਸੀ। ਉਸ ਨੇ ਸਿੰਘਾ ਪੁਰ ਦੇ ਗਦਰ ਵਿਚ ਕਈ ਅੰਗਰੇਜ਼ਾਂ ਦਾ ਡੁਲ੍ਹਦਾ ਖੂਨ ਵੇਖ ਕੇ ਆਪਣੀ ਜਾਨ ਬਚਾਉਣ ਦੀ ਕੀਤੀ ਸੀ। ਕਈ ਦਿਨ ਕਿਸੇ ਦੋਸਤ ਦੇ ਘਰ ਲੁੱਕਿਆ ਰਿਹਾ ਸੀ। ਆਪਣੀ ਡੀਊਟੀ ਉਤੇ ਵੀ ਨਹੀਂ ਸੀ ਗਿਆ। ਉਹ ਇਕ ਬੈਂਚ ਉਤੇ ਅਖਾਂ ਮੀਟ ਕੇ ਲੰਮਾ ਪਿਆ ਜਤਲਾ ਰਿਹਾ ਸੀ ਕਿ ਉਹ ਸੁੱਤਾ ਹੋਇਆ ਹੈ।

ਸੂਰਜ ਉੱਚਾ ਉੱਠਦਾ ਗਿਆ। ਧੁਪ ਤੇਜ਼ ਹੁੰਦੀ ਗਈ। ਦੁਪਹਿਰਾਂ ਆ ਗਈਆਂ। ਉਨ੍ਹਾ ਦੇ ਸਾਹਮਣੇ ਚੌਲਾਂ ਦੀਆਂ ਪਲੇਟਾਂ ਵਿਚ ਕੁਝ ਘੁਲੀ ਮਿਲੀ ਸਬਜ਼ੀ ਵੀ ਸੀ। ਚੈਟਰ ਜੀ ਨੇ ਪਹਿਲਾ ਚਸਚਾ ਮੂੰਹ ਵਿਚ ਪਾਇਆ। ਉਸ ਦਾ ਚਿਹਰਾ ਖਿੜ ਗਿਆ। ਉਸ ਨੇ ਨੱਕ ਚੜ੍ਹਾ ਕੇ ਕਿਹਾ— "ਸਾਲਿਆਂ ਨੇ ਸਵੇਰ ਦਾ ਲੂਣ ਵੀ ਇਸੇ ਖਾਣੇ ਵਿੱਚ ਪਾ ਦਿਤਾ ਹੈ।" ਉਹ ਹਸ ਰਿਹਾ ਸੀ। ਬਾਕੀ ਸਾਰੇ ਕੈਦੀ ਚੁਪ ਚਾਪ ਖਾਣਾ ਖਾ ਰਹੇ ਸਨ। ਕੁਝ ਚਿਰ ਪਿਛੋਂ ਸ਼ਿਵ ਦਿਆਲ ਕਪੂਰ ਬੋਲ ਪਿਆ—"ਲਾਤੋਂ ਕੇ ਭੂਤ ਬਾਤੋਂ ਸੇ ਬਾਜ਼ ਨਹੀਂ ਆਤੇ।" ਉਸ ਨੇ ਚੈਟਰਜੀ ਵਲ ਪਰਸੰਸਾ ਭਰੀ ਨਜ਼ਰਾਂ ਨਾਲ ਤਕਿਆ। ਟੈਮੀ ਉਠ ਕੇ ਬਹਿ ਗਿਆ। ਸਾਰੇ ਕੈਦੀ ਚੁਪ ਚਾਪ ਚੌਲ ਖਾਂਦੇ ਰਹੇ।

ਸਭ ਕੈਦੀਆਂ ਦਾ ਖਿਆਲ ਸੀ ਕਿ ਰਾਤ ਪੈਣ ਉਤੇ ਸਭ ਨੂੰ ਸੰਗਲ ਲਾ ਕੇ ਇਕੋ ਥਾਂ ਜੁੜ ਦਿਤਾ ਜਾਏਗਾ। ਦਿਨ ਹੁੰਦਿਆਂ ਹੀ ਉਨ੍ਹਾਂ ਨੂੰ ਰਾਤ ਦੇ ਚੌਲ ਮਿਲੇ। ਹਨੇਰਾ ਪੈ ਗਿਆ। ਨਾ ਟੈਮੀ ਉਧਰ ਆਇਆ ਤੇ ਨਾ ਹੀ ਸਿਆਮੀਆਂ ਨੇ ਉਨ੍ਹਾਂ ਨੂੰ ਇਕੋ ਸੰਗਲ ਵਿੱਚ ਨੂੜਿਆ। ਉਹ ਬਹਿੰਦੇ ਲੇਟਦੇ ਸੁਤੇ ਜਾਗਦੇ, ਗਲਾਂ ਕਰਦੇ ਸਵੇਰ ਦੇ ਸੂਰਜ ਨੂੰ ਉਡੀਕਦੇ ਰਹੇ। ਉਹ ਸਮੁੰਦਰ ਵਿੱਚ ਕੰਢੇ ਤੋਂ ਕਾਫੀ ਦੂਰ ਸਨ। ਹਵਾ ਰੁਮਕ ਰੁਮਕ ਵਗ ਰਹੀ ਸੀ। ਉਨ੍ਹਾਂ ਦੇ ਸਰੀਰਾਂ ਨੇ ਕੁਝ ਸੁਖ ਮਹਿਸੂਸ ਕੀਤਾ। ਸਾਰਾ ਦਿਨ ਪਹਿਲੇ ਦਿਨ ਵਾਂਗੂੰ ਹੀ ਲੰਘ ਗਿਆ। ਦੂਜੀ ਰਾਤ ਵੀ ਲੰਘ ਗਈ। ਸਵੇਰ ਸਾਰ ਉਨ੍ਹਾਂ ਨੂੰ ਕੰਢਾ ਦਿਸਣ ਲਗ ਪਿਆ। ਕੁੱਝ ਦੇਰ ਮਗਰੋਂ ਬੋਟ ਰੁਕ ਗਿਆ। ਦੇ ਬੇੜੀਆਂ ਬੋਟ ਦੇ ਨੇੜੇ ਆ ਢੁੱਕੀਆਂ। ਕੈਦੀਆਂ ਨੇ ਸਮੁੰਦਰ ਕੰਢੇ ਸਿਆਮੀ ਲੋਕ ਵੇਖ ਕੇ ਸਮਝ ਲਿਆ ਕਿ ਉਹ ਸਿਆਮ ਦੀ ਕਿਸੇ ਨਿਕੀ ਜਿਹੀ ਬੰਦਰਗਾਹ ਦੇ ਨੇੜੇ ਆ ਲਗੇ ਹਨ। ਟੈਮ ਪਹਿਲੀ ਬੇੜੀ ਵਿਚ ਉਤਰ ਗਿਆ। ਇੱਕ ਸਿਆਮੀ ਨੇ ਇਸ਼ਾਰੇ ਨਾਲ ਕੁਝ ਦਸਣਾ ਚਾਹਿਆ ਪਰ ਕਿਸੇ ਨੂੰ ਕੋਈ ਸਮਝੀ ਨਾ ਆਈ। ਫਿਰ ਉਸ ਨੇ ਸਿਆਮੀ ਵਿੱਚ ਬੰਦਰਗਾਹ ਦਾ ਨਾਮ ਦਸਿਆ ਤਾਂ ਭਾਈ ਸਾਹਬ ਬੋਲ ਪਏ—ਅਸੀਂ ਸੰਘੋਰੇ ਪਹੁੰਚ ਗਏ ਆ। ਸਿਆਮੀ ਸੌਂਖਲਾ ਕਹਿੰਦੇ ਐ। ਹਟਯਾਈ ਤੋਂ ਦੂਰ ਨਹੀਂ। ਅਸੀਂ ਏਸੇ ਰਾਹ ਗਏ ਹਾਂ।"

ਦਰਸੀ ਨੇ ਅੰਗਰੇਜ਼ੀ ਵਿਚ ਪੁੱਛਿਆ—"ਅਸੀਂ ਕਿੱਧਰ ਜਾ ਰਹੇ ਹਾਂ? ਮੇਰਾ ਤਾਂ ਖਿਆਲ ਸੀ ਕਿ ਇਹ ਸਾਨੂੰ ਕਿਸੇ ਜਹਾਜ ਵਿਚ ਚੜ੍ਹਾ ਕੇ ਇੰਡੀਆ ਭੇਜ ਦੇਣਗੇ।"

"ਏਥੋਂ ਮਲਾਯਾ ਦੀ ਹਦ ਦੂਰ ਨਹੀਂ। ਕਿਧਰੇ ਮਲਾਯਾ ਨੂੰ ਨਾਹ ਲੈ ਤੁਰਨ।"

"ਕੀ ਫਰਕ ਪੈਂਦੈ ਸਾਨੂੰ।" ਠਾਕਰ ਸਿੰਘ ਨੇ ਦ੍ਰਿੜ੍ਹਤਾ ਭਰੀ ਆਵਾਜ਼ ਵਿੱਚ ਕਿਹਾ।

"ਫਰਕ ਤਾਂ ਕੋਈ ਨਹੀਂ ਪੈਂਦਾ ਪਰ ਦੇਸ ਦੀ ਮਿੱਟੀ ਵਿਚ ਮਿੱਟੀ ਮਿਲੇ ਤਾਂ ਚੰਗੈ।" ਭਾਈ ਸਾਹਬ ਦੀ ਗਲ ਸੁਣ ਕੇ ਠਾਕਰ ਸਿੰਘ ਬੋਲ ਪਿਆ—"ਮਿੱਟੀ, ਮਿੱਟੀ ਵਿੱਚ ਮਿਲਣੀ ਐ।

ਸਾਰੀ ਦੁਨੀਆਂ ਦੀ ਮਿੱਟੀ ਇਕੋ ਜਿਹੀ ਐ।'' ਜੋਧ ਸਿੰਘ ਨੇ ਆਪਣੇ ਦੋਹਾਂ ਹੱਥਾਂ ਨਾਲ ਆਪਣਾ ਚਿਹਰਾ ਢਕਿਆ ਹੋਇਆ ਸੀ। ਸਭ ਨੂੰ ਪਤਾ ਸੀ ਕਿ ਜੋਧ ਸਿੰਘ ਨੇ ਕਮਜ਼ੋਰੀ ਵਿਖਾਈ ਸੀ। ਉਸੇ ਦੀ ਕਮਜ਼ੋਰੀ ਖਾਤਰ ਸਾਰੇ ਫੜੇ ਗਏ ਸਨ। ਚੈਟਰ ਜੀ ਨਾਲ ਉਸ ਦੀ ਹੱਥਕੜੀ ਜੁੜੀ ਰਹੀ ਸੀ ਪਰ ਚੈਟਰਜੀ ਵੀ ਉਸ ਨਾਲ ਨਹੀਂ ਸੀ ਬੋਲਿਆ। ਜੋਧ ਸਿੰਘ ਇਸ ਗਲੋਂ ਵੀ ਦੁਖੀ ਸੀ ਕਿ ਭਾਈ ਸਾਹਬ ਤੋਂ ਬਿਨਾਂ ਹੋਰ ਕੋਈ ਕੈਦੀ ਉਸ ਨਾਲ ਅਖਾਂ ਵੀ ਨਹੀਂ ਮਿਲਾਂਦਾ। ਉਸ ਦੀ ਕਮਜ਼ੋਰੀ ਦਾ ਉਸ ਨੂੰ ਕੋਈ ਲਾਭ ਨਹੀਂ ਸੀ ਹੋਇਆ। ਉਸ ਨਾਲ ਵੀ ਉਹੋ ਸਲੂਕ ਕੀਤਾ ਜਾ ਰਿਹਾ ਸੀ ਜੋ ਹੋਰ ਕੈਦੀਆਂ ਨਾਲ। ਇਕ ਗਲ ਵਾਧੂ ਕਿ ਸਾਰੇ ਕੈਦੀ ਉਸ ਨਾਲ ਨਫਰਤ ਕਰਨ ਲਗ ਪਏ ਸਨ।

ਦੁਪਹਿਰਾਂ ਹੋਣ ਲਗੀਆਂ ਸਨ ਪਰ ਅਜੇ ਤਕ ਟੰਮੀ ਨਹੀਂ ਸੀ ਮੁੜਿਆ। ਦੁਪਹਿਰਾਂ ਢਲ ਗਈਆਂ। ਸੂਰਜ ਡੁਬਣ ਉਤੇ ਆ ਗਿਆ। ਹਨੇਰਾ ਪੈ ਗਿਆ। ਇਕ ਦਮ ਸਮੁੰਦਰ ਦੇ ਕੰਢੇ ਉਤੇ ਕਈ ਬੱਤੀਆਂ ਚਮਕੀਆਂ। ਉਨ੍ਹਾਂ ਆਪਣੇ ਵਲ ਕਈ ਬੇੜੀਆਂ ਵਧਦੀਆਂ ਵੇਖੀਆਂ। ਲਗਭਗ ਡੇਢ ਦਰਜਨ ਮਲਾਈ ਪੁਲਸੀਏ ਉਨ੍ਹਾਂ ਦੇ ਬੋਟ ਉਤੇ ਆ ਚੜੇ। ਕੈਦੀਆਂ ਨੂੰ ਬੇੜੀਆਂ ਉਤੇ ਚੜ੍ਹਾ ਕੇ ਕੰਢੇ ਉਤੇ ਪਹੁੰਚੇ। ਉਨ੍ਹਾਂ ਦੇ ਨਾਲ ਦੋ ਸਿਆਮੀ ਅਫਸਰ ਵੀ ਸਨ। ਉਨ੍ਹਾਂ ਨੇ ਕੈਦੀਆਂ ਨੂੰ ਆਪਣੇ ਘੇਰੇ ਵਿਚ ਲੈ ਕੇ ਉਨ੍ਹਾਂ ਦੀਆ ਬੇੜੀਆਂ ਖੋਲ੍ਹ ਕੇ ਹੱਥਕੜੀਆਂ ਲਗੀਆ ਰਹਿਣ ਦਿਤੀਆਂ। ਉਹ ਸਾਰੀ ਰਾਤ ਤੁਰਦੇ ਰਹੇ। ਜਿਥੇ ਪੁਲਸੀਏ ਚਾਹੁੰਦੇ ਉਨ੍ਹਾਂ ਨੂੰ ਕੁਝ ਮਿੰਟਾਂ ਲਈ ਆਰਾਮ ਦੇ ਦੇਂਦੇ। ਉਹ ਸੂਰਜ ਦੀ ਟਿਕੀ ਨਿਕਲਣ ਤਕ ਤੁਰਦੇ ਰਹੇ। ਕੀ ਸਿਆਮੀ, ਕੀ ਮਲਾਈ, ਤੇ ਕੀ ਕੈਦੀ ਸਭ ਥੱਕੇ ਟੁੱਟੇ ਪਏ ਸਨ। ਇਕ ਪੁਲਸ ਥਾਣੇ ਵਿਚ ਪਹੁੰਚ ਕੇ ਉਨ੍ਹਾਂ ਕੁਝ ਮਿੰਟਾਂ ਲਈ ਸਭ ਦੀਆਂ ਹਥਕੜੀਆਂ ਖੋਲ੍ਹ ਦਿਤੀਆਂ। ਨਾਸ਼ਤਾ ਕਰਕੇ ਉਹ ਫਿਰ ਅਗੇ ਤੁਰ ਪਏ। ਕੁਝ ਮੀਲ ਜਾ ਕੇ ਉਹ ਇਕ ਹੋਰ ਥਾਂ ਜਾ ਰੁਕੇ। ਸਾਰਾ ਦਿਨ ਉਨ੍ਹਾਂ ਉਥੇ ਗੁਜ਼ਾਰਿਆ। ਰਾਤ ਪਈ ਉਹ ਇਕ ਸਟੇਸ਼ਨ ਉਤੇ ਜਾ ਪਹੁੰਚੇ। ਭਾਈ ਸਾਹਬ ਨੇ ਦਸਿਆ—''ਦਰਸੀ। ਅਸੀਂ ਹਟਯਾਈ ਪਹੁੰਚ ਗਏ ਹਾਂ। ਅਗੋਂ ਵੇਖੀਏ ਕਿਧਰ ਲਿਜਾਂਦੇ ਹਨ। ਜੇ ਪੀਨਾਂਗ ਵਲ ਲੈ ਤੁਰੇ ਤਾਂ ਇੰਡੀਆ ਵਾਲੇ ਜਹਾਜ਼ ਉਤੇ ਚੜ੍ਹਾਉਣਗੇ।''

ਏਨੇ ਨੂੰ ਰੇਲ ਗਡੀ ਆ ਗਈ। ਉਸ ਦੇ ਇਕ ਡੱਬੇ ਵਿਚ ਕੈਦੀਆਂ ਨੂੰ ਚੜ੍ਹਾਇਆ ਗਿਆ। ਡਬੇ ਦੇ ਚੌਹਾਂ ਬੂਹਿਆਂ ਨੇੜੇ ਮਲਾਈ ਪੁਲਸੀਏ ਬਿਠਾ ਦਿਤੇ ਗਏ। ਭਾਈ ਸਾਹਬ ਤਾੜ ਗਏ ਕਿ ਉਹ ਕੋਤਾਬਰੂ ਵਲ ਲਿਜਾਏ ਜਾ ਰਹੇ ਹਨ ਪਰ ਮੂੰਹੋਂ ਕੁਝ ਨਾ ਬੋਲੇ ਕਿਉਂਕਿ ਟੰਮੀ ਉਨ੍ਹਾਂ ਦੇ ਸਾਹਮਣੇ ਫੱਟੇ ਉਤੇ ਲੇਟਿਆ ਹੋਇਆ ਸੀ।

ਕੋਤਾਬਰੂ ਪਹੁੰਚ ਕੇ ਉਨ੍ਹਾਂ ਨੂੰ ਬਖਸ਼ੀਸ਼ ਸਿੰਘ, ਚੰਦਾ ਸਿੰਘ, ਸ਼ੇਰ ਸਿੰਘ, ਨਥਾ ਸਿੰਘ, ਪਠਾਣ ਅਮਾਨਉਲਾ ਤੇ ਹੋਰ ਮਿਤਰ ਯਾਦ ਆਉਣ ਲਗ ਪਏ। ਉਹ ਮਿਤਰਾਂ ਦੀ ਯਾਦ ਵਿਚ ਉਂਘਲਾਉਣ ਲਗ ਪਏ। ਉਹ ਕਦੇ ਸੌਂ ਜਾਂਦੇ, ਕਦੇ ਜਾਗ ਪੈਂਦੇ। ਰਾਤ ਲੰਘ ਗਈ। ਹੁਣ ਉਨ੍ਹਾਂ ਦਾ ਸ਼ਕ ਪਕਾ ਹੋ ਗਿਆ ਸੀ ਕਿ ਉਹ ਸਿੰਘਾਪੁਰ ਵਲ ਲਿਜਾਏ ਜਾ ਰਹੇ ਹਨ।

੩੯

ਭਾਈ ਸਹਬ, ਦਰਸੀ ਚੈਨਚਈਆਂ, ਠਾਕਰ ਸਿੰਘ, ਚੈਟਰ ਜੀ, ਸ਼ਿਵਦਿਆਲ ਤੇ ਜੋਧ ਸਿੰਘ ਮਿਲਟਰੀ ਡੀਟੈਨਸ਼ਨ ਬੈਰਕਸ ਸਿੰਘਾਪੁਰ ਵਿਚ ਡਕੇ ਹੋਏ ਸਨ। ਉਹ ਕੋਠੀਆਂ ਬਾਰਾਂ ਫੁਟ ਲੰਮੀਆਂ ਤੇ ਚਾਰ ਫੁਟ ਚੌੜੀਆਂ ਸਨ। ਉਨ੍ਹਾਂ ਨੂੰ ਜਾਪਿਆ ਜਿਵੇਂ ਉਨ੍ਹਾਂ ਵਾਸਤੇ ਉਚੇਚੀਆਂ ਤਿਆਰ ਕੀਤੀਆਂ ਗਈਆਂ ਹੋਣ। ਦਰਵਾਜ਼ਿਆਂ ਦੀ ਥਾਂ ਵੱਡੀਆਂ ਵੱਡੀਆਂ ਸੀਖਾਂ। ਬਾਹਰ ਵੱਡੇ ਵੱਡੇ ਜੰਦਰੇ ਕੋਠੀਆਂ ਅਗੇ ਪਹਿਰਾ। ਦੋ ਗੋਰੇ ਫੌਜੀ ਬੰਦੂਕਾਂ ਮੋਢੇ ਉੱਤੇ ਰੱਖ ਕੇ ਹਰ ਵੇਲੇ ਟਹਿਲਦੇ ਰਹਿੰਦੇ।

ਉਨ੍ਹਾਂ ਨੂੰ ਕੈਦੀਆਂ ਵਾਲੇ ਕਪੜੇ ਨਹੀ ਸਨ ਦਿਤੇ ਗਏ। ਉਨ੍ਹਾਂ ਦਾ ਸਾਰਾ ਸਾਮਾਨ ਫੌਜੀਆਂ ਨੇ ਆਪਣੇ ਕਬਜ਼ੇ ਵਿੱਚ ਰਖ ਕੇ, ਪਹਿਨੇ ਹੋਏ ਕਪੜਿਆ ਵਿੱਚ ਹੀ ਡੱਕ ਦਿਤਾ ਸੀ। ਸਿੰਘਾਪੁਰ ਦੀ ਅਤ ਦੀ ਗਰਮੀ ਵਿੱਚ ਨਿਕੀਆਂ ਨਿਕੀਆਂ ਕੋਠੀਆਂ ਵਿੱਚ ਭੁਜ ਰਹੇ ਸਨ। ਭਾਈ ਸਹਬ ਦੇ ਸਿਰ ਉਤੇ ਨਿਕੀ ਦਸਤਾਰ ਤੇ ਲਕ ਕਛਹਿਰਾ ਸੀ। ਬਾਕੀ ਸਾਰੇ ਕੈਦੀ ਸਿਰੋਂ ਨੰਗੇ ਤੇ ਲਕ ਜਾਂਘੀਏ ਜਿਹੇ। ਠਾਕਰ ਸਿੰਘ ਕਦੇ ਸਿਰ ਉਤੇ ਜੂੜਾ ਕਰ ਲੈਂਦਾ ਤੇ ਕਦੇ ਕੇਸ ਪਿੱਛੇ ਪਿੱਠ ਉੱਤੇ ਛਡ ਦੈਂਦਾ। ਉਸ ਦੀ ਪਿਠ ਗਰਮੀ ਨਾਲ ਲਾਲ ਹੋਈ ਪਈ ਸੀ। ਭਾਈ ਸਹਬ ਦੇ ਮੱਥੇ ਦੀ ਚਮੜੀ ਲੂਸੀ ਗਈ ਸੀ। ਜਦ ਵੀ ਉਹ ਮੱਥੇ ਨੂੰ ਮਲਦੇ ਤਾਂ ਚਮੜੀ ਭੁਰ ਭੁਰ ਜਾਂਦੀ।

ਸਾਰੀਆਂ ਕੋਠੀਆਂ ਦੇ ਮੂੰਹ ਪੂਰਬ ਵਲ ਸਨ। ਸੂਰਜ ਚੜ੍ਹਦਿਆਂ ਹੀ ਕਠੀਆਂ ਦੇ ਸੀਮੈਂਟ ਕੀਤੇ ਫਰਸ਼ ਤਪ ਉਠਦੇ। ਕੈਦੀ ਕਦੇ ਬੈਠਦੇ, ਕਦੇ ਲੇਟਦੇ ਤੇ ਘੰਟਿਆ ਬਧੀ ਖਲੋ ਕੇ ਤੇ ਤੁਰ ਕੇ ਸਾਰਾ ਦਿਨ ਲੰਘਾਂਦੇ। ਜਦ ਸੂਰਜ ਪਛਮ ਵਲ ਹੁੰਦਾ ਤਾਂ ਉਨ੍ਹਾਂ ਨੂੰ ਮਾੜਾ ਜਿਹਾ ਸਾਹ ਆਉਂਦਾ। ਫਿਰ ਵੀ ਹੁਸੜ ਨਾਲ ਉਨ੍ਹਾਂ ਦੀ ਜਾਨ ਖੁਸਦੀ।

ਤਿੰਨ ਵਾਰੀ ਬੂਹਾ ਖੁਲ੍ਹਦਾ ਤਾਕਿ ਬਾਹਰ ਰਖੀ ਖਾਣੇ ਵਾਲੀ ਪਲੇਟ ਕੈਦੀ ਚੁਕ ਸਕਣ। ਹਫਤੇ ਪਿਛੋਂ ਇਕ ਬਾਲਟੀ ਪਾਣੀ ਦੀ ਹਰ ਕੈਦੀ ਨੂੰ ਮਿਲਦੀ। ਦਿਨੇ ਡਾਢੀ ਧੁਪ ਤੇ ਰਾਤੀ ਕੋਠੀਆਂ ਵਿਚ ਹਨੇਰਾ ਰਹਿੰਦਾ, ਨਾ ਬਤੀ ਨਾ ਦੀਵਾ। ਦਾਤਣ ਤੇ ਟੂਥਬ੍ਰਸ਼ ਦੀ ਆਗਿਆ ਨਹੀਂ ਸੀ। ਆਪਸ ਵਿਚ ਮਿਲਣ ਦੀ ਮਨਾਹੀ ਸੀ। ਉਨ੍ਹਾਂ ਨੇ ਇਕ ਦੂਜੇ ਨੂੰ ਕਦੇ ਤਕਿਆ ਵੀ ਨਹੀਂ ਸੀ। ਉਹ ਵਾਜਾ ਮਾਰ ਕੇ ਗਲਾਂ ਕਰ ਲੈਂਦੇ। ਮਾਰਚ, ਅਪਰੈਲ ਤੇ ਮਈ ਇਸੇ ਹਾਲਤ ਵਿੱਚ ਲੰਘ ਗਏ। ਉਨ੍ਹਾਂ ਦੇ ਸਰੀਰ ਫਟਣ ਲਗ ਪਏ। ਪਿੰਡਿਆਂ ਦੀ ਚਮੜੀ ਉਚਣਨ ਲਗ ਮਈ। ਸਿਰ ਦੇ ਵਾਲ ਹਦੋਂ ਵਧ ਖੁਸ਼ਕ ਹੋ ਗਏ। ਉਨ੍ਹਾਂ ਦੀਆਂ ਆਵਾਜ਼ਾ ਏਨੀਆ ਬਦਲ ਗਈਆਂ ਕਿ ਇੱਕ ਦੂਜੇ ਦੀ ਆਵਾਜ਼ ਵੀ ਨਾ ਪਛਾਣ ਸਕਣ।

ਇਕ ਸਵੇਰ ਨੂੰ ਇਕ ਅੰਗਰੇਜ਼ ਅਫਸਰ ਆਇਆ। ਉਸ ਦੇ ਨਾਲ ਇੱਕ ਐਗਲੋ-ਇੰਡੀਅਨ ਦੁਭਾਸ਼ੀਆਂ ਸੀ। ਉਹ ਦੋਵੇਂ ਭਾਈ ਸਹਬ ਦੀ ਕੋਠੀ ਅਗੇ ਆ ਰੁਕੇ। ਉਸ ਅਫਸਰ ਦਾ ਖਿਆਲ ਸੀ ਕਿ ਭਾਈ ਸਾਹਬ ਉਠ ਕੇ ਉਸ ਦਾ ਸਤਕਾਰ ਕਰਨਗੇ। ਉਹ ਤੜਕ ਸਾਰ ਤੋਂ ਬਾਣੀ ਪੜ੍ਹ ਰਹੇ ਸਨ। ਉਨ੍ਹਾਂ ਦੀਆਂ ਅਖਾਂ ਬੰਦ ਸਨ। ਜਦ ਉਹ ਦੋਵੇਂ ਬਾਕੀ ਕੈਦੀਆਂ ਦੀਆਂ ਕੋਠੀਆਂ ਅੱਗੋਂ ਫਿਰ

ਕੇ ਮੁੜੇ ਤਾਂ ਭਾਈ ਸਾਹਬ ਅਰਦਾਸ ਸੋਧ ਰਹੇ ਸਨ। ਅਰਦਾਸੇ ਮਗਰੋਂ ਉਹ ਲੋਹੇ ਦੀਆਂ ਮੋਟੀਆਂ ਮੋਟੀਆਂ ਸੀਖਾਂ ਨੂੰ ਹੱਥ ਪਾ ਕੇ ਖਲੋ ਗਏ। ਇਹ ਪਹਿਲੀ ਵਾਰ ਸੀ ਜਦ ਕੋਈ ਉਨ੍ਹਾਂ ਨੂੰ ਮਿਲਣ ਆਇਆ ਸੀ। ਉਹ ਅੰਗਰੇਜ਼ ਅਫਸਰ ਚੁਪ ਚਾਪ ਖਲੋਤਾ ਭਾਈ ਸਾਹਬ ਵਲੋਂ ਸਲੂਟ ਮਿਲਣ ਦੀ ਉਡੀਕ ਕਰ ਰਿਹਾ ਸੀ। ਉਸ ਨੂੰ ਸਲੂਟ ਮਿਲਣ ਦੀ ਆਸ ਨਾ ਰਹੀ ਤਾਂ ਉਸ ਨੇ ਤਿੜਕ ਕੇ ਪੁਛਿਆ—"ਕੀ ਤੂੰ ਅੰਗਰੇਜ਼ੀ ਬੋਲ ਸਕਦਾ ਹੈਂ ?" ਭਾਈ ਸਾਹਬ ਨੇ ਉਤਰ ਦਿਤਾ "ਹਾਂ। ਅੰਗਰੇਜ਼ ਅਫਸਰ ਦਾ ਖਿਆਲ ਸੀ ਕਿ ਉਸਨੂੰ "ਹਾਂ ਜਨਾਬ" ਵਿਚ ਉਤਰ ਮਿਲੇਗਾ ਉਹ ਹੋਰ ਵੀ ਚਿੜ ਗਿਆ। ਉਹ ਦੋ ਕਦਮ ਅਗੇ ਵੱਧ ਕੇ ਫਿਰ ਪਿੱਛੇ ਹੱਟ ਗਿਆ। ਭਾਈ ਸਾਹਬ ਪਹਿਲਾ ਵਾਂਗੂੰ ਅਟਲ ਖਲੋਤੇ ਹੋਏ ਸਨ। ਉਨ੍ਹਾਂ ਨੇ ਨਰਮ ਜਿਹੀ ਅਵਾਜ਼ ਵਿਚ ਪੁਛਿਆ—" ਕੀ ਤੁਸੀਂ ਮੈਨੂੰ ਦਸ ਸਕਦੇ ਹੋ ਕਿ ਸਾਨੂੰ ਅਜਿਹੇ ਸਖਤ ਤਸੀਹੇ ਕਿਉਂ ਦਿਤੇ ਜਾ ਰਹੇ ਹਨ ? ਸਾਡਾ ਕੀ ਕਸੂਰ ਹੈ ?"

ਉਸ ਅਫਸਰ ਨੇ ਭਾਈ ਸਾਹਬ ਦੇ ਸੁਆਲ ਦਾ ਜਵਾਬ ਦੇਣ ਦੀ ਥਾਂ ਸੁਆਲ ਕਰ ਦਿਤਾ "ਕੀ ਤੇਰਾ ਨਾਮ ਬਲਵੰਤ ਸਿੰਘ ਹੈ ? ਭਾਈ ਸਾਹਬ ਨੇ ਜੁਆਬ ਦਿਤਾ— ਹਾਂ"

"ਕੀ ਤੂੰ ਫੌਜ ਵਿੱਚ ਨੌਕਰੀ ਕੀਤੀ ਹੈ।"

"ਹਾਂ। ਕੀਤੀ ਹੈ ?"

"ਤੂੰ ਨਾਮ ਕਿਉਂ ਕਟਾਇਆ ਸੀ ?"

"ਮੇਰੀ ਮਰਜ਼ੀ।"

"ਕੀ ਤੂੰ ਕੈਨੇਡਾ ਦਾ ਵਡਾ ਸਿਖ ਪਾਦਰੀ ਸੀ ?"

ਭਾਈ ਸਾਹਿਬ ਨੇ ਨੀਵੀਂ ਪਾ ਲਈ।

"ਮੈਨੂੰ ਪਤਾ ਲਗਾ ਹੈ ਕਿ ਪ੍ਰਦੇਸਾਂ ਵਿਚ ਫਿਰ ਰਹੇ ਸਿਖਾਂ ਵਿਚੋਂ ਤੂੰ ਸਭ ਤੋਂ ਵਡਾ ਖਤਰਨਾਕ ਸਿਖ ਹੈ। ਤੂੰ ਸਰ ਮਾਈਕਲ ਓਡਵਾਇਰ ਨੂੰ ਵੀ ਤਲਖ ਜੁਆਬ ਦਿਤ ਸਨ। ਇਹ ਰਪੋਰਟ ਹੈ ਕਿ ਸਿਖਾਂ ਦਾ ਜਹਾਜ਼ ਚਲਾਉਣ ਲਈ ਤੂੰ ਹੀ ਗੁਰਦਿਤ ਸਿੰਘ ਨੂੰ ਉਕਸਾਇਆ ਸੀ। ਇਹ ਪਕੀ ਰਪੋਰਟ ਹੈ ਕਿ ਤੂੰ ਹੀ ਸਾਰਿਆਂ ਪੁਆੜਿਆਂ ਦੀ ਜੜ੍ਹ ਹੈ।"

ਭਾਈ ਸਾਹਬ ਨੇ ਪੁੱਛਿਆ—"ਕੋਈ ਹੋਰ ਦੋਸ ?"

ਅੰਗਰੇਜ਼ ਅਫਸਰ ਭਾਈ ਸਾਹਬ ਦਾ ਸੁਆਲ ਸੁਣ ਕੇ ਚਿੜ ਗਿਆ। ਉਹ ਤਿੜਕ ਕੇ ਬੋਲਿਆ—"ਸਿੰਘਾਪੁਰ ਦਾ ਗਦਰ ਤੁਸਾਂ ਸਿਖਾਂ ਕਰਾਇਆ ਹੈ। ਬਰਮਾ ਦੀ ਗੜਬੜ ਦੇ ਤੁਸੀਂ ਜ਼ਿੰਮੇਵਾਰ ਹੋ। ਪੰਜਾਬ ਵਿਚ ਤੁਸਾਂ ਫੌਜਾਂ ਵਿਗਾੜੀਐ। ਸਲਤਨਤ ਬਰਤਾਨੀਆਂ ਦੇ ਰਾਜ ਵਿੱਚ ਸੂਰਜ ਨਹੀਂ ਡੁੱਬਦਾ। ਅਸਾਂ ਪੰਜਾਬ ਤੇ ਬਰਮਾ ਵਿੱਚ ਸਭ ਦੀ ਸੰਘੀ ਘੁਟ ਦਿੱਤੀ ਹੈ, ਤੁਸੀਂ ਥੋੜੇ ਜਿਹੇ ਬਟੇਰੇ ਬਾਕੀ ਹੋ। ਤੁਹਾਡੀ ਵੀ ਸੰਘੀ ਘੁਟ ਦਿਤੀ ਜਾਵੇਗੀ। ਫਿਰ ਬਾਦਸ਼ਾਹ ਸਲਾਮਤ ਦੀ ਸਰਕਾਰ ਦੇ ਸਾਹਮਣੇ ਕੋਈ ਅਖ ਨਹੀਂ ਉਠਾ ਸਕੇਗਾ...।"

ਉਸ ਨੇ ਅਜੇ ਆਪਣੀ ਗਲ ਖਤਮ ਨਹੀਂ ਸੀ ਕੀਤੀ ਕਿ ਭਾਈ ਸਾਹਬ ਨੇ ਦ੍ਰਿੜ ਆਵਾਜ਼ ਵਿੱਚ ਕਿਹਾ—" ਮੈਂ ਅਜਿਹੇ ਲੈਕਚਰ ਪਹਿਲੋਂ ਵੀ ਕਈ ਵਾਰੀ ਸੁਣੇ ਹਨ।"

ਅੰਗਰੇਜ਼ ਅਫਸਰ ਦਾ ਚਿਹਰਾ ਭਖ ਉਠਿਆ। ਏਨੇ ਨੂੰ ਇਕ ਅੰਗਰੇਜ਼ ਔਰਤ ਸਿਲਕ ਦੇ

ਸੂਟ ਵਿਚ ਸਜੀ ਸਜਾਈ ਕੈਮਰੇ ਸਮੇਤ ਉਸ ਅਫਸਰ ਦ ਨਾਲ ਆ ਖਲੋਤੀ। ਉਸ ਨੇ ਭਾਈ ਸਾਹਬ ਦੀ ਫੋਟੋ ਲੈਣੀ ਚਾਹੀ। ਭਾਈ ਸਾਹਬ ਨੇ ਉਨ੍ਹਾਂ ਵਲ ਪਿੱਠ ਦੇ ਦਿਤੀ।

"ਕੀ ਇਹ ਗਲ ਗਲਤ ਹੈ ਕਿ ਤੁਸਾਂ ਸਾਡੇ ਦੁਸ਼ਮਣਾਂ ਜਰਮਨਾਂ ਨਾਲ ਮਿਲ ਕੇ ਬਗਾਵਤ ਕੀਤੀ ਹੈ ? ਅਸਾਂ ਜਰਮਨਾਂ ਨੂੰ ਵੀ ਦੂਜੇ ਪਾਸੇ ਕੋਠੀਆਂ ਵਿਚ ਡਕਿਆ ਹੋਇਆ ਹੈ। ਉਹ ਸਭ ਕੁਝ ਬਕ ਪਏ ਹਨ।"

"ਮੈਂ ਕਦੇ ਕਿਸੇ ਜਰਮਨ ਨੂੰ ਨਹੀਂ ਮਿਲਿਆ।"

"ਤੇਰੇ ਸਾਥੀ ਮਨੀਲੇ ਜਰਮਨ ਕੌਂਸਲ ਨੂੰ ਮਿਲ ਕੇ ਆਏ ਹਨ। ਤੈਨੂੰ ਅਜੇ ਵੀ ਪਤਾ ਨਹੀਂ ਲਗਾ ਕਿ ਤੇਰਾ ਤੇ ਤੇਰੇ ਸਾਥੀਆਂ ਦਾ ਕੀ ਕਸੂਰ ਹੈ।" ਭਾਈ ਸਾਹਬ ਨੂੰ ਸ਼ਕ ਪਿਆ ਕਿ ਜੋਧ ਸਿੰਘ ਨੇ ਡਰ ਕੇ ਸਭ ਕੁਝ ਦਸ ਦਿਤਾ ਹੋਵੇਗਾ।

"ਸਰਕਾਰ ਬਰਤਾਨੀਆਂ ਬੜੀ ਤਰਸਵਾਨ ਹੈ। ਤੇਰਾ ਟਬਰ ਸਹੀ ਸਲਾਮਤ ਪੰਜਾਬ ਪਹੁੰਚਾ ਦਿੱਤਾ ਗਿਆ ਹੈ ਪਰ ਤੇਰੇ ਖਤਰਨਾਕ ਸਾਥੀ ਕਰਤਾਰ ਸਿੰਘ ਨੂੰ ਪੁਲਸ ਨੇ ਦਬੋਚ ਲਿਆ ਹੈ। ਉਹ ਸਭ ਕੁੱਝ ਬੱਕ ਬੈਠਾ ਹੈ।"

ਆਪਣੇ ਪਰਵਾਰ ਦੀ ਗਲ ਸੁਣ ਕੇ ਭਾਈ ਸਾਹਬ ਦੇ ਦਿਲ ਦੀ ਧੜਕਣ ਤੇਜ ਹੋ ਗਈ। ਕਰਤਾਰ ਸਿੰਘ ਦੇ ਬਕ ਪੈਣ ਦੀ ਗਲ ਸੁਣ ਕੇ ਅਬੜਵਾਹੇ ਉਨ੍ਹਾਂ ਦੇ ਮੂੰਹੋ ਨਿਕਲ ਗਿਆ—"ਇਹ ਝੂਠ ਹੈ। ਸਰਾ ਸਰ ਝੂਠ ਹੈ।"

"ਤੂੰ ਮੈਨੂੰ ਝੂਠਾ ਕਹਿ ਰਿਹਾ ਹੈ ?" ਅੰਗਰੇਜ਼ ਅਫਸਰ ਨੇ ਸੱਜੀ ਮੁੱਛ ਮਰੋੜਦਿਆ ਪੁਛਿਆ "

ਭਾਈ ਸਾਹਬ ਨੇ ਗਜ ਕੇ ਜੁਆਬ ਦਿਤਾ—"ਤੂੰ ਝੂਠਾ ਹੈ। ਤੇਰੀ ਸਰਕਾਰ ਝੂਠੀ ਹੈ। ਸਾਡੇ ਉਤੇ ਲਾਏ ਗਏ ਸਭ ਇਲਜ਼ਾਮ ਝੂਠੇ ਹਨ। ਸਭ ਸਾਜ਼ਸ਼ ਹੈ। ਝੂਠ ਦਾ ਪਲੰਦਾ ਹੈ। ਤੁਸੀਂ ਜੋ ਚਾਹੁੰਦੇ ਹੋ ਕਰੋ। ਲਾ ਲਓ ਆਪਣਾ ਜ਼ੋਰ। ਮੌਤ ਸੱਚ ਹੈ। ਫਾਂਸੀ ਲਾ ਦਿਓਗੇ। ਗੋਲੀ ਨਾਲ ਉਡਾ ਦਿਓਗੇ। ਹੋਰ ਕੀ ਕਰ ਲਓਗੇ। ਆਤਮਾ ਨਹੀਂ ਮਰਦੀ।"

ਅੰਗਰੇਜ਼ ਅਫਸਰ ਨੇ ਪਿੱਛੇ ਖਲੋਤੀ ਮੇਮ ਨੂੰ ਇਸ਼ਾਰਾ ਕੀਤਾ। ਉਹ ਦੂਜੀਆਂ ਕੋਠੀਆਂ ਵਲ ਵਧੀ। ਜੋਧ ਸਿੰਘ ਨਾਲ ਦੀ ਕੋਠੀ ਵਿਚ ਬੈਠਾ ਭਾਈ ਸਾਹਬ ਤੇ ਅਫਸਰ ਦੀ ਗਲ ਬਾਤ ਸੁਣ ਰਿਹਾ ਸੀ। ਉਹ ਮੇਮ ਨੂੰ ਵੇਖ ਕੇ ਉਠ ਖਲੋਤਾ। ਮੇਮ ਨੇ ਉਸ ਦੀ ਫੋਟੋ ਲਈ ਤੇ ਅਗੇ ਤੁਰ ਪਈ। ਜਦ ਉਹ ਬਾਕੀ ਕੈਦੀਆਂ ਦੀ ਫੋਟੋ ਲੈਣ ਲਗੀ ਤਾਂ ਸਭ ਨੇ ਉਸ ਨੂੰ ਪਿੱਠ ਵਿਖਾ ਦਿਤੀ। ਉਹ ਚਿੜ ਕੇ ਅਗਰੇਜ਼ ਅਫਸਰ ਦੇ ਪਿੱਛੇ ਹਟਵੀ ਆ ਖਲੋਤੀ। ਅੰਗਰੇਜ਼ ਅਫਸਰ ਤੇ ਦੁਭਾਸੀਆਂ, ਮੇਮ ਕੋਲ ਜਾ ਖਲੋਤੇ। ਕੁਝ ਦੇਰ ਹੌਲੀ ਹੌਲੀ ਗਲਾਂ ਕਰਦੇ ਰਹੇ। ਕੁਝ ਦੇਰ ਗਲਾਂ ਕਰਨ ਮਗਰੋਂ ਅੰਗਰੇਜ਼ ਅਫਸਰ ਮੁੜ ਭਾਈ ਸਾਹਬ ਦੀ ਕੋਠੀ ਅਗੇ ਜਾ ਖਲੋਤਾ। ਭਾਈ ਸਾਹਬ ਉਥੇ ਹੀ ਖਲੋਤੇ ਸਨ। ਅਫਸਰ ਨੇ ਮੁੜਦਿਆਂ ਬੜੀ ਹਲੀਮੀ ਨਾਲ ਪੁਛਿਆ—"ਕੀ ਕੋਈ ਅਜਿਹੀ ਗਲ ਹੈ ਜੋ ਮੈਂ ਤੁਹਾਡੇ ਲਈ ਕਰ ਸਕਦਾ ਹੋਵਾਂ ?"

ਭਾਈ ਸਾਹਬ ਨੇ ਵੀ ਹਲੀਮੀ ਵਿਖਾਂਦਿਆ ਕਿਹਾ—" ਜੋ ਸਲੂਕ, ਸਾਡਾ ਕਸੂਰ ਸਾਬਤ ਹੋਣ ਤੋਂ ਪਹਿਲੋਂ ਹੀ ਸਾਡੇ ਨਾਲ ਕੀਤਾ ਜਾ ਰਿਹਾ ਹੈ ਉਹ ਜਾਨਵਰਾਂ ਨਾਲ ਵੀ ਨਹੀਂ ਕੀਤਾ ਜਾਣਾ ਚਾਹੀਦਾ। ਅਸੀਂ ਦਾਤੁਨ ਨਹੀਂ ਕਰ ਸਕਦੇ। ਨਹਾ ਨਹੀਂ ਸਕਦੇ। ਸਾਡਾ ਖਾਣਾ ਨਿਰੇ

ਚਾਵਲ ਹੈ। ਅਸੀਂ ਹਰ ਰੋਜ਼ ਦਾਤਨ ਕਰਨ ਤੇ ਨਹਾਉਣ ਦੇ ਆਦੀ ਹਾਂ। ਆਪਣੀ ਕਿਸਮ ਦਾ ਖਾਣਾ ਪਕਾਉਣ ਦੀ ਸਾਨੂੰ ਖੁਲ ਹੋਣੀ ਚਾਹੀਦੀ ਹੈ। ਫਿਰਨ ਤੁਰਨ ਤੇ ਆਪਸ ਵਿਚ ਮਿਲਣ ਦੀ ਖੁਲ੍ਹ ਹੋਣੀ ਚਾਹੀਦੀ ਹੈ।"

ਮੇਮ ਨੇ ਅੰਗਰੇਜ਼ ਅਫਸਰ ਦੀ ਬਾਂਹ ਵਿਚ ਬਾਂਹ ਪਾਈ ਹੋਈ ਸੀ। ਉਸ ਨੇ ਮੇਮ ਵਲ ਤਕ ਕੇ ਮੁਸਕਰਾਂਦਿਆਂ ਭਾਈ ਸਾਹਬ ਨੂੰ ਪੁਛਿਆ—"ਤੂੰ ਕੁਕ ਦਾ ਕੰਮ ਕਰੇਗਾ?"

"ਹਾਂ ਕਰਾਂਗਾ।" ਭਾਈ ਸਾਹਬ ਨੇ ਮੰਗ ਕੀਤੀ—"ਅਜ ਤੋਂ ਹੀ ਸਾਨੂੰ ਰਾਸ਼ਨ ਮਿਲਣਾ ਚਾਹੀਦਾ ਹੈ।"

ਅੰਗਰੇਜ਼ ਅਫਸਰ ਨੇ ਉਤਰ ਦਿੱਤਾ—"ਮੈਂ ਸੋਚਾਂਗਾ।" ਉਸ ਦੇ ਪਿਛੇ ਪਿਛੇ ਦੁਭਾਸੀਆਂ ਤੇ ਮੇਮ ਜਾ ਰਹੇ ਸਨ। ਭਾਈ ਸਾਹਬ ਧਰਵਾਸ ਨਾਲ ਚੌਕੜੀ ਮਾਰ ਕੇ ਬਾਣੀ ਪੜ੍ਹਨ ਲਗ ਪਏ।

੪੦

ਭਾਈ ਸਾਹਬ ਕੁਹਾੜੀ ਨਾਲ ਲਕੜਾਂ ਪਾੜ ਰਹੇ ਸਨ। ਠਾਕਰ ਸਿੰਘ ਆਟਾ ਮਲ ਰਿਹਾ ਸੀ। ਦਰਸੀ ਆਲੂ ਤੇ ਗੰਢੇ ਚੀਰ ਰਿਹਾ ਸੀ। ਚੈਟਰ ਜੀ ਚੌਲਾਂ ਵਿਚੋਂ ਰੋੜ ਚੁਣ ਰਿਹਾ ਸੀ। ਸ਼ਿਵਦਿਆਲ ਨੇ ਭਾਈ ਸਾਹਬ ਪਾਸੋਂ ਕੁਹਾੜੀ ਫੜਦਿਆਂ ਪੁਛਿਆ—"ਜੋਧ ਸਿਹੁੰ ਨੂੰ ਕਿਉਂ ਨਹੀਂ ਕੋਠੀਓਂ ਬਾਹਰ ਕਢਦੇ?"

"ਕਢਦੇ ਐ ਜਦੋਂ ਸਾਨੂੰ ਬੰਦ ਕਰ ਲੈਂਦੇ ਐ।"

"ਕੀ ਮਤਲਬ?"

"ਮਤਲਬ ਇਹੋ ਕਿ ਉਹ ਬੱਕ ਬੈਠਾ ਐ। ਉਹਦੀ ਰਾਖੀ ਕਰਦੇ ਐ?"

"ਜੇ ਇਹ ਗਲ ਐ ਤਾਂ ਉਹਨੂੰ ਸਾਡੇ ਨਾਲ ਡੱਕੀ ਰੱਖਣ ਦਾ ਕੀ ਮਤਲਬ।"

"ਸਰਕਾਰੀ ਚਾਲਾਂ ਨੂੰ ਕੌਣ ਸਮਝ ਸਕਦੈ।"

ਠਾਕਰ ਸਿੰਘ ਨੇ ਦਖਲ ਦੇਂਦਿਆ ਕਿਹਾ—"ਜੋਧੇ ਨੂੰ ਰੋਟੀ ਨਹੀਂ ਦੇਣੀ ਚਾਹੀਦੀ। ਅਸੀਂ ਪਕਾਈਏ ਤੇ ਉਹ ਵਿਹਲਾ ਬੈਠਾ ਖਾਏ।"

"ਠਾਕਰ ਸਿਹਾਂ ਕੁਝ ਧੀਰਜ ਰੱਖ। ਉਹਨੂੰ ਕਹਿਣਾ ਚਾਹੀਦੈ ਕਿ ਸਾਡੇ ਨਾਲ ਪਕਾਏ ਤੇ ਖਾਏ।" ਭਾਈ ਸਾਹਬ ਦੀ ਰਾਏ ਸੁਣ ਕੇ ਸ਼ਿਵਦਿਆਲ ਨੇ ਜੋਧ ਸਿੰਘ ਦੀ ਕੋਠੜੀ ਅਗੇ ਜਾ ਕੇ ਕਿਹਾ—"ਜੋਧ ਸਿਹਾਂ। ਆ ਆਪ ਪਕਾ ਅਤੇ ਆਪ ਖਾਹ। ਅਸੀਂ ਤੇਰੇ ਨੌਕਰ ਤਾਂ ਨਹੀਂ।" ਜੋਧ ਸਿੰਘ ਨੇ ਨੀਵੀਂ ਪਾ ਲਈ ਤੇ ਕੋਈ ਉਤਰ ਨਾ ਦਿਤਾ।

ਭਾਈ ਸਾਹਬ ਨੇ ਸਬਜ਼ੀ ਕਟਣ ਵਾਲਾ ਵੱਡਾ ਸਾਰਾ ਚਾਕੂ ਦਰਸੀ ਪਾਸੋਂ ਫੜ ਕੇ ਕੁਹਾੜੀ ਦੇ ਦੰਦਿਆਂ ਉਤੇ ਘਸਾਂਦਿਆਂ ਕਿਹਾ—"ਗਦਾਰ ਮੁਖਬਾਰ ਦੇ ਟੋਟੇ ਕਰਨੇ ਐ। ਜ਼ਰਾ ਤਿਖਾ ਕਰ ਲਵਾਂ।" ਠਾਕਰ ਸਿੰਘ ਨੇ ਭਾਈ ਸਾਹਬ ਦੀਆਂ ਅਖਾਂ ਵਿੱਚ ਲਹੂ ਉਤਰਿਆ ਵੇਖ ਕੇ ਕਿਹਾ—"ਸਿੰਘ ਸਹਿਬਾ ਇਹ ਸੇਵਾ ਮੈਨੂੰ ਬਖਸ਼ੋ।"

ਦਰਸੀ ਦਖਣੀ ਹਿੰਦੁਸਤਾਨ ਦਾ ਤੇ ਚੈਟਰ ਜੀ ਬੰਗਾਲੀ ਸਨ ਪਰ ਪੰਜਾਬੀਆਂ ਵਿਚ ਕਾਫੀ

ਚਿਰ ਰਹਿਣ ਕਰਕੇ ਥੋੜੀ ਥੋੜੀ ਪੰਜਾਬੀ ਸਮਝ ਲੈਂਦੇ ਸਨ । ਦਰਸੀ ਨੇ ਨਜ਼ਰ ਭਰ ਕੇ ਭਾਈ ਸਾਹਬ ਵਲ ਤਕਿਆ । ਭਾਈ ਸਾਹਬ ਅਜੇ ਵੀ ਕਿਚਨ ਵਾਲਾ, ਛੁਰੇ ਵਰਗਾ ਚਾਕੂ ਕੁਹਾੜੀ ਦੇ ਦੰਦਿਆਂ ਉਤੇ ਘਸਾ ਰਹੇ ਸਨ ।

ਉਨ੍ਹਾਂ ਨੂੰ ਦੰਵੇਂ ਵੇਲੇ ਆਪਣਾ ਖਾਣਾ ਬਣਾਉਣ ਦੀ ਖੁਲ੍ਹ ਸੀ । ਬਾਰਕਾਂ ਦੇ ਘੇਰੇ ਵਿੱਚ ਫਿਰ ਤੁਰ ਵੀ ਲੈਂਦੇ । ਪਾਣੀ ਉਨ੍ਹਾਂ ਨੂੰ ਉਤਨਾ ਹੀ ਮਿਲਦਾ ਜਿਸ ਨਾਲ ਉਹ ਮਸਾਂ ਖਾਣਾ ਹੀ ਬਣਾ ਸਕਦੇ । ਅਜੇ ਤਕ ਇੱਕ ਦਿਨ ਵੀ ਉਨ੍ਹਾਂ ਨੂੰ ਨਹਾਉਣ ਲਈ ਪਾਣੀ ਨਹੀਂ ਸੀ ਮਿਲਿਆ । ਨਾ ਹੀ ਦਾਤਣ ਜਾਂ ਬੁਰਸ਼ ਦਿਤੇ ਗਏ । ਸਿੰਘਾਂ ਦੇ ਕੇਸ ਖੁਸ਼ਕ ਪਏ ਸਨ । ਚੈਟਰ ਜੀ, ਦਰਸੀ ਤੇ ਸ਼ਿਵਦਿਆਲ ਦੀਆਂ ਦਾੜ੍ਹੀਆਂ ਵਡੀਆਂ ਹੋ ਰਹੀਆਂ ਸਨ । ਉਨ੍ਹਾਂ ਨੂੰ ਨਿਕਰਾਂ ਜਿਹੀਆਂ ਮਿਲ ਗਈਆਂ ਸਨ । ਉਹ ਕਛਿਆਂ ਉਤੇ ਨਿਕਰਾਂ ਚੜ੍ਹਾ ਲੈਂਦੇ। ਭਾਈ ਸਾਹਬ ਦੇ ਕਛਹਿਰੇ ਵਿਚੋਂ ਉਨ੍ਹਾਂ ਨਾਲਾ ਪਹਿਲੋਂ ਹੀ ਕਢ ਲਿਆ ਸੀ । ਉਹ ਕਛਹਿਰੇ ਦੇ ਦੋਹੀਂ ਪਾਸੀਂ ਗੰਢ ਮਾਰੀ ਰਖਦੇ । ਨਿਕਰ ਉਨ੍ਹਾਂ ਪਾਉਣੀ ਮਨਜ਼ੂਰ ਨਾ ਕੀਤੀ । ਸਭ ਦੇ ਪਿੰਡੇ ਨੰਗੇ, ਸਿਰ ਨੰਗੇ ਤੇ ਪੈਰ ਨੰਗੇ । ਉਹ ਪਛਾਣੇ ਨਹੀਂ ਸਨ ਜਾਂਦੇ । ਕਦੀ ਵਾਰੀ ਇਕ ਦੂਜੇ ਵਲ ਤਕ ਕੇ ਹਸ ਪੈਂਦੇ । ਚੈਟਰ ਜੀ ਤੇ ਦਰਸੀ ਦੀ ਵਧੀ ਹੋਈ ਦਾੜ੍ਹੀ ਕਰਕੇ ਠਾਕਰ ਸਿੰਘ ਉਨ੍ਹਾਂ ਨੂੰ "ਭੂਤ ਓਏ, ਭੂਤ ਓਏ" ਕਹਿ ਕੇ ਹੱਸਣ ਲਗ ਪੈਂਦਾ ।

ਉਹ ਪੰਜੇ ਇਸੇ ਗਲ ਵਿੱਚ ਖੁਸ਼ ਸਨ ਕਿ ਆਪਣੀ ਰੋਟੀ ਆਪ ਪਕਾਅ ਲੈਂਦੇ ਹਨ ਤੇ ਆਪਸ ਵਿਚ ਇਕੱਠੇ ਬਹਿ ਕੇ ਦੁਖ ਸੁਖ ਵੀ ਵੰਡ ਵੰਡਾ ਲੈਂਦੇ ਹਨ । ਇਕ ਸ਼ਾਮ ਨੂੰ ਜਦ ਉਹ ਵਿਹੜੇ ਵਿੱਚ ਬੈਠੇ ਖਾਣਾ ਬਣਾ ਰਹੇ ਸਨ ਐਂਗਲੋ-ਇੰਡੀਅਨ ਦੁਭਾਸੀਆ ਆ ਗਿਆ । ਭਾਈ ਸਾਹਬ ਨੇ ਉਸ ਨੂੰ ਕਿਹਾ—" ਕਈ ਮਹੀਨਿਆ ਤੋਂ ਅਸੀਂ ਇਸ਼ਨਾਨ ਨਹੀਂ ਕੀਤਾ । ਨਾ ਸਾਬਣ ਮਿਲਿਆ ਐ ਨਾ ਤੇਲ ਨਾ ਬੁਰਸ਼ ਨਾ ਦਾਤਣ । ਮੇਰਾ ਕੰਘਾ ਵੀ ਖੋਹ ਲਿਆ ਗਿਆ ਸੀ ।"

ਉਸ ਨੇ ਅਗੋਂ ਮੁਸਕਰਾਂਦਿਆਂ ਕਿਹਾ—"ਜੋ ਡੈਨਹਾਮ ਸਾਹਬ ਕਹਿੰਦਾ ਐ ਉਹ ਮੰਨ ਜਾਓ ।"

ਅਜ ਪਹਿਲੀ ਵਾਰੀ ਉਨ੍ਹਾਂ ਨੂੰ ਪਤਾ ਲਗਾ ਕਿ ਅੰਗਰੇਜ਼ ਅਫਸਰ ਦਾ ਨਾਮ ਡੈਨਹਾਮ ਹੈ ।

"ਉਹ ਕੀ ਕਹਿਦਾ ਐ ?"

"ਤੁਹਾਨੂੰ ਸਭ ਨੂੰ ਪਤਾ ਹੈ ?"

"ਮੈਨੂੰ ਤਾਂ ਪਤਾ ਨਹੀਂ ।" ਠਾਕਰ ਸਿੰਘ ਨੇ ਕਿਹਾ "ਬਸ ਮਾਫੀ ਮੰਗ ਲਓ ।" ਦਰਸੀ ਮਾਫੀ ਸ਼ਬਦ ਤੋਂ ਚੰਗੀ ਤਰ੍ਹਾਂ ਜਾਣੂ ਸੀ । ਉਹ ਠਾਕਰ ਸਿੰਘ ਤੋਂ ਪਹਿਲੋਂ ਹੀ ਬੋਲ ਪਿਆ—"ਸਰਕਾਰ ਸਾਨੂੰ ਕਾਨੂੰਨ ਦੇ ਉਲਟ ਡੱਕੀ ਬੈਠੀ ਹੈ । ਮਾਫੀ ਸਰਕਾਰ ਮੰਗੇ ਸਾਡੇ ਪਾਸੋਂ । ਜਾਂ ਸਾਡੇ ਉਤੇ ਮਕਦਮਾ ਚਲਾ ਕੇ ਸਾਡਾ ਦੋਸ਼ ਸਾਬਤ ਕਰੇ ।"

"ਤੁਹਾਡੇ ਉਤੇ ਬਾਦਸ਼ਾਹ ਸਲਾਮਤ ਦੇ ਖਿਲਾਫ ਬਗਾਵਤ ਕਰਨ ਦਾ ਦੋਸ਼ ਹੈ ।"

"ਤੂੰ ਝੂਠ ਬੋਲਦਾ ਹੈ ।" ਦਰਸੀ ਨੇ ਚਿੜ ਕੇ ਕਿਹਾ ।

ਦੁਭਾਸੀਏ ਨੇ ਗੁਸੇ ਵਿਚ ਆ ਕੇ ਕਿਹਾ—"ਤੁਸੀਂ ਸਭ ਝੂਠੇ ਤੇ ਬਾਗੀ ਹੋ ।" ਉਹ ਪਿੱਠ ਦੇ ਕੇ ਤੁਰ ਪਿਆ । ਦਰਸੀ ਉਸ ਵਲ ਵਧਿਆ । ਠਾਕਰ ਸਿੰਘ ਨੇ ਉਸ ਨੂੰ ਲਤੋਂ ਫੜ ਲਿਆ । ਭਾਈ ਸਾਹਬ ਨੇ ਉਸ ਨੂੰ ਬੁਝ ਰਹੀ ਅਗ ਬਾਲਣ ਦਾ ਇਸ਼ਾਰਾ ਕੀਤਾ । ਉਹ ਕੋਡਾ ਹੋ ਕੇ, ਗੋਡਿਆ

ਪਰਨੇ ਹੋ ਕੇ ਫੂਕਾਂ ਮਾਰਨ ਲਗਾ। ਧੂੰਆਂ ਉਠ ਰਿਹਾ ਸੀ ਪਰ ਅੱਗ ਬਲਣ ਵਿਚ ਨਹੀਂ ਸੀ ਆਉਂਦੀ ਉਹ ਸਾਹੋ ਸਾਹ ਹੋ ਕੇ ਪਿਛੇ ਹੋ ਗਿਆ। ਉਸ ਦੀਆਂ ਅਖਾਂ ਤੇ ਨੱਕ ਵਿੱਚ ਧੂੰਆਂ ਵੜ ਗਿਆ ਸੀ। ਠਾਕਰ ਸਿੰਘ ਨੇ ਪੈਰਾਂ ਪਰਨੇ ਬਹਿ ਕੇ ਫੂਕਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ। 'ਦੁਭਾਸੀਆਂ ਪਿਛੇ ਵੇਖਦਾ ਵੇਖਦਾ ਭੁਰਿਆ ਜਾ ਰਿਹਾ ਸੀ।

ਅਜੇ ਉਹ ਖਾਣੇ ਤੋਂ ਵਿਹਲੇ ਹੋਏ ਹੀ ਸਨ ਕਿ ਸੰਤਰੀਆਂ ਨੇ ਉਨ੍ਹਾਂ ਨੂੰ ਵਖ ਵਖ ਕੋਠੜੀਆਂ ਵਿਚ ਡਕਣਾ ਸ਼ੁਰੂ ਕਰ ਦਿਤਾ।

ਹਰ ਸ਼ਾਮ ਨੂੰ ਕੁਹਾੜੀ, ਚਾਕੂ ਤੇ ਲੰਗਰ ਦਾ ਰਾਸ਼ਨ ਇਕ ਸੰਦੂਕ ਜਿਹੇ ਵਿੱਚ ਬੰਦ ਕਰ ਕੇ ਖਾਲੀ ਪਈ ਇਕ ਬਾਰਕ ਦੀ ਨੁਕਰ ਵਿੱਚ ਰੱਖ ਦਿਤਾ ਜਾਂਦਾ ਸੀ। ਦਿਨ ਚੜਦਿਆਂ ਹੀ ਸਭ ਕੈਦੀਆਂ ਨੂੰ, ਫੌਜੀ ਪਹਿਰੇ ਵਿੱਚ, ਬਾਰਕਾਂ ਵਿਚਾਲੇ ਖੁਲ੍ਹੇ ਵਿਹੜੇ ਵਿਚ ਫਿਰਨ ਤੁਰਨ ਦੀ ਖੁਲ੍ਹ ਮਿਲ ਜਾਂਦੀ। ਜੋਧ ਸਿੰਘ ਵੀ ਬਾਕੀ ਕੈਦੀਆਂ ਨਾਲ ਖੁਲ੍ਹ ਜਾਂਦਾ।

ਯੂਰਪ ਦੀ ਜੰਗ ਅਰੰਭ ਹੋਣ ਸਾਰ ਜਰਮਨੀ ਵਿਚ ਰਹਿ ਰਹੇ ਮਸ਼ਹੂਰ ਇਨਕਲਾਬੀ ਵਿਰੇਂਦਰ ਨਾਥ ਚਟੋਪਾਧੀਆ, ਚੰਪਕਰਾਮਨ ਪਿਲੇ, ਭੂਪੇਸ਼ ਗੁਪਤ ਤੇ ਡਾਕਟਰ ਪਰਭਾਕਰ ਨੇ "ਹਿੰਦ ਇਨਕਲਾਬੀ ਸੋਸਾਇਟੀ ਬਣਾਈ। ਉਨ੍ਹਾਂ ਨੇ ਜਰਮਨ ਹਾਈ ਕਮਾਂਡ ਨਾਲ ਮਿਲ ਕੇ ਅੰਗਰੇਜ਼ਾਂ ਦੇ ਉਲਟ ਇਨਕਲਾਬ ਕਰਨ ਦੀ ਤਰਤੀਬ ਬਣਾਈ। ਜਦ ਸਾਨਫਰਾਂਸਿਸਕੋ ਵਿੱਚ ਗਦਰ ਪਾਰਟੀ ਨੇ ਜੋਰ ਫੜਿਆ ਤਾਂ ਇਸ "ਬਰਲਿਨ ਹਿੰਦੂ" ਕਮੇਟੀ ਨੇ ਆਪਸ ਵਿੱਚ ਤਾਲ ਮੇਲ ਪੈਦਾ ਕਰਨ ਲਈ ਜੋ ਬੰਦੇ ਕੈਲੇਫੋਰਨੀਆਂ ਭੇਜੇ ਉਨ੍ਹਾਂ ਵਿੱਚੋਂ ਜੋਧ ਸਿੰਘ ਇੱਕ ਸੀ।

ਦੋਹਾਂ ਸੋਸਾਇਟੀਆਂ ਨੇ ਫੈਸਲਾ ਕੀਤਾ ਕਿ ਪਛਮੀ ਹਿਸੇ ਵਲ "ਬਰਲਿਨ ਹਿੰਦ" ਕਮੇਟੀ ਕੰਮ ਕਰੇ ਤੇ ਪੂਰਬੀ ਫਰੰਟ ਉਤੇ ਸਾਰਾ ਕੰਮ ਗਦਰ ਪਾਰਟੀ ਦੇ ਜ਼ਿੰਮੇ ਹੋਵੇ। ਜੋਧ ਸਿੰਘ ਨੇ ਪੂਰਬੀ ਅਫਾਰਤ ਖਾਨਿਆਂ ਵਿੱਚ ਜਰਮਨ ਕੌਂਸਲਾਂ ਨਾਲ ਸੰਬੰਧ ਪੈਦਾ ਕਰਨੇ ਸਨ। ਇਸੇ ਸੰਬੰਧ ਵਿੱਚ ਉਹ ਰਾਮ ਚੰਦ ਪਸ਼ੌਰੀਏ ਵਲੋਂ ਸਾਨਫਰਾਸਿਸਕੋ ਤੋਂ ਭੇਜਿਆ ਹੋਇਆ, ਮਨੀਲੇ ਦੇ ਜਰਮਨ ਕੌਂਸਲਰ ਨੂੰ ਮਿਲਿਆ। ਸੁਕੁਮਾਰ ਚੈਟਰ ਜੀ ਤੇ ਦਰਸੀ ਚੈਨਚਇਆਂ ਉਸ ਦੇ ਨਾਲ ਆਏ ਸਨ। ਉਹ ਇਸ ਪਾਰਟੀ ਦਾ ਲੀਡਰ ਸੀ। ਉਹ ਤੁਰਨ ਸਮੇਂ ਹੀ ਦਰਸੀ ਤੇ ਸੁਕੁਮਾਰ ਨੂੰ ਮਿਲਿਆ ਸੀ। ਉਨ੍ਹਾਂ ਬਾਰੇ ਉੱਡਾ ਕੁਝ ਨਹੀਂ ਸੀ ਜਾਣਦਾ।

ਭਾਈ ਸਾਹਬ ਕੈਨੇਡਾ ਤੋਂ ਗਏ ਸਨ। ਠਾਕਰ ਸਿੰਘ ਉਨ੍ਹਾਂ ਨਾਲ ਸੰਘਾਈ ਤੋਂ ਰਲਿਆ ਸੀ। ਸ਼ਿਵਦਿਆਲ ਕਪੂਰ, ਬਰਮਾਂ ਵਿੱਚ ਕੰਮ ਕਰ ਰਹੇ ਇਨਕਲਾਬੀਆਂ ਦੇ ਕਿਸੇ ਕੰਮ ਬੰਕੋਕ ਆਇਆ ਫੜਿਆ ਗਿਆ ਸੀ। ਜੋਧ ਸਿੰਘ ਇਨ੍ਹਾਂ ਤਿੰਨਾਂ ਗਦਰੀਆਂ ਬਾਰੇ ਵੀ ਉਕਾ ਕੁਝ ਨਹੀਂ ਸੀ ਜਾਣਦਾ। ਇਸ ਲਈ ਉਹ ਆਪਣੇ ਨਾਲ ਦੇ ਪੰਜਾ ਕੈਦੀਆਂ ਬਾਰੇ ਕੋਈ ਜਾਣਕਾਰੀ ਨਹੀਂ ਸੀ ਰਖਦਾ।

ਜਦ ਕੈਦੀਆਂ ਨੂੰ ਫਿਰਨ ਤੁਰਨ ਦੀ ਖੁਲ੍ਹ ਦਿਤੀ ਜਾਂਦੀ ਤਾਂ ਉਹ ਚੈਟਰ ਜੀ ਤੇ ਦਰਸੀ

ਚੈਨਚਇਆ ਨਾਲ ਗਲਾਂ ਕਰਨ ਲਈ ਉਨ੍ਹਾਂ ਦੇ ਆਲੇ ਦੁਆਲੇ ਰਹਿੰਦਾ। ਉਸ ਨੇ ਇਕ ਦਿਨ ਚੈਨਚਇਆ ਨੂੰ ਤਰਲੇ ਭਰੀ ਆਵਾਜ਼ ਵਿਚ ਕਿਹਾ—"ਦਰਸੀ। ਵੇਖਾ ਮੈਂ ਜਾਣ ਬੁਝ ਕੇ ਕੋਈ ਗਲਤੀ ਨਹੀਂ ਕੀਤੀ। ਸੁਭਾਵਕ ਹੀ ਹੋ ਗਈ ਐ। ਮੈਂ ਉਸ ਬੁਢੇ ਆਰੀਆ ਸਮਾਜੀ ਨੂੰ ਦੇਸ ਭਗਤ ਸਮਝ ਕੇ ਗਲਤੀ ਕਰ ਬੈਠਾਂ।"

"ਜਿਨ੍ਹਾਂ ਇਨਕਲਾਬੀਆਂ ਨੂੰ ਤੂੰ ਉੱਕਾ ਨਹੀਂ ਜਾਣਦਾ, ਉਨ੍ਹਾਂ ਦੇ ਨਾਮ ਤੂੰ ਕਿਉਂ ਆਪਣੀ ਡਾਇਰੀ ਵਿੱਚ ਲਿੱਖ ਰੱਖੇ ਸਨ ? ਅਸੀਂ ਤਾਂ ਸਭ ਨਾਮ ਜ਼ਬਾਨੀ ਯਾਦ ਕੀਤੇ ਹੋਏ ਹਨ। ਅਮਰ ਸਿੰਘ ਇੰਜੀਨੀਅਰ ਦਾ ਨਾਮ ਤੂੰ ਕਿਉਂ ਲਿਖਿਆ ਹੋਇਆ ਸੀ ? ਸਾਨੂੰ ਸੋਅ ਮਿਲੀ ਐ ਕਿ ਉਹਨੂੰ ਵੀ ਫੜ ਕੇ ਸਿੰਘਾਪੁਰ ਲੈ ਆਏ ਸਨ ਤੇ ਫਿਰ ਮਾਂਡਲੇ ਵਲ ਲੈ ਗਏ।"

"ਮੈਂ ਉਂਜ ਹੀ ਰਾਮ ਚੰਦ ਪਸ਼ੌਰੀਏ ਦੀ ਕਾਪੀ ਉੱਤੋਂ ਉਤਾਰ ਲਏ ਸਨ। ਮੈਂ ਸੋਚਿਆ ਕਿੱਧਰੇ ਕੰਮ ਆਉਣਗੇ।"

"ਉਸ ਨੇ ਤੈਨੂੰ ਉਹ ਕਾਪੀ ਆਪ ਦਿੱਤੀ ਸੀ।"

"ਹਾਂ, ਉਸ ਨੇ ਹੀ ਕਿਹਾ ਸੀ ਕਿ ਸਾਰੇ ਐਡਰੈਸ ਲਿਖ ਲੈ। ਤੇਰੇ ਕੰਮ ਆਉਣਗੇ।"

"ਤੇ ਤੂੰ ਉਹ ਕਾਪੀ ਖੁਫੀਆ ਪੁਲਸ ਦੇ ਬੁੱਢੇ ਆਰੀਆ ਸਮਾਜੀ ਨੂੰ ਦੇ ਦਿੱਤੀ।"

"ਮੇਰੇ ਪਾਸੋਂ ਡਾਢੀ ਭੁੱਲ ਹੋ ਗਈ। ਮੈਂ ਨਸ਼ੇ ਵਿਚ ਸਾਂ।"

"ਤੈਨੂੰ ਪਤਾ ਹੈ ਪਾਰਟੀ ਵਿੱਚ ਨਸ਼ਾ ਪੀਣਾ ਮਨ੍ਹਾਂ ਹੈ।"

ਜੋਧ ਸਿੰਘ ਬਿਨਾਂ ਜੁਆਬ ਦਿੱਤੇ ਦਰਸੀ ਦੇ ਪਿੱਛੇ ਹੋ ਕੇ ਤੁਰਨ ਲੱਗ ਪਿਆ। ਚੈਟਰ ਜੀ ਸਭ ਗੱਲਾਂ ਸੁਣ ਰਿਹਾ ਸੀ ਪਰ ਉਹ ਇਉਂ ਜਤਲਾ ਰਿਹਾ ਸੀ ਜਿਵੇਂ ਉਸ ਦਾ ਧਿਆਨ ਹੀ ਉਨ੍ਹਾਂ ਵੱਲ ਨਾ ਹੋਵੇ।

ਭਾਈ ਸਾਹਿਬ ਨੇ ਤੁਰੇ ਜਾਂਦਿਆਂ, ਇਕ ਥਾਂ ਖਲੋ ਕੇ ਜੋਧ ਸਿੰਘ ਵੱਲ ਘੂਰ ਕੇ ਤਕਿਆ। ਠਾਕਰ ਸਿੰਘ ਉਨ੍ਹਾਂ ਦੀ ਕੈਰੀ ਨਜ਼ਰ ਤਾੜ ਕੇ ਉਨ੍ਹਾਂ ਪਾਸ ਜਾ ਖਲੋਤਾ। ਸ਼ਿਵ ਦਿਆਲ ਸਭ ਦੇ ਪਿੱਛੇ ਪਿੱਛੇ ਡੌਰ ਭੌਰਾ ਹੋਇਆ ਲੜਖੜਾਂਦਾ ਜਾ ਰਿਹਾ ਸੀ। ਭਾਈ ਸਾਹਿਬ ਨੇ ਪੁਛਿਆ—"ਠਾਕਰ ਸਿਹਾਂ ! ਇਸ ਮੁਖਬਰ ਗਦਾਰ ਦਾ ਕੀ ਕਰੀਏ ?"

"ਮੈਨੂੰ ਤਾਂ ਚੈਟਰ ਜੀ ਵੀ ਦਿਲ ਛੱਡਦਾ ਜਾਪਦੈ। ਫੌਜੀਆਂ ਦੀਆਂ ਦੋ ਚਪੇੜਾ ਖਾ ਕੇ ਹੀ ਚੀਕਾਂ ਮਾਰਨ ਲੱਗ ਪਿਆ ਸੀ। ਮੇਰੀ ਉਨ੍ਹਾਂ ਬੁਰੀ ਬਾਬ ਕੀਤੀ। ਕਦੇ ਕੇਸ ਪੁਟਣ, ਕਦੇ ਮੁੱਛਾਂ ਫੜ ਲੈਣ। ਫੇਰ ਉਨ੍ਹਾਂ ਹੇਠਾਂ ਢਾਹ ਕੇ ਮੇਰੀ ਬੜੀ ਗੋਡੀ ਕੀਤੀ। ਮੈਂ ਮਨ ਤੱਕੜਾ ਰੱਖਿਆ।"

"ਠਾਕਰ ਸਿਹਾਂ ! ਅਜੇ ਤਾਂ ਅਸੀਂ ਟਿੱਬਿਆਂ ਟੋਇਆਂ ਵਿੱਚ ਹੀ ਫਿਰਦੇ ਆਂ। ਅੱਗੇ ਪਹਾੜਾਂ ਨਾਲ ਟੱਕਰ ਲੱਗਣੀ ਐ। ਇਹ ਗੋਰੇ ਤਾਂ ਨਿੱਕੇ ਨਿੱਕੇ ਸਪੋਲੀਏ ਐ। ਅੱਗੇ ਨਾਗਾਂ ਨਾਲ ਵਾਹ ਪੈਣੈ। ਮਗਰਮੱਛ ਤੇ ਅਜ਼ਦਹਾ ਮੂੰਹ ਅੱਡੀ ਖਲੋਤੇ ਐ। ਅੱਗੇ ਜੋ ਕਰੇ ਕਰਤਾਰ ਕਹਿ ਕੇ ਭਾਈ ਸਾਹਬ ਅੱਗੇ ਅੱਗੇ ਤੁਰ ਪਏ।

ਠਾਕਰ ਸਿੰਘ ਨਿੰਮੋਝੂਣਾ ਹੋਇਆ, ਭਾਈ ਸਾਹਬ ਦੇ ਪਿੱਛੇ ਪਿੱਛੇ ਤੁਰ ਰਿਹਾ ਸੀ। ਉਸ ਨੇ ਭਾਈ ਸਾਹਬ ਦੀ ਪਿੱਠ ਉੱਤੇ ਬੈਂਤਾਂ ਦੀਆਂ ਲਾਸਾਂ ਪਈਆਂ ਵੇਖੀਆਂ ਤੇ ਉਹ ਆਪਣੇ ਪਿੰਡੇ ਉੱਤੇ ਪਏ ਨੀਲ ਗਿਣਨ ਲੱਗ ਪਿਆ। ਉਸ ਦੇ ਮਨ ਵਿੱਚ ਆਈ ਕਿ ਆਪਣੇ ਹੋਰ ਸਾਥੀਆਂ ਨੂੰ ਲੱਗੀਆਂ

ਸੱਟਾਂ ਵੀ ਵੇਖੇ । ਸਭ ਤੋਂ ਪਹਿਲੋਂ ਉਸ ਦੀ ਨਜ਼ਰ ਜੋਧ ਸਿੰਘ ਦੇ ਨੰਗੇ ਪਿੰਡੇ ਉੱਤੇ ਪਈ । ਉਸ ਦੇ ਸਰੀਰ ਉੱਤੇ ਨਾ ਕੋਈ ਲਾਸ ਤੇ ਨਾ ਹੀ ਕੋਈ ਨੀਲ ਪਿਆ ਵੇਖ ਕੇ ਠਾਕਰ ਸਿੰਘ ਘਬਰਾ ਗਿਆ ਕਿ ਜੋਧ ਸਿੰਘ ਨੇ ਮੁੜ ਦੁਬਾਰਾ ਮੁਖਬਰ ਬਣਨਾ ਮੰਨ ਲਿਆ ਹੋਵੇਗਾ । ਜੇ ਉਸ ਦੇ ਹੱਥ ਵਿਚ ਕੋਈ ਹਥਿਆਰ ਹੁੰਦਾ ਤਾਂ ਉਹ ਫੌਜੀਆਂ ਦੇ ਪਹਿਰੇ ਵਿੱਚ ਵੀ ਉਸ ਉੱਤੇ ਹਮਲਾ ਕਰ ਦੇਂਦਾ। ਉਹ ਗੁੱਸੇ ਵਿਚ ਭਰਿਆ ਪਿੱਛੇ ਮੁੜ ਪਿਆ ।

ਬਾਰਕ ਦੇ ਦਫਤਰ ਵੱਲੋਂ ਇੱਕ ਸੀਟੀ ਵੱਜੀ । ਫੌਜੀਆਂ ਨੇ ਕੈਦੀਆਂ ਨੂੰ ਘੇਰ ਕੇ ਉਨ੍ਹਾਂ ਦੀਆਂ ਕਾਲ-ਕੋਠੜੀਆਂ ਵਿੱਚ ਬੰਦ ਕਰਨਾ ਸ਼ੁਰੂ ਕਰ ਦਿੱਤਾ । ਵਿਹੜੇ ਵਿੱਚ ਫਿਰਨ ਮਗਰੋਂ ਉਹ ਸ਼ਾਹ ਵੇਲਾ ਤਿਆਰ ਕਰਦੇ ਸਨ । ਝਟ ਹੀ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਅੱਜ ਸ਼ਾਹ ਵੇਲਾ ਕਰਨ ਦੀ ਖੁਲ੍ਹ ਨਹੀਂ ਮਿਲਣ ਲੱਗੀ ।

ਜੋਧ ਸਿੰਘ, ਭਾਈ ਸਾਹਬ ਦੀ ਕੋਠੀ ਦੇ ਨਾਲ ਹੀ ਕੋਠੀ ਵਿੱਚ ਸੀਖਾਂ ਨੂੰ ਹੱਥ ਪਾ ਕੇ ਖਲੋਤਾ ਕਹਿ ਰਿਹਾ ਸੀ—"ਮੈਂ ਗਲਤੀ ਕੀਤੀ ਹੈ । ਮੇਰਾ ਮਨ ਉੱਨਾ ਤਗੜਾ ਨਹੀਂ 'ਜਿੰਨਾ' ਤੁਹਾਡਾ ਹੈ । ਮੇਰੇ ਨਾਲ "ਕਬਹੂੰ ਜੀਅੜਾ ਊਭ ਚੜ੍ਹਤ ਹੈ, ਕਬਹੂੰ ਜਾਏ ਪਿਆਲੇ" ਵਾਲੀ ਬੀਤ ਰਹੀ ਹੈ । ਮੈਂ ਹੁਣ ਪੱਕਾ ਹਾਂ । ਮੈਂ ਤੁਹਾਡੇ ਨਾਲ ਹਾਂ । ਸਿੰਘ ਸਾਹਬ ! ਮੇਰੀਆਂ ਭੁੱਲਾਂ ਬਖਸ਼ ਦਿਓ । ਮੇਰੀਆਂ ਭੁੱਲਾਂ ਬਖਸ਼ ਦਿਓ ।" ਕਹਿ ਕੇ ਉਹ ਰੋਣ ਲੱਗ ਪਿਆ ।

ਭਾਈ ਸਾਹਬ ਦੇ ਮਨ ਉੱਤੇ ਉਸ ਦੀ ਕਿਸੇ ਗੱਲ ਦਾ ਅਸਰ ਨਾ ਹੋਇਆ । ਉਹ ਸੂਰਜ ਵੱਲ ਪਿੱਠ ਦੇ ਕੇ, ਚੌਕੜੀ ਮਾਰ ਕੇ ਬਾਣੀ ਪੜ੍ਹਨ ਲੱਗ ਪਏ । ਉਹ ਉੱਚੀ ਉੱਚੀ ਗਾ ਰਹੇ ਸਨ—

ਕਬੀਰ ਕੂਕਰ ਰਾਮ ਕਉ ਮੁਤੀਆ ਮੇਰੋ ਨਾਉ ।
ਗਲੇ ਹਮਾਰੇ ਜੇਵਰੀ ਜਹਿ ਖਿੰਚਹਿ ਤਹਿ ਜਾਉਂ ।

੪੨

ਸਵੇਰੇ ਅੱਠ ਵਜੇ ਕੋਰਟ ਮਾਰਸ਼ਲ ਲਈ ਕਚਿਹਰੀ ਲਗੀ । ਇਕ ਮੇਜਰ ਤੇ ਕੈਪਟਨ ਵਰਦੀਆਂ ਵਿੱਚ ਸੱਜੇ ਬੈਠੇ ਸਨ । ਉਨ੍ਹਾਂ ਦੇ ਵਿਚਾਲੇ ਡੈਨਹਾਮ ਸਫੈਦ ਸੂਟ ਵਿਚ ਸੀ । ਫੌਜੀਆਂ ਨੇ ਕ੍ਰਮਵਾਰ ਕੈਦੀਆਂ ਨੂੰ ਪੇਸ਼ ਕੀਤਾ । ਸਭ ਤੋਂ ਅੱਗੇ ਭਾਈ ਸਾਹਿਬ ਸਨ । ਅਫਸਰ ਜਾਣਦੇ ਸਨ ਕਿ ਉਨ੍ਹਾਂ ਨੂੰ ਸਲੂਟ ਨਹੀਂ ਦਿਤਾ ਜਾਏਗਾ । ਜਦ ਭਾਈ ਸਾਹਿਬ ਆਕੜ ਕੇ ਉਨ੍ਹਾਂ ਦੇ ਸਾਹਮਣੇ ਜਾ ਖਲੋਤੇ ਤਾਂ ਉਨ੍ਹਾਂ ਤਿੰਨਾਂ ਆਪਸ ਵਿੱਚ ਨਜ਼ਰਾਂ ਮਿਲਾਈਆਂ । ਉਨ੍ਹਾਂ ਦਾ ਖਿਆਲ ਸੀ ਕਿ ਬਾਕੀ ਦੇ ਕੈਦੀ ਕੋਰਟ ਮਾਰਸ਼ਲ ਦੇ ਅਧਿਕਾਰੀਆਂ ਨੂੰ ਜ਼ਰੂਰ ਸਲਾਮ ਕਰਨਗੇ । ਜਦ ਦਰਸੀ ਨੇ ਵੀ ਸਲਾਮ ਨਾ ਕੀਤਾ ਤਾਂ ਉਸ ਦੀ ਰੀਸੇ ਠਾਕਰ ਸਿੰਘ, ਸ਼ਿਵਦਿਆਲ ਤੇ ਚੈਟਰ ਜੀ ਵੀ ਸਲਾਮ ਕੀਤੇ ਬਿਨਾਂ ਆਕੜ ਕੇ ਖਲੋ ਗਏ । ਜੋਧ ਸਿੰਘ ਸਭ ਤੋਂ ਪਿੱਛੇ ਖੜਾ ਸੀ । ਉਹ ਢਿੱਲੇ ਢਿੱਲੇ ਕਦਮੀ ਅੱਗੇ ਵੱਧਿਆ ਤੇ ਚੈਟਰਜੀ ਦੇ ਖੱਬੇ ਪਾਸੇ ਨੀਵੀਂ ਪਾ ਕੇ ਖਲੋ ਗਿਆ । ਜਦ ਜੋਧ ਸਿੰਘ ਨੇ ਵੀ ਸਲਾਮ ਨਾ ਕੀਤਾ ਤਾਂ ਮੇਜਰ ਤੇ ਡੈਨਹਾਮ ਨੂੰ ਬੜੀ ਹੈਰਾਨੀ ਹੋਈ । ਉਨ੍ਹਾਂ ਦੇ ਚਿਹਰੇ ਗੁੱਸੇ ਨਾਲ ਲਾਲ ਹੋ ਉਠੇ । ਮੇਜਰ ਨੇ ਬੁੜ੍ਹਕ ਕੇ ਅੰਗਰੇਜ਼ੀ ਵਿਚ ਕਿਹਾ—"ਤੁਸੀਂ ਸਭ ਬਾਗੀ ਹੋ ।

ਤੁਹਾਡੇ ਉੱਤੇ ਸਰਕਾਰ ਬਰਤਾਨੀਆਂ ਦਾ ਤਖਤਾ ਉਲਟਾਉਣ ਦਾ ਦੋਸ਼ ਹੈ। ਤੁਸੀਂ ਆਪਣੇ ਆਪ ਆਪਣੇ ਗੁਨਾਹਾਂ ਦਾ ਇਕਬਾਲ ਕਰੋ। ਮਾਫੀ ਮੰਗੋ। ਇਹ ਕੋਰਟ ਤੁਹਾਨੂੰ ਮਾਫੀ ਦਿੱਤੀ ਜਾਣ ਦੀ ਸਫਾਰਸ਼ ਕਰੇਗੀ।"

ਸਭ ਕੈਦੀ ਚੁੱਪ ਖੜੇ ਸਨ। ਦੋ ਤਿੰਨ ਮਿੰਟ ਬਿਲਕੁਲ ਚੁਪਚਾਪ ਰਹੀ। ਅਧਿਕਾਰੀਆਂ ਦਾ ਖਿਆਲ ਸੀ ਕਿ ਕੋਈ ਕੈਦੀ ਤਾਂ ਬੋਲੇਗਾ। ਡੈਨਹਾਮ ਨੂੰ ਪੂਰੀ ਆਸ ਸੀ ਕਿ ਜੋਧ ਸਿੰਘ ਗੜਗੜਾ ਕੇ, ਰੋ ਕੇ ਮਾਫੀ ਮੰਗ ਲਵੇਗਾ। ਉਸ ਦੀ ਇਹ ਆਸ ਪੂਰੀ ਨਹੀਂ ਸੀ ਹੋ ਰਹੀ। ਜੋਧ ਸਿੰਘ ਨੀਵੀਂ ਪਾ ਕੇ ਖਲੋਤਾ ਸੀ। ਮੇਜਰ ਜਾਣਦਾ ਸੀ ਕਿ ਚੈਟਰ ਜੀ ਹੋਰ ਮਾਰ ਨਹੀਂ ਸਹਾਰ ਸਕੇਗਾ। ਇਸ ਲਈ ਉਹ ਉਸ ਨੂੰ ਹੋਰ ਤਸੀਹੇ ਦੇਣ ਤੋਂ ਪਹਿਲੋਂ ਮਾਫੀ ਮੰਗਣ ਦਾ ਮੌਕਾ ਦੇਣ ਲਈ ਬੋਲਿਆ—"ਚੈਟਰ ਜੀ! ਤੂੰ ਆਪਣਾ ਦੋਸ਼ ਮੰਨ ਲੈ। ਤੂੰ ਐਵੇਂ ਹੀ ਦਿਨ੍ਹਾਂ ਨਾਲ ਬੰਨ੍ਹਿਆ ਗਿਆ ਹੈ। ਤੈਨੂੰ ਜਿਨ੍ਹਾਂ ਪੱਤਾ ਹੈ ਦੱਸ ਦੇਹ! ਤੈਨੂੰ ਮਾਫ ਕਰ ਦਿੱਤਾ ਜਾਏਗਾ।"

ਚੈਟਰ ਜੀ ਨੇ ਸੱਜੇ ਪਾਸੇ ਨਿਗਾਹ ਸੁਟ ਕੇ ਭਾਈ ਸਾਹਿਬ ਵੱਲ ਤੱਕਿਆ। ਉਨ੍ਹਾਂ ਦੀਆਂ ਨਜ਼ਰਾਂ ਮਿਲੀਆਂ। ਭਾਈ ਸਾਹਿਬ ਦੀਆਂ ਅੱਖਾਂ ਵਿਚ ਬਲਦੀ ਅੱਗ ਨੇ ਚੈਟਰ ਜੀ ਦੇ ਮਨ ਵਿਚ ਦਲੇਰੀ ਲੈ ਆਂਦੀ। ਉਹ ਕੜਕ ਕੇ ਬੋਲਿਆ—"ਮੈਂ ਮਾਫੀ ਨਹੀਂ ਮੰਗਾਂਗਾ। ਨਹੀਂ ਮੰਗਾਂਗਾ।"

ਤਿੰਨੇ ਜੱਜ ਇੱਕ ਦੂਜੇ ਦੇ ਕੰਨ ਵਿਚ ਗੋਸ਼ੇ ਕਰਨ ਲੱਗੇ। ਮੇਜਰ ਫਿਰ ਕੜਕਿਆ—"ਬਲਵੰਤ ਸਿੰਘ! ਤੂੰ ਸਭ ਤੋਂ ਵੱਡਾ ਦੋਸ਼ੀ ਹੈ। ਇਹ ਸਾਰੇ ਪੁਆੜੇ ਤੇਰੇ ਪਾਏ ਹੋਏ ਹਨ। ਤੂੰ ਕੈਨੇਡਾ ਦੇ ਸਿੱਖਾਂ ਦਾ ਸਭ ਤੋਂ ਵੱਡਾ ਪਾਦਰੀ ਹੈਂ। ਜੇ ਤੂੰ ਸਿੱਧੇ ਰਾਹ ਪੈ ਜਾਏਂ ਤਾਂ ਬਾਕੀ ਸਭ ਤੇਰੇ ਪਿੱਛੇ ਲੱਗ ਤੁਰਨਗੇ। ਤੇਰੀ ਵਹੁਟੀ ਹੈ। ਦੋ ਧੀਆਂ ਹਨ। ਇੱਕ ਪੁੱਤਰ ਹੈ। ਤੂੰ ਉਨ੍ਹਾਂ ਦਾ ਖਿਆਲ ਕਰਕੇ ਆਪਣੇ ਦੋਸ਼ ਦਾ ਇਕਬਾਲ ਕਰ ਲੈ। ਤੂੰ ਮਾਫੀ ਮੰਗ। ਮੈਂ ਬਚਨ ਦੇਂਦਾ ਹਾਂ ਕਿ ਸਰਕਾਰ ਤੈਨੂੰ ਮਾਫ ਹੀ ਨਹੀਂ ਕਰੇਗੀ, ਇਨਾਮ ਤੇ ਖਿਤਾਬ ਵੀ ਦਏਗੀ।"

ਭਾਈ ਸਾਹਿਬ ਮੇਜਰ ਦੀਆਂ ਗੱਲਾਂ ਸੁਣਦੇ ਮੁਸਕਰਾ ਰਹੇ ਸਨ। ਮੇਜਰ ਨੂੰ ਗੁੱਸਾ ਚੜ੍ਹ ਰਿਹਾ ਸੀ। ਉਹ ਦੋਵੇਂ ਬਾਹਾਂ ਆਪਣੀ ਛਾਤੀ ਉੱਤੇ ਲਪੇਟਦੇ ਬੋਲੇ—"ਪਹਿਲੋਂ ਤੁਸੀਂ ਮੇਰੇ ਤੇ ਮੇਰੇ ਸਾਥੀਆਂ ਦੇ ਸਰੀਰਾਂ ਉੱਤੇ ਪਏ ਨੀਲ ਤੇ ਲਾਸਾਂ ਗਿਣੋ। ਕੀ ਇਹੋ ਤੁਹਾਡਾ ਇਨਸਾਫ ਹੈ। ਫੇਰ ਤੁਸੀਂ ਸਾਡੀ ਖੁਰਾਕ ਖਾ ਕੇ ਵੇਖੋ ਜੋ ਅਸੀਂ ਕਈ ਮਹੀਨਿਆਂ ਤੋਂ ਖਾ ਰਹੇ ਹਾਂ। ਬਸ ਇੱਕ ਡੰਗ ਹੀ ਖਾ ਕੇ ਵੇਖੋ। ਚਾਰ ਫੁੱਟ ਚੌੜੀ ਕੋਠੀ ਵਿੱਚ, ਤੱਪਦੇ ਸੀਮੈਂਟ ਉੱਤੇ ਸੌ ਕੇ ਵੇਖੋ। ਕੀ ਤਹਿਜੀਬ ਇਹੋ ਕੁਝ ਸਿਖਾਂਦੀ ਹੈ। ਤੁਸੀਂ ਈਸਾਈ ਧਰਮ ਨੂੰ ਮੰਨਦੇ ਹੋ। ਯਸੂਹ ਮਸੀਹ ਦੇ ਪੈਰੋਕਾਰ ਹੋ। ਤੁਸੀਂ ਆਪਣੇ ਅੰਤਹ ਕਰਨ ਤੋਂ ਪੁਛੋ ਕੀ। ਤੁਸੀਂ ਈਸਾਈ ਹੋ ਜਾਂ ਈਸਾਈਆਂ ਵਾਲਾ ਮਖੌਟਾ ਪਾ ਕੇ ਜ਼ੁਲਮ ਦੀ ਕਰਸੀ ਉੱਤੇ ਬਹਿ ਕੇ ਇਨਸਾਫ ਕਰਨ ਦਾ ਢੋਂਗ ਰਚਾਅ ਰਹੇ ਹੋ...।"

ਭਾਈ ਸਾਹਬ ਦੀ ਗੱਲ ਵਿੱਚੋਂ ਹੀ ਫੜ ਕੇ ਡੈਨਹਾਮ ਨੇ ਹਲੀਮੀ ਨਾਲ ਕਿਹਾ—"ਬਲਵੰਤ ਸਿੰਘ! ਪਿਛਲੀ ਗੱਲ ਭੁੱਲ ਜਾਓ। ਅੱਗੇ ਦੀ ਗੱਲ ਕਰੋ।"

ਭਾਈ ਸਾਹਬ ਨੇ ਕੜਕ ਕੇ ਉੱਤਰ ਦਿੱਤਾ—"ਕਿਸ ਨੂੰ ਪਰਵਾਹ ਹੈ ਅੱਗੇ ਦੀ? ਕਰੋ ਜੋ ਕਰਨਾ ਹੈ?"

ਮੇਜਰ ਨੇ ਇੱਕ ਇੱਕ ਕਰ ਕੇ ਬਾਕੀ ਕੈਦੀਆਂ ਦੇ ਨਾਂ ਪੁਕਾਰੇ। ਦਰਸੀ ਚੈਨਚਇਆ, ਠਾਕਰ

ਸਿੰਘ ਤੇ ਸ਼ਿਵਦਿਆਲ ਨੇ ਵੀ ਮਾਫੀ ਮੰਗਣ ਤੇ ਕੋਈ ਇਕਬਾਲ ਕਰਨ ਤੋਂ ਇਨਕਾਰ ਕਰ ਦਿੱਤਾ। ਏਨੇ ਨੂੰ ਪਿਛਲੇ ਦਰਵਾਜਿਓਂ ਇਕ ਐਂਗਲੋ-ਪਾਰਸੀ ਤੇ ਦੂਜਾ ਇਕ ਹਿੰਦੁਸਤਾਨੀ ਅਫਸਰ ਦਾਖਲ ਹੋਏ। ਐਂਗਲੋ-ਪਾਰਸੀ ਨੇ ਦਰਸੀ ਨੂੰ ਪਛਾਣ ਕੇ ਉਸ ਦੇ ਉਲਟ ਗਵਾਹੀ ਦੇਂਦਿਆਂ ਕਿਹਾ—"ਮੈਂ ਜਾਣਦਾ ਹਾਂ, ਇਸ ਦਾ ਨਾਮ ਦਰਸੀ ਚੈਨਚਇਆ ਹੈ। ਘਰੋਂ ਅਮਰੀਕਾ ਪੜ੍ਹਨ ਗਿਆ ਸੀ। ਉਥੇ ਜਾ ਕੇ ਬਾਦਸ਼ਾਹ ਸਲਾਮਤ ਦੀ ਸਰਕਾਰ ਦੇ ਉਲਟ ਬਾਗੀਆਂ ਨਾਲ ਮਿਲ ਗਿਆ। ਇਹ ਬੜਾ ਬੁਜ਼ਦਿਲ ਹੈ।"

ਉਸ ਦੀ ਅੰਤਲੀ ਗਲ ਸੁਣਦਿਆਂ ਦਰਸੀ ਕੜਕ ਪਿਆ—"ਬੁਜ਼ਦਿਲ ਤੂੰ ਹੋਵੇਂਗਾ। ਤੇਰਾ ਪਿਓ ਹੋਵੇਗਾ। ਤੇਰਾ ਬਾਬਾ ਹੋਵੇਗਾ। ਜੇ ਤੂੰ ਬੁਜ਼ਦਿਲ ਨਾ ਹੁੰਦਾ ਤਾਂ ਸਰਕਾਰੀ ਕੱਤਾ ਕਿਉਂ ਬਣਦਾ? ਆਪਣੇ ਦੇਸ ਨਾਲ ਗੱਦਾਰੀ ਕਿਉਂ ਕਰਦਾ? ਸਰਕਾਰ ਦੀਆਂ ਜੁੱਤੀਆਂ ਕਿਉਂ ਚੱਟਦਾ?"

ਮੇਜਰ ਉਸ ਨੂੰ ਵਿੱਚੋਂ ਹੀ ਟੋਕਣਾ ਚਾਹੁੰਦਾ ਸੀ ਪਰ ਡੈਨਹਾਮ ਨੇ ਉਸ ਨੂੰ ਬਾਹੋਂ ਫੜ ਕੇ ਰੋਕੀ ਰੱਖਿਆ। ਦਰਸੀ ਦੀ ਗੱਲ ਖਤਮ ਹੋਣ ਤੇ ਮੇਜਰ ਨੇ ਇਕ-ਦੋ ਮਿੰਟ ਡੈਨਹਾਮ ਦੇ ਕੈਪਟਨ ਨਾਲ ਗੱਲ ਕਰਕੇ ਕੋਰਟ ਮਾਰਸ਼ਲ ਦਾ ਹੁਕਮ ਸੁਣਾ ਦਿੱਤਾ—"ਤੁਹਾਨੂੰ ਤਿੰਨ ਦਿਨ ਦਿੱਤੇ ਜਾਂਦੇ ਹਨ। ਤੁਸੀਂ ਆਪਣੇ ਦੇਸ਼ ਦਾ ਇਕਬਾਲ ਕਰੋ ਤੇ ਮਾਫੀ ਮੰਗੋ। ਜੇ ਨਾ ਮੰਗੋਗੇ ਤਾਂ ਤਿੰਨਾਂ ਦਿਨਾਂ ਮਗਰੋਂ ਤੁਹਾਨੂੰ ਮੌਤ ਦੀ ਸਜ਼ਾ ਦਿੱਤੀ ਜਾਏਗੀ। ਸਾਡੇ ਪਾਸ ਫ਼ਾਂਸੀ ਦਾ ਇੰਤਜ਼ਾਮ ਨਹੀਂ। ਇਸ ਲਈ ਗੋਲੀ ਦਾ ਨਿਸ਼ਾਨਾ ਬਣਾਏ ਜਾਓਗੇ।" ਉਹ ਤਿੰਨੇ ਉਠ ਕੇ ਪਿਛਲੇ ਦਰਵਾਜਿਓਂ ਬਾਹਰ ਨਿਕਲ ਗਏ। ਉਨ੍ਹਾਂ ਦੇ ਪਿੱਛੇ ਪਿੱਛੇ ਐਂਗਲੋ-ਪਾਰਸੀ ਤੇ ਹਿੰਦੁਸਤਾਨੀ ਅਫਸਰ ਜਾ ਰਹੇ ਸਨ। ਹਿੰਦੁਸਤਾਨੀ ਅਫਸਰ ਨੇ ਦਰਸੀ ਵੱਲ ਘੂਰ ਕੇ ਕਿਹਾ—"ਤੇਰੀ ਬਰਕਲੇ ਵਾਲੀ ਮੀਟਿੰਗ ਦਾ ਵੀ ਸਰਕਾਰ ਨੂੰ ਪਤਾ ਲੱਗ ਗਿਆ ਹੈ।"

ਭਾਈ ਸਾਹਬ ਦੇ ਪਿੱਛੇ ਪਿੱਛੇ ਬਾਹਰ ਨਿਕਲਦਿਆਂ ਦਰਸੀ ਨੇ ਕਿਹਾ—"ਮੈਨੂੰ ਸ਼ੱਕ ਹੈ ਕਿ ਪਾਂਡੀਅਨ ਨੇ ਮੀਟਿੰਗ ਦੀ ਕਾਰਵਾਈ ਸਰਕਾਰ ਨੂੰ ਦੇ ਦਿੱਤੀ ਹੋਵੇਗੀ।" ਉਸ ਨੂੰ ਇਉਂ ਜਾਪਿਆ ਜਿਵੇਂ ਉਸ ਦੀ ਗੱਲ ਸੁਣਨ ਦੀ ਕਿਸੇ ਪਾਸ ਵੀ ਵਿਹਲ ਨਾ ਹੋਵੇ।

ਜਦ ਉਨ੍ਹਾਂ ਨੂੰ ਕੋਠੀਆਂ ਵਿੱਚ ਡੱਕ ਦਿੱਤਾ ਗਿਆ ਤਾਂ ਉਨ੍ਹਾਂ ਨੂੰ ਸਮਝ ਆ ਗਈ ਕਿ ਅੱਜ ਕੜਾਕੇ ਹੀ ਰਹਿਣਗੇ।

੪੩

ਜੁਲਾਈ ਦਾ ਮਹੀਨਾ ਹੋਣ ਕਰਕੇ ਸੂਰਜ ਚੜ੍ਹਨ ਸਾਰ ਧਰਤੀ ਤੱਪ ਜਾਂਦੀ ਸੀ। ਹਵਾ ਬੰਦ ਹੋਣ ਕਰਕੇ ਕਾਲ-ਕੋਠੜੀਆਂ ਵਿੱਚ ਦੇਸ਼ ਭਗਤ ਕੈਦੀ ਭੁਜ ਰਹੇ ਸਨ। ਸਵੇਰੇ ਸ਼ਾਹ ਵੇਲਾ ਉਨ੍ਹਾਂ ਨੂੰ ਨਹੀਂ ਸੀ ਮਿਲਿਆ। ਦੁਪਹਿਰ ਦੇ ਖਾਣੇ ਦੀ ਉਡੀਕ ਕਰਦਿਆਂ ਕਰਦਿਆਂ ਲਹੁੜਾ ਵੇਲਾ ਹੋ ਗਿਆ ਪਰ ਕਿਸੇ ਨੇ ਉਨ੍ਹਾਂ ਦੀ ਵਾਤ ਨਾ ਪੁੱਛੀ। ਚੈਟਰ ਜੀ, ਕੋਠੜੀ ਦੀਆਂ ਸੀਖਾਂ ਫੜਕੇ ਖਲੋਤਾ ਬੰਗਾਲੀ ਵਿੱਚ ਕੁਝ ਕਹੀ ਜਾ ਰਿਹਾ ਸੀ। ਚੈਨਚਇਆ ਉਸ ਦੀ ਨਾਲ ਵਾਲੀ ਕੋਠੀ ਵਿੱਚ ਬੰਦ

ਸੀ। ਉਸ ਨੇ ਸਮਝਿਆ ਕਿ ਚੈਟਰ ਜੀ ਭੁਖ ਨਾ ਸਹਾਰ ਕੇ ਹੋਸ਼ ਹਵਾਸ਼ ਖੋ ਬੈਠਾ ਹੈ। ਉਸ ਨੇ ਸੁਕੁਮਾਰ, ਸੁਕੁਮਾਰ ਕਹਿਕੇ ਵਾਜਾਂ ਮਾਰੀਆਂ। ਉਸ ਨੇ ਅਗੋਂ ਗੁੱਸੇ ਵਿਚ ਆ ਕੇ "ਸ਼ੱਟ ਅੱਪ" ਕਹਿ ਦਿੱਤਾ। ਦਰਸੀ ਨੂੰ ਗੁਸਾ ਤਾਂ ਲਗਾ ਪਰ ਉਹ ਚੁਪ ਕਰਕੇ ਬਹਿ ਗਿਆ।

ਠਾਕਰ ਸਿੰਘ ਦੀ ਕੋਠੜੀ ਜੋਧ ਸਿੰਘ ਤੇ ਚੈਨਚਇਆ ਦੀ ਕੋਠੜੀ ਵਿਚਾਲੇ ਸੀ। ਠਾਕਰ ਸਿੰਘ ਨੇ ਕਿਹਾ—"ਦਰਸੀ।" ਉਸ ਦੀ ਆਵਾਜ਼ ਸੁਣ ਕੇ ਦਰਸੀ, ਠਾਕਰ ਸਿੰਘ ਵਾਲੀ ਕੰਧ ਦੇ ਨਾਲ ਜਾਂ ਖਲੋਤਾ। ਉਸ ਨੇ ਪੁਛਿਆ—"ਕੀ ਗੱਲ ਹੈ ?"

"ਕੋਈ ਖਾਸ ਗੱਲ ਨਹੀਂ ਪਰ ਮੈਂ ਸੋਚਦਾਂ ਜੇ ਸਾਨੂੰ ਭੁਖ ਤੜਫਾ ਰਹੀ ਹੈ ਤਾਂ ਜੋਧ ਸਿੰਘ ਨੂੰ ਵੀ ਭੁਖ ਲੱਗੀ ਹੋਵੇਗੀ। ਉਹ ਤਾਂ ਪਹਿਲੋਂ ਹੀ ਸੁਕੇ ਤੀਲੇ ਵਰਗਾ ਹੈ। ਉਹ ਕਿਉਂ ਨਹੀਂ ਵਾਵੈਲਾ ਕਰਦਾ ? ਚੈਟਰ ਜੀ ਕਿਉਂ ਔਖਾ ਹੋ ਰਿਹਾ ਹੈ ?"

"ਮੈਨੂੰ ਪਤਾ ਹੈ ਉਹ ਭੁਖ ਨਹੀਂ ਸਹਾਰ ਸਕਦਾ। ਮਨੀਲੇ ਇੱਕ ਦਿਨ ਅਸੀਂ ਡਬਲ ਰੋਟੀ ਉੱਤੇ ਗੁਜ਼ਾਰਾ ਕੀਤਾ। ਉਹ ਚਾਵਲ ਲਭੇ। ਬਜ਼ਾਰ ਸਾਰੇ ਬੰਦ ਸਨ। ਡਬਲ ਰੋਟੀ ਉਸ ਦੇ ਸਾਹਮਣੇ ਪਈ ਸੀ। ਇੱਕ ਬੁਰਕੀ ਮੂੰਹ ਵਿੱਚ ਪਾਏ ਤੇ ਅਧਾ ਗਲਾਸ ਪਾਣੀ ਪੀ ਲਵੇ।" ਦਰਸੀ ਹਸਣ ਲੱਗ ਪਿਆ। ਉਸ ਦਾ ਹਾਸਾ ਸੁਣ ਕੇ ਚੈਟਰ ਜੀ ਫਿਰ ਬੋਲ ਪਿਆ—"ਯੂ ਸ਼ਟ ਅੱਪ, ਸ਼ਟ ਅਪ।" ਚੈਟਰ ਜੀ ਦੀ ਸ਼ਟ-ਅਪ ਸ਼ਟ-ਅਪ ਸੁਣ ਕੇ ਦੋ ਫੌਜੀ ਸੰਤਰੀ ਉਨ੍ਹਾਂ ਦੀਆਂ ਕੋਠੜੀਆਂ ਅੱਗੇ ਖਲੋ ਕੇ ਉਨ੍ਹਾਂ ਦੀਆਂ ਗੱਲਾਂ ਸੁਣਨ ਲੱਗੇ। ਸੰਤਰੀਆਂ ਨੂੰ ਦੇਖ ਕੇ ਚੈਟਰ ਜੀ ਨੇ ਵਾਜ ਮਾਰ ਕੇ ਪੁਛਿਆ—"ਅਸਾਂ ਨਾ ਸ਼ਾਹ ਵੇਲਾ ਖਾਧਾ ਹੈ ਨਾ ਦੁਪਹਿਰ ਦਾ ਖਾਣਾ। ਰਾਤ ਦਾ ਖਾਣਾ ਮਿਲੇਗਾ ਜਾਂ ਨਹੀ ?"

ਇਕ ਸੰਤਰੀ ਨੇ ਉੜ ਕੇ ਉਸ ਦੀ ਕੋਠੀ ਅੰਦਰ ਝਾਤ ਮਾਰਦਿਆਂ ਜੁਆਬ ਦਿੱਤਾ—"ਜ਼ਰੂਰ ਮਿਲੇਗਾ, ਸ਼ਾਮ ਦਾ ਇੱਕੋ ਖਾਣਾ ਮਿਲੇਗਾ।"

ਜ਼ਰੂਰ ਮਿਲੇਗਾ ਸੁਣ ਕੇ ਉਸ ਨੂੰ ਧਰਵਾਸ ਹੋ ਗਈ ਪਰ 'ਇੱਕੋ ਖਾਣਾ ਮਿਲੇਗਾ" ਜਾਣ ਕੇ ਉਸ ਨੂੰ ਗੁਸਾ ਚੜ੍ਹ ਗਿਆ। ਉਹ ਗਾਲ੍ਹ ਕੱਢਣ ਹੀ ਲੱਗਾ ਸੀ ਕਿ ਉਸ ਨੇ ਆਪਣੇ ਮੂੰਹ ਉੱਤੇ ਸੱਜਾ ਹੱਥ ਦੇ ਲਿਆ।

ਅਜੇ ਚਾਰ ਵੀ ਨਹੀਂ ਸਨ ਵਜੇ। ਦਫਤਰ ਵਲੋਂ ਸੀਟੀ ਦੀ ਆਵਾਜ਼ ਸੁਣ ਕੇ ਸੰਤਰੀਆਂ ਨੇ ਕੋਠੜੀ ਦੇ ਬੂਹੇ ਖੋਲ੍ਹ ਦਿੱਤੇ। ਸੰਤਰੀ ਪਹਿਲੋਂ ਜੋਧ ਸਿੰਘ ਦੀ ਕੋਠੜੀ, ਖਾਣੇ ਵੇਲ, ਨਹੀਂ ਸਨ ਖੋਲਦੇ। ਉਨ੍ਹਾਂ ਉਸ ਦੀ ਕੋਠੜੀ ਵੀ ਖੋਲ ਦਿੱਤੀ। ਦਰਸੀ ਨੇ ਜੋਧ ਸਿੰ। ਨੂੰ ਆਉਂਦਾ ਵੇਖ ਕੇ ਸੋਚਿਆ ਕਿ ਅੱਜ ਤਾਂ ਜੋਧ ਸਿੰਘ ਵੀ ਡੱਟਿਆ ਰਿਹਾ ਹੈ। ਇਸ ਲਈ ਉਸ ਨੇ ਉਸ ਨੂੰ ਬੁਲਾ ਕੇ ਕਿਹਾ—"ਜੋਧ ਸਿੰਘ। ਅੱਜ ਤੂੰ ਰੋਟੀ ਪੱਕਾ। ਅਸੀਂ ਕਈ ਦਿਨ ਤੇਰੇ ਲਈ ਪਕਾਂਦੇ ਰਹੇ ਹਾਂ।" ਜਦ ਉਸ ਨੇ ਭਈ ਸਾਹਬ ਦੀ ਕੋਠੀ ਵੱਲ ਤੱਕਿਆ ਤਾਂ ਉਹ ਅਜੇ ਵੀ ਕੋਠੀ ਬੰਦ ਸਨ। ਉਸ ਨੂੰ ਬੜੀ ਹਰਾਨੀ ਹੋਈ। ਸਾਰੇ ਉਨ੍ਹਾਂ ਵੱਲ ਤੱਕਣ ਲੱਗੇ। ਦਰਸੀ ਨੇ ਇਕ ਸੰਤਰੀ ਨੂੰ ਪੁਛਿਆ—"ਅੱਜ ਸਾਡੇ ਕੁੱਕ ਦੀ ਕੋਠੀ ਕਿਉਂ ਨਹੀਂ ਖੋਲ੍ਹੀ ਗਈ ?"

"ਉਸ ਨੂੰ ਕੋਠੀ ਬੰਦ ਰੱਖਣ ਦਾ ਹੀ ਹੁਕਮ ਹੈ।"

"ਕਿਉਂ ?"

"ਸਾਨੂੰ ਨਹੀਂ ਪਤਾ ।"

ਦਰਸੀ ਨੇ ਪਿੱਛੇ ਮੁੜ ਕੇ ਤੱਕਿਆ । ਚੈਟਰ ਜੀ ਕੱਲ ਦੀ ਬਹੀ ਬੱਚ ਗਈ ਰੋਟੀ ਕਾਹਲੀ ਕਾਹਲੀ ਨਾਲ ਖਾ ਰਿਹਾ ਸੀ। ਉਸ ਦਾ ਹੱਸਣ ਨੂੰ ਜੀਅ ਕੀਤਾ ਪਰ ਹੱਸ ਨਾ ਸੱਕਿਆ । ਠਾਕਰ ਸਿੰਘ ਨੇ ਕਿਹਾ—"ਜੇ ਸਿੰਘ ਸਾਹਬ ਕੋਠੀ-ਬੰਦ ਰਹਿਣਗੇ ਤਾਂ ਅਸੀਂ ਵੀ ਖਾਣਾ ਨਹੀਂ ਪਕਾਉਣਾ ?"

"ਚੈਟਰ ਜੀ ਝੱਟ ਬੋਲ ਪਿਆ—"ਅਸੀਂ ਉਨ੍ਹਾਂ ਨੂੰ ਕੋਠੜੀ ਵਿਚ ਹੀ ਖਾਣਾ ਪਹੁੰਚਾ ਦਿਆਂਗੇ ।"

ਜੋਧ ਸਿੰਘ ਪੈਰਾਂ ਪਰਨੇ ਬੈਠਾ ਸੀ । ਉਸ ਨੇ ਨੀਵੀਂ ਪਾਈ ਰੱਖਦਿਆਂ ਬੜੀ ਢਿੱਲੀ ਜਿੱਹੀ ਆਵਾਜ਼ ਵਿਚ ਕਿਹਾ—"ਜੇ ਸਿੰਘ ਸਾਹਿਬ ਨੂੰ ਰੋਟੀ ਨਾ ਦੇਣਗੇ ਤਾਂ ਅਸੀਂ ਵੀ ਨਹੀਂ ਖਾਣੀ ਉਂਜ ਭੁਖ ਨਾਲ ਮੇਰੀਆਂ ਆਂਦਰਾਂ ਝੁਲਸ ਰਹੀਆਂ ਹਨ ।"

"ਠੀਕ ਹੈ, ਠੀਕ ਹੈ । ਆਓ ਪਕਾਈਏ । ਮੈਂ ਚਾਵਲ ਲੈ ਆਵਾਂ ਭਾਈ ਸਾਹਬ ਨੂੰ ਕੋਠੜੀ ਵਿਚ ਹੀ ਖਾਣਾ ਦੇ ਦਿਆਂਗੇ ।"

ਸ਼ਿਵਦਿਆਲ ਨੇ ਚੈਟਰ ਜੀ ਨੂੰ ਧਕਾ ਮਾਰਦਿਆਂ ਕਿਹਾ—"ਤੂੰ ਹੱਟ ਪਿੱਛੇ । ਅਸਾਂ ਨਹੀਂ ਪਕਾਉਣੀ ਰੋਟੀ ।" ਉਸ ਨੇ ਸੰਤਰੀਆਂ ਵੱਲ ਘੂਰ ਕੇ ਜੋਰ ਨਾਲ ਕਿਹਾ—"ਸਾਡੇ ਕੁਕ ਨੂੰ ਛਡੋ । ਰੋਟੀ ਪਕਾਵੇ ।"

ਇਕ ਸੰਤਰੀ ਨੇ ਜੁਆਬ ਦਿੱਤਾ—"ਕੁਕ ਨੂੰ ਛੱਡਣ ਦਾ ਹੁਕਮ ਨਹੀਂ ।"

ਅਸੀਂ ਵੀ ਨਹੀਂ ਪਕਾਂਦੇ ।" ਕਹਿ ਕੇ ਦਰਸੀ ਆਪਣੀ ਕੋਠੀ ਵੱਲ ਤੁਰ ਪਿਆ । ਉਸ ਦੇ ਪਿੱਛੇ ਪਿੱਛੇ ਹੀ ਠਾਕਰ ਸਿੰਘ ਤੇ ਸ਼ਿਵਦਿਆਲ ਤੁਰ ਪਏ । ਉਹ ਤਿੰਨੇ ਆਪਣੀਆਂ ਕੋਠੀਆਂ ਅੱਗੇ ਜਾ ਖਲੋਤੇ । ਚੈਟਰ ਜੀ ਅਜੇ ਵੀ ਉਹੋ ਬਹੀ ਰੋਟੀ ਖਾ ਰਿਹਾ ਸੀ । ਜੋਧ ਸਿੰਘ ਤਾਣ ਲਾ ਕੇ ਉਠਿਆ । ਚੈਟਰ ਜੀ ਦੀ ਰੋਟੀ ਵੱਲ ਵੇਖਦਾ ਵੇਖਦਾ, ਆਪਣੀ ਕੋਠੀ ਵੱਲ ਮੂੰਹ ਕਰਕੇ ਖਲੋ ਗਿਆ । ਦਰਸੀ ਨੇ ਲਲਕਾਰ ਕੇ ਕਿਹਾ—"ਜੋਧ ਸਿੰਘ । ਤੂੰ ਆ ਜਾ । ਰਹਿਣ ਦੇਹ ਚੈਟਰ ਜੀ ਨੂੰ । ਪਕਾ ਲਵੇ ਉਹ ਆਪੇ ।

ਕੈਦੀਆਂ ਨੂੰ ਪਤਾ ਨਹੀਂ ਸੀ ਪਰ ਮੇਜਰ ਨੇੜੇ ਦੀ ਬਾਰਕ ਦੇ ਪਿੱਛੇ ਕੰਧ ਨਾਲ ਖਲੋਤਾ ਸਭ ਗੱਲਾਂ ਸੁਣ ਰਿਹਾ ਸੀ । ਉਸ ਦੇ ਨਾਲ ਅੰਗਲੋ ਪਾਰਸੀ ਵੀ ਖੜਾ ਸੀ । ਉਸ ਨੇ ਸਾਹਮਣੇ ਆਉਂਦਿਆਂ ਹੁਕਮ ਦਿੱਤਾ—"ਕੁਕ ਨੂੰ ਵੀ ਲੈ ਆਓ । ਮੈਂ ਅੱਜ ਆਪ ਖਲੋ ਕੇ ਵੇਖਾਂਗਾ ਕਿ ਇਹ ਕਿਸ ਤਰ੍ਹਾਂ ਪਕਾਂਦੇ ਤੇ ਖਾਂਦੇ ਹਨ ।"

ਇੱਕ ਸੰਤਰੀ ਨੇ ਭਾਈ ਸਾਹਬ ਦੀ ਕੋਠੜੀ ਦਾ ਬੂਹਾ ਜਾ ਖੋਲਿਆ ਭਾਈ ਸਾਹਬ ਮੁਸਕਰਾਂਦੇ ਹੋਏ ਆਪਣੇ ਸਾਥੀਆਂ ਪਾਸ ਆ ਪਹੁੰਚੇ । ਉਨ੍ਹਾਂ ਮੇਜਰ ਵੱਲ ਤੱਕਿਆ ਤੱਕ ਨਾਂਹ । ਜਦ ਠਾਕਰ ਸਿੰਘ ਨੇ ਰਾਸ਼ਨ ਵਾਲਾ ਸੰਦੂਕ, ਇੱਕ ਰੁਖ ਦੀ ਛਾਵੇ ਆ ਕੇ ਰੱਖਿਆ ਤਾਂ ਉਸ ਵਿੱਚੋਂ ਕੁਹਾੜੀ ਤੇ ਚਾਕੂ ਦੋਵੇਂ ਗੁੰਮ ਸਨ । ਭਾਈ ਸਾਹਬ ਨੂੰ ਸ਼ਕ ਪੈ ਗਿਆ ਕਿ ਗੱਲ ਕਿਸੇ ਤਰ੍ਹਾਂ ਮੇਜਰ ਤੱਕ ਪਹੁੰਚ ਗਈ ਹੋਵੇਗੀ । ਉਨ੍ਹਾਂ ਚੈਟਰ ਜੀ ਵੱਲ ਘੂਰ ਕੇ ਤੱਕਿਆ । ਸੋਚਣ ਲੱਗੇ ਹੋ ਸਕਦਾ ਹੈ ਕਿ ਇਹ ਉਨ੍ਹਾਂ ਦਾ ਵਹਿਮ ਹੀ ਹੋਵੇ ।

ਉਨ੍ਹਾਂ ਦੇ ਖਾਣਾ ਪਕਾਉਣ ਵੇਲੇ ਦੋ ਸੰਤਰੀ ਪਹਿਰੇ ਉੱਤੇ ਹੁੰਦੇ ਸਨ । ਅੱਜ ਛੇ ਸੰਤਰੀ

ਮੇਜਰ ਦੇ ਆਲੇ ਦੁਆਲੇ ਖੜੇ ਸਨ। ਅੰਗਲੋ-ਪਾਰਸੀ ਵੀ ਉਸ ਦੇ ਸਾਹਮਣੇ ਖੜਾ ਸੀ। ਮੇਜਰ ਕੁਰਸੀ ਉੱਤੇ ਡੱਟ ਕੇ ਬੈਠਾ ਅਖਬਾਰ ਪੜ੍ਹ ਰਿਹਾ ਸੀ। ਸਾਰੇ ਕੈਦੀ ਰਲ ਮਿਲ ਕੇ ਰੋਟੀ ਪਕਾ ਰਹੇ ਸਨ। ਜੋਧ ਸਿੰਘ ਬੁਝੀ ਹੋਈ ਅੱਗ ਨੂੰ ਫੂਕਾਂ ਮਾਰ ਰਿਹਾ ਸੀ।

੪੪

ਅੰਮ੍ਰਿਤ ਵੇਲਾ ਸੀ। ਨਿੱਕੀਆਂ ਨਿੱਕੀਆਂ ਚਿੜੀਆਂ ਚੀਂ ਚੀਂ ਕਰਕੇ ਭਾਈ ਸਾਹਬ ਦੀ ਕੋਠੜੀ ਦੇ ਸਾਹਮਣੇ ਉੱਡ ਰਹੀਆਂ ਸਨ। ਭਾਈ ਸਾਹਬ ਪੰਜ ਬਾਣੀਆਂ ਦਾ ਪਾਠ ਕਰਨ ਮਗਰੋਂ ਸੁਖਮਨੀ ਸਾਹਬ ਦਾ ਪਾਠ ਕਰ ਰਹੇ ਸਨ ਪਰ ਮਨ ਉਨ੍ਹਾਂ ਦਾ ਇਕਾਗਰ ਨਹੀਂ ਸੀ ਹੋ ਰਿਹਾ। ਉਹ ਚਿੜੀਆਂ ਵਾਂਗੂੰ ਉਡਣਾ ਚਾਹੁੰਦੇ ਸਨ। ਮਨ ਉਨ੍ਹਾਂ ਦਾ ਦੇਸ਼ਾਂ ਪਰਦੇਸਾਂ ਦੀਆਂ ਉਡਾਰੀਆਂ ਲਾ ਰਿਹਾ ਸੀ। ਅਰਦਾਸ ਕਰਨ ਮਗਰੋਂ ਉਹ ਚੌਕੜੀ ਮਾਰ ਕੇ ਬੈਠ ਗਏ। ਉਨ੍ਹਾਂ ਨੇ ਮਨ ਦੀਆਂ ਵਾਗਾਂ ਖੁਲੀਆਂ ਛਡ ਦਿੱਤੀਆਂ। ਚਿੜੀਆਂ ਵਿਚੋਂ ਉਹ ਆਪਣੀਆਂ ਬੱਚੀਆਂ ਊਧਮ ਕੌਰ ਤੇ ਨਿਰੰਜਨ ਕੌਰ ਨੂੰ ਵੇਖਣ ਲੱਗ ਪਏ। ਉਨ੍ਹਾਂ ਨੂੰ ਇਉਂ ਜਾਪਿਆ ਜਿਵੇਂ ਉਨ੍ਹਾਂ ਦੇ ਇਕਲੌਤੇ ਪੁਤਰ ਹਰਿਦਿਆਲ ਨੇ ਉਨ੍ਹਾਂ ਨੂੰ ਮੋਢਿਆ ਤੋਂ ਫੜ ਕੇ ਲਿਟਾਉਣ ਦਾ ਜਤਨ ਕੀਤਾ ਹੋਵੇ। ਉਹ ਲੇਟ ਗਏ। ਮਨ ਹੀ ਮਨ ਵਿੱਚ ਹੀਰਦਿਆਲ ਨੂੰ ਆਪਣੀ ਛਾਤੀ ਉੱਤੇ ਬਿਠਾ ਕੇ ਉਸ ਨਾਲ ਕਲੋਲ ਕਰਨ ਲਗੇ। ਏਨੇ ਨੂੰ ਉਨ੍ਹਾਂ ਦੀ ਸੁਪਤਨੀ ਕਰਤਾਰ ਕੌਰ ਆਪਣੇ ਦੁਪੱਟੇ ਦੀ ਕੰਨੀ ਨਾਲ ਸਜਲ ਅਖਾਂ ਪੂੰਝਦੀ ਅੰਦਰ ਆ ਪਹੁੰਚੀ। ਉਨ੍ਹਾਂ ਨੇ ਉਸ ਨੂੰ ਹੌਸਲਾ ਦੇ ਕੇ ਚੁਪ ਕਰਾਉਣ ਲਈ ਹੰਭਲਾ ਮਾਰਿਆ, ਉਹ ਉੱਠ ਕੇ ਬੈਠ ਗਏ। ਉਨ੍ਹਾਂ ਦੇ ਮਨ ਦਾ ਸੁਪਨਾ ਟੁੱਟ ਗਿਆ। ਉਨ੍ਹਾਂ ਪ੍ਰਤੀਤ ਕੀਤਾ ਕਿ ਉਹ ਆਪਣੀ ਪਤਨੀ ਤੇ ਬੱਚਿਆਂ ਦੇ ਮੋਹ ਵਿੱਚ ਆ ਕੇ ਮੋਹ-ਮਾਇਆ ਵਿੱਚ ਫਸ ਰਹੇ ਹਨ, ਉਨ੍ਹਾਂ ਕਈ ਵਾਰੀ ਸਿਰ ਛੰਡਿਆ। ਮੋਢੇ ਛੰਡੇ। ਜਿਵੇਂ ਸਿਰ ਤੇ ਮੋਢਿਆਂ ਦਾ ਭਾਰ ਲਾਹ ਕੇ ਸੁਟ ਰਹੇ ਹੋਣ।

ਮਨ ਨੂੰ ਕਿੱਸੇ ਦੂਜੇ ਪਾਸੇ ਲਾਉਣ ਲਈ ਉਨ੍ਹਾਂ ਉਠ ਕੇ ਟਹਿਲਣਾ ਸ਼ੁਰੂ ਕਰ ਦਿੱਤਾ। ਪਰਵਾਰ ਦੇ ਮੋਹ ਨੂੰ ਦੂਰ ਕਰਨ ਲਈ ਆਪਣੇ ਮਿੱਤਰਾਂ ਦੀਆਂ ਯਾਦਾਂ ਵਿਚ ਪੈ ਗਏ। ਉਹ ਸੋਚਣ ਲਗੇ ਕਿ ਭਾਈ ਜੋਗਾ ਸਿੰਘ, ਚਤਰ ਸਿੰਘ, ਹਰਨਾਮ ਸਿੰਘ, ਬਖਤੌਰ ਸਿੰਘ ਤੇ ਉਸ ਦੀ ਮਾਂ ਦਾ ਕੀ ਹਾਲ ਹੋਵੇਗਾ। ਕਿਧਰੇ ਸਿੰਘਾਪੁਰ ਦੇ ਗਦਰ ਵਿੱਚ ਉਨ੍ਹਾਂ ਨਾਲ ਵੀ ਫੌਜੀਆਂ ਸਖਤੀਆਂ ਨਾ ਕੀਤੀਆਂ ਹੋਣ। ਉਹ ਕੋਤਾਬਾਰੂ ਵਾਲੇ ਨੱਥਾ ਸਿੰਘ ਤੇ ਪਠਾਣ ਅਮਾਨਉਲਾ ਨਾਲ ਗੱਲਾਂ ਕਰਨ ਜੁੱਟ ਗਏ।

ਹੁਣ ਪਹੁ ਫੁਟ ਰਹੀ ਸੀ। ਵਧ ਰਹੀ ਸੂਰਜ ਦੀ ਲਾਲ ਟਿੱਕੀ ਨੂੰ ਇੱਕ ਟੱਕ ਵੇਖਣ ਲੱਗੇ। ਸੂਰਜ ਦੀ ਸਾਰੀ ਟਿੱਕੀ ਬਾਹਰ ਨਿਕਲ ਆਈ। ਚੌਹੀ ਪਾਸੀ ਉਜਾਲਾ ਹੋ ਗਿਆ। ਏਨੇ ਨੂੰ ਸੰਤਰੀ ਦੇ ਪੈਰਾਂ ਦਾ ਖੜਾਕ ਹੋਇਆ। ਕੋਠੜੀ ਦਾ ਦਰਵਾਜ਼ਾ ਖੁਲ੍ਹਣਾ ਸ਼ੁਰੂ ਹੋ ਗਿਆ। ਭਾਈ ਸਾਹਬ ਨੇ ਬਾਹਰ ਨਿਕਲ ਕੇ ਆਕਾਸ਼ ਵੱਲ ਤੱਕ ਕੇ ਪੜ੍ਹਨਾ ਸ਼ੁਰੂ ਕਰ ਦਿੱਤਾ—"ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ।"

ਏਨੇ ਨੂੰ ਛੇ ਅੰਗਰੇਜ਼ ਫੌਜੀ ਤੇ ਇੱਕ ਸਾਰਜੰਟ ਆ ਪਹੁੰਚੇ। ਉਨ੍ਹਾਂ ਨੇ ਸਾਰੇ ਕੈਦੀਆਂ ਨੂੰ ਕੋਠੜੀਆਂ ਵਿੱਚੋਂ ਕੱਢ ਕੇ ਇੱਕ ਕਤਾਰ ਵਿੱਚ ਖਲੋ ਜਾਣ ਦਾ ਹੁਕਮ ਦਿੱਤਾ। ਜੋਧ ਸਿੰਘ ਸਭ ਤੋਂ

ਪਿੱਛੇ ਜਾ ਖਲੋਤਾ । ਸੁਕੁਮਾਰ ਚੈਟਰਜੀ ਉਸ ਦੇ ਅੱਗੇ ਖੜਾ ਸੀ । ਬੁਖਾਰ ਨਾਲ ਉਸ ਦਾ ਸਰੀਰ ਅੰਗਿਆਰਾਂ ਵਾਂਗੂੰ ਤਪ ਰਿਹਾ ਸੀ ¡ ਉਹ ਖੜਾ ਹੋਣ ਯੋਗ ਨਹੀਂ ਸੀ । ਉਸ ਦੇ ਪੈਰ ਲੜਖੜਾ ਜਾਂਦੇ । ਉਸ ਦੇ ਅੱਗੇ ਸ਼ਿਵਦਿਆਲ, ਠਾਕਰ ਸਿੰਘ ਤੇ ਚੈਨਚਇਆ ਸਨ । ਸਭ ਤੋਂ ਅੱਗੇ ਭਾਈ ਸਾਹਬ ਖੜੇ ਆਕਾਸ਼ ਵਿੱਚ ਉੱਡ ਰਹੇ ਨਿੱਕੇ ਨਿੱਕੇ ਪੰਛੀਆਂ ਵੱਲ ਤੱਕ ਰਹੇ ਸਨ । ਚੈਨਚਇਆ ਨੇ ਥਿੜਕਦੀ ਆਵਾਜ਼ ਵਿੱਚ ਕਿਹਾ—"ਜਾਪਦਾ ਹੈ ਕਿ ਅੰਤ ਸਮਾਂ ਆ ਗਿਆ ਹੈ ।"

ਭਾਈ ਸਾਹਬ ਨੇ ਜੁਆਬ ਦਿੱਤਾ—"ਮਰਨੇ ਸੇ ਕਿਆ ਡਰਪਨਾ ਜਦ ਹਾਥ ਸਿਧਉਰਾ ਲੀਨ" ਤੇ ਬਾਣੀ ਦੀ ਇਸ ਤੁਕ ਦਾ ਉਲਥਾ ਕਰ ਕੇ ਚੈਨਚਇਆ ਨੂੰ ਸਮਝਾਉਣ ਲੱਗ ਪਏ । ਭਾਈ ਸਾਹਬ ਦੇ ਚਿਹਰੇ ਉੱਤੇ ਨੂਰ ਚਮਕ ਰਿਹਾ ਸੀ । ਉਸ ਨੂਰ ਨੇ ਚੈਨਚਇਆ ਦੇ ਮਨ ਵਿੱਚ ਵੀ ਰੋਸ਼ਨੀ ਵਸਾ ਦਿੱਤੀ । ਠਾਕਰ ਸਿੰਘ ਤੇ ਸ਼ਿਵਦਿਆਲ ਉੜ ਉੜ ਕੇ ਭਾਈ ਸਾਹਬ ਦੇ ਚਿਹਰੇ ਉੱਤੇ ਚਮਕਦੇ ਨੂਰ ਵੱਲ ਤੱਕਣ ਦੇ ਜਤਨ ਵਿੱਚ ਸਨ ।

ਫੌਜੀਆਂ ਨੇ ਕੈਦਆਂ ਨੂੰ ਤੋਰ ਲਿਆ । ਉਹ ਚਾਂਦਮਾਰੀ ਵਾਲੀ ਬੈਰਕ ਦੇ ਨੇੜੇ ਪਹੁੰਚ ਗਏ । ਦਰਵਾਜ਼ਾ ਖੁੱਲ੍ਹਾ । ਸਾਰਜੰਟ ਨੇ ਭਾਈ ਸਾਹਬ ਨੂੰ ਅੰਦਰ ਜਾਣ ਦਾ ਹੁਕਮ ਦਿੱਤਾ । ਉਹ ਆਪ ਭਾਈ ਸਾਹਬ ਦੇ ਪਿੱਛੇ ਪਿੱਛੇ ਦਰਵਾਜ਼ਾ ਟੱਪ ਗਿਆ । ਦਰਵਾਜ਼ਾ ਬੰਦ ਹੋ ਗਿਆ । ਬਾਕੀ ਪੰਜਾਂ ਕੈਦੀਆਂ ਉੱਤੇ ਛੇ ਗੋਰੇ ਪਹਿਰਾ ਦੇਣ ਲੱਗੇ । ਉਨ੍ਹਾਂ ਨੇ ਚੈਟਰਜੀ ਨੂੰ ਲੜਖੜਾਂਦਿਆਂ ਵੇਖ ਕੇ ਕੈਦੀਆਂ ਨੂੰ ਬਹਿ ਜਾਣ ਦਾ ਹੁਕਮ ਦਿੱਤਾ । ਚੈਨਚਇਆ ਠਾਕਰ ਸਿੰਘ ਤੇ ਸ਼ਿਵਦਿਆਲ ਪੈਰਾਂ ਪਰਨੇ ਬੈਠੇ ਇੱਕ ਦੂਜੇ ਵੱਲ ਤੱਕ ਰਹੇ ਸਨ । ਚੈਟਰਜੀ ਲੱਤਾਂ ਲੰਮਿਆਰ ਕੇ ਬੈਠਾ ਸੀ । ਜੋਧ ਸਿੰਘ ਚੌਕੜੀ ਮਾਰ ਕੇ, ਅੱਖਾਂ ਬੰਦ ਕਰ ਕੇ ਮੂੰਹ ਵਿੱਚ ਹੀ ਕੁੱਝ ਪੜ੍ਹ ਰਿਹਾ ਸੀ ।

ਭਾਈ ਸਾਹਬ ਨੇ ਅੰਦਰ ਪਹੁੰਚਣ ਸਾਰ ਵੇਖਿਆ ਕਿ ਮੇਜਰ, ਮਿਸਟਰ ਡੈਨਹਾਮ ਤੇ ਕੈਪਟਨ ਤਿੰਨੇ ਕੁਰਸੀਆਂ ਉੱਤੇ ਬੈਠੇ ਸਨ । ਉਨ੍ਹਾਂ ਦੇ ਪਿੱਛੇ ਛੇ ਗੋਰੇ ਰਫਲਾਂ ਸਮੇਤ ਖੜੇ ਸਨ । ਭਾਈ ਸਾਹਬ ਨੇ ਨਾਹ ਸਲਾਮ ਦਿੱਤੀ ਨਾ ਝੁਕੇ । ਉਹ ਆਕੜ ਕੇ, ਦੱਵੇਂ ਬਾਹਾਂ ਛਾਤੀ ਉੱਤੇ ਬੰਨ੍ਹ ਕੇ ਖਲੋ ਗਏ । ਮੇਜਰ ਨੇ ਕੜਕਵੀਂ ਆਵਾਜ ਵਿੱਚ ਕਿਹਾ—ਬਲਵੰਤ ਸਿੰਘ ! ਤੂੰ ਬਾਗ਼ੀ ਹੀ ਨਹੀਂ ਸਗੋਂ ਬਾਗ਼ੀਆਂ ਦਾ ਸਰਕਦਾ ਹੈਂ । ਇਹ ਜਾਣ ਕੇ ਕਿ ਤੂੰ ਫੌਜੀ ਨੌਕਰੀ ਕੀਤੀ ਹੈ ਤੇ ਟੱਬਰਦਾਰ ਵੀ ਹੈ ਇਸ ਲਈ ਜੇ ਤੂੰ ਪਿਛਲੇ ਦੋਸ਼ਾਂ ਦਾ ਪਛਤਾਵਾ ਕਰ ਕੇ ਅੱਗੇਂ ਨੂੰ ਸਹੀ ਰਾਹ ਉੱਤੇ ਤੁਰਨ ਦਾ ਇਕਰਾਰ ਕਰਦਾ ਤਾਂ ਇਹ ਅਦਾਲਤ ਤੇਰੇ ਉੱਤੇ ਤਰਸ ਕਰ ਸਕਦੀ ਸੀ ਪਰ ਤੂੰ ਆਪਣਾ ਕੋਈ ਦੋਸ਼ ਮੰਨਣ ਤੋਂ ਇਨਕਾਰ ਕਰਦਾ ਹੈ ਤੇ ਬਾਗੀਆਨਾ ਵਤੀਰੇ ਤੋਂ ਟਲਣ ਦਾ ਵੀ ਇਕਰਾਰ ਕਰਨ ਨੂੰ ਤਿਆਰ ਨਹੀਂ । ਇਸ ਲਈ ਤੈਨੂੰ ਸਜ਼ਾਏ ਮੌਤ ਸੁਣਾਈ ਗਈ ਸੀ । ਜੇ ਤੂੰ ਹੁਣ ਵੀ ਆਪਣੇ ਦੋਸ਼ਾਂ ਦਾ ਪਛਤਾਵਾ ਕਰ ਕੇ ਮਾਫੀ ਮੰਗ ਲਵੇ ਤਾਂ ਸਰਕਾਰ ਮਿਹਰਬਾਨੀ ਕਰ ਕੇ ਰਹਿਮ ਕਰੇਗੀ ।"

ਕੁਝ ਦੇਰ ਚੁੱਪ ਕਰ ਕੇ ਮੇਜਰ ਨੇ ਪੁਛਿਆ—"ਕੀ ਤੂੰ ਕੁੱਝ ਕਹਿਣਾ ਚਾਹੁੰਦਾ ਹੈ ?"

ਭਾਈ ਸਾਹਬ ਨੇ ਨਿਧੱੜਕ ਜੁਆਬ ਦਿੱਤਾ—"ਮੈਂ ਕੁਝ ਨਹੀਂ ਕਹਿਣਾ ।"

ਮੇਜਰ ਨੇ ਡੈਨਹਾਮ ਤੇ ਕੈਪਟਨ ਨਾਲ ਹੌਲੀ ਜਿਹੀ ਕੋਈ ਗੱਲ ਕਰ ਕੇ ਖਲੋਂਦਿਆਂ ਪੁਛਿਆ—"ਕੀ ਤੂੰ ਜੀਉਂਦੇ ਰਹਿਣਾ ਲੋੜਦਾ ਹੈਂ ?"

ਭਾਈ ਸਾਹਬ ਨੇ ਮੁਸਕਰਾਂਦਿਆਂ ਜੁਆਬ ਦਿੱਤਾ—"ਫਰਜ਼ ਕੀਤਾ ਕਿ ਤੁਸੀਂ ਅੱਜ ਮੈਨੂੰ ਸ਼ੂਟ ਨਹੀਂ ਕਰਦੇ । ਤੁਸੀਂ ਸਮਝਦੇ ਹੋ ਕਿ ਮੈਂ ਕਦੇ ਮਰਨਾ ਹੀ ਨਹੀਂ ? ਅਜ ਵੀ ਮਰਨਾ ਤੇ ਕਲ

ਵੀ ! ਲੋਕ ਕਈ ਬੀਮਾਰੀਆਂ ਲਗਣ ਕਰਕੇ ਮਰ ਜਾਂਦੇ ਹਨ । ਮੈਂ ਇੱਕ ਬਹੁਤ ਵੱਡੀ ਬੀਮਾਰੀ ਵਿੱਚ ਗ੍ਰਸਿਆ ਹੋਇਆ ਅੱਜ ਮਰਨ ਨੂੰ ਤਿਆਰ ਬਰ ਤਿਆਰ ਹਾਂ । ਇਸ ਬੀਮਾਰੀ ਦਾ ਨਾਂ ਹੈ—"ਬ੍ਰਿਟਿਸ਼ ਇਮਪੀਰੀਅਲਇਜ਼ਮ ।"

ਭਾਈ ਸਾਹਬ ਦਾ ਦਲੇਰਾਨਾ ਜੁਆਬ ਸੁਣ ਕੇ ਮੇਜਰ ਤੜਫ ਉੱਠਿਆ । ਡੈਨਹਾਮ ਤੇ ਕੈਪਟਨ ਵੀ ਉੱਠ ਕੇ ਖੜੋ ਗਏ । ਮੇਜਰ ਨੇ ਗੁੱਸੇ ਵਿੱਚ ਆ ਕੇ ਸਾਰਜੰਟ ਨੂੰ ਹੁਕਮ ਦਿੱਤਾ—"ਲੈ ਜਾਓ ! ਇਸ ਕੈਦੀ ਨੂੰ ਚਾਂਦਮਾਰੀ ਵੱਲ ।"

ਕੁਝ ਕਦਮ ਲਿਜਾ ਕੇ ਭਾਈ ਸਾਹਬ ਨੂੰ ਕੰਧ ਨਾਲ ਖਲੋਣ ਦਾ ਹੁਕਮ ਦੇ ਦਿੱਤਾ ਗਿਆ । ਉਹ ਗੋਰੇ ਫੌਜੀਆਂ ਵੱਲ ਮੂੰਹ ਕਰ ਕੇ ਖੜੇ ਸਨ । ਸਿਰੋਂ ਪੈਰੋਂ ਧੜੋਂ ਨੰਗੇ । ਕੇਵਲ ਕਛਹਿਰਾ ਤੇਡ ਸੀ । ਇੱਕ ਫੌਜੀ ਨੇ ਉਨ੍ਹਾਂ ਨੂੰ ਬਾਹੋਂ ਫੜ ਕੇ, ਕੰਧ ਵੱਲ ਉਨ੍ਹਾਂ ਦਾ ਮੂੰਹ ਕਰ ਦਿੱਤਾ । ਭਾਈ ਸਾਹਬ ਫਿਰ ਫੌਜੀਆਂ ਵੱਲ ਮੂੰਹ ਕਰ ਕੇ ਖੜੇ ਹੋ ਗਏ । ਉਨ੍ਹਾਂ ਨੇ ਗਜ ਕੇ ਆਖਿਆ—"ਮੈਂ ਪਿੱਠ ਵਿੱਚ ਗੋਲੀ ਖਾਣ ਨੂੰ ਤਿਆਰ ਨਹੀਂ । ਮੇਰੀ ਛਾਤੀ ਵਿੱਚ ਗੋਲੀਆਂ ਮਾਰੋ ।"

ਮੇਜਰ ਦੇ ਹੁਕਮ ਨਾਲ ਛੇ ਗੋਰਿਆਂ ਨੇ ਗੋਲੀਆਂ ਚਲਾਈਆਂ । ਭਾਈ ਸਾਹਬ ਨੇ ਜੈਕਾਰਾ ਗਜਾਇਆ—"ਸਤਿ ਸ੍ਰੀ ਅਕਾਲ ।" ਉਨ੍ਹਾਂ ਅੱਗੇ ਪਿੱਛੇ ਤੱਕ ਕੇ ਹੈਰਾਨੀ ਪਰਗਟ ਕੀਤੀ । ਛੇ ਗੋਲੀਆਂ ਵਿੱਚੋਂ ਇੱਕ ਵੀ ਉਨ੍ਹਾਂ ਦੇ ਨੇੜੇ ਨਹੀਂ ਸੀ ਆਈ । ਉਨ੍ਹਾਂ ਦੇ ਮੂੰਹੋਂ ਅਚਾਨਕ ਨਿਕਲ ਗਿਆ—"ਤੇਰੀ ਕੁਦਰਤ ਤੂੰ ਹੈਂ ਜਾਣੈ, ਔਰ ਨਾ ਦੂਜਾ ਜਾਣੈ ।"

ਮੇਜਰ ਨੇ ਆਪ ਅੱਗੇ ਹੋ ਕੇ ਭਾਈ ਸਾਹਬ ਨੂੰ ਬਾਹੋਂ ਫੜ ਕੇ ਨਾਲ ਦੀ ਇੱਕ ਕੋਠੀ ਵਿੱਚ ਇੱਕ ਥੈਂਚ ਉੱਤੇ ਜਾ ਬਿਠਾਇਆ ਤੇ ਆਪ ਮੁੜ ਆਇਆ । ਭਾਈ ਸਾਹਬ ਅੱਖਾਂ ਮੁੰਦ ਕੇ ਅੰਤਰ-ਧਿਆਨ ਹੋ ਗਏ । ਮੇਜਰ ਦੇ ਹੁਕਮ ਨਾਲ ਚੈਨਚਇਆ ਨੂੰ ਅੰਦਰ ਲਿਆਂਦਾ ਗਿਆ । ਚੈਨਚਇਆ ਮਨ ਹੀ ਮਨ ਵਿੱਚ ਸੋਚ ਰਿਹਾ ਸੀ ਕਿ ਭਾਈ ਸਾਹਿਬ ਸ਼ਹੀਦੀ ਪਾ ਗਏ ਹਨ ਤੇ ਉਹ ਕਿਵੇਂ ਕਮਜ਼ੋਰੀ ਦਿਖਾ ਕੇ ਪਿੱਛੇ ਰਹਿ ਕੇ ਜੀਉ ਸਕਦਾ ਹੈ । ਉਸ ਦਾ ਜੀਉਣਾ ਤਾਂ ਮੌਤ ਨਾਲੋਂ ਵੀ ਧਿਰਕਾਰਿਆ ਹੋਇਆ ਹੋਵੇਗਾ । ਉਸ ਨੂੰ ਵੀ ਮੇਜਰ ਨੇ ਕਿਹਾ—"ਤੈਨੂੰ ਪਤਾ ਹੈ ਕਿ ਤੂੰ ਬਾਗੀਆਂ ਦਾ ਸਾਥ ਦਿੱਤਾ ਹੈ । ਤੂੰ ਬਾਦਸ਼ਾਹ ਸਲਾਮਤ ਦੇ ਖਿਲਾਫ ਹਿੰਦੁਸਤਾਨ ਵਿੱਚ ਗੜਬੜ ਕਰਨ ਜਾ ਰਿਹਾ ਸੀ । ਇਸ ਲਈ ਤੈਨੂੰ ਫਾਇਰਿੰਗ ਸੁਕੁਐਡ ਦੇ ਅੱਗੇ ਖੜਾ ਕਰ ਕੇ ਗੋਲੀ ਮਾਰਨ ਦਾ ਹੁਕਮ ਹੈ । ਬਲਵੰਤ ਸਿੰਘ ਮਰ ਚੁੱਕਾ ਹੈ । ਕੀ ਤੂੰ ਮਰਨ ਨੂੰ ਤਿਆਰ ਹੈਂ ?"

"ਹਾਂ ! ਮੈਂ ਬਿਲਕੁਲ ਤਿਆਰ ਹਾਂ ।"

"ਤੂੰ ਮਰਨ ਤੋਂ ਪਹਿਲੋਂ ਕੁਝ ਕਹਿਣਾ ਚਾਹੁੰਦਾ ਹੈਂ ।"

"ਹਾਂ । ਕਹਿਣਾ ਚਾਹੁੰਦਾ ਹਾਂ । ਜੇ ਮੁਜਰਮ ਹੀ ਮੁਨਸਫ ਬਣ ਕੇ ਇਨਸਾਫ ਕਰਨ ਵਾਲੀ ਕੁਰਸੀ ਉੱਤੇ ਬਹਿ ਜਾਏ ਤਾਂ ਇਨਸਾਫ ਦਾ ਜਨਾਜ਼ਾ ਨਿਕਲ ਚੁੱਕਾ ਹੁੰਦਾ ਹੈ । ਬਲਵੰਤ ਸਿੰਘ ਟੱਬਰਦਾਰ ਸੀ । ਜੇ ਉਹ ਮੌਤ ਤੋਂ ਨਹੀਂ ਡਰਿਆ ਤਾਂ ਮੈਂ ਛੜਾ ਛਾਂਡ ਹੁੰਦਾ ਕਿਉਂ ਡਰਾਂ ? ਤੁਸੀਂ ਬਲਵੰਤ ਸਿੰਘ ਨੂੰ ਗੋਲੀਆਂ ਦੀ ਬੁਛਾੜ ਨਾਲ ਭੁੰਨ ਕੇ ਸਦਾ ਲਈ ਜਿੰਦਾ ਕਰ ਦਿੱਤਾ ਹੈ । ਜਦ ਤੱਕ ਹਿੰਦੂ ਕੌਮ ਜ਼ਿੰਦਾ ਹੈ ਉਹ ਬਲਵੰਤ ਸਿੰਘ ਦੀ ਸ਼ਹਾਦਤ ਤੋਂ ਸਬਕ ਸਿੱਖ ਕੇ ਹੋਰ ਸ਼ਹੀਦ ਪੈਦਾ ਕਰਨ ਦੇ ਯੋਗ ਹੋ ਸਕੇਗੀ । ਸ਼ੂਟ ਕਰੋ ਮੈਨੂੰ ਵੀ, ਛੇਤੀ ਕਰੋ । ਮੈਂ ਬਲਵੰਤ ਸਿੰਘ ਪਾਸ ਜਾਣਾ ਚਾਹੁੰਦਾ ਹਾਂ ।"

ਇਕ ਗੋਰੇ ਨੇ ਉਸ ਦੇ ਹੱਥ ਕੰਧ ਉੱਤੇ ਰਖਵਾ ਕੇ ਫੌਜੀਆਂ ਵੱਲ ਪਿੱਠ ਕਰਵਾ ਦਿੱਤੀ ।

ਗੋਲੀਆਂ ਚਲੀਆਂ । ਸਾਰੀਆਂ ਗੋਲੀਆਂ ਉਸ ਦੇ ਸਿਰ ਉੱਤੋਂ ਲੰਘ ਗਈਆਂ । ਉਸ ਨੇ ਚੌਹੀਂ ਪਾਸੀਂ ਹਰਾਨੀ ਨਾਲ ਤੱਕਿਆ । ਉਸ ਨੇ ਆਪਣੇ ਸਾਰੇ ਅੰਗਾਂ ਨੂੰ ਛੋਹਿਆ । ਉਹ ਹਰਾਨ ਸੀ ਕਿ ਉਹ ਅਜੇ ਵੀ ਜੀਉਂਦਾ ਸੀ । ਸਾਰਜੰਟ ਉਸ ਨੂੰ ਫੜ ਕੇ ਭਾਈ ਸਾਹਬ ਵਾਲੇ ਕਮਰੇ ਵਿੱਚ ਛੱਡ ਆਇਆ । ਉਹ ਭਾਈ ਸਾਹਬ ਨੂੰ ਸਮਾਧੀ ਵਿੱਚ ਬੈਠਾ ਵੇਖ ਕੇ ਹਰਾਨ ਹੋ ਗਿਆ । ਉਸ ਦੀ ਹਰਾਨੀ ਦੀ ਕੋਈ ਹੱਦ ਨਾ ਰਹੀ । ਉਹ ਖੁਸ਼ ਹੋ ਕੇ ਟੱਪਣ ਲੱਗ ਪਿਆ । ਭਾਈ ਸਾਹਬ ਨੇ ਅੱਧੀਆਂ ਜਿਹੀਆਂ ਅੱਖਾਂ ਖੋਲ੍ਹੀਆਂ । ਚੈਨਚਇਆ ਉਨ੍ਹਾਂ ਦੇ ਪੈਰਾਂ ਵਿੱਚ ਚੌਂਕੜੀ ਮਾਰ ਕੇ ਬਹਿ ਗਿਆ । ਉਹ ਜਾਣ ਗਿਆ ਕਿ ਗੋਰੇ ਫੌਜੀ ਉਨ੍ਹਾਂ ਦਾ ਇਮਤਿਹਾਨ ਲੈ ਰਹੇ ਹਨ ।

ਹੁਣ ਠਾਕਰ ਸਿੰਘ ਫੌਜੀਆਂ ਦੇ ਸਾਹਮਣੇ ਖਲੋਤਾ ਸੀ । ਮੇਜਰ ਨੇ ਨਫਰਤ ਦੀ ਨਜ਼ਰ ਉਸ ਦੇ ਚਿਹਰੇ ਉੱਤੇ ਸੁੱਟਦਿਆਂ ਪੁੱਛਿਆ—'ਤੂੰ ਮਰਨ ਤੋਂ ਪਹਿਲੋਂ ਕੁਝ ਕਹਿਣਾ ਚਾਹੁੰਦਾ ਹੈਂ ।''

''ਹਾਂ ! ਮੈਨੂੰ ਛੇਤੀ ਗੋਲੀ ਮਾਰੋ । ਮੈਂ ਪਿੱਛੇ ਨਹੀਂ ਰਹਿਣਾ ਚਾਹੁੰਦਾ ।''

ਗੋਲੀਆਂ ਚੱਲੀਆਂ । ਉਸ ਨੇ ਵੇਖਿਆ ਕਿ ਇਕ ਵੀ ਗੋਲੀ ਉਸ ਨੂੰ ਨਹੀਂ ਸੀ ਲਗੀ । ਉਹ ਭਬਕਿਆ—''ਮੈਨੂੰ ਮਾਰੋ । ਛੇਤੀ ਕਰੋ । ਮੇਰੇ ਨਾਲ ਤਮਾਸ਼ਾ ਨਾ ਖੇਡੋ । ਸਭ ਗੋਲੀਆਂ ਮੇਰੇ ਸਿਰ ਉੱਤੋਂ ਲੰਘ ਗਈਆਂ ਹਨ ।''

ਸਾਰਜੈਟ ਨ ਉਸ ਨੂੰ ਬਾਹੋਂ ਫੜ ਕੇ ਉਸ ਕੋਠੀ ਅੰਦਰ ਧਕਾ ਦੇ ਦਿੱਤਾ ਜਿੱਥੇ ਭਾਈ ਸਾਹਬ ਤੇ ਚੈਨਚਇਆ ਸਨ । ਉਹ ਉਨ੍ਹਾਂ ਦੋਹਾਂ ਨੂੰ ਵੇਖ ਕੇ ਗਦ ਗਦ ਹੋ ਗਿਆ । ਉਸ ਨੇ ਭਾਈ ਸਾਹਬ ਦੇ ਚਰਨ ਫੜਨੇ ਚਾਹੇ । ਭਾਈ ਸਾਹਬ ਨੇ ਅੱਖਾਂ ਖੋਲ੍ਹ ਕੇ ਉਸ ਵੱਲ ਤੱਕ ਕੇ ਕਿਹਾ—ਠਾਕਰ ਸਿੰਘ ਜੀ ! ਕੁਦਰਤ ਦੇ ਰੰਗ ਹਨ । ਕੁਝ ਸਮਝ ਨਹੀਂ ਆਉਂਦਾ । ਉਸ ਦੀਆਂ ਉਹ ਹੀ ਜਾਣੇ ।'' ਉਹ ਫਿਰ ਅੰਤਰ-ਧਿਆਨ ਹੋ ਗਏ ।

ਜਦ ਸ਼ਿਵਦਿਆਲ ਦੀ ਵਾਰੀ ਆਈ ਤਾਂ ਮੇਜਰ ਨੇ ਉਸ ਤੋਂ ਬਿਨਾਂ ਕੋਈ ਗੱਲ ਪੁੱਛੇ ਕਹਿ ਦਿੱਤਾ—''ਕੰਧ ਨਾਲ ਪਿੱਠ ਲਾ ਕੇ ਖਲੋ ਜਾ ।'' ਗੋਲੀਆਂ ਚਲੀਆਂ । ਉਸ ਨੂੰ ਵੀ ਧਕਾ ਦੇ ਕੇ ਉਸੇ ਕਮਰੇ ਵਿਚ ਭੇਜ ਦਿੱਤਾ ਗਿਆ । ਉਹ ਠਠੰਬਰ ਕੇ ਖਲੋਤਾ ਭਾਈ ਸਾਹਬ, ਚੈਨਚਇਆ ਤੇ ਠਾਕਰ ਸਿੰਘ ਵੱਲ ਤੱਕ ਰਿਹਾ ਸੀ ।

ਹੁਣ ਚੈਟਰ ਜੀ ਨੂੰ ਅੰਦਰ ਲਿਆਉਣ ਦਾ ਹੁਕਮ ਹੋਇਆ । ਉਹ ਬੁਖਾਰ ਦੇ ਕਾਰਨ ਆਪਣੇ ਪੈਰਾਂ ਉੱਤੇ ਖਲੋਣ ਜੋਗਾ ਨਹੀਂ ਸੀ । ਮੇਜਰ ਨੇ ਕਈ ਕੁਝ ਕਿਹਾ । ਚੈਟਰ ਜੀ ਉਸ ਦਾ ਕੋਈ ਗੱਲ ਨਹੀਂ ਸੀ ਸੁਣ ਰਿਹਾ । ਉਸ ਦੇ ਕੰਨਾਂ ਨੂੰ ਝੱਪੇ ਲੱਗੇ ਹੋਏ ਸਨ । ਮੇਜਰ ਨੇ ਗੋਲੀ ਚਲਾਉਣ ਦਾ ਹੁਕਮ ਦਿੱਤਾ । ਗੋਲੀਆਂ ਉਸ ਦੇ ਸਿਰ ਉੱਤੋਂ ਲੰਘ ਗਈਆਂ ਪਰ ਉਹ ਬਿਹੋਸ਼ ਹੋ ਕੇ ਡਿੱਗ ਪਿਆ। ਦੋ ਗੋਰੇ ਉਸ ਨੂੰ ਸੰਭਾਲਣ ਲੱਗ ਪਏ ।

ਮੇਜਰ ਡੈਨਹਾਮ ਤੇ ਕੈਪਟਨ ਨੇ ਉਸ ਨੂੰ ਹਸਪਤਾਲ ਭੇਜਣ ਦੀ ਸਲਾਹ ਕੀਤੀ । ਫਿਰ ਉਹ ਤਿੰਨੇ ਉਸ ਕਮਰੇ ਵਿੱਚ ਜਾ ਵੜੇ ਜਿੱਥੇ ਭਾਈ ਸਾਹਬ ਤੇ ਉਨ੍ਹਾਂ ਦੇ ਤਿੰਨ ਹੋਰ ਸਾਥੀ ਸਨ । ਮੇਜਰ ਆਕੜ ਕੇ ਬੋਲਿਆ—''ਤੁਹਾਨੂੰ ਸਭ ਨੂੰ ਆਪਣੇ ਦੋਸ਼ ਮੰਨਣ ਤੇ ਮਾਫੀ ਮੰਗਣ ਦਾ ਇੱਕ ਹੋਰ ਮੌਕਾ ਦਿੱਤਾ ਜਾਂਦਾ ਹੈ । ਜੋਧ ਸਿੰਘ ਨੇ ਆਪਣੇ ਸਾਰੇ ਦੋਸ਼ ਮੰਨ ਕੇ ਮਾਫੀ ਮੰਗ ਲਈ ਹੈ । ਜੋ ਕੁਝ ਉਸ ਨੂੰ ਪਤਾ ਸੀ ਉਸ ਨੇ ਦੱਸ ਦਿੱਤਾ ਹੈ । ਤੁਹਾਨੂੰ ਛੇਤੀ ਹੀ ਇੰਡੀਆ ਭੇਜਿਆ ਜਾਏਗਾ । ਇੰਡੀਆ ਸਰਕਾਰ ਤੁਹਾਡੇ ਉੱਤੇ ਮੁਕੱਦਮੇ ਚਲਾ ਕੇ ਸਜ਼ਾਵਾਂ ਦੇਵੇਗੀ ।''

ਜਦ ਉਨ੍ਹਾਂ ਨੂੰ ਬਾਹਰ ਕਢਿਆ ਗਿਆ ਤਾਂ ਜੋਧ ਸਿੰਘ ਉਥੇਂ ਗੈਰ ਹਾਜ਼ਰ ਸੀ । ਜਦ ਗੋਰੇ ਉਨ੍ਹਾਂ ਨੂੰ ਕੋਠੜੀਆਂ ਵਿੱਚ ਮੁੜ ਕੇ ਡੱਕ ਰਹੇ ਸਨ ਤਾਂ ਉਨ੍ਹਾਂ ਤੱਕਿਆ ਕਿ ਜੋਧ ਸਿੰਘ ਆਪਣੇ ਸਮਾਨ ਸਮੇਤ ਗੁੰਮ ਸੀ ।

੪੫

ਸ਼ਾਹ ਵੇਲਾ ਲੰਘ ਗਿਆ ਸੀ। ਦੁਪਹਿਰਾਂ ਹੋਣ ਵਾਲੀਆਂ ਸਨ। ਮਿਸਟਰ ਡੈਨਹਾਮ ਨੇ ਭਾਈ ਸਾਹਬ ਨੂੰ ਕੋਠੜੀ ਵਿੱਚੋਂ ਕੱਢਵਾ ਕੇ ਦੱਸਿਆ—"ਤੁਹਾਨੂੰ ਅੱਜ ਰਾਤ ਨੂੰ ਦੇਸ ਭੇਜਿਆ ਜਾ ਰਿਹਾ ਹੈ। ਜਹਾਜ਼ ਚੜ੍ਹਨ ਤੋਂ ਪਹਿਲੋਂ ਤੁਹਾਨੂੰ ਆਪਣੇ ਕੱਪੜੇ ਦਿੱਤੇ ਜਾਣਗੇ। ਦੁੱਧ, ਖੰਡ, ਘਿਓ, ਫਲ ਤੇ ਹੋਰ ਜੋ ਰਾਸ਼ਨ ਚਾਹੋਗੇ ਦਿੱਤਾ ਜਾਏਗਾ। ਬੁਰਸ਼ ਦਿੱਤੇ ਜਾਣਗੇ। ਸਾਬਣ ਤੇਲ ਵੀ ਰਾਸ਼ਨ ਦੇ ਨਾਲ ਹੋਵੇਗਾ। ਤੁਸੀਂ ਨਹਾ ਧੋ ਕੇ ਖਾਣਾ ਪਕਾ ਖਾ ਕੇ ਸ਼ਾਮ ਤੱਕ ਤਿਆਰ ਹੋ ਜਾਓ।

ਅਜੇ ਉਹ ਗਿਆ ਹੀ ਸੀ ਕਿ ਕੋਠੜੀਆਂ ਖੋਲ੍ਹ ਦਿੱਤੀਆਂ ਗਈਆਂ। ਆਟਾ, ਦਾਲਾਂ, ਲੂਣ ਤੇ ਚਾਵਲ ਆਦ ਉਨ੍ਹਾਂ ਦੇ ਰਾਸ਼ਨ ਵਿੱਚ ਪਹਿਲੋਂ ਹੀ ਮੌਜੂਦ ਸਨ। ਉਨ੍ਹਾਂ ਦੀ ਕਿਸੇ ਮੰਗ ਤੋਂ ਪਹਿਲੋਂ ਹੀ ਦੁੱਧ, ਚਾਹ, ਖੰਡ, ਬਟਰ, ਤੇਲ, ਸਾਬਣ, ਬੁਰਸ਼, ਟੂੱਥ ਪੇਸਟ, ਆਦ ਸਭ ਚੀਜ਼ਾਂ ਆ ਗਈਆਂ। ਇੱਕ ਟੋਕਰਾ ਕੇਲਿਆਂ ਦਾ ਆ ਪਹੁੰਚਾ। ਅੱਧੇ ਕੁ ਘੰਟੇ ਪਿੱਛੋਂ ਦੋ ਗੋਰੇ ਫੌਜੀ ਉਨ੍ਹਾਂ ਦੇ ਕੱਪੜੇ ਤੇ ਸਾਮਾਨ ਲੈ ਆਏ। ਚੈਨਚਇਆਂ ਦਾ ਫਲੈਟ ਹੈਟ, ਅਮਰੀਕਨ ਬੂਟ ਨਕਟਾਈਆਂ, ਕਾਲਰ ਤੇ ਹੱਥ ਵਾਲੀ ਘੜੀ ਗੁੰਮ ਸੀ। ਉਸ ਨੇ ਰੌਲਾ ਪਾ ਦਿੱਤਾ ਪਰ ਉਸ ਦਾ ਰੌਲਾ ਸੁਣਨ ਵਾਲਾ ਕੋਈ ਨਹੀ ਸੀ। ਭਾਈ ਸਾਹਬ ਦੇ ਸਾਮਾਨ ਵਿੱਚੋਂ ਵੀ ਚੀਜ਼ਾਂ ਗੁੰਮ ਸਨ ਪਰ ਉਨ੍ਹਾਂ ਨੇ ਕੋਈ ਵਾਵੇਲਾ ਨਾ ਕੀਤਾ। ਜਦ ਉਨ੍ਹਾਂ ਨੂੰ ਆਪਣੇ ਪਰਵਾਰ ਦੀ ਫੋਟੋ ਨਾ ਮਿਲੀ ਤਾਂ ਉਹ ਤੜਫ ਉੱਠੇ। ਉਹ ਫੋਟੋ ਉਨ੍ਹਾਂ ਹਾਂਗਕਾਂਗ ਲੁਹਾਈ ਸੀ। ਉਸ ਫੋਟੋ ਵਿੱਚ ਕਰਤਾਰ ਸਿੰਘ ਨਵਾਂ ਚੰਦ ਵੀ ਉਨ੍ਹਾਂ ਦੇ ਪਰਵਾਰ ਨਾਲ ਖੜਾ ਸੀ। ਉਹ ਅਪਣੇ ਪਰਵਾਰ ਦੇ ਚਿਹਰੇ ਵੇਖਣ ਲਈ ਕਾਹਲੇ ਪਏ ਹੋਏ ਸਨ। ਭਾਈ ਸਾਹਬ ਤੇ ਠਾਕਰ ਸਿੰਘ ਦਾ ਸਾਮਾਨ ਰਲ ਮਿਲ ਗਿਆ ਸੀ। ਠਾਕਰ ਸਿੰਘ ਦੀਆਂ ਸੋਨੇ ਦੀਆਂ ਦੋ ਛਾਪਾਂ ਗੁੰਮ ਸਨ। ਸ਼ਿਵਦਿਆਲ ਦਾ ਸ਼ੇਵਿੰਗ ਦਾ ਸਾਮਾਨ ਹੈ ਨਹੀਂ ਸੀ। ਉਸ ਨੇ ਚੈਨਚਇਆ ਦਾ ਸਾਮਾਨ ਮੰਗ ਕੇ ਸ਼ੇਵ ਕੀਤੀ। ਚੈਟਰਜੀ ਦਾ ਸਾਮਾਨ ਸਾਬਤ ਸਬੂਤ ਸੀ। ਚੈਨਚਇਆ, ਸ਼ਿਵਦਿਆਲ ਤੇ ਚੈਟਰ ਜੀ ਦੇ ਸਿਰਾਂ ਦੇ ਵਾਲ ਵੀ ਕਾਫੀ ਲੰਮੇ ਹੋ ਗਏ ਸਨ। ਉਨ੍ਹਾਂ ਤਿੰਨਾਂ ਆਪਸ ਵਿੱਚ ਇੱਕ ਦੂਜੇ ਦੇ ਸਿਰਾਂ ਦੇ ਵਾਲ ਵੀ ਛੋਟੇ ਕੀਤੇ।

ਜਦ ਉਹ ਨਹਾ ਧੋ ਕੇ ਤਿਆਰ ਹੋਏ ਤਾਂ ਉਨ੍ਹਾਂ ਨੂੰ ਇਉਂ ਜਾਪਿਆ ਜਿਵੇਂ ਉਹ ਆਪਣੇ ਆਪ ਵਿੱਚ ਆ ਗਏ ਹੋਣ। ਭਾਈ ਸਾਹਬ ਨੇ ਚੈਨਚਇਆ ਦੇ ਨਿੱਕੇ ਜਿਹੇ ਸ਼ੀਸ਼ੇ ਨੂੰ ਸਾਹਮਣੇ ਰੱਖ ਕੇ ਦਸਤਾਰ ਸਜਾਈ। ਉਨ੍ਹਾਂ ਦੀਆਂ ਅੱਖਾਂ ਪਰਮਾਤਮਾ ਦੇ ਸ਼ੁਕਰਾਨੇ ਵਿੱਚ ਸੱਜਲ ਹੋ ਆਈਆਂ। ਚੈਨਚਇਆ ਉਨ੍ਹਾਂ ਦੇ ਚਿਹਰੇ ਵੱਲ ਇੱਕ ਟੱਕ ਵੇਖੀ ਜਾ ਰਿਹਾ ਸੀ। ਭਾਈ ਸਾਹਬ ਨੇ ਆਕਾਸ਼ ਵੱਲ ਅੱਖਾਂ ਚੁੱਕੀਆਂ ਤੇ ਫਿਰ ਮੁੰਦ ਲਈਆਂ। ਚੈਨਚਇਆ ਆਪਣੇ ਮਨ ਵਿੱਚ ਸੋਚ ਰਿਹਾ ਸੀ ਕਿ ਉਹ ਕਿੰਨੇ ਭਾਗਾਂ ਵਾਲਾ ਹੈ ਜਿਸ ਨੂੰ ਅਜਿਹੇ ਜੋਧੇ ਦੀ ਸੰਗਤ ਪ੍ਰਾਪਤ ਹੋਈ ਹੈ।

ਦੁਪਹਿਰਾਂ ਹੋਣ ਵਾਲੀਆਂ ਸਨ। ਉਨ੍ਹਾਂ ਖਾਣਾ ਬਣਾਉਣ ਤੋਂ ਪਹਿਲੋਂ, ਬੰਦੇ ਦੀਆਂ ਉਂਗਲਾਂ ਜਿੰਨੇ ਜਿੰਨੇ ਮਲਾਈ-ਕੇਲੇ ਗੱਜ ਕੇ ਖਾਧੇ। ਭਾਈ ਸਾਹਬ ਨੇ ਕੜਾਹ ਪ੍ਰਸ਼ਾਦ ਤਿਆਰ

ਕੀਤਾ। ਸ਼ਿਵਦਿਆਲ ਨੇ ਖੀਰ ਬਣਾਈ। ਚੈਟਰਜੀ ਨੇ ਚਾਵਲ ਉਬਾਲੇ। ਚੈਨਚਇਆ ਨੇ ਆਲੂ ਉਬਾਲ ਕੇ ਤੜਕਾ ਲਾਇਆ। ਠਾਕਰ ਸਿੰਘ ਨੇ ਪ੍ਰਾਉਂਠੇ ਬਣਾਏ। ਜਦ ਸਾਰਾ ਖਾਣਾ ਤਿਆਰ ਹੋ ਗਿਆ ਤਾਂ ਭਾਈ ਸਾਹਬ ਨੇ ਅਰਦਾਸਾ ਸੋਧਿਆ। ਸਭ ਨੇ ਮਨ ਭਰ ਕੇ ਖਾਣਾ ਖਾਧਾ।

ਉਹ ਸੁਸਤਾਉਣ ਲਈ ਇੱਕ ਰੁੱਖ ਦੀ ਛਾਵੇਂ ਬੈਠੇ ਗੱਲਾਂ ਕਰ ਰਹੇ ਸਨ। ਅੱਗੋਂ ਕੀ ਹੋਣ ਵਾਲਾ ਹੈ ਇਸ ਸੰਬੰਧ ਵਿੱਚ ਅੰਦਾਜ਼ੇ ਲਾ ਰਹੇ ਸਨ। ਜੋਧ ਸਿੰਘ ਦੇ ਅਚਾਨਕ ਗੁੰਮ ਹੋਣ ਕਰ ਕੇ ਉਨ੍ਹਾਂ ਦਾ ਸ਼ੱਕ ਪੱਕਾ ਹੋ ਚੁੱਕਾ ਸੀ ਕਿ ਉਸ ਸਭ ਭੇਤ ਖੋਲ੍ਹ ਦਿੱਤੇ ਹੋਣਗੇ। ਚੈਟਰਜੀ ਦਾ ਬੁਖਾਰ ਮੱਠਾ ਪੈ ਗਿਆ ਸੀ ਪਰ ਅਜੇ ਵੀ ਲੱਥਾ ਨਹੀਂ ਸੀ। ਉਹ ਬੜਾ ਕਮਜ਼ੋਰ ਹੋ ਗਿਆ ਸੀ। ਉਸ ਨੇ ਕਈ ਵਾਰੀ ਇਲਾਜ ਦੀ ਮੰਗ ਕੀਤੀ ਸੀ ਪਰ ਕਿਸੇ ਨੇ ਉਸ ਦੀ ਪਰਵਾਹ ਨਹੀਂ ਸੀ ਕੀਤੀ। ਭਾਈ ਸਾਹਬ ਨੇ ਦਫਤਰ ਸਾਹਮਣੇ ਰੁੱਕ ਕੇ ਮੇਜਰ ਦੇ ਆਰਡਰਲੀ ਨੂੰ ਕਿਹਾ ਕਿ ਚੈਟਰਜੀ ਵਾਸਤੇ ਜੇ ਕੁੱਝ ਨਹੀਂ ਤਾਂ ਕੁਨੈਨ ਜ਼ਰੂਰ ਮਿਲ ਜਾਣੀ ਚਾਹੀਦੀ ਹੈ। ਉਨ੍ਹਾਂ ਦੀ ਗੱਲ ਸੁਣ ਕੇ ਮੇਜਰ ਆਪ ਬਾਹਰ ਨਿੱਕਲ ਆਇਆ। ਭਾਈ ਸਾਹਬ ਨੂੰ ਆਪਣੇ ਦਫਤਰ ਅੱਗੇ ਖਲੋਤਾ ਵੇਖ ਕੇ ਉਹ ਬੜਾ ਖੁਸ਼ ਹੋ ਕੇ ਮਿਲਿਆ। ਉਸ ਦੇ ਮਨ ਵਿੱਚ ਆਈ ਕਿ ਸ਼ਾਇਦ ਉਹ ਢਿੱਲੇ ਪੈ ਕੇ ਉਸ ਦੇ ਦਫਤਰ ਕੋਈ ਈਨ ਮੰਨਣ ਆਏ ਹੋਣ। ਉਸ ਨੇ ਦਫਤਰ ਅੰਦਰ ਆਉਣ ਦਾ ਸੱਦਾ ਦਿੱਤਾ ਪਰ ਭਾਈ ਸਾਹਬ ਨੇ ਉਸ ਦੀ ਗੱਲ ਅਣਸੁਣੀ ਕਰਕੇ ਚੈਟਰਜੀ ਲਈ ਕੁਨੈਨ ਦੀ ਮੰਗ ਕੀਤੀ। ਉਸ ਨੇ ਉੱਤਰ ਦਿੱਤਾ—"ਜੇ ਉਸ ਨੂੰ ਲੋੜ ਹੈ ਤਾਂ ਉਹ ਆਪ ਆ ਕੇ ਲੈ ਜਾਵੇ। ਮੇਰੇ ਪਾਸ ਕੁਨੈਨ ਬਹੁਤ ਪਈ ਹੈ।"

ਚੈਟਰਜੀ ਮੇਜਰ ਪਾਸੋਂ ਕੁਨੈਨ ਲੈਣ ਲਈ ਗਿਆ। ਉਸ ਨੇ ਚਿੱਕ ਚੁੱਕ ਕੇ ਉਸ ਨੂੰ ਅੰਦਰ ਵਾੜ ਲਿਆ। ਅੱਧਾ ਘੰਟਾ ਲੰਘ ਗਿਆ। ਇੱਕ ਘੰਟਾ ਲੰਘ ਗਿਆ। ਚੈਟਰਜੀ ਵਾਪਸ ਨਾ ਆਇਆ। ਭਾਈ ਸਾਹਬ ਤੇ ਚੈਨਚਇਆ ਕਈ ਦਿਨਾਂ ਤੋਂ ਉਸ ਦੀ ਸਰੀਰਕ ਹਾਲਤ ਤੇ ਮਨ ਦੀ ਢਹਿੰਦੀ ਕਲਾ ਨੂੰ ਭਾਪਦੇ ਚਲੇ ਆ ਰਹੇ ਸਨ। ਉਨ੍ਹਾਂ ਨੂੰ ਕੁੱਝ ਤੌਖਲਾ ਹੋਣ ਲੱਗਾ। ਉਨ੍ਹਾਂ ਆਪਸ ਵਿੱਚ ਗੱਲਾਂ ਕਰਦਿਆਂ ਇਹ ਫੈਸਲਾ ਕੀਤਾ ਕਿ ਜੇ ਚੈਟਰਜੀ ਫਾਇਰਿੰਗ-ਸੁਕੈਡ ਦੇ ਮਾਹਮਣੇ ਖਲੋਣ ਦੀ ਹਿੰਮਤ ਕਰ ਸਕਦਾ ਹੈ ਤਾਂ ਅਜਿਹਾ ਕੋਈ ਕਾਰਨ ਨਹੀਂ ਕਿ ਉਹ ਉਸ ਉੱਤੇ ਸ਼ੱਕ ਕਰਨ ਲੱਗ ਪੈਣ।

ਲਹੁਡਾ ਵੇਲਾ ਹੋ ਗਿਆ। ਭਾਈ ਸਾਹਬ ਨੇ ਕਿਹਾ—"ਭਾਈ ਠਾਕਰ ਸਿੰਘ ਜੀ! ਚੈਟਰਜੀ ਅਜੇ ਤੱਕ ਨਹੀਂ ਮੁੜਿਆ। ਮੇਰੀ ਚਿੰਤਾ ਵੱਧ ਰਹੀ ਐ।"

"ਸਿੰਘ ਸਾਹਿਬ! ਚਿੰਤਾ ਦੀ ਕੋਈ ਗੱਲ ਨਹੀਂ। ਹੋ ਸਕਦਾ ਐ ਕਿ ਮੇਜਰ ਨੇ ਕਿਸੇ ਡਾਕਟਰ ਨੂੰ ਸਦਿਆ ਹੋਵੇ ਤੇ ਉਹਨੂੰ ਔਣ 'ਚ ਦੇਰ ਲੱਗ ਗਈ ਹੋਵੇ।"

ਚੈਨਚਇਆ, ਉਠ ਕੇ ਮੇਜਰ ਦੇ ਦਫਤਰ ਦੇ ਨੇੜੇ ਟਹਿਲਣ ਲੱਗ ਪਿਆ। ਇੱਕ ਗੋਰਾ ਫੌਜੀ ਚਿੱਕ ਚੁੱਕ ਕੇ ਅੰਦਰ ਗਿਆ। ਚੈਨਚਇਆ ਨੇ ਵੇਖ ਲਿਆ। ਨਾ ਮੇਜਰ ਸੀ ਆਪਣੇ ਦਫਤਰ ਵਿੱਚ ਤੇ ਨਾ ਹੀ ਚੈਟਰਜੀ ਸੀ ਉੱਥੇ। ਉਸ ਦਾ ਦਿਲ ਹਿੱਲ ਗਿਆ। ਉਸ ਨੇ ਛੇਤੀ ਛੇਤੀ ਤੁਰ ਕੇ ਭਾਈ ਸਾਹਬ ਨੂੰ ਆ ਦੱਸਿਆ। ਭਾਈ ਸਾਹਬ ਨੇ ਕਿਹਾ—"ਭਾਣਾ ਵਰਤ ਗਿਐ। ਚੈਟਰਜੀ ਦਿਲ ਛੱਡ ਗਿਐ।" ਭਾਈ ਸਾਹਬ ਉੱਠ ਕੇ ਆਪਣੀ ਕੋਠੜੀ ਵੱਲ ਤੁਰ ਪਏ। ਮੇਜਰ

ਨੇ ਨੇੜੇ ਦੀ ਇੱਕ ਬਾਰਕ ਵਿੱਚੋਂ ਨਿਕਲਦਿਆਂ ਭਾਈ ਸਾਹਬ ਦੇ ਕੋਲ ਆ ਕੇ ਖੁਸ਼ੀ ਭਰੇ ਅੰਦਾਜ਼ ਵਿੱਚ ਦੱਸਿਆ—"ਸੁਕੁਮਾਰ ਚੈਟਰਜੀ ਨੇ ਆਪਣੀ ਮਰਜ਼ੀ ਨਾਲ ਮੈਨੂੰ ਸਭ ਕੁੱਝ ਦਸ ਦਿੱਤਾ ਹੈ।" ਉਸ ਨੇ ਇੱਕ ਗੋਰੇ ਸੰਤਰੀ ਨੂੰ ਹੁਕਮ ਦਿੱਤਾ ਕਿ ਚੈਟਰਜੀ ਦੀ ਕੋਠੀ ਵਿੱਚੋਂ ਉਸ ਦਾ ਸਾਰਾ ਸਾਮਾਨ ਇਕੱਠਾ ਕਰ ਕੇ ਉਸ ਦੇ ਦਫਤਰ ਵਿੱਚ ਪਹੁੰਚਾ ਦੇਵੇ।

੪੬

ਅੱਧੀ ਰਾਤ ਸੀ। ਪੂਰਨ ਮਾਸ਼ੀ ਤੋਂ ਕੁੱਝ ਦਿਨ ਪਹਿਲੋਂ ਦਾ ਚੰਨ ਚਮਕ ਰਿਹਾ ਸੀ। ਤਾਰੇ ਜਗਮਗ ਜਗਮਗ ਕਰ ਰਹੇ ਸਨ। ਮਿਲਟਰੀ ਦੇ ਪਹਿਰੇ ਵਿੱਚ ਭਾਈ ਸਾਹਬ, ਚੈਨਚਇਆ, ਠਾਕਰ ਸਿੰਘ ਤੇ ਸ਼ਿਵਦਿਆਲ ਸਮੁੰਦਰੀ ਘਾਟ ਵੱਲ ਜਾ ਰਹੇ ਸਨ। ਘਾਟ ਉੱਤੇ ਪਹੁੰਚਣ ਸਾਰ ਉਨ੍ਹਾਂ ਕੁੱਝ ਹਿੰਦੁਸਤਾਨੀ ਚੇਹਰੇ ਵੇਖੇ। ਉਹ ਵੀ ਮਿਲਟਰੀ ਦੇ ਪਹਿਰੇ ਵਿੱਚ ਸਨ। ਉਹ ਆਪਸ ਵਿੱਚ ਇੱਕ ਦੂਜੇ ਵੱਲ ਵੇਖਦੇ ਰਹੇ। ਕਿਸੇ ਦੀ ਕਿਸੇ ਨੂੰ ਪਛਾਣ ਨਹੀਂ ਸੀ। ਭਾਈ ਸਾਹਬ ਤੇ ਉਨ੍ਹਾਂ ਦੇ ਸਾਥੀ, ਜੋਧ ਸਿੰਘ ਤੇ ਚੈਟਰਜੀ ਦੇ ਚਿਹਰੇ ਲੱਭ ਰਹੇ ਸਨ। ਜਹਾਜ਼ ਚੜ੍ਹਨ ਤੱਕ ਉਹ ਦੋਵੇਂ ਉਨ੍ਹਾਂ ਨੂੰ ਕਿਧਰੇ ਨਾ ਦਿੱਸੇ। ਭਾਈ ਸਾਹਬ ਨੇ ਆਪਣੀ ਦਰੀ, ਡੈੱਕ ਉੱਤੇ ਵਿਛਾਂਦਿਆਂ ਸਾਰ, ਨਿੱਕਾ ਜਿਹਾ ਸਿਰਹਾਣਾ ਸਿਰ ਹੇਠਾਂ ਰੱਖ ਕੇ ਲੇਟ ਕੇ ਅਕਾਸ਼ ਵੱਲ ਤੱਕਣਾ ਆਰੰਭ ਦਿੱਤਾ। ਉਨ੍ਹਾਂ ਦਾ ਮਨ ਦੇਸ਼ਾਂ ਪਰਦੇਸਾਂ ਦੀਆਂ ਉਡਾਰੀਆਂ ਲਾਉਣ ਲੱਗਾ। ਉਹ ਕਰਤਾਰ ਸਿੰਘ ਨਵਾਂ ਚੰਦ ਤੇ ਆਪਣੇ ਪਰਵਾਰ ਦੇ ਖਿਆਲਾਂ ਵਿੱਚ ਰੁੱਝ ਗਏ। ਚੈਨਚਇਆ ਨੇ ਉਨ੍ਹਾਂ ਦੇ ਖੱਬੇ ਪਾਸੇ ਨੰਗੇ ਡੈੱਕ ਉੱਤੇ ਲੇਟਦਿਆਂ ਕਿਹਾ – "ਇਨ੍ਹਾਂ ਦੋਹਾਂ ਵਿੱਚੋਂ ਇੱਕ ਮੈਨੂੰ ਯੂਪੀ ਦਾ ਜਾਪਦਾ ਹੈ। ਮੈਂ ਉਸ ਨੂੰ ਗੱਲਾਂ ਕਰਦਿਆਂ ਸੁਣਿਆ ਹੈ।"

"ਠੀਕ ਹੈ। ਬਾਕੀ ਤਿੰਨੇ ਪੰਜਾਬੀ ਹਨ।"

"ਪਤਾ ਕਰਨਾ ਚਾਹੀਦਾ ਹੈ ਇਨ੍ਹਾਂ ਬਾਰੇ।"

"ਦਿਨ ਚੜ੍ਹੇ ਆਪੇ ਪਤਾ ਚਲ ਜਾਏਗਾ। ਮੇਰਾ ਖਿਆਲ ਹੈ ਕਿ ਜਹਾਜ਼ ਵਿੱਚ ਸਾਡੇ ਨਾਲ ਭੈੜਾ ਸਲੂਕ ਨਹੀਂ ਕਰਨ ਲੱਗੇ। ਆਪਸ ਵਿੱਚ ਮਿਲਣ ਦੀ ਮਨਾਹੀ ਵੀ ਨਹੀਂ ਕਰਨ ਲੱਗੇ।"

ਸਾਰੀ ਰਾਤ ਗੁਮਕ ਗੁਮਕ ਹਵਾ ਵਗਦੀ ਰਹੀ। ਠਾਕਰ ਸਿੰਘ ਤੇ ਸ਼ਿਵਦਿਆਲ ਇੱਕ ਚਾਦਰ ਵਿਛਾ ਕੇ ਘੂਕ ਸੁੱਤੇ ਪਏ ਸਨ। ਚੈਨਚਇਆ ਨੰਗੇ ਡੈੱਕ ਉੱਤੇ ਪਸਲੇਟੇ ਮਾਰਦਾ ਰਿਹਾ। ਭਾਈ ਸਾਹਿਬ ਦੀ ਇੱਕ ਖਿਣ ਵੀ ਅੱਖ ਨਾਂ ਲੱਗੀ। ਉਹ ਅੰਮ੍ਰਿਤ ਵੇਲੇ ਉੱਠ ਕੇ ਚੌਂਕੜੀ ਮਾਰ ਕੇ ਬਾਣੀ ਪੜ੍ਹਨ ਲੱਗ ਪਏ। ਜਦ ਨਵੇਂ ਨਿਕਲੇ ਸੂਰਜ ਦੀਆਂ ਕਿਰਨਾਂ ਉਨ੍ਹਾਂ ਦੇ ਚਿਹਰੇ ਉੱਤੇ ਪਈਆਂ ਤਾਂ ਉਨ੍ਹਾਂ ਦਾ ਚਿਹਰਾ ਚਮਕ ਉੱਠਿਆ। ਉਨ੍ਹਾਂ ਨੇ ਅੱਖਾਂ ਖੋਲ੍ਹੀਆਂ। ਆਕਾਸ਼ ਵੱਲ ਦੋਵੇਂ ਹੱਥ ਕਰ ਕੇ ਸ਼ੁਕਰਾਨਾ ਕੀਤਾ।

ਜਦ ਉਨ੍ਹਾਂ ਸੱਜੇ ਪਾਸੇ ਤੱਕਿਆ ਤਾਂ ਅਣ ਪਛਾਣੇ ਇੱਕ ਹਿੰਦੁਸਤਾਨੀ ਨੂੰ ਆਪਣੇ ਕੋਲ ਬੈਠਾ ਵੇਖ ਕੇ ਖੁਸ਼ ਹੋ ਗਏ। ਉਸ ਨੇ ਅੱਗੋਂ ਹੱਥ ਜੋੜ ਕੇ ਪੁੱਛਿਆ—"ਤੁਸੀਂ ਭਾਈ ਬਲਵੰਤ ਸਿੰਘ ਓ ਕਨੇਡਾ ਵਾਲੇ?"

ਭਾਈ ਸਾਹਬ ਨੇ ਸਿਰ ਹਾਂ ਵਿੱਚ ਹਿਲਾ ਕੇ ਜੁਆਬ ਦਿੱਤਾ—"ਤੁਸੀਂ ਠੀਕ ਬੁਝਿਐ।"

"ਮੇਰਾ ਨਾਮ ਹਰਨਾਮ ਸਿਹੁੰ ਐ। ਧੰਨ ਭਾਗ ਐ ਸਾਡੇ। ਤੁਹਾਡੇ ਦਰਸ਼ਨ ਹੋ ਗਏ।"

"ਭਾਈ ਹਰਨਾਮ ਸਿੰਘ ਜੀ! ਤੁਸੀਂ ਵੀ ਫੌਜੀ ਪਹਿਰੇ ਵਿੱਚ ਹੋ?"

"ਜੀ ਹਾਂ। ਮੇਰੇ ਨਾਲ ਹਰਚਰਨ ਦਾਸ, ਗੰਭੀਰ, ਯੂਪੀ ਵਾਲਾ ਤੇ ਮੰਗੂ ਗੜ੍ਹ ਸੰਕਰੀਆ ਤਿੰਨ ਹੋਰ ਬੰਦੇ ਐ। ਆਸਾਂ ਤੁਹਾਨੂੰ ਵੇਖਣ ਸਾਰ ਪਛਾਣ ਕੱਢ ਲਈ ਸੀ।"

"ਮੇਰੇ ਨਾਲ ਦਰਸੀ ਚੈਨਚਇਆ, ਠਾਕਰ ਸਿੰਘ ਤੇ ਸ਼ਿਵਦਿਆਲ ਤਿੰਨ ਜਣੇ ਹੋਰ ਐ।"

"ਅਸਾਂ ਵੇਖ ਲਏ ਐ। ਇੱਕ ਤਾਂ ਮਦਰਾਸੀ ਲਗਦੈ।"

"ਭਾਈ ਹਰਨਾਮ ਸਿੰਘ ਜੀ! ਤੁਸੀਂ ਕਿਵੇਂ ਫੜੇ ਗਏ? ਕੀ ਜੁਰਮ ਐ ਤੁਹਾਡਾ?"

"ਜੀ! ਰਾਮ ਚੰਦ ਬਾਹਮਣ ਨੇ ਸਾਨੂੰ ਤੇਲ ਵਾਲੇ ਜਹਾਜ਼ ਤੇ ਭੇਜਿਆ ਸੀ। ਅਸੀਂ ਬਤਾਵੀਏ ਜਾ ਲੱਗੇ। ਜਰਮਨਾਂ ਨੂੰ ਜਾ ਮਿਲੇ। ਫੇਰ ਸਾਡਾ ਜਹਾਜ਼ ਗੋਰਿਆਂ ਫੜ ਲਿਆ। ਜਰਮਨਾਂ ਸਾਡੀਆਂ ਜ਼ਮਾਨਤਾਂ ਦੇ ਦਿੱਤੀਆਂ। ਬਦੋਵਾਲੀਆ ਹਰੀ ਸਿਹੁੰ ਵਿੱਚੋਂ ਹੀ ਨੱਸ ਗਿਆ। ਸਾਨੂੰ ਤੇ ਜਰਮਨਾਂ ਨੂੰ ਫੜ ਕੇ ਗੋਰੇ ਸਿੰਘਾਪੁਰ ਨੂੰ ਲੈ ਤੁਰੇ। ਕਈ ਮਹੀਨੇ ਨਰਕੀ ਕੋਠੀਆਂ 'ਚ ਡੱਕੀ ਰੱਖਿਐ ਗੋਰਿਆਂ। ਸਾਨੂੰ ਇਹ ਅਵਾਈ ਮਿਲੀ ਸੀ ਕਿ ਮਿਰਕਣ ਤੋਂ ਆਏ ਹੋਰ ਬੰਦੇ ਵੀ ਡੱਕੇ ਹੋਏ ਐ ਏਥੇ ਗੋਰਿਆਂ।"

ਏਨੇ ਨੂੰ ਉਸ ਦੇ ਤਿੰਨੇ ਸਾਥੀ ਹੱਥ ਜੋੜ ਕੇ ਭਾਈ ਸਾਹਬ ਪਾਸ ਆ ਬੈਠੇ। ਹੌਲੀ ਹੌਲੀ ਦਰਸੀ ਚੈਨਚਇਆ, ਠਾਕਰ ਸਿੰਘ ਤੇ ਸ਼ਿਵਦਿਆਲ ਵੀ ਤਿਆਰ ਹੋ ਕੇ ਉਥੇ ਆ ਜੁੜੇ। ਸੂਰਜ ਚਮਕ ਰਿਹਾ ਸੀ ਪਰ ਨਾਲ ਹੀ ਹਵਾ ਵੀ ਰੁਮਕ ਰੁਮਕ ਵਗ ਰਹੀ ਸੀ। ਚਿੱਟੇ ਚਿੱਟੇ ਸਮੰਦਰੀ ਪੰਛੀ ਉਨ੍ਹਾਂ ਦੇ ਜਹਾਜ਼ ਦੇ ਨਾਲ ਨਾਲ ਉਡਦੇ ਦਿੱਸ ਰਹੇ ਸਨ। ਉਹ ਅੱਠੇ ਇੱਕ ਦੂਜੇ ਬਾਰੇ ਜਾਣਨ ਲਈ ਉਤਾਵਲੇ ਹੋ ਕੇ ਗੱਲਾਂ ਪੁੱਛ ਦੱਸ ਰਹੇ ਸਨ। ਸ਼ਿਵਦਿਆਲ ਤੇ ਠਾਕਰ ਸਿੰਘ ਅਮਰੀਕਾ ਤੋਂ ਨਹੀਂ ਸਨ ਆਏ। ਉਹ ਕੰਨ ਲਾ ਕੇ ਬਾਕੀ ਸਭ ਦੀਆਂ ਗੱਲਾਂ ਸੁਣਦੇ ਰਹੇ। ਹਰਚਰਨ ਦਾਸ ਨੇ ਦੱਸਿਆ—"ਸਾਨੂੰ ਅਵਾਈ ਮਿਲੀ ਸੀ ਕਿ ਸਾਡੇ ਨਾਲੋਂ ਪਹਿਲੋਂ ਵੀ ਕਈ ਕੈਦੀ, ਗੋਰਿਆਂ ਸਿੰਘਾਪੁਰ ਲਿਆਂਦੇ ਸੀ। ਉਨ੍ਹਾਂ ਵਿੱਚ ਇੱਕ ਮਸ਼ਹੂਰ ਗਦਰੀ ਦਸੀਦਾ ਸੀ ਅਮਰ ਸਿਹੁੰ ਅੰਜੀਨੀਅਰ। ਕਹਿੰਦੇ ਐ ਸਿਆਮ ਤੋਂ ਫੜ ਕੇ ਲਿਆਏ ਸੀ ਤੇ ਬਰਮਾ ਨੂੰ ਲੈ ਗਏ।"

ਅਮਰ ਸਿੰਘ ਦੀ ਯਾਦ ਆਉਣ ਤੇ ਭਾਈ ਸਾਹਬ ਦਾ ਦਿਲ ਅਮਰ ਸਿੰਘ ਲਈ ਤੜਫ ਉੱਠਿਆ। ਉਹ ਨੀਵੀਂ ਪਾ ਕੇ ਕਈ ਚਿਰ ਮਨ ਹੀ ਮਨ ਵਿੱਚ ਅਮਰ ਸਿੰਘ ਨਾਲ ਗੱਲਾਂ ਕਰਦੇ ਰਹੇ। ਭਾਈ ਸਾਹਬ ਨੂੰ ਆਪਣੇ ਧਿਆਨ ਵਿੱਚ ਰੁਝਾ ਵੇਖ ਕੇ ਠਾਕਰ ਸਿੰਘ ਪੁੱਛਿਆ—"ਇਹ ਤਾਂ ਸਾਨੂੰ ਪਤੈ ਜਹਾਜ ਦੇਸ ਜਾ ਰਿਹੈ ਪਰ ਇਹ ਨਹੀਂ ਪਤਾ ਕਿ ਕਿਹੜੀ ਬੰਦਰਗਾਹ ਨੂੰ ਪਹਿਲਾਂ ਲੱਗੂ।"

ਮੰਗੂ ਬੋਲ ਪਿਆ "ਮੈਨੂੰ ਪਤੈ! ਆਪਾਂ ਪੀਨਾਂਗ ਜਾ ਕੇ ਲੱਗਾਂਗੇ।"

"ਪੀਨਾਂਗ ਦਾ ਸ਼ਬਦ ਸੁਣ ਕੇ ਭਾਈ ਸਾਹਬ ਨੇ ਮੰਗੂ ਦੇ ਚਿਹਰੇ ਉੱਤੇ ਨਜ਼ਰ ਸੁੱਟ ਕੇ ਫਿਰ ਨੀਵੀਂ ਪਾ ਲਈ। ਉਨ੍ਹਾਂ ਦਾ ਮਨ ਘੋੜੇ ਦੌੜਾਂਦਾ ਪਿੰਡ ਜਾ ਵੜਿਆ। ਉਨ੍ਹਾਂ ਨੂੰ ਆਪਣਾ ਸਾਰਾ

ਪਿੰਡ ਸੁੰਨਸਾਨ ਦਿੱਸਿਆ। ਮਨ ਤਰਲੇ ਮੱਛੀ ਹੋਣ ਲੱਗਾ। ਉਹ ਸਾਰਾ ਜੋਰ ਲਾ ਕੇ ਆਪਣੀ ਪਤਨੀ ਤੇ ਬੱਚਿਆਂ ਦੇ ਚਿਹਰੇ ਆਪਣੀਆਂ ਅੱਖਾਂ ਅੱਗੇ ਲਿਆਉਣ ਲੱਗੇ ਪਰ ਕੋਈ ਵੀ ਚਿਹਰਾ ਸਾਬਤ ਸਬੂਤ ਨਾ ਦਿੱਸੇ। ਉਨ੍ਹਾਂ ਇੱਕ ਝਟਕਾ ਮਾਰ ਕੇ ਸਿਰ ਛੰਡਿਆ। ਉਨ੍ਹਾਂ ਦੀ ਦਸਤਾਰ ਢਿੱਲੀ ਹੋ ਗਈ। ਉਨ੍ਹਾਂ ਨੇ ਦਸਤਾਰ ਖੋਲ੍ਹ ਕੇ ਫਿਰ ਬੱਧੀ। ਉਨ੍ਹਾਂ ਦੇ ਕੋਲ ਬੈਠੇ ਨਵੇਂ ਆਏ ਕੈਦੀ ਉਨ੍ਹਾਂ ਵੱਲ ਤਕ ਰਹੇ ਸਨ ਪਰ ਉਹ ਦੂਰ ਕਿਧਰੇ ਉਡਾਰੀਆਂ ਲਾ ਰਹੇ ਸਨ।

ਜਹਾਜ਼ ਆਪਣੀ ਚਾਲੇ ਤੁਰਿਆ ਜਾ ਰਿਹਾ ਸੀ। ਧੁੱਪ ਵੱਧ ਰਹੀ ਸੀ। ਅਜੇ ਤੱਕ ਸ਼ਾਹ ਵੇਲੇ ਦਾ ਪ੍ਰਬੰਧ ਨਹੀਂ ਸੀ ਹੋਇਆ। ਉਨ੍ਹਾਂ ਦੇ ਰਾਖੇ ਸ਼ਰਪਸ਼ਾਇਰ ਰਜਮੰਟ ਦੇ ਛੇ ਗੋਰੇ ਫੌਜੀ ਅਜੇ ਸੁੱਤੇ ਹੀ ਉੱਠੇ ਸਨ। ਉਨ੍ਹਾਂ ਵਿੱਚੋਂ ਇੱਕ ਨੇ ਟੁੱਟੀ ਫੁੱਟੀ ਉਰਦੂ ਵਿੱਚ ਉੱਚੀ ਸਾਰੀ ਵਾਜ ਮਾਰ ਕੇ ਪੁੱਛਿਆ—"ਰਾਸ਼ਨ ਮਾਂਗਟਾ ? ਆਓ ! ਹਮ ਡੇਗਾ।"

ਠਾਕਰ ਸਿੰਘ ਉੱਠਿਆ ਹੀ ਸੀ ਕਿ ਉਸ ਦੇ ਨਾਲ ਸ਼ਿਵਦਿਆਲ ਵੀ ਤੁਰ ਪਿਆ। ਉਸ ਫੌਜੀ ਨੇ ਜਹਾਜ਼ ਦੇ ਇੱਕ ਕਮਰੇ ਦੀ ਚਾਬੀ ਸ਼ਿਵਦਿਆਲ ਨੂੰ ਫੜਾਂਦਿਆਂ ਕਿਹਾ—"ਟੁਮ ਰੱਖੋ ! ਪਕਾਓ ਖਾਓ।" ਠਾਕਰ ਸਿੰਘ ਤੇ ਸ਼ਿਵ ਦਿਆਲ ਦੇ ਚਿਹਰੇ ਖਿੜ ਗਏ। ਉਨ੍ਹਾਂ ਫੋਲ ਕੇ ਵੇਖਿਆ। ਹਰ ਕਿਸਮ ਦਾ ਰਾਸ਼ਨ ਮੌਜੂਦ ਸੀ। ਬਸ ਫਲਾਂ ਤੇ ਸਬਜ਼ੀ ਦਾ ਘਾਟਾ ਸੀ। ਆਲੂਆਂ ਤੇ ਪਿਆਜ਼ਾਂ ਦੇ ਬੋਰੇ ਪਏ ਮਨ।

ਉਹ ਪਹਿਲਾ ਖਾਣਾ ਪਕਾਂਦਿਆਂ ਖਾਂਦਿਆਂ ਹੀ ਸਭ ਘੁਲ ਮਿਲ ਗਏ। ਜਦ ਚਾਹ ਬਣੀ ਤਾਂ ਜਾ ਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਦੁੱਧ ਤੋਂ ਬਿਨਾਂ ਹੀ ਪੀਣੀ ਪਵੇਗੀ। ਉਨ੍ਹਾਂ ਨੂੰ ਇੱਕ ਦੂਜੇ ਨੂੰ ਮਿਲ ਕੇ ਇਉਂ ਪ੍ਰਤੀਤ ਹੋ ਰਿਹਾ ਸੀ ਕਿ ਉਹ ਰਲ ਮਿਲ ਕੇ ਆਪੋ ਆਪਣੇ ਘਰ ਜਾ ਰਹੇ ਹੋਣ। ਉਨ੍ਹਾਂ ਦੋਹਾਂ ਵੇਲਿਆਂ ਦਾ ਖਾਣਾ ਇੱਕੋ ਵਾਰੀ ਪਕਾ ਲਿਆ ਸੀ। ਜਦ ਤਰਕਾਲਾਂ ਹੋਈਆਂ ਤਾਂ ਉਹ ਸਭ ਇਕੱਠੇ ਹੋ ਬੈਠੇ। ਸਭ ਦੇ ਮਨਾਂ ਵਿੱਚ ਚਿੰਤਾ ਜ਼ਰੂਰ ਸੀ ਪਰ ਉਨ੍ਹਾਂ ਦੇ ਚਿਹਰਿਆਂ ਤੋਂ ਉਨ੍ਹਾਂ ਦੀ ਚਿੰਤਾ ਦਾ ਕੋਈ ਪ੍ਰਗਟਾਵਾ ਨਹੀਂ ਸੀ ਹੋ ਰਿਹਾ।

ਜਦ ਉਨ੍ਹਾਂ ਦੇ ਰਾਖੇ ਫੌਜੀ ਉਨ੍ਹਾਂ ਪਾਸੋਂ ਲੰਘਦੇ ਤਾਂ ਸੀਟੀਆਂ ਮਾਰਦੇ, ਅੱਖਾਂ ਮਾਰਦੇ, ਖੁਸ਼ੀ ਖੁਸ਼ੀ ਲੰਘ ਜਾਂਦੇ। ਕਦੇ ਕਦੇ ਉਹ ਕੋਈ ਨਾ ਕੋਈ ਮਖੌਲ ਵੀ ਕਰ ਜਾਂਦੇ। ਰਾਤ ਪਈ ਸਮੁੰਦਰ ਵਿੱਚ ਨਿੱਕੇ ਜਿਹੇ ਤੁਫਾਨ ਕਰ ਕੇ ਜਹਾਜ਼ ਕੁੱਝ ਡੋਲਣ ਲੱਗ ਪਿਆ। ਸਭ ਲੋਕ ਆਪੋ ਆਪਣੀ ਥਾਂ ਟਿੱਕ ਗਏ ਪਰ ਗੋਰੇ ਫੌਜੀ ਨਸ਼ਾ ਪੀ ਕੇ ਅੱਧੀ ਰਾਤ ਤੱਕ ਖਰਮਸਤੀਆਂ ਕਰਦੇ ਰਹੇ। ਉਹ ਕੈਦੀਆਂ ਵੱਲੋਂ ਬਿਲਕੁਲ ਨਿਸ਼ਚਿੰਤ ਸਨ। ਉਹ ਜਾਣਦੇ ਸਨ ਕਿ ਸਮੁੰਦਰ ਵਿੱਚ ਛਾਲ ਮਾਰ ਕੇ ਕੋਈ ਵੀ ਕੰਢੇ ਤੱਕ ਨਹੀਂ ਜਾ ਸਕਦਾ। ਦੂਜੇ ਦਿਨ ਤੜਕੇ ਹੀ ਜਹਾਜ਼ ਖੜਾ ਹੋ ਗਿਆ। ਦੂਰੋਂ ਸ਼ਹਿਰ ਦਿੱਸਣ ਲੱਗ ਪਿਆ। ਭਾਈ ਸਾਹਬ ਨੇ ਅੰਦਾਜ਼ਾ ਲਾ ਲਿਆ ਕਿ ਉਹ ਪੀਨਾਂਗ ਪਹੁੰਚ ਗਏ ਹਨ।

ਸਾਰਾ ਦਿਨ ਜਹਾਜ਼ ਰੁਕਿਆ ਰਿਹਾ। ਚਾਰ ਫੌਜੀ ਬੇੜੀਆਂ ਲੈ ਕੇ ਸ਼ਹਿਰ ਨੂੰ ਚਲੇ ਗਏ। ਦੋ ਗੋਰੇ ਕਦੇ ਕਦੇ ਉਨ੍ਹਾਂ ਵੱਲ ਆ ਲੰਘਦੇ। ਜਦ ਚਾਰੇ ਫੌਜੀ ਸ਼ਹਿਰੋਂ ਮੁੜੇ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਪੰਜ ਵਜੇ ਤੋਂ ਪਿੱਛੋਂ ਹੋਰ ਮੁਸਾਫਰ ਚੜ੍ਹਨਗੇ ਤੇ ਰਾਤੀਂ ਅੱਠ ਵਜੇ ਜਹਾਜ਼ ਰੰਗੂਨ ਵੱਲ ਤੁਰੇਗਾ।

੪੭

ਸੂਰਜ ਡੁੱਬ ਚੁੱਕਾ ਸੀ ਪਰ ਅਜੇ ਵੀ ਦਿਨ ਦੀ ਰੌਸ਼ਨੀ ਕਾਫੀ ਸੀ । ਹਨੇਰਾ ਨਹੀਂ ਸੀ ਹੋਇਆ । ਸਾਰੇ ਕੈਦੀ ਖਿੱਲਰੇ ਪੁਲਰੇ ਹੋਏ ਸਨ । ਠਾਕਰ ਸਿੰਘ, ਦੋਵੇਂ ਕੂਹਣੀਆਂ ਜਹਾਜ਼ ਦੀ ਬਾਹੀ ਉੱਤੇ ਰੱਖ ਕੇ, ਬੋਟ ਵਿੱਚੋਂ ਉਤਰ ਕੇ, ਜਹਾਜ਼ ਵਿੱਚ ਚੜ੍ਹ ਰਹੇ, ਨਵੇਂ ਮੁਸਾਫਰਾਂ ਵੱਲ ਤਕ ਰਿਹਾ ਸੀ । ਉਨ੍ਹਾਂ ਮੁਸਾਫਰਾਂ ਵਿੱਚੋਂ ਉਸ ਦੀ ਨਜ਼ਰ ਇੱਕ ਸਿੱਖ ਮੁਸਾਫਿਰ ਉੱਤੇ ਜਾ ਟਿਕੀ । ਉਹ ਨੀਝ ਲਾ ਕੇ ਉਸ ਨੂੰ ਪਛਾਣਨ ਦਾ ਜਤਨ ਕਰਨ ਲੱਗਾ ਪਰ ਪਛਾਣ ਨਾ ਸਕਿਆ । ਉਸ ਮੁਸਾਫਰ ਨੇ ਠਾਕਰ ਸਿੰਘ ਨੂੰ ਵੇਖ ਕੇ ਪਹਿਲੀ ਨਜ਼ਰੇ ਹੀ ਪਛਾਣ ਲਿਆ ਸੀ ਪਰ ਉਹ ਇਸ ਸ਼ਸ਼ੋਪੰਜ ਵਿੱਚ ਸੀ ਕਿ ਇਹ ਠਾਕਰ ਸਿੰਘ ਨਹੀਂ ਹੋ ਸਕਦਾ । ਉਸ ਦੇ ਭਾਣੇ ਠਾਕਰ ਸਿੰਘ ਤਾਂ ਕਦੇ ਦਾ ਦੇਸ ਪਹੁੰਚ ਚੁੱਕਾ ਸੀ ।

ਨਵੇਂ ਆਏ ਸਿੱਖ ਮੁਸਾਫਰਾਂ ਨੇ ਡੈੱਕ ਉੱਤੇ ਇੱਕ ਨੁੱਕਰੇ ਆਪਣਾ ਸਾਮਾਨ ਟਿਕਾਅ ਕੇ ਉਸ ਦੀ ਪਛਾਣ ਕੱਢਣ ਦੀ ਸੋਚੀ । ਹਨੇਰਾ ਉਤਰਨ ਲੱਗ ਪਿਆ ਸੀ । ਫਿਰ ਵੀ ਉਸ ਨੇ ਭਾਈ ਬਲਵੰਤ ਸਿੰਘ ਹੋਰਾਂ ਨੂੰ ਇੱਕ ਨਜ਼ਰ ਨਾਲ ਹੀ ਪਛਾਣ ਲਿਆ । ਉਸ ਨੂੰ ਉਸੇ ਵੇਲੇ ਭਰੋਸਾ ਹੋ ਗਿਆ ਕਿ ਉਨ੍ਹਾਂ ਦੇ ਨਾਲ ਠਾਕਰ ਸਿੰਘ ਹੀ ਹੋਵੇਗਾ । ਉਹ ਦੌੜ ਕੇ ਭਾਈ ਸਾਹਬ ਦੇ ਗਲ ਜਾ ਲੱਗਾ । ਭਾਈ ਸਾਹਬ ਨੇ ਉਸ ਦੀ ਜੱਫੀ ਵਿੱਚੋਂ ਨਿਕਲਦਿਆਂ ਪੁੱਛਿਆ—"ਭਾਈ ਜੋਗਿੰਦਰ ਸਿੰਘ ਜੀ ! ਤੁਸੀਂ ਕਿੱਧਰ ?"

"ਜੀ ! ਮੈਂ ਤਾਂ ਕਈ ਮਹੀਨਿਆਂ ਦਾ ਸਿੰਘਾਪੁਰ ਰੁਕਿਆ ਰਿਹਾਂ । ਜਹਾਜ਼ ਹੀ ਨਾ ਮਿਲੇ ਦੇਸ ਦਾ ! ਅੱਕ ਕੇ ਪੇਰੇ ਨੂੰ ਆ ਗਿਆ । ਈਪੋ ਤੇ ਤੈਪਿੰਗ ਦੇ ਪੇਂਡੂਆਂ ਨੂੰ ਮਿਲਦਾ ਰਿਹਾ । ਓਥੋਂ ਵੀ ਅੱਕ ਕੇ ਪਿਲਾਂਗ ਗੁਰਦੁਆਰੇ ਆ ਬੈਠਾ । ਸੋਚਿਆ ਕਦੇ ਤਾਂ ਕੋਈ ਜਹਾਜ਼ ਮਿਲੂ ਹੀ ।"

ਏਨੇ ਨੂੰ ਠਾਕਰ ਸਿੰਘ ਨੇ ਜੋਗਿੰਦਰ ਸਿੰਘ ਨੂੰ ਪਿੱਛੋਂ ਜੱਫੀ ਆ ਪਾਈ । ਉਹ ਦੋਵੇਂ ਘੁੱਟ ਘੁੱਟ ਕੇ ਮਿਲੇ । ਉਸ ਨੇ ਪੁੱਛਿਆ—"ਤੁਹਾਨੂੰ ਦੋਹਾਂ ਨੂੰ ਵੇਖ ਕੇ ਮੈਨੂੰ ਬੜੀ ਹਰਿਆਨੀ ਹੋਈ ਐ । ਤੁਸੀਂ ਤਾਂ.....।"

ਉਸ ਦੀ ਗੱਲ ਵਿੱਚੋਂ ਹੀ ਫੜ ਕੇ ਠਾਕਰ ਸਿੰਘ ਨੇ ਕਿਹਾ—"ਚਲ ਪਹਿਲੋਂ ਤੇਰਾ ਸਮਾਨ ਏਥੇ ਹੀ ਲੈ ਆਈਏ । ਫੇਰ ਗੱਲਾਂ ਕਰਾਂਗੇ ।"

ਭਾਈ ਸਾਹਬ ਪੜ੍ਹ ਰਹੇ ਸਨ—"ਤੇਰੀ ਕੁਦਰਤ ਤੂੰ ਹੈ ਜਾਣੇ ਔਰ ਨਾ ਦੂਜਾ ਜਾਣੈ ।"

ਠਾਕਰ ਸਿੰਘ ਨੇ ਜੋਗਿੰਦਰ ਸਿੰਘ ਨੂੰ ਕੁੱਝ ਪੁੱਛਣਾ ਚਾਹਿਆ । ਉਸ ਨੇ ਵੇਖਿਆ ਕਿ ਜੋਗਿੰਦਰ ਸਿੰਘ ਉਸ ਨਾਲੋਂ ਵੀ ਕਾਹਲਾ ਪੈ ਰਿਹਾ ਸੀ । ਠਾਕਰ ਸਿੰਘ ਨੇ ਹੌਲੀ ਜਿਹੀ ਉਸ ਦੇ ਕੰਨ ਵਿੱਚ ਕਿਹਾ—"ਅਸੀਂ ਫੜੇ ਗਏ ਸਾਂ । ਗੋਰਿਆਂ ਦੇ ਕੈਦੀ ਆਂ । ਸਾਨੂੰ ਗੋਰੇ ਦੇਸ ਲਿਜਾ ਰਹੇ ਐ । ਬਾਕੀ ਗੱਲਾਂ ਫੇਰ ਕਰਾਂਗੇ ।"

ਜੋਗਿੰਦਰ ਸਿੰਘ ਡੌਰ ਭੌਰਾ ਹੋਇਆ ਠਾਕਰ ਸਿੰਘ ਦੇ ਮੂੰਹ ਵੱਲ ਤੱਕਦਾ ਰਹਿ ਗਿਆ । ਉਸ ਦੇ ਮੂੰਹੋਂ ਕੋਈ ਗੱਲ ਹੀ ਨਾ ਨਿਕਲੇ । ਉਸ ਦੀ ਹਰਾਨੀ ਵੇਖ ਕੇ ਠਾਕਰ ਸਿੰਘ ਫਿਰ ਬੋਲ

ਪਿਆ—"ਅਸੀਂ ਅੱਠ ਕੈਦੀ ਆਂ। ਹੁਣੇ ਮਿਲ ਪੈਣਗੇ ਸਾਰੇ ਤੈਨੂੰ। ਸਭ ਦੀ ਕਹਾਣੀ ਅੱਡੋ ਅੱਡ ਐ।"

ਜੋਗਿੰਦਰ ਸਿੰਘ ਨੇ ਆਪਣਾ ਬਿਸਤਰਾ ਚੁੱਕਿਆ ਹੋਇਆ ਸੀ। ਠਾਕਰ ਸਿੰਘ ਨੇ ਉਸਦਾ, ਟੀਨ ਦਾ ਵੱਡਾ ਪੀਪਾ ਚੁੱਕ ਲਿਆ। ਉਹ ਦੋਵੇਂ ਜਾ ਕੇ ਭਾਈ ਸਾਹਬ ਦੇ ਕੋਲ ਬੈਠ ਗਏ। ਭਾਈ ਸਾਹਬ ਨੇ ਪੁੱਛਿਆ—"ਤੁਸੀਂ ਸਿੰਘਾਪੁਰ ਰਹਿ ਕੇ ਆਏ ਹੋ। ਸਾਡੇ ਸੱਜਣਾਂ ਮਿੱਤਰਾ ਦੀ ਕੋਈ ਗੱਲ ਬਾਤ ਸੁਣਾਓ। ਸਭ ਸੁਖੀ ਤੇ ਰਾਜੀ ਬਾਜ਼ੀ ਹੋਣਗੇ।"

"ਜੀ! ਪੁੱਛੋ ਕੁੱਝ ਨਾਂਹ। ਆਪਣੇ ਫੌਜੀਆਂ ਨੇ ਗੋਰਿਆਂ ਦੀ ਉਹ ਡੰਡ ਲਾਹੀ ਜੋ ਗੋਰਿਆਂ ਦੀਆਂ ਪੁਸ਼ਤਾਂ ਵੀ ਯਾਦ ਰੱਖਣਗੀਆਂ। ਪਿੱਛੋਂ ਗੋਰਿਆਂ ਵੀ ਬੜੇ ਜ਼ੁਲਮ ਕੀਤੇ। ਫੜ ਫੜ ਕੇ ਨਿਹੱਥੇ ਲੋਕ ਗੋਲੀਆਂ ਨਾਲ ਉੜਾ ਦਿੱਤੇ। ਜੇ ਜਪਾਨੀ ਨਾਹ ਮਦਦ ਕਰਦੇ ਤਾਂ ਗੋਰਿਆਂ ਦਾ ਰਾਜ ਮੁੱਕ ਹੀ ਗਿਆ ਸੀ।" ਉਹ ਸਾਰਾ ਕੁੱਝ ਇੱਕੋ ਸਾਹ ਕਹਿ ਗਿਆ। ਜਦ ਇੱਕ ਫੌਜੀ ਗੋਰਾ ਉਹਨਾਂ ਕੋਲੋਂ ਲੰਘਿਆ ਤਾਂ ਉਹ ਅਚਾਨਕ ਹੀ ਚੁੱਪ ਹੋ ਗਿਆ। ਉਹ ਫੌਜੀ ਕਿੰਨੀ ਦੇਰ ਪਿੱਛੇ ਮੁੜ ਮੁੜ ਕੇ ਜੋਗਿੰਦਰ ਸਿੰਘ ਵੱਲ ਤੱਕਦਾ ਰਿਹਾ। ਉਸ ਦਾ ਮਨ ਹਿੱਲ ਗਿਆ ਕਿ ਕਿਧਰੇ ਉਸ ਨੂੰ ਵੀ ਕੈਦ ਹੋਏ ਬੰਦਿਆਂ ਨਾਲ ਹੀ ਨਾ ਤੋਰ ਲੈਣ। ਉਸ ਦਾ ਮਨ ਕੀਤਾ ਕਿ ਉਨ੍ਹਾਂ ਤੋਂ ਦੂਰ ਜਾ ਕੇ ਆਪਣਾ ਬਿਸਤਰਾ ਕਰੇ ਪਰ ਝੱਕਦਾ ਝੱਕਦਾ ਉੱਥੇ ਹੀ ਬੈਠਾ ਰਿਹਾ। ਭਾਈ ਸਾਹਬ ਨੇ ਪੁੱਛਿਆ—"ਭਾਈ ਜੋਗਾ ਸਿੰਘ ਹੋਰਾਂ ਨੂੰ ਮਿਲੇ ਹੋਵੋਗੇ?"

"ਜੀ ਉਹ ਤਾਂ ਦੇਸ ਜਾ ਵੜੇ। ਅਜ ਤਾਈਂ ਨਹੀਂ ਮੁੜੇ।"

"ਅਨੰਦ ਕਾਰਜ ਲਈ ਗਏ ਹੋਣਗੇ।"

ਠਾਕਰ ਸਿੰਘ ਉਸ ਦਾ ਬਿਸਤਰਾ ਖੋਲ੍ਹ ਕੇ ਵਿਛਾ ਰਿਹਾ ਸੀ। ਉਸ ਦਾ ਧਿਆਨ ਓਧਰ ਚਲਾ ਗਿਆ। ਉਸ ਦੀ ਇਹ ਹਿੰਮਤ ਨਾ ਰਹੀ ਕਿ ਉਨ੍ਹਾਂ ਤੋਂ ਦੂਰ ਜਾ ਕੇ ਬਿਸਤਰਾ ਵਿਛਾਉਣ ਦੀ ਗੱਲ ਤੋਰੇ। ਉਸ ਦਾ ਮਨ ਥੱਰ ਥੱਰ ਕੰਬ ਰਿਹਾ ਸੀ। ਭਾਈ ਸਾਹਬ ਨੇ ਉਸ ਦੇ ਚਿਹਰੇ ਉੱਤੇ ਆਏ ਚਿੰਤਾ ਦੇ ਚਿੰਨ੍ਹ ਪੜ੍ਹ ਕੇ ਪੁੱਛਿਆ—"ਕੋਈ ਚੀਜ਼ ਪਿੱਛੇ ਤਾਂ ਨਹੀਂ ਰਹਿ ਗਈ?"

"ਜੀ ਨਹੀਂ।"

"ਭਾਈ ਬਖਤੌਰ ਸਿੰਘ ਤੇ ਮਾਈ ਨੂੰ ਜਾਣਦੇ ਹੋ ਕਿ ਨਹੀਂ?"

"ਜੀ! ਮੈਂ ਉਹਨਾਂ ਕੋਲੇ ਹੀ ਰਿਹਾਂ। ਪੁੱਛੋ ਕੁੱਛ ਨਾਂਹ। ਜੇ ਮਾਈ ਨਾਂਹ ਹੁੰਦੀ ਤਾਂ ਮੈਂ ਨਹੀਂ ਸੀ ਬਚਣਾ। ਮਾਈ ਦੀ ਸੇਵਾ ਮੈਂ ਸਾਰੀ ਉਮਰ ਨਾਹ ਭੁੱਲੂੰ।" ਉਸ ਨੇ ਨਕਲੀ ਜਿਹਾ ਮੂੰਹ ਬਣਾਂਦਿਆਂ ਦੱਸਿਆ—"ਬਖਤੌਰਾ ਤਾਂ ਅੱਗੇ ਨਾਲੋਂ ਵੀ ਵਿਗੜਿਆ ਪਿਐ। ਦਿਨ ਚੜ੍ਹੇ ਤਾੜੀ ਪੀਣ ਤੁਰ ਪਊ। ਮਾਈ ਖਪਦੀ ਰਹਿੰਦੀ ਐ। ਚੀਨੇ ਤੋਂਕੀ ਨੇ ਕਈ ਵਾਰੀ ਝਾੜਿਐ ਉਹਨੂੰ। ਉਹਦੇ ਕੰਨ ਤੇ ਜੂੰ ਵੀ ਨਹੀਂ ਸਰਕਦੀ। ਅੱਗੋਂ ਘਰ ਆ ਕੇ ਕਹੂ—"ਮੈਂ ਤੋਂਕੀ ਨੂੰ ਕੀ ਸਮਝਦਾ—ਮੈਂ ਨੂੰ ਸ਼ੂਦ ਦੇ ਵੀਹ ਬਾਈ ਡਾਲੇ ਆ ਜਾਂਦੇ ਐ।" ਜੋਗਿੰਦਰ ਸਿੰਘ ਚੁੱਪ ਕਰ ਗਿਆ।" ਭਾਈ ਸਾਹਬ ਦਾ ਮਨ ਕਰਦਾ ਸੀ ਕਿ ਜੋਗਿੰਦਰ ਸਿੰਘ ਉਨ੍ਹਾਂ ਦੇ ਜਾਣੂਆਂ ਬਾਰੇ ਗੱਲਾਂ ਕਰਦਾ ਜਾਏ। ਉਨ੍ਹਾਂ ਨੇ ਕਿਹਾ—"ਸਾਡਾ ਮਿੱਤਰ ਸੀ ਭਾਈ ਹਰਨਾਮ ਸਿੰਘ ਰਸੂਲਪੁਰੀਆ। ਦੂਜਾ ਸੀ ਭਾਈ ਚਤਰ ਸਿੰਘ। ਤੁਸੀਂ ਉਹਨਾਂ ਨੂੰ ਤਾਂ ਨਹੀਂ ਜਾਣਦੇ ਹੋਣੇ।"

"ਰਸੂਲ ਪੁਰੀਏ ਦਾ ਨਾਮ ਤਾਂ ਸੁਣਿਐ। ਵਿਚਾਰਾ ਚਤਰ ਸਿਹੁੰ ਗੋਰਿਆਂ ਦੇ ਕਾਬੂ ਆ ਗਿਆ। ਲੋਕੀ ਕਹਿੰਦੇ ਐ ਉਹਦੀ ਲਾਸ਼ ਵੀ ਨਹੀਂ ਲੱਭੀ। ਬਖਤੌਰੇ ਦੀ ਮਾਈ ਤੁਹਾਡੀਆਂ ਬੜੀਆਂ ਸਿਫਤਾਂ ਕਰਦੀ ਸੀ। ਚਤਰ ਸਿਹੁੰ ਦੇ ਨਾਲ ਹੁੰਦਾ ਸੀ ਇੱਕ ਮਾਤਾ ਗਲਾਫ ਗਫੂਰ। ਉਹਨੂੰ ਆਪਣੇ ਫੌਜੀਆਂ ਸਭ ਤੋਂ ਪਹਿਲੋਂ ਰਗੜਿਆ।" ਗਫੂਰ ਦਾ ਨਾਂ ਸੁਣ ਕੇ ਭਾਈ ਸਾਹਬ ਦਾ ਧਿਆਨ ਜੌਹਰ ਬਾਰੂ ਵਾਲੇ ਅਮਾਨ ਉੱਲਾ ਤੇ ਨੱਥਾ ਸਿੰਘ ਵੱਲ ਚਲਾ ਗਿਆ। ਉਹ ਆਪ ਧਿਆਨੇ ਸੋਚੀਂ ਪੈ ਗਏ। ਜੋਗਿੰਦਰ ਸਿੰਘ ਨੇ ਡੈੱਕ ਉੱਤੇ ਫਿਰਦੇ ਸ਼ਿਵਦਿਆਲ ਨੂੰ ਵੇਖ ਕੇ ਪੁੱਛਿਆ—"ਇਹਨੂੰ ਮੈਂ ਪਹਿਲੋਂ ਕਿਤੇ ਵੈਖਿਐ।"

"ਚੰਘਈ ਤੋਂ ਐ ਸ਼ਿਵ ਦਿਆਲ ਕਪੂਰ।"

"ਅੱਛਾ! ਇਹ ਐ ਕਪੂਰ। ਘਣੁੰਪੁਰ ਕਾਲਿਆਂ ਦਾ ਐ।"

ਸ਼ਿਵ ਦਿਆਲ ਨੇੜੇ ਢੁੱਕ ਕੇ, ਨਵਾਂ ਬੰਦਾ ਵੇਖ ਕੇ, ਸੋਚਿਆ ਕਿ ਗੋਰਿਆਂ ਨੇ ਪੀਨਾਂਗ ਤੋਂ ਕਿਸੇ ਹੋਰ ਕੈਦੀ ਨੂੰ ਲਿਆਂਦਾ ਹੋਵੇਗਾ। ਉਸ ਨੇ ਜੋਗਿੰਦਰ ਸਿੰਘ ਵੱਲ ਹੱਥ ਜੋੜੇ। ਠਾਕਰ ਸਿੰਘ ਨੇ ਉਨ੍ਹਾਂ ਦੋਹਾਂ ਦੀ ਮੁਲਾਕਾਤ ਕਰਾਂਦਿਆਂ ਦੱਸਿਆ—"ਇਹ ਐ ਜੋਗਿੰਦਰ ਸਿਹੁੰ। ਇਹਦਾ ਛੋਟਾ ਨਾਮ ਐ ਤਿਲੰਗਾ। ਸਿੰਘ ਸਾਹਿਬ ਦੀ ਪਲਟਨ ਦਾ ਨਾਮਕਟਾ ਐ।" ਸ਼ਿਵ ਦਿਆਲ ਨੂੰ ਅਜੇ ਵੀ ਸਮਝ ਨਹੀਂ ਸੀ ਆ ਰਹੀ ਕਿ ਉਹ ਅਗਲੀ ਗੱਲ ਪੁੱਛੇ ਜਾਂ ਨਾ। ਉਹ ਜਾਣਨਾ ਚਾਹੁੰਦਾ ਸੀ ਕਿ ਉਹ ਕਿਵੇਂ ਫੜਿਆ ਗਿਆ ਐ। ਉਸ ਦੀ ਹਰਾਨੀ ਤਾੜ ਕੇ ਭਾਈ ਸਾਹਬ ਨੇ ਦੱਸਿਆ—"ਭਾਈ ਜੋਗਿੰਦਰ ਸਿੰਘ ਜੀ ਸਾਡੇ ਪੁਰਾਣੇ ਮਿੱਤਰ ਐ। ਹਾਂਗਕਾਂਗ ਰਹਿੰਦੇ ਐ। ਰੌਲਾ ਗੌਲਾ ਹੋਣ ਕਰ ਕੇ ਰੁੱਕੇ ਰਹੇ ਐ।" ਜ਼ਰਾ ਰੁੱਕ ਕੇ ਭਾਈ ਸਾਹਬ ਨੇ ਮੁਸਕਰਾਂਦਿਆਂ ਕਿਹਾ—"ਠਾਕਰ ਸਿੰਘ ਜੀ! ਇਨ੍ਹਾਂ ਦਾ ਬਿਸਤਰਾ ਦਰ ਸਾਰੇ ਡਾਹੋ। ਕਿਤੇ ਸਾਡੇ ਨਾਲ ਇਹ ਵੀ ਨਾ ਪਿਸ ਜਾਣ।" ਭਾਈ ਸਾਹਬ ਦੀ ਗੱਲ ਸੁਣ ਕੇ ਜੋਗਿੰਦਰ ਸਿੰਘ ਖੁਸ਼ੀ ਖੁਸ਼ੀ ਦੂਰ ਜਾ ਕੇ ਬਿਸਤਰਾ ਡਾਹੁਣ ਲਈ, ਆਪਣਾ ਬਿਸਤਰਾ ਸਮੇਟਣ ਲੱਗ ਪਿਆ। ਠਾਕਰ ਸਿੰਘ ਮੁਸਕਰਾ ਰਿਹਾ ਸੀ।

੪੮

ਸ਼ਾਰਪਸ਼ਾਇਰ ਰਜਮੈਂਟ ਦੇ ਗੋਰੇ ਲੰਘਦੇ ਪਲੰਘਦੇ ਆਪਣੇ ਕੈਦੀਆਂ ਦੀ ਗਿਣਤੀ ਕਰ ਲੈਂਦੇ ਸਨ। ਇਸ ਗੱਲ ਦਾ ਕੈਦੀਆਂ ਨੂੰ ਵੀ ਪਤਾ ਨਹੀਂ ਸੀ ਲਗਦਾ। ਜਹਾਜ਼ ਰੰਗੂਨ ਵੱਲ ਜਾ ਰਿਹਾ ਸੀ। ਗੋਰੇ ਸਾਰੀ ਰਾਤ ਪੀਂਦੇ ਤੇ ਨੱਚਦੇ ਰਹੇ ਸਨ। ਜਦ ਉਹ ਚਿਰਕੇ ਜਿਹੇ ਜਾਗੇ ਤਾਂ ਇੱਕ ਗੋਰੇ ਨੇ ਮਨ ਹੀ ਮਨ ਵਿੱਚ ਉਨ੍ਹਾਂ ਦੀ ਗਿਣਤੀ ਕੀਤੀ। ਉਹ ਅੱਠਾਂ ਦੀ ਥਾਂ ਨੌਂ ਕੈਦੀ ਗਿਣ ਕੇ ਹਰਾਨ ਹੋ ਗਿਆ। ਉਹ ਸੀਟੀਆਂ ਮਾਰਦਾ ਦੋ ਵਾਰੀ ਉੱਥੋਂ ਲੰਘਿਆ। ਤੀਜੀ ਵਾਰੀ ਗਿਣਨ ਤੇ ਵੀ ਉਹ ਨੌਂ ਕੈਦੀ ਵੇਖ ਕੇ, ਮੁੜ ਗਿਆ। ਕੁੱਝ ਮਿੰਟਾਂ ਮਗਰੋਂ ਉਨ੍ਹਾਂ ਵਿੱਚੋਂ ਵੱਡੀ ਉਮਰ ਦਾ ਗੋਰਾ ਉਧਰ ਆ ਨਿਕਲਿਆ। ਉਸ ਨੇ ਉਨ੍ਹਾਂ ਪਾਸ ਖਲੋ ਕੇ ਮੁਸਕਰਾਂਦਿਆਂ ਪੁੱਛਿਆ, ਜੇ ਕੋਈ

ਕੈਦੀ ਨੱਸ ਜਾਏ ਤਾਂ ਕੈਦੀ ਘੱਟ ਤਾਂ ਹੋ ਸਕਦੇ ਹਨ ਪਰ ਤੁਸੀਂ ਅੱਠਾਂ ਤੋਂ ਨੌ ਕਿਸ ਤਰ੍ਹਾਂ ਹੋ ਗਏ ਹੋ ?''

ਭਾਈ ਸਾਹਬ ਨੇ ਜੋਗਿੰਦਰ ਸਿੰਘ ਵੱਲ ਇਸ਼ਾਰਾ ਕਰ ਕੇ ਦੱਸਿਆ—''ਇੱਕ ਮੁਸਾਫਰ ਪੀਨਾਂਗ ਤੋਂ ਚੜ੍ਹਿਆ ਹੈ। ਕਲਕੱਤੇ ਜਾ ਰਿਹਾ ਹੈ। ਸਾਡੀ ਬੋਲੀ ਇੱਕੋ ਹੈ। ਇਸ ਲਈ ਸਾਡੇ ਵਿੱਚ ਆ ਬਹਿੰਦਾ ਹੈ।''

ਗੋਰੇ ਨੇ ਜੋਗਿੰਦਰ ਸਿੰਘ ਨੂੰ ਸੰਬੋਧਨ ਕਰ ਕੇ ਹੱਸਦਿਆਂ ਕਿਹਾ—''ਜੇ ਤੂੰ ਵੀ ਸਾਡੇ ਨਾਲ ਚੱਲਣਾ ਹੈ ਤਾਂ ਤੈਨੂੰ ਵੀ ਲੈ ਚਲਾਂਗੇ।''

ਜੋਗਿੰਦਰ ਸਿੰਘ ਝੱਟ ਪੱਟ ਬੋਲ ਪਿਆ—''ਨਹੀਂ ਨਹੀਂ।'' ਗੋਰੇ ਨੇ ਖਾਕੀ ਪਤਲੂਨ ਪਾਈ ਹੋਈ ਸੀ। ਪਿੰਡਾ ਉਸ ਦਾ ਨੰਗਾ ਸੀ। ਬੁਨੈਨ ਵੀ ਨਹੀਂ ਸੀ ਪਾਈ ਹੋਈ। ਉਸ ਨੇ ਕਿਹਾ—ਮੈਂ ਬੁਨੈਨ ਪਾ ਆਵਾਂ। ਹੁਣੇ ਆਉਂਦਾ ਹਾਂ।'' ਜੋਗਿੰਦਰ ਸਿੰਘ ਨੇ ਭਾਈ ਸਾਹਬ ਵੱਲ ਤਕ ਕੇ ਕਿਹਾ—''ਮੈਂ ਚਲਦਾਂ। ਕਿਤੇ ਮੈਨੂੰ ਵੀ ਨਾਹ ਤੁਹਾਡੇ ਨਾਲ ਧਰ ਲੈਣ।'' ਠਾਕਰ ਸਿੰਘ ਉੱਚੀ ਉੱਚੀ ਹੱਸਣ ਲੱਗ ਪਿਆ। ਉਸ ਦਾ ਹਾਸਾ ਨਾ ਸਹਾਰ ਕੇ ਜੋਗਿੰਦਰ ਸਿੰਘ ਨੇ ਕਿਹਾ—''ਮੈਂ ਕੋਈ ਗੀਦੀ ਥੋੜ੍ਹਾਂ ? ਤੂੰ ਮੇਰੇ ਤੇ ਹੱਸੀ ਜਾਂਦੈ।''

''ਮੈਂ ਤਾਂ ਕੁੱਝ ਨਹੀਂ ਕਿਹਾ ਤਿਲੰਗਿਆ। ਤੂੰ ਆਪਣੇ ਅੰਦਰਲੇ ਨੂੰ ਪੁੱਛ ਦੇਖ।'' ਠਾਕਰ ਸਿੰਘ ਦਾ ਤਾਹਨਾ ਨਾ ਸਹਾਰ ਕੇ ਉਹ ਉੱਠਦਾ ਉੱਠਦਾ ਫਿਰ ਬਹਿ ਗਿਆ—''ਜੋ ਹਊ ਦੇਖੀ ਜਾਊ।'' ਕਹਿ ਕੇ ਉਸ ਨੇ ਫੂੰਕਾਰਾ ਮਾਰਿਆ।

ਉਹ ਗੋਰਾ ਬੁਨੈਨ ਪਾ ਕੇ, ਕੈਨਵਸ ਦੀ ਇੱਕ ਆਰਾਮ ਕੁਰਸੀ ਚੁੱਕ ਕੇ ਉਨ੍ਹਾਂ ਵੱਲ ਆ ਰਿਹਾ ਸੀ। ਉਸ ਨੂੰ ਵੇਖ ਕੇ ਸਭ ਚੁਪ ਕਰ ਗਏ। ਉਸ ਨੇ ਕੁਰਸੀ ਡਾਹ ਕੇ, ਉਨ੍ਹਾਂ ਵੱਲ ਮੂੰਹ ਕਰ ਕੇ, ਸੂਰਜ ਵੱਲ ਪਿੱਠ ਕਰ ਲਈ। ਸੂਰਜ ਚਮਕ ਉੱਠਿਆ ਸੀ। ਵਿੱਚ ਵਿਚਾਲੇ ਖਿਣ ਕੁ ਲਈ ਉੱਚੇ ਉੱਚੇ ਉਡਦੇ ਬੱਦਲਾਂ ਵਿੱਚੋਂ ਲੰਘਦਾ ਤਾਂ ਉਸ ਦੀ ਤਪਸ਼ ਕੁੱਝ ਮੱਠੀ ਪੈ ਜਾਂਦੀ।

ਗੋਰੇ ਨੂੰ ਆਇਆ ਵੇਖ ਕੇ ਸਾਰੇ ਕੈਦੀ ਉਸ ਦੇ ਨੇੜੇ ਢੁੱਕ ਬੈਠੇ। ਉਹ ਜਦ ਵੀ ਉਹਨਾਂ ਕੋਲੋਂ ਲੰਘਦਾ ਰਿਹਾ ਸੀ ਅੱਖ ਮਾਰ ਦੇਂਦਾ ਸੀ। ਇਸ ਲਈ ਕੈਦੀਆਂ ਦਾ ਝੱਕ ਖੁਲ੍ਹ ਗਿਆ ਸੀ। ਗੋਰੇ ਨੇ ਪੁੱਛਿਆ—''ਤੁਹਾਨੂੰ ਸਭ ਕੁੱਝ ਪਤਾ ਹੋਣੈ। ਤੁਸੀਂ ਵੀ ਤਾਂ ਸਿੰਘਾਪੁਰ ਵਿੱਚ ਗੜ ਬੜ ਕਰਾਉਣ ਵਾਲਿਆਂ ਦੇ ਸਾਥੀ ਹੋ।''

ਉਸ ਦੀ ਗੱਲ ਸੁਣ ਕੇ ਭਾਈ ਸਾਹਬ ਨੇ ਉਸ ਵਲ ਘੂਰ ਕੇ ਤੱਕਿਆ। ਠਾਕਰ ਸਿੰਘ ਕੁੱਝ ਕਹਿਣ ਹੀ ਲੱਗਾ ਸੀ ਕਿ ਦਰਸੀ ਨੇ ਉਸ ਦਾ ਹੱਥ ਦਬਾ ਦਿੱਤਾ। ਉਸ ਗੋਰੇ ਨੇ ਵੀ ਠਾਕਰ ਸਿੰਘ ਨੂੰ ਚੁੱਪ ਰਹਿਣ ਵਾਲਾ, ਦਰਸੀ ਦਾ ਇਸ਼ਾਰਾ, ਤਾੜ ਲਿਆ। ਉਸ ਨੇ ਹੱਸ ਕੇ ਕਿਹਾ—''ਮੈਂ ਨੂੰ ਚੁੱਪ ਰਹਿਣ ਵਾਲਾ, ਦਰਸੀ ਦਾ ਇਸ਼ਾਰਾ, ਤਾੜ ਲਿਆ। ਉਸ ਨੇ ਹੱਸ ਕੇ ਕਿਹਾ—''ਮੈਂ ਤਾਂ ਸਰਕਾਰ ਦਾ ਇੱਕ ਬਹੁਤ ਹੀ ਨਿੱਕਾ ਜਿਹਾ ਪੁਰਜਾ ਹਾਂ। ਨਾ ਮੈਂ ਤੁਹਾਨੂੰ ਛੱਡ ਸਕਦਾ ਹਾਂ ਤੇ ਨਾ ਹੀ ਕੋਈ ਸਜ਼ਾ ਦੇ ਸਕਦਾ ਹਾਂ। ਸਾਡਾ ਕੰਮ ਤਾਂ ਤੁਹਾਨੂੰ ਇੰਡੀਆ ਦੀ ਸਰਕਾਰ ਦੇ ਹਵਾਲੇ ਕਰਨਾ ਹੈ। ਮੈਂ ਸਿੰਘਾਪੁਰ ਤੋਂ ਹੀ ਆਪਣੇ ਸਾਥੀਆਂ ਨੂੰ ਹਦਾਇਤ ਕਰ ਦਿੱਤੀ ਸੀ ਕਿ ਜੇ ਅਸੀਂ ਸਫਰ ਦਾ ਮਜ਼ਾ ਲੈਣਾ ਹੈ ਤਾਂ ਕੈਦੀਆਂ ਨੂੰ ਵੀ ਮਜ਼ਾ ਲੈਣ ਦਈਏ। ਤੁਹਾਨੂੰ ਰਾਸ਼ਨ ਪੂਰਾ ਮਿਲਦਾ ਹੈ। ਕਿਸੇ ਚੀਜ਼ ਦੀ ਘਾਟ ਤਾਂ ਨਹੀਂ ?'' ਕਿਸੇ ਦਾ ਜੁਆਬ ਉਡੀਕੇ ਬਿਨਾਂ ਉਹ ਫਿਰ ਬੋਲ

ਪਿਆ—"ਤੁਹਾਨੂੰ ਇੱਕ ਬਹਾਦਰ ਜਮਾਦਾਰ ਦੀ ਗੱਲ ਸੁਣਾਵਾਂ ? ਸੁਣੋਗੇ ? ਉਸ ਨੇ ਕਿਸੇ ਦੇ ਜੁਆਬ ਦੀ ਉਡੀਕ ਕੀਤੇ ਬਿਨਾ ਆਪਣੀ ਗੱਲ ਜਾਰੀ ਰੱਖੀ—"ਇੰਡੀਅਨ ਫੌਜ ਨੇ ਸਿੰਘਾਪੁਰ ਉੱਤੇ ਕਬਜ਼ਾ ਕਰ ਲਿਆ । ਦੋਹੀਂ ਪਾਸੀਂ ਬੜੀਆਂ ਮੌਤਾਂ ਹੋਈਆਂ । ਜੇ ਜਾਪਾਨ ਦੀ ਫੌਜ ਸਾਡੀ ਮਦਦ ਨਾਹ ਕਰਦੀ ਤਾਂ ਇੰਡੀਅਨ ਫੌਜੀ ਸਾਰੇ ਮਲਾਇਆ ਉੱਤੇ ਕਬਜ਼ਾ ਕਰ ਲੈਂਦੇ। ਸਾਰੇ ਬਾਗੀ ਇੰਡੀਅਨ ਫੌਜੀ ਘੇਰ ਕੇ ਬਾਰਕਾਂ ਵਿੱਚ ਡੱਕ ਦਿੱਤੇ ਗਏ । ਉਨ੍ਹਾਂ ਦੇ ਹਥਿਆਰ ਖੋਹ ਲਏ ਗਏ ।" ਉਸ ਨੇ ਇੱਕ ਗੋਰੇ ਨੌਜਵਾਨ ਨੂੰ ਆਪਣੇ ਵੱਲ ਆਉਂਦਿਆਂ ਵੇਖ ਕੇ ਉਸ ਨੂੰ ਕਿਹਾ—"ਤੁਸੀਂ ਸ਼ਾਹ ਵੇਲਾ ਕਰ ਲਓ। ਮੈਨੂੰ ਨਹੀਂ ਭੁੱਖ । ਮੇਰੀ ਉਡੀਕ ਨਾਹ ਕਰੋ । ਮੈਂ ਆਪੇ ਆ ਜਾਵਾਂਗਾ ।" ਉਹ ਗੋਰਾ ਉੱਥੋਂ ਹੀ ਪਿੱਛੇ ਮੁੜ ਗਿਆ । ਉਸ ਨੇ ਪੁੱਛਿਆ—ਮੈਂ ਕਿੱਥੇ ਸਾਂ ?"

ਭਾਈ ਸਾਹਬ ਨੇ ਦੱਸਿਆ—"ਉਨ੍ਹਾਂ ਦੇ ਹਥਿਆਰ ਖੋਹ ਕੇ ਉਨ੍ਹਾਂ ਨੂੰ ਬਾਰਕਾਂ ਵਿੱਚ ਡੱਕ ਦਿੱਤਾ ਗਿਆ ।"

"ਨਹੀ ! ਪਹਿਲੋਂ ਉਨ੍ਹਾਂ ਨੂੰ ਘੇਰ ਕੇ ਡੱਕਿਆ ਗਿਆ । ਫੇਰ ਹਥਿਆਰ ਖੋਹੇ ਗਏ । ਉਨ੍ਹਾਂ ਦਾ ਗੋਲੀ ਸਿੱਕਾ ਪਹਿਲੋਂ ਹੀ ਮੁਕ ਚੁੱਕਾ ਸੀ । ਉਨ੍ਹਾਂ ਨੂੰ ਕਈ ਦਿਨ ਭੁੱਖੇ ਰੱਖਿਆ ਗਿਆ । ਅਫਸਰਾਂ ਨੂੰ ਤਸੀਹੇ ਦਿੱਤੇ ਗਏ । ਕਈਆਂ ਦੇ ਕੋਰਟ ਮਾਰਸ਼ਲ ਹੋਏ । ਉਨ੍ਹਾਂ ਦਾ ਸਭ ਤੋਂ ਵੱਡਾ ਅਫਸਰ ਇੱਕ ਮੁਸਲਮਾਨ ਜਮਾਦਾਰ ਸੀ । ਜਦ ਉਸ ਉੱਤੇ ਕੋਰਟ ਮਾਰਸ਼ਲ ਦਾ ਮੁਕੱਦਮਾ ਚਲਿਆ ਤਾਂ ਇਹ ਗੱਲ ਸਾਬਤ ਹੋ ਗਈ ਕਿ ਉਸ ਨੇ ਬਾਗੀਆਂ ਦਾ ਸਾਥ ਨਹੀਂ ਸੀ ਦਿੱਤਾ ਪਰ ਇਹ ਗੱਲ ਵੀ ਸਪਸ਼ਟ ਹੋ ਨਿਕਲੀ ਕਿ ਉਸ ਨੇ ਬਾਗੀਆਂ ਨੂੰ ਬਾਗੀਆਨਾ ਕੰਮ ਕਰਨ ਤੋਂ ਵੀ ਨਹੀਂ ਸੀ ਰੋਕਿਆ । ਉਸ ਨੇ ਬਥੇਰਾ ਕਿਹਾ ਕਿ ਮੈਂ ਨਿਰਪੱਖ ਰਿਹਾ ਹਾਂ ਪਰ ਉਸ ਉੱਤੇ ਦੋਸ਼ ਇਹ ਲੱਗਾ ਕਿ ਉਸ ਨੇ ਜਮਾਦਾਰ ਹੋਣ ਦੇ ਨਾਤੇ ਆਪਣਾ ਫਰਜ਼ ਪੂਰਾ ਨਹੀਂ ਕੀਤਾ । ਇਸ ਲਈ ਫਰਜ਼ ਦੀ ਕੋਤਾਹੀ ਦੇ ਦੋਸ਼ ਵਿੱਚ ਉਸ ਨੂੰ ਗੋਲੀ ਮਾਰਨ ਦਾ ਹੁਕਮ ਹੋ ਗਿਆ ।"

"ਇੱਕ ਸਵੇਰ ਸਾਰ ਉਸ ਨੂੰ ਖੁਲ੍ਹੇ ਮਦਾਨ ਵਿੱਚ ਖੜਾ ਕੀਤਾ ਗਿਆ । ਮੇਜਰ ਨੇ ਅਜਿਹੀ ਥਾਂ ਚੁਣੀ ਜਿੱਥੋਂ ਬਾਕੀ ਬਾਗੀ ਕੈਦੀ ਵੀ ਵੇਖ ਸਕਣ । ਮੇਜਰ, ਜਮਾਦਾਰ ਨੂੰ ਗੋਲੀ ਦਾ ਨਿਸ਼ਾਨਾ ਬਣਾ ਕੇ ਬਾਕੀ ਬਾਗੀਆਂ ਨੂੰ ਡਰਾਉਣਾ ਚਾਹੁੰਦਾ ਸੀ । ਉਸ ਜਮਾਦਾਰ ਦਾ ਕੱਦ ਛੇ ਫੁਟ ਛੇ ਇੰਚ ਸੀ । ਤੇ ਵਜਨ ਉਸ ਦਾ ਚਾਰ ਸੌ ਪੌਂਡ । ਉਹ ਪਹਾੜ ਵਾਂਗੂੰ ਡੱਟ ਕੇ ਖੜਾ ਸੀ । ਮੇਜਰ ਉਸ ਨੂੰ ਸਜ਼ਾ ਦੇ ਕੇ ਇੱਕ ਮਿਸਾਲ ਪੈਦਾ ਕਰਨੀ ਚਾਹੁੰਦਾ ਸੀ । ਛੇ ਨੌਜਵਾਨ ਹੱਟੇ ਕੱਟੇ ਉਸ ਨੂੰ ਗੋਲੀ ਮਾਰਨ ਲਈ ਚੁਣੇ ਗਏ ।"

"ਮੈਂ ਇੱਕ ਗੱਲ ਦੱਸਣੋ ਰਹਿ ਗਿਆ ਹਾਂ ! ਉਹ ਪਹਿਲੋਂ ਦੱਸਣੀ ਚਾਹੀਦੀ ਸੀ । ਜਦ ਪਹਿਲੀ ਵਾਰੀ ਉਸ ਨੂੰ ਫੜਿਆ ਗਿਆ ਤਾਂ ਨਾ ਉਸ ਦੇ ਹੱਥਾਂ ਨੂੰ ਹੱਥਕੜੀਆਂ ਲੱਗਣ ਤੇ ਨਾ ਹੀ ਪੈਰਾਂ ਨੂੰ ਬੇੜੀਆਂ । ਤੁਸੀਂ ਪੁੱਛੋਗੇ ਕਿਉਂ ? ਸਾਰੀਆਂ ਹੱਥਕੜੀਆਂ ਤੇ ਬੇੜੀਆਂ ਉਸ ਦੀਆਂ ਬੀਣੀਆਂ ਤੇ ਲੱਤਾਂ ਤੋਂ ਛੋਟੀਆਂ ਸਨ ।" ਕਹਿੰਦਾ ਕਹਿੰਦਾ ਉਹ ਹੱਸਣ ਲਗ ਪਿਆ ।

"ਫਿਰ ਮੇਜਰ ਨੇ ਛੇ ਵੱਡੇ ਵੱਡੇ ਸੰਗਲ ਮੰਗਵਾ ਕੇ ਦੋ ਲੱਤਾਂ ਨੂੰ, ਦੋ ਹੱਥਾਂ ਨੂੰ ਤੇ ਦੋ ਉਸ ਦੇ ਲੱਕ ਦੁਆਲੇ ਬੰਨ੍ਹਵਾ ਦਿੱਤੇ । ਉਸ ਦਾ ਭੱਜਣ ਦਾ ਕੋਈ ਇਰਾਦਾ ਨਹੀਂ ਸੀ ਪਰ ਮੇਜਰ ਦਿਖਾਵਾ ਕਰਨ ਉੱਤੇ ਤੁਲਿਆ ਹੋਇਆ ਸੀ । ਉਹ ਜਮਾਦਾਰ ਏਨਾ ਤਕੜਾ ਸੀ ਕਿ ਸੰਗਲਾਂ

ਵਿੱਚ ਜਕੜੇ ਹੋਏ ਦੇ ਨੇੜੇ ਵੀ ਕੋਈ ਇਕੱਲਾ ਦੁਕੱਲਾ ਫੌਜੀ ਨਹੀਂ ਸੀ ਜਾਂਦਾ। ਹਰ ਵੇਲੇ ਛੇ ਫੌਜੀ ਉਸ ਦੇ ਦੁਆਲੇ ਰਹਿੰਦੇ। ਜਦ ਕਦੇ ਉਸ ਨੂੰ ਬਾਹਰ ਕੱਢਦੇ ਤਾਂ ਛੇ ਫੌਜੀ ਉਸ ਦੇ ਨਾਲ ਨਾਲ ਸੰਗਲ ਫੜ ਕੇ ਤੁਰਦੇ। ਉਸ ਦੀ ਰਾਖੀ ਕਰਨ ਵਾਲੇ ਛੇ ਫੌਜੀ ਹੋਰ ਹੁੰਦੇ। ਉਸ ਵਿਚਾਰੇ ਨੇ ਭੱਜ ਕੇ ਕਿੱਥੇ ਜਾਣਾ ਸੀ? ਉਹ ਤਾਂ ਬਿਲਕੁਲ ਚੁੱਪ ਗੜੁੱਪ ਰਹਿੰਦਾ। ਜਦ ਕਦੇ ਉਸ ਨੂੰ ਰੋਹ ਚੜ੍ਹਦਾ ਤਾਂ ਉਸ ਦਾ ਚਿਹਰਾ ਲਾਲ ਹੋ ਉਠਦਾ।"

"ਮੇਰਾ ਵੀ ਪਹਿਰਾ ਉਸ ਉੱਤੇ ਕਈ ਵਾਰੀ ਲੱਗਾ। ਹਾਂ! ਸੱਚ ਮੈਂ ਗੱਲ ਕਰ ਰਿਹਾ ਸਾਂ ਕਿ ਛੇ ਫੌਜੀ ਉਸ ਨੂੰ ਗੋਲੀ ਮਾਰਨ ਲਈ ਚੁਣੇ ਗਏ। ਉਹ ਸਭ ਨੌਜਵਾਨ ਸਨ। ਉਹ ਉਸ ਨੂੰ ਗੋਲੀ ਮਾਰਨ ਤੋਂ ਝਿਜਕ ਰਹੇ ਸਨ। ਉਹ ਜਾਣਦੇ ਸਨ ਕਿ ਉਸ ਦਾ ਦੋਸ਼ ਕੇਵਲ ਜਮਾਦਾਰ ਹੋਣਾ ਸੀ। ਉਨ੍ਹਾਂ ਨੇ ਇਸ ਤਰ੍ਹਾਂ ਕਦੇ ਕਿਸੇ ਨੂੰ ਗੋਲੀ ਨਹੀਂ ਸੀ ਮਾਰੀ। ਨਾ ਹੀ ਉਨ੍ਹਾਂ ਨੇ ਜੰਗ ਵੇਖੀ ਸੀ। ਉਨ੍ਹਾਂ ਦੇ ਹੱਥ ਕੰਬ ਰਹੇ ਸਨ। ਉਨ੍ਹਾਂ ਨੂੰ ਤਰੇਲੀਆਂ ਆ ਰਹੀਆਂ ਸਨ। ਮੇਜਰ ਨੇ ਉਨ੍ਹਾਂ ਦੀ ਕਮਜ਼ੋਰੀ ਤਾੜ ਕੇ ਉਨ੍ਹਾਂ ਨੂੰ ਬਾਰਕਾਂ ਵੱਲ ਮੁੜਨ ਦਾ ਹੁਕਮ ਦੇ ਦਿੱਤਾ। ਫੇਰ ਮੇਜਰ ਨੇ ਉਸ ਨੂੰ ਗੋਲੀ ਮਾਰਨ ਲਈ ਛੇ ਵਾਲੰਟੀਅਰ ਮੰਗੇ। ਹੰਡੇ ਬੀਤੇ ਛੇ ਫੌਜੀ ਵਾਲੰਟੀਅਰ ਨਿਕਲ ਪਏ। ਫਾਇਰਿੰਗ ਸੁਕੈਡ ਨੇ ਗੋਲੀ ਚਲਾਈ। ਸਾਰੀਆਂ ਗੋਲੀਆਂ ਉਸ ਦੀ ਖੱਬੀ ਛਾਤੀ ਵਿੱਚ ਦਿਲ ਵਾਲੇ ਪਾਸੇ ਲੱਗੀਆਂ। ਉਹ ਲੜਖੜਾ ਗਿਆ। ਫਿਰ ਪਹਿਲਾਂ ਵਾਂਗੂੰ ਖੜਾ ਹੋ ਗਿਆ। ਮੇਜਰ ਨੇ ਆਪ ਨੇੜੇ ਹੋ ਕੇ ਉਸ ਦੀ ਸੱਜੀ ਪੁੜਪੁੜੀ ਵਿੱਚ ਰਿਵਾਲਵਰ ਦੀ ਗੋਲੀ ਮਾਰੀ। ਉਹ ਫਿਰ ਵੀ ਨਾ ਡਿੱਗਾ। ਤਿੰਨ ਹੋਰ ਗੋਲੀਆਂ ਉਸ ਦੀ ਛਾਤੀ ਵਿੱਚ ਦਾਗੀਆਂ ਗਈਆਂ। ਉਹ ਉੱਚੀ ਉੱਚੀ ਬੋਲਦਾ ਡਿੱਗ ਪਿਆ ਪਰ ਅਜੇ ਵੀ ਪੂਰੀ ਹੋਸ਼ ਵਿੱਚ ਸੀ। ਉਹ ਅਜੇ ਵੀ ਉੱਚੀ ਉੱਚੀ ਬੋਲ ਰਿਹਾ ਸੀ। ਸਾਰੀ ਰੈਜਮੇਂਟ ਖੜੀ ਸੀ। ਮੈਂ ਵੀ ਉਨ੍ਹਾਂ ਵਿੱਚ ਖੜਾ ਸਾਂ। ਬਾਗੀ ਕੈਦੀ ਵੀ ਬਾਰਕਾਂ ਵਿੱਚ ਡੱਕੇ ਹੋਏ ਉੱਚੀ ਉੱਚੀ ਬੋਲ ਰਹੇ ਸਨ। ਅੰਤ ਵਿੱਚ ਮੇਜਰ ਉਸ ਦੀ ਛਾਤੀ ਉੱਤੇ ਚੜ੍ਹ ਬੈਠਾ। ਉਸ ਨੇ ਆਪਣੇ ਦੋਵੇਂ ਗੋਡੇ ਉਸ ਦੀ ਛਾਤੀ ਉੱਤੇ ਰੱਖ ਕੇ ਉਸ ਦੇ ਫੇਫੜਿਆਂ ਵਿੱਚੋਂ ਹਵਾ ਕੱਢੀ।" ਉਸ ਨੇ ਜ਼ਰਾ ਰੁੱਕ ਕੇ ਕਿਹਾ—"ਮੈਨੂੰ ਉਸ ਉੱਤੇ ਤਰਸ ਤੇ ਆਪਣੇ ਆਪ ਉੱਤੇ ਨਫਰਤ ਹੋ ਰਹੀ ਸੀ ਪਰ ਅਸੀਂ ਨਿੱਕੇ ਨਿੱਕੇ ਪੁਰਜੇ ਕੀ ਕਰ ਸਕਦੇ ਹਾਂ।" ਉਹ ਉੱਠਣ ਹੀ ਲੱਗਾ ਸੀ, ਦਰਸੀ ਨੇ ਕਿਹਾ—"ਬੜੀ ਦਰਦਨਾਕ ਕਹਾਣੀ ਹੈ।"

"ਮੈਂ ਤੁਹਾਨੂੰ ਅੱਖੀਂ ਡਿੱਠੀ ਗੱਲ ਸੁਣਾਈ ਹੈ। ਤੁਹਾਨੂੰ ਚਾਹੀਦਾ ਹੈ ਕਿ ਇਹ ਸੱਚੀ ਕਹਾਣੀ ਹੋਰਨਾਂ ਨੂੰ ਵੀ ਸੁਣਾਓ। ਇੱਕ ਗੱਲ ਮੈਂ ਹੋਰ ਦੱਸਾਂ। ਜਿਨ੍ਹਾਂ ਫੌਜੀਆਂ ਨੇ ਆਪਣੇ ਆਪ ਨੂੰ ਵਾਲੰਟੀਅਰ ਕੀਤਾ ਸੀ ਉਨ੍ਹਾਂ ਵਿੱਚੋਂ ਇੱਕ ਸਾਡੇ ਨਾਲ ਹੈ। ਜਿਹੜਾ ਸਾਡੇ ਸਭ ਵਿੱਚੋਂ ਕੱਦ ਦਾ ਮਧਰਾ ਤੇ ਮੋਟਾ ਹੈ।" ਉਸ ਨੇ ਕੁਰਸੀ ਚੁੱਕ ਲਈ। ਦੋ ਕਦਮ ਜਾ ਕੇ ਉਸ ਨੇ ਪਿੱਛੇ ਤਕ ਕੇ ਕਿਹਾ—"ਧੁੱਪ ਬਹੁਤ ਹੋ ਗਈ ਹੈ। ਪਸੀਨਾ ਆਉਣ ਲੱਗ ਪਿਆ ਹੈ।"

ਅਜੇ ਉਹ ਗਿਆ ਹੀ ਸੀ ਕਿ ਜੋਗਿੰਦਰ ਸਿੰਘ ਬੋਲ ਪਿਆ—"ਇਹ ਗੱਲ ਸਾਰੇ ਸਿੰਘਾਪੁਰ ਵਿੱਚ ਮਸ਼ਹੂਰ ਐ। ਸਭ ਦੁਨੀਆਂ ਜਾਣਦੀ ਐ। ਉਹ ਜਮਾਦਾਰ ਬੜਾ ਬਹਾਦਰ ਨਿਕਲਿਐ।

ਕਹਿੰਦੇ ਐ ਉਹ 'ਅਲੀ ਅਲੀ' ਦੇ ਨਾਹਰੇ ਲਾਉਂਦਾ ਮਰਿਐ। ਨਾਲੇ ਬਾਰਕਾਂ ਵਿੱਚ ਡੱਕੇ ਬਾਗੀ ਵੀ ਉਹਦੇ ਨਾਲ 'ਅਲੀ ਅਲੀ' ਦੇ ਨਾਹਰੇ ਲਾਉਂਦੇ ਰਹੇ।"

ਭਾਈ ਸਾਹਬ ਨੇ ਆਪਣਾ ਸੱਜਾ ਹੱਥ ਛਾਤੀ ਉੱਤੇ ਰੱਖਿਆ ਹੋਇਆ ਸੀ। ਉਨ੍ਹਾਂ ਦੇ ਮੂੰਹੋਂ ਨਿਕਲ ਗਿਆ—"ਜੇ ਫੌਜਾਂ ਵਿੱਚ ਅਜਿਹੇ ਜੋਧੇ ਪੈਦਾ ਹੋ ਗਏ ਐ ਤਾਂ ਦੇਸ਼ ਆਜ਼ਾਦ ਹੋਇਆ ਸਮਝੋ। ਬਸ ਜੇ ਅੱਜ ਨਹੀਂ ਤਾਂ ਕਲ ਸਹੀ।"

੪੯

ਕਲਕੱਤੇ ਜਹਾਜ਼ ਲੱਗਣ ਤੋਂ ਪਹਿਲੋਂ ਹੀ ਭਾਈ ਸਾਹਬ ਨੇ ਕਾਫੀ ਕੁੱਝ ਸਮਝਾ ਬੁਝਾ ਕੇ ਜੋਗਿੰਦਰ ਸਿੰਘ ਨੂੰ ਆਪਣੀ ਟੋਲੀ ਨਾਲੋਂ ਵੱਖ ਕਰ ਦਿੱਤਾ ਸੀ। ਉਨ੍ਹਾਂ ਨੇ ਸੋਚਿਆ ਕਿ ਫੌਜੀ ਗੋਰੇ ਤਾਂ ਚੰਗੀ ਤਰ੍ਹਾਂ ਸਮਝਦੇ ਹਨ ਕਿ ਉਹ ਪੀਨਾਂਗ ਤੋਂ ਚੜ੍ਹਿਆ ਇੱਕ ਮੁਸਾਫਰ ਹੈ ਪਰ ਪੰਜਾਬ ਪੁਲਸ ਵਾਸਤੇ ਇਤਨਾ ਕਾਫੀ ਹੋਵੇਗਾ ਕਿ ਉਹ ਸਾਡੇ ਵਾਲੇ ਜਹਾਜ਼ ਵਿੱਚ ਕਿਉਂ ਆਇਆ ਹੈ? ਜਦ ਉਹ ਫੌਜੀ ਪਹਿਰੇ ਵਿੱਚ ਬੰਗਾਲ ਤੇ ਪੰਜਾਬ ਪੁਲਸ ਹਵਾਲੇ ਕੀਤੇ ਗਏ ਤਾਂ ਜੋਗਿੰਦਰ ਸਿੰਘ ਜਹਾਜ਼ ਦੀ ਇੱਕ ਮੋਰੀ ਦੇ ਸ਼ੀਸ਼ੇ ਥਾਣੀ ਉਨ੍ਹਾਂ ਵੱਲ ਵੇਖ ਰਿਹਾ ਸੀ। ਉਹ ਸੋਚ ਰਿਹਾ ਸੀ ਕਿ ਆਪਣੇ ਘਰ ਜਾਣ ਤੋਂ ਪਹਿਲੋਂ ਭਾਈ ਸਾਹਬ ਦੇ ਪਰਵਾਰ ਨੂੰ ਜਾ ਕੇ ਮਿਲੇਗਾ ਤੇ ਸਾਰੇ ਹਾਲਾਤ ਤੋਂ ਉਨ੍ਹਾਂ ਨੂੰ ਜਾਣੂੰ ਕਰਵਾਏਗਾ। ਉਹ ਉੱਥੇ ਹੀ ਵੇਖਦਾ ਰਹਿ ਗਿਆ।

ਭਾਈ ਸਾਹਬ ਤੇ ਉਨ੍ਹਾਂ ਦੇ ਸਾਥੀਆਂ ਨੂੰ ਗੋਰਿਆਂ ਨੇ ਅਲੀਪੁਰ ਜਿਹਲ ਵਿੱਚ ਜਾ ਡੱਕਿਆ। ਵੱਖੋ ਵੱਖਰੀਆਂ ਅੱਠਾਂ ਕੋਠੜੀਆਂ ਵਿੱਚ ਕੈਦ ਕੀਤੇ ਗਏ। ਉਨ੍ਹਾਂ ਦੀਆਂ ਕੋਠੜੀਆਂ ਜਿਹਲ ਦੀ ਇੱਕ ਨੁੱਕਰ ਵਿੱਚ ਸਨ। ਉਨ੍ਹਾਂ ਦੇ ਨੇੜੇ ਦੀਆਂ ਕੋਠੀਆਂ ਖਾਲੀ ਸਨ। ਹੋਰ ਕੋਠੜੀਆਂ ਉਨ੍ਹਾਂ ਤੋਂ ਕਾਫੀ ਦੂਰ ਸਨ। ਉਨ੍ਹਾਂ ਨੂੰ ਫੌਜਦਾਰੀ ਕੈਦੀਆਂ ਨਾਲੋਂ ਬਿਲਕੁਲ ਅਲੱਗ ਥਲੱਗ ਰੱਖਿਆ ਗਿਆ। ਜਦ ਬਾਹਰ ਕੱਢਣਾ ਹੁੰਦਾ ਤਾਂ ਇੱਕ ਇੱਕ ਨੂੰ ਕਰ ਕੇ ਕੱਢਦੇ। ਜੇ ਉਨ੍ਹਾਂ ਨੂੰ ਇਕੱਠਿਆਂ ਹੀ ਕਿਸੇ ਅਫਸਰ ਦੇ ਪੇਸ਼ ਕਰਨਾ ਹੁੰਦਾ ਤਾਂ ਕਰੜਾ ਪਹਿਰਾ ਰੱਖਦੇ।

ਏਨਾ ਕਰੜਾ ਪਹਿਰਾ ਰੱਖਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਭਿਣਕ ਪੈ ਜਾਂਦੀ ਕਿ ਕਾਮਾਗਾਟਾ ਮਾਰੂ ਦੇ ਸਾਕੇ ਵਿੱਚੋਂ ਭੱਜ ਨਿਕਲੇ ਜੋਧੇ ਫੜ ਕੇ ਲਿਆਂਦੇ ਜਾ ਰਹੇ ਹਨ। ਭਾਈ ਸਾਹਬ ਕਾਫੀ ਜਤਨ ਕਰਦੇ ਕਿ ਆਏ ਕੈਦੀਆਂ ਦੇ ਨਾਂ ਉਨ੍ਹਾਂ ਨੂੰ ਪਤਾ ਲੱਗ ਸਕਣ ਪਰ ਇਹ ਗੱਲ ਨਾ ਬਣ ਸਕੀ। ਕੁੱਝ ਵਾਰਡਰ ਲੁੱਕੇ ਛਿੱਪੇ ਉਨ੍ਹਾਂ ਨਾਲ ਹਮਦਰਦੀ ਕਰਨ ਲੱਗ ਪਏ ਸਨ। ਉਹ ਵਾਰਡਰ ਨਵੇਂ ਆਏ ਬੰਦਿਆਂ ਤੋਂ ਜਦ ਵੀ ਕੁੱਝ ਪੁਛਦੇ ਤਾਂ ਅੱਗੋਂ ਉਨ੍ਹਾਂ ਉੱਤੇ ਭਰੋਸਾ ਨਾ ਕਰ ਕੇ ਕੁੱਝ ਨਾ ਦਸਦੇ। ਇਸ ਤਰ੍ਹਾਂ ਫਿਰ ਗੱਲ ਵਿੱਚ ਰਹਿ ਜਾਂਦੀ।

ਅਲੀਪੁਰ ਜਿਹਲ ਵਿੱਚ ਖਾਣਾ ਬਹੁਤ ਮਾੜਾ ਸੀ। ਭੁੱਖ ਰੱਖ ਕੇ ਵਖਾਵੇ ਕੀਤੇ ਗਏ। ਆਪਣਾ ਖਾਣਾ ਪਕਾਉਣ ਦੀ ਮੰਗ ਕੀਤੀ ਗਈ ਪਰ ਜਿਹਲ ਅਧਿਕਾਰੀਆਂ ਨੇ ਉਨ੍ਹਾਂ ਦੀ ਕੋਈ ਗੱਲ ਨਾ ਮੰਨੀ। ਜਦ ਲੰਮੀ ਭੁੱਖ ਹੜਤਾਲ ਕਰਨ ਬਾਰੇ ਗੱਲ ਤੁਰੀ ਤਾਂ ਬਾਕੀ ਸਭ ਤਿਆਰ ਹੋ

ਗਏ ਪਰ ਹਰਚਰਨ ਦਾਸ ਨੇ ਆਪਣਾ ਜ਼ੋਰ ਪਾ ਕੇ ਗੰਭੀਰ ਤੇ ਮੰਗੂ ਨੂੰ ਭੁੱਖ ਹੜਤਾਲ ਨਾ ਕਰਨ ਲਈ ਆਪਣੇ ਨਾਲ ਰਲਾ ਲਿਆ। ਇਸ ਤਰ੍ਹਾਂ ਭੁੱਖ ਹੜਤਾਲ ਦੀ ਗੱਲ ਰਹਿ ਗਈ।

ਹਰਨਾਮ ਸਿੰਘ ਸੁਨਾਰ ਬੜਾ ਬਲੀ ਤੇ ਬਹਾਦਰ ਯੋਧਾ ਸੀ। ਹਰਚਰਨ ਦਾਸ, ਗੰਭੀਰ ਤੇ ਮੰਗੂ ਉਸ ਦੇ ਸਾਥੀ ਸਨ। ਉਸ ਨੇ ਉਨ੍ਹਾਂ ਨਾਲ ਬੋਲਣਾ ਛੱਡ ਦਿੱਤਾ। ਹਰਚਰਨ ਦਾਸ ਨੇ ਉਸ ਤੋਂ ਮਾਫੀ ਮੰਗਦਿਆਂ ਕਿਹਾ—'ਤੈਨੂੰ ਪਤੈ ਮੈਂ ਭੁੱਖ ਨਹੀਂ ਸਹਾਰ ਸਕਦਾ। ਜੇ ਦੋ ਦਿਨ ਭੁੱਖ ਰਖ ਕੇ ਤੀਜੇ ਦਿਨ ਰੋਟੀ ਲਈ ਵਿਲ੍ਹਕਣ ਲੱਗ ਪਿਆ ਤਾਂ ਫੇਰ ਕੀ ਬਣੂੰ। ਭੁੱਖ ਹੜਤਾਲ ਤੋੜਨ ਨਾਲੋਂ ਤਾਂ ਚੰਗੈ ਰੱਖਾਂ ਈ ਨਾ।" ਉਸ ਦੀ ਗੱਲ ਸੁਣ ਕੇ ਹਰਨਾਮ ਸਿੰਘ ਦਾ ਮਨ ਉਸ ਦੀ ਦਲੀਲ ਮੰਨਣ ਲਈ ਤਿਆਰ ਹੋ ਗਿਆ।

ਹਰਨਾਮ ਸਿੰਘ ਜਾਣਦਾ ਸੀ ਕਿ ਹਰਚਰਨ ਦਾਸ ਬੜਾ ਝਗੜਾਲੂ ਸੀ ਪਰ ਉਸ ਨੂੰ ਆਪਣਾ ਪੱਕਾ ਸਾਥੀ ਸਮਝ ਕੇ ਉਸ ਨਾਲ ਬੜਾ ਹਿਤ ਕਰਦਾ ਸੀ। ਜੇ ਹਰਚਰਨ ਦਾਸ ਕੋਈ ਵਾਧੂ ਘਾਟੂ ਗੱਲ ਕਰੇ ਤਾਂ ਵੀ ਉਹ ਸਹਿ ਜਾਂਦਾ ਸੀ। ਉਹ ਬੜਾ ਦਰਿਆ ਦਿਲ ਸੀ। ਜਿੰਨਾ ਉਹ ਸਰੀਰ ਦਾ ਬਲਵਾਨ ਸੀ ਉੱਨਾ ਹੀ ਦਿਲ ਦਾ ਤਕੜਾ ਸੀ। ਨਾ ਉਸ ਨੂੰ ਕੁਟ ਭੰਨ ਸਕਦੀ ਸੀ ਤੇ ਨਾ ਹੀ ਉਸ ਦਾ ਮਨ ਦ੍ਰਿੜ੍ਹ ਇਰਾਦੇ ਤੋਂ ਤਿਲ੍ਹਕਣ ਦੀ ਸੋਚ ਸਕਦਾ ਸੀ। ਉਹ ਸਾਫ ਦਿਲ ਹੋਣ ਕਰ ਕੇ ਕਈ ਵਾਰੀ ਹਰਚਰਨ ਦਾਸ ਦੀਆਂ ਚਾਲਾਂ ਵਿੱਚ ਆ ਜਾਂਦਾ ਸੀ।

ਹਰਚਰਨ ਦਾਸ ਨਿਤ ਨਵੇਂ ਸੂਰਜ ਵਾਰਡਰਾਂ ਨਾਲ ਕੋਈ ਨਾ ਕੋਈ ਝਗੜਾ ਖੜਾ ਕਰ ਲੈਂਦਾ। ਹਰਨਾਮ ਸਿੰਘ, ਹਰਚਰਨ ਦਾਸ ਦੀ ਗਲਤੀ ਸਮਝ ਕੇ ਵੀ ਉਸ ਦੇ ਪੱਖ ਉੱਤੇ ਖੜਾ ਹੋ ਜਾਂਦਾ। ਭਾਈ ਸਾਹਬ ਉਸ ਦੀ ਇਸ ਕਮਜ਼ੋਰੀ ਤੋਂ ਜਾਣੂੰ ਹੋ ਗਏ ਪਰ ਉਹ ਮੂੰਹੋਂ ਕੁੱਝ ਨਾ ਕਹਿੰਦੇ। ਠਾਕਰ ਸਿੰਘ, ਸ਼ਿਵ ਦਿਆਲ ਤੇ ਦਰਸੀ ਚੈਨਚਇਆ ਨੇ ਹਰਨਾਮ ਸਿੰਘ ਨੂੰ ਹਰਚਰਨ ਦਾਸ ਦੀਆਂ ਗਲਤੀਆਂ ਬਾਰੇ ਸਮਝਾਉਣਾ। ਹਰਨਾਮ ਸਿੰਘ ਨੇ ਉਸ ਦੀ ਗਲਤੀ ਕਬੂਲ ਕਰ ਕੇ ਵੀ ਹਰਚਰਨ ਦਾਸ ਦਾ ਹੀ ਪੱਖ ਕਰਨਾ। ਉਸ ਦੇ ਦਿਲ ਵਿੱਚ ਇੱਕੋ ਗੱਲ ਜੰਮੀ ਹੋਈ ਸੀ ਕਿ ਉਹ ਉਸ ਨਾਲ ਅਮਰੀਕਾ ਤੋਂ ਆਇਆ ਹੈ। ਇਸ ਲਈ ਉਸ ਦਾ ਫਰਜ਼ ਬਣਦਾ ਹੈ ਕਿ ਹਰ ਤਰ੍ਹਾਂ ਉਸ ਦੀ ਮਦਦ ਕਰੇ। ਉਹ ਜਾਣਦਾ ਸੀ ਕਿ ਕਈ ਵਾਰੀ ਉਹ ਉਸ ਦੀ ਗਲਤ ਮਦਦ ਕਰਦਾ ਹੈ ਪਰ ਫਿਰ ਵੀ ਉਹ ਆਪਣੇ ਸੁਭਾ ਅਨੁਸਾਰ ਉਸ ਦੀ ਮਦਦ ਕਰਨ ਲਈ ਖੜਾ ਹੋ ਜਾਂਦਾ ਸੀ।

ਇਸ ਤਰ੍ਹਾਂ ਡੇਢ ਮਹੀਨਾ ਲੰਘ ਗਿਆ। ਗਰਮੀ ਦਾ ਜੋਰ ਘੱਟ ਗਿਆ। ਮੱਠੀ ਮੱਠੀ ਠੰਢ ਪੈਣ ਲੱਗ ਪਈ। ਇੱਕ ਸਵੇਰ ਨੂੰ ਜਦ ਉਨ੍ਹਾਂ ਨੂੰ ਕੋਠੀਆਂ ਵਿੱਚੋਂ ਬਾਹਰ ਕੱਢਿਆ ਗਿਆ ਤਾਂ ਗੰਭੀਰ ਮੰਗੂ ਦੋਵੇਂ ਗੁੰਮ ਸਨ। ਸਭ ਨੂੰ ਬੜੀ ਹਰਾਨੀ ਹੋਈ। ਭਾਂਤ ਭਾਂਤ ਦੀਆਂ ਗੱਲਾਂ ਹੋਣ ਲੱਗੀਆਂ। ਆਪਣੇ ਇੱਕ ਮਦਦਗਾਰ ਵਾਰਡਰ ਨੂੰ ਉਨ੍ਹਾਂ ਪੁੱਛਿਆ। ਦੂਜੇ ਦਿਨ ਉਸ ਨੇ ਉਨ੍ਹਾਂ ਨੂੰ ਦੱਸਿਆ ਕਿ ਗੰਭੀਰ ਨੂੰ ਯੂ. ਪੀ. ਦੀ ਕਿਸੇ ਜਿਹਲ ਵਿੱਚ ਬਦਲ ਦਿੱਤਾ ਗਿਆ ਹੈ ਪਰ ਇਹ ਪਤਾ ਨਹੀਂ ਲੱਗ ਸਕਿਆ ਕਿ ਮੰਗੂ ਨੂੰ ਕਿਧਰ ਭੇਜਿਆ ਗਿਆ ਹੈ। ਸਭ ਤੋਂ ਵਧ ਹਰਚਰਨ ਦਾਸ ਨੂੰ ਉਨ੍ਹਾਂ ਦੀ ਚਿੰਤਾ ਲੱਗੀ। ਉਹ ਦੋਵੇਂ ਉਸ ਦੀ ਹਰ ਗੱਲ ਮੰਨਦੇ ਸਨ। ਉਹ ਅੰਗਰੇਜ਼ੀ ਬਹੁਤੀ ਨਹੀਂ ਸੀ ਜਾਣਦੇ। ਮਸਾਂ ਆਪਣਾ ਗੁਜ਼ਾਰਾ ਹੀ ਕਰਦੇ ਸਨ। ਹਰਚਰਨ ਦਾਸ ਚੰਗੀ ਅੰਗਰੇਜ਼ੀ ਜਾਣਦਾ ਸੀ। ਉਹ ਦੋਵੇਂ ਇੱਕ ਤਰ੍ਹਾਂ ਹਰਚਰਨ ਦਾਸ ਦੇ ਚੇਲੇ ਜਿਹੇ ਬਣੇ ਹੋਏ ਸਨ।

ਇਸੇ ਤਰ੍ਹਾਂ ਇੱਕ ਸਵੇਰ ਨੂੰ ਹਰਚਰਨ ਦਾਸ ਗੁੰਮ ਸੀ। ਇੱਕ ਵਾਰਡਰ ਨੇ ਭਾਈ ਸਾਹਬ ਨੂੰ ਦੱਸਿਆ ਕਿ ਉਹ ਭੁੱਖ ਦੇ ਦੁੱਖੋਂ ਆਪਣੀ ਮਰਜ਼ੀ ਨਾਲ ਜਿਹਲਰ ਕੋਲ ਪਹੁੰਚ ਗਿਆ ਸੀ। ਹੁਣ ਭਾਈ ਸਾਹਬ, ਠਾਕਰ ਸਿੰਘ, ਦਰਸੀ ਚੈਨਚਇਆ, ਸ਼ਿਵ ਦਿਆਲ ਤੇ ਹਰਨਾਮ ਸਿੰਘ ਹੀ ਅਲੀਪੁਰ ਜਿਹਲ ਵਿੱਚ ਰਹਿ ਗਏ ਸਨ।

ਕੁੱਝ ਦਿਨਾਂ ਮਗਰੋਂ ਇੱਕ ਹਮਦਰਦ ਵਾਰਡਰ ਨੇ ਭਾਈ ਸ਼ਾਹਬ ਨੂੰ ਦੱਸਿਆ ਕਿ ਉਸ ਨੇ ਜਿਹਲਰ ਤੇ ਚੀਫ ਵਾਰਡਰ ਨੂੰ ਗੱਲਾਂ ਕਰਦਾ ਸੁਣਿਆ ਸੀ। ਜਿਹਲਰ ਕਹਿ ਰਿਹਾ ਸੀ ਕਿ ਹਰਚਰਨ ਦਾਸ, ਅਮਰੀਕਾ ਤੇ ਕੈਨੇਡਾ ਤੋਂ ਆਏ ਬੰਦਿਆਂ ਨੂੰ ਫੜਵਾਉਣ ਵਿੱਚ ਮਦਦ ਦੇ ਰਿਹਾ ਹੈ ਤੇ ਉਸ ਨੂੰ ਪੰਜਾਬ ਦੀ ਖੁਫੀਆ ਪੁਲਸ ਵਿੱਚ ਅਫਸਰ ਬਣਾ ਦਿੱਤਾ ਗਿਆ ਹੈ।

੫੦

ਜਿਹਲ ਦੇ ਅਧਿਕਾਰੀ ਅੱਧੇ ਕੁ ਘੰਟੇ ਲਈ ਗਦਰੀ ਕੈਦੀਆਂ ਨੂੰ ਕੋਠੀਆਂ ਵਿੱਚੋਂ ਬਾਹਰ ਕੱਢ ਕੇ ਫਿਰਨ ਤਰਨ ਦੀ ਆਗਿਆ ਦੇਂਦੇ ਪਰ ਸਭ ਨੂੰ ਇਕੱਠਿਆਂ ਬਾਹਰ ਨਾਂ ਕੱਢਦੇ। ਇੱਕ ਇੱਕ ਦੋ ਦੋ ਕਰ ਕੇ ਕੱਢਦੇ। ਗੰਭੀਰ, ਮੰਗੂ ਤੇ ਹਰਚਰਨ ਦਾਸ ਜਾ ਚੁੱਕੇ ਸਨ। ਭਾਈ ਸਾਹਬ, ਦਰਸੀ ਚੈਨਚਇਆ, ਠਾਕਰ ਸਿੰਘ, ਸ਼ਿਵ ਦਿਆਲ ਤੇ ਹਰਨਾਮ ਸਿੰਘ ਇੱਕ ਦੂਜੇ ਨੂੰ ਮਿਲ ਪੈਂਦੇ।

ਇੱਕ ਦੁਪਹਿਰ ਨੂੰ ਭਾਈ ਸਾਹਿਬ ਤੇ ਦਰਸੀ ਨੂੰ ਇਕੱਠਿਆਂ ਬਾਹਰ ਕੱਢਿਆ ਗਿਆ। ਉਹ ਧੁੱਪੇ ਬਹਿ ਕੇ ਦੁੱਖ ਸੁੱਖ ਫੋਲਣ ਲੱਗ ਪਏ। ਪੰਜਾਬੀ ਵਿੱਚ ਗੱਲਾਂ ਕਰਨ ਦੀ ਅਵਾਜ਼ ਸੁਣ ਕੇ ਭਾਈ ਸਾਹਬ ਨੇ ਪਿੱਛੇ ਤੱਕਿਆ। ਦਰਸੀ ਦੀ ਨਜ਼ਰ ਵੀ ਉਧਰ ਚਲੀ ਗਈ। ਜਿਹਲ ਅਧਿਕਾਰੀ ਦੋ ਸਿੱਖਾਂ ਨੂੰ ਪੂਰਬ ਵੱਲ ਖੁਲ੍ਹਦੀਆਂ ਜਿਹਲ-ਕੋਠੀਆਂ ਵੱਲ ਲਿਜਾ ਰਹੇ ਸਨ। ਉਨ੍ਹਾਂ ਦੇ ਸਿਰ, ਪੈਰ, ਧੜ ਨੰਗੇ ਸਨ। ਬਸ ਕਛਹਿਰੇ ਹੀ ਤੇੜ ਸਨ। ਉਨ੍ਹਾਂ ਵਿੱਚੋਂ ਇੱਕ ਨੇ ਭਾਈ ਸਾਹਬ ਤੇ ਦਰਸੀ ਨੂੰ ਵੇਖ ਕੇ ਉੱਚੀ ਸਾਰੀ ਕਿਹਾ—"ਅਸੀਂ ਕੌਮਾ ਗਾਟਾ ਮਾਰੂ ਜਹਾਜ਼ ਦੇ ਮੁਸਾਫਰ ਹਾਂ।" ਭਾਈ ਸਾਹਬ ਤਰੱਬਕ ਕੇ ਉਠ ਖਲੋਤੇ। ਦਰਸੀ ਵੀ ਸਮਝ ਗਿਆ ਕਿ ਇਹ ਦੋਵੇਂ ਕੈਦੀ ਕੌਮਾ ਗਾਟਾ ਮਾਰੂ ਵਾਲੇ ਹਨ।

ਵਾਰਡਰ ਨੇ ਉਨ੍ਹਾਂ ਕੈਦੀਆਂ ਨੂੰ ਛੇਤੀ ਛੇਤੀ ਤੁਰਨ ਲਈ ਕਿਹਾ। ਉਨ੍ਹਾਂ ਦੇ ਹੱਥਾਂ ਵਿੱਚ ਹੱਥਕੜੀਆਂ ਤੇ ਪੈਰਾਂ ਵਿੱਚ ਬੇੜੀਆਂ ਸਨ। ਇੱਕ ਨੇ ਅੜ ਕੇ ਖਲੋ ਕੇ ਪੁੱਛਿਆ—"ਤੁਸੀਂ ਤਾਂ ਸਿੰਘ ਸਾਹਿਬ ਮਲੂਮ ਹੁੰਦੇ ਹੋ।" ਨਾਲ ਹੀ ਉਸ ਨੇ ਫਤਹਿ ਗਜਾ ਦਿੱਤੀ। ਭਾਈ ਸਾਹਬ ਨੇ ਫਤਿਹ ਦਾ ਉੱਤਰ ਫਤਹਿ ਵਿੱਚ ਦਿੱਤਾ। ਵਾਰਡਰ ਨੇ ਉਨ੍ਹਾਂ ਦੋਹਾਂ ਨੂੰ ਧੱਕੇ ਮਾਰ ਕੇ ਅੱਗੇ ਤੋਰ ਲਿਆ। ਭਾਈ ਸਾਹਬ ਸਾਰਾ ਜਤਨ ਕਰਨ ਤੇ ਵੀ ਉਨ੍ਹਾਂ ਦੋਹਾਂ ਸਿੱਖਾਂ ਕੈਦੀਆਂ ਦੀ ਪਛਾਣ ਨਾ ਕੱਢ ਸਕੇ।

ਭਾਈ ਸਾਹਬ ਨੇ ਪਹਿਲੋਂ ਵੀ ਸੁਣਿਆ ਸੀ ਕਿ ਗੁਰੂ ਨਾਨਕ ਜਹਾਜ਼ ਦੇ ਕਈ ਕੈਦੀ ਇਸ ਜਿਹਲ ਵਿੱਚ ਬਦ ਹਨ ਪਰ ਅੱਜ ਉਨ੍ਹਾਂ ਨੂੰ ਇਸ ਗੱਲ ਦਾ ਸਬੂਤ ਮਿਲ ਗਿਆ। ਬਜ ਬਜ ਘਾਟ ਉੱਤੇ, ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਉੱਤੇ ਗੋਰਿਆਂ ਵੱਲੋਂ ਚਲਾਈ ਗਈ

ਗੋਲੀ ਦਾ ਕਲਪਤ ਨਜ਼ਾਰਾ ਉਨ੍ਹਾਂ ਦੀਆਂ ਅੱਖਾਂ ਅੱਗੇ ਆ ਖਲੋਤਾ । ਉਹ ਅੱਖਾਂ ਮੀਟ ਕੇ ਚੌਕੜੀ ਮਾਰ ਕੇ ਬਹਿ ਗਏ । ਉਨ੍ਹਾਂ ਨੇ ਅੱਖਾਂ ਬੰਦ ਕਰ ਕੇ ਦੋਵੇਂ ਹੱਥ ਉੱਚੇ ਚੁੱਕ ਕੇ ਪੜ੍ਹਿਆ—"ਤੇਰਾ ਭਾਣਾ ਮੀਠਾ ਲਾਗੈ, ਨਾਮ ਪਦਾਰਥ ਨਾਨਕ ਮਾਗੈ ।" ਕੁੱਝ ਦੇਰ ਉਹ ਅੱਖਾਂ ਮੁੰਦ ਕੇ ਬੈਠੇ ਰਹੇ । ਦਰਸੀ ਨੇ ਉਨ੍ਹਾਂ ਦੇ ਪੈਰ ਛੋਹੇ । ਉਨ੍ਹਾਂ ਦਰਸੀ ਦੇ ਹੱਥ ਆਪਣੇ ਹੱਥਾਂ ਵਿੱਚ ਫੜ ਲਏ । ਦਰਸੀ ਨੇ ਕਿਹਾ—"ਅੱਜ ਕਈ ਦਿਨਾਂ ਮਗਰੋਂ ਇਕੱਠੇ ਹੋਏ ਹਾਂ । ਕੋਈ ਗੱਲ ਕਰੋ । ਤੁਸੀਂ ਲੰਡਨ ਵਾਲੇ ਡੈਪੂਟੇਸ਼ਨ ਬਾਰੇ ਕਦੇ ਕੋਈ ਗੱਲ ਨਹੀਂ ਦੱਸੀ ।"

ਭਾਈ ਸਾਹਬ ਨੇ ਦੱਸਣਾ ਸ਼ੁਰੂ ਕੀਤਾ—"ਕੈਨੇਡਾ ਦੀ ਸੰਗਤ ਉੱਤੇ ਸਰਕਾਰ ਵੱਲੋਂ ਢਾਹੇ ਗਏ ਜ਼ੁਲਮਾਂ ਦੀ ਕਹਾਣੀ ਤਾਂ ਤੁਹਾਨੂੰ ਪਤਾ ਹੀ ਹੈ ।"

"ਜੀ ਹਾਂ ।" ਦਰਸੀ ਨੇ ਹੁੰਗਾਰਾ ਭਰਿਆ ।

"ਕਈ ਮਸਲੇ ਸਨ ਪਰ ਦੋ ਵੱਡੇ ਮਸਲੇ ਸਨ । ਇੱਕ ਸਿੱਧੇ ਜਹਾਜ਼ ਦੀ ਸ਼ਰਤ । ਸਿੱਧਾ ਜਹਾਜ਼ ਜਾਂਦਾ ਹੀ ਕੋਈ ਨਹੀਂ ਸੀ । ਦੂਜਾ ਮਸਲਾ ਸੀ ਪਰਵਾਰਾਂ ਦੇ ਦਾਖਲੇ ਉੱਤੇ ਬੰਦਸ਼ ।"

"ਇਹ ਤਾਂ ਮੈਨੂੰ ਪਤਾ ਹੈ ।"

ਇਨ੍ਹਾਂ ਮਸਲਿਆਂ ਦੇ ਹਲ ਲਈ ਸੰਗਤ ਨੇ ਮੇਰੀ ਸੇਵਾ ਲਾ ਦਿੱਤੀ । ਚੋਬਦਾਰ ਨਰੈਣ ਸਿੰਘ ਜੀ ਤੇ ਭਾਈ ਨੰਦ ਸਿੰਘ ਜੀ ਸੀਹਰਾ ਮੇਰੇ ਨਾਲ ਦੇ ਦਿੱਤੇ ।"

"ਨੰਦ ਸਿੰਘ ਤਾਂ ਕੈਲੋਫੋਰਨੀਆਂ ਪੜ੍ਹਦਾ ਸੀ । ਮੈਂ ਉਸ ਨੂੰ ਜਾਣਦਾ ਹਾਂ ।"

"ਤੁਸੀਂ ਠੀਕ ਬੁਝਿਆ ਹੈ ।"

"ਅਸੀਂ ਚੌਦਾਂ ਮਾਰਚ ਉਨੀ ਸੌ ਤੇਰਾਂ ਨੂੰ ਮੌਂਟਰੀਆਲ ਤੇ ਸੇਂਟ ਜਾਹਨ ਰਾਹੀਂ ਲੰਡਨ ਪਹੁੰਚੇ ? ਲੀਉਸ ਹਾਰਕੋਰਟ, ਨੌ ਆਬਾਦੀਆ ਦੇ ਵਜ਼ੀਰ ਨੇ ਮੁਲਾਕਾਤ ਕਰਨ ਤੋਂ ਨਾਹ ਕਰ ਦਿੱਤੀ । ਸਰ ਵਿਲੀਅਮ ਵੈਡਰਬਰਨ, ਸਰ ਹੈਨਰੀ ਕਾਟਨ, ਸਰ ਮਨਛਰ ਜੀ ਭਾਵਨਗਰ, ਸਰ ਕੇ ਜੀ ਗੁਪਤਾ, ਨੌ ਆਬਾਦੀਆਂ ਦੇ ਨਿੱਕੇ ਵਜ਼ੀਰ ਤੇ ਪਾਰਲੀਮੈਂਟ ਦੇ ਹੋਰ ਕਈ ਮੈਂਬਰਾਂ ਨੂੰ ਮਿਲੇ । ਆਪਣੇ ਮੰਤਵ ਲਈ ਕੈਕਸਟਨ ਹਾਲ ਵਿੱਚ ਜਲਸਾ ਕੀਤਾ । ਗੋਖਲੇ ਨੂੰ ਵੀ ਮਿਲੇ । ਦੇਸ ਪਹੁੰਚ ਕੇ ਮਦਰਾਸ, ਬੰਬਈ ਤੇ ਲਾਹੌਰ ਗਏ । ਬ੍ਰੈਡਲਾ ਹਾਲ ਲਾਹੌਰ ਵੀ ਜਲਸਾ ਕੀਤਾ । ਆਪਣੇ ਮਸਲੇ ਲੋਕਾਂ ਅੱਗੇ ਰੱਖੇ । ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਨੂੰ ਮਿਲੇ । ਉਸ ਨੇ ਬੜੀ ਅਬੇ ਤਬੇ ਕੀਤੀ । ਵਾਇਸਰਾਏ ਤੱਕ ਪਹੁੰਚੇ ਪਰ ਸਾਡੀ ਕੋਈ ਗੱਲ ਨਾ ਬਣੀ । ਅੱਕ ਕੇ ਅਸੀਂ ਨੌ ਅਪ੍ਰੈਲ ਉਨੀ ਸੌ ਚੌਦਾਂ ਨੂੰ ਹਾਂਗਕਾਂਗ ਪਰਤੇ । ਮੇਰੇ ਦੋਵੇਂ ਸਾਥੀ ਪਿੱਛੇ ਦੇਸ ਰਹਿ ਗਏ । ਅਗਲੀ ਸਾਰੀ ਗੱਲ ਤੁਹਾਨੂੰ ਪਤਾ ਹੀ ਹੈ । ਮੈਂ, ਗੁਰੂ ਨਾਨਕ ਜਹਾਜ਼ ਵਾਲਿਆਂ ਨੂੰ ਜਾਪਾਨ ਮਿਲ ਕੇ ਉਨ੍ਹਾਂ ਤੋਂ ਦੋ ਦਿਨ ਪਹਿਲੋਂ ਵੈਨਕੋਵਰ ਪਹੁੰਚ ਗਿਆ ਸਾਂ । ਵੈਨਕੋਵਰ ਜਾਣ ਤੋਂ ਪਹਿਲੋਂ ਅਸਾਂ ਡੈਪੂਟੇਸ਼ਨ ਦੀ ਰਪੋਰਟ ਵਿਕਟੋਰੀਆ ਦੀ ਸੰਗਤ ਨੂੰ ਦੇ ਦਿੱਤੀ ਸੀ ।"

"ਤੁਹਾਡੀ ਸਾਰੀ ਵਿਥਿਆ ਸੁਣ ਕੇ ਮੇਰੇ ਮਨ ਵਿੱਚ ਹੋਰ ਕਈ ਸੁਆਲ ਪੈਦਾ ਹੋ ਗਏ ਹਨ ਪਰ ਵਾਰਡਨ ਦਫਤਰੋਂ ਨਿਕਲ ਤੁਰਿਆ ਹੈ ।"

ਵਾਰਡਨ ਨੇ ਦੂਰੋਂ ਹੀ ਵਾਜ ਮਾਰ ਦਿੱਤੀ—"ਤੁਹਾਡਾ ਵਕਤ ਖਤਮ ਹੋ ਚੁੱਕਾ ਹੈ ।"

ਉਸ ਨੇ ਉਨ੍ਹਾਂ ਨੂੰ ਕੋਠੀਆਂ ਵਿੱਚ ਬੰਦ ਕਰ ਕੇ ਹਰਨਾਮ ਸਿੰਘ ਦੀ ਕੋਠੀ ਵਿੱਚ ਝਾਤ ਮਾਰ ਕੇ ਕਿਹਾ—"ਬਾਕੀ ਕੈਦੀਆਂ ਨੂੰ ਅੱਜ ਬਾਹਰ ਕੱਢਣ ਦੀ ਇਜਾਜ਼ਤ ਨਹੀਂ। ਤੁਸੀਂ ਨਵੇਂ ਆਏ ਕੈਦੀਆਂ ਨਾਲ ਗੱਲਾਂ ਕਰਨੋਂ ਨਹੀਂ ਟਲਦੇ।"

ਭਾਈ ਸਾਹਬ ਨੇ ਨਰਮ ਅਵਾਜ਼ ਵਿੱਚ ਕਿਹਾ—"ਭਾਈ ਹਰਨਾਮ ਸਿੰਘ ਜੀ! ਕਸੂਰ ਅਸਾਡਾ ਤੇ ਸਜ਼ਾ ਤੁਹਾਨੂੰ ਸਭ ਨੂੰ। ਖਿਮਾ ਕਰਨੀ।"

ਸ਼ਿਵ ਦਿਆਲ ਤੇ ਠਾਕਰ ਸਿੰਘ ਨੇ ਵੀ ਭਾਈ ਸਾਹਬ ਦੀ ਗੱਲ ਸੁਣ ਲਈ ਸੀ। ਉਹ ਦੋਵੇਂ ਆਪਣੀਆਂ ਕੋਠੀਆਂ ਵਿੱਚ ਲੋਹੇ ਦੀਆਂ ਸੀਖਾਂ ਨੂੰ ਹੱਥ ਪਾ ਕੇ ਖਲੋਤੇ ਸਨ।

ਇਹ ਪੰਜੇ ਕੈਦੀ ਕੋਠੀਆਂ ਵਿੱਚ ਬੰਦ ਹੁੰਦਿਆਂ ਇਕ ਦੂਜੇ ਨੂੰ ਵੇਖ ਨਹੀਂ ਸਨ ਸਕਦੇ ਪਰ ਵਾਜ ਮਾਰ ਕੇ ਗੱਲਾਂ ਕਰ ਲੈਂਦੇ ਸਨ।

੫੧

ਸਿਆਲ ਉਤਰ ਆਇਆ ਸੀ। ਠੰਢ ਵਧ ਰਹੀ ਸੀ। ਕਾਲ ਕੋਠੜੀਆਂ ਵਿੱਚ ਦਿਨੇ ਵੀ ਹਨੇਰਾ ਰਹਿੰਦਾ ਸੀ। ਕੋਠੜੀ ਦੇ ਜੰਗਲੇ ਪੱਛਮ ਵੱਲ ਖੁਲ੍ਹਦੇ ਸਨ। ਕੋਠੜੀਆਂ ਅੰਦਰ ਧੁੱਪ ਆਉਣ ਦਾ ਕਦੇ ਸੁਆਲ ਹੀ ਨਹੀਂ ਪੈਂਦਾ। ਕੈਦੀਆਂ ਪਾਸ ਦੋ ਦੋ ਕਾਲੇ ਕੰਬਲ ਸਨ। ਇਕ ਹੇਠਾਂ ਵਿਛਾਉਣ ਲਈ ਤੇ ਦੂਜਾ ਉੱਤੇ ਲੈਣ ਵਾਸਤੇ। ਹਰ ਰੋਜ਼ ਅੱਧੇ ਕੁ ਘੰਟੇ ਲਈ ਸਵੇਰੇ ਕੋਠੀਆਂ ਖੋਲ੍ਹੀਆਂ ਜਾਂਦੀਆਂ। ਕੈਦੀ ਧੁੱਪੇ ਹੋ ਬਹਿੰਦੇ। ਤਕਾਲਾਂ ਵੇਲੇ ਜਦ ਉਨ੍ਹਾਂ ਨੂੰ ਕੁੱਝ ਸਮੇਂ ਲਈ ਫਿਰ ਬਾਹਰ ਕੱਢਿਆ ਜਾਂਦਾ ਤਾਂ ਉਹ ਠੁਰ ਠੁਰ ਕਰਨ ਪੈਂਦੇ।

ਇੱਕ ਸਵੇਰ ਨੂੰ ਜਿਹਲਰ ਨੇ ਉਨ੍ਹਾਂ ਨੂੰ ਆ ਕੇ ਦੱਸਿਆ ਕਿ ਛੇਤੀ ਹੀ ਉਨ੍ਹਾਂ ਨੂੰ ਆਪੋ ਆਪਣੇ ਸੂਬਿਆਂ ਦੀਆਂ ਜਿਹਲਾਂ ਵਿੱਚ ਭੇਜ ਦਿੱਤਾ ਜਾਏਗਾ। ਭਾਈ ਸਾਹਬ ਦਾ ਮਨ ਪੰਜਾਬ ਪਹੁੰਚਣ ਲਈ ਤੜਪ ਉੱਠਿਆ। ਉਨ੍ਹਾਂ ਨੂੰ ਖਿਆਲ ਆਇਆ ਕਿ ਇੱਕ ਬਹੁਤ ਪਿਆਰੇ ਮਿੱਤਰ ਦਰਸ਼ੀ ਚੈਨਚਇਆ ਨਾਲੋਂ ਉਨ੍ਹਾਂ ਨੂੰ ਵਿਛੋੜ ਦਿੱਤਾ ਜਾਏਗਾ। ਉਹ ਸੋਚ ਰਹੇ ਸਨ ਕਿ ਪੰਜਾਬੀ ਹੋਣ ਦੇ ਨਾਤੇ ਹਰਨਾਮ ਸਿੰਘ, ਸ਼ਿਵਦਿਆਲ ਤੇ ਠਾਕਰ ਸਿੰਘ ਨੂੰ ਤਾਂ ਉਨ੍ਹਾਂ ਦੇ ਨਾਲ ਹੀ ਪੰਜਾਬ ਭੇਜਿਆ ਜਾਏਗਾ। ਅੱਗੋਂ ਆਉਣ ਵਾਲੇ ਸਮੇਂ ਬਾਰੇ ਸੋਚਾਂ ਸੋਚਣ ਲੱਗੇ।

ਜਦ ਦੇ ਉਹ ਆਪਣੇ ਪਰਵਾਰ ਦੇ ਜੀਆਂ ਨਾਲੋਂ ਵਿਛੜੇ ਸਨ ਉਨ੍ਹਾਂ ਨੂੰ ਉਨ੍ਹਾਂ ਵਲੋਂ ਜਾਂ ਉਨ੍ਹਾਂ ਬਾਰੇ ਕੋਈ ਖ਼ਬਰ ਨਹੀਂ ਸੀ ਮਿਲੀ। ਘੜੀ ਮੁੜੀ ਉਨ੍ਹਾਂ ਦਾ ਧਿਆਨ ਆਪਣੀ ਪਤਨੀ ਤੇ ਬੱਚਿਆਂ ਵੱਲ ਚਲਾ ਜਾਂਦਾ। ਉਹ ਮਨ ਦੀਆ ਵਾਗਾਂ ਮੋੜ ਮੋੜ ਰੱਖਦੇ। ਜਦ ਪੰਜਾਬ ਭੇਜੇ ਜਾਣ ਦੀ ਗੱਲ ਤੁਰੀ ਤਾਂ ਉਨ੍ਹਾਂ ਦੇ ਮਨ ਵਿੱਚ ਇਹ ਗੱਲ ਆਈ ਕਿ ਸ਼ਾਇਦ ਪੰਜਾਬ ਸਰਕਾਰ ਉਨ੍ਹਾਂ ਦੇ ਪਰਵਾਰ ਨੂੰ ਮੁਲਾਕਾਤ ਦੀ ਆਗਿਆ ਦੇ ਦੇਵੇ। ਉਹ ਖਿਆਲਾਂ ਹੀ ਖਿਆਲਾਂ ਵਿੱਚ ਕਰਤਾਰ ਕੌਰ ਨਾਲ ਗੱਲਾਂ ਕਰਨ ਲੱਗ ਪਏ। ਹਰਿਦਿਆਲ ਸਿੰਘ, ਊਧਮ ਕੌਰ ਤੇ ਨਿਰੰਜਨ ਕੌਰ ਨੂੰ ਗੋਦ ਵਿੱਚ ਬਿਠਾ ਕੇ ਉਨ੍ਹਾਂ ਨਾਲ ਲਾਡ ਪਿਆਰ ਕਰਨ ਲੱਗੇ। ਝੱਟ ਹੀ ਉਨ੍ਹਾਂ ਸਿਰ ਛੰਡ ਕੇ ਆਪਣੇ ਮਨ ਉੱਤੇ ਕਾਬੂ ਪਾਉਣ ਦਾ ਜਤਨ ਕਰਦਿਆਂ ਚੌਕੜੀ ਮਾਰ ਕੇ ਬਾਣੀ ਪੜ੍ਹਨੀ ਸ਼ੁਰੂ ਕਰ ਦਿੱਤੀ!

ਜਦ ਦਰਸੀ ਨੇ ਭਾਈ ਸਾਹਬ ਦੇ ਬਾਣੀ ਪੜ੍ਹਨ ਦੀ ਅਵਾਜ਼ ਸੁਣੀ ਤਾਂ ਉਹ ਸਮਝ ਗਿਆ ਕਿ ਦੁਪਹਿਰਾਂ ਲਾਗੇ ਬਾਣੀ ਪੜ੍ਹਨ ਦਾ ਮਤਲਬ ਇਹੋ ਹੈ ਕਿ ਭਾਈ ਸਾਹਬ ਦਾ ਮਨ ਆਪਣੇ ਪਰਵਾਰ ਵਲ ਚਲਾ ਗਿਆ ਹੋਵੇਗਾ ਤੇ ਉਹ ਮਨ ਨੂੰ ਕਾਬੂ ਵਿਚ ਰੱਖਣ ਦਾ ਅਸਫਲ ਜਤਨ ਕਰ ਰਹੇ ਹੋਣਗੇ। ਉਸ ਨੇ ਉੱਠ ਕੇ ਕੋਠੀ ਦੀਆਂ ਸੀਖਾਂ ਨੂੰ ਹੱਥ ਪਾ ਕੇ ਏਧਰ ਓਧਰ ਤਕਣ ਪਿੱਛੋਂ ਕਿਹਾ—"ਪਤਾ ਨਹੀਂ ਮੁੜ ਮੇਲੇ ਹੋਣਗੇ ਜਾਂ ਨਹੀਂ। ਤੁਹਾਡੇ ਨਾਲ ਰਹਿਣ ਕਰਕੇ ਮੇਰਾ ਮਨ ਵੀ ਬਹੁਤ ਪੱਕਾ ਰਿਹੈ। ਅੱਗੋਂ ਪਤਾ ਨਹੀਂ ਕਿਵੇਂ ਗੁਜ਼ਰੇਗੀ ਮੁੜ ਤੁਹਾਡੇ ਦਰਸ਼ਨ ਨਸੀਬ ਹੋਣਗੇ ਜਾਂ ਨਹੀਂ।"

ਭਾਈ ਸਾਹਬ ਬਾਣੀ ਵੀ ਪੜ੍ਹ ਰਹੇ ਸਨ। ਦਰਸੀ ਦੀ ਗੱਲ ਵੀ ਸੁਣ ਰਹੇ ਸਨ ਪਰ ਉਨ੍ਹਾਂ ਦਾ ਮਨ ਉੱਖੜ ਉੱਖੜ ਜਾਂਦਾ ਸੀ। ਹਰ ਖਿਣ ਹਰਿਦਿਆਲ ਸਿੰਘ ਉਨ੍ਹਾਂ ਦੇ ਅੱਗੇ ਆ ਖਲੋਂਦਾ ਸੀ। ਕਰਤਾਰ ਕੌਰ ਦਾ ਉਦਾਸ ਚਿਹਰਾ ਉਨ੍ਹਾਂ ਦੇ ਖਿਆਲ ਵਿਚੋਂ ਨਹੀਂ ਸੀ ਨਿਕਲਦਾ। ਉਨ੍ਹਾਂ ਨੇ ਦੋਵੇਂ ਹੱਥ ਆਪਣੇ ਨੰਗੇ ਪੱਟਾਂ ਉੱਤੇ ਮਾਰਦਿਆਂ ਕਿਹਾ—"ਦਰਸੀ! ਉਹੋ ਹੋਏਗਾ ਜੋ ਕਰਤਾਰ ਨੂੰ ਭਾਵੇਗਾ। ਸਾਡੇ ਹੱਥ ਕੁੱਝ ਨਹੀਂ। ਅਸੀਂ ਤਾਂ ਉਸ ਦੇ ਖਿਡੌਣੇ ਹਾਂ। ਜਿਵੇਂ ਖਿਡਾਂਦੈ ਖੇਡਦੇ ਹਾਂ।"

ਏਨੇ ਨੂੰ ਚੀਫ ਵਾਰਡਰ ਨੇ ਆ ਕੇ ਹੁਕਮ ਸੁਣਾਇਆ—"ਗੱਡੀ ਅੱਠ ਵਜੇ ਚੱਲੇਗੀ। ਤੁਸੀਂ ਛੇ ਵਜੇ ਤੱਕ ਤਿਆਰ ਹੋ ਜਾਓ। ਆਪਣਾ ਸਾਮਾਨ ਸੰਭਾਲ ਲਾਓ।"

ਉਸ ਦਾ ਹੁਕਮ ਸੁਣ ਕੇ ਭਾਈ ਸਾਹਬ ਮੁਸਕਰਾ ਪਏ। ਚੀਫ ਵਾਰਡਰ ਨੇ ਮੁਸਕਰਾਉਣ ਦਾ ਮਤਲਬ ਪੁੱਛਿਆ। ਭਾਈ ਸਾਹਬ ਨੇ ਜੁਆਬ ਦਿੱਤਾ—"ਕੀ ਮੁਸਕਰਾਉਣਾ ਵੀ ਮਨ੍ਹਾ ਹੈ?" ਚੀਫ ਵਾਰਡਰ ਘੂਰੀ ਪਾ ਕੇ ਭਾਈ ਸਾਹਬ ਵਲ ਤੱਕ ਕੇ ਪਿੱਠ ਦੇ ਕੇ ਮੁੜ ਪਿਆ।

ਅਜੇ ਪੰਜ ਸੱਤ ਮਿੰਟ ਹੀ ਹੋਏ ਸਨ ਕਿ ਉਹ ਫਿਰ ਮੁੜ ਕੇ ਆ ਗਿਆ। ਗੁੱਸੇ ਵਿਚ ਭਰੇ ਹੋਏ ਨੇ ਹੁਕਮ ਦਿੱਤਾ—"ਤਿਆਰ ਹੋ ਜਾਓ।" ਕੋਠੀਆਂ ਖੁਲ੍ਹੀਆਂ। ਭਾਈ ਸਾਹਬ ਤੇ ਹਰਨਾਮ ਸਿੰਘ ਨੂੰ ਟਿਕੱਠੀ ਹੱਥਕੜੀ ਲਾਈ ਗਈ। ਉਨ੍ਹਾਂ ਨੂੰ ਉਸੇ ਵਲੇ ਜਿਹਲਰ ਦੇ ਦਫਤਰ ਵਲ ਤੋਰ ਲਿਆ ਗਿਆ। ਉਨ੍ਹਾਂ ਦੋਹਾਂ ਮੁੜ ਕੇ ਪਿੱਛੇ ਤਕਿਆ। ਉਨ੍ਹਾਂ ਦਾ ਖਿਆਲ ਸੀ ਕਿ ਸ਼ਿਵਦਿਆਲ ਤੇ ਠਾਕਰ ਸਿੰਘ ਵੀ ਉਨ੍ਹਾਂ ਦੇ ਪਿੱਛੇ ਪਿੱਛੇ ਆ ਰਹੇ ਹੋਣਗੇ ਪਰ ਉਹ ਉਨ੍ਹਾਂ ਨੂੰ ਕਿਧਰੇ ਨਾ ਦਿਸੇ। ਦਰਸੀ ਅਜੇ ਵੀ ਕੋਠੀ ਵਿਚ ਬੰਦ ਸੀ। ਉਨ੍ਹਾਂ ਪਿੱਛੇ ਮੁੜ ਕੇ ਦਰਸੀ ਵਲ ਹੱਥ ਹਿਲਾਏ। ਉਹ ਲੋਹੇ ਦੀਆਂ ਸੀਖਾਂ ਨੂੰ ਪੱਕੇ ਹੱਥ ਪਾ ਕੇ ਉਦਾਸ ਹੋਇਆ ਉਨ੍ਹਾਂ ਵਲ ਤੱਕ ਰਿਹਾ ਸੀ।

੫੨

ਇੱਕ ਦਿਨ ਅਚਾਨਕ ਹੀ ਬੀਬੀ ਕਰਤਾਰ ਕੌਰ ਤੇ ਬੱਚਿਆਂ ਨੂੰ ਘਰ ਪਹੁੰਚਿਆਂ ਵੇਖ ਕੇ ਸਾਰਾ ਪਿੰਡ ਇਕੱਠਾ ਹੋ ਗਿਆ। ਅੱਧੀ ਰਾਤ ਤੱਕ ਗੱਲਾਂ ਹੁੰਦੀਆਂ ਰਹੀਆਂ। ਬੀਬੀ ਦਾ ਖਿਆਲ ਸੀ ਕਿ ਪਿੰਡ ਪਹੁੰਚਣ ਸਾਰ ਉਸ ਨੂੰ ਭਾਈ ਸਾਹਬ ਬਾਰੇ ਪਤਾ ਲੱਗ ਜਾਏਗਾ। ਜਦ ਉਸ ਨੂੰ ਪਿੰਡ ਪਹੁੰਚ ਕੇ ਵੀ ਕੁੱਝ ਪਤਾ ਨਾ ਲੱਗਾ ਤਾਂ ਉਹ ਬਹੁਤ ਨਿਢਾਲ ਹੋ ਗਈ। ਮਨ ਦੀ ਅਵਸਥਾ ਦਾ ਅਸਰ ਸਰੀਰ ਉੱਤੇ ਏਨਾ ਪਿਆ ਕਿ ਉਹ ਉਠ ਕੇ ਬੈਠਣ ਜੋਗੀ ਵੀ ਨਾ ਰਹੀ।

ਅੱਛਰ ਸਿੰਘ ਦੀ ਇੱਕ ਲੱਤ ਪਿੰਡ ਤੇ ਦੂਜੀ ਲਾਹੌਰ ਹੁੰਦੀ। ਉਹ ਨਿੱਤ ਨਵੇਂ

ਨਵੇਂ ਗ਼ਦਰੀਆਂ ਦੇ ਲਾਹੌਰ ਜਿਹਲ ਵਿੱਚ ਪਹੁੰਚਣ ਦੀਆਂ ਖਬਰਾਂ ਸੁਣਦਾ ਪਰ ਭਾਈ ਸਾਹਬ ਬਾਰੇ ਕੋਈ ਸੂਹ ਪਤਾ ਨਾ ਮਿਲਦਾ ।

ਪੰਦਰਾਂ ਅਕਤੂਬਰ ਉਨੀ ਸੌ ਸੌਲਾਂ ਦਾ ਦਿਨ ਸੀ । ਅੱਛਰ ਸਿੰਘ ਕਾਲੀ ਲੋਈ ਵਿੱਚ ਲਪੇਟਿਆ, ਲਾਹੌਰ ਸਟੇਸ਼ਨ ਦੇ ਇੱਕ ਬੈਂਚ ਉੱਤੇ ਬੈਠਾ ਠੁਰ ਠੁਰ ਕਰ ਰਿਹਾ ਸੀ । ਠੱਕੇ ਦੀ ਹਵਾ ਵਗ ਰਹੀ ਸੀ । ਕੁੱਝ ਚਿਰ ਉਹ ਅਡੋਲ ਬੈਠਾ ਬੈਠਾ, ਸੋਚਾਂ ਵਿੱਚ ਪਿਆ ਰਿਹਾ । ਉਸ ਦਾ ਮਨ ਕੀਤਾ ਕਿ ਧੁੱਪੇ ਜਾ ਖਲੋਵੇ ਪਰ ਠੰਢੀ ਹਵਾ ਤੋਂ ਬਚਣ ਲਈ ਉਥੇ ਹੀ ਬੈਠਾ ਰਿਹਾ । ਉਸ ਨੇ ਜਲੰਧਰ ਪੁੜਨਾ ਸੀ । ਉਸ ਦੀ ਗੱਡੀ ਇੱਕ ਘੰਟਾ ਲੇਟ ਸੀ ।

ਏਨੇ ਨੂੰ ਦਿੱਲੀ ਤੋਂ ਪਸ਼ੌਰ ਜਾਣ ਵਾਲੀ ਗੱਡੀ ਸਟੇਸ਼ਨ ਉੱਤੇ ਆ ਪਹੁੰਚੀ । ਇੱਕ ਡੱਬੇ ਵਿੱਚ ਕਈ ਪੁਲਸੀਏ ਬੈਠੇ ਵੇਖ ਕੇ, ਅੱਛਰ ਸਿੰਘ ਦਾ ਧਿਆਨ ਉਸ ਪਾਸੇ ਚਲਾ ਗਿਆ। ਉਹ ਉਸੇ ਬੈਂਚ ਉੱਤੇ ਬੈਠਾ ਉਸ ਡੱਬੇ ਵੱਲ ਵੇਖਦਾ ਰਿਹਾ । ਗੱਡੀ ਖੜੀ ਹੋਣ ਸਾਰ ਪੁਲਸੀਆਂ ਨੇ ਉਸ ਡੱਬੇ ਦੇ ਨੇੜੇ ਖੜੇ ਸਭ ਲੋਕਾਂ ਨੂੰ ਖਦੇੜ, ਕੈਦੀਆਂ ਨੂੰ ਇੱਕ ਇੱਕ ਕਰ ਕੇ ਡੱਬੇ ਵਿੱਚੋਂ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ । ਸਭ ਕੈਦੀਆਂ ਨੇ ਕਾਲੇ ਕੰਬਲ ਓਹੜੇ ਹੋਏ ਸਨ । ਪੁਲਸ ਦੇ ਹੁਕਮ ਅਨੁਸਾਰ ਸਭ ਕੈਦੀਆਂ ਨੇ ਚਿਹਰੇ ਢੱਕੇ ਹੋਏ, ਸਨ ਪਰ ਭਾਈ ਸਾਹਬ ਨੇ ਹੁਕਮ-ਅਦੂਲੀ ਕਰਨ ਲਈ ਚਿਹਰਾ ਨੰਗਾ ਰੱਖਿਆ ਹੋਇਆ ਸੀ । ਅੱਛਰ ਸਿੰਘ ਨੇ ਪਹਿਲੀ ਨਜ਼ਰੇ ਹੀ ਭਾਈ ਸਾਹਬ ਨੂੰ ਪਛਾਣ ਲਿਆ । ਉਹ ਉਠ ਕੇ ਖੜਾ ਹੋ ਗਿਆ । ਉਸ ਨੇ ਵੇਖਿਆ ਕਿ ਇੱਕ ਹੋਰ ਸਿੱਖ ਕੈਦੀ ਵੀ ਉਨ੍ਹਾਂ ਦੇ ਨਾਲ ਉਤਰਿਆ । ਉਸ ਨੇ ਬੜਾ ਜਤਨ ਕੀਤਾ ਪਰ ਉਹ ਕਿਸੇ ਹੋਰ ਕੈਦੀ ਦੀ ਪਛਾਣ ਨਾ ਕੱਢ ਸਕਿਆ । ਉਸ ਦਾ ਮਨ ਕੀਤਾ ਕਿ ਉਹ ਉਨ੍ਹਾਂ ਦੇ ਪਿੱਛੇ ਪਿੱਛੇ ਤੁਰ ਕੇ ਸਟੇਸ਼ਨੋਂ ਬਾਹਰ ਨਿਕਲ ਕੇ ਵੇਖੇ । ਜਦ ਉਹ ਕੁੱਝ ਹੀ ਕਦਮ ਤੁਰਿਆ ਸੀ ਕਿ ਇੱਕ ਪੁਲਸੀਏ ਨੇ ਉਸ ਨੂੰ ਘੁਰਕੀ ਮਾਰੀ । ਉਹ ਉਥੇ ਹੀ ਰੁਕ ਗਿਆ । ਉਸ ਦਾ ਮਨ ਤਲਮਲਾ ਰਿਹਾ ਸੀ । ਉਹ ਮਜਬੂਰ ਹੋ ਕੇ ਪਲੇਟਫਾਰਮ ਉੱਤੇ ਟਹਿਲਣ ਲੱਗ ਪਿਆ । ਥੋੜ੍ਹੇ ਮਿੰਟਾਂ ਵਿੱਚ ਹੀ ਪੁਲਸੀਏ ਤੇ ਕੈਦੀ ਉਸ ਦੀਆਂ ਨਜ਼ਰਾਂ ਤੋਂ ਉਹਲੇ ਹੋ ਗਏ । ਉਸ ਨੂੰ ਯਕੀਨ ਹੋ ਗਿਆ ਕਿ ਭਾਈ ਸਾਹਬ ਤੇ ਉਨ੍ਹਾਂ ਦੇ ਨਾਲ ਦੇ ਕੈਦੀਆਂ ਨੂੰ ਲਾਹੌਰ ਜਿਹਲ ਵੱਲ ਲਿਜਾ ਰਹੇ ਸਨ ।

ਉਹ ਆਪਣੀ ਗੱਡੀ ਲਈ ਕਾਹਲਾ ਪੈਣ ਲੱਗ ਪਿਆ । ਜਦ ਉਸ ਨੂੰ ਪਤਾ ਲੱਗਾ ਕਿ ਉਸ ਦੀ ਗੱਡੀ ਪਾਰਲੇ ਪਲੇਟਫਾਰਮ ਉੱਤੇ ਖੜ੍ਹਨੀ ਹੈ ਤਾਂ ਉਹ ਵੱਡੀਆਂ ਵੱਡੀਆਂ ਲਾਂਘਾਂ ਭਰਦਾ ਪੁਲ ਟੱਪ ਗਿਆ । ਉਹ ਉਡ ਕੇ ਪਿੰਡ ਪਹੁੰਚਣਾ ਚਾਹੁੰਦਾ ਸੀ । ਉਸ ਨੇ ਜਲੰਧਰ ਛਾਉਣੀ ਉਤਰ ਕੇ ਸਾਲਮ ਟਾਂਗਾ ਕੀਤਾ ਤੇ ਪਿੰਡ ਪਹੁੰਚ ਗਿਆ। ਭਾਈ ਸਾਹਬ ਦੇ ਲਾਹੌਰ ਪਹੁੰਚਣ ਦੀ ਖਬਰ ਜੰਗਲ ਦੀ ਅੱਗ ਵਾਂਗੂੰ ਸਾਰੇ ਇਲਾਕੇ ਵਿੱਚ ਫੈਲ ਗਈ ।

ਬੀਬੀ ਕਰਤਾਰ ਕੌਰ ਨੇ ਭਾਈ ਸਾਹਬ ਦਾ ਪਤਾ ਕਰਨ ਲਈ ਪੰਜਾਬ ਦੇ ਲਾਟ ਨੂੰ ਚਿੱਠੀ ਭੇਜੀ ਸੀ ਪਰ ਉੱਤਰ ਕੋਈ ਨਹੀਂ ਸੀ ਆਇਆ । ਉਹ ਦੂਜੀ ਸਵੇਰ ਨੂੰ ਅੱਛਰ ਸਿੰਘ ਤੇ ਫਕੀਰ ਸਿੰਘ ਨੂੰ ਨਾਲ ਲੈ ਕੇ ਲਾਹੌਰ ਪਹੁੰਚ ਗਈ । ਜਿਹਲ ਅਧਿਕਾਰੀਆਂ ਭਾਈ ਸਾਹਬ ਦੇ ਲਾਹੌਰ ਜਿਹਲ ਵਿੱਚ ਹੋਣ ਦੀ ਤਸਦੀਕ ਤਾਂ ਕਰ ਦਿੱਤੀ ਪਰ ਮੁਲਾਕਾਤ ਕਰਾਉਣ ਤੋਂ ਨਾਂਹ ਕਰ ਦਿੱਤੀ ।

ਬੀਬੀ ਤੇ ਉਸ ਦੇ ਸਾਥੀ ਸਾਰਾ ਦਿਨ ਜਿਹਲ ਦੇ ਵੱਡੇ ਗੇਟ ਅੱਗੇ ਖੜੇ ਰਹਿੰਦੇ ਤੇ ਹਨੇਰੇ ਹੋਏ ਡਿਹਰਾ ਸਾਹਿਬ ਜਾ ਟਿਕਦੇ । ਸਵੇਰੇ ਫਿਰ ਜਿਹਲ ਦੇ ਗੇਟ ਅੱਗੇ ਜਾ ਖਲੋਂਦੇ । ਖਹਿੜੇ

ਪੈ ਜਾਣ ਕਰ ਕੇ ਪੰਜਵੇਂ ਦਿਨ ਬੀਬੀ ਨੂੰ ਪੰਜ ਮਿੰਟਾਂ ਦੀ ਮੁਲਾਕਾਤ ਦੀ ਆਗਿਆ ਮਿਲ ਗਈ ਪਰ ਅੱਛਰ ਸਿੰਘ ਤੇ ਫਕੀਰ ਸਿੰਘ ਨੂੰ ਮੁਲਾਕਾਤ ਦੀ ਆਗਿਆ ਨਾਂ ਮਿਲੀ ।

ਜਿਹਲ ਦਾ ਦਰੋਗਾ ਨਵਾਬ ਬੇਗ ਬੜਾ ਕੁਰੱਖਤ ਤੇ ਅੱਖੜ ਬੰਦਾ ਸੀ । ਉਹ ਰਾਜਸੀ ਕੈਦੀਆਂ ਉੱਤੇ ਸਖਤੀਆਂ ਕਰ ਕੇ ਅੰਗਰੇਜ਼ ਹਾਕਮਾਂ ਨੂੰ ਖੁਸ਼ ਕਰਨ ਦਾ ਆਦੀ ਸੀ । ਦਿੱਲੀ ਨਿਵਾਸੀ ਸੀ ਪਰ ਪੰਜਾਬੀ, ਪੰਜਾਬੀਆਂ ਵਾਂਗੂੰ ਹੀ ਬੋਲ ਲੈਂਦਾ ਸੀ। ਉਸ ਨੇ ਕੁਰੱਖਤ ਅਵਾਜ਼ ਵਿੱਚ ਬੀਬੀ ਨੂੰ ਵਾਜ ਮਾਰ ਕੇ ਬੁਲਾਇਆ ।

ਭਾਈ ਸਾਹਬ ਨੂੰ ਸੂਹ ਮਿਲ ਗਈ ਸੀ । ਉਹ ਬੀਬੀ ਤੇ ਬੱਚਿਆਂ ਨੂੰ ਮਿਲਣ ਲਈ ਕਾਹਲੇ ਪਏ ਹੋਏ ਸਨ। ਉਹ ਇਕੱਲੀ ਬੀਬੀ ਨੂੰ ਦੂਰੋਂ ਵੇਖ ਕੇ ਤੜਪ ਉੱਠੇ । ਉਨ੍ਹਾਂ ਪੁੱਛਿਆ—"ਕਰਤਾਰ ਜੀ ! ਤੁਸੀਂ ਰਾਜੀ ਖੁਸ਼ੀ ਹੋ । ਬੱਚੇ ਰਾਜ਼ੀ ਹਨ ? ਤੁਸੀਂ ਬੱਚਿਆਂ ਨੂੰ ਨਾਲ ਨਹੀਂ ਲਿਆਏ ?"

ਕਰਤਾਰ ਕੌਰ ਦੀ ਘੱਗੀ ਬੱਝੀ ਹੋਈ ਸੀ । ਉਹ ਸਾਰਾ ਜ਼ੋਰ ਲਾਉਣ ਤੇ ਵੀ ਬੋਲ ਨਾ ਸਕੀ । ਭਾਈ ਸਾਹਬ ਨੇ ਪੁੱਛਿਆ—"ਹਰਿਦਿਆਲ ਦਾ ਕੀ ਹਾਲ ਹੈ ? ਉਧਮ ਕੌਰ ਤੇ ਨਿਰੰਜਨ ਕੌਰ ਕਿਵੇਂ ਹਨ ?"

ਕਰਤਾਰ ਕੌਰ ਨੇ ਅੱਖਾਂ ਉੱਤੇ ਹੱਥ ਰਖਦਿਆਂ ਕੰਬਦੀ ਅਵਾਜ਼ ਵਿੱਚ ਉੱਤਰ ਦਿੱਤਾ—"ਸਭ ਠੀਕ ਹਨ ! ਤੁਸੀਂ ਆਪਣੀ ਦੱਸੋ ?"

"ਮੈਂ ਠੀਕ ਠਾਕ ਹਾਂ ! ਸਭ ਭਾਣੇ ਅੰਦਰ ਹੋ ਰਿਹਾ ਹੈ । ਕਰਤਾਰ ਸਿੰਘ ਦਾ ਕੀ ਹਾਲ ਹੈ ?"

ਕਰਤਾਰ ਕੌਰ ਫਿਸ ਪਈ—"ਬੀਰ ਜੀ ਪਿੰਡ ਛੱਡ ਕੇ ਗਏ । ਉਹਨਾਂ ਨੂੰ ਵੀ ਫਰੰਗੀਆਂ ਫੜ ਲਿਆ ਸੀ । ਪਤਾ ਨਹੀਂ ਕਿੱਥੇ ਹਨ । ਕੋਈ ਉੱਘ ਸੁੱਘ ਨਹੀਂ ਨਿਕਲੀ । ਬੀਰ ਅੱਛਰ ਸਿੰਘ ਤੇ ਫਕੀਰ ਸਿੰਘ ਆਏ ਹੋਏ ਹਨ ਪਰ ਮੁਲਾਕਾਤ ਨਹੀਂ ਮਿਲੀ ।"

"ਸਭ ਨੂੰ ਫਤਿਹ ਗਜਾਣੀ ! ਸਭ ਨੂੰ ਕਹਿਣਾ ਕਿ ਚੜ੍ਹਦੀਆਂ ਕਲਾਂ ਵਿੱਚ ਰਹਿਣ । ਮੇਰੇ ਹਰਿਦਿਆਲ ਤੇ ਬੱਚੀਆਂ ਨੂੰ ਪਿਆਰ ਦੇਣਾ । ਜੇ ਹੋ ਸਕੇ ਤਾਂ ਦੂਜੀ ਮੁਲਾਕਾਤ ਵੇਲੇ ਉਨ੍ਹਾਂ ਨੂੰ ਵੀ ਨਾਲ ਲਿਅੌਣਾ । ਘਬਰਾਣਾ ਨਾਹ । ਜੋ ਹੋ ਰਿਹਾ ਹੈ ਭਾਣੇ ਅੰਦਰ ਹੋ ਰਿਹਾ ਹੈ । ਮਨ ਨੂੰ ਚੜ੍ਹਦੀਆਂ ਕਲਾਂ ਵਿੱਚ ਰੱਖਣਾ ।"

ਲਗ ਭਗ ਸੱਤ ਮਿੰਟ ਹੋ ਗਏ ਸਨ ਪਰ ਉਨ੍ਹਾਂ ਦੀ ਗੱਲ ਬਾਤ ਵਿੱਚ ਦਰੋਗੇ ਨੇ ਦਖਲ ਨਹੀਂ ਸੀ ਦਿੱਤਾ । ਭਾਈ ਸਾਹਬ ਤੇ ਬੀਬੀ ਇੱਕ ਦੂਜੇ ਦੀ ਛੋਹ ਪ੍ਰਾਪਤ ਕਰਨੀ ਚਾਹੁੰਦੇ ਸਨ ਪਰ ਉਨ੍ਹਾਂ ਦੇ ਵਿਚਾਲੇ ਤਿੰਨ ਚਾਰ ਫੁੱਟਾਂ ਦਾ ਫਾਸਲਾ ਸੀ । ਦਰੋਗੇ ਨੇ ਕਿਹਾ—"ਵਕਤ ਖਤਮ ।"

ਬੀਬੀ ਫਿਰ ਫਿਸ ਪਈ । ਉਸ ਨੂੰ ਜਾਪਿਆ ਜਿਵੇਂ ਉਸ ਦੇ ਪੈਰਾਂ ਵਿੱਚ ਬੇੜੀਆਂ ਪੈ ਗਈਆਂ ਹੋਣ ! ਉਹ ਬਾਹਰ ਨਿਕਲ ਰਹੀ ਸੀ । ਭਾਈ ਸਾਹਬ ਟਿੱਕਟਿਕੀ ਲਾ ਕੇ ਉਸ ਵੱਲ ਵੇਖਦੇ ਰਹੇ । ਫਾਟਕ ਬੰਦ ਹੋ ਗਿਆ ।

੫੩

ਭਾਈ ਸਾਹਬ ਜਦ ਦੇ ਲਾਹੌਰ ਆਏ ਸਨ, ਇੱਕ ਵਾਰੀ ਵਿਛੜਨ ਮਗਰੋਂ ਹਰਨਾਮ ਸਿੰਘ ਨੂੰ ਨਹੀਂ ਸਨ ਮਿਲ ਸਕੇ ਪਰ ਹਰ ਰੋਜ਼ ਉਨ੍ਹਾਂ ਨੂੰ ਨਵੀਆਂ ਤੋਂ ਨਵੀਆਂ ਖਬਰਾਂ ਮਿਲਣ ਲੱਗ ਪਈਆਂ। ਉਨ੍ਹਾਂ ਨੂੰ ਪਤਾ ਲੱਗਾ ਕਿ ਤੇਲ ਵਾਲੇ ਜਹਾਜ਼ ਵਿੱਚੋਂ ਫੜਨ ਸਾਰ ਹਰਚਰਨ ਦਾਸ ਨੂੰ ਸਰਕਾਰ ਬੈਂਕੋਕ ਲੈ ਗਈ ਸੀ। ਉਹ ਪਹਿਲੇ ਦਿਨ ਹੀ ਮੁਖਬਰ ਬਣ ਗਿਆ ਸੀ। ਹਰਨਾਮ ਸਿੰਘ ਨੂੰ ਵੀ ਇਸ ਗੱਲ ਦਾ ਪਤਾ ਨਹੀਂ ਸੀ। ਬੈਂਕੋਕ ਵਿੱਚ ਮੁਖਬਰੀਆਂ ਕਰਨ ਮਗਰੋਂ ਸਰਕਾਰ ਉਸ ਨੂੰ ਵੀ ਜਹਾਜ਼ੇ ਚੜ੍ਹਾ ਕੇ ਉਸ ਦੇ ਸਾਥੀਆਂ ਨਾਲ ਅਲੀਪੁਰ ਜੇਹਲ ਵਿੱਚ ਬੰਦ ਕਰ ਦਿੱਤਾ ਸੀ ਤਾਕਿ ਉਹ ਕੈਦੀਆਂ ਦੇ ਉਲਟ ਸਰਕਾਰ ਨੂੰ ਖਬਰਾਂ ਦੇਂਦਾ ਰਹੇ। ਭਾਈ ਸਾਹਬ ਨੂੰ ਯਕੀਨ ਹੋ ਗਿਆ ਕਿ ਨਿੱਕੀ ਨਿੱਕੀ ਗੱਲ, ਹਰਚਰਨ ਦਾਸ ਸਰਕਾਰ ਪਾਸ ਪਹੁੰਚਾਂਦਾ ਰਿਹਾ ਹੈ ਤੇ ਆਪਣੇ ਜਾਨੀ ਮਿੱਤਰ ਹਰਨਾਮ ਸਿੰਘ ਨਾਲ ਵੀ ਮਿੱਤਰਧ੍ਰੋਹ ਕਰਦਾ ਰਿਹਾ ਹੈ।

ਭਾਈ ਸਾਹਬ ਨੂੰ ਖਬਰ ਮਿਲੀ ਕਿ ਸਰਦਾਰ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਸਾਥੀਆਂ ਨੂੰ ਚੌਦਾਂ ਨਵੰਬਰ ਉਨੀ ਸੌ ਪੰਦਰਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਉਨ੍ਹਾਂ ਨੂੰ ਇਹ ਖਬਰ ਵੀ ਮਿਲ ਗਈ ਕਿ ਪੰਡਤ ਸੋਹਣ ਲਾਲ ਪਾਠਕ, ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਦਸ ਫਰਵਰੀ ਉਨੀ ਸੌ ਸੋਲ੍ਹਾਂ ਨੂੰ ਮਾਂਡਲੇ ਜਿਹਲ ਵਿੱਚ ਫਾਂਸੀ ਦੇ ਦਿੱਤੀ ਗਈ ਸੀ।

ਭਾਈ ਸਾਹਬ, ਡਾਕਟਰ ਮਥਰਾ ਸਿੰਘ ਨੂੰ ਕਦੇ ਨਹੀਂ ਸਨ ਮਿਲੇ। ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਨੂੰ ਕਾਬਲ ਵੱਲੋਂ ਫੜ ਕੇ ਲਿਆਂਦਾ ਗਿਆ ਹੈ ਤਾਂ ਉਹ ਮਥਰਾ ਸਿੰਘ ਹੋਰਾਂ ਨੂੰ ਮਿਲਣ ਲਈ ਤੜਫ ਉੱਠੇ। ਹਰ ਰੋਜ਼ ਨਵੀਆਂ ਤੋਂ ਨਵੀਆਂ ਦੁਖਦਾਈ ਖਬਰਾਂ ਮਿਲਦੀਆਂ ਉਹ ਤਲਮਲਾ ਉਠਦੇ।

ਦਿਨੋਂ ਦਿਨ ਠੰਢ ਵਧ ਰਹੀ ਸੀ। ਇੱਕ ਕਾਲਾ ਭੂਰਾ ਹੇਠਾਂ ਲਈ ਤੇ ਇੱਕ ਉੱਤੇ ਲੈਣ ਲਈ ਸੀ। ਭਾਈ ਸਾਹਬ ਨੇ ਜਿਹਲੀਆਂ ਦੇ ਕਪੜੇ ਪਹਿਨਣ ਤੋਂ ਇਨਕਾਰ ਕੀਤਾ ਹੋਇਆ ਸੀ। ਉਨ੍ਹਾਂ ਦੇ ਕਛਹਿਰੇ ਵਿੱਚੋਂ ਨਾਲਾ ਕੱਢ ਦਿੱਤਾ ਗਿਆ ਸੀ। ਉਹ ਗੰਢ ਬੰਨ੍ਹ ਕੇ ਰੱਖਦੇ। ਦਸਤਾਰ ਨਹੀਂ ਸੀ ਦਿੱਤੀ ਗਈ। ਭਾਈ ਸਾਹਬ ਨੇ ਟੋਪੀ ਪਹਿਨਣ ਤੋਂ ਇਨਕਾਰ ਕਰ ਕੇ ਭੂਰਾ ਫਾੜ ਕੇ ਸਿਰ ਉੱਤੇ ਬੰਨ੍ਹ ਲਿਆ। ਇੱਕ ਦਿਨ ਦਰੋਗੇ ਨਵਾਬ ਬੇਗ ਤੇ ਵਾਰਡਨ ਕਲ੍ਹਣ ਖਾਨ ਨੇ ਸਾਜਸ਼ ਕਰ ਕੇ ਭਾਈ ਸਾਹਬ ਦੇ ਸਿਰ ਵਾਲੇ ਭੂਰੇ ਵਿੱਚ ਥੋੜ੍ਹੀ ਜਿਹੀ ਹਫੀਮ ਰੱਖਵਾ ਦਿੱਤੀ। ਇਲਜ਼ਾਮ ਇਹ ਲਾਉਣਾ ਚਾਹੁੰਦੇ ਸਨ ਕਿ ਭਾਈ ਸਾਹਬ ਆਤਮ-ਘਾਤ ਕਰਨਾ ਚਾਹੁੰਦੇ ਸਨ। ਪੜਤਾਲ ਕਰਨ ਤੇ ਉਸ ਜਮਾਦਾਰ-ਕੈਦੀ ਦਾ ਪਤਾ ਚੱਲ ਗਿਆ ਜਿਸ ਨੇ ਦਰੋਗੇ ਤੇ ਵਾਰਡਨ ਦੇ ਕਹਿਣ ਉੱਤੇ ਹਫੀਮ ਰੱਖੀ ਸੀ। ਉਸ ਨੂੰ ਨਾਂ ਮਾਤਰ ਸਜਾ ਦੇਣ ਬਾਰੇ ਲਿਖਤ ਕੀਤੀ ਗਈ ਪਰ ਸਜਾ ਨਾ ਦਿੱਤੀ।

ਲਗਾਤਾਰ ਤੇਈ ਦਿਨ ਅਧਿਕਾਰੀ ਗਵਾਹਾਂ ਨੂੰ ਇਕੱਠੇ ਕਰਦੇ ਰਹੇ। ਅੱਠ ਨਵੰਬਰ ਉਨੀਂ ਸੌ ਸੋਲ੍ਹਾਂ ਨੂੰ ਮੁਕੱਦਮਾ ਸ਼ੁਰੂ ਹੋਇਆ। ਟੀ. ਪੀ. ਐਲਸ ਕੋਰਟ ਦਾ ਵੱਡਾ ਜੱਜ ਵਿਚਕਾਰ, ਉਸ ਦੇ ਸੱਜੇ ਖੱਬੇ ਮੇਜਰ ਫਰਿਜ਼ਲੇ ਤੇ ਰਾਏ ਬਹਾਦਰ ਗੋਪਾਲ ਦਾਸ ਭੰਢਾਰੀ ਬੈਠੇ ਸਨ। ਅਮਰੀਕਾ ਤੋਂ ਆਇਆ ਵਾਹਦਾਮਾਫ ਗੁਆਹ ਨਵਾਬ ਖਾਨ, ਭਾਈ ਭਾਗ ਸਿੰਘ ਪ੍ਰਧਾਨ ਗੁਰਦੁਆਰਾ ਵੈਨਕੋਵਰ ਤੇ ਭਾਈ ਬਤਨ ਸਿੰਘ ਦਾ ਕਾਤਲ ਗਦਾਰ ਬੇਲਾ ਸਿੰਘ, ਬੇਲੇ ਦੇ ਪਿੰਡ ਸ਼ਿਆਣ, ਜ਼ਿਲ੍ਹਾ ਹੋਸ਼ਿਆਰ ਪੁਰ ਦਾ ਮੰਗਲ ਸਿੰਘ, ਕੈਨੇਡੀਅਨ ਇਮੀਗਰੇਸ਼ਨ ਦਾ ਭੇਜਿਆ ਹੋਇਆ ਤੇ ਵਾਹਦਾ ਮਾਫ ਜੋਧ ਸਿੰਘ ਕੋਰਟ ਵਿੱਚ ਹਾਜ਼ਰ ਸਨ।

ਕੈਦੀਆਂ ਦੇ ਨਾਮ ਬੋਲੇ ਗਏ :—

ਬਾਬੂ ਰਾਮ ਵਲਦ ਸ੍ਰੀ ਗਾਂਧੀ, ਮੌਜਾ ਫਤਹ ਗੜ੍ਹ, ਜ਼ਿਲ੍ਹਾ ਹੋਸ਼ਿਆਰਪੁਰ।

ਬਲਵੰਤ ਸਿੰਘ ਵਲਦ ਬੁੱਧ ਸਿੰਘ, ਮੌਜਾ ਖੁਰਦਪੁਰ, ਜ਼ਿਲ੍ਹਾ ਜਲੰਧਰ।

ਨਾਮਾ/ਹਰਨਾਮ ਸਿੰਘ ਵਲਦ ਗੋਪਾਲ, ਫਤਹ ਗੜ੍ਹ, ਜ਼ਿਲ੍ਹਾ ਹੋਸ਼ਿਆਰਪੁਰ।

ਹਾਫਜ਼ ਅਬਦੁੱਲਾ ਵਲਦ ਨਿਜ਼ਾਮਦੀਨ, ਮੌਜਾ ਜਗਤਾਉਂ, ਜ਼ਿਲ੍ਹਾ ਲੁਧਿਆਣਾ।

ਰੂੜ ਸਿੰਘ ਵਲਦ ਅਰਜਨ ਸਿੰਘ, ਮੌਜਾ ਸੰਗਵਾਲ, ਜ਼ਿਲ੍ਹਾ ਜਲੰਧਰ।

ਕਰਤਾਰ ਸਿੰਘ ਮੌਜਾ ਨਵਾਂ ਚੰਦ, ਜ਼ਿਲ੍ਹਾ ਫੀਰੋਜ਼ਪੁਰ।

ਕਰਤਾਰ ਸਿੰਘ ਦਾ ਨਾਂ ਸੁਣਨ ਸਾਰ ਭਾਈ ਸਾਹਬ ਨੇ ਤਰੱਬਕ ਕੇ ਹੋਰ ਕੈਦੀਆਂ ਵੱਲ ਤੱਕਿਆ। ਉਹ ਕੇਵਲ ਦੋ ਕੈਦੀਆਂ ਕਰਤਾਰ ਸਿੰਘ ਤੇ ਹਰਨਾਮ ਸਿੰਘ ਨੂੰ ਪਛਾਣ ਸਕੇ। ਹਾਫਜ਼ ਅਬਦੁੱਲਾ ਦੇ ਕੰਮ ਬਾਰੇ ਉਨ੍ਹਾਂ ਸੁਣਿਆ ਹੋਇਆ ਸੀ ਪਰ ਰੂੜ ਸਿੰਘ ਤੇ ਬਾਬੂ ਰਾਮ ਨੂੰ ਨਾ ਉਨ੍ਹਾਂ ਕਦੇ ਵੇਖਿਆ ਸੀ ਤੇ ਨਾ ਹੀ ਉਨ੍ਹਾਂ ਦੇ ਕੰਮ ਤੋਂ ਜਾਣੂੰ ਸਨ। ਕਰਤਾਰ ਸਿੰਘ ਤੇ ਭਾਈ ਸਾਹਬ ਦੀਆਂ ਨਜ਼ਰਾਂ ਮਿਲੀਆਂ। ਫਿਰ ਭਾਈ ਸਾਹਬ ਨੇ ਹਰਨਾਮ ਸਿੰਘ ਦੇ ਭੱਖਦੇ ਚਿਹਰੇ ਉੱਤੇ ਨਜ਼ਰਾਂ ਗੱਡ ਦਿੱਤੀਆਂ। ਹਰਨਾਮ ਸਿੰਘ ਦਾ ਸੁਡੌਲ ਸਰੀਰ, ਬਾਕੀ ਸਭ ਕੈਦੀਆਂ ਨਾਲੋਂ ਲੰਮਾ ਚੌੜਾ ਵੇਖ ਕੇ ਮੇਜ਼ਰ ਫਰਿਜ਼ਲੇ ਨੇ ਉਸ ਵੱਲ ਘੂਰੀ ਪਾ ਕੇ ਤੱਕਿਆ। ਹਰਨਾਮ ਸਿੰਘ ਨੇ ਵੀ ਘ੍ਰਿਣਾ ਭਰੀਆਂ ਨਜ਼ਰਾਂ ਨਾਲ ਮੇਜਰ ਫਰਿਜ਼ਲੇ ਦੀਆਂ ਅੱਖਾਂ ਵਿੱਚ ਅੱਖਾਂ ਪਾ ਦਿੱਤੀਆਂ। ਵੱਡੇ ਜੱਜ ਐਲਸ ਨੇ ਤਜਵੀਜ਼ ਕੀਤੀ ਕਿ ਕੈਦੀਆਂ ਦੀਆਂ ਹੱਥਕੜੀਆਂ ਤੇ ਬੇੜੀਆਂ ਲਾਹ ਦਿੱਤੀਆਂ ਜਾਣ। ਫਰਿਜ਼ਲੇ ਨੇ ਕੈਦੀਆਂ ਨੂੰ ਖਤਰਨਾਕ ਦਸ ਕੇ ਹੱਥਕੜੀਆਂ ਬੇੜੀਆਂ ਲੱਗੀਆਂ ਰਹਿਣ ਦੀ ਸਲਾਹ ਦਿੱਤੀ। ਭੰਢਾਰੀ ਨੇ ਮੂੰਹ ਤੱਕ ਨਾ ਖੋਲ੍ਹਿਆ। ਕੈਦੀ ਹਥਕੜੀਆਂ ਤੇ ਬੇੜੀਆਂ ਵਿੱਚ ਜਕੜੇ ਖਲੋਤੇ ਰਹੇ।

ਸਭ ਤੋਂ ਪਹਿਲੋਂ ਵਾਹਦਾ ਮਾਫ ਨਵਾਬ ਖਾਨ ਨੇ ਗਵਾਹੀ ਦਿੱਤੀ। ਉਸ ਨੇ ਆਪ ਦੱਸਿਆ ਕਿ ਉਸ ਨੇ ਮਾਂਡਲੇ ਵਾਲੇ ਕੇਸ ਵਿੱਚ ਵੀ ਗਵਾਹੀ ਦਿੱਤੀ ਸੀ। ਜੋ ਕੁੱਝ ਪੁਲਸ ਨੇ ਪੜ੍ਹਾਇਆ ਸੀ ਉਹ ਸਭ ਕੁੱਝ ਉਸ ਨੇ ਪੜ੍ਹਾਏ ਗਏ ਤੋਤੇ ਵਾਂਗੂੰ ਉਗਲ ਦਿੱਤਾ। ਉਹ ਨਾ ਕਦੇ ਭਾਈ ਸਾਹਬ ਨੂੰ ਮਿਲਿਆ ਸੀ ਤੇ ਨਾ ਹੀ ਕਰਤਾਰ ਸਿੰਘ ਨਵਾਂ ਚੰਦ ਨੂੰ। ਉਹ ਕੈਲੇਫੋਰਨੀਆਂ ਵਿੱਚ ਰਿਹਾ ਸੀ। ਭਾਈ ਸਾਹਬ ਤੇ ਕਰਤਾਰ ਸਿੰਘ ਵੈਨਕੋਵਰ, ਕੈਨੇਡਾ ਤੋਂ ਆਏ ਸਨ। ਪੁਲਸ, ਗਵਾਹਾਂ

ਤੇ ਜੱਜਾਂ ਨੂੰ ਵੀ ਪਤਾ ਸੀ ਕਿ ਉਸ ਨੇ ਸਰਾਸਰ ਝੂਠ ਬੋਲਿਆ ਹੈ ਪਰ ਫਿਰ ਵੀ ਉਸ ਦੇ ਬਿਆਨ ਕਲਮ ਬੰਦ ਕੀਤੇ ਗਏ । ਕਿਸੇ ਨੇ ਉਸ ਦੀ ਗਵਾਹੀ ਉੱਤੇ ਜਿਰ੍ਹਾ ਨਾ ਕੀਤੀ । ਸਰਕਾਰ ਨੇ ਕੈਦੀਆ ਦੀ ਡੀਫੈਂਸ ਲਈ ਇੱਕ ਮਾੜ੍ਹਆ ਜਿਹਾ, ਬੁੱਢਾ ਜਿਹਾ, ਵਕੀਲ ਨਿਯਤ ਕੀਤਾ ਹੋਇਆ ਸੀ ਪਰ ਕਿਸੇ ਵੀ ਦੇਸ਼ ਭਗਤ ਕੈਦੀ ਨੇ ਉਸ ਨੂੰ ਮੂੰਹ ਨਹੀਂ ਸੀ ਲਾਇਆ । ਉਸ ਨੂੰ ਕੁੱਝ ਪਤਾ ਹੀ ਨਹੀਂ ਸੀ । ਇਸ ਲਈ ਉਹ ਘੁੱਗੂ ਬਣ ਕੇ ਕਚਹਿਰੀ ਵਿੱਚ ਬੈਠਾ ਰਿਹਾ । ਨਵਾਬ ਖਾਨ ਨੇ ਭਾਈ ਸਾਹਬ ਤੇ ਕਰਤਾਰ ਸਿੰਘ ਦੇ ਉਲਟ ਰੱਜ ਕੇ ਜ਼ਹਿਰ ਉਗਲਿਆ ।

ਬੇਲਾ ਸਿੰਘ ਕੈਨੇਡਾ ਦੀ ਇਮੀਗੀਰੇਸ਼ਨ ਦਾ ਵਫਾਦਾਰ ਨੌਕਰ ਸੀ । ਉਸ ਨੇ ਵੈਨਕੋਵਰ ਦੇ ਗੁਰਦੁਆਰੇ ਵਿੱਚ ਗੋਲੀ ਚਲਾਈ ਸੀ ਤੇ ਸਰਕਾਰ ਦੀ ਮਦਦ ਨਾਲ ਬਰੀ ਹੋ ਗਿਆ ਸੀ । ਇੱਕ ਹੋਰ ਮੁਕਦਮੇ ਵਿੱਚ ਉਸ ਨੂੰ ਇੱਕ ਸਾਲ ਸਜ਼ਾ ਹੋ ਗਈ ਸੀ । ਉਹ ਸਜ਼ਾ ਕੱਟ ਕੇ ਦੇਸ ਆ ਗਿਆ ਸੀ । ਉਸ ਨੇ ਭਾਈ ਸਾਹਬ ਦੇ ਖਿਲਾਫ ਸਾਰਾ ਜ਼ੋਰ ਲਾ ਕੇ ਗਵਾਹੀ ਦਿੱਤੀ । ਏਥੇ ਤੱਕ ਕਹਿ ਦਿੱਤਾ ਕਿ ਕੈਨੇਡਾ ਦੀ ਗਦਰ ਪਾਰਟੀ ਦਾ ਸਭ ਤੋਂ ਵੱਡਾ ਲੀਡਰ ਬਲਵੰਤ ਸਿੰਘ ਹੈ ਤੇ ਕੌਮਾ ਗਾਟਾ ਮਾਰੂ ਜਹਾਜ਼ ਚਲਾਉਣ ਦੀ ਸਕੀਮ ਵੀ ਇਸੇ ਦੇ ਦਿਮਾਗ ਦੀ ਕਾਢ ਹੈ । ਕਰਤਾਰ ਸਿੰਘ ਬਾਰੇ ਵੀ ਉਸ ਨੇ ਜ਼ਹਿਰ ਉਗਲਦਿਆਂ ਕਿਹਾ ਕਿ ਕਰਤਾਰ ਸਿੰਘ, ਬਲਵੰਤ ਸਿੰਘ ਦਾ ਵੱਡਾ ਲੈਫਟੀਨੈਂਟ ਹੈ । ਉਸ ਦਾ ਪਰਵਾਰ ਸਿੰਘਾਪੁਰ ਤੋਂ ਲੈ ਕੇ ਦੇਸ ਆਇਆ ਹੈ । ਇਸ ਨੂੰ ਗਦਰ ਦੀ ਲਹਿਰ ਦਾ ਇੱਕ ਸਰਕਰਦਾ ਕਿਹਾ ਜਾ ਸਕਦਾ ਹੈ ।

ਬੇਲੇ ਦੇ ਭਰਾ ਮੰਗਲ ਸਿੰਘ ਨੇ ਵੀ ਭਾਈ ਸਾਹਬ ਤੇ ਕਰਤਾਰ ਸਿੰਘ ਦੇ ਉਲਟ ਝੂਠੀ ਮੂਠੀ ਗਵਾਹੀ ਦਿੱਤੀ । ਉਸ ਨੇ ਕਿਹਾ ਕਿ ਬਲਵੰਤ ਸਿੰਘ ਕੈਨੇਡਾ ਵਿੱਚ ਪਾਏ ਗਏ ਸਭ ਪੁਆੜਿਆਂ ਦੀ ਜੜ੍ਹ ਹੈ ।

ਜਦ ਜੋਧ ਸਿੰਘ ਦੀ ਵਾਰੀ ਆਈ ਤਾਂ ਉਸ ਦੀ ਜ਼ਬਾਨ ਥਿੜਕਣ ਲੱਗ ਪਈ । ਉਸ ਨੇ ਝੱਜਕਦਿਆਂ ਝੱਜਕਦਿਆਂ ਕਿਹਾ—"ਜਰਮਨ ਦਾ ਜਰਨੈਲ ਵੇਡੀ, ਹਥਿਆਰਾਂ ਵਾਲਾ ਜਹਾਜ਼ ਲੈ ਕੇ ਹਿੰਦੁਸਤਾਨ ਆ ਰਿਹਾ ਸੀ । ਇਸ ਜਹਾਜ਼ ਵਿੱਚ ਨੱਬੇ ਹਜ਼ਾਰ ਰਫਲਾਂ, ਦੋ ਲਖ ਪੌਂਡ ਤੇ ਹੋਰ ਜੰਗੀ ਸਾਮਾਨ ਸੀ । ਬਰਮਾ ਤੇ ਆਸਾਮ ਦੇ ਰਸਤੇ ਇਹ ਸਾਰਾ ਅਸਲਾ ਤੇ ਪੈਸੇ ਗਦਰੀਆਂ ਨੂੰ ਪਹੁੰਚਾਏ ਜਾਣੇ ਸਨ । ਇਸ ਸਾਰੇ ਮਾਮਲੇ ਦੇ ਬਾਰੇ ਬਲਵੰਤ ਸਿੰਘ ਨੂੰ ਪਤਾ ਸੀ । ਜਦ ਮੈਂ ਭੇਤ ਖੋਲ੍ਹ ਦਿੱਤਾ ਤਾਂ ਜਰਮਨ ਸਫੀਰ ਨੇ ਜਨਰਲ ਵੇਡੀ ਨੂੰ ਵਾਪਸ ਭੇਜ ਦਿੱਤਾ । ਇਸ ਤਰ੍ਹਾਂ ਹਿੰਦੁਸਤਾਨ ਵਿੱਚ ਅਸਲਾ ਗਦਰੀਆਂ ਤੱਕ ਨਾ ਪਹੁੰਚ ਸਕਿਆ ।"

ਅਮਰ ਸਿੰਘ ਬਾੜੀਆਂ ਕਲਾਂ ਤੇ ਬੇਅੰਤ ਸਿੰਘ, ਜ਼ਿਲ੍ਹਾ ਹੁਸ਼ਿਆਰ ਨੇ ਵੀ ਪੁਲਸ ਦੇ ਪੜ੍ਹਾਏ ਬਿਆਨ ਦਿੱਤੇ ।

ਜੱਜ ਟੀ. ਪੀ ਐਲਸ ਨੇ ਇਹ ਗੁਆਹੀਆਂ ਸੁਣ ਕੇ ਕਚਹਿਰੀ ਬਰਖਾਸਤ ਕਰ ਦਿੱਤੀ । ਉਸ ਨੇ ਅਗਲੀ ਤਰੀਕ ਦਾ ਜ਼ਿਕਰ ਤੱਕ ਨਾ ਕੀਤਾ ।

੫੫

ਬੀਬੀ ਕਰਤਾਰ ਕੌਰ ਦੀ ਸਰੀਰਕ ਅਵਸਥਾ ਦਿਨੋਂ ਦਿਨ ਕਮਜ਼ੋਰ ਪੈ ਰਹੀ ਸੀ । ਉਹ ਆਪਣੇ ਮਨ ਨੂੰ ਬੜਾ ਸਹਾਰਾ ਦੇਂਦੀ । ਜਦ ਮਨ ਢਿੱਲਾ ਪੈਂਦਾ ਤਾਂ ਬਾਣੀ ਪੜ੍ਹਨ ਲੱਗ ਪੈਂਦੀ ।

ਮਨ ਉਸ ਦਾ ਉੱਡ ਉੱਡ ਜਾਂਦਾ। ਭਾਈ ਸਾਹਬ ਦੀ ਮੁਲਾਕਾਤ ਵੇਲੇ ਉਹ ਸਮਝ ਗਈ ਸੀ ਕਿ ਉਨ੍ਹਾਂ ਦੀ ਸ਼ਹਾਦਤ ਦਾ ਦਿਨ ਦੂਰ ਨਹੀਂ। ਉਹ ਉਸ ਦਿਨ ਦੀ ਡੋਲੀ ਖਲੋਤੀ ਸੀ। ਉਸ ਨੇ ਬੱਚਿਆਂ ਵੱਲ ਉੱਕਾ ਧਿਆਨ ਦੇਣਾ ਛੱਡ ਦਿੱਤਾ। ਉਸ ਦਾ ਇੱਕ ਇੱਕ ਖਿਣ ਭਾਈ ਸਾਹਬ ਦੀ ਯਾਦ ਵਿੱਚ ਗੁਜ਼ਰਦਾ। ਸਾਰੀ ਸਾਰੀ ਰਾਤ ਜਾਗਦਿਆਂ ਕੱਟ ਦੇਂਦੀ।

ਜਿਹਲ ਅਧਿਕਾਰੀਆਂ ਨੇ ਬੀਬੀ ਕਰਤਾਰ ਕੌਰ ਤੇ ਬੱਚਿਆਂ ਦੀ ਮੁਲਾਕਾਤ ਦੀ ਆਗਿਆ ਦਿੱਤੀ ਹੋਈ ਸੀ ਪਰ ਹੋਰ ਕਿਸੇ ਨੂੰ ਮਿਲਣ ਦੀ ਆਗਿਆ ਨਹੀਂ ਸੀ। ਭਾਈ ਫਕੀਰ ਸਿੰਘ ਤੇ ਭਾਈ ਅੱਛਰ ਸਿੰਘ ਨੇ ਬੀਬੀ ਕਰਤਾਰ ਕੌਰ ਦੀ ਸਰੀਰਕ ਤੇ ਮਾਨਸਕ ਅਵਸਥਾ ਨੂੰ ਮੁੱਖ ਰੱਖ ਕੇ ਉਸ ਨੂੰ ਮੁਲਾਕਾਤ ਲਈ ਲਿਜਾਣਾ ਯੋਗ ਨਾ ਸਮਝਿਆ। ਇਸ ਹਾਲਤ ਵਿੱਚ ਬੱਚੇ ਵੀ ਮੁਲਾਕਾਤ ਲਈ ਨਹੀਂ ਸਨ ਜਾ ਸਕਦੇ। ਉਹ ਦੋਵੇਂ ਮੁਲਾਕਾਤ ਦੀ ਆਸ ਵਿੱਚ ਤੁਰ ਪਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਿੱਕੀ ਬੀੜ, ਭਾਈ ਸਾਹਬ ਦੀ ਇੱਛਾ ਅਨੁਸਾਰ ਨਾਲ ਲੈ ਤੁਰੇ।

ਉਹ ਤੜਕੇ ਹੀ ਜਿਹਲ ਦੇ ਵੱਡੇ ਗੇਟ ਅੱਗੇ ਜਾ ਖਲੋਤੇ। ਉਨ੍ਹਾਂ ਮੁਲਾਕਾਤ ਦੀ ਆਗਿਆ ਮੰਗੀ। ਅਧਿਕਾਰੀਆ ਨੇ ਨਾਹ ਕਰ ਦਿੱਤੀ। ਜਦ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਭਾਈ ਸਾਹਬ ਨੂੰ ਦੇਣ ਦੀ ਗੱਲ ਤੋਰੀ ਤਾਂ ਦਰੋਗੇ ਨੇ ਕਿਹਾ ਕਿ ਉਹ ਆਪ ਬੀੜ ਪਹੁੰਚਾ ਦੇਵੇਗਾ। ਭਾਈ ਅੱਛਰ ਸਿੰਘ ਨੇ ਕਿਹਾ—"ਇਹ ਪਵਿੱਤਰ ਬੀੜ ਅਸੀਂ ਆਪ ਮੁਲਾਕਾਤ ਕਰ ਕੇ ਦਿਆਂਗੇ। ਤਮਾਕੂ ਪੀਣ ਵਾਲਾ ਬੰਦਾ ਇਸ ਬੀੜ ਨੂੰ ਹੱਥ ਨਹੀਂ ਲਾ ਸਕਦਾ।"

ਦਰੋਗੇ ਨੇ ਅੰਗਰੇਜ਼ ਜਿਹਲਰ ਨੂੰ ਇਹ ਗੱਲ ਜਾ ਦੱਸੀ। ਉਸ ਨੇ ਮੁਲਾਕਾਤ ਕਰ ਕੇ ਬੀੜ ਦੇਣ ਦੀ ਆਗਿਆ ਦੇ ਦਿੱਤੀ। ਭਾਈ ਅੱਛਰ ਸਿੰਘ ਤੇ ਭਾਈ ਫਕੀਰ ਸਿੰਘ ਨੇ ਮੁਲਾਕਾਤ ਸਮੇਂ ਫਤਿਹ ਗਜਾਈ। ਭਾਈ ਸਾਹਬ ਚੌਕੜੀ ਮਾਰ ਕੇ ਬੈਠੇ ਸਨ, ਉੱਠ ਖਲੋਤੇ। ਫਤਿਹ ਗਜਾ ਕੇ ਉਨ੍ਹਾਂ ਬੀੜ ਆਪਣੇ ਸੀਸ ਉੱਤੇ ਰੱਖ ਲਈ। ਬੀੜ ਨੂੰ ਦੋਵੇਂ ਹੱਥ ਪਾ ਕੇ ਗੱਲਾਂ ਕਰਦੇ ਰਹੇ। ਉਨ੍ਹਾਂ ਕਿਹਾ—"ਮੇਰੇ ਵੀਰੋ! ਤੁਹਾਡੇ ਦਰਸ਼ਨ ਕਰ ਕੇ ਬੜੀ ਪ੍ਰਸੰਨਤਾ ਹੋਈ ਹੈ। ਮੇਰੀ ਅਰਜੋਈ ਗੁਰੂ ਪੰਥ ਤੱਕ ਪਹੁੰਚਾ ਦਿਓ ਕਿ "ਓੜਕ ਨਿਭਹੀਂ ਪ੍ਰੀਤ" ਦੇ ਅਰਦਾਸੇ ਸੋਧਣ। ਮੇਰੀ ਆਤਮਾ, ਪ੍ਰਮਾਤਮਾ ਵਿੱਚ ਲੀਨ ਹੋ ਸਕੇ। ਗੁਰੂ ਪੰਥ ਤੇ ਦੇਸ ਸੇਵਾ ਦੀ ਦਾਤ ਪ੍ਰਾਪਤ ਹੋਵੇ। ਗੁਰੂ ਪਿਆਰਿਓ, ਗੁਰੂ ਦੁਲਾਰਿਓ। ਸ੍ਰੀ ਅਕਾਲ ਤਖਤ ਸਾਹਿਬ ਹਾਜ਼ਰ ਹੋ ਕੇ ਦਾਸ ਵੱਲੋਂ ਹਾਜ਼ਰੀਆਂ ਭਰਨੀਆਂ। ਸੱਚੇ ਪਾਤਸ਼ਾਹ ਤੋਂ ਮੇਰੀਆਂ ਭੁੱਲਾਂ ਚੁੱਕਾਂ ਬਖਸ਼ਾਉਣ ਦੇ ਅਰਦਾਸੇ ਸੋਧਣੇ। ਕਰਤਾਰ ਕੌਰ ਜੀ ਨੂੰ ਕਹਿਣਾ ਕਿ ਉਨ੍ਹਾਂ ਨੂੰ ਗੁਰੂ ਪੰਥ ਦਾ ਸਹਾਰਾ ਲੈਣਾ ਚਾਹੀਦਾ ਹੈ। ਬੱਚੇ ਗੁਰੂ ਪੰਥ ਦੇ ਹਵਾਲੇ ਹਨ। ਮਨ ਨਾ ਡੁਲਾਉਣ।"

"ਆਗਾਹਾਂ ਕੂ ਤ੍ਰਾਂਘ ਪਿੱਛਾ ਫੇਰ ਨਾ ਮੋਂਢੜਾ" ਵਾਲੀ ਤੁੱਕ ਘੜੀ ਘੜੀ ਦੁਹਰਾਂਦੇ, ਉੱਠ ਕੇ ਖੜੇ ਹੋ ਗਏ। ਭਾਈ ਅੱਛਰ ਸਿੰਘ ਤੇ ਭਾਈ ਫਕੀਰ ਸਿੰਘ ਨੇ ਭਾਈ ਸਾਹਬ ਦੇ ਨੈਣਾਂ ਵਿੱਚ "ਨਾਮ ਖੁਮਾਰੀ ਨਾਨਕਾ ਚੜ੍ਹੀ ਰਹੈ ਦਿਨ ਰਾਤ" ਵਾਲੀ ਅਵਸਥਾ ਦੇ ਦਰਸ਼ਨ ਕੀਤੇ। ਦੋਹਾਂ ਦੀਆਂ ਅੱਖਾਂ ਸੱਜਲ ਹੋ ਆਈਆਂ। ਭਾਈ ਸਾਹਬ ਨੇ ਫਤਿਹ ਗਜਾਈ ਤੇ ਪਿੱਠ ਦੇ ਕੇ ਆਪਣੇ ਸੈੱਲ ਵੱਲ ਤੁਰ ਪਏ। ਜਦ ਭਾਈ ਸਾਹਬ ਉਨ੍ਹਾਂ ਦੀਆਂ ਅੱਖਾਂ ਤੋਂ ਓਹਲੇ ਹੋ ਗਏ ਤਾਂ ਉਹ ਦੋਵੇਂ ਭਰੇ ਮਨਾਂ ਨਾਲ ਬਾਹਰ ਵੱਲ ਤੁਰ ਪਏ।

ਜਦ ਉਹ ਦੋਵੇਂ ਜਿਹਲ ਦਾ ਵੱਡਾ ਗੇਟ ਲੰਘ ਰਹੇ ਸਨ ਤਾਂ ਦਰੋਗੇ ਨੇ ਵਾਜ ਮਾਰ ਕੇ ਦੱਸਿਆ—"ਤੁਸੀਂ ਦੋਵੇਂ ਫਿਰ ਵੀ ਮੁਲਾਕਾਤ ਲਈ ਆ ਸਕਦੇ ਹੋ ਕਿਉਂ ਕਿ ਤੁਸੀਂ ਕੋਈ ਗੱਲ

ਬਾਤ ਨਹੀਂ ਕਰ ਸਕੇ ।" ਦਰੋਗੇ ਦਾ ਖਿਆਲ ਸੀ ਕਿ ਇਹ ਦੋਵੇਂ ਸ਼ਾਇਦ ਭਾਈ ਸਾਹਬ ਨਾਲ ਕੋਈ ਭੇਦ ਭਰੀਆਂ ਗੱਲਾਂ ਕਰਨ ਤੇ ਉਸ ਨੂੰ ਕੁੱਝ ਹੋਰ ਪਤਾ ਲੱਗ ਸਕੇਗਾ ।

੫੬

ਜਦ ਭਾਈ ਸਾਹਬ ਦੂਜੀ ਵਾਰੀ ਜ਼ਿਹਲ-ਕੋਰਟ ਵਿਚ ਪੇਸ਼ ਕੀਤੇ ਗਏ ਤਾਂ ਉਹ ਦਰਸੀ ਚੈਨਚਇਆ ਨੂੰ ਵੇਖ ਕੇ ਹਰਾਨ ਹੋ ਗਏ । ਉਨ੍ਹਾਂ ਨੂੰ ਤੌਖਲਾ ਹੋਇਆ ਕਿ ਕਿਧਰੇ ਦਰਸੀ ਨੂੰ ਵੀ ਫਾਂਸੀ ਦੇਣ ਦੀਆਂ ਤਿਆਰੀਆਂ ਨਾ ਹੋ ਰਹੀਆਂ ਹੋਣ । ਉਨ੍ਹਾਂ ਅੱਗੇ ਪਿੱਛੇ ਤੱਕਿਆ । ਠਾਕਰ ਸਿੰਘ ਉਨ੍ਹਾਂ ਨੂੰ ਕਿਧਰੇ ਨਾ ਦਿੱਸਿਆ । ਅਲੀਪੁਰ ਜਿਹਲ ਤੋਂ ਵਿਛੜਨ ਮਗਰੋਂ ਉਨ੍ਹਾਂ ਠਾਕਰ ਸਿੰਘ ਬਾਰੇ ਕੋਈ ਸੋਅ ਨਹੀਂ ਸੀ ਸੁਣੀ । ਉਹ ਸੋਚਣ ਲੱਗੇ । ਠਾਕਰ ਸਿੰਘ ਕਿੱਥੇ ਹੋਵੇਗਾ ? ਉਸ ਦਾ ਕੀ ਬਣਿਆ ? ਉਨ੍ਹਾਂ ਦੇ ਮਨ ਵਿਚ ਮਾੜਾ ਜਿਹਾ ਸ਼ੰਕਾ ਆਇਆ ਪਰ ਉਨ੍ਹਾ ਸਿਰ ਛੰਡ ਕੇ ਸ਼ੰਕੇ ਨੂੰ ਦੂਰ ਕਰ ਦਿੱਤਾ । ਉਨ੍ਹਾਂ ਦਾ ਮਨ ਕਹਿ ਰਿਹਾ ਸੀ ਕਿ ਠਾਕਰ ਸਿੰਘ ਬਹੁਤ ਭਰੋਸੇ ਜੋਗ ਦੇਸ-ਭਗਤ ਹੈ । ਉਨ੍ਹਾਂ ਦੇ ਮਨ ਵਿਚ ਸ਼ੰਕਾ ਵੀ ਨਹੀਂ ਸੀ ਆਉਣਾ ਚਾਹੀਦਾ । ਜ਼ਿਵਦਿਆਲ ਕਪੂਰ ਵੀ ਉਨ੍ਹਾਂ ਨੂੰ ਕੋਰਟ ਵਿਚ ਨਾ ਦਿੱਸਿਆ ।

ਅੱਜ ਕੇਵਲ ਭਾਈ ਸਾਹਬ, ਕਰਤਾਰ ਸਿੰਘ ਨਵਾਂ ਚੰਦ, ਹਰਨਾਮ ਸਿੰਘ ਤੇ ਦਰਸੀ ਚੈਨਚਇਆ ਹੀ ਪੇਸ਼ ਕੀਤੇ ਗਏ । ਕੋਰਟ ਦੀ ਕਾਰਵਾਈ ਸ਼ੁਰੂ ਹੋਣ ਤੇ ਦਸਿਆ ਗਿਆ ਕਿ ਦਰਸੀ ਚੈਨਚਇਆ ਨੂੰ ਕੈਨਾਨੂਰ ਜਿਹਲ, ਮਾਲਾਬਾਰ ਤੋਂ ਪੰਜਾਬ ਲਿਆਂਦਾ ਗਿਆ ਹੈ । ਉਸ ਨੇ ਕਾਰਵਾਈ ਸ਼ੁਰੂ ਹੋਣ ਤੋਂ ਪਹਿਲੋਂ ਹੀ ਇਤਰਾਜ ਉਠਾਇਆ ਕਿ ਬਾਕੀ ਸਭ ਕੈਦੀ ਆਪੋ ਆਪਣੇ ਸੂਬਿਆਂ ਵਿੱਚ ਭੇਜੇ ਗਏ ਪਰ ਉਸ ਨੂੰ ਆਪਣੇ ਘਰ ਤੋਂ ਪੰਦਰਾਂ ਸੌ ਮੀਲ ਦੂਰ ਮਦਰਾਸ ਸੂਬੇ ਦੀ ਥਾਂ ਮਾਲਾਬਾਰ ਵਿੱਚ ਰੱਖਿਆ ਗਿਆ ਹੈ । ਉਸ ਦੇ ਇਤਰਾਜ ਵਲ ਕੋਰਟ ਨੇ ਕੋਈ ਧਿਆਨ ਨਾ ਦਿੱਤਾ ।

ਹਰਚਰਨ ਦਾਸ ਦੀ ਮੁਖਬਰੀ ਦੇ ਆਧਾਰ ਤੇ ਹਰਨਾਮ ਸਿੰਘ ਉੱਤੇ ਦੋਸ਼ ਲਾਇਆ ਗਿਆ ਕਿ ਉਸ ਨੇ ਹਰਚਰਨ ਦਾਸ, ਮੰਗੂ ਤੇ ਗੰਭੀਰ ਨੂੰ ਡਰਾ ਧਮਕਾ ਕੇ ਤੰਲ ਵਾਲੇ ਜਹਾਜ਼ ਵਿੱਚ ਆਪਣੇ ਨਾਲ ਤੋਰਿਆ ਸੀ । ਅਸਲ ਗੱਲ ਇਹ ਸੀ ਕਿ ਸਾਨਫਰਾਂਸਿਸਕੋ ਤੋਂ ਤੁਰਨ ਸਮੇਂ ਹੀ ਉਹ ਇੱਕ ਦੂਜੇ ਨੂੰ ਮਿਲੇ ਸਨ । ਰਾਮ ਚੰਦ ਪਸ਼ੌਰੀਏ ਨੇ ਹਰੀ ਸਿੰਘ ਬਦੋਵਾਲ ਨੂੰ ਆਗੂ ਨਿਯਤ ਕੀਤਾ ਸੀ ਪਰ ਫੜੇ ਜਾਣ ਮਗਰੋਂ ਜਰਮਨਾਂ ਦੇ ਜਮਾਨਤ ਦੇਣ ਪਿੱਛੋਂ ਉਹ ਬਤਾਵੀਏ ਦੇ ਜੰਗਲਾਂ ਵੱਲ ਨੱਸ ਗਿਆ ਸੀ। ਅੰਗਰੇਜ਼ਾਂ ਦੇ ਹੱਥ ਨਹੀਂ ਸੀ ਆਇਆ । ਇਸ ਲਈ ਸਾਰਾ ਦੋਸ਼ ਹਰਨਾਮ ਸਿੰਘ ਦੇ ਸਿਰ ਮੜ੍ਹਿਆ ਜਾ ਰਿਹਾ ਸੀ । ਹਰਚਰਨ ਦਾਸ ਮੁਖਬਰ ਬਣ ਕੇ ਪੁਲਸ ਵਿੱਚ ਭਰਤੀ ਹੋ ਚੁੱਕਾ ਸੀ । ਮੰਗੂ ਤੇ ਗੰਭੀਰ ਅਨਪੜ੍ਹ ਤੇ ਕਮਜ਼ੋਰ ਬੰਦੇ ਸਨ । ਪੁਲਸ ਨੇ ਉਨ੍ਹਾਂ ਨੂੰ ਪੇਸ਼ ਹੀ ਨਾ ਕੀਤਾ ।

ਕਰਤਾਰ ਸਿੰਘ ਨਵਾਂ ਚੰਦ ਉੱਤੇ ਦੋਸ਼ ਸੀ ਕਿ ਉਹ ਵੈਨਕੋਵਰ ਗਦਰ ਲਹਿਰ ਦਾ ਇੱਕ ਖਾਸ ਕਾਹਕੁਨ ਸੀ ਤੇ ਉਸ ਨੂੰ ਗੁਦੁਰ ਲੁਹਿਰੁ ਦੇ ਗੁਪਤ ਭੇਦ ਪਤਾ ਸਨ ਪਰ ਦਸਣੋਂ ਮਨੁਕਰ ਸੀ ।

ਦਰਸੀ ਉੱਤੇ ਦੋਸ਼ ਲਾਇਆ ਗਿਆ ਕਿ ਉਹ ਬਾਕੀ ਗਦਰੀਆਂ ਨਾਲ ਹਿੰਦੁਸਤਾਨ ਵਿੱਚ ਗਦਰ ਮਚਾਉਣ ਦੀ ਨਿਯਤ ਨਾਲ, ਪੜ੍ਹਾਈ ਛੱਡ ਕੇ ਕੈਲੇਫੋਰਨੀਆਂ ਤੋਂ ਆਉਂਦਾ ਬੈਂਕੋਕ ਵਿੱਚ ਫੜਿਆ ਗਿਆ ਸੀ। ਦਰਸੀ ਦੇ ਦੋਵੇਂ ਸਾਥੀ ਜੋਧ ਸਿੰਘ ਤੇ ਚੈਟਰ ਜੀ ਖਿਸਕ ਗਏ ਸਕੇ। ਇਸ ਸਾਰੀ ਟੋਲੀ ਦਾ ਦੋਸ਼ ਦਰਸੀ ਉੱਤੇ ਮੜ੍ਹਿਆ ਜਾ ਰਿਹਾ ਸੀ। ਉਸ ਉੱਤੇ ਇਹ ਦੋਸ਼ ਵੀ ਲਾਇਆ ਗਿਆ ਕਿ ਉਹ ਗਦਰੀਆਂ ਦੇ ਸਰਦਾਰ, ਬਲਵੰਤ ਸਿੰਘ ਨਾਲ ਜਾ ਰਲਿਆ ਸੀ ਤੇ ਬਰਮਾ ਵਿੱਚ ਗਦਰ ਮਚਾਉਣ ਲਈ ਜਾ ਰਿਹਾ ਸੀ।

ਠਾਕਰ ਸਿੰਘ, ਭਾਈ ਸਾਹਬ ਦਾ ਸੱਚਾ ਸਾਥੀ ਸੀ। ਨਾ ਹੀ ਉਸ ਨੂੰ ਪੇਸ਼ ਕੀਤਾ ਗਿਆ ਤੇ ਨਾ ਹੀ ਉਸ ਬਾਰੇ ਕੋਰਟ ਵਿੱਚ ਕੋਈ ਜ਼ਿਕਰ ਕੀਤਾ ਗਿਆ। ਭਾਈ ਸਾਹਬ ਸੋਚਣ ਲੱਗੇ ਕਿ ਉਹ ਬੀਮਾਰ ਹੋਵੇਗਾ ਜਾਂ ਪੁਲਸ ਦੀ ਮਾਰ ਨਾਲ ਕਿਸੇ ਸੈੱਲ ਵਿਚ ਬਿਹੋਸ਼ ਪਿਆ ਹੋਵੇਗਾ।

ਜਦ ਹਰਨਾਮ ਸਿੰਘ ਨੂੰ ਆਪਣੇ ਦੋਸ਼ ਮੰਨਣ ਲਈ ਕਿਹਾ ਗਿਆ ਤਾਂ ਉਸ ਨੇ ਭਰਵੀਂ ਅਵਾਜ ਵਿੱਚ ਗੱਜ ਕੇ ਕਿਹਾ —"ਸਾਰੇ ਦੋਸ਼ਾਂ ਦੀ ਜੜ੍ਹ ਹੁਕਮਰਾਨ ਹਨ। ਮੈਂ ਜੋ ਕੁੱਝ ਕੀਤਾ ਹੈ ਆਪਣੇ ਦੇਸ ਲਈ ਕੀਤਾ ਹੈ। ਤੁਸੀਂ ਮੇਰੇ ਮੁਲਕ ਉੱਤੇ ਨਾਜਾਇਜ਼ ਕਬਜ਼ਾ ਜਮਾਈ ਬੈਠੇ ਹੋ। ਮੇਰਾ ਹੱਕ ਹੈ ਕਿ ਕੋਈ ਵੀ ਅਜਿਹਾ ਤਰੀਕਾ ਹਾਸਲ ਕਰਾਂ ਜਿਸ ਨਾਲ ਫਰੰਗੀ ਨੂੰ ਹਿੰਦੁਸਤਾਨ ਵਿੱਚੋਂ ਕੱਢਿਆ ਜਾ ਸਕੇ।"

ਐਲਸ ਤੇ ਭੰਢਾਰੀ ਨੀਵੀਂ ਪਾ ਕੇ ਸੁਣ ਰਹੇ ਸਨ ਪਰ ਫਰਿਜ਼ਲੇ ਘੂਰ ਘੂਰ ਕੇ ਹਰਨਾਮ ਸਿੰਘ ਵਲ ਤੱਕ ਰਿਹਾ ਸੀ। ਹਰਨਾਮ ਸਿੰਘ ਹਥਕੜੀਆਂ ਬੇੜੀਆਂ ਵਿੱਚ ਜਕੜਿਆ ਛਾਤੀ ਕੱਢ ਕੇ ਡੱਟ ਕੇ ਖਲੋਤਾ ਸੀ।

ਭਾਈ ਸਾਹਬ ਬਾਰੇ ਦੂਸ਼ਨ ਸਨ ਕਿ ਉਨੀ ਸੌ ਤੇਰਾਂ ਵਿੱਚ ਤਿੰਨ ਸਿੱਖ ਡੈਲੀਗੇਟ ਪੰਜਾਬ ਆਏ। ਉਨ੍ਹਾਂ ਦਾ ਸਰਦਾਰ ਬਲਵੰਤ ਸਿੰਘ ਗ੍ਰੰਥੀ ਸੀ। ਉਹ ਅਮਰੀਕਾ ਤੋਂ ਆਏ ਤੇ ਗਦਰ ਪਾਰਟੀ ਦੇ ਮੈਂਬਰ ਸਨ।

"ਡੈਪੂਟੇਸ਼ਨ ਦੇ ਕੈਨੇਡਾ ਵਾਪਸ ਪੁੱਜਣ ਉੱਤੇ ਵਿਕਟੋਰੀਆ ਗੁਰਦੁਆਰੇ ਵਿੱਚ ਇੱਕ ਵਡੀ ਮੀਟਿੰਗ ਕੀਤੀ ਗਈ ਜਿਸ ਵਿੱਚ ਬਲਵੰਤ ਸਿੰਘ ਗ੍ਰੰਥੀ ਨੇ ਦੱਸਿਆ—"ਉਨ੍ਹਾਂ ਸਾਰੇ ਹਿੰਦ ਦਾ ਚੱਕਰ ਲਾਇਆ, ਜਿੱਥੇ ਉਹ ਕਈ ਲੀਡਰਾਂ ਨੂੰ ਮਿੱਲੇ, ਜਿਨ੍ਹਾਂ ਨਾਲ ਇਹ ਪ੍ਰਬੰਧ ਕੀਤਾ ਗਿਆ ਕਿ ਕੈਨੇਡਾ ਦਾਖਲ ਹੋਣ ਬਾਰੇ ਪਾਬੰਦੀਆਂ ਨਾ ਹਟਾਈਆਂ ਗਈਆਂ ਤਾਂ ਹਿੰਦੂ ਮੁਸਲਮਾਨ, ਸਾਰੇ ਹਿੰਦੁਸਤਾਨੀ ਰਲ ਕੇ ਅੰਗਰੇਜ਼ਾਂ ਨੂੰ ਹਿੰਦ ਵਿੱਚੋਂ ਕੱਢਣ ਲਈ ਸਾਰਾ ਜ਼ੋਰ ਲਾਉਣਗੇ।"

"ਹਿੰਦ ਵਿੱਚ ਹਰ ਕੋਈ ਸਰਕਾਰ ਦੇ ਵਿਰੁੱਧ ਹੈ ਅਤੇ ਉਹ ਸਰਕਾਰ ਉੱਤੇ ਚੋਟ ਲਾਉਣ ਲਈ ਚੰਗੇ ਮੌਕਿਆਂ ਦੀ ਤਾੜ ਵਿੱਚ ਹਨ।"

"ਹਿੰਦ ਦੇ ਦੌਰੇ ਪਿੱਛੋਂ ਉਨ੍ਹਾਂ ਨੂੰ ਇਹ ਤਸੱਲੀ ਹੈ ਕਿ ਜੇ ਕੈਨੇਡਾ ਦੇ ਹਿੰਦੀ ਆਪਣਾ ਹਿੱਸਾ ਪਾਉਣ ਤਾਂ ਹਿੰਦ ਵਿੱਚ ਵੀ ਹਰ ਆਦਮੀ ਕਾਰਵਾਈ ਕਰਨ ਨੂੰ ਤਿਆਰ ਹੈ।"

"ਬਲਵੰਤ ਸਿੰਘ ਨੇ ਪ੍ਰਾਈਵੇਟ ਗੱਲ ਬਾਤ ਵਿੱਚ ਕਿਹਾ ਹੈ ਕਿ ਉਹ ਕਈ ਅਫਸਰਾਂ ਨੂੰ ਹਿੰਦ ਵਿੱਚ ਮਿੱਲੇ, ਜਿਨ੍ਹਾਂ ਇਹ ਭਰੋਸਾ ਦਿਵਾਇਆ ਕਿ ਜੇ ਕੈਨੇਡਾ ਦੇ ਹਿੰਦੀ ਇਨਕਲਾਬ ਦਾ ਝੰਡਾ ਖੜਾ ਕਰਨ ਤਾਂ ਹਿੰਦ ਵਾਸੀ ਅੰਗਰੇਜ਼ਾਂ ਨੂੰ ਕੱਢਣ ਵਾਸਤੇ, ਉਨ੍ਹਾਂ ਨਾਲ ਮਿਲਣਗੇ।"

ਭਾਈ ਸਾਹਬ ਨੂੰ ਉੱਤਰ ਦੇਣ ਦਾ ਮੌਕਾ ਦਿੱਤਾ ਗਿਆ। ਉਹ ਸੋਚ ਰਹੇ ਸਨ ਕਿ ਜੇ ਵਰਸਾ ਤੇ ਠਾਕਰ ਸਿੰਘ ਦੇ ਸਾਰੇ ਕੰਮਾਂ ਦਾ ਜ਼ਿੰਮਾ ਉਹ ਆਪ ਲੈ ਲੈਣ ਤਾਂ ਇਨ੍ਹਾਂ ਦੋਹਾਂ ਦੇਸ਼ ਭਗਤਾਂ ਨੂੰ

ਇਨਕਲਾਬ ਵਿੱਚ ਹਿੱਸਾ ਪਾਉਣ ਦਾ ਇੱਕ ਹੋਰ ਮੌਕਾ ਮਿੱਲ ਜਾਏਗਾ। ਭਾਈ ਸਾਹਬ ਨੇ ਦ੍ਰਿੜ੍ਹ ਭਰਵੀਂ ਆਵਾਜ਼ ਵਿੱਚ ਕਹਿਣਾ ਅਰੰਭਿਆ—"ਹਰਨਾਮ ਸਿੰਘ ਨੇ ਬਿਲਕੁਲ ਸੱਚ ਆਖਿਆ ਹੈ ਕਿ ਹੁਕਮਰਾਨ ਸਭ ਤੋਂ ਵੱਡੇ ਦੋਸ਼ੀ ਹਨ। "ਕਲ ਕਾਤੀ ਰਾਜੇ ਕਾਸਾਈ" ਵਾਲੀ ਗੱਲ ਹੋ ਨਿਬੜੀ ਹੈ। ਧਰਮ ਦੇ ਸਚਾਈ ਖੰਭ ਲਾ ਕੇ ਉੱਡ ਗਏ ਹਨ। ਜੇ ਦੋਸ਼ੀ ਹੀ ਮੁਨਸਫ ਬਣ ਬੈਠਣ, ਰਖਵਾਲੇ ਹੀ ਬੁਚੜ ਹੋ ਨਿਬੜਨ ਤਾਂ ਇਨਸਾਫ ਦਾ ਬੀਜ ਵੀ ਖਤਮ ਹੋ ਜਾਏਗਾ। ਤੁਸੀਂ ਇਨਸਾਫ ਦੀਆਂ ਜੜ੍ਹਾਂ ਪੁਟ ਕੇ ਅਨਿਆਂ ਦਾ ਬੂਟਾ ਗੱਡ ਦਿੱਤਾ ਹੈ।"

"ਦਰਸੀ ਚੈਨਚਇਆ ਤੇ ਠਾਕਰ ਸਿੰਘ ਬਿਲਕੁਲ ਨਿਰਦੋਸ਼ ਹਨ। ਜਿਹੜੇ ਦੋਸ਼ ਇਨ੍ਹਾਂ ਦੋਹਾਂ ਉੱਤੇ ਲਾਏ ਗਏ ਜਾਂ ਲਾਏ ਜਾਣੇ ਹਨ, ਉਨ੍ਹਾਂ ਦਾ ਦੋਸ਼ੀ ਮੈਂ ਆਪ ਹਾਂ। ਇਹ ਦੋਵੇਂ ਬੇਕਸੂਰ ਹਨ। ਕਰਤਾਰ ਸਿੰਘ ਦਾ ਸਭ ਤੋਂ ਵੱਡਾ ਦੋਸ਼ ਇਹ ਹੈ ਕਿ ਉਹ ਮੇਰੇ ਪਰਵਾਰ ਨਾਲ ਇੱਕੋ ਜਹਾਜ਼ ਵਿੱਚ ਦੇਸ਼ ਆਇਆ ਹੈ। ਮੇਰੇ ਦੋਸ਼ਾਂ ਦੀ ਸਜ਼ਾ ਦਰਸੀ ਚੈਨਚਇਆ, ਠਾਕਰ ਸਿੰਘ ਤੇ ਕਰਤਾਰ ਸਿੰਘ ਨੂੰ ਕਿਉਂ ਦਿੱਤੀ ਜਾਏ ?"

ਮੈਂ ਮੰਨਦਾ ਹਾਂ ! ਮੈਂ ਬਾਗੀ ਹਾਂ, ਮੈਂ ਬਾਗੀ ਹਾਂ, ਮੈਂ ਬਾਗੀ ਹਾਂ। ਮੇਰੀ ਬਗਾਵਤ ਦੀ ਮੈਨੂੰ ਸਜ਼ਾ ਦਿਓ। ਬਗਾਵਤ ਕਰਨੀ ਮੇਰਾ ਹੱਕ ਹੈ। ਆਪਣੀਆਂ ਬਹੂ ਬੇਟੀਆਂ ਦੀ ਰਖਵਾਲੀ ਕਰਨੀ ਮੇਰਾ ਹੱਕ ਹੈ। ਡਾਕੂਆਂ ਤੇ ਦਰਿੰਦਿਆਂ ਤੋਂ ਆਪਣੇ ਘਰ ਨੂੰ ਬਚਾਉਣਾ ਮੇਰਾ ਫਰਜ ਹੈ। ਤੁਹਾਡਾ ਧਰਮ ਤੁਹਾਨੂੰ ਅਧਰਮ ਕਰਨਾ ਨਹੀਂ ਸਿਖਾਉਂਦਾ। ਤੁਸੀਂ ਆਪਣੇ ਧਰਮ ਨੂੰ ਛਿੱਕੇ ਉੱਤੇ ਰੱਖ ਕੇ ਜ਼ੁਲਮ ਕਰਨ ਉੱਤੇ ਤੁਲੇ ਹੋਏ ਹੋ। ਜੇ ਸਾਡਾ ਰਾਜ, ਸਾਡਾ ਕਬਜ਼ਾ ਤੁਹਾਡੇ ਇੰਗਲਸਤਾਨ ਉੱਤੇ ਹੋਵੇ ਤਾਂ ਜਾ ਕੇ ਤੁਹਾਨੂੰ ਸਮਝ ਪਵੇਗੀ ਕਿ ਗੁਲਾਮੀ ਕਿਹੜੀ ਗੰਦਗੀ ਦਾ ਨਾਮ ਹੈ।"

"ਤੁਸੀਂ ਜ਼ੁਲਮ ਦੀ ਹੱਦ ਤਕ ਪਹੁੰਚ ਗਏ ਹੋ। ਤੁਸੀਂ ਮੇਰੇ ਅਨੇਕਾਂ ਵੀਰਾਂ, ਜੋਧਿਆਂ ਨੂੰ, ਬੁਚੜਖਾਨਿਆਂ ਵਿੱਚ ਡੱਕ ਕੇ ਕਤਲ ਕਰ ਚੁੱਕੇ ਹੋ। ਆਤਮਾ ਮਰਦੀ ਨਹੀਂ ! ਕੇਵਲ ਚੋਲਾ ਬਦਲਦੀ ਹੈ। ਬਘਿਆੜ ਮੁਨਸਫ ਹਨ। ਆਜੜੀ ਚਰਵਾਹੇ, ਬੁਚੜ ਹੋ ਨਿਬੜੇ ਹਨ।"

"ਜੇ ਗੁਲਾਮੀ ਦੇ ਤੌਕ ਗਲੋਂ ਲਾਹੁਣ ਲਈ ਇਨਕਲਾਬ ਕਰਨਾ ਦੋਸ਼ ਹੈ ਤਾਂ ਮੈਂ ਦੋਸ਼ੀ ਹਾਂ। ਮੇਰੇ ਦੋਸ਼ ਦੀ ਸਜ਼ਾ ਦਿਓ ਮੈਨੂੰ। ਛੇਤੀ ਕਰੋ, ਛੇਤੀ ਕਰੋ।" ਕਹਿ ਕੇ ਭਾਈ ਸਾਹਬ ਨੇ ਜੱਜਾਂ ਵੱਲ ਪਿੱਠ ਦੇ ਦਿੱਤੀ।

ਤਿੰਨਾਂ ਜੱਜਾਂ ਨੇ ਪਹਿਲੋਂ ਹੀ ਫੈਸਲਾ ਕੀਤਾ ਹੋਇਆ ਸੀ। ਜੱਜ ਐਲਸ ਨੇ ਕਿਹਾ—"ਤੁਹਾਡਾ ਦੋਸ਼ ਸਾਬਤ ਹੋ ਚੁੱਕਾ ਹੈ। ਸਜ਼ਾ ਅਗਲੀ ਵਾਰੀ ਸੁਣਾਈ ਜਾਏਗੀ।"

੫੭

ਬੀਬੀ ਕਰਤਾਰ ਕੌਰ ਬੁਖਾਰ ਵਿੱਚ ਨਿਢਾਲ ਸੀ। ਆਦਮ ਪੁਰ ਤੋਂ ਹਕੀਮ ਆਇਆ। ਉਸ ਨੇ ਬਾਰਾਂ ਪੁੜੀਆਂ ਬੰਨ੍ਹ ਕੇ ਦਿੱਤੀਆਂ। ਚਾਰ ਪੁੜੀਆਂ ਤਿੰਨ ਤਿੰਨ ਘੰਟਿਆਂ ਮਗਰੋਂ ਗਰਮ ਪਾਣੀ ਨਾਲ ਖਾਣੀਆਂ ਦੱਸੀਆਂ। ਹਕੀਮ ਨੇ ਦੱਸਿਆ ਕਿ ਜੇ ਤਿੰਨਾਂ ਦਿਨਾਂ ਵਿੱਚ ਬੁਖਾਰ ਨਾ ਲੱਥੇ ਤਾਂ ਉਸ ਨੂੰ ਖਬਰ ਦਿੱਤੀ ਜਾਏ।

ਹਕੀਮ ਨੂੰ ਇਹ ਨਹੀਂ ਸੀ ਪਤਾ ਕਿ ਇਹ ਸਰੀਰਕ ਬੁਖਾਰ. ਮਾਨਸਕ ਦੁਖ ਦੇ ਕਾਰਨ ਹੈ।

ਬੀਬੀ ਸਾਰਾ ਸਾਰਾ ਦਿਨ ਤੇ ਸਾਰੀ ਸਾਰੀ ਰਾਤ ਬੇਸੁਧ ਪਈ ਰਹਿੰਦੀ। ਹਰਿ ਦਿਆਲ ਮਾਂ ਮਾਂ ਵਾਜਾਂ ਮਾਰਦਾ ਥੱਕ ਜਾਂਦਾ ਪਰ ਬੀਬੀ ਨੂੰ ਉਸ ਦੀਆਂ ਵਾਜਾਂ ਵੀ ਨਾ ਸੁਣਦੀਆਂ। ਉਸ ਦੀਆਂ ਦੋਵੇਂ ਭੈਣਾਂ ਉਸ ਨੂੰ ਵਰਚਾਉਣ ਦਾ ਜਤਨ ਕਰਦੀਆਂ ਪਰ ਉਹ ਅੱਗੋਂ ਲੱਤਾਂ ਪੈਰ ਮਾਰਦਾ! ਦੋ ਦਿਨ ਹੋ ਗਏ ਸਨ ਬੀਬੀ ਨੇ ਕੋਈ ਚੀਜ਼ ਮੂੰਹ ਨਹੀਂ ਸੀ ਲਾਈ। ਜੇ ਉਸ ਦਾ ਮੂੰਹ ਸੁਕਦਾ ਤਾਂ ਘੁਟ ਪਾਣੀ ਪੀ ਲੈਂਦੀ। ਫਿਰ ਬੇਸੁੱਧ ਜਿਹੀ ਹੋ ਕੇ ਪਈ ਰਹਿੰਦੀ।

ਅੱਧੀ ਰਾਤ ਲੰਘ ਗਈ ਸੀ। ਉਸ ਦਾ ਸਰੀਰ ਮੁੜ੍ਹਕੋ ਮੁੜ੍ਹਕੀ ਹੋਇਆ ਪਿਆ ਸੀ। ਉਹ ਉੱਠ ਕੇ ਬੈਠ ਗਈ। ਕੁੱਝ ਦੇਰ ਗੋਡਿਆਂ ਵਿੱਚ ਸਿਰ ਦੇ ਕੇ ਬੈਠ ਰਹੀ। ਉਹ ਲੰਮੀ ਪੈਂਦੀ ਹੀ ਸੁਪਨਾ ਦੇਖਣ ਲੱਗ ਪਈ—"ਭਾਈ ਭਾਗ ਸਿੰਘ ਜੀ ਪ੍ਰਧਾਨ, ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ, ਦੀ ਪਤਨੀ ਦੇ ਸਿਰਹਾਣੇ ਬੈਠ ਕੇ ਉਹ ਉਸ ਦਾ ਸਿਰ ਘੁਟ ਰਹੀ ਸੀ। ਉਸ ਦੀ ਬੋਟ ਜਿੰਨੀ ਤਿਨਾਂ ਦਿਨਾਂ ਦੀ ਬੱਚੀ ਰੋ ਰਹੀ ਸੀ।

ਫਿਰ ਉਸ ਨੇ ਵੇਖਿਆ ਕਿ ਉਹ ਬੀਬੀ ਹਰਨਾਮ ਕੌਰ ਦੀ ਅਰਥੀ ਨਾਲ ਜਾ ਰਹੀ ਹੈ। ਦੋ ਘੋੜਿਆਂ ਵਾਲੀ ਬੱਘੀ ਉੱਤੇ ਸਾਈਸ ਦੇ ਪਿੱਛੇ ਭਾਈ ਭਾਗ ਸਿੰਘ ਆਪਣੇ ਬੱਚੇ ਜੋਗਿੰਦਰ ਸਿੰਘ ਨੂੰ ਗੋਦ ਵਿੱਚ ਲੈ ਕੇ ਬੈਠੇ ਹਨ। ਸੰਗਤਾਂ ਢੋਲਕੀਆਂ ਛੈਣਿਆਂ ਨਾਲ ਸ਼ਬਦ ਕੀਰਤਨ ਕਰਦੀਆਂ ਸਸਕਾਰ ਅਸਥਾਨ ਵੱਲ ਜਾ ਰਹੀਆਂ ਹਨ। ਭਾਈ ਮੇਵਾ ਸਿੰਘ ਲੋਪੋਕੇ ਸਭ ਤੋਂ ਅੱਗੇ ਅੱਗੇ ਤੁਰ ਰਹੇ ਹਨ।

ਸਸਕਾਰ ਤੋਂ ਪਿੱਛੋਂ ਗੁਰਦੁਆਰੇ ਵਿੱਚ ਸੰਗਤ ਜੁੜ ਕੇ ਬੈਠੀ ਹੈ। ਭਾਈ ਭਾਗ ਸਿੰਘ ਨੇ ਹੱਥ ਜੋੜ ਕੇ ਕਿਹਾ ਹੈ—ਗੁਰੂ ਪੰਥ ਖਾਲਸਾ ਜੀਓ—ਮੇਰੇ ਦੋਵੇਂ ਬੱਚੇ ਪੰਥ ਦੇ ਬੱਚੇ ਹਨ। ਦਾਸ ਨੂੰ ਪੰਥ ਦੀ ਸੇਵਾ ਬਖਸ਼ੋ।

ਫਿਰ ਬੀਬੀ ਕਰਤਾਰ ਕੌਰ ਨੇ ਸੁਪਨੇ ਵਿੱਚ ਹੀ ਭਾਈ ਭਾਗ ਸਿੰਘ ਤੇ ਬੀਬੀ ਹਰਨਾਮ ਕੌਰ ਦੇ ਬੱਚੇ ਜੋਗਿੰਦਰ ਸਿੰਘ ਤੇ ਆਪਣੇ ਹਰਿ ਦਿਆਲ ਨੂੰ ਸੱਜੇ ਤੇ ਖੱਬੇ ਗੋਡੇ ਉੱਤੇ ਬਿਠਾ ਲਿਆ। ਬੀਬੀ ਹਰਨਾਮ ਕੌਰ ਉਸ ਨੂੰ ਕਹਿ ਰਹੀ ਸੀ—ਨੀ ਭੈਣਾ ਕਰਤਾਰ ਕੌਰੇ—ਮੇਰੇ ਜੋਗਿੰਦਰ ਦਾ ਧਿਆਨ ਰੱਖੀਂ, ਇਹਨੂੰ ਆਪਣਾ ਪੁਤ ਜਾਣ ਕੇ ਪਾਲੀਂ। ਮੇਰੀ ਧੀ ਨੂੰ ਆਪਣੀ ਸਮਝੀਂ।

ਫਿਰ ਇੱਕ ਦਮ ਬੀਬੀ ਹਰਨਾਮ ਕੌਰ ਦੇ ਸਸਕਾਰ ਸਮੇਂ ਦੇ ਅੱਗ ਦੇ ਲੰਬੇ ਉਸ ਦੇ ਦੁਆਲੇ ਆ ਪਹੁੰਚੇ। ਉਹ ਘਬਰਾ ਕੇ ਉਠ ਬੈਠੀ। ਕਿੰਨੀ ਦੇਰ ਉਹ ਡਰੀ ਹੋਈ ਬੈਠੀ, ਬੁਖਾਰ ਵਿਚ ਕੰਬਦੀ ਰਹੀ। ਉਸ ਦੀ ਕੰਬਣੀ ਵੱਧ ਗਈ। ਉਹ ਰੋਣ ਹਾਕੀ ਹੋ ਗਈ ਪਰ ਰੋ ਨਾ ਸਕੀ। ਉਸ ਨੇ ਰੋਣਾ ਚਾਹਿਆ ਪਰ ਉਸ ਦੇ ਹੰਝੂ ਅੱਖਾਂ ਵਿੱਚ ਨਾ ਉਤਰੇ।

ਉਹ ਲੰਮੀ ਪੈ ਕੇ ਸੌਣ ਦਾ ਜਤਨ ਕਰਨ ਲੱਗੀ। ਅੱਖ ਲਗਦਿਆਂ ਹੀ ਉਹ ਫਿਰ ਸੁਪਨੇ ਵੇਖਣ ਲੱਗੀ—ਭਾਈ ਸਾਹਬ ਘੋੜੀ ਚੜ੍ਹ ਰਹੇ ਸਨ। ਘੋੜੀ ਫੁੱਲਾਂ ਨਾਲ ਸੱਜੀ ਹੋਈ ਸੀ। ਭਾਈ ਸਾਹਬ ਦੀ ਜੰਞ ਚੜ੍ਹ ਰਹੀ ਸੀ। ਉਨ੍ਹਾਂ ਦੇ ਜਾਞੀ ਸਾਥੀ ਭਾਈ ਭਾਗ ਸਿੰਘ ਭਿਖੀ ਵਿੰਡ ਭਾਈ ਮੇਵਾ ਸਿੰਘ ਲੋਪੋਕੇ ਭਾਈ ਬਤਨ ਸਿੰਘ, ਪੰਡਤ ਸੋਹਣ ਲਾਲ ਪਾਠਕ, ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਤੇ ਅਨੇਕਾਂ ਹੋਰ ਸਾਥੀ ਘੋੜੀ ਦੇ ਪਿੱਛੇ ਪਿੱਛੇ ਸਿਹਰੇ ਬੰਨ੍ਹ ਕੇ ਤੁਰ ਰਹੇ ਸਨ। ਉਸ ਨੇ ਦੂਰ ਕਿਧਰੇ ਗੋਲੀ ਚਲਣ ਦੀ ਆਵਾਜ਼ ਸੁਣੀ। ਉਹ ਤ੍ਰਬਕ ਕੇ ਉੱਠੀ ਤੇ ਗੋਡਿਆਂ ਵਿੱਚ ਸਿਰ ਦੇ ਕੇ ਜੀਅ-ਭਿਆਣੀ-ਕਿੰਨੀ ਦੇਰ ਬੈਠੀ ਰਹੀ।

ਉਹ ਸੁੱਤੇ ਪਏ ਬੱਚਿਆਂ ਨੂੰ ਆਪਣੇ ਕੋਲ ਬੁਲਾਉਣਾ ਚਾਹੁੰਦੀ ਸੀ ਪਰ ਉਸ ਦੀ ਵਾਜ ਨਹੀਂ

ਸੀ ਨਿਕਲ ਰਹੀ। ਉਹ ਰੋਣਾ ਚਾਹੁੰਦੀ ਸੀ ਉਹ ਰੋਹ ਨਾ ਸਕੀ। ਉਹ ਮੰਜੇ ਉਤੋਂ ਉੱਠਣ ਲੱਗੀ ਡਿੱਗ ਪਈ। ਉਸ ਨੇ ਮੰਜੀ ਦੀ ਬਾਹੀ ਫੜ ਕੇ ਮੰਜੇ ਉੱਤੇ ਚੜ੍ਹਨਾ ਚਾਹਿਆ ਪਰ ਉਹ ਚੜ੍ਹ ਨਾ ਸਕੀ।

ਉਸ ਨੂੰ ਤਿਹ ਲੱਗੀ। ਪਾਣੀ ਪੀਣ ਲੱਗਿਆਂ ਉਸ ਨੂੰ ਉਹ ਸਮਾਂ ਯਾਦ ਆ ਗਿਆ ਜਦ ਭਾਈ ਸਾਹਬ ਅਖੌਤੀ ਅਛੂਤਾਂ ਦੇ ਖੂਹ ਤੇ ਪਾਣੀ ਪੀਣ ਸੀ ਤੇ ਪਿੰਡ ਦੇ ਲੋਕਾਂ ਨੇ ਉਨ੍ਹਾਂ ਦਾ ਬਾਈਕਾਟ ਕਰ ਦਿੱਤਾ ਸੀ। ਭਾਈ ਸਾਹਬ ਸਾਰਾ ਦਿਨ "ਮਾਣਸ ਕੀ ਜਾਤ ਸਬੈ ਏਕੈ ਪਹਿਚਾਨਬੋ" ਪੜ੍ਹਦੇ ਰਹੇ ਸਨ।

੫੮

ਪੰਜ ਜਨਵਰੀ ਉਨੀ ਸੌ ਸਤਾਰਾਂ ਨੂੰ ਜਦ ਭਾਈ ਸਾਹਬ ਨੂੰ ਜਿਹਲ-ਕੋਰਟ ਵਿੱਚ ਹੋਰ ਦੇਸ਼ ਭਗਤ ਕੈਦੀਆਂ ਸਮੇਤ ਪੇਸ਼ ਕੀਤਾ ਗਿਆ ਤਾਂ ਜੱਜ ਐਲਸ ਨੇ ਆਪਣਾ ਫੈਸਲਾ ਸੁਣਾਉਣ ਤੋਂ ਪਹਿਲੋਂ ਭਾਈ ਸਾਹਬ ਨੂੰ ਪੁੱਛਿਆ ਕਿ ਸਜ਼ਾ ਦਾ ਹੁਕਮ ਸੁਣਾਉਣ ਤੋਂ ਪਹਿਲੋਂ ਕੁਝ ਕਹਿਣਾ ਚਾਹੁੰਦੇ ਹਨ ਤਾਂ ਭਾਈ ਸਾਹਬ ਨੇ ਉੱਤਰ ਵਿੱਚ ਕਿਹਾ—

"ਹਿੰਦੁਸਤਾਨ ਤੇ ਕੈਨੇਡਾ ਦੋਵੇਂ ਦੇਸ ਬਰਤਾਨੀਆ ਦੀ ਹਕੂਮਤ ਦੇ ਅੰਗ ਹਨ। ਕੈਨੇਡਾ ਵਿੱਚ ਸਾਡੇ ਨਾਲ ਵਿਤਕਰਾ ਕੀਤਾ ਜਾਂਦਾ ਹੈ। ਅਸੀਂ ਹਿੰਦੁਸਤਾਨ ਦੇ ਸ਼ਹਿਰੀ ਹਾਂ। ਜਾਪਾਨੀ ਤੇ ਚੀਨੇ ਪਰਵਾਰ ਕੈਨੇਡਾ ਵਿੱਚ ਖੁਲ੍ਹੇ ਡੁਲ੍ਹੇ ਜਾ ਸਕਦੇ ਹਨ ਪਰ ਸਾਡੇ ਪਰਵਾਰਾਂ ਲਈ ਆਗਿਆ ਨਹੀਂ। ਅਸੀਂ ਪਰਵਾਰ ਲੈ ਕੇ ਕੈਨੇਡਾ ਵੱਲ ਤੁਰੇ। ਦੋ ਢਾਈ ਮਹੀਨੇ ਕਲਕੱਤੇ ਟਿਕਟਾਂ ਲੈਣ ਲਈ ਰੁਲਦੇ ਰਹੇ। ਪੁਲਸ ਕਮਿਸ਼ਨਰ ਨੂੰ ਮਿੱਲੇ, ਉਸ ਨੇ ਸਾਨੂੰ ਟਿਕਟਾਂ ਲੈਣ ਵਿੱਚ ਕੋਈ ਮਦਦ ਨਾ ਕੀਤੀ। ਅਸਾਂ ਵਾਇਸਰਾਏ ਦੇ ਸਕਤ੍ਰ ਨੂੰ ਵੀ ਚਿੱਠੀ ਲਿਖੀ। ਉਸ ਨੇ ਉੱਤਰ ਹੀ ਨਾ ਦਿੱਤਾ।

ਕੈਨੇਡਾ ਦਾ ਸਿੱਧਾ ਟਿਕਟ ਨਾ ਮਿਲਦਾ ਸਮਝ ਕੇ ਅਸੀਂ ਹਾਂਗਕਾਂਗ ਜਾ ਪਹੁੰਚੇ। ਉੱਥੇ ਵੀ ਕੈਨੇਡਾ ਦਾ ਟਿਕਟ ਨਾ ਮਿਲਿਆ। ਇਹ ਸੋਚ ਕੇ ਕਿ ਅਮਰੀਕਾ ਰਾਹੀਂ ਕੈਨੇਡਾ ਚਲੇ ਜਾਵਾਂਗੇ। ਅਸੀਂ ਸਾਨਫਰਾਂਸਿਸਕੋ ਪਹੁੰਚੇ ਤਾਂ ਅਮਰੀਕਨ ਸਰਕਾਰ ਨੇ ਕੈਨੇਡੀਅਨ ਸਰਕਾਰ ਦੀ ਹਦਾਇਤ ਅਨੁਸਾਰ ਸਾਨੂੰ ਸਾਨਫਰਾਂਸਿਸਕੋ ਵੀ ਨਾ ਉਤਰਨ ਦਿੱਤਾ। ਅਸਾਂ ਬਥੇਰਾ ਕਿਹਾ ਕਿ ਅਸੀਂ ਕੈਨੇਡਾ ਨਿਵਾਸੀ ਹਾਂ ਪਰ ਅਮਰੀਕਨ ਸਰਕਾਰ ਨੇ ਸਾਡੀ ਕੋਈ ਗੱਲ ਨਾ ਮੰਨੀ। ਕੈਨੇਡਾ ਸਰਕਾਰ ਵੱਲੋਂ ਵਿਲੀਅਮ ਹਾਪਕਿਨਸਨ ਸਾਨਫਰਾਂਸਿਸਕੋ ਪੁੱਜਾ ਹੋਇਆ ਸੀ। ਉਹ ਸਾਡੀਆਂ ਤਕਲੀਫਾਂ ਵਧਾਉਣ ਵਿੱਚ ਸਰਗਰਮ ਰਹਿੰਦਾ ਸੀ। ਭਾਟੀ ਭਾਗ ਸਿੰਘ ਤੇ ਭਾਈ ਹਾਕਮ ਸਿੰਘ ਦੇ ਪਰਵਾਰ ਸਾਡੇ ਨਾਲ ਸਨ। ਸਾਡੀ ਕੋਈ ਸੁਣਵਾਈ ਨਾ ਹੋਈ। ਸਾਨੂੰ ਅਮਰੀਕਨ ਸਰਕਾਰ ਨੇ ਵਾਪਸ ਹਾਂਗਕਾਂਗ ਭੇਜ ਦਿੱਤਾ।"

"ਵੈਨਕੋਵਰ ਵਿੱਚ ਰਹਿਣ ਵਾਲੇ ਸਾਡੇ ਭਾਈਆਂ ਆਟਾਵਾ ਡੈਲੀਗੇਸ਼ਨ ਭੇਜਿਆ ਕਿ ਪਰਵਾਰਾਂ ਨੂੰ ਕੈਨੇਡਾ ਦਾਖਲ ਹੋਣ ਦੀ ਆਗਿਆ ਦਿੱਤੀ ਜਾਏ। ਕੈਨੇਡੀਅਨ ਪੈਸੇਫਿਕ ਰੇਲਵੇ ਲਈ ਮਜ਼ਦੂਰਾਂ ਦੀ ਲੋੜ ਰਹਿੰਦੀ ਸੀ। ਇਸ ਕੰਪਨੀ ਦਾ ਮੈਨੇਜਰ ਮਜ਼ਦੂਰ ਭਰਤੀ ਕਰਨ ਹਾਂਗਕਾਂਗ ਆਇਆ ਹੋਇਆ ਸੀ। ਅਸੀਂ ਉਸ ਨੂੰ ਜਾ ਮਿਲੇ। ਉਸ ਨੇ ਸਾਨੂੰ ਵੈਨਕੋਵਰ ਦੀਆਂ

ਟਿਕਟਾਂ ਲੈ ਦਿੱਤੀਆਂ । ਜਦ ਅਸੀਂ ਵੈਨਕੂਵਰ ਪਹੁੰਚੇ ਤਾਂ ਕੈਨੇਡੀਅਨ ਸਰਕਾਰ ਨੇ ਸਾਨੂੰ ਤਾਂ ਉਤਰਨ ਦਿੱਤਾ ਪਰ ਪਰਵਾਰਾਂ ਨੂੰ ਕੁਆਰੰਨਟੀਨ ਵਿਚ ਬੰਦ ਕਰ ਦਿੱਤਾ । ਅਸਾਂ ਹੋਮ-ਮਨਿਸਟਰ ਨੂੰ ਚਿੱਠੀ ਭੇਜੀ ਕਿ ਸਾਡੇ ਪਰਵਾਰਾਂ ਉਤਰਨ ਦਿੱਤਾ ਜਾਏ ਕਿਉਂਕਿ ਅਸੀਂ ਕੈਨੇਡਾ ਨਿਵਾਸੀ ਹਾਂ ਤੇ ਜਾਇਦਾਦਾਂ ਦੇ ਮਾਲਕ ਹਾਂ । ਫਿਰ ਵੀ ਜ਼ਮਾਨਤਾਂ ਲੈ ਕੇ ਸਾਡੇ ਪਰਵਾਰਾਂ ਨੂੰ ਉਤਰਨ ਦਿੱਤਾ ਗਿਆ । ਨਾਲ ਹੀ ਪਰਵਾਰਾਂ ਨੂੰ ਛੇ ਫ਼ਰਵਰੀ ਉਨੀ ਸੌ ਬਾਰਾਂ ਨੂੰ ਕੋਰਟ ਵਿਚ ਹਾਜਰ ਹੋਣ ਲਈ ਕਿਹਾ । ਫਿਰ ਤਰੀਕ ਪਾਟੀ ਗਈ । ਤੀਹ ਅਪਰੈਲ ਨੂੰ ਰਹਿਮ ਦੀ ਬਿਨਾਅ ਤੇ ਸਾਡੇ ਪਰਵਾਰਾਂ ਨੂੰ ਉਤਰਨ ਦਿੱਤਾ ਗਿਆ ।"

"ਸਾਡੇ ਪਰਵਾਰਾਂ ਨੂੰ ਰਾਤ ਦੇ ਬਾਰਾਂ ਵਜੇ ਤਕ ਇਮੀਗਰੇਸ਼ਨ ਨੇ ਜਿਹਲ ਵਿਚ ਡੱਕੀ ਰਖਿਆ ਸੀ । ਕੈਨੇਡੀਆਨ ਸਰਕਾਰ ਨੇ ਸਾਡੇ ਪਰਵਾਰਾਂ ਨੂੰ ਬੜੀ ਮੁਸ਼ਕਲ ਨਾਲ ਕੈਨੇਡਾ ਰਹਿਣ ਦੀ ਆਗਿਆ ਦਿੱਤੀ । ਉਸ ਤੋਂ ਪਹਿਲਾਂ ਤੇ ਪਿੱਛੋਂ ਚੀਨੇ ਤੇ ਜਾਪਾਨੀ ਪਰਵਾਰ ਉਤਰਦੇ ਰਹੇ ਸਾਡੇ ਪਰਵਾਰਾਂ ਉੱਤੇ ਅਜੇ ਵੀ ਪਾਬੰਦੀ ਹੈ । ਇਸ ਅਨਿਆਂ ਨੂੰ ਨਿਆਂ ਵਿਚ ਬਦਲਣ ਲਈ ਅਸੀਂ ਸਾਰਾ ਜੋਰ ਲਾਇਆ ਹੈ । ਕੈਨੇਡਾ ਵਿਚ ਵਸਦੇ ਭਰਾ ਇਸ ਅਨਿਆਂ ਨੂੰ ਬਹੁਤਾ ਚਿਰ ਸਹਾਰਨ ਲਈ ਅਸਮਰਥ ਸਨ ।"

ਜੱਜਾਂ ਨੇ ਭਾਈ ਸਾਹਬ ਦੇ ਬਿਆਨ ਨੂੰ ਸੁਣ ਕੇ ਇਸ ਸੰਬੰਧ ਵਿਚ ਇੱਕ ਸ਼ਬਦ ਵੀ ਕਹਿਣਾ ਯੋਗ ਨਾ ਸਮਝਿਆ । ਕੁੱਝ ਮਿੰਟਾਂ ਲਈ ਕੋਰਟ ਬਰਖਾਸਤ ਹੋ ਗਈ । ਜਦ ਮੁੜ ਕੇ ਕੋਰਟ ਬੈਠੀ ਤਾਂ ਭਾਈ ਸਾਹਬ, ਕਰਤਾਰ ਸਿੰਘ ਨਵਾਂ ਚੰਦ, ਹਰਨਾਮ ਸਿੰਘ. ਬਾਬੂ ਰਾਮ, ਹਾਫਜ਼ ਅਬਦੁਲ (ਮਨੀਲੇ ਵਾਲਾ) ਤੇ ਰੂੜ ਸਿੰਘ ਨੂੰ ਫਾਂਸੀ ਦੇਣ ਦੀ ਸਜ਼ਾ ਸੁਣਾ ਦਿੱਤੀ ਗਈ । ਦੂਜਾ ਹੁਕਮ ਇਹ ਹੋਇਆ ਕਿ ਸਤਾਰਾਂ ਮਾਰਚ ਉਨੀ ਸੌ ਸਤਾਰਾਂ ਨੂੰ ਫਾਂਸੀ ਦੇ ਦਿੱਤੀ ਜਾਏ ।

ਸਜ਼ਾ ਦੇ ਹੁਕਮ ਵੇਲੇ ਭਾਈ ਸਾਹਬ, ਕਰਤਾਰ ਸਿੰਘ ਤੇ ਹਰਨਾਮ ਸਿੰਘ ਕੋਰਟ ਵਿਚ ਹਾਜਰ ਸਨ । ਬਾਬੂ ਰਾਮ, ਹਾਫਜ਼ ਅਬਦੁੱਲਾ ਤੇ ਰੂੜ ਸਿੰਘ ਦੀ ਗੈਰ ਹਾਜ਼ਰੀ ਵਿਚ ਹੀ ਕੋਰਟ ਨੇ ਉਨ੍ਹਾਂ ਨੂੰ ਫਾਂਸੀ ਦੇਣ ਦਾ ਹੁਕਮ ਸੁਣਾ ਦਿੱਤਾ ।

੫੯

ਹਰਿਦਿਆਲ ਸਿੰਘ ਭਾਈ ਸਾਹਬ ਦੀ ਗਦ ਵਿੱਚ ਬੈਠਾ ਚੀਕ ਰਿਹਾ ਸੀ—"ਬਾਪੂ ਜੀ ! ਪਿੰਡ ਚਲੋ ।" ਭਾਈ ਸਾਹਬ ਦੀਆਂ ਅੱਖਾਂ ਸੱਜਲ ਹੋ ਆਈਆਂ । ਭਾਈ ਸਾਹਬ ਦੀ ਬੱਚੀਆਂ ਉਧਮ ਕੌਰ ਤੇ ਨਿਰੰਜਨ ਕੌਰ ਰੋਣਹਾਕੀਆਂ ਬੈਠੀਆਂ ਸਨ । ਬੀਬੀ ਕਰਤਾਰ ਕੌਰ, ਭਾਈ ਸਾਹਬ ਨੂੰ ਹੌਸਲਾ ਦੇਣ ਆਈ, ਆਪਣੇ ਦੁਪੱਟੇ ਨਾਲ ਚਿਹਰਾ ਲੁਕਾਈ ਬੈਠੀ ਸੀ । ਅਥਰੂਆਂ ਦੀ ਝੜੀ ਲੱਗੀ ਹੋਈ ਸੀ । ਭਾਈ ਸਾਹਬ ਨੇ ਬੀਬੀ ਕਰਤਾਰ ਕੌਰ ਦੇ ਮੂੰਹ ਅੱਗੋਂ ਉਸ ਦਾ ਦੁਪੱਟਾ ਉਠਾਅ ਕੇ ਨਰਮ ਆਵਾਜ਼ ਵਿਚ ਕਿਹਾ—

"ਤੁਹਾਡੇ ਨਾਲੋਂ ਵਿਛੜ ਕੇ ਮੈਂ ਜੀਅ ਨਹੀਂ ਸਕਦਾ । ਮੇਰਾ ਜੀਉਣਾ ਮੇਰੇ ਮਰਨ ਵਿਚ ਹੈ । ਮੇਰੀ ਮੌਤ ਮੇਰੀ ਹਯਾਤ ਹੈ ।"

ਬੀਬੀ ਕਰਤਾਰ ਕੌਰ ਘਰੋਂ ਇਹ ਮਨ ਬਣਾ ਕੇ ਆਈ ਸੀ ਕਿ ਉਹ ਆਪਣੇ ਪਤੀ ਨੂੰ ਆਪਣੇ ਹੱਥਾਂ ਨਾਲ ਸਿਹਰੇ ਤੇ ਗਾਨੇ ਬੰਨ੍ਹ ਕੇ ਮੌਤ ਨੂੰ ਪਰਨਾਉਣ ਲਈ ਤੋਰੇਗੀ । ਸਿੰਘ ਸਾਹਿਬ

ਦੀ ਅਰਧੰਗੀ ਦੇ ਨਾਤੇ ਕੋਈ ਕਮਜ਼ੋਰੀ ਨਹੀਂ ਵਿਖਾਏਗੀ ਪਰ ਉਸ ਦੇ ਹੰਞੂ ਠਲ੍ਹੇ ਨਹੀਂ ਸਨ ਜਾ ਰਹੇ। ਉਸ ਦੇ ਚਿਹਰੇ ਵਲ ਤੱਕ ਤੱਕ ਊਧਮ ਕੌਰ ਤੇ ਨਿਰੰਜਨ ਕੌਰ ਵੀ ਰੋਣ ਲਗ ਪਈਆਂ।

ਭਾਈ ਸਾਹਬ ਨੇ ਹਰਿ ਦਿਆਲ ਨੂੰ ਜ਼ਰਾ ਕੁ ਉਠਾਅ ਕੇ ਦੋਹਾਂ ਬੱਚੀਆਂ ਨੂੰ ਆਪਣੇ ਗੋਡਿਆਂ ਉੱਤੇ ਬਿਠਾ ਲਿਆ। ਹਰਿ ਦਿਆਲ ਦੋਹਾਂ ਭੈਣਾਂ ਨੂੰ ਉਠਾਅ ਕੇ ਆਪ ਬਹਿਣ ਦੀ ਜ਼ਿਦ ਕਰਨ ਲੱਗਾ। ਭਾਈ ਸਾਹਬ ਨੇ ਹਰਿ ਦਿਆਲ ਨੂੰ ਛਾਤੀ ਨਾਲ ਘੁਟ ਕੇ ਮਨ ਪੱਕਾ ਕਰ ਕੇ ਕਿਹਾ—"ਕਰਤਾਰ ਜੀ! ਬੱਚੇ ਸਤਿਗੁਰੂ ਦੀ ਦਾਤ ਹਨ। ਇਹਨਾਂ ਵਿਚੋਂ ਮੇਰਾ ਚੇਹਰਾ ਤਕ ਲਿਆ ਕਰਨਾ। ਹਰਿਦਿਆਲ ਨੂੰ ਗੁਰਸਿੱਖੀ ਦੇ ਗਾਡੀ ਰਾਹ ਉੱਤੇ ਪਾਉਣਾ। ਜੇ ਲੋੜ ਪਵੇ ਤਾਂ ਆਪਣੇ ਹੱਥੀਂ ਦੇਸ ਪੰਥ ਦੀ ਸੇਵਾ ਲਈ ਖੁਸ਼ੀ ਖੁਸ਼ੀ ਤੋਰਨਾ। ਦਸਮ ਪਾਤਸ਼ਾਹ ਦੇ ਪਾਏ ਪੂਰਨਿਆਂ ਦਾ ਧਿਆਨ ਰਖਣਾ। ਡੋਲਣਾ ਨਹੀਂ। ਮੇਰੀ ਆਤਮਾ ਤੁਹਾਡੇ ਅੰਗ-ਸੰਗ ਰਹੇਗੀ।"

ਭਾਈ ਸਾਹਬ ਨੂੰ ਪ੍ਰਤੀਤ ਹੋਇਆ ਜਿਵੇਂ ਉਨ੍ਹਾਂ ਦੇ ਆਪਣੇ ਦਿਲ ਦੀ ਧੜਕਣ ਤੇਜ਼ ਹੋ ਗਈ ਹੋਵੇ। ਉਨ੍ਹਾਂ ਬੀਬੀ ਦੇ ਦੋਵੇਂ ਹੱਥ ਫੜ ਕੇ ਘੁੱਟ ਲਏ। ਬੀਬੀ ਨੇ ਉਨ੍ਹਾਂ ਦੇ ਚਰਨ ਛੋਹਣੇ ਚਾਹੇ। ਭਾਈ ਸਾਹਬ ਨੇ ਆਪਣੇ ਪੈਰ ਚੌਂਕੜੀ ਵਿਚ ਲੁਕਾ ਲਏ। ਬੀਬੀ "ਸਿੰਘ ਸਾਹਿਬ, ਸਿੰਘ ਸਾਹਿਬ" ਕਹਿੰਦੀ ਫਿਸ ਪਈ। ਉਸ ਦਾ ਰੋਣ ਠਲ੍ਹਿਆ ਨਾ ਜਾਏ। ਹਰਿ ਦਿਆਲ, ਆਪਣੀ ਜਿੱਦ ਉੱਤੇ ਅੜਿਆ ਭਾਈ ਸਾਹਬ ਨੂੰ ਬਾਹੋਂ ਫੜ ਕੇ ਉੱਚੀ ਉੱਚੀ ਕਹਿ ਰਿਹਾ ਸੀ—"ਬਾਪੂ ਜੀ! ਚਲੋ ਮੇਰੇ ਨਾਲ। ਚਲੋ ਪਿੰਡ। ਆਪਾਂ ਨਹੀਂ ਏਥੇ ਰਹਿਣਾ। ਕਨੇਡਾ ਮੁੜ ਚਲਾਂਗੇ। ਤੁਸੀਂ ਛੇਤੀ ਕੱਪੜੇ ਪਾਓ।"

ਭਾਈ ਸਾਹਬ ਦੇ ਤੇੜ ਕਛਹਿਰਾ ਤੇ ਸਿਰ ਉੱਤੇ ਭੂਰੇ ਦਾ ਟੋਟਾ ਬੱਧਾ ਹੋਇਆ ਸੀ। ਚਿਹਰੇ ਉੱਤੇ ਇਲਾਹੀ-ਨੂਰ ਚਮਕ ਰਿਹਾ ਸੀ। ਉਨ੍ਹਾਂ ਦੇ ਨੈਣ ਮਸਤੀ ਵਿਚ ਆਕਾਸ਼ ਵਲ ਉੱਠੇ ਹੋਏ ਸਨ। ਕਰਤਾਰ ਕੌਰ ਨੇ ਆਪਣੇ ਪਤੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਤੱਕਣ ਦਾ ਜਤਨ ਕੀਤਾ। ਉਸ ਨੂੰ ਇਉਂ ਜਾਪਿਆ ਜਿਵੇਂ ਭਾਈ ਸਾਹਬ ਦੀ ਲਿਵ, ਦਾਤਾਰ ਨਾਲ ਲੱਗੀ ਹੋਵੇ। ਉਸ ਨੇ ਉਨ੍ਹਾਂ ਦੀ ਲੱਗੀ ਲਿਵ ਨੂੰ ਤੋੜਨ ਦੀ ਹਿੰਮਤ ਨਾ ਕੀਤੀ। ਉਹ ਉੱਠ ਖਲੋਤੀ। ਭਾਈ ਸਾਹਬ ਵੀ ਖੜੇ ਹੋ ਗਏ। ਭਾਈ ਸਾਹਿਬ ਦੇ ਹੱਥ ਕਰਤਾਰ ਕੌਰ ਦੇ ਹੱਥਾਂ ਵਿਚ ਸਨ। ਹਰਿ ਦਿਆਲ, ਊਧਮ ਕੌਰ ਤੇ ਨਿਰੰਜਨ ਕੌਰ ਭਾਈ ਸਾਹਬ ਦੀਆਂ ਲੱਤਾਂ ਨਾਲ ਚੰਬੜੇ ਖਲੋਤੇ, ਆਪਣੀ ਮਾਂ ਤੇ ਪਿਓ ਦੇ ਚਿਹਰਿਆਂ ਵਲ ਤਕ ਰਹੇ ਸਨ। ਇੱਕ ਕੁਰੱਖਤ ਅਵਾਜ਼ ਆਈ—"ਮੁਲਾਕਾਤ ਖਤਮ।"

ਦਰੋਗੇ ਦੇ ਬੰਦਿਆਂ ਨੇ ਬੱਚਿਆਂ ਨੂੰ ਭਾਈ ਸਾਹਬ ਦੀਆਂ ਬਾਹਾਂ ਵਿਚੋਂ ਤੋੜ ਕੇ ਦਰਵਾਜ਼ਿਓਂ ਬਾਹਰ ਧੱਕ ਦਿੱਤਾ। ਬੱਚੇ ਸਾਰੇ ਜ਼ੋਰ ਨਾਲ ਰੋ ਰਹੇ ਸਨ। ਭਾਈ ਸਾਹਬ, ਆਪਣੀ ਥਾਂ ਤੇ ਅਡੋਲ ਖੜੇ, ਕਰਤਾਰ ਕੌਰ ਤੇ ਬੱਚਿਆਂ ਵਲ ਤਕ ਰਹੇ ਸਨ।

ਇੱਕ ਦਮ ਦਰਵਾਜ਼ਾ ਬੰਦ ਹੋ ਗਿਆ।

੬੦

ਭਾਈ ਸਾਹਬ ਨਾਮ-ਰੰਗ ਵਿਚ ਮਸਤ ਦਿਨ ਰਾਤ ਬਾਣੀ ਪੜ੍ਹਦੇ ਰਹਿੰਦੇ। ਉਨ੍ਹਾਂ ਦੀ ਲਿਵ ਸਤਿਗੁਰਾਂ ਦੇ ਚਰਨਾਂ ਨਾਲ ਜੁੜੀ ਰਹਿੰਦੀ। "ਤੇਰਾ ਸ਼ੁਕਰ, ਤੇਰਾ ਸ਼ੁਕਰ।

ਤੇਰਾ ਭਾਣਾ, ਤੇਰਾ ਭਾਣਾ ।" ਉਚਾਰਦੇ ਰਹਿੰਦੇ । ਜਦ ਕਦੇ ਪਤਨੀ ਜਾਂ ਬੱਚਿਆਂ ਵਲ ਤੁਰੀ ਜਾਂਦੀ ਤਾਂ ਅਰਦਾਸਾਂ ਕਰਦੇ—"ਸਤਿਗੁਰ ਸੱਚੇ ਪਾਤਸ਼ਾਹ । ਮੋਹ ਮਾਇਆ ਵਲੋਂ ਤੋੜ ਕੇ ਦਾਸ ਦਾ ਮਨ ਆਪਦੇ ਚਰਨਾਂ ਵਿਚ ਜੋੜੇ । ਇਹੋ ਜੋਦੜੀ ਹੈ ਦਾਸ ਦੀ । ਇਹੋ ਜੋਦੜੀ ਹੈ ਦਾਸ ਦੀ ।"

ਇੱਕ ਦਿਨ ਤੜਕੇ ਹੀ ਉਨ੍ਹਾਂ ਨੂੰ ਖਬਰ ਮਿਲੀ ਕਿ ਭਾਈ ਕਰਤਾਰ ਸਿੰਘ ਨਵਾਂ ਚੰਦ ਦੀ ਸਜ਼ਾ ਘਟਾਅ ਕੇ ਉਮਰ ਕੈਦ ਵਿਚ ਬਦਲ ਦਿੱਤੀ ਗਈ ਹੈ ਤੇ ਦਰਸੀ ਚੈਨਚਇਆ ਨੂੰ ਰਿਹਾਈ ਦੇ ਦਿੱਤੀ ਹੈ। ਭਾਈ ਸਾਹਬ ਨੇ ਦੋਵੇਂ ਹੱਥ ਚੁੱਕ ਆਕਾਸ਼ ਵਲ ਤਕਦਿਆਂ ਕਿਹਾ—"ਦਾਤਾਰ ! ਤੇਰਾ ਸ਼ੁਕਰ ਹੈ, ਸ਼ੁਕਰ ।"

ਭਾਈ ਸਾਹਬ ਨੂੰ ਸਤਾਰਾਂ ਮਾਰਚ ਨੂੰ ਫਾਂਸੀ ਦਿੱਤੀ ਜਾਣੀ ਸੀ । ਉਸੇ ਦਿਨ ਸਵੇਰ ਸਾਰ, ਉਨ੍ਹਾਂ ਦੀ ਅੰਤਲੀ ਮੁਲਾਕਾਤ ਲਈ ਬੀਬੀ ਤੇ ਬੱਚਿਆਂ ਨੇ ਆਉਣਾ ਸੀ ।

ਪੰਜਾਬ ਦੇ ਲਾਟ ਮਾਈਕਲ ਉਡਵਾਇਰ ਨੇ ਜ਼ਾਤੀ ਦਖਲ ਦੇਂਦਿਆਂ, ਹੁਕਮ ਦਿੱਤਾ—"ਬਲਵੰਤ ਸਿੰਘ, ਬਹੁਤ ਹੀ ਖਤਰਨਾਕ ਸਿੱਖ ਹੈ । ਇਸ ਨੂੰ ਇੱਕ ਰਾਤ ਵੀ ਹੋਰ ਜੀਉਂਦੇ ਰੱਖਣਾ ਖਤਰੇ ਤੋਂ ਖਾਲੀ ਨਹੀਂ ।" ਉਸ ਦਿਨ ਸੋਲਾਂ ਤਰੀਕ ਸੀ । ਉਸੇ ਸਵੇਰ ਫਾਂਸੀ ਦੇ ਦੇਣ ਦਾ ਹੁਕਮ ਲਾਟ ਨੇ ਚਾੜ੍ਹ ਦਿੱਤਾ ।

ਭਾਈ ਸਾਹਬ ਅੱਗੇ ਹੀ ਤਿਆਰ ਬੈਠੇ ਸਨ । ਨਾਮ-ਰੰਗ ਵਿਚ ਰਤੇ ਫਾਂਸੀ ਵਾਲੀ ਕੋਠੀ ਵਲ ਤੁਰ ਪਏ । ਉਨ੍ਹਾਂ ਦੇ ਮੁਖਾਰਬਿੰਦ ਚੋਂ ਰਸਭਿੰਨੀ ਅਵਾਜ਼ ਆ ਰਹੀ ਸੀ—

ਦੇਹ ਸ਼ਿਵਾ ਵਰ ਮੋਹਿ ਇਹੈ
ਸ਼ੁਭ ਕਰਮਨ ਤੇ ਕਬਹੂ ਨਾ ਟਰੌਂ ।
ਨਾ ਡਰੌਂ ਅਰਿ ਸੌਂ ਜਬ ਜਾਇ ਲਰੌਂ
ਨਿਸਚੈ ਕਰ ਅਪਨੀ ਜੀਤ ਕਰੌਂ ।
ਅਰੁ ਸਿਖ ਹੌਂ ਅਪਨੇ ਹੀ ਮਨ ਕੋ
ਇਹ ਲਾਲਚ ਹਉਂ ਗੁਨ ਤਉ ਉਚਰੌਂ ।
ਜਬ ਆਵ ਕੀ ਅਉਧ ਨਿਧਾਨ ਬਨੈ
ਅਤਿ ਹੀ ਰਨ ਮੈਂ ਤਬ ਜੂਝ ਮਰੌਂ ।

ਜਦ ਜਲਾਦ ਨੇ ਉਨ੍ਹਾਂ ਦੇ ਗੱਲ ਵਿਚ ਫਾਂਸੀ ਦਾ ਰੱਸਾ ਪਾਇਆ ਤਾਂ ਉਹ ਉੱਚੀ ਉੱਚੀ ਹੱਸਣ ਲਗ ਪਏ । ਉਹ ਗਾ ਉਠੇ—"ਮਾਣਸ ਬਪੁਰਾ ਕਿਆ ਕਰੈ । ਖਿਲਾਵਣ ਹਾਰੋ ਜਾਨੈ ।"

ਭਾਈ ਸਾਹਬ ਸ਼ਹਾਦਤ ਪ੍ਰਾਪਤ ਕਰ ਚੁੱਕੇ ਸਨ । ਆਤਮਾ-ਪਰਮਾਤਮਾ ਵਿਚ ਲੀਨ ਹੋ ਗਈ । ਜਿਹਲ ਦੀਆਂ ਸਾਰੀਆਂ ਕੋਠੀਆਂ ਵਿਚ ਇੱਕ ਅਨੰਦ-ਮਈ ਬੁਸ਼ਬੋ ਫੈਲ ਗਈ ।

੬੧

ਬੀਬੀ ਕਰਤਾਰ ਕੌਰ, ਹਰਿਦਿਆਲ ਸਿੰਘ, ਉਧਮ ਕੌਰ, ਨਿਰੰਜਨ ਕੌਰ, ਭਾਈ ਅੱਛਰ ਸਿੰਘ

ਤੇ ਭਾਈ ਫਕੀਰ ਸਿੰਘ ਸੱਲਾਂ ਮਾਰਚ ਨੂੰ ਦੁਪਹਿਰ ਦੀ ਗੱਡੀ ਲਾਹੌਰ ਪਹੁੰਚ ਕੇ ਭਿਹਰਾ ਸਾਹਿਬ ਦਰਸ਼ਨਾਂ ਲਈ ਜਾ ਪਹੁੰਚੇ।

ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰ ਕੇ ਮਹਾਰਾਜ ਦੇ ਦਰਸ਼ਨ ਕਰ ਕੇ, ਸਭ ਜਿਹਲ ਦੇ ਵੱਡੇ ਗੇਟ ਅੱਗੇ ਮੁਲਾਕਾਤ ਲਈ ਜਾ ਖਲੋਤੇ। ਹਰਿ ਦਿਆਲ ਕਾਹਲਾ ਪੈ ਰਿਹਾ ਸੀ। "ਬਾਪੂ, ਬਾਪੂ" ਕਹਿ ਕੇ ਚੀਕਾਂ ਮਾਰ ਰਿਹਾ ਸੀ।

ਜ਼ਿਹਲ ਦਾ ਗੇਟ ਖੁਲ੍ਹਾ। ਦਰੋਗੇ ਨੇ ਸਭ ਨੂੰ ਅੰਦਰ ਲਿਜਾ ਕੇ ਗੇਟ ਬੰਦ ਕਰਵਾ ਦਿੱਤਾ। ਭਾਈ ਸਾਹਬ ਦੀ ਉਡੀਨ ਵਿਚ ਸਭ ਕਾਹਲੇ ਪੈ ਰਹੇ ਸਨ।

ਕਲੂਣ ਖਾਨ ਤੇ ਨਵਾਬ ਬੇਗ ਨੇ ਭਾਈ ਸਾਹਬ ਦੇ ਕੱਪੜਿਆਂ ਦੀ ਗੰਢ ਅੱਗੇ ਕਰ ਕੇ ਬੀਬੀ ਕਰਤਾਰ ਕੌਰ ਵਲ ਤਕਿਆ। ਬੀਬੀ ਦਾ ਦਿਲ ਬਹਿਣ ਤੇ ਆ ਗਿਆ। ਉਹ ਅੱਗੇ ਪਿੱਛੇ ਤਕ ਰਹੀ ਸੀ। ਹਰਿ ਦਿਆਲ ਉਸ ਦੇ ਪਿੱਛੇ ਲੁਕਿਆ ਖਲੋਤਾ ਸੀ। ਏਨੇ ਨੂੰ ਇੱਕ ਸਿੱਖ ਕੈਦੀ ਆ ਪਹੁੰਚਾ। ਉਸ ਨੇ ਮਹਾਰਾਜ ਦੀ ਬੀੜ ਬੀਬੀ ਨੂੰ ਫੜਾਉਣੀ ਚਾਹੀ। ਬੀਬੀ ਨੂੰ ਕੁੱਝ ਸਮਝ ਨਹੀਂ ਸੀ ਆ ਰਹੀ। ਉਹ ਡੌਰ ਭੌਰੀ ਆਪਣੇ ਪਿੱਛੇ ਖਲੋਤੇ ਭਰਾਵਾਂ ਵਲ ਤਕ ਰਹੀ ਸੀ। ਹਰਿਦਿਆਲ, ਉਧਮ ਕੌਰ ਤੇ ਨਿਰੰਜਨ ਕੌਰ ਤਿੰਨੇ ਇਕੱਠੇ "ਬਾਪੂ ਬਾਪੂ" ਕਰ ਰਹੇ ਸਨ। ਨਵਾਬ ਬੇਗ ਨੇ ਦੱਸਿਆ "ਲਾਟ ਸਾਹਬ ਦੇ ਸਪੈਸ਼ਲ ਹੁਕਮ ਦੇਣ ਤੇ ਮੁਲਜ਼ਮ ਨੂੰ ਕਲ ਹੀ ਫਾਂਸੀ ਦੇ ਦਿੱਤੀ ਗਈ ਸੀ।"

ਸਿੱਖ ਕੈਦੀ ਨੇ ਅਝੱਕ ਕਹਿ ਦਿੱਤਾ—"ਸਿੰਘ ਸਾਹਿਬ ਕਲ ਹੀ ਸ਼ਹਾਦਤ ਪਾ ਗਏ ਸਨ।"

ਬੀਬੀ ਕਰਤਾਰ ਕੌਰ ਨੇ ਮਹਾਰਾਜ ਦੀ ਬੀੜ ਆਪਣੇ ਸੀਸ ਉੱਤੇ ਰੱਖ ਕੇ ਦੋਹਾਂ ਹੱਥਾਂ ਨਾਲ ਸੰਭਾਲ ਲਈ। ਇੱਕ ਸਨਾਟਾ ਛਾ ਗਿਆ। ਹਰਿਦਿਆਲ ਸਿੰਘ ਅਜੇ ਵੀ "ਬਾਪੂ ਬਾਪੂ" ਪੁਕਾਰਦਾ ਰੋ ਰਿਹਾ ਸੀ। ਹਰਿਦਿਆਲ, ਉਧਮ ਕੌਰ ਤੇ ਨਿਰੰਜਨ ਕੌਰ ਦੀਆਂ ਦੁਖਦਾਈ ਚੀਕਾਂ ਦੀ ਆਵਾਜ਼ ਨਾਲ ਧਰਤੀ ਤੇ ਆਕਾਸ਼ ਦੋਵੇਂ ਕੰਬ ਰਹੇ ਸਨ।

———

ਸਿੰਘ ਸਾਹਿਬ ਦੀ ਸ਼ਹਾਦਤ

ਕੇਸਰ ਸਿੰਘ



ਸਿੰਘ ਸਾਹਿਬ